ਵਿਸ਼ੇਸ਼ ਖੋਜ-ਪਤਰ

# ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆਕਾਰੀ

(ਸੈਮੀਨਾਰ 11-12 ਫਰਵਰੀ 2010)


ਮੁਖ ਸੰਪਾਦਕ

ਡਾ. ਹਰਭਜਨ ਸਿੰਘ

ਸੰਪਾਦਕ

ਮੁਹੱਬਤ ਸਿੰਘ

ਕੁਲਵਿੰਦਰ ਸਿੰਘ

ਮਨਜੀਤ ਕੌਰ



ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤ ਕੇਂਦਰ

20 ਪ੍ਰੀਤਮ ਰੋਡ, ਦੇਹਰਾਦੂਨ।

ਵਿਸ਼ੇਸ਼ ਖੋਜ-ਪਤਰ

# ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆਕਾਰੀ

**(ਸੈਮੀਨਾਰ 11-12 ਫਰਵਰੀ 2010)**


ਮੁਖ ਸੰਪਾਦਕ
ਡਾ. ਹਰਭਜਨ ਸਿੰਘ

ਸੰਪਾਦਕ
ਮੁਹੱਬਤ ਸਿੰਘ
ਕੁਲਵਿੰਦਰ ਸਿੰਘ
ਮਨਜੀਤ ਕੌਰ



**ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤ ਕੇਂਦਰ**
20 ਪ੍ਰੀਤਮ ਰੋਡ, ਦੇਹਰਾਦੂਨ।

# ਨਿਰਮਲ ਸੰਪ੍ਰਦਾਇ ਦੀ ਗੁਰੁਬਾਣੀ ਵਿਆਖਿਆਕਾਰੀ

ਵਿਸ਼ੇਸ਼ ਖੋਜ-ਪਤਰ

# ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆਕਾਰੀ

**(ਸੈਮੀਨਾਰ 11-12 ਫਰਵਰੀ 2010)**


**ਮੁਖ ਸੰਪਾਦਕ**
**ਡਾ. ਹਰਭਜਨ ਸਿੰਘ**

**ਸੰਪਾਦਕ**
**ਮੁਹੱਬਤ ਸਿੰਘ**
**ਕੁਲਵਿੰਦਰ ਸਿੰਘ**
**ਮਨਜੀਤ ਕੌਰ**



**ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤ ਕੇਂਦਰ**
20 ਪ੍ਰੀਤਮ ਰੋਡ, ਦੇਹਰਾਦੂਨ।

©
ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤ ਕੇਂਦਰ
20-ਪ੍ਰੀਤਮ ਰੋਡ ਡਾਲਨਵਾਲਾ, ਦੇਹਰਾਦੂਨ
Ph. 0135-2673954

Seminar Papers
**NIRMAL SAMPARDAYE DI GURUBANI VYAKHYAKARI**

CHIEF EDITOR
DR. HARBHAJAN SINGH

EDITORS
MOHUBAT SINGH
KULWINDER SINGH
MANJEET KAUR

ਅਗਸਤ 2009
ਪਹਿਲੀ ਵਾਰ : 500
ਮੁੱਲ : 150 ਰੁਪਏ

ਪ੍ਰੋ. ਮਨਜੀਤ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪਰਕਾਸ਼ਿਤ ਕੀਤੀ ਅਤੇ
ਗੁਲਸ਼ਨ ਪ੍ਰਿੰਟਰਜ਼, ਰਾਮਾ ਮਾਰਕੀਟ, ਦੇਹਰਾਦੂਨ ਵਿਖੇ ਛਪੀ

# ਦੋ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਉਚੇਰੀ ਵਿਆਖਿਆ ਅਤੇ ਪ੍ਰਚਾਰ-ਪ੍ਰਸਾਰ ਵਿਚ ਨਿਰਮਲ ਸੰਪ੍ਰਦਾਇ ਦਾ ਆਪਣਾ ਬਹੁਤ ਮਹੱਤਵਪੂਰਨ ਯੋਗਦਾਨ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾ ਦੁਆਰਾ ਜਿਨ੍ਹਾਂ ਪੰਜ ਮਹਾਪੁਰਖਾਂ ਨੇ ਨਿਰਮਲ ਭੇਖ ਧਾਰਨ ਕੀਤਾ ਸੀ, ਉਨ੍ਹਾਂ ਦੁਆਰਾ ਪ੍ਰਕਾਸ਼ਮਾਨ ਕੀਤੀ ਗਿਆਨ-ਜੋਤਿ ਨੂੰ ਇਸ ਸੰਪ੍ਰਦਾਇ ਦੇ ਸੰਤਾਂ ਮਹਾਪੁਰਖਾਂ ਨੇ ਅੱਜ ਤੱਕ ਬਹੁਤ ਸਿਦਕ ਨਾਲ ਜਗਾਈ ਰੱਖਿਆ ਹੈ। ਇਸ ਵਿਚ ਸੰਦੇਹ ਨਹੀਂ ਕਿ ਇਸ ਸੰਪ੍ਰਦਾਇ ਨੇ ਕਠਿਨ ਹਾਲਾਤ ਵਿਚ ਸਿੱਖ ਧਰਮ ਅਤੇ ਗੁਰਦੁਆਰਿਆਂ ਦੀ ਸੰਭਾਲ ਲਈ ਵੀ ਪ੍ਰਸ਼ੰਸਾਯੋਗ ਸੇਵਾ ਕੀਤੀ ਸੀ। ਜਿਸ ਵੀ ਵਿਅਕਤੀ ਨੇ ਗੁਰਬਾਣੀ ਦੀ ਵਿਆਖਿਆ ਦਾ ਵਿਸ਼ੇਸ਼ਗ ਹੋਣਾ ਹੈ, ਉਸ ਵਾਸਤੇ ਜ਼ਰੂਰੀ ਹੈ ਕਿ ਉਹ ਇਸ ਸੰਪ੍ਰਦਾਇ ਦਾ ਇਤਿਹਾਸ ਅਤੇ ਇਸ ਨਾਲ ਸੰਬੰਧਿਤ ਗੁਰਮੁਖ ਲੋਕਾਂ ਦੀ ਵਿਆਖਿਆ ਦਾ ਗਹੁ ਨਾਲ ਪਠਨ-ਪਾਠਨ ਕਰੇ।

ਪੰਜਾਬੀ ਬੋਲੀ ਅਤੇ ਪੰਜਾਬ ਦੀ ਸੰਸਕ੍ਰਿਤੀ ਦਾ ਵਿਕਾਸ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਦਾ ਮੁੱਖ ਉਦੇਸ਼ ਹੈ। ਮੇਰੀ ਮਾਨਤਾ ਹੈ ਕਿ ਇਨ੍ਹਾਂ ਦੋਹਾਂ ਦੀ ਆਤਮਾ ਗੁਰਬਾਣੀ ਵਿਚ ਹੈ। ਨਿਰਮਲ ਸੰਪ੍ਰਦਾਇ ਦਾ ਆਪਣਾ ਵਿਲੱਖਣ ਵਿਵਹਾਰ ਪੰਜਾਬ ਦੀ ਸੰਸਕ੍ਰਿਤੀ ਵਿਚ ਆਪਣਾ ਵਿਸ਼ੇਸ਼ ਸਥਾਨ ਰੱਖਦਾ ਹੈ ਅਤੇ ਇਹ ਸੰਪ੍ਰਦਾਇ ਪੰਜਾਬੀ ਬੋਲੀ, ਗੁਰਮੁਖੀ ਲਿਪੀ ਅਤੇ ਪੰਜਾਬੀ ਰਹਿਣੀ ਨੂੰ ਦੂਰ-ਦੂਰ ਤੱਕ ਲੈ ਕੇ ਗਈ ਹੈ। ਇਸ ਮਹੱਤਵਪੂਰਨ ਯੋਗਦਾਨ ਨੂੰ ਵੇਖਦਿਆਂ ਪੰਜਾਬੀ ਯੂਨੀਵਰਸਿਟੀ ਨੇ ਨਿਰਮਲ ਸੰਪ੍ਰਦਾਇ ਸੰਬੰਧੀ ਲੋਕਾਂ ਵਿਚ ਚੇਤਨਾ ਜਗਾਉਣ ਵਾਸਤੇ ਉਚੇਰੇ ਯਤਨ ਆਰੰਭ ਕਰਦਿਆਂ ਪਹਿਲਾਂ ਅਕਤੂਬਰ ੨੦੦੯ ਵਿਚ ਪੰਜਾਬੀ ਯੂਨੀਵਰਸਿਟੀ ਵਿਖੇ ਇਕ ਸੈਮੀਨਾਰ ਦਾ ਆਯੋਜਨ ਕੀਤਾ ਸੀ ਅਤੇ ਫਿਰ ਇਸ ਲੜੀ ਨੂੰ ਨਿਰੰਤਰ ਗਤੀਮਾਨ ਰੱਖਣ ਲਈ ੧੧ ਅਤੇ ੧੨ ਫਰਵਰੀ ੨੦੧੦ ਨੂੰ ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆਕਾਰੀ ਉਤੇ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਵਿਖੇ ਇਕ ਦੋ-ਰੋਜ਼ਾ ਸੈਮੀਨਾਰ ਦਾ ਆਯੋਜਨ ਕੀਤਾ, ਜਿਸ ਵਿਚ ਬਹੁਤ ਹੀ ਪ੍ਰਬੁੱਧ ਵਿਦਵਾਨਾਂ ਨੇ ਆਪਣੇ ਖੋਜ-ਪੱਤਰ ਪ੍ਰਸਤੁਤ ਕੀਤੇ ਸਨ। ਇਨ੍ਹਾਂ ਖੋਜ-ਪੱਤਰਾਂ ਨੂੰ ਪਾਠਕਾਂ ਤੱਕ ਪਹੁਚਾਉਣ ਵਾਸਤੇ ਪੰਜਾਬੀ ਯੂਨੀਵਰਸਿਟੀ ਵੱਲੋਂ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਵਿਖੇ ਨਿਯੁਕਤ ਕੀਤੇ ਅਕਾਦਮਿਕ ਸਟਾਫ ਨੇ ਬਹੁਤ ਮਿਹਨਤ ਕਰ ਕੇ ਸੰਪਾਦਿਤ ਕੀਤਾ ਹੈ।

ਇਸ ਅਹਿਮ ਕਾਰਜ ਲਈ ਡਾ. ਹਰਭਜਨ ਸਿੰਘ ਅਤੇ ਉਨ੍ਹਾਂ ਨਾਲ ਕਾਰਜਰਤ ਦੋ ਪ੍ਰਾਜੈਕਟ ਸਹਾਇਕ ਸ. ਕੁਲਵਿੰਦਰ ਸਿੰਘ ਅਤੇ ਸ. ਮੁਹੱਬਤ ਸਿੰਘ ਵਧਾਈ ਦੇ ਪਾਤਰ ਹਨ। ਪੰਜਾਬੀ ਯੂਨੀਵਰਸਿਟੀ ਦੀ ਸਾਹਿਤ-ਸਾਮਗਰੀ ਵਿਚ ਵਾਧਾ ਕਰਨ ਪੱਖੋਂ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਦਾ ਆਪਣਾ ਅਤਿ-ਵਿਸ਼ੇਸ਼ ਯੋਗਦਾਨ ਰਿਹਾ ਹੈ। ਦਸੰਬਰ ੨੦੧੦ ਵਿਚ ਹੀ ਕੇਂਦਰ ਵੱਲੋਂ ਪੰਡਿਤ ਤਾਰਾ ਸਿੰਘ 'ਨਰੋਤਮ' ਕ੍ਰਿਤ 'ਗੁਰੁ ਗਿਰਾਰਥ ਕੋਸ਼' ਪੁਨਰ-ਸੰਪਾਦਿਤ ਕਰ ਕੇ ਰਿਲੀਜ਼ ਕੀਤਾ ਗਿਆ ਹੈ ਅਤੇ ਹੁਣ ਕੇਂਦਰ ਦੀ ਇਹ ਅਕਾਦਮਿਕ ਕ੍ਰਿਤੀ ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਕਰ ਕੇ ਪਾਠਕਾਂ ਤੱਕ ਪਹੁੰਚਾਉਣਾ ਯੂਨੀਵਰਸਿਟੀ ਲਈ ਬਹੁਤ ਪ੍ਰਸੰਨਤਾ ਦਾ ਵਿਸ਼ਾ ਹੈ।

ਮੈਨੂੰ ਪੂਰੀ ਉਮੀਦ ਹੈ ਕਿ ਇਸ ਪੁਸਤਕ ਵਿਚ ਅੰਕਿਤ ਸ੍ਰੇਸ਼ਠ ਵਿਦਵਾਨਾਂ ਦੀਆਂ ਉਤਮ ਕ੍ਰਿਤੀਆਂ ਨਿਰਮਲ ਸੰਪ੍ਰਦਾਇ ਅਤੇ ਇਸ ਦੇ ਯੋਗਦਾਨ ਨੂੰ ਸਮਝਣ ਵਿਚ ਬਹੁਤ ਸਹਾਇਕ ਸਿਧ ਹੋਣਗੀਆਂ। ਮੇਰੀ ਦਿਲੀ ਕਾਮਨਾ ਹੈ ਕਿ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਇਸੇ ਤਰ੍ਹਾਂ ਅਕਾਦਮਿਕ ਜਗਤ ਦੀ ਸੇਵਾ ਨੂੰ ਸਮਰਪਿਤ ਹੋ ਕੇ ਆਪਣੇ ਸੰਸਥਾਪਕਾਂ ਦੇ ਪਦ-ਚਿੰਨ੍ਹਾਂ 'ਤੇ ਚਲਦਾ ਵਿਦਿਅਕ ਖੇਤਰ ਵਿਚ ਅਗਰਗਾਮੀ ਰਹੇ।

*ਪੰਜਾਬੀ ਯੂਨੀਵਰਸਿਟੀ*      ***ਜਸਪਾਲ ਸਿੰਘ***
*ਪਟਿਆਲਾ*      *ਵਾਈਸ-ਚਾਂਸਲਰ*

## ਸਾਦਰ ਸਮਰਪਣ

ਵਿਦਿਆ-ਮਾਰਤੰਡ, ਪਰਮ-ਪ੍ਰਬੁਧ,
ਨਿਰਮਲ-ਭੇਖ ਭੂਸ਼ਣ

# ਸ਼੍ਰੀਮਹਿਤ ਸ਼੍ਰੀਮਾਨ ਪੰਡਿਤ ਤਾਰਾ ਸਿੰਘ ਨਰੋਤਮ

ਦੀ ਅਥਕ ਘਾਲਣਾ ਅਤੇ ਪਰਮ-ਵਿਵੇਕ ਨੂੰ

# ਸ਼ੁਕਰਾਨਾ ਅਤੇ ਅਰਦਾਸ

ਨਿਰਮਲ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਲੌਕਿਕ ਜੀਵਨ ਨੂੰ ਵਿਚਾਰਨ ਨਾਲ ਇੱਕ ਸਰਵਸੰਮਤ ਗੱਲ ਸਾਹਮਣੇ ਆਉਂਦੀ ਹੈ ਕਿ ਆਪ ਜੀ ਦਾ ਦੂਜਿਆਂ ਨੂੰ ਸਮਝਾਉਣ ਦਾ ਤਰੀਕਾ ਨਿਰਾਲਾ, ਬਾ-ਦਲੀਲ ਅਤੇ ਅਦੁੱਤੀ ਸੀ। ਆਪ ਜੀ ਨੇ ਅਨ-ਮਤੀਆਂ ਦੇ ਪੱਕੇ ਕੇਂਦਰਾਂ ਤੇ ਪੁੱਜ ਕੇ, ਉਨ੍ਹਾਂ ਦੇ ਪ੍ਰਮੁੱਖ ਵਿੱਦਵਾਨਾਂ ਨੂੰ ਕੋਈ ਨਾ ਕੋਈ ਅਜੀਬ ਖੇਲ ਖੇਲਕੇ ਆਪਣੇ ਵੱਲ ਆਕਰਸ਼ਤ ਕੀਤਾ। ਇਸ ਤਰ੍ਹਾਂ ਆਪਣੀ ਗੱਲ ਕਹਿਣ, ਚਰਚਾ ਕਰਨ ਅਤੇ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਦਾ ਸਕਾਰਾਤਮਕ ਮਾਹੌਲ ਤਿਆਰ ਹੋ ਜਾਂਦਾ। ਇਹ ਤਰੀਕਾ ਪੂਰੀ ਤਰ੍ਹਾਂ ਸਫਲ ਹੋਇਆ ਅਤੇ ਸ੍ਰੀ ਗੁਰੂ ਨਾਨਕ ਜੋਤਿ ਦੇ 10ਵੇਂ ਸਰੂਪ ਤਕ ਸਿਧਾਂਤਕ ਰੂਪ ਵਿੱਚ, ਉਸੇ ਪ੍ਰੰਪਰਾ ਮੁਤਾਬਿਕ ਜਾਰੀ ਰਿਹਾ। ਪ੍ਰੰਤੂ ਹੁਣ ਇਤਿਹਾਸ ਵਿੱਚ ਇਕ ਵੱਡਾ ਮੋੜ ਆਉਣ ਵਾਲਾ ਸੀ, ਜਿਸ ਨੂੰ ਸਨਮੁੱਖ ਰੱਖਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਜੁਗਤੀ ਨੂੰ ਸਫਲਤਾ ਪੂਰਬਕ ਜਾਰੀ ਰੱਖਣ ਲਈ ਸਮਕਾਲੀ ਹਜ਼ੂਰੀ ਗੁਰਸਿੱਖਾਂ ਵਿੱਚੋਂ ਵਿੱਦਿਆ ਅਨੁਰਾਗੀ, ਸੂਝਵਾਨ, ਸਿਆਣੇ ਅਤੇ ਨਿਸ਼ਠਾਵਾਨ ਪੰਜ ਆਗਿਆਕਾਰੀ ਸਿੱਖਾਂ ਦੀ ਚੋਣ ਕਰਕੇ 'ਨਿਰਮਲ ਸੰਪ੍ਰਦਾਇ' ਦੀ ਵਿਧੀਵੱਤ ਸਿਰਜਣਾ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੀ ਪ੍ਰਚਾਰ ਨੀਤੀ ਅਤੇ ਜੁਗਤੀ ਨੂੰ ਉਸੇ ਰੀਤੀ ਨਾਲ ਚਲਾਉਣ ਲਈ, ਨਿਰਮਲੇ ਸੰਤਾਂ ਨੂੰ ਸ੍ਰੀ ਗੁਰੂ ਦਸ਼ਮੇਸ਼ ਪਿਤਾ ਜੀ ਨੇ ਹੋਰ ਵਿੱਦਵਤਾ, ਨਿਸ਼ਠਾ, ਸ੍ਵੈ-ਵਿਸ਼ਵਾਸ਼ ਅਤੇ ਦ੍ਰਿੜਤਾ ਪ੍ਰਦਾਨ ਕਰਨ ਲਈ ਵੇਦਾਂ, ਸ਼ਾਸ਼ਤ੍ਰਾਂ, ਛੇ ਦਰਸ਼ਨਾਂ ਅਥਵਾ ਭਾਰਤੀ ਸੰਸਕ੍ਰਿਤੀ ਨਾਲ ਸੰਬੰਧਿਤ ਧਾਰਮਿਕ ਸਾਹਿਤ ਦੇ ਧੁਰੰਧਰ ਵਿੱਦਵਾਨ ਬਣਨ ਲਈ ਅਸੀਸਾਂ ਦਿੱਤੀਆਂ।

ਵਿੱਦਿਆ ਪ੍ਰਾਪਤ ਕਰਨ ਦੇ ਇਸ ਰੱਬੀ, ਰੂਹਾਨੀ, ਸਰਬ-ਸਾਂਝੇ ਅਤੇ ਸਮੁੱਚੀ ਮਾਨਵਤਾ ਦੇ ਜਨਮ-ਸਿੱਧ ਅਧਿਕਾਰ ਨੂੰ ਇੱਕ ਖਾਸ ਜਾਤੀ ਨਾਲ ਸੰਬੰਧਿਤ ਵਿੱਦਵਤ ਸ਼੍ਰੇਣੀ ਦੇ ਕਬਜੇ ਵਿੱਚੋਂ ਕੱਢਕੇ, ਇਸ ਦਾਤ ਤੋਂ ਵਿਹੂਣੇ, ਆਮ ਪ੍ਰਾਣੀਆਂ ਤੱਕ ਪਹੁੰਚਾਉਣ ਵਿੱਚ ਭਾਰੀ ਸਫਲਤਾ ਹਾਸਲ ਕੀਤੀ। ਇਸ ਵਿਧੀ ਨਾਲ ਨਿਰਮਲੇ ਸੰਤਾਂ ਨੇ ਭਾਰਤੀ ਦਰਸ਼ਨ ਦੀਆਂ ਦੁਰਗਮ ਉਚਾਈਆਂ ਨੂੰ ਛੂਹ ਕੇ ਕੇਵਲ ਸਮੁੱਚੇ ਭਾਰਤਵਰਸ਼ ਵਿੱਚ ਹੀ ਨਹੀਂ, ਬਲਕਿ ਵਿਦੇਸ਼ਾਂ ਵਿੱਚ ਵੀ ਸਾਹਿਤਕ ਰਚਨਾਵਾਂ ਅਤੇ ਮੌਖਿਕ ਵਿਧੀ ਨਾਲ ਗੁਰੂ ਬਖਸ਼ੇ ਸਿਧਾਂਤ ਨੂੰ ਘਰ-ਘਰ ਪਹੁੰਚਾਉਣ ਲਈ ਅਣਥੱਕ ਅਤੇ ਨਵੇਕਲੇ ਯਤਨ ਕੀਤੇ। ਫਲਸ੍ਵਰੂਪ ਅੱਜ ਵੀ ਸਮੂਹ ਅਨਮਤੀ ਵਿੱਦਵਤ ਸਮਾਜ, ਨਿਰਮਲਿਆਂ ਦੇ ਬੌਧਿਕ ਪੱਧਰ, ਰੂਹਾਨੀਅਤ, ਤਿਆਗ, ਨਿਸ਼ਠਾ ਅਤੇ ਨਿਸ਼ਕਾਮਤਾ ਪੂਰਬਕ ਕੀਤੇ ਜਾ ਰਹੇ ਪਰਉਪਕਾਰੀ ਸੇਵਾ ਕਾਰਜਾਂ ਦਾ ਪ੍ਰਭਾਵ ਨਿਰਸੰਕੋਚ ਕਬੂਲ ਕਰਦਾ ਹੈ। ਇਸ ਪ੍ਰਕਾਰ ਨਿਰਮਲੇ ਸਾਧੂਆਂ ਨੇ ਗੁਰ-ਇਤਿਹਾਸ ਦੀ ਰਚਨਾ, ਗੁਰਮਤਿ-ਸਿਧਾਂਤ ਦਾ ਦ੍ਰਿੜਤਾ ਪੂਰਬਕ ਪ੍ਰਚਾਰ, ਗੁਰੂਜਸ-ਗਾਇਨ (ਕੀਰਤਨ-ਕਥਾ) ਰਾਹੀਂ ਪ੍ਰਚਾਰ ਕਰਕੇ ਸਮਾਜ ਦੀ ਵਡਮੁੱਲੀ ਸੇਵਾ ਰਾਹੀਂ ਲਾਸਾਨੀ ਮਿਸਾਲ ਕਾਇਮ ਕੀਤੀ ਹੈ। ਨਿਰਮਲਿਆਂ ਦੀ ਸਿੱਖ ਸਮਾਜ, ਖਾਲਸਾ ਪੰਥ ਅਤੇ ਸਮੁੱਚੇ ਦੇਸ਼ ਨੂੰ ਬਹੁਪੱਖੀ ਦੇਣ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ। ਇਸ ਗੱਲ ਨੂੰ ਸਿੱਖ ਪੰਥ ਦਾ ਵਿੱਦਵਤ ਸਮਾਜ, ਖਾਲਸਾ ਪੰਥ ਜਾਂ ਨਿਰਮਲ ਪੰਥ ਦੀਆਂ ਕੁਲ ਜਥੇਬੰਦੀਆਂ ਦੇ ਵਿੱਦਵਾਨ ਭਲੀ ਪ੍ਰਕਾਰ ਜਾਣਦੇ ਹਨ।

ਹਾਰਦਿਕ ਪ੍ਰਸੰਨਤਾ ਦੀ ਗੱਲ ਹੈ ਕਿ ਪਿਛਲੇ ਸਾਲ 29-30 ਅਕਤੂਬਰ 2009 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਜੀ ਨੇ ਨਿਰਮਲ ਸੰਪ੍ਰਦਾਇ ਤੇ ਸੈਮੀਨਾਰ ਕਰਾਉਣ ਲਈ ਨਿਰਮਲ ਪੰਚਾਇਤੀ ਅਖਾੜੇ ਦੀ ਅਪੀਲ ਨੂੰ ਅਤੀ ਖੁਲ੍ਹ-ਦਿਲੀ ਨਾਲ ਸਵੀਕਾਰ ਕਰਕੇ, ਨੇਪਰੇ ਚਾੜ੍ਹਨ ਵਿੱਚ ਭਰਪੂਰ ਸਹਿਯੋਗ ਦਿੱਤਾ। ਇਹ ਸੈਮੀਨਾਰ ਇੱਕ ਇਤਿਹਾਸਿਕ ਘਟਨਾ ਬਣ ਗਿਆ, ਜਿਸ ਦੀ ਉਡੀਕ ਕਾਫ਼ੀ ਅਰਸੇ ਤੋਂ ਕੀਤੀ ਜਾ ਰਹੀ ਸੀ। ਨਿਰਮਲ ਪੰਥ ਦੇ ਸਮੂਹ ਵਿੱਦਵਾਨਾਂ, ਸੰਤਾਂ, ਡੇਰੇਦਾਰ ਮਹੰਤਾਂ ਅਤੇ ਵਿਰੱਕਤ ਮਹਾਂਪੁਰਸ਼ਾਂ ਨੇ ਇਸ ਬਹੁਤ ਜ਼ਰੂਰੀ ਪ੍ਰੰਤੂ ਚਿਰੋਕਣੇ ਕਦਮ ਦੀ ਭਰਪੂਰ ਸ਼ਲਾਘਾ ਕਰਕੇ, ਹਾਰਦਿਕ ਪ੍ਰਸੰਨਤਾ ਨਾਲ ਅਪਣਾਇਆ ਅਤੇ ਇਸ ਪ੍ਰੰਪਰਾ ਨੂੰ ਅੱਗੇ ਲਈ ਵੀ ਜਾਰੀ ਰੱਖਣ ਲਈ ਉਤਸ਼ਾਹ ਵਿਖਾਇਆ। ਉਸੇ ਉਤਸ਼ਾਹ ਦਾ ਸਾਕਾਰ ਰੂਪ ਦੂਜਾ ਸੈਮੀਨਾਰ 11-12 ਫਰਵਰੀ 2010 ਨੂੰ ਡਾਕਟਰ ਬਲਬੀਰ ਸਿੰਘ ਸਾਹਿਤ ਕੇਂਦਰ (ਪੰਜਾਬੀ ਯੂਨੀਵਰਸਿਟੀ) ਦੇਹਰਾਦੂਨ ਵਿਖੇ ਸਤਿਕਾਰਯੋਗ ਡਾ. ਹਰਭਜਨ ਸਿੰਘ ਜੀ ਅਤੇ ਅਤੀ ਸਨਮਾਨਯੋਗ ਬੀਬੀ ਮਹਿੰਦਰ ਕੌਰ ਜੀ ਦੀ ਸਰਪ੍ਰਸਤੀ ਹੇਠ ਸੰਪੰਨ ਹੋਇਆ। ਤਹਿ ਦਿਲੋਂ ਸ਼ੁਕਰਾਨਾ ਕਰਦਾ ਹਾਂ ਉਨ੍ਹਾਂ ਨਿਰਮਲੇ ਸੰਤਾਂ ਮਹਾਂਪੁਰਖਾਂ ਦਾ ਜਿਨ੍ਹਾਂ ਨੇ ਦੂਰੋਂ-2 ਪਹੁੰਚ ਕੇ ਦਰਸ਼ਨ ਦਿੱਤੇ, ਸਹਿਭਾਗੀ ਬਣੇ ਅਤੇ ਪ੍ਰਬੰਧਕਾਂ ਦਾ ਹੌਸਲਾ ਵਧਾ ਕੇ

ਖੁਸ਼ੀਆਂ ਬਖ਼ਸ਼ੀਆਂ। ਪੰਜਾਬੀ ਯੂਨੀਵਰਸਿਟੀ ਦੇ ਸਹਿਯੋਗ ਅਤੇ ਅਗਵਾਈ ਲਈ 'ਨਿਰਮਲ ਪੰਚਾਇਤੀ ਅਖਾੜੇ' ਨਾਲ ਸੰਬੰਧਿਤ ਸਮੂਹ ਮਹਾਂਪੁਰਖ ਕ੍ਰਿਤੱਗਯ ਹਨ।

ਪਿਛਲੇ ਦੋਹਾਂ ਸੈਮੀਨਾਰਾਂ ਵਿੱਚ ਪ੍ਰਸਤੁਤ ਲੇਖਾਂ, ਮੌਖਿਕ ਵਿਚਾਰਾਂ ਅਤੇ ਆਪਸੀ ਸੰਵਾਦ ਦੁਆਰਾ ਜੋ ਸਫਲਤਾ ਮਿਲੀ ਹੈ ਉਹ ਸਿੱਧੇ, ਅਸਿੱਧੇ ਅਤੇ ਲਿਖਤੀ ਰੂਪ ਵਿੱਚ ਸੰਗਤਾਂ ਦੇ ਸਾਹਮਣੇ ਆ ਚੁੱਕੀ ਹੈ। ਧਰਮ ਅਧਿਐਨ ਵਿਭਾਗ ਦੁਆਰਾ ਪਹਿਲੇ ਸੈਮੀਨਾਰ ਦੇ ਲੇਖਾਂ ਦੀ ਪੁਸਤਕ ਛਪ ਕੇ ਰੀਲੀਜ਼ ਹੋ ਚੁੱਕੀ ਹੈ। ਅੱਜ ਇਸ ਸੈਮੀਨਾਰ ਦੇ ਸ਼ੁੱਭ ਮੌਕੇ ਤੇ ਦੇਹਰਾਦੂਨ ਵਿਖੇ ਹੋਏ ਦੂਜੇ ਸੈਮੀਨਾਰ ਦੇ ਲੇਖਾਂ ਦਾ ਸੰਗ੍ਰਹਿ, ਇਸ ਹੱਥਲੀ ਪੁਸਤਕ ਦਾ ਵਿਮੋਚਨ ਹੋ ਰਿਹਾ ਹੈ। ਇਸ ਸ਼ੁੱਭ ਕਾਰਜ ਲਈ ਸਾਰੇ ਵਿੱਦਵਾਨਾਂ, ਸੰਤਾਂ ਅਤੇ ਖੋਜਾਰਥੀਆਂ ਨੂੰ ਹਾਰਦਿਕ ਵਧਾਈ ਦਿੰਦਾ ਹਾਂ।

ਮੈਂ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੁਹਿਰਦ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਜੀ ਦੇ ਪਿਆਰ ਅਤੇ ਖੁਲ੍ਹਦਿਲੀ ਪ੍ਰਤੀ ਸਤਿਕਾਰ ਸਹਿਤ ਪਗ੍ਰਟਾਵਾ ਕਰਦਾ ਹਾਂ। ਸਮੂਹ ਵਿਭਾਗਾਂ ਦੇ ਮੁੱਖੀਆਂ, ਵਿੱਦਵਾਨਾਂ, ਪ੍ਰੋਫੈਸਰ ਸਾਹਿਬਾਨਾਂ, ਖੋਜਾਰਥੀਆਂ ਅਤੇ ਸਹਾਇਕ ਸਟਾਫ਼ ਦਾ ਅਤੀ ਮਾਣ ਨਾਲ ਧੰਨਵਾਦ ਕਰਦਾ ਹਾਂ, ਕਿਉਂਕਿ ਇਹ ਅੜਿਆ ਹੋਇਆ ਗੱਡਾ ਸਾਰਿਆਂ ਦੇ ਰਲ ਕੇ ਧੱਕਾ ਮਾਰਨ ਨਾਲ ਹੀ ਨਿਕਲਿਆ ਹੈ।

ਅੰਤ ਵਿੱਚ ਅਰਦਾਸ ਕਰਦਾ ਹਾਂ ਕਿ ਗੁਰੂ ਮਹਾਰਾਜ ਕ੍ਰਿਪਾ ਕਰਨ ਕਿ ਹੋ ਚੁੱਕੇ ਉਪਰਾਲਿਆਂ ਨੂੰ ਪ੍ਰਵਾਨ ਕਰਨ, ਹੋ ਰਹੇ ਉੱਦਮਾਂ ਨੂੰ ਸਫਲਤਾ ਬਖਸ਼ਣ ਅਤੇ ਅੱਗੋਂ ਨੂੰ ਹੋਣ ਵਾਲੇ ਯਤਨਾਂ ਲਈ ਬਲ, ਬੁੱਧੀ, ਸੇਧ ਅਤੇ ਅਗਵਾਈ ਪ੍ਰਦਾਨ ਕਰਨ ਤਾਂ ਕਿ ਗੁਰੂ ਆਸ਼ੇ ਦਾ ਹੂ-ਬ-ਹੂ ਸੰਦੇਸ਼ ਘਰ-ਘਰ ਵਿੱਚ, ਜਨ-ਜਨ ਤੱਕ ਸਦੈਵ ਹੀ ਪਹੁੰਚਾਇਆ ਜਾਂਦਾ ਰਹੇ। ਧੰਨਵਾਦ !

ਮਾਨਵਤਾ ਦੀ ਸੇਵਾ ਵਿੱਚ
(ਸੰਤ) ਜੋਧ ਸਿੰਘ
ਨਿਰਮਲ ਆਸ਼ਰਮ, ਰਿਸ਼ੀਕੇਸ਼।

# ਨਿਰਮਲ ਵਚਨ

ਆਧੁਨਿਕ ਸਮੇਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਮਾਂ ਬੋਲੀ ਪੰਜਾਬੀ ਦਾ ਪ੍ਰਚਾਰ ਅਤੇ ਪ੍ਰਸਾਰ ਬੜੇ ਜ਼ੋਰਾਂ-ਸ਼ੋਰਾਂ ਨਾਲ ਕੀਤਾ ਜਾ ਰਿਹਾ ਹੈ। ਯੂਨੀਵਰਸਿਟੀ ਵਿਚ ਪੰਜਾਬੀ ਸਾਹਿਤ ਤੇ ਖ਼ਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸੰਬੰਧ ਵਿਚ ਵਿਦਵਾਨ ਪੁਰਖਾਂ ਤੋਂ ਬਹੁਤ ਸਾਰੀਆਂ ਪੁਸਤਕਾਂ ਲਿਖਵਾ ਕੇ ਛਪਾਈਆਂ ਜਾ ਰਹੀਆਂ ਹਨ। ਸਮੇਂ-ਸਮੇਂ ਵਖ-ਵਖ ਵਿਸ਼ਿਆਂ 'ਤੇ ਯੂਨੀਵਰਸਿਟੀ ਵਿਚ ਸੈਮੀਨਾਰ ਕਰਵਾਏ ਜਾ ਰਹੇ ਹਨ। ਡਾ. ਭਾਈ ਵੀਰ ਸਿੰਘ ਜੀ ਨੇ ਪੰਜਾਬੀ ਸਾਹਿਤ ਦੀ ਵਡਮੁਲੀ ਸੇਵਾ ਕੀਤੀ ਹੈ। ਉਨ੍ਹਾਂ ਦੇ ਛੋਟੇ ਭਾਈ ਡਾ. ਬਲਬੀਰ ਸਿੰਘ ਜੀ ਨੇ ਬੌਧਿਕ ਪੱਖੋਂ ਪੰਜਾਬੀ ਸਾਹਿਤ ਨੂੰ ਪ੍ਰਚਾਰਨ ਵਿਚ ਵਡਮੁਲਾ ਯੋਗਦਾਨ ਪਾਇਆ। ਡਾ. ਬਲਬੀਰ ਸਿੰਘ ਜੀ ਦੀ ਸਪੁੱਤਰੀ ਸ਼੍ਰੀਮਤੀ ਮਹਿੰਦਰ ਕੌਰ ਜੀ ਨੇ ਦੇਹਰਾਦੂਨ ਵਾਲੀ ਕੋਠੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਸੌਂਪ ਦਿਤੀ। ਪੰਜਾਬੀ ਯੂਨੀਵਰਸਿਟੀ ਨੇ ਉਸ ਸਥਾਨ 'ਤੇ **ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤਯ ਕੇਂਦਰ** ਕਾਇਮ ਕਰਕੇ ਇਕ ਵਧੀਆ ਖੋਜ ਕੇਂਦਰ ਸਥਾਪਿਤ ਕੀਤਾ ਹੈ। ਇਸ ਕੇਂਦਰ ਦੇ ਪ੍ਰਾਜੈਕਟ ਡਾਇਰੈਕਟਰ ਡਾ. ਹਰਭਜਨ ਸਿੰਘ ਜੀ ਹਨ, ਜਿਹੜੇ ਕਿ 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' ਪ੍ਰਾਜੈਕਟ ਉਪਰ ਕੰਮ ਕਰ ਰਹੇ ਹਨ। ਉਹ ਬੜੇ ਵਿਦਵਾਨ, ਸਾਹਸੀ, ਨਿਮਰਤਾ ਭਾਵ ਵਾਲੇ, ਵਿਦਵਾਨਾਂ ਦਾ ਸਤਿਕਾਰ ਅਤੇ ਉਨ੍ਹਾਂ ਨਾਲ ਤਾਲ ਮੇਲ ਰਖਣ ਵਾਲੇ ਹਨ। ਜਿਥੇ ਉਹ ਉਪਰੋਕਤ ਖੋਜ ਵਿਚ ਵਧੀਆ ਕੰਮ ਕਰ ਰਹੇ ਹਨ, ਉਥੇ ਡਾ. ਜਸਪਾਲ ਸਿੰਘ ਜੀ ਵਾਈਸ-ਚਾਂਸਲਰ ਦੀ ਪ੍ਰੇਰਣਾ ਨਾਲ ਸਾਹਿਤਯ ਕੇਂਦਰ ਵਿਚ ਸਮੇਂ-ਸਮੇਂ ਵਖ-ਵਖ ਵਿਸ਼ਿਆਂ ਉਪਰ ਸੈਮੀਨਾਰ ਕਰਵਾ ਕੇ ਵਿਦਵਾਨ ਪੁਰਖਾਂ ਤੋਂ ਪੇਪਰ ਲਿਖਵਾ ਕੇ ਮਾਂ ਬੋਲੀ ਪੰਜਾਬੀ ਸਾਹਿਤ ਦੀ ਵਡਮੁਲੀ ਸੇਵਾ ਕਰ ਰਹੇ ਹਨ। ਇਸੇ ਸੰਦਰਭ ਵਿਚ ਉਨ੍ਹਾਂ ਨੇ 11-12 ਫਰਵਰੀ 2010 ਨੂੰ ਸਾਹਿਤਯ ਕੇਂਦਰ ਵਿਚ ਦੋ ਰੋਜ਼ਾ ਸੈਮੀਨਾਰ ਕਰਵਾਇਆ। ਜਿਸ ਦਾ ਮੁਖ ਵਿਸ਼ਾ ਸੀ 'ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆਕਾਰੀ'। ਇਸ ਦੋ ਰੋਜ਼ਾ ਸੈਮੀਨਾਰ ਵਿਚ ਨਿਰਮਲ ਭੇਖ ਦੇ ਮਹਾਪੁਰਖਾਂ ਨੇ ਅਤੇ ਵਿਦਵਾਨ ਪ੍ਰੋਫ਼ੈਸਰਾਂ ਨੇ ਖੋਜ-ਭਰਪੂਰ ਪੇਪਰ ਭੀ ਪੜ੍ਹੇ ਅਤੇ ਨਾਲ ਹੀ ਸ਼੍ਰੀਮਾਨ ਸੰਤ ਜੋਧ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਨੇ ਹਰ ਤਰ੍ਹਾਂ ਨਾਲ ਸਾਹਿਤਯ ਕੇਂਦਰ ਦੇ ਪ੍ਰਬੰਧਕਾਂ ਦੀ ਸਹਾਇਤਾ ਕੀਤੀ। ਸੈਮੀਨਾਰ ਬਹੁਤ ਸਫਲ ਰਿਹਾ। ਵਿਦਵਾਨ ਪੁਰਖਾਂ ਦੇ ਪੇਪਰ ਕਾਫ਼ੀ ਖੋਜ ਭਰਪੂਰ ਸਨ। ਮੈਨੂੰ ਬੜੀ ਖੁਸ਼ੀ ਹੈ ਕਿ ਸੈਮੀਨਾਰ ਵਿਚ ਪੜ੍ਹੇ ਸਾਰੇ ਪੇਪਰਾਂ ਨੂੰ ਕਿਤਾਬ ਰੂਪ ਦਿਤਾ ਜਾ ਰਿਹਾ ਹੈ। ਇਸ ਨਾਲ ਭਵਿਖ ਵਿਚ ਖੋਜੀ ਵਿਦਵਾਨਾਂ ਨੂੰ ਖੋਜ ਕਰਨ ਵਿਚ ਸਹਾਇਤਾ ਮਿਲੇਗੀ। ਇਹੋ ਜਿਹੇ ਕਾਰਜ ਹੋਣੇ ਚਾਹੀਦੇ ਹਨ। ਮੇਰੀ ਇਛਾ ਹੈ ਕਿ ਡਾ. ਬਲਬੀਰ ਸਿੰਘ ਸਾਹਿਤਯ ਕੇਂਦਰ ਆਪਣੇ ਖੇਤਰ ਵਿਚ ਤਰਕੀ ਦੀਆਂ ਲੰਮੀਆਂ-ਲੰਮੀਆਂ ਪੁਲਾਂਘਾਂ ਪੁੱਟ ਕੇ ਦੁਨੀਆਂ ਭਰ ਦੀਆਂ ਵਿਕਸਿਤ ਭਾਸ਼ਾਵਾਂ ਨਾਲੋਂ ਪੰਜਾਬੀ ਦਾ ਕੱਦ ਉਚਾ ਕਰੇ, ਕਾਮਯਾਬੀ ਦੇ ਸਿਖਰ ਨੂੰ ਛੋਹਵੇ।

**ਸੰਤ ਤੇਜਾ ਸਿੰਘ**
ਗੁਰੂਸਰ ਖੁਡਾ।

# ਸਰਪ੍ਰਸਤ ਦੀ ਆਸੀਸ

ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਵਿਖੇ ਨਿਰਮਲ ਆਸ਼ਰਮ ਰਿਸ਼ੀਕੇਸ਼ ਦੇ ਸਹਿਯੋਗ ਨਾਲ 11-12 ਫਰਵਰੀ 2010 ਨੂੰ ਇਕ ਦੋ-ਰੋਜ਼ਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਦਾ ਵਿਸ਼ਾ ਸੀ 'ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆਕਾਰੀ' ਜੋ ਬਹੁਤ ਕਾਮਯਾਬ ਰਿਹਾ। ਇਸ ਨੂੰ ਕਾਮਯਾਬ ਬਣਾਉਣ ਵਿਚ ਨਿਰਮਲ ਆਸ਼ਰਮ ਦੀ ਉਸ ਡਾਇਨੈਮਿਕ (Dynamic) ਸ਼ਖਸੀਅਤ ਸ਼੍ਰੀਮਾਨ ਸੰਤ ਜੋਧ ਸਿੰਘ ਜੀ ਦਾ ਭਾਰਾ ਯੋਗਦਾਨ ਹੈ, ਜੋ ਹਰ ਸਮੇਂ ਸਿਖਿਆ ਪ੍ਰਦਾਨ ਕਰਨ ਅਤੇ ਹਸਪਤਾਲ ਚਲਾਉਣ ਦੀ ਭਾਰੀ ਸੇਵਾ ਵਿਚ ਤਤਪਰ ਹਨ। ਉਨ੍ਹਾਂ ਨੇ ਉਤਸ਼ਾਹ ਅਤੇ ਲਗਨ ਨਾਲ ਕੇਂਦਰ ਨੂੰ ਹਰ ਤਰ੍ਹਾਂ ਦੀ ਮਦਦ ਦੇਣ ਵਿਚ ਕੋਈ ਕਸਰ ਨ ਰਖੀ ਅਤੇ ਕਈ ਕੰਮਾਂ ਦੀਆਂ ਜ਼ਿਮੇਵਾਰੀਆਂ ਆਪ ਨਿਭਾਈਆਂ। ਕੇਂਦਰ ਦੀ ਖੁਸ਼ਕਿਸਮਤੀ ਹੈ, ਜੋ ਇਨ੍ਹਾਂ ਮਹਾਂਪੁਰਖਾਂ ਤੋਂ ਸਨੇਹ ਮਿਲ ਰਿਹਾ ਹੈ।

ਸੈਮੀਨਾਰ ਵਿਚ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ, ਯੂਨੀਵਰਸਿਟੀ ਅਤੇ ਕੁਝ ਹੋਰ ਬਾਹਰਲੇ ਸਕਾਲਰਾਂ ਨੇ ਭਾਗ ਲਿਆ ਅਤੇ ਬਹੁਤ ਖੋਜ ਭਰਪੂਰ ਪੇਪਰ ਪੜ੍ਹੇ। ਕੁੰਜੀਵਤ ਭਾਸ਼ਨ (Key note Address) ਸੰਪ੍ਰਦਾਇ ਦੇ ਸਿਰਮੌਰ ਵਿਦਵਾਨ ਸੰਤ ਤੇਜਾ ਸਿੰਘ ਜੀ ਡੇਰਾ ਗੁਰੂਸਰ ਖੁਡੇ ਵਾਲਿਆਂ ਦਾ ਸੀ, ਜਿਸ ਨੇ ਸਭ ਨੂੰ ਕੀਲ ਕੇ ਰਖਿਆ। ਸ਼੍ਰੋਤਿਆਂ ਨੇ ਉਨ੍ਹਾਂ ਦੀ ਵਿਦਵਤਾ ਦਾ ਬਹੁਤ ਆਨੰਦ ਮਾਣਿਆ। ਆਚਾਰੀਆ ਸਤਿਪ੍ਰੀਤ ਹਰੀ ਜੀ ਦਾ ਪੇਪਰ ਵੀ ਬੜਾ ਰੋਚਕ ਅਤੇ ਖੋਜ-ਭਰਪੂਰ ਸੀ।

ਦੋ ਦਿਨ ਬਹੁਤ ਰੌਣਕ ਰਹੀ। ਪੇਪਰ ਬਹੁਤ ਹੋਣ ਕਰਕੇ ਪੂਰਾ ਖੁਲ੍ਹਾ ਵਕਤ ਸਭ ਨੂੰ ਨਾ ਮਿਲ ਸਕਿਆ। ਹੁਣ ਕੇਂਦਰ ਦੇ ਪ੍ਰਾਜੈਕਟ ਡਾਇਰੈਕਟਰ/ਮੁਖੀ ਡਾ. ਹਰਭਜਨ ਸਿੰਘ ਜੀ ਅਤੇ ਉਨ੍ਹਾਂ ਦੇ ਸ. ਮੁਹੱਬਤ ਸਿੰਘ (ਪ੍ਰਾਜੈਕਟ ਐਸੋਸੀਏਟ), ਸ. ਕੁਲਵਿੰਦਰ ਸਿੰਘ (ਪ੍ਰਾਜੈਕਟ ਐਸੋਸੀਏਟ) ਅਤੇ ਬੀਬੀ ਮਨਜੀਤ ਕੌਰ ਦੇ ਉਦਮ ਨਾਲ ਇਹ ਪੇਪਰ ਇਕਠੇ ਕਰਕੇ ਛਾਪ ਦਿਤੇ ਗਏ ਹਨ ਤਾਂ ਜੋ ਸਕਾਲਰ ਪੂਰਾ-ਪੂਰਾ ਲਾਭ ਉਠਾ ਸਕਣ। ਮੈਨੂੰ ਆਸ ਹੈ ਕਿ ਇਹ ਸਾਮਗਰੀ ਨਿਰਮਲ ਸੰਪ੍ਰਦਾਇ ਦੇ ਵਿਦਿਅਕ ਅਤੇ ਸਮਾਜ ਸੇਵਾ ਦੇ ਕਾਰਜਾਂ ਨੂੰ ਸਮਝਣ ਵਾਸਤੇ ਬਹੁਤ ਸਹਾਈ ਹੋਵੇਗੀ।

**ਮਹਿੰਦਰ ਕੌਰ**
ਆਨਰੇਰੀ ਡਾਇਰੈਕਟਰ।

# ਪ੍ਰਸਤਾਵਨਾ

'ਨਿਰਮਲ ਭੇਖ' ਸਿਖ ਪੰਥ ਦੀ ਉਹ ਅਦੁਤੀ ਅਤੇ ਅਭਿੰਨ ਸ਼ਾਖਾ ਹੈ, ਜਿਸ ਨੇ ਗੁਰਬਾਣੀ ਦੇ ਸਿਧਾਂਤ ਨੂੰ ਪੂਰੇ ਜਗਤ ਵਿਚ ਸਿਖਾਂ ਅਤੇ ਅਨਮਤੀਆਂ ਤਕ ਪਹੁੰਚਾਉਣ ਵਾਸਤੇ ਹਮੇਸ਼ਾ ਅਥਕ ਪ੍ਰਯਤਨ ਕੀਤੇ ਹਨ। ਨਿਰਮਲੇ ਸੰਤਾਂ ਦਾ ਵਿਚਰਣ ਗੁਰਬਾਣੀ ਦੇ ਅਜਿਹੇ ਸਾਧਾਰਨ ਪ੍ਰਚਾਰਕਾਂ ਵਾਲਾ ਨਹੀਂ ਰਿਹਾ, ਜਿਨ੍ਹਾਂ ਦੀ ਉਪਜੀਵਿਕਾ ਗੁਰਬਾਣੀ ਦੇ ਪ੍ਰਚਾਰ ਨਾਲ ਜੁੜੀ ਹੋਵੇ, ਬਲਕਿ ਉਹ ਹਮੇਸ਼ਾ ਅਜਿਹੇ ਵਿਦਿਆ-ਸਾਧਕ ਰਹੇ ਹਨ, ਜਿਨ੍ਹਾਂ ਨੇ ਗੁਰਮਤਿ ਦੇ ਗਿਆਨ ਨੂੰ ਪ੍ਰਕਾਸ਼ਮਾਨ ਕਰਨ ਵਾਸਤੇ ਗ੍ਰਿਹਸਥ ਜੀਵਨ ਦੇ ਸਮੂਹ ਸੁਖਾਂ ਦਾ ਤਿਆਗ ਕਰਨਾ ਹਮੇਸ਼ਾ ਆਪਣਾ ਸਰਵੋਤਮ ਕਰਤਵ ਜਾਣਿਆ ਹੈ। ਉਹ ਗੁਰਬਾਣੀ ਦੇ ਅਜਿਹੇ ਪ੍ਰਚਾਰਕ ਵੀ ਨਹੀਂ, ਜਿਨ੍ਹਾਂ ਦਾ ਗਿਆਨ ਪੂਜਾ-ਉਪਾਸਨਾ ਦੀਆਂ ਵਿਧੀਆਂ ਅਤੇ ਪੰਥ ਦੀ ਮਰਯਾਦਾ ਤੀਕ ਸੀਮਿਤ ਹੋਵੇ, ਬਲਕਿ ਉਹ ਅਜਿਹੇ ਵਿਦਿਆ-ਨਿਸ਼ਠ ਮਹਾਤਮਾ ਹੋਏ ਹਨ, ਜਿਨ੍ਹਾਂ ਨੇ ਗ੍ਰਿਹ-ਸੁਖ ਤਿਆਗ ਕੇ ਅਨੇਕ ਪ੍ਰਕਾਰ ਦੇ ਕਸ਼ਟ ਸਹਿੰਦਿਆਂ ਸੰਸਕ੍ਰਿਤ ਵਿਦਿਆ ਸਿਖੀ, ਵੇਦ-ਵੇਦਾਂਗ ਨੂੰ ਪੜ੍ਹਿਆ ਅਤੇ ਪੜਚੋਲਿਆ, ਫਿਰ ਸਰਬ-ਭਾਂਤਿ ਵਿਦਵਤ ਹੋ ਕੇ ਭਾਰਤ ਦੇ ਮਹਾਨ ਸ਼ਾਸਤ੍ਰ-ਆਚਾਰਯ ਲੋਕਾਂ ਵਿਚ ਗੁਰਮਤਿ-ਵਿਚਾਰਧਾਰਾ ਦੀ ਉਚਤਾ ਦਾ ਝੰਡਾ ਬੁਲੰਦ ਕੀਤਾ। ਉਨ੍ਹਾਂ ਦਾ ਸਦਾ ਇਹ ਪਰਿਪਕ ਅਕੀਦਾ ਰਿਹਾ ਹੈ ਕਿ ਸ਼ਸਤ੍ਰ ਤੋਂ ਸ਼ਾਸਤ੍ਰ ਉਤਮ ਹੈ। ਇਸ ਵਿਦਿਆ-ਸ਼ਸਤ੍ਰ ਨਾਲ ਉਨ੍ਹਾਂ ਨੇ ਭਾਰਤੀ ਦਰਸ਼ਨ ਨੂੰ ਗੁਰਮਤਿ ਦੇ ਪ੍ਰਭਾਵ ਵਿਚ ਲਿਆਉਣ ਲਈ ਭਾਰਤ ਦੇ ਪ੍ਰਸਿਧ ਤੀਰਥਾਂ ਉਤੇ ਆਪਣੇ ਆਸ਼ਰਮ/ਅਖਾੜੇ ਨਿਰਮਿਤ ਕੀਤੇ ਅਤੇ ਅਨਮਤੀ-ਸਾਧੂਆਂ ਵਿਚ ਸ਼ੋਭਿਤ ਹੋ ਕੇ 'ਸਤਿਨਾਮ' ਦਾ ਪ੍ਰਕਾਸ਼ ਕੀਤਾ। ਅਨਮਤੀਆਂ ਨੂੰ ਗੁਰਬਾਣੀ ਨਾਲ ਕਿਵੇਂ ਜੋੜਿਆ ਜਾਵੇ ? ਇਹ ਇਸ ਭੇਖ ਦੇ ਮਹਾਪੁਰਖਾਂ ਤੋਂ ਬਹੁਤਾ ਹੋਰ ਕੋਈ ਨਹੀਂ ਜਾਣਦਾ। ਇਸ ਵਿਚ ਕੋਈ ਸੰਦੇਹ ਨਹੀਂ ਕਿ ਸਿੰਘ ਸਭਾਈ ਚਿੰਤਨ ਦੇ ਵਿਕਾਸ ਨਾਲ ਉਪਜੀ ਸਿਧਾਂਤਕਾਰੀ ਨੇ ਇਸ ਸੰਪ੍ਰਦਾਇ ਨੂੰ ਓਪਰੀ ਦ੍ਰਿਸ਼ਟੀ ਨਾਲ ਵੇਖਣ ਦੀ ਰੁਚੀ ਪੈਦਾ ਕੀਤੀ, ਪਰ ਇਸ ਵਿਚ ਵੀ ਕੋਈ ਸੰਦੇਹ ਨਹੀਂ ਕਿ ਵਾਸਤਵ ਵਿਚ ਇਸ ਰੁਚੀ ਤੋਂ ਪ੍ਰਭਾਵਿਤ ਵਿਅਕਤੀ ਇਹ ਨਹੀਂ ਸਮਝ ਸਕੇ ਕਿ 'ਸਿੰਘ ਸਭਾ ਲਹਿਰ' ਅਤੇ 'ਨਿਰਮਲ ਭੇਖ' ਦਾ ਕਾਰਜ-ਖੇਤਰ ਵਖ-ਵਖ ਹੈ, ਪੰਥ ਵਖਰਾ ਨਹੀਂ। ਸਿੰਘ ਸਭਾ ਦਾ ਉਦਗਮ ਸਿਖੀ ਦੇ ਵਿਸਤਾਰ ਵਾਸਤੇ ਨਹੀਂ ਸੀ ਹੋਇਆ, ਬਲਕਿ ਸਿਖੀ ਦੀ ਸੰਭਾਲ ਵਾਸਤੇ ਹੋਇਆ ਸੀ। ਇਸ ਲਈ ਸਿੰਘ ਸਭਾ ਦੇ ਚਿੰਤਨ ਨੇ ਜੇ ਟਕਸਾਲੀ ਸਿਖੀ ਦਾ ਉਥਾਨ ਕੀਤਾ, ਤਾਂ ਨਾਲ ਹੀ ਸਿਖੀ ਨੂੰ ਸੀਮਿਤ ਅਤੇ ਸੰਕੁਚਿਤ ਵੀ ਕੀਤਾ। 'ਨਿਰਮਲ ਭੇਖ' ਦਾ ਪ੍ਰਯੋਜਨ ਜਿਥੇ ਸਿਖਾਂ ਨੂੰ ਗੁਰਬਾਣੀ ਦੇ ਗੂੜ੍ਹ-ਚਿੰਤਨ ਦਾ ਦਰਸ਼ਨ ਕਰਵਾਉਣ ਨਾਲ ਸੰਬੰਧਿਤ ਸੀ, ਉਥੇ ਗੁਰਬਾਣੀ ਦੀ ਉਤਮਤਾ ਦਾ ਪ੍ਰਭਾਵ ਅਨਮਤੀਆਂ ਦੇ ਮਨ-ਬੁਧੀ ਤੀਕ ਵਿਸਤ੍ਰਿਤ ਕਰਨਾ ਵੀ ਸੀ। ਸੋ ਜੇ ਸੰਤੁਲਿਤ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ 'ਨਿਰਮਲ ਭੇਖ' ਜਿਹੜੇ ਅਨਮਤੀਆਂ ਨੂੰ ਗੁਰਮਤਿ ਦੇ ਘੇਰੇ ਵਿਚ ਲਿਆਉਂਦਾ ਹੈ, ਜਦੋਂ ਉਹ ਗੁਰਸਿਖੀ ਨੂੰ ਧਾਰਨ ਕਰ ਲੈਣ ਤਾਂ ਸਿੰਘ ਸਭਾਈ ਪ੍ਰਣਾਲੀ ਉਨ੍ਹਾਂ ਨੂੰ ਮਰਯਾਦਿਤ ਪੰਥਕ ਜੀਵਨ ਵਿਚ ਲਿਆ ਸਕਦੀ ਹੈ। ਇੰਞ ਦੋਵੇਂ ਪ੍ਰਣਾਲੀਆਂ ਇਕ ਦੂਜੀ ਦੀਆਂ ਪੂਰਕ ਬਣ ਸਕਦੀਆਂ ਹਨ, ਜਿਸ ਨਾਲ ਸਿਖੀ ਦਾ ਵਿਸਤਾਰ ਵੀ ਹੋ ਸਕਦਾ ਹੈ ਅਤੇ ਮਰਯਾਦਿਤ ਪੰਥ ਵੀ ਸੁਦ੍ਰਿੜ੍ਹ ਹੋ ਸਕਦਾ ਹੈ।

ਇਹ ਪ੍ਰਸੰਨਤਾ ਦੀ ਗਲ ਹੈ ਕਿ ਹੁਣ ਮੇਲ-ਜੋਲ ਦੀ ਪ੍ਰਵਿਰਤੀ ਨੂੰ ਉਤਸਾਹਿਤ ਕਰਨ ਵਾਲੇ ਚਿੰਤਕ ਅਗੇ ਆ ਰਹੇ ਹਨ। ਪੰਜਾਬੀ ਬੋਲੀ ਅਤੇ ਪੰਜਾਬ ਦੀ ਸੰਸਕ੍ਰਿਤੀ ਨੂੰ ਸਮਰਪਿਤ ਪੰਜਾਬੀ ਯੂਨੀਵਰਸਿਟੀ ਨੇ ਇਸ ਪਾਸੇ ਜੋ ਸ਼ਲਾਘਾਯੋਗ ਯਤਨ ਕੀਤੇ ਹਨ, ਉਹ ਅਭੂਤਪੂਰਵ ਅਤੇ ਲਾਸਾਨੀ ਹਨ। ਯੂਨੀਵਰਸਿਟੀ ਦੇ ਵਰਤਮਾਨ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਜੀ ਦੀ ਪ੍ਰਤਿਭਾਮਈ ਅਗਵਾਈ ਵਿਚ ਇਸ ਤਰਫ਼ ਅਜਿਹੇ ਠੋਸ ਕਦਮ ਚੁਕੇ ਜਾ ਰਹੇ ਹਨ, ਜਿਨ੍ਹਾਂ ਤੋਂ ਉਜੱਲ ਭਵਿਖ ਦੀ ਕਾਮਨਾ ਕੀਤੀ ਜਾ ਸਕਦੀ ਹੈ। ਨਿਰਮਲ ਸੰਪ੍ਰਦਾਇ ਦੀ ਸਾਮੂਹਿਕ ਸਰਪ੍ਰਸਤੀ ਵਿਚ ਪਹਿਲਾਂ 29 ਅਤੇ 30 ਅਕਤੂਬਰ 2009 ਨੂੰ ਸੰਪ੍ਰਦਾਇ ਦੇ ਹਰ ਪਖ ਸੰਬੰਧੀ ਚੇਤਨਾ ਜਾਗ੍ਰਿਤ ਕਰਨ ਵਾਸਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ' ਨੇ ਯੂਨੀਵਰਸਿਟੀ ਵਿਖੇ ਸੈਮੀਨਾਰ ਆਯੋਜਿਤ ਕੀਤਾ ਸੀ। ਲਗਪਗ ਸਾਢੇ ਤਿੰਨ ਮਹੀਨੇ ਬਾਅਦ 11 ਅਤੇ 12 ਫਰਵਰੀ 2010 ਨੂੰ ਪੰਜਾਬੀ ਯੂਨੀਵਰਸਿਟੀ ਦੀ ਪ੍ਰਵਾਨਗੀ ਨਾਲ 'ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆਕਾਰੀ' ਵਿਸ਼ੇ ਉਤੇ ਵਿਦਿਆ-ਪ੍ਰਬੀਨ ਪ੍ਰਬੁਧ ਵਿਵੇਕੀਆਂ ਦਾ ਸੈਮੀਨਾਰ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਵਿਖੇ ਆਯੋਜਿਤ ਕੀਤਾ ਗਿਆ ਸੀ, ਜਿਸ ਦੀ ਸਫਲਤਾ ਦਾ ਪੂਰਾ ਸ਼੍ਰੇਯ 'ਨਿਰਮਲ ਆਸ਼ਰਮ ਰਿਸ਼ੀਕੇਸ਼' ਦੇ ਬਹੁਤ ਹੀ ਵਿਵੇਕੀ, ਵਿਦਿਆ-ਪ੍ਰੇਮੀ, ਸ਼ੁਭ-ਆਚਾਰੀ, ਪਾਵਨਤਾ ਤੋਂ ਵਿਭੂਸ਼ਿਤ ਸੰਚਾਲਕ ਸ੍ਰੀ ਮਾਨ ਸੰਤ ਜੋਧ ਸਿੰਘ ਜੀ ਨੂੰ ਜਾਂਦਾ ਹੈ, ਜਿਨ੍ਹਾਂ ਨੇ ਨਾ ਸਿਰਫ਼ ਸਮੁਚੀ ਵਿਵਸਥਾ ਦੇ ਪ੍ਰਬੰਧ ਦੀ ਜ਼ਿਮੇਵਾਰੀ ਲੈ ਲਈ, ਬਲਕਿ ਉਨ੍ਹਾਂ ਦੇ ਹੀ ਯਤਨਾਂ ਸਦਕਾ 'ਨਿਰਮਲ ਭੇਖ' ਦੇ ਵਿਦਿਆ-ਮਾਰਤੰਡ ਮਹਾਪੁਰਖ਼ਾਂ ਨੇ

ਇਸ ਸੈਮੀਨਾਰ ਨੂੰ ਸ਼ੋਭਨੀਕ ਕੀਤਾ। ਆਯੋਜਕਾਂ ਲਈ ਤਸਲੀ ਦੀ ਗਲ ਸੀ ਕਿ ਸਮਾਗਮ ਵਿਚ ਆਏ ਸ਼੍ਰੋਤਿਆਂ ਨੇ ਇਸ ਨੂੰ ਇਕ ਅਜਿਹਾ ਕਾਮਯਾਬ ਯਤਨ ਦਸਿਆ, ਜਿਸ ਦੇ ਨਿਰੰਤਰ ਜਾਰੀ ਰਹਿਣ ਦੀ ਵਡੀ ਲੋੜ ਹੈ। ਸੈਮੀਨਾਰ ਦੀਆਂ ਸਮੂਹ ਗਤੀਵਿਧੀਆਂ ਅਤੇ ਵਿਦਵਤ ਭਾਸ਼ਣਾਂ ਦਾ ਸਾਰਾਂਸ਼ ਸ਼੍ਰੀ ਮਾਨ ਸੰਤ ਜੋਧ ਸਿੰਘ ਜੀ ਦੀ ਪ੍ਰੇਰਨਾ ਅਤੇ ਆਸੀਸ ਨਾਲ ਸ. ਹਰਬਿੰਦਰ ਸਿੰਘ ਮੁਰਾਦਾਬਾਦ ਨੇ ਬਹੁਤ ਖ਼ੂਬਸੂਰਤੀ ਨਾਲ ਲਿਖਿਆ ਹੈ, ਜਿਸ ਨੂੰ ਅਸੀਂ 'ਸੈਮੀਨਾਰ ਸਮੀਕ੍ਸ਼ਾ' ਦੇ ਰੂਪ ਵਿਚ ਛਾਪਣ ਦੀ ਖ਼ੁਸ਼ੀ ਲੈ ਰਹੇ ਹਾਂ। ਇਸ ਸਮੀਖਿਆ ਦੀ ਪ੍ਰਸਤੁਤੀ ਨੇ ਸੈਮੀਨਾਰ ਵਿਚ ਆਏ ਵਿਦਵਾਨਾਂ ਅਤੇ ਉਨ੍ਹਾਂ ਦੇ ਖੋਜ-ਪਤਰਾਂ ਦਾ ਪ੍ਰਸਤਾਵਨਾ ਵਿਚ ਵਰਣਨ ਅਵਾਂਛਿਤ ਕਰ ਦਿਤਾ ਹੈ।

ਡਾ. ਜਸਪਾਲ ਸਿੰਘ ਜੀ ਵਾਈਸ-ਚਾਂਸਲਰ ਪੰਜਾਬੀ ਯੂਨੀਵਰਸਿਟੀ ਦੀ ਅਗਵਾਈ ਵਿਚ ਕਾਰਜਰਤ ਸੁਯੋਗ ਅਧਿਕਾਰੀਆਂ, ਵਿਸ਼ੇਸ਼ ਤੌਰ ਤੇ ਪ੍ਰੋ. ਦਵਿੰਦਰ ਸਿੰਘ, ਡਾਇਰੈਕਟਰ ਯੋਜਨਾ ਅਤੇ ਨਿਰੀਖਣ ਨੇ ਬਹੁਤ ਉਦਾਰ-ਚਿਤ ਹੋ ਕੇ ਸੈਮੀਨਾਰ ਵਿਚ ਪ੍ਰਸਤੁਤ ਖੋਜ-ਪਤਰਾਂ ਨੂੰ ਵਿਵੇਕੀ ਪਾਠਕਾਂ ਤੀਕ ਪਹੁੰਚਾਉਣ ਵਾਸਤੇ ਇਨ੍ਹਾਂ ਦੀ ਛਪਾਈ ਦਾ ਪ੍ਰਬੰਧ ਯੂ. ਜੀ. ਸੀ. ਵਲੋਂ ਗਿਆਰਵੀਂ ਪੰਜ-ਸਾਲਾ ਯੋਜਨਾ ਅਧੀਨ ਮਰਜ਼ਡ ਪਬਲਿਕੇਸ਼ਨ ਅਧੀਨ ਰਾਸ਼ੀ ਵਿਚੋਂ ਕਰ ਦਿਤਾ ਹੈ, ਜਿਸ ਲਈ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਸਤਿਕਾਰ ਯੋਗ ਵਾਈਸ-ਚਾਂਸਲਰ ਜੀ ਅਤੇ ਪ੍ਰੋ. ਦਵਿੰਦਰ ਸਿੰਘ ਜੀ ਦਾ ਬਹੁਤ ਆਭਾਰੀ ਹੈ। ਛਪਾਈ ਦੇ ਕਾਰਜਾਂ ਨੂੰ ਸ਼ੀਘਰਤਾ ਸਹਿਤ ਪੂਰਾ ਕਰਨ ਵਾਸਤੇ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਮਨਜੀਤ ਸਿੰਘ ਜੀ ਦਾ ਦਿਲੋਂ ਧੰਨਵਾਦੀ ਹੋਣਾ ਮੈਂ ਆਪਣਾ ਨੈਤਿਕ ਫ਼ਰਜ਼ ਜਾਣਦਾ ਹਾਂ। ਪ੍ਰੋ. ਐਸ. ਐਸ. ਟਿਵਾਣਾ ਡੀਨ ਅਕਾਦਮਿਕ ਮਾਮਲੇ ਦੀ ਕੇਂਦਰ ਪ੍ਰਤੀ ਅਥਾਹ ਸੁਹਿਰਦਤਾ ਕੇਂਦਰ ਦੀਆਂ ਅਕਾਦਮਿਕ ਗਤੀਵਿਧੀਆਂ ਨੂੰ ਹਮੇਸ਼ਾ ਹੀ ਉਤਸਾਹਿਤ ਕਰਦੀ ਹੈ, ਜਿਸ ਲਈ ਕੇਂਦਰ ਉਨ੍ਹਾਂ ਦਾ ਦਿਲੋਂ ਧੰਨਵਾਦੀ ਹੈ।

ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਦੀ ਆਨਰੇਰੀ ਡਾਇਰੈਕਟਰ ਬੀਬੀ ਮਹਿੰਦਰ ਕੌਰ ਜੀ ਦੀ ਅਪਾਰ ਕ੍ਰਿਪਾ-ਦ੍ਰਿਸ਼ਟੀ ਨਾਲ ਕੇਂਦਰ ਵਿਚ ਅਕਾਦਮਿਕ ਗਤੀਵਿਧੀਆਂ ਨਿਰੰਤਰ ਪ੍ਰਵਾਹਿਤ ਹਨ, ਉਨ੍ਹਾਂ ਦਾ ਧੰਨਵਾਦ ਕਰਨਾ ਮੈਂ ਕਦੇ ਵੀ ਨਹੀਂ ਭੁਲ ਸਕਦਾ। ਉਨ੍ਹਾਂ ਦੀ ਲੰਬੀ ਆਯੂ ਲਈ ਕਾਮਨਾ ਹੈ। ਉਹ ਵਿਦਵਾਨ ਜਿਨ੍ਹਾਂ ਨੇ ਇਸ ਸੈਮੀਨਾਰ ਨੂੰ ਸ਼ੋਭਾਸ਼ਾਲੀ ਅਤੇ ਅਕਾਦਮਿਕ ਬਣਾਉਣ ਵਾਸਤੇ ਸਖ਼ਤ ਘਾਲ ਘਾਲਦਿਆਂ ਆਪਣੇ ਵਿਵੇਕ ਨੂੰ ਕਾਨੀਬਧ ਕੀਤਾ ਅਤੇ ਆਪਣੀ ਬੌਧਿਕ-ਸੰਪਦਾ ਜਨ-ਕਲਿਆਣ ਦੇ ਮਨੋਰਥ ਨਾਲ ਸਾਨੂੰ ਪ੍ਰਕਾਸ਼ਿਤ ਕਰਨ ਹਿਤ ਪ੍ਰਦਾਨ ਕੀਤੀ, ਉਨ੍ਹਾਂ ਸਾਰਿਆਂ ਦਾ ਮੈਂ ਦਿਲੋਂ ਸ਼ੁਕਰ-ਗੁਜ਼ਾਰ ਹਾਂ। ਸੈਮੀਨਾਰ ਵਿਚ ਪ੍ਰਸਤੁਤ ਪਰਚਿਆਂ ਨੂੰ ਸੰਚਿਤ ਕਰਨ ਅਤੇ ਇਨ੍ਹਾਂ ਨੂੰ ਪੁਸਤਕ ਰੂਪ ਦੇਣ ਵਾਸਤੇ ਜਿਸ ਲਗਨ ਅਤੇ ਪ੍ਰਚੰਡ ਸੂਝ-ਬੂਝ ਨਾਲ ਸ. ਕੁਲਵਿੰਦਰ ਸਿੰਘ (ਪ੍ਰਾਜੈਕਟ ਸਹਾਇਕ), ਸ. ਮੁਹੱਬਤ ਸਿੰਘ (ਪ੍ਰਾਜੈਕਟ ਸਹਾਇਕ) ਅਤੇ ਬੀਬੀ ਮਨਜੀਤ ਕੌਰ ਨੇ ਦਿਨ-ਰਾਤ ਕਾਰਜ ਕੀਤਾ ਹੈ, ਉਸ ਲਈ ਉਨ੍ਹਾਂ ਦੇ ਧੰਨਵਾਦ ਵਾਸਤੇ ਮੈਨੂੰ ਸ਼ਬਦ ਸੁਝਣੇ ਅਸੰਭਵ ਲਗਦੇ ਹਨ। ਮੈਂ ਉਨ੍ਹਾਂ ਦੇ ਅਤਿ ਉਜੂਲ ਭਵਿਖ ਦੀ ਕਾਮਨਾ ਕਰਦਾ ਹਾਂ। 'ਗੁਲਸ਼ਨ ਪ੍ਰਿੰਟਰਜ਼' ਦੇਹਰਾਦੂਨ ਨੇ ਇਸ ਪੁਸਤਕ ਦੀ ਛਪਾਈ ਬਹੁਤ ਘਟ ਸਮੇਂ ਵਿਚ ਧਿਆਨ ਪੂਰਵਕ ਕੀਤੀ ਹੈ, ਅਸੀਂ ਉਨ੍ਹਾਂ ਦੇ ਵੀ ਆਭਾਰੀ ਹਾਂ। ਮਧ ਪ੍ਰਦੇਸ਼ ਸਰਕਾਰ ਦੇ ਮੈਡੀਕਲ ਐਜੂਕੇਸ਼ਨ ਦੇ ਭੂਤ-ਪੂਰਵ ਡਾਇਰੈਕਟਰ ਡਾ. ਸੰਤੋਖ ਸਿੰਘ ਜੀ ਦਾ ਜ਼ਿਕਰ ਵੀ ਜ਼ਰੂਰੀ ਹੈ, ਜੋ ਮੈਨੂੰ ਅਕਾਦਮਿਕ ਕਾਰਜ ਕਰਨ ਦੀ ਹਮੇਸ਼ਾ ਪ੍ਰੇਰਨਾ ਕਰਦੇ ਹਨ। ਸੈਮੀਨਾਰ ਦੇ ਕੁੰਜੀਵਤ ਭਾਸ਼ਣ ਦੀ ਪ੍ਰਸਤੁਤੀ ਦੁਆਰਾ ਦੋ-ਰੋਜ਼ਾ ਵਿਸ਼ਿਸ਼ਟ ਗੋਸ਼ਟੀ ਦੀ ਦਿਸ਼ਾ ਨਿਰਧਾਰਿਤ ਕਰਨ ਵਾਲੇ ਸ਼੍ਰੀ ਮਾਨ ਸੰਤ ਤੇਜਾ ਸਿੰਘ ਜੀ ਸਹਿਤ 'ਨਿਰਮਲ ਭੇਖ' ਦੇ ਉਨ੍ਹਾਂ ਸਮੂਹ ਸੰਤ-ਜਨਾਂ ਅਤੇ ਵਿਦਵਾਨਾਂ ਦੇ ਵੀ ਅਸੀਂ ਰਿਣੀ ਹਾਂ, ਜਿਨ੍ਹਾਂ ਦੀ ਪਵਿਤਰ ਮੌਜੂਦਗੀ ਬਿਨਾ ਸਮਾਗਮ ਸਫਲ ਨਹੀਂ ਸੀ ਹੋ ਸਕਦਾ।

ਮੈਂ ਅੰਤ ਵਿਚ ਫਿਰ ਸਰਵ-ਉਪਰ ਸ਼੍ਰੀ ਮਾਨ ਸੰਤ ਜੋਧ ਸਿੰਘ ਜੀ ਦਾ ਧੰਨਵਾਦ ਕਰਨਾ ਚਾਹਾਂਗਾ, ਜੋ ਨਾ ਕੇਵਲ ਇਸ ਸੈਮੀਨਾਰ ਲਈ ਚਾਨਣ-ਮਨਾਰਾ ਸਨ, ਬਲਕਿ ਕੇਂਦਰ ਵਿਚ ਅਕਾਦਮਿਕ ਕਾਰਜਾਂ ਨੂੰ ਗਤੀਮਾਨ ਕਰਨ ਵਾਸਤੇ ਹਰ ਸਮੇਂ ਸਾਡੀ ਸਰਪ੍ਰਸਤੀ ਕਰਦੇ ਆ ਰਹੇ ਹਨ। ਆਸ ਹੈ ਇਸ ਪੁਸਤਕ ਵਿਚ ਸੰਜੋਏ ਵਿਦਵਾਨਾਂ ਦੇ ਇਹ ਪਰਚੇ 'ਨਿਰਮਲ ਭੇਖ' ਅਤੇ ਇਸ ਦੀਆਂ ਸਾਹਿਤਿਕ ਪ੍ਰਾਪਤੀਆਂ ਸੰਬੰਧੀ ਬਹੁਤ ਗਿਆਨ-ਵਰਧਕ ਸਿਧ ਹੋਣਗੇ। ਪੁਸਤਕ ਵਿਚ ਪ੍ਰਗਟਾਏ ਵਿਚਾਰ ਵਿਦਵਾਨਾਂ ਦੇ ਹਨ, ਸੰਪਾਦਕ ਮੰਡਲੀ ਦਾ ਹਰ ਵਿਚਾਰ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ, ਪਰ ਪੁਸਤਕ ਵਿਚ ਸ਼ਬਦਾਂ ਨੂੰ ਸਮਰੂਪਤਾ ਪ੍ਰਦਾਨ ਕਰਨ ਲਈ ਅਤਿ-ਵਾਂਛਿਤ ਸੋਧਾਂ ਕਰਨਾ ਅਸਾਂ ਉਚਿਤ ਜਾਣਿਆ ਹੈ।

*ਪੰਜਾਬੀ ਯੂਨੀਵਰਸਿਟੀ* *ਹਰਭਜਨ ਸਿੰਘ*
*ਪਟਿਆਲਾ* *ਪ੍ਰਾਜੈਕਟ ਡਾਇਰੈਕਟਰ/ਮੁਖੀ।*

# सेमीनार समीक्षा

पंजाबी यूनिवर्सिटी डा. बलबीर सिंह साहित्य केन्द्र द्वारा, 'निर्मल संप्रदाय की गुरुवाणी व्याख्याकारी' विषय पर दो दिवसीय सेमीनार 11 व 12 फरवरी, 2010 को सन्त जोध सिंह जी महाराज निर्मल आश्रम ऋषिकेश के विशेष सहयोग से आयोजित हुआ।

दिनांक 11. 02. 2010 को प्रारम्भ हुए सत्र की अध्यक्षता डा. जसपाल सिंह उप-कुलपति पंजाबी यूनिवर्सिटी पटियाला ने की तथा संचालन डा. हरभजन सिंह प्रोजेक्ट डायरेक्टर साहित्य केन्द्र ने किया। जिसमें सर्वप्रथम संत तेजा सिंह जी डेरा गुरुसर खुड्डा का कुंजीवत भाषण हुआ। उन्होंने बताया कि गुरु नानक देव जी महाराज ने चार उदासियां (यात्रायें) कीं। नाम जपना, वंड छकना तथा किरत करने का सिद्धान्त दृढ़ कराया। निर्मल संतो ने इस का पालन किया, वे सिमरन करते, मधुकरी (भिक्षा) लेकर आते, बांट कर खाते तथा साहित्य लिखने व जड़ी बूटियों द्वारा लोगों के रोगों का इलाज भी करते थे। गुरु गोविन्द सिंह जी ने खालसा पंथ की सृजना से 13 वर्ष पूर्व सन् 1686 में ही पांच संतों को बनारस विद्याध्यन के लिए भेजा था ताकि सिख शास्त्र व शस्त्र विद्या दोनों में निपुण हों। निर्मले संत ज्ञानी ज्ञान सिंह जी द्वारा 'निर्मल पंथ प्रदीपिका' पुस्तक की रचना की गई। महन्त गणेशा सिंह जी महाराज द्वारा 'भारत मत दर्पण' की रचना की गई। सन्त दयाल सिंह ने 'निर्मल पंथ दर्शन' पुस्तक की रचना की गई। वर्तमान में पूज्य ज्ञानी बलवन्त सिंह कोठा गुरू वालों ने 'निर्मल पंथ प्रबोध' नामक पुस्तक की रचना की, जिसमें पुरातन समय से लेकर अब तक निर्मल समुदाय के विषय में वर्णन किया गया है। निर्मल संप्रदाय पर सन् 1976 से लेकर सन् 2009 तक किसी भी प्रकार के सेमीनार का आयोजन नहीं किया गया था। सन्त जोध सिंह जी महाराज निर्मल आश्रम ने पटियाला की पंजाबी यूनिवर्सिटी में अक्तूबर 2009 में सेमीनार कराया तथा 11-12 फरवरी 2010 को देहरादून में सेमीनार आयोजित करवाया जिसमें डा.जसपाल सिंह उप-कुलपति पंजाबी यूनिवर्सिटी, डा. हरभजन सिंह प्रोजेक्ट डायरेक्टर तथा उक्त साहित्य केन्द्र की आनरेरी डायरेक्टर श्रीमती महिन्दर कौर जी का प्रमुख योगदान रहा है। इस सत्र की अध्यक्षता डा. जसपाल सिंह व डा. जोध सिंह ने की। इस सत्र में पेपर प्रस्तुति ज्ञानी बलवन्त सिंह जी कोठा गुरू, सन्त दर्शन सिंह जी बनारस वाले, आचार्य सतप्रीत हरि जी, सन्त गुरमीत सिंह जी ने की। डा. जसपाल सिंह जी ने अपने भाषण में कहा कि 'निर्मल सम्प्रदाय' गुरमत साहित्य के क्षेत्र में महत्वपूर्ण काम कर रहा है। गुणवान व्यक्ति ही राज करने की सामर्थ्य रखता है। यथा वाणी का फरमान:-

**राजा तखति टिकै गुणी भै पंचाइण रतु।**

मारु, म. 1, अंग 992.

**अंधी रयति गिआन विहूणी भाहि भरे मुरदारु।**

आसा (वार), म. 1, अंग 469.

मीरी के साथ पीरी, भक्ति के साथ शक्ति तथा संगत के साथ पंगत का मेल है। निर्मल संप्रदाय के ज्ञानी ज्ञान सिंह जी, महाकवि संतोख सिंह जी समान महान विद्वान हुए हैं, जिन्होंने अपनी रचनाओं के माध्यम से गुरवाणी का सिद्धान्त आम लोगों तक पहुंचाया। आज भी अरदास में ज्ञानी ज्ञान सिंह जी का दोहा 'आज्ञा भई अकाल की तबै चलायो पंथ' पढ़ा जाता है। तत्पश्चात् ज्ञानी बलवन्त सिंह कोठा गुरू ने पेपर प्रस्तुति की जिसका शीर्षक था-'निर्मल पंथ दे विद्वानां दा रचया सरबपखी साहित्य', जिसमें आपने विद्या को अति उत्तम धन बताते हुए, गुरु गोबिन्द सिंह जी महाराज द्वारा पाँच संतों को सन् 1686 ई. को पाँउटा से शास्त्र अध्ययन के लिए काशी भेजने के बारे में बताया। उनके अध्ययन करके लौटने पर गुरु जी ने उन्हें 'मेरे पिआरे निरमले' सम्बोधित करके 'निर्मल' पद की बख्शीश की। खालसा व निर्मल शब्द में भाषा भेद के अलावा कोई अंतर नहीं है। दोनों का अर्थ समान है। 'खालसा' शब्द फारसी का है जबकि 'निर्मल' शब्द संस्कृत का है। तत्पश्चात् आपने निर्मल विद्वानों के साहित्य से परिचित करवाया, जैसे कि पंडित गुलाब सिंह जी की रचनाओं जिनमें से- भाव रसामृत, मोक्ष पंथ प्रकाश, अध्यात्म रामायण मुख्य हैं। आपने बताया कि महाकवि संतोख सिंह जी ने गुरु प्रताप सूरज, गुरु नानक प्रकाश, जपुजी टीका गरब गंजनी आदि की रचना की। आज भी गुरु

प्रताप सूरज की कथा बहुत से ऐतिहासिक गुरुद्वारों में की जाती है। पं. तारा सिंह जी नरोत्तम गुरमत सिद्धान्त, दर्शन, साहित्य, इतिहास, गुरुबाणी के महान विद्वान थे। जिन्होंने गुरु गिरारथ कोश, गुरमत निर्णय सागर, गुरु तीर्थ संग्रह, भगत बाणी का टीका आदि ग्रन्थों की रचना की। ज्ञानी बदन सिंह जी ने गुरु ग्रन्थ साहिब जी का टीका किया जो फरीदकोटी टीके के नाम से जाना जाता है। इसके अतिरिक्त आपने पं. निहाल सिंह (जो चार हुए हैं) सब की रचनाओं के बारे में बताया। पं. देवा सिंह जी देवपुरा हरिद्वार, पं. हर सिंह काशी द्वारा संस्कृत में रचित श्री गुरु सिद्धान्त पारिजात, महंत बुढ्ढा जी निर्मल आश्रम ऋषिकेश वालों का 'निर्मल उपदेश' तथा पं. निक्का सिंह जी महाराज विरक्त जी के उपदेश जो 'सहज कथा' के रूप में प्रकाशित हुए हैं, के बारे में बताया। आपने बताया कि संत नरभिन्दर सिंह जी सरपंच ने 'असचरज वस्तु' ग्रन्थ में निर्मल आश्रम ऋषिकेश का इतिहास तथा स्थापित समस्त महंत साहिबान की जीवनी का वर्णन किया है। इसके अतिरिक्त आपने अन्य निर्मले संत व महंत साहिबान की रचनाओं का विवरण दिया।

उनके पश्चात् संत दर्शन सिंह जी बनारस वालों ने अपना पत्र प्रस्तुत किया। जिनका विषय था 'काशी की निरमल परंपरा'। उन्होंने बताया कि-

'गुरु गोविन्द सिंह जी महाराज के पाँउटा साहब से भेजे पांच संत काशी पहुंचे। चेतन मठ वाले स्थान में रहकर (जहां भाई गुरदास जी कुछ समय ठहरे थे) उन्होंने विद्या प्राप्त की। उनके विद्या गुरु पं. सदानन्द जी थे। वहां उक्त संतों ने वेद, वेदान्त छ: शास्त, स्मृतियां, पुराण आदि की शिक्षा प्राप्त की।' इस स्थान के सम्बन्ध में में एक घटना प्रसिद्ध है। पं. राम प्रसाद के इकलौते पुत्र जैराम का शरीर सर्दी के कारण सुन्न हो गया था। उसे लेकर वे निर्मले संतों के पास आए। संतों ने कहा कि वैद्य हकीम से इलाज कराओ, तब पं. राम प्रसाद के कहने पर आपका बच्चा है रखो या मारो। तब संतों ने अरदास करके जल जैराम के मुख में डाला। वह कुछ दिनों में निरोग हो गया। तब संतों ने पं. राम प्रसाद से कहा, इसे ले जाओ परन्तु जैराम जी ने कहा कि "मैं अब आपके पास ही रहूंगा"। तब पंडित जी ने उन्हें अपना शिष्य बनाकर, नाम जय सिंह रखा तथा काशी वाले स्थान का उत्तराधिकारी बना दिया। उनके पश्चात् संत मेहर सिंह जी, संत अमीर सिंह जी, संत चेत सिंह जी, इस स्थान के महन्त बने जिनके नाम से स्थान का नाम 'चेतन मठ' प्रसिद्ध हुआ। आपने महन्ती पं. सदा सिंह जी को दी जो महान विद्वान थे तथा पं. सदा सिंह जी दंडी के नाम से प्रसिद्ध हुए। इन्होंने 'अद्वैत सिद्धि' ग्रंथ पर 'सुगम सार चन्द्रिका' नामक टीका की रचना की। उनके पश्चात् अनेक महन्तों द्वारा मठ का प्रबन्धन चलाया गया। वर्तमान में संत प्रीतम सिंह इस स्थान का प्रबन्धन चला रहे हैं। अपने उक्त पेपर में संत दर्शन सिंह जी ने कुछ निर्मले विद्वानों के जीवन व रचनाओं का विवरण भी दिया है, जैसे पं. गुलाब सिंह जी, श्री महंत पं. उधव सिंह न्यायिक, पं. तारा सिंह नरोत्तम आदि। लाहौरी टोला, वाराणसी में निर्मल संस्कृत विद्यालय की स्थापना महंत जैराम सिंह कशमीर वालों ने की थी। उनके पश्चात् उनके योग्य शिष्य संत रघुवीर सिंह जी विद्या पढ़ाते रहे। श्री महंत सुच्चा सिंह जी, श्री महंत पंडित बलबीर सिंह शास्त्री, पं. अर्जुन सिंह जी मुनी, महंत गुरदीप सिंह जी केसरी व डा. रामपाल सिंह जी शास्त्री दिल्ली वालों ने यहीं शिक्षा प्राप्त की। निर्मल आश्रम ऋषिकेश की एक शाखा संगत ज्ञान गुफा कर्णघंटा काशी में है जो सन् 1901 में पंडित अवतार सिंह जी ने बनवाई व सन् 1924 में महंत बुढ्ढा जी ऋषिकेश वालों के सुपुर्द कर दी, यहीं रहकर संत ज्ञानी बलवन्त सिंह जी शिक्षा प्राप्त करते रहे, जिनसे पंथ रतन संत सिंह जी मसकीन ने शिक्षा प्राप्त की थी।

**ब्रहम कुटी आश्रम काशी-** पंडित हरा सिंह जी निर्मल सम्प्रदाय के महान विद्वान हुए हैं। आपके सेवक बाबू रामधारी सहाय कलकत्ते वालों ने काशी में मीरघाट के समीप सुन्दर स्थान बनवा दिया जो आज कल ब्रहम कुटी के नाम से जाना जाता है। पं. हरा सिंह जी ने संस्कृत में दस गुरु साहिबान का जीवन लिखा जो 'गुरु सिद्धान्त पारिजात' ग्रन्थ के नाम से जाना जाता है।

इसके पश्चात् आचार्य सतप्रीत हरि जी ने अपना पेपर 'निर्मल सम्प्रदाय द्वारा रचित संस्कृत साहित्य' पढ़ा। उन्होंने बताया कि संस्कृत सभी भाषाओं की जननी तथा देव भाषा है, जिसे माँ आर्शीवाद प्राप्त है। यदि विभिन्न कोशों को पढ़ा जाये, तो पता चलता है कि अधिकाँश शब्दों के मूल संस्कृत से हैं। प्रो. साहिब सिंह जी जो संस्कृत के भी विद्वान थे, ने श्री गुरु ग्रन्थ जी के टीके में शब्दों के मूल संस्कृत शब्द का भी उल्लेख

किया है। पंडित हरा सिंह जी काशी वालों के 'गुरु सिद्धान्त पारिजात' नामक ग्रन्थ की रचना की। पंडित गुरदित्त सिंह जी ने 'गुरु नानक अष्टकम' नामक ग्रन्थ रच कर, गुरु नानक देव जी की संस्कृत में उस्तत की। पंडित ईश्वर सिंह द्वारा संस्कृत में रचित 'गुरु मंत्रार्थ प्रकाश', पं. प्रेम सिंह द्वारा रचित 'गुरु स्त्रोत्र', इसी प्रकार अन्य निर्मल संतों, संत गंडा सिंह जी, संत गुरुदित्त सिंह जी, संत निहाल सिंह जी, संत बुद्ध सिंह जी ने संस्कृत में साहित्य रचना की। उनके पश्चात् संत बुद्ध सिंह जी ने भी संस्कृत में साहित्य रचना की।

इसके पश्चात् संत गुरमीत सिंह जी ने, संत पं. निक्का सिंह जी महाराज 'विरक्त' तथा संत अतर सिंह जी महाराज मस्तुआणे वालों के जीवन पर प्रकाश डाला। सांय 07:30 से 9:30 तक 'गुरु ग्रन्थ साहब का राग पर्व' नामक संगीत का कार्यक्रम हुआ, जिसमें बीबी रूपिन्द्र कौर ने कल्यान राग में गुरु अर्जन देव महाराज द्वारा उच्चारित शब्द 'प्रभु मेरा अंतरजामी जानु' का गायन किया, भाई कंवरपाल सिंह रागी जत्थे द्वारा 'हम ढाढी हरि प्रभ खसम के', 'कवन गुन प्रानपति मिलउ मेरी माई' तथा 'देखु फूल फूल फूले' शब्दों का गायन किया। लीना खेड़ा ने एक शब्द 'मै बनजारनि राम की।। तेरा नामु वखरु वापारु जी' तथा एक भजन 'घट घट में पंछी बोलता' का गायन किया तथा अन्त में शुचित नारंग जी ने राग वसंत में गायन किया तथा इक भजन 'सुर की गति मै क्या जाँनू' का गायन किया।

दिनांक 12.02.2010 को हुए सत्रों का संचालन क्रमश: प्रो. हरपाल सिंह पन्नू व डा. कुलविन्द्र सिंह बाजवा ने किया तथा अध्यक्षता क्रमश: डा. कुलवीर सिंह ढिल्लों तथा संत जोध सिंह जी महाराज ने की। इस दिन जिन विद्वानों ने अपने पत्र प्रस्तुत किए उनके नाम क्रमश: इस प्रकार हैं (1) डा. गुरमेल सिंह (2) डा. परमवीर सिंह (3) डा. गुरमीत सिंह (4) प्रो. सुरजीत सिंह भट्टी (5) डा. राय जसवीर सिंह (6) संत जैल सिंह (7) डा. शमशेर सिंह (8) डा. परमजीत सिंह मानसा (9) ज्ञानी भगवान सिंह (10) बीबी रविन्द्र कौर (11) प्रो. जगदीश सिंह मुकेरियां (12) प्रो. शरण कौर।

डा. गुरमेल सिंह ने 'गुरुवाणी व्याख्या दी पद्धति विच निर्मला सकूल दा योगदान' विषय पर अपना पेपर पढ़ा तथा पं. गुलाब सिंह रचित 'मोक्ष पंथ प्रकाश', संत निहाल सिंह जी कवीन्द्र द्वारा रचित कवीन्द्र प्रकाश, संत बिहार बिन्द्रावन सिंह द्वारा रचित ग्रन्थ बिहार बिन्द्रावन के बारे में बताया तथा ज्ञानी ज्ञान सिंह के अनुसार निर्मले संतों के लक्षण त्यागी, सतोगुणी व संतोखी होने बताए तथा उनको सिमरन, सेवा, लेखन, पठन-पाठन करने वाला बताया। पं. ईश्वर सिंह काशी वालों द्वारा रचित वाहिगुरु मंत्र वृति निरोध तथा पं. तारा सिंह जी नरोत्तम द्वारा रचित पुस्तकों पर प्रकाश डाला। तत्पश्चात् डा. परमवीर सिंह ने उपरोक्त विषय पर प्रकाश डालते हुए कहा कि इस विषय पर बोलना कठिन कार्य है। निर्मल संप्रदाय की ओर से जो भी टीके गुरुवाणी के किए गये हैं वे व्याख्या के रूप में हैं। डा. तारन सिंह ने अपनी पुस्तक 'गुरुवाणी दीआँ व्याख्या प्रणालीआँ' में जो जो व्याख्या प्रणालियां बताई हैं वे इस प्रकार है :

(1) सहज प्रणाली (2) भाई प्रणाली (3) परमारथ प्रणाली (4) उदासी (5) निर्मला प्रणाली (6) संप्रदाई प्रणाली (7) सिंह सभाई प्रणाली (8) अन्य।

गुरु अर्जन देव जी के समय ही भाई गुरदास जी द्वारा की गई व्याख्या भाई प्रणाली के अन्तर्गत आती है। भाई संतोख सिंह जी ने, जो निर्मला प्रणाली के पहले व्याख्याकार थे, उदासी साधु आनन्द धन द्वारा किए गए जपुजी साहिब के टीके में त्रुटियां अनुभव करते हुए जपुजी साहिब का जो टीका तैयार किया वह 'गरब गंजनी टीके' के रूप में माना जाता है।

तत्पश्चात् डा. गुरमीत सिंह जी उक्त विषय पर प्रकाश डालते हुए कहा कि टीका का अर्थ है गुरुवाणी को सरल बोली में पेश करना। इसके लिए केवल अक्षर ज्ञान ही आवश्यक नहीं है बल्कि टीका करने वाले को उस वातावरण में पहुंचना है, जिसमें शब्द की रचना हुई है। हर पाठक का धार्मिक अनुभव अपना अपना पृथक पृथक होता है। यदि निर्मल संप्रदाय को सिख पंथ से अल्ग करके देखा जायेगा, अर्थों की समझ नहीं आयेगी। निर्मल संप्रदाय का प्रारम्भ कुछ विद्वान गुरु नानक देव जी से तथा कुछ विद्वान गुरु गोबिन्द सिंह जी से मानते हैं। तत्पश्चात् प्रो. सुरजीत सिंह भट्टी ने अपना पत्र पढ़ते हुए कहा कि निर्मल शब्द का अर्थ भाई काहन सिंह नाभा ने मैल रहित शुद्ध, पार ब्रहम करतार, खालसा पंथ किया है तथा गुरु गोबिन्द सिंह जी द्वारा पांच सिंहों को संस्कृत अध्ययन हेतु काशी भेजने से उनकी पहचान निर्मले संतों के रूप में की थी, निर्मल

संप्रदाय पृथक नहीं है। बल्कि सिख धर्म व गुरुवाणी की प्रचार प्रसार करने वाली संस्था है। उन्होंने भी डा. तारन सिंह रचित पुस्तक 'गुरुवाणी दीआँ व्याख्या प्रणालीआँ' का जिक्र करते हुए उन्हीं प्रणालियों के बारे में बताया जो पूर्व वक्ता डा. परमवीर सिंह द्वारा बताई गयी थी। निर्मल प्रणाली में विद्वानों ने गुरुवाणी के टीके, गुरु ग्रंथ कोश, प्रयाय, गुरु इतिहास की पुस्तकें लिखीं। निर्मले विद्वानों के कुछ प्रमुख नाम इस प्रकार हैं- भाई संतोख सिंह, पंडित गुलाब सिंह, पं. तारा सिंह नरोत्तम, ज्ञानी ज्ञान सिंह व वर्तमान में ज्ञानी बलवंत सिंह जी कोठागुरू। ज्ञानी बलवंत सिंह जी ने 'निर्मल पंथ दी गौरव गाथा' में भाई बाले वाली जन्म साखी से निम्न पक्तियां उद्त की है:-

**'कलयुग नानक निरमला, गुरु चेला परान, पार उतारे सबना, सतनाम दे दान।**
**कलयुग नानक निरमला पंथ चलाइओ आय, वेद कतेबों बाहरा जपदे एक खुदाय।' तथा**
**इह बिध पांचों सिंह को खंडे पाहुल दीन,**
**पंच कोष उर गिआन दे निर्मल पंथ सुकीन।**

डा. रतन सिंह जग्गी ने 'सिख पंथ विश्वकोश' में निर्मल संप्रदाय के हवाले से लिखा है, "गुरमत दे प्रचार अते प्रसार विच निरमले संतां दी देन इतिहासक अते अदुती है। निष्ठापूर्वक निरंतर प्रचार राहीं इनां ने विद्यालयां मण्डीआँ रमते दलाँ, शास्त्रार्थ, अते धर्म पुस्तकां दे प्रकाशन दी विवसथा कीती है। इस तों इलावा इतिहासक गुरु धांमा, डेरयां अते मठां दी उसारी द्वारा वी काफी प्रचार होया है। खास तौर ते इनां ने भारत दे प्रसिद्ध तीरथ स्थानां उते गुरद्वारिआं दी उसारी करके गुरमत नूं उजागर कीता है।"

अन्त में प्रो. भट्टी ने निर्मल आश्रम ऋषिकेश द्वारा चलाए जा रहे स्कूलों, अस्पतालों आदि की भरपूर प्रशंशा की। उनके पश्चात् डा. राय जसबीर सिंह ने निर्मल पंथ के बारे में बताया कि निर्मल पंथ व खालसा पंथ एक दूसरे के पर्याय हैं। उन्होंने निर्मल संप्रदाय के प्रमुख स्थानों की जायदादों का विवरण दिया। अन्त में बताया कि इस भेख ने जायदादें ज्यादातर ऐसी संस्थाओं के रूप में बनाई हैं जो लोक सेवा, विद्या प्राप्ति, विद्या प्रसार, मानसिक व अन्य रोगों के निवारण के लिए अस्पतालों के रूप में सामने आई हैं। इसके पश्चात् संत जैल सिंह शास्त्री ने 'निर्मल संप्रदाय की आरम्भता ते विकास' के शीर्षक से अपना पत्र पढते हुए बताया कि

**निरमल... नि विशेषण उपदेश रहिता सरब हितकारी परमोदेश समुदाय: स: निरमल पंथ।**

निर्मल पंथ के प्रर्वतक गुरु नानक देव जी के बारे में 'वार भाई भागीरथ' में लिखा है:-

**निर्मल पंथ चलाइयो, एक विवेक भगत दृढ़ाई।**
**साधन कठिन छडाय के, गुरु चेले की रीत चलाई।**
**कलयुग नानक कला दिखाई।**

गुरु प्रताप सूरज में भाई संतोख सिंह ने लिखा है:-

**निरमल गुरु दरसहि सिखन, प्रमेसवर को प्रेम सुजान।**

गुरु गोबिन्द सिंह जी ने पांउटा साहिब से पांच सिक्खों को काशी विद्याध्यन हेतु भेजा। पंडित गुलाब सिंह जी ने मोक्ष पंथ प्रकाश में दर्ज किया है :-

**श्री गुरु गोबिन्द सिंह जी, सु पूरण हरि अवतार।**
**रचयो पंथ भव मै प्रगट, दो विध को विसतार।**
**एकन के कर खड़ग दै, भुज भल बहु विस्तार।**
**पालन भूमि को करयो, दुष्टन मूल उखार।**
**औरन की पिख विमल मति, दीनो परम विवेक।**
**निरमल भाखे जगत तिह, हेरे ब्रहम सु एक।**

उन्होंने डेरा बाबा दरगाह सिंह कनखल, डेरा कुरुक्षेत्र, डेरा कुबेर वाला, बुंगा निर्मलयां अमृतसर, डेरा बाबा गांधा सिंह बरनाला का संक्षिप्त इतिहास बताया तथा निर्मल पंथ की रहित मर्यादा व निर्मल महापुरुषों की समाज सेवा के बारे में बताया। ठाकुर दयाल सिंह जी जैसे ब्रहमज्ञानी, बाबा मिशरा सिंह जैसे महान कीरतनिए, स्वामी भगत सिंह जी जैसे तपस्वी, महंत बुढ्ढा सिंह जी जैसे नाम वाणी का प्रवाह चलाने वाले,

संत बाबा निक्का सिंह जी जैसे महान त्यागी व व्याख्याकार भी इसी संप्रदाय में हुए हैं। उन्होंने वर्तमान समय में निर्मल आश्रम ऋषिकेश के श्रीमान महन्त बाबा राम सिंह जी तथा संत बाबा जोध सिंह द्वारा चलाये जा रहे अस्पतालों स्कूलों, सिलाई केन्द्र, अन्न क्षेत्र की भूरि-भूरि प्रशंसा की।

इसके पश्चात् डा. शमशेर सिंह ने बताया कि जो शब्द गुरु नानक साहब ने उच्चारण किया 230 वर्ष के बाद गुरु रूप में उसी शब्द गुरु को गुरु गद्दी मिली। उन्होंने बताया कि निर्मल सम्प्रदाय के संत गुलाब सिंह जी, पंडित तारा सिंह नरोत्तम ने बहुत से ग्रन्थों की रचना की। भाई संतोख सिंह ने आनन्द घन के जपुजी साहब के अशुद्ध टीके के विरूद्ध गरब गंजनी टीके की रचना की। अंग्रेज लेखक ट्रंप द्वारा गुरू ग्रन्थ साहिब का जो अंग्रेजी में टीका किया उसमें बहुत त्रुटियां थी। पं. तारा सिंह जी नरोत्तम ने उससे असन्तुष्ट थे, इस कारण उन्होंने टीका 'सिरी राग' किया।

इस सत्र के अन्त में श्री कुलवीर सिंह ढिल्लों ने निर्मले संतों के गुरुद्वारा संभाल तथा साहित्य में योगदान की चर्चा की। अन्तिम सत्र की प्रधानगी संत जोध सिंह जी महाराज निर्मल आश्रम ऋषिकेश ने की तथा संचालन डा. कुलविन्दर सिंह बाजवा ने किया। पहला पत्र डा. परमजीत सिंह मानसा ने पढ़ा उनका विषय था 'पंडित तारा सिंह नरोत्तम दी गुरबानी विआखिया नूं देन'। उनहोंने पंडित तारा सिंह नरोत्तम जी के जन्म का समय, जन्म स्थान तथा उनकी रचनाओं का विवरण दिया जिनमें से मुख्य गुरमत निर्णय सागर, टीका भगत बाणी, गुरु तीरथ संग्रह, टीका सिरी राग व गुरु गिरारथ कोश के बारे में बताया। 'गुरमत निर्णय सागर' का उल्लेख करते हुए, उन्होंने बताया कि पंडित जी इसमें लिखते हैं कि-

**जिस बाणी का अरथ न जानें, तिस बाणी का पढ़ना क्या।**
**जिस बेडी में नूं वंझ न चप्पा, तिस बेडी का चढ़ना क्या।**

अर्थात् जिस वाणी का अर्थ न आए उसको पढने का क्या लाभ तथा जिस बेडी में चप्पु न होवे उस बेडी पर चढ़ना क्या जो सागर से पार नहीं लगा सकती। पंडित तारा सिंह नरोत्तम ने छ: प्रकार के टीकों का वर्णन किया है- (1) पद छेद (2) पदार्थ उक्ति (3) विग्रह (4) वाक योजना (5) आपेख (6) समाधान। अन्त में उन्होंने कहा कि पंडित तारा सिंह नरोत्तम के कार्य को भुलाया नहीं जा सकता। जो चमत्कारी व्याख्या पंडित जी ने अपनाई उसकी शान निराली है। उन्होंने सख्त मेहनत करके गुरमत ग्रंथों की रचना द्वारा साहित्य के क्षेत्र में प्रकाश डाला। इसके पश्चात् प्रो. जगदीश सिंह मुकेरियां ने बताया कि उदासी पंथ, निर्मल पंथ, सेवा पंथ तथा खालसा पंथ सब सिक्ख पंथ के अंग हैं। प्रो. शरण कौर ने बताया कि निर्मल संप्रदाय के विद्वानों ने पंडितों की सभा में अनेकों बार शास्त्रार्थ किये तथा जीतने के बाद उन्हें पंडित उपाधि से सम्मानित किया गया।

समाप्ति पर संत तेजा सिंह जी डेरा गुरुसर खुड्डा वालों ने सत्र प्रधान महाराज जोध सिंह जी की ओर से अध्यक्षीय भाषण देकर कार्यक्रम की समाप्ति की घोषणा की।

**हरबिन्दर सिंह एडवोकेट**
मुरादाबाद।

# ਤਤਕਰਾ


| | | |
|---|---|---|
| ਦੋ ਸ਼ਬਦ | *ਡਾ. ਜਸਪਾਲ ਸਿੰਘ ਵਾਈਸ-ਚਾਂਸਲਰ* | v |
| ਸ਼ੁਕਰਾਨਾ ਅਤੇ ਅਰਦਾਸ | *ਸੰਤ ਜੋਧ ਸਿੰਘ* | ix-x |
| ਨਿਰਮਲ ਵਚਨ | *ਸੰਤ ਤੇਜਾ ਸਿੰਘ* | xi |
| ਸਰਪ੍ਰਸਤ ਦੀ ਆਸੀਸ | *ਬੀਬੀ ਮਹਿੰਦਰ ਕੌਰ* | xii |
| ਪ੍ਰਸਤਾਵਨਾ | *ਡਾ. ਹਰਭਜਨ ਸਿੰਘ* | xiii-xiv |
| ਸੇਮੀਨਾਰ ਸਮੀਕ੍ਸ਼ਾ | *ਹਰਬਿੰਦਰ ਸਿੰਹ ਏਡਵੋਕੇਟ* | xv-xix |
| ਨਿਰਮਲ ਪੰਥ ਦੇ ਵਿਦਵਾਨਾਂ ਦਾ ਰਚਿਆ ਸਰਬ-ਪੱਖੀ ਸਾਹਿਤਜ | *ਗਿਆਨੀ ਬਲਵੰਤ ਸਿੰਘ 'ਕੋਠਾ ਗੁਰੂ'* | 1-18 |
| ਕਾਸ਼ੀ ਦੀ ਨਿਰਮਲ ਪ੍ਰੰਪਰਾ | *ਸੰਤ ਦਰਸ਼ਨ ਸਿੰਘ* | 19-30 |
| ਨਿਰਮਲ ਭੇਖ ਤਥਾ ਨਿਰਮਲੇ ਸੰਤਾਂ ਦਾ ਸਮਾਜ ਨੂੰ ਸਰਵ ਪੱਖੀ ਯੋਗਦਾਨ | ,, ,, | 31-48 |
| ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆ-ਪ੍ਰਣਾਲੀ : ਇਕ ਪਰਿਪੇਖ | *ਡਾ. ਸੁਰਜੀਤ ਸਿੰਘ ਭੱਟੀ*<br>*ਡਾ. ਬਲਵਿੰਦਰਜੀਤ ਕੌਰ* | 49-59 |
| ਨਿਰਮਲਿਆਂ ਦੁਆਰਾ ਕੀਤੀ ਗੁਰਬਾਣੀ ਦੀ ਟੀਕਾਕਾਰੀ ਅਤੇ ਸਿੱਖ ਪਛਾਣ | *ਡਾ. ਗੁਰਮੀਤ ਸਿੰਘ* | 60-67 |
| ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਟੀਕਾਕਾਰੀ : ਵਿਲੱਖਣਤਾ ਅਤੇ ਵਿਸ਼ੇਸ਼ਤਾ | *ਡਾ. ਪਰਮਵੀਰ ਸਿੰਘ* | 68-75 |
| ਪੰਡਿਤ ਤਾਰਾ ਸਿੰਘ ਨਰੋਤਮ ਦੀ ਗੁਰਬਾਣੀ ਵਿਆਖਿਆ : ਸਮੀਖਿਆਤਮਕ ਅਧਿਐਨ | *ਡਾ. ਸ਼ਮਸ਼ੇਰ ਸਿੰਘ* | 76-83 |
| ਗੁਰਬਾਣੀ ਵਿਆਖਿਆ-ਪਧਤੀ ਦੀ ਉਸਾਰੀ ਵਿਚ ਨਿਰਮਲਾ ਸਕੂਲ ਦਾ ਯੋਗਦਾਨ | *ਡਾ. ਗੁਰਮੇਲ ਸਿੰਘ* | 84-90 |
| ਪੰਡਿਤ ਤਾਰਾ ਸਿੰਘ ਨਰੋਤਮ ਦੀ ਗੁਰਬਾਣੀ ਵਿਆਖਿਆ ਨੂੰ ਦੇਣ | *ਡਾ. ਪਰਮਜੀਤ ਸਿੰਘ ਮਾਨਸਾ* | 91-96 |
| ਨਿਰਮਲੇ ਸੰਤਾਂ ਦੀ ਸੰਸਕ੍ਰਿਤ ਸਾਹਿਤਯ ਨੂੰ ਦੇਨ | *ਸੰਤ ਜ਼ੈਲ ਸਿੰਘ ਸ਼ਾਸਤਰੀ* | 97-111 |
| ਨਿਰਮਲ ਸੰਪ੍ਰਦਾਇ ਦੀ ਆਰੰਭਤਾ ਅਤੇ ਵਿਕਾਸ | ,, ,, | 112-129 |
| ਨਿਰਮਲ ਪੰਥ ਅਤੇ ਜਾਇਦਾਦ | *ਡਾ. ਰਾਏ ਜਸਬੀਰ ਸਿੰਘ* | 130-133 |
| ਨਿਰਮਲ ਪੰਥ ਅਤੇ ਮਹੰਤ ਬੀਬੀਆਂ | *ਸਵਿੰਦਰ ਕੌਰ* | 134-135 |
| निर्मल सम्प्रदाय द्वारा रचित संस्कृत में सिख साहित्य | *आचार्य सतप्रीत हरि* | 136-143 |
| 'रामचरित मानस' एवं 'अध्यात्म-रामायण' में दर्शन तत्त्व | *डा. मदन गुलाटी* | 144-155 |
| निर्मल सम्प्रदाय उद्भव, विकास और देन | ,, ,, | 156-171 |
| निर्मल सन्तों का हिन्दी साहित्य | *डा. निर्मल कुमार कौशिक* | 172-180 |

# ਨਿਰਮਲ ਪੰਥ ਦੇ ਵਿਦਵਾਨਾਂ ਦਾ ਰਚਿਆ ਸਰਬ-ਪੱਖੀ ਸਾਹਿਤਜ

**ਗਿਆਨੀ ਬਲਵੰਤ ਸਿੰਘ 'ਕੋਠਾ ਗੁਰੂ'***

**ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥**
**ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥**

ਵਿਦਿਆ ਸੰਸਾਰ ਵਿਚ ਉਤਮ ਧਨ ਹੈ, ਸੰਸਾਰ ਦੇ ਅਮੁਲ ਪਦਾਰਥਾਂ ਵਿਚੋਂ ਹੀ ਅਮੋਲਕ ਹੈ। ਵਿਦਿਆ ਦੁਆਰਾ ਹੀ ਸਤਜ ਅਤੇ ਅਸਤਜ ਦਾ ਗਿਆਨ ਹੁੰਦਾ ਹੈ। ਵਿਦਵਾਨ ਦਾ ਸਾਰੇ ਵਿਸ਼ਵ ਵਿਚ ਸਤਿਕਾਰ ਹੁੰਦਾ ਹੈ। ਵਿਦਿਆ ਕਿਤਨੀ ਅਵਸ਼ਜਕ ਅਤੇ ਮਹਾਨ ਹੈ, ਇਸ ਗਲ ਨੂੰ ਗੁਰੂ ਕਲਗੀਧਰ ਪਿਤਾ ਨੇ ਸਮਝਿਆ ਸੀ। ਗੁਰੂ ਜੀ ਨੇ ਜਿਥੇ ਦੇਸ਼ ਉਤੇ ਅਨੇਕ ਉਪਕਾਰ ਕੀਤੇ ਉਥੇ ਵਿਦਿਆ ਪ੍ਰਚਾਰ ਨੂੰ ਪ੍ਰਮੁਖਤਾ ਦਿਤੀ। ਹਰ ਇਕ ਸਿਖ ਨੂੰ ਪਠਨ-ਪਾਠਨ ਕਰਨ ਦੀ ਆਗਿਆ ਕੀਤੀ। ਸਤਿਗੁਰੂ ਜੀ ਅਨਪੜ੍ਹਤਾ ਨੂੰ ਕੁਰਹਿਤ ਮੰਨਦੇ ਸਨ। ਰਹਿਤਨਾਮਿਆਂ ਵਿਚ ਸਤਿਗੁਰੂ ਜੀ ਦਾ ਹੁਕਮ ਹੈ-

**ਗੁਰਮੁਖੀ ਅਖਰ ਜੋ ਹੈ ਭਾਈ। ਸਿਖ ਸਿਖ ਤੇ ਸੀਖੇ ਜਾਈ।**
**ਅਵਰ ਵੀ ਵਿਦਿਆ ਜਹ ਤਹ ਹੋਈ। ਅਵਰਨ ਤੇ ਵੀ ਲੇਵੇ ਸੋਈ।**

ਗੁਰੂ ਜੀ ਦੇ ਦਰਬਾਰ ਵਿਚ ਬਵੰਜਾ ਕਵੀਆਂ (ਵਿਦਵਾਨਾਂ) ਦਾ ਹੋਣਾ ਇਤਿਹਾਸ ਪ੍ਰਸਿੱਧ ਹੈ। ਪਰ ਨਵੀਨ ਖੋਜ ਅਨੁਸਾਰ ਕਵੀਆਂ, ਲਿਖਾਰੀਆਂ (ਖੁਸ਼ਨਵੀਸ਼ਾਂ) ਦੀ ਗਿਣਤੀ ਇਸ ਤੋਂ ਵੀ ਚੌਗੁਣੀ ਸੀ। ਭਾਰਤੀਯ ਇਤਿਹਾਸ, ਮਿਥਿਹਾਸ, ਦਰਸ਼ਨ, ਸਰਬ ਪੱਖੀ ਸਾਹਿਤਜ/ਗਿਆਨ ਵਿਚ ਸਿਖ ਪੰਥ ਨੂੰ ਪ੍ਰਵੀਨ ਕਰਨ ਵਾਸਤੇ ਪੰਜ ਸੰਤਾਂ/ਸਿਖਾਂ ਨੂੰ 1686 ਈ. ਵਿਚ ਪਾਉਂਟਾ ਸਾਹਿਬ ਤੋਂ ਸੰਸਕ੍ਰਿਤ ਵਿਦਿਆ ਦੀ ਪ੍ਰਾਪਤੀ ਵਾਸਤੇ ਕਾਸ਼ੀ ਜੀ ਵਿਚ ਭੇਜਿਆ। ਉਨ੍ਹਾਂ ਵਿਦਿਆ-ਨਿਸ਼ਠ ਸਿਖਾਂ ਨੇ 13 ਵਰਸ਼ ਮਨ ਇਕਾਗਰ ਕਰਕੇ ਵਿਦਿਆ ਅਧਿਐਨ ਕੀਤਾ। ਗੁਰੂ ਜੀ ਦੇ ਆਸ਼ੀਰਵਾਦ ਨਾਲ ਆਪਣੇ ਉਦੇਸ਼ ਵਿਚ ਸਫਲਤਾ ਪ੍ਰਾਪਤ ਕਰਕੇ 1699 ਈ. ਵਿਚ ਵਾਪਸ ਗੁਰੂ ਜੀ ਦੇ ਚਰਨਾਂ ਵਿਚ ਆ ਕੇ ਨਤ-ਮਸਤਕ ਹੋਏ। ਗੁਰੂ ਜੀ ਨੇ ਪ੍ਰਸੰਨ-ਮੁਖ ਫਰਮਾਇਆ, 'ਆਓ ! ਮੇਰੇ ਨਿਰਮਲੇ ਸੰਤੋ ! ਮੈਂ ਤੁਹਾਡੇ 'ਤੇ ਪਰਮ ਪ੍ਰਸੰਨ ਹਾਂ, ਇਸ ਵਿਦਿਆ ਨੂੰ ਪੰਥ ਅਤੇ ਦੇਸ਼ ਵਿਚ ਪ੍ਰਚਾਰ ਕੇ ਗਿਆਨ ਦਾ ਪ੍ਰਕਾਸ਼ ਕਰੋ।'

ਇਨ੍ਹਾਂ ਪੰਜਾਂ ਸੰਤਾਂ ਦੇ ਆਉਣ ਤੋਂ ਪਹਿਲਾਂ ਖਾਲਸਾ ਪੰਥ ਦੀ ਸਿਰਜਣਾ ਹੋ ਚੁਕੀ ਸੀ। ਇਨ੍ਹਾਂ ਪੰਜਾਂ ਸੰਤਾਂ ਨੇ ਵੀ ਅੰਮ੍ਰਿਤ ਪਾਨ ਕਰਨ ਦੀ ਇਛਾ ਪ੍ਰਗਟ ਕੀਤੀ, ਗੁਰੂ ਜੀ ਵੀ ਪ੍ਰਸੰਨ ਹੋਏ। ਆਗਿਆ ਅਨੁਸਾਰ ਭਾਈ ਦਇਆ ਸਿੰਘ ਜੀ ਪਿਆਰੇ ਅਤੇ ਭਾਈ ਧਰਮ ਸਿੰਘ ਜੀ ਪਿਆਰੇ ਨੇ ਪੰਜਾਂ ਸੰਤਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਸੀ। ਗੁਰਮੰਤ੍ਰ ਭਾਈ ਦਇਆ ਸਿੰਘ ਜੀ ਪਿਆਰੇ ਅਤੇ ਭਾਈ ਧਰਮ ਸਿੰਘ ਜੀ ਪਿਆਰੇ ਨੇ ਬਖਸ਼ਿਆ। ਗੁਰਮੰਤ੍ਰ ਅਨੁਸਾਰ ਨਿਰਮਲ ਭੇਖ ਦੀਆਂ ਪੰਜਾਂ ਸੰਤਾਂ ਦੀਆਂ ਨਾਦੀ ਬੰਸਾਵਲੀਆਂ ਦੋਹਾਂ ਪਿਆਰਿਆਂ ਨਾਲ ਆਕੇ ਮਿਲਦੀਆਂ ਹਨ। ਪੰਜਾਂ ਸੰਤਾਂ ਨੇ ਅੰਮ੍ਰਿਤ ਪਾਨ ਕਰਕੇ ਗੁਰੂ ਜੀ ਨੂੰ ਨਮਸਕਾਰ ਕੀਤੀ, ਤਾਂ ਗੁਰੂ ਜੀ ਪਰਮ ਪ੍ਰਸੰਨ ਹੋਏ। ਅਗੇ ਵਾਸਤੇ ਅੰਮ੍ਰਿਤ ਛਕਾਉਣ ਦੀ ਸੇਵਾ ਨਿਰਮਲੇ ਸੰਤਾਂ ਨੂੰ ਬਖਸ਼ੀ। ਧਰਮ ਪ੍ਰਚਾਰ, ਅੰਮ੍ਰਿਤ ਸੰਚਾਰ, ਵਿਦਿਆ ਦਾਨ ਕਰਨ ਦੀ ਆਗਿਆ ਦੇ ਕੇ ਗੁਰੂ ਕਾ ਜਸ ਲਿਖਣ ਲਈ ਕਲਮ ਵੀ ਬਖਸ਼ੀ।

ਸਤਿਗੁਰੂ ਜੀ ਸਰਬ ਵਿਦਿਆ ਦੇ ਦਾਤੇ ਸਨ, ਸਰਬ ਵਿਦਿਆ ਸਹਿਤ ਸੰਸਕ੍ਰਿਤ-ਫ਼ਾਰਸੀ ਆਪ ਜੀ ਦੀ ਰਸਨਾ ਉਪਰ ਸੀ। ਇਸ ਸਮੇਂ ਵਿਚ ਫ਼ਾਰਸੀ ਦੇਸ਼ ਦੀ ਰਾਜਕੀਯ ਭਾਸ਼ਾ ਸੀ। ਭਾਰਤੀਯ ਸਭਿਆਚਾਰ, ਇਤਿਹਾਸ, ਮਿਥਿਹਾਸ, ਦਰਸ਼ਨ, ਸਾਹਿਤਜ ਦੀ ਭਾਸ਼ਾ ਸੰਸਕ੍ਰਿਤ ਸੀ। ਗੁਰੂ ਜੀ ਨੇ ਅੰਮ੍ਰਿਤ ਪਾਨ ਕਰਨ ਦੀ ਮਰਯਾਦਾ ਸਥਾਪਤ ਕਰਨ ਤੋਂ ਉਪ੍ਰੰਤ ਪੰਥ ਦਾ ਨਾਮਕਰਨ 'ਖਾਲਸਾ' ਕੀਤਾ। ਖਾਲਸਾ ਫ਼ਾਰਸੀ ਦਾ ਸ਼ਬਦ ਹੈ। ਪੰਜੇ ਸੰਤ ਸੰਸਕ੍ਰਿਤ ਦੇ ਪੰਡਿਤ ਸਨ। 'ਮੇਰੇ ਪਿਆਰੇ ਨਿਰਮਲੇ' ਕਹਿਕੇ ਸੰਤਾਂ ਨੂੰ ਨਿਰਮਲਾ ਨਾਮ ਦੀ ਬਖਸ਼ਿਸ਼ ਕੀਤੀ।

ਮਾਲ ਦੇ ਰਿਕਾਰਡ ਅਨੁਸਾਰ 'ਖਾਲਸਾ' ਉਸ ਸੰਪਤੀ ਨੂੰ ਆਖਦੇ ਹਨ ਜੋ ਸਿਧੀ ਸਮਰਾਟ ਤਥਾ ਕੇਂਦ੍ਰੀਯ ਸਰਕਾਰ ਦੇ ਅਧੀਨ ਹੋਵੇ। ਜਿਸ 'ਤੇ ਕਿਸੇ ਵਿਸਵੇਦਾਰ, ਜਾਗੀਰਦਾਰ, ਜਿਮੀਦਾਰ ਦਾ ਕੋਈ ਅਧਿਕਾਰ ਨਾ ਹੋਵੇ। ਗੁਰੂ ਰਾਮਦਾਸ ਜੀ ਦੇ ਸਮੇਂ ਪ੍ਰਬੰਧ ਦੀ ਦ੍ਰਿਸ਼ਟੀ ਨਾਲ ਸਾਰੇ ਦੇਸ਼ ਦੀਆਂ ਸੰਗਤਾਂ ਇਲਾਕੇਵਾਰ ਵਖ-ਵਖ ਮਸੰਦਾਂ ਦੇ ਅਧੀਨ ਕਰ ਦਿਤੀਆਂ ਸਨ। ਪਰ

* ਪਿੰਡ ਤੇ ਡਾਕਖਾਨਾ ਕੋਠਾਗੁਰੂ, ਜ਼ਿਲ੍ਹਾ ਬਠਿੰਡਾ-151206. ਮੋਬਾਇਲ ਨੰ. 99153-57802

ਕੁਝ ਇਲਾਕਿਆਂ ਦੀਆਂ ਸੰਗਤਾਂ ਗੁਰੂ ਜੀ ਦੇ ਆਪਣੇ ਅਧੀਨ ਸਨ। ਗੁਰੂ ਜੀ ਦੇ ਅਧੀਨ ਸੰਗਤਾਂ ਨੂੰ 'ਖਾਲਸਾ' ਆਖਿਆ ਜਾਂਦਾ ਸੀ। ਦਸਮ ਗੁਰੂ ਜੀ ਨੇ ਮਸੰਦ ਪ੍ਰਥਾ ਖ਼ਤਮ ਕਰਕੇ, ਸਰਬਤ ਸੰਗਤ ਨੂੰ ਆਪਣੇ ਨਾਲ ਜੋੜ ਕੇ ਖਾਲਸਾ ਬਣਾ ਦਿਤਾ ਸੀ। ਇਸੇ ਵਾਸਤੇ ਦੂਸਰੇ ਗੁਰਦਾਸ ਜੀ ਨੇ ਲਿਖਿਆ ਹੈ–

**ਪੀਓ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ।**
**ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।**

ਵਾਸਤਵ ਵਿਚ ਗੁਰੂ ਕੀ ਸੰਪ੍ਰਦਾਇ ਦਾ ਨਾਮ ਨਿਰਮਲ ਪੰਥ ਸੀ। ਨਿਰਮਲ ਦੇ ਅਰਥ ਹਨ, 'ਮਲ, ਅਵਿਦਿਆ, ਅਗਿਆਨ ਤੋਂ ਰਹਿਤ ਆਚਰਨ ਅਤੇ ਪਾਵਨ ਮਨ-ਬਾਣੀ ਵਾਲਾ ਵਿਅਕਤੀ'। ਦਸਮ ਗੁਰੂ ਜੀ ਨੇ ਵੀ ਖਾਲਸੇ ਦੀ ਇਹੀ ਪਰਿਭਾਸ਼ਾ ਦਿਤੀ ਹੈ–

**ਜਾਗਤ ਜੋਤਿ ਜਪੈ ਨਿਸ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ॥**
**ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ॥**
**ਤੀਰਥ ਦਾਨ ਦਇਆ ਤਪ ਸੰਜਮ ਏਕੁ ਬਿਨਾ ਨਹਿ ਏਕ ਪਛਾਨੈ॥**
**ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥**

(ਦਸਮ ਗ੍ਰੰਥ, ਪੰਨਾ 712)

ਸਤਿਗੁਰੂ ਦੇ ਕਥਨ ਅਨੁਸਾਰ 'ਖਾਲਸਾ' ਅਤੇ 'ਨਿਰਮਲ' ਸ਼ਬਦ ਵਿਚ ਭਾਸ਼ਾ-ਭੇਦ ਤੋਂ ਬਿਨਾ ਕੋਈ ਅੰਤਰ ਨਹੀਂ ਹੈ। ਦੋਵੇਂ ਅਰਥ ਸਮਾਨ ਹਨ। 'ਖਾਲਸਾ' ਸ਼ਬਦ ਫ਼ਾਰਸੀ ਦਾ ਅਤੇ 'ਨਿਰਮਲ' ਸ਼ਬਦ ਸੰਸਕ੍ਰਿਤ ਦਾ ਹੈ।

ਅਸੀਂ ਜਿਵੇਂ ਉਪਰ ਲਿਖ ਆਏ ਹਾਂ ਕਿ ਦਸਮ ਗੁਰੂ ਜੀ ਨੇ ਪੰਥ ਦੀ ਧਾਰਮਿਕ ਅਗਵਾਈ ਨਿਰਮਲ ਪੰਥ ਨੂੰ ਦੇ ਕੇ ਗੁਰੂ ਦਾ ਜਸ ਲਿਖਣ ਲਈ ਕਲਮ ਵੀ ਬਖਸ਼ੀ। ਇਸ ਚਮਤਕਾਰੀ ਕਲਮ ਨੇ ਗੁਰਮਤਿ ਦੇ ਖ਼ਜ਼ਾਨੇ ਵਿਚ ਅਮੁਲ ਗ੍ਰੰਥ ਰਤਨਾਂ ਦਾ ਭੰਡਾਰ ਭਰਿਆ। ਇਹ ਰਤਨ ਭੰਡਾਰ ਸਾਹਿਤ੍ਯ ਵਿਚ ਸਰਵੋਪਰੀ ਗੌਰਵਸ਼ਾਲੀ ਸਥਾਨ ਰਖਦਾ ਹੈ। ਅਸੀਂ ਨਿਰਮਲ ਪੰਥ ਦੇ ਵਿਦਵਾਨ ਲੇਖਕਾਂ ਦੀ ਸਰਬ ਪੱਖੀ ਕਲਮੀ ਸੇਵਾ ਨੂੰ ਸਤਿਕਾਰ ਅਤੇ ਵਿਸਥਾਰ ਨਾਲ ਵਰਣਨ ਕਰਦੇ ਹਾਂ–

**ਪੰਡਿਤ ਗੁਲਾਬ ਸਿੰਘ ਜੀ**[1] : ਆਪ ਜੀ ਨਿਰਮਲ ਪੰਥ ਵਿਚ ਮਹਾਨ ਪੁਰਖ ਹੋਏ ਹਨ। ਸੰਸਕ੍ਰਿਤ ਦੇ ਆਪ ਜੀ ਪ੍ਰਕਾਂਡ ਪੰਡਿਤ ਸਨ। ਆਪ ਜੀ ਨੇ ਸੰਸਕ੍ਰਿਤ ਗ੍ਰੰਥਾਂ ਨੂੰ ਬ੍ਰਜ ਭਾਖਾ, ਗੁਰਮੁਖੀ ਲਿਪੀ ਵਿਚ ਅੰਕਿਤ ਕਰ ਕੇ ਸਰਬ ਸਾਧਾਰਨ ਵਾਸਤੇ ਸੁਖੈਨ ਸਾਹਿਤ੍ਯ ਪੈਦਾ ਕਰਨ ਦਾ ਯਤਨ ਕੀਤਾ। ਸੰਸਕ੍ਰਿਤ ਅਨੁਵਾਦ ਤੋਂ ਉਨ੍ਹਾਂ ਦੀ ਅਪੂਰਵ ਪੰਡਤਾਈ ਦਾ ਪਤਾ ਲਗਦਾ ਹੈ। ਇਹ ਵੀ ਪਤਾ ਲਗਦਾ ਹੈ ਕਿ ਆਪ ਜੀ ਛੰਦ-ਸ਼ਾਸਤ੍ਰ, ਅਲੰਕਾਰ ਅਤੇ ਸਾਹਿਤ੍ਯ ਦੇ ਅਦੁਤੀ ਗਿਆਤਾ ਤਥਾ ਸਰਬ ਪੱਖੀ ਵਿਦਵਾਨ ਸਨ।

**ਭਾਵਰਸਾਮ੍ਰਿਤ** (1777 ਈ.) : ਇਸ ਗ੍ਰੰਥ ਵਿਚ ਸਗੁਣ ਰਾਮ ਭਗਤੀ ਦਾ ਵਰਣਨ ਕੀਤਾ ਗਿਆ ਹੈ। ਭਗਤੀ ਦੀ ਮਹਿਮਾ ਆਪਣੇ ਆਪ ਪ੍ਰਗਟ ਹੁੰਦੀ ਹੈ। ਇਹ ਅਤਿਅੰਤ ਉਤਮ ਰਚਨਾ ਹੈ, ਜਿਸ ਵਿਚ ਸ਼ਾਂਤ ਰਸ, ਸ਼ਿੰਗਾਰ ਰਸ ਅਤੇ ਕਰੁਣਾ ਰਸ ਦਾ ਸੁਮੇਲ ਹੈ। ਭਾਵਰਸਾਮ੍ਰਿਤ ਦਾ ਅੰਗ੍ਰੇਜ਼ੀ ਅਨੁਵਾਦ ਸੰਤ ਤੀਰਥ ਸਿੰਘ (ਪੂਰਵ ਨਾਮ ਜੋਹਨ ਵੀਵਰ) ਨੇ ਵਿਆਖਿਆ ਸਹਿਤ ਕੀਤਾ ਹੈ।

**ਮੋਕਸ਼ ਪੰਥ ਪ੍ਰਕਾਸ਼** (1778 ਈ.) : ਇਹ ਗ੍ਰੰਥ ਅਮ੍ਰਿਤਸਰ ਵਿਚ ਲਿਖਿਆ ਗਿਆ ਹੈ। ਇਹ ਭਾਰਤੀਯ ਦਰਸ਼ਨ (ਸ਼ਾਸਤ੍ਰ) ਦਾ ਪ੍ਰਮਾਣਿਕ ਗ੍ਰੰਥ ਹੈ। ਉਤਰੀਯ ਭਾਰਤ ਵਿਚ ਅਜਿਹਾ ਦੂਸਰਾ ਗ੍ਰੰਥ ਨਹੀਂ ਹੈ।

ਸੰਤ ਨਿਹਾਲ ਸਿੰਘ ਜੀ ਕਵੀਂਦਰ ਨੇ ਇਸ ਗ੍ਰੰਥ ਬਾਰੇ ਰੋਚਿਕ ਉਥਾਨਿਕਾ ਲਿਖੀ ਹੈ। ਜਿਸ ਵਿਚ ਦਸਿਆ ਹੈ ਕਿ ਮੋਕਸ਼ ਪੰਥ ਪ੍ਰਕਾਸ਼ ਦੇ ਲੇਖਕ ਪੰਡਿਤ ਗੁਲਾਬ ਸਿੰਘ ਜੀ ਦੇ ਮਹਾਪੁਰਖ (ਗੁਰੂਦੇਵ) ਪੰਡਿਤ ਮਾਨ ਸਿੰਘ ਜੀ ਦਸਮ ਗੁਰੂ ਜੀ ਦੇ ਹਜ਼ੂਰੀ ਸਿਖ ਸਨ ਜੋ ਗੁਰੂ ਜੀ ਦੇ ਚਰਨਾਂ ਵਿਚ ਬੈਠ ਕੇ ਪਰਮਾਰਥ ਅਤੇ ਗੁਰਬਾਣੀ ਦੇ ਅਰਥਾਂ ਸੰਬੰਧੀ ਸ਼ੰਕਾ ਨਿਬ੍ਰਿਤ ਕਰਦੇ ਰਹਿੰਦੇ ਸਨ। ਦਸਮ ਪਿਤਾ ਜੀ ਵੀ ਅਧਿਕਾਰੀ ਸਮਝਕੇ ਵਿਚਾਰ ਪੂਰਬਕ ਗੋਹਝ ਖੋਲ੍ਹ ਕੇ ਸ਼ੰਕਾ ਸਮਾਧਾਨ ਕਰਦੇ ਸਨ।

ਗੁਰੂ ਜੀ ਤੋਂ ਪ੍ਰਾਪਤ ਕੀਤਾ ਹੋਇਆ ਇਹ ਬ੍ਰਹਮ ਗਿਆਨ ਅਗੇ ਆਪਣੇ ਸ਼ਿਸ਼ ਪੰਡਿਤ ਗੁਲਾਬ ਸਿੰਘ ਜੀ ਨੂੰ ਮੌਖਿਕ ਰੂਪ ਵਿਚ ਬਖਸ਼ਿਆ, ਜਿਸ ਨੂੰ ਪੰਡਿਤ ਜੀ ਨੇ ਮੋਕਸ਼ ਪੰਥ ਪ੍ਰਕਾਸ਼ ਦੇ ਰੂਪ ਵਿਚ ਪ੍ਰਗਟ ਕੀਤਾ। ਸੰਤ ਨਿਹਾਲ ਸਿੰਘ

[1] ਪਿਤਾ- ਜਸ ਰਾਏ, ਮਾਤਾ- ਗੋਰੀ, ਪਿੰਡ ਸੇਖਵਾਂ (ਜਿਲ੍ਹਾ ਲਾਹੌਰ), ਗੁਰਦੇਵ- ਪੰਡਿਤ ਮਾਨ ਸਿੰਘ ਜੀ, ਸੰਪ੍ਰਦਾਇ- ਕਬੇਰ।

ਜੀ ਕਵੀਂਦਰ ਇਸ ਵਾਰਤਾ ਨੂੰ ਇਸ ਤਰ੍ਹਾਂ ਲਿਖਦੇ ਹਨ, "ਏਕ ਸਮੇਂ ਸਤਿਗੁਰੂ ਗੋਬਿੰਦ ਸਿੰਘ ਕੇ ਹਜ਼ੂਰ ਦੀਵਾਨ ਕੇ ਸਮੇਂ ਸ੍ਰੀਮਾਨ ਭਾਈ ਮਾਨ ਸਿੰਘ ਨਿਰਮਲੇ ਅਪਨੇ ਗਰ ਮੇਂ ਅੰਚਰ ਡਾਰ ਕੇ ਬੜੀ ਨਿੰਮ੍ਰਤਾ ਪੂਰਬਕ ਪ੍ਰਣਾਮ ਕਰਕੇ ਸ੍ਰੀ ਸਤਿਗੁਰੂ ਜੀ ਕੇ ਸਨਮੁਖ ਤਤਪਰ ਹੋ ਕੇ ਠਾਢੇ ਹੋਤੇ ਭਏ। ਤਿਸੀ ਸਮੇਂ ਸਤਿਗੁਰੂ ਕ੍ਰਿਪਾਲੂ ਨੇ ਅੰਮ੍ਰਿਤ ਦ੍ਰਿਸ਼ਟੀ ਕਰਕੇ ਕ੍ਰਿਪਾਲਤਾ ਕੀ ਬਾਣੀ ਸੋ ਪੂਛਾ, ਜੋ 'ਹੇ ਮਾਨ ਸਿੰਘ ! ਕਹੁ ਕਯਾ ਕਹਯਾ ਚਾਹਤਾ ਹੈ।' ਤਬ ਮਾਨ ਸਿੰਘ ਜੀ ਬੋਲੇ, 'ਹੇ ਸਤਿਗੁਰੋ ! ਗ੍ਰੰਥ ਜੁ ਕੇ ਮਾਰੂ ਰਾਗ ਮੈਂ ਜੋ ਪਹਿਲੇ ਮਹੱਲੇ ਕੇ ਸੋਲਹੇ ਹੈਨ। ਤਿਨ ਕੇ ਬੀਚ ਤੇ ਸਤਾਰਵੇਂ ਕੀ ਨਾਵੀਂ ਪੌੜੀ ਕੇ ਆਦਿ ਮੈਂ ਜੋ ਲਿਖੀ ਹੈ ਏ ਤੁਕ 'ਸਾਮ ਵੇਦੁ ਰਿਗੁ ਜੁਜਰੁ ਅਥਰਬਣੁ॥' ਇਸ ਤੁਕ ਕਾ ਜੋ ਅਸਲ ਤਾਤਪਰਯ ਹੈ ਸੋ ਕ੍ਰਿਪਾ ਕਰਕੇ ਲਿਖ ਬਖਸ਼ ਕੇ ਸਮਝਾਓ ਜੀ। ਤਬ ਸ੍ਰੀ ਸਤਿਗੁਰੂ ਕਹਿਤੇ ਭਏ ਧੰਨ ਭਾਈ ਮਾਨ ਸਿੰਘ ਤੂੰ ਧੰਨ, ਜਿਸ ਤੈਨੇ ਐਸਾ ਉਤਮ ਪ੍ਰਸ਼ਨ ਜੀਵੋਂ ਕੇ ਉਧਾਰ ਹੇਤ ਕੀਨਾ ਹੈ। ਇਸ ਤੇ ਤੇਰਾ ਵੱਡਾ ਜਸ ਹੋਵੇਗਾ। ਹੇ ਸਿਖ ! ਇਸ ਤੁਕ ਮੈਂ ਚਾਰੋਂ ਬੇਦੋਂ ਕੇ ਨਾਮ ਅਸਲ ਅਭਿਪ੍ਰਾਯ ਤੋਂ ਚਾਰੋਂ ਮਹਾਂਵਾਕ ਹੈ। ਐਸੇ ਕਹਿਕੇ ਕਾਗਦ ਕਲਮ ਦਵਾਤ ਮੰਗਵਾਇ ਵਾਰਤਕ ਰੂਪ ਛੰਦੋਗ ਆਦਿਕੋਂ ਕੇ ਪ੍ਰਮਾਣ ਸਮੇਤ ਲਿਖ ਬਖਸ਼ਤੇ ਭਏ ਅਤੇ ਫਰਮਾਤੇ ਭਏ ਜੋ ਕਿਸੇ ਏਕਾਂਤ ਸਮੇਂ ਹਮਾਰੀ ਰਸਨਾ ਤੇ ਇਸ ਵਾਰਤਕ ਕਾ ਅਰਥ ਸੁਣ ਭੀ ਲੈਣਾ। ਤਬ ਮਾਨ ਸਿੰਘ ਨੇ ਸਤ ਬਚਨ ਕਹਯਾ। ਤਦਾਅਨੰਤ ਤੈਸੇ ਹੀ ਕਰਾ। ਸਤਜੋਪਦੇਸ ਰਿਦੈ ਮੈਂ ਧਾਰ। ਕਾਲਾਂਤ੍ਰ ਮੈਂ ਉਸੀ ਵਾਰਤਕ ਕਾ ਅਭਿਪ੍ਰਾਯ ਸ੍ਰੀ ਮਾਨ ਸਿੰਘ ਜੂ ਨੇ ਆਪਣੇ ਸੇਵਕ ਗੁਲਾਬ ਸਿੰਘ ਕੌ ਕਰ ਦੀਆ।"

ਸੰਤ ਮਾਨ ਸਿੰਘ ਜੀ ਸ੍ਰੀ ਦਸਮ ਪਿਤਾ ਜੀ ਦੇ ਹਜ਼ੂਰੀ ਸਿਖ ਸਨ। ਇਸ ਗਲ ਨੂੰ ਸੰਤ ਨਿਹਾਲ ਸਿੰਘ ਜੀ ਕਵੀਂਦਰ ਇਕ ਹੋਰ ਪ੍ਰਮਾਣ ਨਾਲ ਸਿੱਧ ਕਰਦੇ ਹਨ, "ਮੋਖ ਪੰਥ ਬਨੈ ਕਾ ਸੰਮਤ ਅਠਾਰਾਂ ਸੈ ਪੈਂਤੀ ਏਕਾ ਅਰਥ ਨਿਕਸਯੋ। ਸਤਾਰਾ ਸੈ ਪਹਿਠ ਮੈਂ ਗੁਰੂ ਗੋਬਿੰਦ ਸਿੰਘ ਜੀ ਵਿਦੇਹ ਮੋਖ ਹੋਣਾ ਹੂਆ ਹੈ। ਯਾਤੇ ਪੈਂਤੀ ਔ ਪੈਂਤੀ ਸੱਤਰ ਬਰਖ ਗੁਰੂ ਜੀ ਤੇ ਪੀਛੇ ਮੋਖ ਪੰਥ ਬਨਾ ਹੈ। ਸੋ ਸਤਰ ਬਰਖ ਏਕ ਪੁਰਖ ਕੀ ਆਯੂ ਮੈਂ ਤੋ ਕਿਛ ਭੀ ਸੰਦੇਹ ਨਹੀਂ। ਸੋ ਇਨ ਸੱਤਰ ਬਰਖਨ ਮੈਂ ਹੀ ਦੋਇ ਹੂਏ ਹੈਂ ਏਕ ਮਾਨ ਸਿੰਘ ਜੀ ਦੂਜੇ ਗੁਲਾਬ ਸਿੰਘ ਜੀ ਯਾਤੇ ਸ੍ਰੀ ਮਾਨ ਸਿੰਘ ਜੀ ਜ਼ਰੂਰ ਹੀ ਗੁਰੂ ਕੇ ਹਜ਼ੂਰੀ ਸਿੰਘਨ ਕੇ ਬੀਚ ਏ ਭਏ ਹੈ।"

ਪ੍ਰੰਤੂ ਪੰਡਿਤ ਗੁਲਾਬ ਸਿੰਘ ਜੀ ਨੇ ਮੋਕਸ਼ ਪੰਥ ਪ੍ਰਕਾਸ਼ ਦਾ ਆਧਾਰ ਅੰਮ੍ਰਿਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਿਆ ਹੈ। ਇਸੇ ਵਾਸਤੇ ਸ੍ਰੀ ਮੋਕਸ਼ ਪੰਥ ਪ੍ਰਕਾਸ਼ ਦੇ ਆਰੰਭ ਵਿਚ ਫ਼ਰਮਾਇਆ ਹੈ ਕਿ ਜੋ ਅੰਮ੍ਰਿਤ ਬਚਨ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਉਨ੍ਹਾਂ ਦਾ ਅਸੀਂ ਵਿਸਥਾਰ ਪੂਰਬਕ ਵਿਖਿਆਨ ਕਰਦੇ ਹਾਂ। ਪੰਡਿਤ ਗੁਲਾਬ ਸਿੰਘ ਜੀ ਲਿਖਦੇ ਹਨ–

**ਗੁਰੂ ਅਰਜਨ ਕਲਯਾਨ ਵਖਾਨ। ਭ੍ਰਮ ਭਯ ਮਿਟੇ ਸੁ ਬ੍ਰਹਮ ਗਯਾਨ।**
**ਉਤਮ ਪੰਥ ਗਯਾਨ ਜਗ ਸਾਰ। ਦੁਖ ਮੇਟਨ ਸੁਖ ਦੇਨ ਉਦਾਰ।੧੦।**

'ਸ੍ਰੀ ਮੋਕਸ਼ ਪੰਥ ਪ੍ਰਕਾਸ਼' ਗੁਰਬਾਣੀ ਪ੍ਰਵਾਹ ਦਾ ਹੀ ਇਕ ਸੋਮਾ ਹੈ। ਪੰਡਿਤ ਗੁਲਾਬ ਸਿੰਘ ਜੀ, ਪੰਡਿਤ ਤਾਰਾ ਸਿੰਘ ਜੀ ਨਰੋਤਮ ਅਤੇ ਸੰਤ ਨਿਹਾਲ ਸਿੰਘ ਜੀ ਦਾ ਇਹ ਨਿਰਣੈ ਹੈ।

'ਸ੍ਰੀ ਮੋਕਸ਼ ਪੰਥ ਪ੍ਰਕਾਸ਼' ਭਾਰਤੀ ਦਰਸ਼ਨ–ਸ਼ਾਸਤ੍ਰ ਵਿਚ ਸ਼੍ਰੋਮਣੀ ਸਥਾਨ ਰਖਦਾ ਹੈ। ਪਤੰਜਲੀ, ਯੋਗ ਸ਼ਾਸਤ੍ਰ, ਨਯਾਯ ਦਰਸ਼ਨ, ਮੀਮਾਂਸਾ ਦਰਸ਼ਨ ਅਤੇ ਵੇਦਾਂਤ ਦੀਆਂ ਮੁਖ ਮਾਨਤਾਵਾਂ ਇਸ ਗ੍ਰੰਥ ਵਿਚ ਅੰਕਿਤ ਹਨ। ਇਤਨਾ ਪ੍ਰਮਾਣੀਕ ਵਿਵੇਚਨ ਪੰਜਾਬ ਦੇ ਹੋਰ ਕਿਸੇ ਗ੍ਰੰਥ ਵਿਚ ਨਹੀਂ ਹੈ। ਥਾਂ–ਥਾਂ ਉਪਨਿਸ਼ਦਾਂ ਦੇ ਵਾਕ ਅੰਕਿਤ ਹੋਣ ਕਰਕੇ ਇਸ ਗ੍ਰੰਥ ਰਤਨ ਦੇ ਵਡੱਪਣ ਵਿਚ ਹੋਰ ਵੀ ਵਾਧਾ ਹੋਇਆ ਹੈ।

**ਅਧਜਾਤਮ ਰਾਮਾਯਣ** (1789 ਈ.) : ਅਧਜਾਤਮ ਰਾਮਾਯਣ ਪੰਡਿਤ ਗੁਲਾਬ ਸਿੰਘ ਜੀ ਦੀ ਮਹਾਨ ਰਚਨਾ ਹੈ। ਰਾਮ ਕਥਾ ਨੂੰ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਵਰਣਨ ਕੀਤਾ ਹੈ। ਕਾਵਯ ਵਿਚ ਉਚ ਉਡਾਰੀਆਂ ਲਾਈਆਂ ਹਨ। ਭਗਵਾਨ ਰਾਮਚੰਦ੍ਰ ਜੀ ਨੂੰ ਸ੍ਵੈ ਈਸ੍ਵਰ ਸਿਧ ਕੀਤਾ ਹੈ। ਅਧਜਾਤਮ ਰਾਮਾਯਣ ਕਾਂਡਾਂ ਅਤੇ ਅਧਿਆਵਾਂ ਵਿਚ ਵੰਡੀ ਹੋਈ ਹੈ। ਜਿਸਦੀ ਭਾਸ਼ਾ ਮਧੁਰ ਅਤੇ ਅਤਿਅੰਤ ਸੁੰਦਰ ਹੈ। ਛੰਦ ਸ਼ਾਸਤ੍ਰ ਦੇ ਸਾਰੇ ਛੰਦ, ਨਵ ਰਸ, ਅਲੰਕਾਰ, ਰਿਤੂ ਵਰਣਨ ਆਦਿਕ ਸਾਹਿਤਕ ਦੇ ਸਰਬ ਅੰਗ ਕਲਾਤਮਿਕ ਵਿਧੀ ਅਨੁਸਾਰ ਵਰਤੇ ਹਨ। ਇਹ ਰਾਮਾਯਣ ਸਾਹਿਤਕ ਵਿਚ ਉਤਮ ਸਥਾਨ ਰਖਦੀ ਹੈ।

**ਪ੍ਰਬੋਧ ਚੰਦ੍ਰੋਦਯ ਨਾਟਕ** (1779 ਈ.) : ਪ੍ਰਬੋਧ ਚੰਦ੍ਰੋਦਯ ਨਾਟਕ ਸੰਸਕ੍ਰਿਤ ਵਿਚ ਸ੍ਰੀ ਕ੍ਰਿਸ਼ਨ ਮਿਸ਼ਰ ਨੇ ਲਿਖਿਆ ਹੈ। ਭਾਵੇਂ ਇਸਦੇ ਪ੍ਰਾਂਤਿਕ ਭਾਸ਼ਾਵਾਂ ਵਿਚ ਕਈ ਅਨੁਵਾਦ ਹੋਏ ਹਨ। ਭਾਈ ਮਨੀ ਸਿੰਘ ਜੀ ਵਾਲੀ ਜਨਮ ਸਾਖੀ ਵਿਚ ਵੀ ਇਹ ਪੰਜਾਬੀ ਵਾਰਤਕ ਵਿਚ ਅੰਕਿਤ ਹੈ, ਪਰ ਜੋ ਪੰਡਿਤ ਗੁਲਾਬ ਸਿੰਘ ਜੀ ਨੇ ਸੰਸਕ੍ਰਿਤ ਤੋਂ ਬ੍ਰਜ ਭਾਸ਼ਾ ਵਿਚ ਅਨੁਵਾਦ ਕੀਤਾ ਹੈ, ਉਹ ਮੂਲ ਨਾਲੋਂ ਵੀ ਪ੍ਰਭਾਵਸ਼ਾਲੀ ਹੈ। ਇਸ ਤਰ੍ਹਾਂ ਪੰਡਿਤ ਜੀ ਦੇ ਸਾਰੇ ਗ੍ਰੰਥ ਸਾਹਿਤਕ ਵਿਚ ਸਰਵੋਪਰੀ ਸਥਾਨ ਰਖਦੇ ਹਨ।

ਪੰਡਿਤ ਗੁਲਾਬ ਸਿੰਘ ਜੀ ਮਹਾਨ ਸਾਹਿਤਕਾਰ ਹੋਣ ਕਰਕੇ ਸਦਾ ਵਾਸਤੇ ਅਮਰ ਹੋ ਗਏ। ਆਪ ਜੀ ਦੀ ਵਿਦਿਆ, ਸਾਹਿਤਕ ਘਾਲਣਾ ਉਤੇ ਕੇਵਲ ਨਿਰਮਲ ਭੇਖ ਅਤੇ ਸਿਖ ਪੰਥ ਨੂੰ ਹੀ ਨਹੀਂ, ਸਾਰੇ ਭਾਰਤ ਨੂੰ ਮਾਣ ਹੈ।

ਪੰਡਿਤ ਗੁਲਾਬ ਸਿੰਘ ਜੀ ਦੀ ਕਵਿਤਾ ਦਾ ਨਮੂਨਾ ; ਗੁਰੂ ਨਾਨਕ ਦੇਵ ਜੀ ਦੀ ਉਸਤਤਿ ਕਰਦੇ ਹੋਏ ਲਿਖਦੇ ਹਨ-

**ਅਪਦਾ ਪੰਕਜ ਨੀਰ ਹਰੇ ਮਲ ਭਾਰਤ ਦੀਨ ਬਹੇ ਭਵ ਭਾਰੀ।**
**ਬਾਵਨ ਕੇ ਪਦ ਪੰਕਜ ਤੇ ਮਨੁ ਗੰਗ ਗਿਰੀ ਜਨ ਤਾਰਨਹਾਰੀ।**
**ਬੈਨਨ ਨੈਨਨ ਕੀ ਉਪਮਾ ਕਵਿ ਕੰਜਨ ਤੇ ਅਤਿ ਸਾਰ ਨਿਹਾਰੀ।**
**ਤਾ ਗੁਰ ਨਾਨਕ ਕੇ ਪਦ ਪੰਕਜ ਸੀਸ ਨਿਵਾਏ ਕੇ ਬੰਦ ਹਮਾਰੀ।**

ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ ਕਰਦੇ ਹੋਏ ਲਿਖਦੇ ਹਨ-

**ਗੁਰੂ ਗੋਬਿੰਦ ਸਿੰਘ ਕੋ ਨਮੋ ਸੁ ਹਾਥ ਜੋਰ ਕੈ, ਕੁਸੱਤ੍ਰ ਤੇਜ ਤੋਰ ਜਾਹਿ ਪਾਲਯੋ ਹਿੰਦਾਨ ਕੋ।**
**ਕ੍ਰਿਪਾਲ ਸੀਸ ਹਾਥ ਦੈ ਸੁ ਕੀਚ ਤੇ ਕਰੇ ਮ੍ਰਿਗਿੰਦ, ਇੰਦ੍ਰ ਚਾਪ ਲਾਜ ਪੇਖ ਨਾਥ ਕੀ ਕਮਾਨ ਕੋ।**
**ਅਪਾਰ ਦੂਖ ਟਾਰ ਕੈ ਨਿਹਾਰ ਕੈ ਕਲੇਸ ਦਾਸ, ਵਾਸ ਤੇ ਬਿਕੁੰਠ ਤੇਜ ਪੂਰਯੋ ਜਹਾਨ ਕੋ।**
**ਭੁਜਾ ਭੁਯੰਗ ਰਾਜਸੀ ਵਿਰਾਜ ਸੀਸ ਕੇਸ ਚੰਦ, ਸਮਤਾ ਨ ਹੋਏ ਤੋ ਮੁਖਾਰਬਿੰਦ ਸਾਨ ਕੋ। (ਪੱਤਰਾ-1)**

**ਮਹਾਕਵੀ ਭਾਈ ਸੰਤੋਖ ਸਿੰਘ ਜੀ**[1] : ਮਹਾਕਵੀ ਭਾਈ ਸੰਤੋਖ ਸਿੰਘ ਜੀ ਕਵੀ-ਕੁਲ ਦੇ ਸੂਰਜ ਸਨ। ਗੁਰੂ ਜਸ ਦੇ ਆਕਾਸ਼ ਵਿਚ ਮਾਰਤੰਡ ਦੀ ਤਰ੍ਹਾਂ ਪ੍ਰਕਾਸ਼ ਕਰ ਰਹੇ ਹਨ। ਸਤਿਗੁਰਾਂ ਦੇ ਅਪੂਰਵ ਯਸ ਨੂੰ ਲਿਖ ਕੇ ਆਕਾਸ਼-ਮੰਡਲ ਵਿਚ ਗੁਰ ਮਹਿਮਾ ਦੀ ਕੀਰਤੀ ਨੂੰ ਫੈਲਾ ਰਹੇ ਹਨ। ਸਤਿਗੁਰੂ ਦੇ ਯਸ ਦਾ ਸੂਰਜ ਪ੍ਰਕਾਸ਼ ਲਿਖ ਕੇ, ਸ੍ਵਯੰ ਸੂਰਜ ਬਣ ਕੇ ਚਮਕ ਰਹੇ ਹਨ। ਬ੍ਰਜ ਭਾਸ਼ਾ ਦਾ ਮਹਾ ਕਾਵ੍ਯ 'ਗੁਰ ਪ੍ਰਤਾਪ ਸੂਰਜ' ਰੀਤੀ ਕਾਲ ਦਾ ਵਿਰਾਟ 'ਪ੍ਰਬੰਧ ਕਾਵ੍ਯ' ਹੈ। ਇਸ ਪ੍ਰਬੰਧ ਕਾਵ੍ਯ ਵਿਚ ਇਤਿਹਾਸ, ਮਿਥਿਹਾਸ, ਦਰਸ਼ਨ, ਸਾਹਿਤ੍ਯ ਦਾ ਉਲੇਖਨੀਯ ਸੰਗ੍ਰਹ ਹੈ। ਮਹਾਕਵੀ ਜੀ ਨੇ 6 ਗ੍ਰੰਥਾਂ ਦੀ ਰਚਨਾ ਕੀਤੀ ਹੈ, ਪਰ ਆਪ ਜੀ ਦੀ ਪ੍ਰਸਿਧੀ ਮਹਾ ਕਾਵ੍ਯ 'ਗੁਰ ਪ੍ਰਤਾਪ ਸੂਰਜ' ਦੇ ਲਿਖਣ ਨਾਲ ਹੋਈ ਹੈ। ਆਪ ਜੀ ਦੇ ਰਚਿਤ ਗ੍ਰੰਥਾਂ ਦੀ ਸੂਚੀ ਇਸ ਤਰ੍ਹਾਂ ਹੈ-

**ਨਾਮ ਕੋਸ਼** (1821 ਈ.) : ਇਹ ਸੰਸਕ੍ਰਿਤ ਦੇ ਅਮਰ ਕੋਸ਼ ਦਾ ਅਨੁਵਾਦ ਹੈ, ਜਿਸਨੂੰ ਆਪ ਜੀ ਨੇ ਸੁੰਦਰ ਸ਼ੈਲੀ ਵਿਚ ਅਨੁਵਾਦ ਕੀਤਾ ਹੈ। ਇਹ ਗ੍ਰੰਥ ਹਾਲੀ ਤਕ ਅਪ੍ਰਕਾਸ਼ਿਤ ਹੈ। ਕੋਸ਼ ਵਿਚ ਆਪ ਜੀ ਨੇ ਇਕ-ਇਕ ਨਾਮ ਦੇ ਪ੍ਰਯਾਯ ਦਸੇ ਹਨ।

**ਗੁਰ ਨਾਨਕ ਪ੍ਰਕਾਸ਼** (1823 ਈ.) : ਇਹ ਗ੍ਰੰਥ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਪਕਾਰਾਂ ਬਾਰੇ ਅਤਿਅੰਤ ਸੁੰਦਰ ਸ਼ੈਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਸ਼ਾਸਤ੍ਰੀਯ ਭਾਸ਼ਾ ਵਿਚ ਪ੍ਰੌਢ ਮਹਾਕਾਵਿ ਹੈ। ਇਸਦੇ ਪੂਰਵਾਰਧ ਅਤੇ ਉਤਰਾਰਧ ਦੋ ਭਾਗ ਹਨ। ਪੂਰਵਾਰਧ ਵਿਚ 73 ਅਧਿਆਇ ਅਤੇ ਉਤਰਾਰਧ ਵਿਚ 57 ਅਧਿਆਇ ਹਨ। ਇਹ ਗ੍ਰੰਥ ਸੰਮਤ 1880 ਬਿ. (ਸੰਨ 1823 ਈ.) ਨੂੰ 'ਬੁੜੀਏ' ਨਗਰ ਵਿਚ ਲਿਖ ਕੇ ਸਮਾਪਤ ਕੀਤਾ ਗਿਆ ਸੀ।

**ਜਪੁਜੀ ਟੀਕਾ ਗਰਬ ਗੰਜਨੀ** (1829 ਈ.) : ਇਹ ਟੀਕਾ ਵਾਰਤਕ ਸਾਧ ਭਾਸ਼ਾ ਵਿਚ ਹੈ। ਇਸ ਟੀਕੇ ਵਿਚ ਗੁਰਮਤਿ ਸਿਧਾਂਤ ਨੂੰ ਸ਼ਾਸਤ੍ਰੀਯ ਸ਼ੈਲੀ ਵਿਚ ਵਰਣਨ ਕੀਤਾ ਗਿਆ ਹੈ। ਸ੍ਰੀ ਜਪੁਜੀ ਵਰਗੀ ਮਨੋਹਰ ਬਾਣੀ ਦੇ ਅਲੰਕਾਰ ਚਮਤਕਾਰਾਂ ਨੂੰ ਥਾਂ ਪਰ ਥਾਂ ਪ੍ਰਗਟ ਕੀਤਾ ਹੈ। ਜਿਸ ਤੋਂ ਕਵੀ ਜੀ ਦੇ ਸਰਬ ਪੱਖੀ ਵਿਸ਼ਾਲ ਗਿਆਨ ਦਾ ਪਰਿਚਯ ਮਿਲਦਾ ਹੈ। ਜਿਥੇ ਜਪੁਜੀ ਦੀ ਮਹਾਨ ਮਹਿਮਾ ਨੂੰ ਵਰਣਨ ਕੀਤਾ ਹੈ, ਨਾਲ ਹੀ ਕਵੀ ਜੀ ਨੇ ਟੀਕੇ ਵਿਚ ਅਵਸ਼ਯਕ ਪ੍ਰਸ਼ਨ ਵੀ ਕੀਤੇ ਹਨ, ਜਿਵੇਂ ਨਾਨਕ ਸ਼ਬਦ ਦੀ ਵਿਉਤਪਤੀ, ਕ੍ਰਿਤਮ ਅਤੇ ਅਕ੍ਰਿਤਮ (ਪਰਾ ਪੂਰਬਲਾ) ਨਾਮ, ਦੇਵੀ ਦਾ ਖੰਡਨ, ਗੁਰਬਾਣੀ ਦੀਆਂ ਲਗਾਂ-ਮਾਤ੍ਰਾਂ ਆਦਿਕ ਵਿਚਾਰਾਂ ਵੀ ਕੀਤੀਆਂ ਹਨ। 'ਗਰਬ ਗੰਜਨੀ ਟੀਕਾ' ਸ਼ਬਦਾਰਥ, ਭਾਵਾਰਥ, ਵਿਆਖਿਆ ਰੂਪ ਵਿਚ ਧਾਰਮਿਕ, ਦਾਰਸ਼ਨਿਕ, ਸਾਹਿਤਕ ਅਤੇ ਇਤਿਹਾਸਕ ਤੌਰ 'ਤੇ ਆਪਣਾ ਵਿਸ਼ੇਸ਼ ਸਥਾਨ ਰਖਦਾ ਹੈ।

**ਬਾਲਮੀਕੀ ਰਾਮਾਯਣ** (1834 ਈ.) : ਬਾਲਮੀਕੀ ਰਾਮਾਯਣ ਦਾ ਆਪ ਜੀ ਨੇ ਸੰਸਕ੍ਰਿਤ (ਮੂਲ) ਰਾਮਾਯਣ ਤੋਂ ਅਨੁਵਾਦ ਕੀਤਾ ਹੈ। ਇਹ ਗੁਰਮੁਖੀ ਲਿਪੀ, ਬ੍ਰਜ ਭਾਸ਼ਾ ਵਿਚ ਅੰਕਿਤ ਹੈ। ਰਾਮਾਯਣ ਵਿਚ ਆਪ ਜੀ ਨੇ ਸਪਸ਼ਟ ਕਰਦੇ ਹੋਏ ਲਿਖਿਆ ਹੈ ਕਿ ਜਿਵੇਂ ਰਿਸ਼ੀ ਬਾਲਮੀਕ ਜੀ ਨੇ ਸੰਸਕ੍ਰਿਤ ਵਿਚ ਲਿਖਿਆ ਹੈ, ਮੈਂ ਹੂ ਬਹੂ ਉਹੀ ਅਨੁਵਾਦ ਕੀਤਾ ਹੈ। ਆਪਣੀ ਕੋਈ ਉਕਤੀ

---

[1] ਪਿਤਾ- ਭਾਈ ਦੇਵਾ ਸਿੰਘ, ਮਾਤਾ- ਰਾਮ ਦੇਈ, ਜਨਮ- 1787, ਪਿੰਡ ਨੂਰ ਦੀ ਸਰ੍ਹਾਂ (ਜ਼ਿਲ੍ਹਾ ਤਰਨਤਾਰਨ), ਵਿਦਿਆ ਗੁਰੂ- ਗਿਆਨੀ ਸੰਤ ਸਿੰਘ ਜੀ।

ਯੁਕਤੀ ਨਹੀਂ ਵਰਤੀ। ਇਸ ਵਾਸਤੇ ਹਰ ਸ਼ੰਕਾ ਸਮਾਧਾਨ ਦਾ ਜਵਾਬਦੇਹ ਰਿਸ਼ੀ ਬਾਲਮੀਕ ਜੀ ਹਨ। ਇਸ ਭਾਵ ਨੂੰ ਕਵੀ ਜੀ ਸੁੰਦਰ ਸ਼ਬਦਾਂ ਵਿਚ ਅੰਕਿਤ ਕਰਦੇ ਹਨ–

**ਦੂਖਨ ਔ ਭੂਖਨ ਸੰਭਾਰ ਨ ਉਚਾਰ ਕਰੋਂ ਅਪਣੀ ਉਕਤਿ ਨ ਯੁਕਤਿ ਬਿਸਤਰ ਹੋਂ।**
**ਵਾਲਮੀਕ ਬਦਨ ਤੇ ਬਚਨ ਭਨੇ ਹੈਂ ਬਰ ਬਰਨ ਬਿਚਾਰ ਸੋਊ ਭਾਖਾ ਮੇਂ ਸੁਧਰ ਹੋਂ।**
**ਕਰਨੋ ਅਸ਼ੇਸ ਪਦ ਆਏ ਹੈ ਬਿਸ਼ੇਸ਼ ਕਿਤ ਤਊ ਤਾਂ ਕੋ ਦੋਸ਼ ਗੁਨ ਤਹਾਂ ਅਨੁਸਰਿ ਹੋਂ।**
**ਸੰਸੇ ਕੋ ਪ੍ਰਸਨ ਗੁਣੀ ਆਦਿ ਕਵੀ ਹੁ ਪੈ ਕਰੋ ਮੇਰੀ ਮਤ ਥੋਰੀ ਛਿਮਾ ਜਾਚਿਬੋ ਹੀ ਕਰਿ ਹੋਂ।**

ਬਾਲਮੀਕੀ ਰਾਮਾਯਣ 7 ਕਾਂਡਾਂ ਵਿਚ ਵੰਡਿਆ ਹੋਇਆ ਵੱਡਾ ਗ੍ਰੰਥ ਹੈ, ਜਿਸ ਦੇ ਕਾਂਡ ਵਿਚ ਕਈ-ਕਈ ਸਰਗ (ਅਧਿਆਏ) ਹਨ। ਜਿਨ੍ਹਾਂ ਦੀ ਕੁਲ ਗਿਣਤੀ 659 ਹੈ। ਛੰਦਾਂ ਦੀ ਗਿਣਤੀ ਚਾਰ ਹਜ਼ਾਰ ਦੇ ਨੇੜੇ ਹੈ। ਇਹ ਗ੍ਰੰਥ ਭਾਈ ਸੰਤੋਖ ਸਿੰਘ ਜੀ ਦੇ ਕਥਨ ਅਨੁਸਾਰ ਦੋ ਵਰਸ਼ ਵਿਚ ਲਿਖਿਆ ਗਿਆ ਸੀ–

**ਇਕ ਇਕ ਦਿਨ ਮਹਿ ਸਰਗ ਇਕ ਕਰਯੋ ਸੁ ਛੰਦਨ ਮਾਂਹਿ।**
**ਯਾਂ ਬਨਯੋ ਸਤਾਬ ਬਹੁ, ਬਿਤੇ ਬਰਸ ਦੋਇ ਤਾਂਹਿ।**

ਜਦੋਂ ਇਹ ਗ੍ਰੰਥ ਸੰਪੰਨ ਹੋਇਆ ਤਾਂ ਕੈਥਲ ਰਿਆਸਤ ਦੇ ਮਹਾਰਾਜਾ ਭਾਈ ਉਦੇ ਸਿੰਘ ਜੀ ਦੀ ਭੇਟ ਕੀਤਾ ਗਿਆ। ਮਹਾਰਾਜਾ ਸਾਹਿਬ ਨੇ ਪੂਰੇ ਗ੍ਰੰਥ ਦਾ ਪਾਠ ਕਰਕੇ ਮਹਾਕਵੀ ਨੂੰ ਪਿੰਡ 'ਮੋਰਥਲੀ' ਇਨਾਮ ਵਿਚ ਦਿਤਾ। ਕਵੀ ਜੀ ਰਾਮਾਯਣ ਵਿਚ ਲਿਖਦੇ ਹਨ–

**ਸੁੰਦਰ ਸਾਦਰ ਗ੍ਰੰਥ ਬਨਯੋ ਪਦ ਗੁੰਥਤ ਨੌ ਰਸ ਰੀਤ ਭਲੀ।**
**ਰਾਮ ਕਥਾ ਗੁਨ ਗ੍ਰਾਮ ਭਿਰਾਮ ਮਹਾਂ ਮਤਿ ਧਾਮ ਅਨੰਦ ਫਲੀ।**
**ਰੰਜਨ ਹੈ ਭ੍ਰਮ ਭੰਜਨ ਹੈ ਗਮ ਗੰਜਨ ਹੈ ਪ੍ਰਦ ਗਿਆਨ ਬਲੀ।**
**ਕੈਥਲ ਨਾਥ ਪ੍ਰਸੰਨ ਭਯੋ ਪਠ ਗ੍ਰਾਮ ਦਯੋ ਤਬ ਮੋਰਥਲੀ।**

ਰਾਮਾਯਣ ਦੇ ਆਰੰਨਯ ਕਾਂਡ ਵਿਚ ਸਮਾਪਤੀ 'ਤੇ ਗੁਰੂ ਨਾਨਕ ਦੇਵ ਜੀ ਦਾ ਮੰਗਲ ਕਿਤਨੀ ਸ਼ਰਧਾ ਨਾਲ ਕਰਦੇ ਹਨ–

**ਸ੍ਰੀ ਗੁਰੂ ਨਾਨਕ ਕੀਰਤਿ ਗਨੀ ਕੀ ਸੇਜ ਸੁਹਾਇ ਅਕਾਸ ਨਹੀ।**
**ਛਾਈ ਨੀਲਾਂਬਰ ਸੋ ਨਹਿੰ ਧਜਾਮਤਾ ਪਾਸ ਪਟਾਰੀ ਨਚੰਦ ਤਹੀ।**
**ਤਾਂ ਮਧ ਮ੍ਰਿਗੰਮਦ ਦੀਸਤ ਹੈ ਨ ਕਲੰਕ ਨਿਸੰਕ ਨਹੀ।**
**ਹੈਂ ਕਲਕਾ ਮਲਕਾ ਕੀ ਬਿਖਰੀ ਉਡਮਾਨ ਪਾਂਤ ਨ ਜਾਨੀ ਸਹੀ।**

ਇਹ ਗ੍ਰੰਥ ਹਾਲੀ ਤਕ ਅਪ੍ਰਕਾਸ਼ਿਤ ਹੈ।

**ਗੁਰ ਪ੍ਰਤਾਪ ਸੂਰਜ** (1843 ਈ.) : ਇਹ ਗ੍ਰੰਥ ਇਤਿਹਾਸ, ਸਾਹਿੱਤ, ਕਾਵਯ, ਕੋਸ਼ ਆਦਿਕ ਸਰਬ ਪ੍ਰਕਾਰ ਦੀ ਵਿਦਿਆ, ਬ੍ਰਹਮ ਵਿਦਿਆ, ਗਿਆਨ, ਵਿਗਿਆਨ, ਸ਼ਾਸਤ੍ਰ-ਸ਼ਸਤ੍ਰ, ਮੀਰੀ-ਪੀਰੀ, ਭਗਤੀ-ਸ਼ਕਤੀ ਦਾ ਰਤਨਾਕਰ ਹੈ। ਗੁਰ ਪ੍ਰਤਾਪ ਸੂਰਜ ਵਿਚ ਕਵੀ ਜੀ ਦੀਆ ਕਾਵਯ ਉਡਾਰੀਆਂ, ਵਰਣਨ ਦੀ ਰੌਚਕਤਾ, ਸ਼ਬਦ ਚਿਤ੍ਰ ਪਾਠਕਾਂ ਅੱਗੇ ਪ੍ਰਤੱਖ ਮੂਰਤੀਮਾਨ ਹੋਏ ਦਿਸਦੇ ਹਨ। ਪਕਸ਼ੀਆਂ-ਵਿਪਕਸ਼ੀਆਂ ਦਾ ਆਚਰਣ ਅਤਿਅੰਤ ਖੂਬੀ ਨਾਲ ਵਰਨਣ ਕੀਤਾ ਗਿਆ ਹੈ। ਗੁਰ ਪ੍ਰਤਾਪ ਵਿਚ ਸਰਬ ਸ਼ਾਸਤ੍ਰਾਂ ਦਾ, ਸਰਬ ਵਿਦਿਆ ਦਾ ਗਿਆਨ ਭਰ ਦਿਤਾ ਗਿਆ ਹੈ। ਇਸ ਗ੍ਰੰਥ ਵਿਚ ਕਾਵਯ ਦੇ ਓਜ ਪ੍ਰਸਾਦਿ ਆਦਿਕ ਗੁਣ, ਨਵ-ਰਸ, ਰਿਤੂ ਵਰਣਨ, ਸਰਬ ਅਲੰਕਾਰ ਅਤੇ ਛੰਦਾਂ ਦੀ ਵਰਤੋਂ ਸਮੇਂ ਅਨੁਸਾਰ ਕੀਤੀ ਹੋਈ ਹੈ। ਕਲਪਨਾ, ਵਲਵਲੇ ਦੀਆਂ ਉਡਾਰੀਆਂ ਚਕ੍ਰਿਤ ਕਰ ਦੇਣ ਵਾਲੀਆਂ ਹਨ। ਗ੍ਰੰਥ ਲੇਖਕ ਦੀ ਕਲਾ-ਕੌਸ਼ਲਤਾ ਅਗੇ ਬੁਧੀ ਵਿਸਮਯ ਹੁੰਦੀ ਹੈ। ਕਵੀ ਜੀ ਦਾ ਗੁਰ ਪ੍ਰਤਾਪ ਸੂਰਜ ਸਚਮੁਚ ਸਤਿਗੁਰਾਂ ਦੇ ਤਪ-ਤੇਜ ਅਤੇ ਪ੍ਰਤਾਪ ਦਾ ਸੂਰਜ ਹੈ। ਸਤਿਗੁਰਾਂ ਦੇ ਉਪਕਾਰ, ਚਰਿਤ੍ਰ, ਅਦਭੁਤ ਕਾਰਨਾਮੇ, ਇਤਿਹਾਸ, ਸਿਖੀ ਮਰਿਯਾਦਾ, ਉਪਮਾ, ਉਸਤਤੀ ਦਾ ਪ੍ਰਕਾਸ਼ ਕਰ ਰਿਹਾ ਹੈ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸੰਨ 1834 ਈ. ਵਿਚ ਲਿਖਣਾ ਆਰੰਭ ਕੀਤਾ ਅਤੇ ਸੰਨ 1843 ਈ. ਵਿਚ ਸੰਪੰਨ ਹੋਇਆ। ਕਵੀ ਜੀ ਨੇ 'ਸੂਰਜ' ਸ਼ਬਦ ਨੂੰ ਸਾਰਥਕ ਕਰਨ ਵਾਸਤੇ ਇਹ ਗ੍ਰੰਥ 12 ਰਾਸਾਂ, ਛੇ ਰੁੱਤਾਂ, ਦੋ ਐਨ, ਭਾਵ ਕੁਲ 20 ਵੱਡੇ ਭਾਗਾਂ ਵਿਚ ਵੰਡਿਆ ਹੈ। ਅਧਿਆਵਾਂ ਨੂੰ 'ਅੰਸੂ' ਦਾ ਨਾਮ ਦਿਤਾ ਹੈ। 'ਅੰਸੂ' ਸੂਰਜ ਦੀਆਂ ਕਿਰਣਾਂ ਨੂੰ ਕਿਹਾ ਜਾਂਦਾ ਹੈ। ਗੁਰ ਪ੍ਰਤਾਪ ਸੂਰਜ ਵਿਚ 1150 ਅੰਸੂ ਹਨ। 'ਗੁਰ ਪ੍ਰਤਾਪ ਸੂਰਜ' ਗਿਆਨ, ਵਿਗਿਆਨ, ਸਾਹਿੱਤ, ਕਾਵਯ, ਇਤਿਹਾਸ ਦਾ ਸਰਵੋਪਰੀ ਕੋਸ਼ ਹੈ।

**ਆਤਮ ਪੁਰਾਣ (ਅਨੁਵਾਦ)** : ਆਤਮ ਪੁਰਾਣ ਸੰਸਕ੍ਰਿਤ ਗ੍ਰੰਥ ਦਾ ਸੁਤੰਤ੍ਰ ਅਨੁਵਾਦ ਸੀ ਜੋ ਭਾਈ ਵੀਰ ਸਿੰਘ ਜੀ ਦੇ ਕਥਨ ਅਨੁਸਾਰ ਵਾਰਤਕ ਵਿਚ ਸੀ। ਇਹ ਗ੍ਰੰਥ ਹੁਣ ਗੁੰਮ ਹੋ ਚੁਕਾ ਹੈ।

**ਪੰਡਿਤ ਸ਼ੇਰ ਸਿੰਘ ਜੀ ਨੌਰੰਗਾਬਾਦ** : ਪੰਡਿਤ ਸ਼ੇਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨੇ 'ਸ੍ਰੀ ਬੀਰ ਮ੍ਰਿਗੇਸ ਗੁਰ ਬਿਲਾਸ ਦੇਵ ਤਰੁ' ਵੱਡ ਆਕਾਰੀ ਗ੍ਰੰਥ ਲਿਖਿਆ ਹੈ। ਇਸ ਵਿਚ ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ, ਭਾਈ ਮਹਾਰਾਜ ਸਿੰਘ ਜੀ ਅਤੇ ਬਾਬਾ ਖੁਦਾ ਸਿੰਘ ਜੀ ਆਦਿਕ ਮਹਾਪੁਰਖਾਂ ਦੇ ਜੀਵਨ ਉਪਕਾਰ ਅੰਕਿਤ ਹਨ। ਇਹ ਗ੍ਰੰਥ ਵਾਰਤਕ ਅਤੇ ਕਵਿਤਾ ਦਾ ਉਤਮ ਨਮੂਨਾ ਹੈ। ਇਹ ਗ੍ਰੰਥ ਕ੍ਰਾਊਨ ਦੋ ਵਰਕੀ ਸਾਈਜ਼ ਦੇ ਸ੍ਰੀ ਰਾਮ ਪੁਰੀ ਕਾਗ਼ਜ਼ ਉਤੇ ਗੁਰਮੁਖੀ ਲਿਪੀ ਵਿਚ (24 ਪੁਆਇੰਟ) ਦੇ ਆਕਾਰ ਵਿਚ ਚਾਰ ਜਿਲਦਾਂ 2188 ਪੰਨਿਆਂ ਵਿਚ ਛਪ ਚੁਕਾ ਹੈ।

**ਪੰਡਿਤ ਤਾਰਾ ਸਿੰਘ ਜੀ ਨਰੋਤਮ**[1] : ਆਪ ਜੀ ਗੁਰਮਤਿ ਸਿਧਾਂਤ, ਦਰਸ਼ਨ, ਸਾਹਿਤਜ, ਇਤਿਹਾਸ, ਗੁਰਬਾਣੀ ਦੇ ਧੁਰੰਧਰ ਵਿਦਵਾਨ ਸਨ। ਗੁਰਮਤਿ ਦਰਸ਼ਨ ਗੁਰਬਾਣੀ ਸੰਬੰਧੀ ਆਪ ਜੀ ਨੇ ਦੀਰਘ ਦ੍ਰਿਸ਼ਟੀ ਨਾਲ ਲਿਖਿਆ ਹੈ। ਆਪ ਜੀ ਪੰਥ ਵਿਚ ਪਹਿਲੇ ਵਿਦਵਾਨ ਸਨ, ਜਿਨ੍ਹਾਂ ਨੇ 'ਸ੍ਰੀ ਗੁਰਮਤ ਨਿਰਣਯ ਸਾਗਰ' ਵਰਗਾ ਦਾਰਸ਼ਨਿਕ ਗ੍ਰੰਥ ਲਿਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ 'ਸ੍ਰੀ ਗੁਰੁ ਗਿਰਾਰਥ ਕੋਸ਼' ਲਿਖਿਆ। ਦੇਸ਼ ਦੇ ਸਾਰੇ ਗੁਰਦਵਾਰਿਆਂ ਦਾ ਇਤਿਹਾਸ 'ਗੁਰ ਤੀਰਥ ਸੰਗ੍ਰਹ' ਵਿਚ ਅੰਕਿਤ ਕੀਤਾ। ਗੁਰਦਵਾਰਾ 'ਹੇਮ ਕੁੰਟ' ਦੀ ਭਾਲ ਆਪ ਜੀ ਦੀ ਖੋਜ ਦੇ ਆਧਾਰ 'ਤੇ ਹੀ ਹੋਈ ਹੈ। ਗੁਰਮੁਖੀ ਵਿਚ ਮੂਰਧਨੀ, ਤਾਲਵੀ, ਦੰਤੀ, ਕਸਯ, ਰੇਫ ਆਦਿਕ ਵਰਨ ਤਿਆਰ ਕਰਕੇ ਲਿਪੀ ਨੂੰ ਪੂਰਨ ਕਰਨ ਵਿਚ ਯੋਗਦਾਨ ਪਾਇਆ। ਆਪ ਜੀ ਗੁਰਬਾਣੀ ਦੇ ਸ਼ੁੱਧ ਸ਼ਾਸਤ੍ਰੀਯ ਅਰਥਾਂ ਦੇ ਸਮਰਥਕ ਸਨ। ਜਦ ਆਪ ਜੀ ਨੂੰ ਪਤਾ ਲਗਾ ਕਿ ਇਕ ਜਰਮਨ ਵਿਦਵਾਨ ਡਾ. ਟਰੰਪ ਗੁਰਬਾਣੀ ਦੇ ਪੱਖਪਾਤੀ ਅਰਥ ਕਰ ਰਿਹਾ ਹੈ ਤਾਂ ਇਸ ਦਾ ਆਪ ਜੀ ਨੇ ਸਖ਼ਤ ਵਿਰੋਧ ਕੀਤਾ, ਨਾਲ ਹੀ ਗੁਰਬਾਣੀ ਦੇ ਸ਼ੁੱਧ ਅਰਥ ਲਿਖਣ ਦਾ ਯਤਨ ਕੀਤਾ। ਆਪ ਜੀ ਨੇ ਹੇਠ ਲਿਖੇ ਗ੍ਰੰਥ ਲਿਖੇ ਹਨ–

**ਸ੍ਰੀ ਮੋਕਸ਼ ਪੰਥ ਪ੍ਰਕਾਸ਼ ਦਾ ਸ੍ਵਯੰਪ੍ਰਭਾ ਵਿਵਰਣ ਟੀਕਾ** (1865 ਈ.) : ਪੰਡਿਤ ਗੁਲਾਬ ਸਿੰਘ ਜੀ ਦੁਆਰਾ ਰਚਿਤ ਦਰਸ਼ਨ ਦੇ ਮਹਾਨ ਗ੍ਰੰਥ ਮੋਕਸ਼ ਪੰਥ ਪ੍ਰਕਾਸ਼ 'ਤੇ ਆਪ ਜੀ ਨੇ 'ਸ੍ਵਯੰਪ੍ਰਭਾ ਵਿਵਰਣ' ਨਾਮਕ ਟੀਕਾ ਕੀਤਾ ਹੈ। ਮੋਕਸ਼ ਪੰਥ ਪ੍ਰਕਾਸ਼ ਨੂੰ ਸੰਨ 1778 ਈ. ਵਿਚ ਪੰਡਿਤ ਗੁਲਾਬ ਸਿੰਘ ਜੀ ਨੇ ਲਿਖਿਆ। 87 ਵਰਸ਼ ਮਗਰੋਂ ਪੰਡਿਤ ਤਾਰਾ ਸਿੰਘ ਜੀ ਨਰੋਤਮ ਨੇ 'ਸ੍ਵਯੰਪ੍ਰਭਾ ਵਿਵਰਣ' ਟੀਕਾ ਕੀਤਾ। ਇਹ ਟੀਕਾ 112 ਵਰਸ਼ ਅਪ੍ਰਕਾਸ਼ਤ ਰਹਿਣ ਤੋਂ ਬਾਅਦ ਸੰਨ 1977 ਈ. ਵਿਚ ਸ੍ਰੀ ਮਹੰਤ ਪੰਡਿਤ ਸੁਚਾ ਸਿੰਘ ਜੀ ਨੇ ਦੇਵਨਾਗਰੀ ਲਿਪੀ ਵਿਚ ਪ੍ਰਕਾਸ਼ਿਤ ਕੀਤਾ।

**ਸੁਰਤਰੁ ਕੋਸ਼** (1866 ਈ.) : ਇਹ ਗ੍ਰੰਥ ਪ੍ਰਾਪਤ ਨਹੀਂ ਹੈ। ਗੁਰਤੀਰਥ ਸੰਗ੍ਰਹ ਦੇ ਕਥਨ ਅਨੁਸਾਰ ਇਸ ਗ੍ਰੰਥ ਵਿਚ 4000 ਸਲੋਕ ਸਨ।

**ਗੁਰਮਤ ਨਿਰਣਯ ਸਾਗਰ** (1877 ਈ.) : ਇਹ ਗ੍ਰੰਥ ਗੁਰਬਾਣੀ ਦੀ ਵਿਆਖਿਆ, ਗੁਰਮਤਿ ਸਿਧਾਂਤ ਨੂੰ ਨਿਰੂਪਣ ਕਰਨ ਵਾਲਾ ਦਾਰਸ਼ਨਿਕ ਗ੍ਰੰਥ ਹੈ। ਪੰਡਿਤ ਜੀ ਨੇ ਗੁਰਮਤਿ ਸਿਧਾਂਤ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਹੈ। ਇਸ ਤੋਂ ਪਹਿਲਾਂ ਗੁਰਮਤਿ ਸੰਬੰਧੀ ਕੋਈ ਦਾਰਸ਼ਨਿਕ ਗ੍ਰੰਥ ਉਪਲਬਧ ਨਹੀਂ ਸੀ। ਗੁਰਮਤਿ ਨਿਰਣਯ ਸਾਗਰ ਸਰਬ ਪੱਖੀ ਵਿਚਾਰ ਵਿਚ ਭਰਪੂਰ ਹੈ। ਆਪ ਜੀ ਨੇ ਅਤਿਅੰਤ ਸੁੰਦਰ ਢੰਗ ਨਾਲ ਇਸ ਵਿਚ ਵਿਸ਼ਯ/ਵਿਚਾਰ ਦੀ ਵਿਆਖਿਆ ਕੀਤੀ ਹੈ। ਹਰ ਸ਼ੰਕਾ ਦਾ ਸਮਾਧਾਨ ਕੀਤਾ ਹੈ।

ਗੁਰਮਤਿ ਦੇ ਕਈ ਸਿਧਾਂਤਾਂ 'ਤੇ ਪ੍ਰਸ਼ਨ ਕਰਕੇ ਵਿਸਤਾਰ ਪੂਰਵਕ ਉਤਰ ਦਿਤੇ ਹਨ। ਵਾਹਿਗੁਰੂ ਮੰਤ੍ਰ 'ਤੇ ਵਿਸਤਾਰ ਪੂਰਬਕ ਵਿਚਾਰ ਕਰਕੇ ਵਿਆਕਰਣ ਅਨੁਸਾਰ ਵਿਉਤਪਤੀ ਕਢਕੇ ਸ਼ੁਧ ਅਤੇ ਤਾਰਕ ਮੰਤ੍ਰ ਸਿਧ ਕੀਤਾ ਹੈ।

ਗੁਰਮਤਿ ਨਿਰਣਯ ਸਾਗਰ ਗੁਰਮਤਿ ਗੁਰਬਾਣੀ ਪ੍ਰਵਾਹ ਦਾ ਅਜਿਹਾ ਸਮੁੰਦਰ ਹੈ, ਜਿਸ ਦੇ ਰਤਨ ਰੂਪੀ ਚਾਰ ਖੰਡ ਸੁਸ਼ੋਭਿਤ ਹਨ। 31 ਉਰਮੀਆਂ/ਲਹਿਰਾਂ ਹਨ। ਜਿਨ੍ਹਾਂ ਵਿਚ ਭਿੰਨ-ਭਿੰਨ ਵਿਸ਼ਯ ਵਰਣਨ ਕੀਤੇ ਹਨ। ਇਹ ਗ੍ਰੰਥ ਰਾਏ ਬਹਾਦਰ ਬੂਟਾ ਸਿੰਘ ਰਾਵਲਪਿੰਡੀ ਵਾਲਿਆਂ ਦੇ ਯਤਨ ਦੁਆਰਾ ਸੰਨ 1877 ਈ. ਵਿਚ ਛਪਿਆ ਸੀ।

**ਅਕਾਲ ਮੂਰਤਿ ਪ੍ਰਦਰਸ਼ਨ** (1878 ਈ.)

**ਟੀਕਾ ਗੁਰ ਭਾਵ ਦੀਪਕਾ** (1878 ਈ.) : ਇਹ ਜਪੁਜੀ, ਸ਼ਬਦ ਹਜ਼ਾਰੇ, ਰਹਿਰਾਸ ਅਤੇ ਕੀਰਤਨ ਸੋਹਲੇ ਦਾ ਟੀਕਾ ਹੈ। ਆਰੰਭ ਵਿਚ ਦਸਾਂ ਗੁਰੂਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਆਪਣੇ ਗੁਰੂ ਦੇਵ ਦਾ ਮੰਗਲ ਹੈ। ਜਪੁਜੀ ਦੀ ਟੀਕਾ ਸ਼ਬਦਾਰਥ

---

[1] ਪੰਡਿਤ ਤਾਰਾ ਸਿੰਘ ਜੀ ਨਰੋਤਮ ਦਾ ਜਨਮ ਸੰਮਤ 1879 ਬਿ. (1822 ਈ.) ਨੂੰ ਪਿੰਡ ਕਾਲਮਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਜੱਟ (ਕਿਸਾਨ) ਪਰਿਵਾਰ ਵਿਚ ਹੋਇਆ। 20 ਵਰਸ਼ ਦੀ ਆਯੂ ਵਿਚ ਸੰਤ ਗੁਲਾਬ ਸਿੰਘ ਜੀ ਪਿੰਡ ਕਰਾਲਾ, ਜ਼ਿਲ੍ਹਾ ਹੁਸ਼ਿਆਰਪੁਰ ਸੰਪ੍ਰਦਾਇ ਗਿੜਵੜੀ ਵਾਲਿਆਂ ਦੇ ਸ਼ਿਸ਼ ਬਣ ਗਏ।

ਭਾਵਾਰਥ ਦੋਨ੍ਹਾਂ ਮਾਧਯਮਾਂ ਰਾਹੀਂ ਕੀਤੀ ਹੈ। ਇਹ ਗ੍ਰੰਥ ਸੰਨ 1881 ਈ. ਵਿਚ ਦੀਵਾਨ ਬੂਟਾ ਸਿੰਘ ਦੇ 'ਯੰਤ੍ਰ ਆਫਤਾਬ ਪੰਜਾਬ ਪ੍ਰੈਸ ਲਾਹੌਰ' ਤੋਂ ਲਿਥੋਗ੍ਰਾਫੀ ਵਿਚ ਪ੍ਰਕਾਸ਼ਿਤ ਹੋਇਆ ਸੀ। ਖੁਨਸ਼ਵੀਸ ਭਾਈ ਹੀਰਾ ਸਿੰਘ ਜੀ ਦਮਦਮਾ ਸਾਹਿਬ ਵਾਲੇ ਸਨ।

**ਭਗਤ ਬਾਣੀ ਦਾ ਟੀਕਾ** (1882 ਈ.) : ਇਹ ਟੀਕਾ 1907 ਈ. ਛਾਪਾ ਟਾਈਪ ਮੁਨਸ਼ੀ ਗੁਲਾਬ ਸਿੰਘ ਦੇ ਮੁਫੀਦ ਆਮ ਪ੍ਰੈਸ ਲਾਹੌਰ ਵਿਚ ਛਪਿਆ ਹੈ। ਇਸ ਦੇ 520 ਪੰਨੇ ਹਨ ਅਤੇ ਦੋ ਪੰਨੇ ਦੀ ਭੂਮਿਕਾ ਹੈ।

**ਗੁਰਤੀਰਥ ਸੰਗ੍ਰਹਿ** (1883 ਈ.) : ਇਸ ਗ੍ਰੰਥ ਵਿਚ ਦਸਾਂ ਗੁਰੂਆਂ, ਸਾਹਿਬਜ਼ਾਦਿਆਂ, ਮਾਨਨੀਯ ਸਿਖ ਸ਼ਹੀਦਾਂ ਦੇ ਸਥਾਨ ਸ਼ਹੀਦ ਗੰਜ ਅਤੇ ਗੁਰਦਵਾਰਿਆਂ ਦਾ ਇਤਿਹਾਸ ਅੰਕਿਤ ਹੈ। ਇਹ ਮਹਾਨ ਰਚਨਾ ਹੈ ਜੋ ਗੁਰਦਵਾਰਿਆਂ ਸੰਬੰਧੀ ਇਤਿਹਾਸਕ ਜਾਣਕਾਰੀ ਦਿੰਦੀ ਹੈ। ਜੇਕਰ ਆਪ ਇਸ ਗ੍ਰੰਥ ਨੂੰ ਸਮੇਂ ਸਿਰ ਸੰਗ੍ਰਹਿ ਨਾ ਕਰਦੇ ਤਾਂ ਬਹੁਤ ਸਾਰੇ ਗੁਰਧਾਮ ਅਲੋਪ ਹੋ ਜਾਂਦੇ ਅਤੇ ਕਈ ਮਿਥਿਹਾਸਕ ਪ੍ਰਗਟ ਹੋ ਜਾਂਦੇ। ਇਹ ਗ੍ਰੰਥ ਗਿਆਨ ਦਾ ਭੰਡਾਰ ਹੈ। ਗੁਰਦਵਾਰਿਆਂ ਦੇ ਇਤਿਹਾਸ ਤੋਂ ਬਿਨਾ ਗੁਰੂ ਵੰਸ਼ ਦਾ ਇਤਿਹਾਸ, ਕਸ਼ਤ੍ਰੀਆਂ, ਰਾਜਪੂਤਾਂ ਦੀ ਜਾਤੀ ਬਾਰੇ ਖੋਜ, ਤੀਰਥ ਯਾਤ੍ਰਾ ਦਾ ਮਹਾਤਮ, ਤੀਰਥ ਯਾਤ੍ਰਾ ਕਰਦੇ ਸਮੇਂ ਨਿਯਮਾਂ ਦੀ ਪਾਲਣਾ ਕਰਨੀ ਆਦਿਕ ਵੇਰਵੇ ਸਹਿਤ ਦਰਜ ਹੈ।

ਹਰੇਕ ਤੀਰਥ ਸੰਬੰਧੀ ਰਸਤੇ, ਸ਼ਹਿਰਾਂ-ਪਿੰਡਾਂ ਅਤੇ ਪ੍ਰਬੰਧ ਬਾਰੇ ਪੂਰਾ-ਪੂਰਾ ਵਿਵਰਣ ਦਿਤਾ ਹੈ। ਇਸ ਗ੍ਰੰਥ ਵਿਚ 508 ਗੁਰਦਵਾਰਿਆਂ/ਤੀਰਥਾਂ ਦਾ ਵਰਣਨ ਹੈ। ਜੋ ਪੁਜਾਰੀਆਂ ਨੇ ਆਪਣੀ ਉਪਜੀਵਕਾ ਵਾਸਤੇ ਮਿਥਿਹਾਸਕ ਕਲਪੇ ਹਨ, ਉਨ੍ਹਾਂ ਦਾ ਜ਼ਿਕਰ ਨਹੀਂ ਕੀਤਾ ਗਿਆ।

ਵਰਤਮਾਨ ਸਮੇਂ ਸ੍ਰੀ ਹੇਮ ਕੁੰਟ ਦੀ ਬੜੀ ਪ੍ਰਸਿਧੀ ਹੈ। ਹੇਮ ਕੁੰਟ ਨੂੰ ਭਾਲ ਕੇ ਪ੍ਰਗਟ ਕਰਨ ਵਾਲੇ, ਹੇਮ ਕੁੰਟ ਦੀ ਨਿਸ਼ਾਨ ਦੇਹੀ ਕਰਨ ਵਾਲੇ, ਆਪ ਜੀ ਸਨ। ਮਹਾਭਾਰਤ ਆਦਿਕ ਪੁਰਾਤਨ ਗ੍ਰੰਥਾਂ ਦੇ ਹਵਾਲੇ ਦੇ ਕੇ ਹੇਮਕੁੰਟ ਦੇ ਸਥਾਨ ਨੂੰ ਜਨ ਸਾਧਾਰਣ ਵਿਚ ਪ੍ਰਸਿਧ ਕੀਤਾ। ਹੇਮ ਕੁੰਟ (ਗੰਧ ਮਾਦਨ) ਪਰਬਤ ਦੀ ਭੂਗੋਲਿਕ ਪੜਚੋਲ ਕੀਤੀ, ਜਿਸ ਦੇ ਪੜ੍ਹਨ ਤੋਂ ਆਪ ਜੀ ਦੇ ਭੂਗੋਲ ਸੰਬੰਧੀ ਗਿਆਨ ਦਾ ਪਤਾ ਲਗਦਾ ਹੈ।

ਗੁਰ ਤੀਰਥ ਸੰਗ੍ਰਹਿ ਪਹਿਲੀ ਵਾਰ 1884 ਈ. ਵਿਚ ਲਿਥੋਗ੍ਰਾਫੀ (ਪਥਰ ਛਾਪੇ) ਵਿਚ ਪ੍ਰਕਾਸ਼ਿਤ ਹੋਇਆ ਸੀ।

**ਸਿਰੀ ਰਾਗ ਦਾ ਟੀਕਾ** (1885 ਈ.) : ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਗੁਰੂ ਗ੍ਰੰਥ ਸਾਹਿਬ ਦੇ ਟੀਕੇ ਦੀ ਆਵਸ਼ਕਤਾ ਨੂੰ ਸਮਝਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਜਿਵੇਂ ਵੇਦਾਂ ਦਾ ਟੀਕਾ ਜ਼ਰੂਰੀ ਹੈ, ਇਸੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਹੋਣਾ ਜ਼ਰੂਰੀ ਹੈ। ਆਪ ਜੀ ਦਾ ਵਿਚਾਰ ਪੂਰੇ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਦਾ ਸੀ, ਪਰ ਕੇਵਲ ਸਿਰੀ ਰਾਗ ਤਕ ਹੀ ਟੀਕਾ ਹੋ ਸਕਿਆ। ਇਸ ਟੀਕੇ ਤੋਂ ਉਨ੍ਹਾਂ ਦੀ ਟੀਕਾਕਾਰੀ-ਕਲਾ ਦੇ ਪ੍ਰੌਢ ਗਿਆਨ ਦਾ ਪਤਾ ਲਗਦਾ ਹੈ। ਇਸ ਟੀਕੇ ਵਿਚ ਸਮਾਧਾਨ ਉਥਾਨਕਾ ਸਹਿਤ ਟੀਕਾਕਾਰੀ ਦੇ ਸਰਵ ਨਿਯਮਾਂ ਦੀ ਪਾਲਣਾ ਕੀਤੀ ਹੈ।

**ਗੁਰੁ ਗਿਰਾਰਥ ਕੋਸ਼** (1889 ਈ.) : ਇਹ ਗ੍ਰੰਥ ਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਮੁਕੰਮਲ ਕੋਸ਼ ਹੈ, ਜਿਸ ਵਿਚ ਗੁਰਬਾਣੀ ਦੇ ਪਦ-ਪਦਾਰਥਾਂ ਦੀ ਸਪਸ਼ਟ ਵਿਆਖਿਆ ਕੀਤੀ ਗਈ ਹੈ। ਇਹ ਸਰਵ-ਸ੍ਰੇਸ਼ਟ ਗ੍ਰੰਥ ਅੱਜ ਤੋਂ ਇਕ ਸੌ ਵਰਸ਼ ਪੂਰਵ ਲਿਖਿਆ ਗਿਆ ਸੀ। ਇਸ ਦੀ ਲਿਖਤ ਤੋਂ ਪੰਡਿਤ ਜੀ ਦੀ ਵਿਦਵਤਾ, ਲਗਨ ਅਤੇ ਘਾਲਣਾ ਦਾ ਪਤਾ ਲਗਦਾ ਹੈ। ਇਸ ਗ੍ਰੰਥ ਵਿਚ ਕਈ ਨਵੇਂ ਵਾਧੇ ਹਨ। ਵਾਰਤਕ ਦੀ ਨਵੀਨ ਸ਼ੈਲੀ ਵਿਚ ਉਤਰੀ ਭਾਰਤ ਦਾ ਪਹਿਲਾ ਕੋਸ਼ ਹੈ ਜੋ ਕਿ ਸ਼ਬਦਾਂ ਦੀ ਵਿਆਖਿਆ ਉਦਾਹਰਣ ਸਹਿਤ ਕਰਦਾ ਹੈ। ਕਿਸੇ-ਕਿਸੇ ਸ਼ਬਦ ਦੀ ਵਿਆਖਿਆ ਅਤਿ ਵਿਸਤ੍ਰਿਤ ਹੈ, ਜਿਵੇਂ ਆਤਮਾ, ਸ੍ਰਿਸ਼ਟੀ, ਹਿੰਦੂ ਆਦਿਕ ਸ਼ਬਦ ਹਨ। ਛਪਾਈ ਮੋਟੇ ਅੱਖਰਾਂ ਵਿਚ ਲਿਥੋਗ੍ਰਾਫੀ (ਪੱਥਰ ਦੇ ਛਾਪੇ) ਦੀ ਹੈ।

ਪਹਿਲੀ ਸੈਂਚੀ 702 ਪੰਨੇ ਦੀ 'ਣ' ਅੱਖਰ ਤਕ, 'ਨਿਊ ਇੰਪੀਰੀਅਲ ਪ੍ਰੈਸ ਲਾਹੌਰ' ਅਤੇ 'ਰਾਜਿੰਦਰਾ ਪ੍ਰੈਸ ਪਟਿਆਲਾ' ਵਿਚ ਛਪੀ ਹੈ। ਇਸ ਸੈਂਚੀ ਵਿਚ 12 ਪੰਨੇ ਦੀ ਭੂਮਿਕਾ ਪੜ੍ਹਨ ਯੋਗ ਹੈ। ਦੂਜੀ ਸੈਂਚੀ 'ਤ' ਤੋਂ 'ੜ' ਅੱਖਰ ਤੱਕ 706 ਪੰਨੇ ਦੀ ਹੈ ਜੋ 'ਰਾਜਿੰਦਰਾ ਪ੍ਰੈਸ ਪਟਿਆਲਾ' ਵਿਚ ਛਪੀ ਹੈ।[1] ਆਪ ਜੀ ਦੀ ਕਵਿਤਾ ਦਾ ਨਮੂਨਾ ਇਸ ਤਰ੍ਹਾਂ ਹੈ-

**"ਸੁਤੇ ਸਿੱਧ ਸੁੱਧ ਬੁੱਧ ਨਿਤਯ ਨਿਰਵਿਕਾਰ ਰੂਪ,**
**ਨਿਰਜੁਰ ਨਿਰੀਹ ਨਿਰਦੋਖ ਨਿਰਾਕਾਰ ਹੈ।**
**ਅਜੈ ਅਬਿਨਾਸੀ ਆਦਿ ਅੰਤਿ ਸੇ ਬਿਹੀਨ ਰੂਪ,**
**ਅਲਖ ਅਪਾਰ ਪਾਰ ਨਿਖਲ ਪਸਾਰ ਹੈ।**

[1] ਵਰਤਮਾਨ ਸਮੇਂ ਇਹ ਗ੍ਰੰਥ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਦੋ-ਭਾਗਾਂ ਵਿਚ ਪ੍ਰਕਾਸ਼ਿਤ ਹੋ ਚੁਕਾ ਹੈ।

**ਏਕ ਰੂਪ ਏਕ ਜੋਤਿ ਏਕ ਸੁਖ ਏਕ ਓਤ,**
**ਏਕ ਨਿਧੀ ਏਕ ਦੇਵ ਏਕਾ ਏਕੰਕਾਰ ਹੈ।**
**ਵਹੀ ਨਿਜ ਮਾਯਾ ਮੇਂ ਪਸਾਰ ਜੋਤਿ ਤੀਨ ਰੂਪ,**
**ਧਾਰਕੇ ਕਹਾਯੋ ਗਿਰਾ ਸਾਰ ਉਅੰਕਾਰ ਹੈ।"**

ਪੰਡਿਤ ਜੀ ਸੰਸਕ੍ਰਿਤ ਦੇ ਅਦੁਤੀ ਵਿਦਵਾਨ ਹੁੰਦੇ ਹੋਏ ਵੀ ਗ੍ਰੰਥ ਰਚਨਾ ਗੁਰਮੁਖੀ ਲਿਪੀ ਵਿਚ ਕਰਦੇ ਸਨ। ਆਪ ਜੀ ਨੇ ਦੇਵਨਾਗਰੀ ਲਿਪੀ ਦੀ ਤਰ੍ਹਾਂ ਸ਼ੁਧ ਸ੍ਵਰ (ਆਵਾਜ਼) ਉਚਾਰਣ ਵਾਸਤੇ ਗੁਰਮੁਖੀ ਲਿਪੀ ਵਿਚ ਨਵੇਂ ਅੱਖਰ ਵੀ ਬਣਾਏ ਜਿਸ ਤਰ੍ਹਾਂ-

ਸ਼- ਇਸ ਸੰਸਕ੍ਰਿਤ ਦਾ ਸ਼ ਹੈ ਜੋ ਦੋਸ਼, ਭੂਸ਼ਣ, ਵਿਸ਼ਯ ਵਿਸ਼ੇਸ਼ ਆਦਿ ਸ਼ਬਦਾਂ ਵਿਚ ਵਰਤਿਆ ਜਾਂਦਾ ਹੈ।

ਕ੍ਸ਼- ਇਹ ਸੰਸਕ੍ਰਿਤ ਦਾ ਕ੍ਸ਼ ਹੈ, ਜੋ ਅਕ੍ਸ਼ਰ, ਪਰਿਕ੍ਸ਼ਾ, ਲਕ੍ਸ਼ਣ ਆਦਿ ਸ਼ਬਦਾਂ ਵਿਖੇ ਵਰਤੀਦਾ ਹੈ।

ੲ -ਇਹ ਸਿਰ ਪਰ ਲਗਨੇ ਵਾਲਾ ਰਾਰਾ ਹੈ, ਜੋ ਅੱਧੇ ਰਾਰੇ ਦੀ ਦੂਜੇ ਅੱਖਰ ਨਾਲ ਮਿਲਕੇ ਆਵਾਜ਼ ਦਿੰਦਾ ਹੈ, ਯਥਾ- ਸਵੰ, ਕਮੰ, ਗਵੰ, ਚਚੰ ਆਦਿ।

ਇਨ੍ਹਾਂ ਧੁਨੀਆਂ ਨੂੰ ਆਪ ਜੀ ਨੇ 'ਗੁਰੁ ਗਿਰਾਰਥ ਕੋਸ਼' ਵਿਚ ਵਰਤਿਆ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਆਪਣੇ ਗ੍ਰੰਥਾਂ ਵਿਚ ਇਨ੍ਹਾਂ ਨਵੇਂ ਅੱਖਰਾਂ ਦਾ ਖੁਲ੍ਹ ਕੇ ਪ੍ਰਯੋਗ ਕੀਤਾ ਹੈ। ਇਹ ਪੰਡਿਤ ਜੀ ਦੀ ਗੁਰਮੁਖੀ ਲਿਪੀ ਵਾਸਤੇ ਦੇਣ ਹੈ।

ਸ੍ਰੀ ਪੰਡਿਤ ਤਾਰਾ ਸਿੰਘ ਜੀ ਨਰੋਤਮ ਆਪਣੇ ਸਮੇਂ ਦੇ ਮਹਾਨ ਵਿਆਖਿਕਾਰ ਸਨ। ਆਪ ਜੀ ਨੇ ਜੀਵਨ ਭਰ ਗੁਰਮਤਿ/ਗੁਰਬਾਣੀ ਦੀ ਖੋਜ ਵਿਚ ਸਮਾਂ ਬਿਤੀਤ ਕੀਤਾ ਹੈ। ਸਾਰਾ ਜੀਵਨ ਗੁਰਮਤਿ ਵਿਚਾਰਧਾਰਾ ਨੂੰ ਸਪਸ਼ਟ ਕਰਨ ਵਿਚ ਲਾਇਆ। ਆਪ ਜੀ ਨੇ ਦ੍ਰਿੜ੍ਹਤਾ ਨਾਲ ਲਿਖਿਆ ਹੈ ਕਿ ਗੁਰਬਾਣੀ ਦੀ ਵਿਆਖਿਆ ਕਰਨੀ, ਟੀਕੇ ਕਰਨੇ, ਗੁਰੂ ਕੇ ਸਿਖ ਦਾ ਕਰਤੱਵਜ ਹੈ। ਸੋ ਆਪ ਜੀ ਇਸ ਬਚਨ ਅਨੁਸਾਰ ਗੁਰੂ ਘਰ ਦੀ ਸੇਵਾ ਅੰਤਿਮ ਸ੍ਵਾਸਾਂ ਤਕ ਕਰਦੇ ਰਹੇ। ਆਪ ਜੀ ਦੇ ਮਹਾਨ ਉਪਕਾਰ ਸਿਖ ਪੰਥ ਵਿਚ ਸਤਿਕਾਰ ਨਾਲ ਯਾਦ ਕੀਤੇ ਜਾਣਗੇ।

ਪੰਡਿਤ ਗੁਰਦੀਪ ਸਿੰਘ ਜੀ ਕੇਸਰੀ ਕਾਸ਼ੀ ਵਾਲਿਆਂ ਨੇ ਆਪ ਜੀ ਦੁਆਰਾ ਰਚਿਤ 19 ਗ੍ਰੰਥਾਂ ਦੀ ਸੂਚੀ ਦਿਤੀ ਹੈ। ਸ. ਸਮਸ਼ੇਰ ਸਿੰਘ ਜੀ 'ਅਸ਼ੋਕ' ਨੇ 14 ਗ੍ਰੰਥ ਦਸੇ ਹਨ। ਡਾ. ਰਤਨ ਸਿੰਘ 'ਜੱਗੀ' ਨੇ 10 ਗ੍ਰੰਥਾਂ ਦੀ ਸੂਚੀ ਦਿਤੀ ਹੈ। ਵਾਸਤਵ ਵਿਚ ਬਹੁਤ ਸਾਰੇ ਅਜਿਹੇ ਲੇਖ ਹਨ ਜੋ ਗੁਰੁਮਤ ਨਿਰਣਯ ਸਾਗਰ ਦੇ ਅੰਤ ਵਿਚ ਅੰਕਿਤ ਹਨ। ਇਨ੍ਹਾਂ ਨੂੰ ਕਈ ਵਿਦਵਾਨਾਂ ਨੇ ਦੋ ਵਖਰੇ ਗ੍ਰੰਥਾਂ ਦੇ ਰੂਪ ਪਰਵਾਨ ਕੀਤਾ ਹੈ ਜੋ ਗੁਰੁਮਤ ਨਿਰਣਯ ਸਾਗਰ ਦੇ ਪਰਿਸ਼ਿਸ਼ਟ ਦੇ ਰੂਪ ਵਿਚ ਮਗਰ ਅੰਕਿਤ ਹਨ।

**ਗਿਆਨੀ ਗਿਆਨ ਸਿੰਘ ਜੀ**[1] : ਗਿਆਨੀ ਗਿਆਨ ਸਿੰਘ ਜੀ ਧੁਰੰਧਰ ਵਿਦਵਾਨ, ਮਹਾਨ ਕਵੀ ਅਤੇ ਇਤਿਹਾਸਕਾਰ ਸਨ। ਆਪ ਜੀ ਨੇ ਬ੍ਰਜ ਭਾਸ਼ਾ ਵਿਚ ਪ੍ਰਸਿਧ ਗ੍ਰੰਥ 'ਸ੍ਰੀ ਗੁਰੂ ਪੰਥ ਪ੍ਰਕਾਸ਼' ਮਹਾ ਕਾਵਯ ਲਿਖਿਆ ਹੈ। ਪੰਜਾਬੀ ਵਾਰਤਕ ਵਿਚ 'ਤਵਾਰੀਖ਼ ਗੁਰੂ ਖਾਲਸਾ' ਅੰਕਿਤ ਕੀਤੀ ਹੈ। ਨਵੀਨ ਪੰਜਾਬੀ ਵਾਰਤਕ ਦੇ ਆਪ ਜੀ ਮੋਢੀ ਸਨ, ਜੋ ਨਿਖਰਵੀਂ ਸ਼ੁਧ ਰੂਪ ਵਿਚ ਬਾ-ਦਲੀਲ ਬਾ-ਤਰਤੀਬ ਲਿਖੀ ਹੈ। ਜਿਸ ਨਾਲ ਜਨ ਸਾਧਾਰਨ ਪੇਂਡੂ ਜਨਤਾ ਨੂੰ ਅਤਿ ਲਾਭ ਪਹੁੰਚਿਆ ਹੈ। ਆਪ ਜੀ ਦੀ ਵਾਰਤਕ ਵਿਚ ਆਧੁਨਿਕ ਸ਼ੈਲੀ ਦੇ ਸਾਰੇ ਲਕਸ਼ਣ ਵਿਦਮਾਨ ਹਨ। ਵਾਰਤਕ ਸ਼ੈਲੀ ਸਰਬ ਗੁਣ ਭਰਪੂਰ ਹੈ, ਜਿਸ ਵਿਚ ਸਿਖ ਇਤਿਹਾਸ ਨੂੰ ਵੇਰਵੇ ਸਹਿਤ ਅੰਕਿਤ ਕੀਤਾ ਹੈ। ਹਰ ਘਟਨਾ ਨੂੰ ਵਿਚਾਰ ਤੋਲ ਕੇ ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਨੇ ਸਾਰੇ ਭਾਰਤ ਦੇਸ਼ਾਟਨ ਕੀਤਾ ਪਰ ਗੁਰੂ ਜੀ ਦੇ ਉਪਕਾਰ, ਗੁਰਦਵਾਰਿਆਂ ਦਾ ਵਰਨਣ, ਪੁਰਾਤਨ ਗ੍ਰੰਥਾਂ/ਜਨਮ ਸਾਖੀਆਂ ਵਿਚ ਬਹੁਤ ਘਟ ਆਇਆ ਹੈ। ਗਿਆਨੀ ਗਿਆਨ ਸਿੰਘ ਜੀ ਨੇ ਸ੍ਵਯੰ ਦੇਸ ਦਾ ਭ੍ਰਮਣ ਕਰਕੇ ਅਨੇਕ ਅਕਹਿ-ਅਸਹਿ ਕਸ਼ਟ ਸਹਿ ਕੇ ਗੁਰੂ ਜੀ ਦੇ ਸਮੂਹ ਸਥਾਨਾਂ 'ਤੇ ਪਹੁੰਚਣ ਦਾ ਯਤਨ ਕੀਤਾ ਅਤੇ ਬਾ-ਤਰਤੀਬ ਭੂਗੋਲਿਕ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਜੀਵਨ ਕਥਾ ਲਿਖੀ। ਨਾਲ ਹੀ ਭਾਰਤ ਦੀਆਂ ਅਨੇਕ ਜਾਤੀਆਂ ਦੇ ਰਸਮੋ ਰਿਵਾਜ਼ਾਂ, ਧਾਰਮਿਕ ਵਿਸ਼ਵਾਸਾਂ ਦਾ ਖੋਜ ਪੂਰਤ ਵਰਣਨ ਕੀਤਾ ਹੈ। ਮੁਖ ਗਲ ਇਹ ਹੈ ਕਿ ਗਿਆਨੀ ਜੀ ਅੰਧ-ਵਿਸ਼ਵਾਸੀ ਨਹੀਂ ਸਨ। ਭਾਰਤ ਵਿਚ ਧਰਮ ਦੇ ਨਾਮ ਹੇਠ ਹੋ ਰਹੀਆਂ ਅਨੇਕ ਕੁਰੀਤੀਆਂ ਦਾ ਉਨ੍ਹਾਂ ਨੇ ਡਟ ਕੇ ਖੰਡਨ ਕੀਤਾ ਹੈ।

ਆਪ ਜੀ ਪਹਿਲੇ ਵਿਦਵਾਨ ਸਨ, ਜਿਨ੍ਹਾਂ ਨੇ ਦੇਸ਼ ਦੇ ਪੁਸਤਕਾਲਯ ਫੋਲ-ਫੋਲ ਕੇ ਗੁਰ-ਇਤਿਹਾਸ ਦਾ ਮਸਾਲਾ ਇਕਤ੍ਰ ਕੀਤਾ, ਬਿਰਧਾਂ ਤੋਂ ਜਾਣਕਾਰੀ ਲੈ ਕੇ ਅੰਕਿਤ ਕੀਤੀ। ਕਿਸੀ ਨੇ ਕੇਵਲ ਦਸਾਂ ਗੁਰੂਆਂ ਤਕ ਲਿਖਿਆ ਹੈ, ਕਿਸੀ ਨੇ

[1] ਪਿਤਾ- ਸ. ਭਾਗ ਸਿੰਘ ਜੀ 'ਦੁਲਟ', ਮਾਤਾ- ਦੇਸਾਂ, ਜਨਮ- 17 ਅਪ੍ਰੈਲ 1822 ਈ., ਪਿੰਡ- ਲੌਂਗੋਵਾਲ (ਜ਼ਿਲ੍ਹਾ ਸੰਗਰੂਰ)।

ਬਾਬਾ ਬੰਦਾ ਸਿੰਘ ਤਕ ਕਿਸੀ ਨੇ ਮਿਸਲਾਂ ਤਕ, ਕਿਸੀ ਨੇ ਮਹਾਰਾਜਾ ਰਣਜੀਤ ਸਿੰਘ ਤਕ ਲਿਖਿਆ ਹੈ। ਪਰ ਗਿਆਨੀ ਗਿਆਨ ਸਿੰਘ ਜੀ ਅਜਿਹੇ ਮਹਾਨ ਵਿਦਵਾਨ ਹੋਏ ਹਨ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ 1920 ਈ. ਤਕ ਦਾ ਪੰਜ ਸੌ ਵਰਸ਼ ਦਾ ਇਤਿਹਾਸ ਲਿਖ ਕੇ ਮਹਾਨ ਸੇਵਾ ਕੀਤੀ ਹੈ। ਪਹਿਲੀ ਵਾਰ ਉਦਾਸੀਆਂ, ਨਿਰਮਲਿਆਂ, ਸੇਵਾ ਪੰਥੀਆਂ, ਨਿਹੰਗ ਸਿੰਘਾਂ, ਨਾਮਧਾਰੀਆਂ ਆਦਿਕ ਅਨੇਕ ਸੰਪ੍ਰਦਾਵਾਂ ਦਾ ਇਤਿਹਾਸ ਵਿਸਤਾਰ ਪੂਰਬਕ ਲਿਖਿਆ ਹੈ। ਇਸ ਹਾਲ ਵਿਚ ਵੀ ਗਿਆਨੀ ਗਿਆਨ ਸਿੰਘ ਜੀ ਨੇ ਪਹਿਲ ਕਰਦੇ ਹੋਏ ਪੰਜਾਬ ਦੇ ਸਭਿਆਚਾਰ ਰਹਿਣ-ਸਹਿਣ, ਰਸਮੋ-ਰਿਵਾਜ਼, ਖਾਣ-ਪਾਨ, ਗ਼ਮੀ-ਸ਼ਾਦੀ 'ਤੇ ਵਿਆਖਿਆ ਪੂਰਬਕ ਲਿਖਕੇ ਦਸਿਆ ਹੈ ਕਿ ਸਾਡੇ ਵਡੇਰੇ ਕਿਸ ਸਥਿਤੀ ਵਿਚ ਦੀ ਗੁਜ਼ਰਦੇ ਹੋਏ ਹੁਣ ਤਕ ਪਹੁੰਚੇ ਹਨ। ਆਪ ਨੇ ਤਿੰਨ ਸੌ ਤੋਂ ਉਪਰ ਸਿਖ ਘਰਾਣਿਆਂ ਦਾ ਇਤਿਹਾਸ ਵੀ ਲਿਖਿਆ ਸੀ, ਜੋ ਗੁੰਮ ਹੋ ਗਿਆ ਹੈ। ਅੰਮ੍ਰਿਤਸਰ ਅਤੇ ਲਾਹੌਰ ਦੀ ਤਵਾਰੀਖ਼ ਵੀ (ਉਰਦੂ ਅਤੇ ਪੰਜਾਬੀ ਵਿਚ) ਪਹਿਲੀ ਵਾਰ ਆਪ ਜੀ ਨੇ ਲਿਖੀ ਹੈ। ਨਿਹੰਗ ਸਿੰਘਾਂ ਦੇ ਬੋਲੇ ਪਹਿਲੀ ਵਾਰ ਆਪ ਜੀ ਨੇ ਇਕੱਠੇ ਕਰਕੇ ਲਿਖੇ ਹਨ।

ਵਰਤਮਾਨ ਇਤਿਹਾਸਕਾਰਾਂ ਨੂੰ ਗਿਆਨੀ ਜੀ ਦੇ ਇਤਿਹਾਸ ਤੋਂ ਸੇਧ ਮਿਲਦੀ ਹੈ। ਕੋਈ ਇਤਿਹਾਸਕਾਰ ਗਿਆਨੀ ਜੀ ਦੀਆਂ ਲਿਖਤਾਂ ਵਾਚੇ ਬਿਨਾ ਲਿਖਣ ਦਾ ਦਾਅਵਾ ਨਹੀਂ ਕਰ ਸਕਦਾ। ਇਤਿਹਾਸ ਦੇ ਵਿਦਿਆਰਥੀ ਗਿਆਨੀ ਜੀ ਦੇ ਸਦਾ ਰਿਣੀ ਰਹਿਣਗੇ। ਗਿਆਨੀ ਜੀ ਨੇ ਹੇਠ ਲਿਖੇ ਗ੍ਰੰਥਾਂ ਦੀ ਰਚਨਾ ਕੀਤੀ-

**ਸ੍ਰੀ ਗੁਰ ਪੰਥ ਪ੍ਰਕਾਸ਼** (1880 ਈ.) : ਇਹ ਗ੍ਰੰਥ ਬ੍ਰਜ ਭਾਸ਼ਾ ਦਾ ਅਦੁਤੀ ਮਹਾਕਾਵਜ, ਸਿਖ ਇਤਿਹਾਸ ਦਾ ਪ੍ਰਮਾਣੀਕ ਅਤੇ ਸਾਹਿਤਜਕ ਗੁਣਾਂ ਨਾਲ ਵਿਭੂਸ਼ਤ ਇਤਿਹਾਸ ਹੈ। ਸਿਖ ਸਾਹਿਤਜ ਵਿਚ 'ਗੁਰ ਪ੍ਰਤਾਪ ਸੂਰਜ' ਨੂੰ ਛਡ ਕੇ ਅਜੇਹਾ ਹੋਰ ਗ੍ਰੰਥ ਦ੍ਰਿਸ਼ਟੀ ਗੋਚਰ ਨਹੀਂ ਹੁੰਦਾ। ਹਿੰਦੀ ਸਾਹਿਤਜ ਦੇ ਵਿਦਵਾਨ ਇਸ ਮਹਾਕਾਵਜ 'ਤੇ ਰਸ਼ਕ ਕਰਦੇ ਹਨ। ਇਹ ਗ੍ਰੰਥ ਸੰਮਤ 1925 ਬਿ. ਵਿਚ ਸਮਾਪਤ ਹੋਇਆ। ਇਸ ਗ੍ਰੰਥ ਦੀ ਪਹਿਲੀ ਛਾਪ ਵਿਚ 65 ਬਿਸ੍ਰਾਮ (ਅਧਿਆਏ) ਅਤੇ 715 ਪੰਨੇ ਸਨ। ਪ੍ਰਕਾਸ਼ਤ ਹੋਣ ਦੀ ਤਿਥਿ ਟਾਈਟਲ 'ਤੇ ਇਸ ਤਰ੍ਹਾਂ ਲਿਖੀ ਹੈ- ਸ਼ੁਭ ਸੰਮਤ ਨਾਨਕ ਸ਼ਾਹੀ 411 ਸੰਮਤ 1936 ਬਿ. ਮੁਤਾਬਿਕ ਸੰਨ 1880 ਈ. ਸ੍ਰੀ ਗੁਰੁ ਪੰਥ ਪ੍ਰਕਾਸ਼ ਦੀ ਪਹਿਲੀ ਛਾਪ ਹਾਫਜ਼ ਅਜ਼ੀਜ਼ ਦੀਨ ਦੇ ਪ੍ਰਬੰਧ ਵਿਚ ਮਰਤਬਾ ਮੁਰਤਜ਼ਬੀ ਦਿਲੀ 'ਚ ਲਿਥੋਗ੍ਰਾਫੀ ਵਿਚ ਛਪੀ।

**ਤਵਾਰੀਖ਼ ਗੁਰੂ ਖਾਲਸਾ** : ਜਿਵੇਂ ਪੰਥ ਪ੍ਰਕਾਸ਼ ਬ੍ਰਜ ਭਾਸ਼ਾ ਸਾਹਿਤਜ ਵਿਚ ਅਦੁਤੀ ਮਹਾਕਾਵਜ ਹੈ, ਇਸੀ ਤਰ੍ਹਾਂ ਤਵਾਰੀਖ਼ ਗੁਰੂ ਖਾਲਸਾ (ਪੰਜ ਭਾਗ) ਠੇਠ ਪੰਜਾਬੀ ਵਿਚ ਅਪੂਰਵ ਰਚਨਾ ਹੈ। ਗਿਆਨੀ ਗਿਆਨ ਸਿੰਘ ਜੀ ਆਧੁਨਿਕ ਪੰਜਾਬੀ ਵਾਰਤਕ ਦੇ ਪਿਤਾਮਹ ਹਨ। ਆਪ ਜੀ ਨੇ ਪੰਜਾਬੀ ਵਾਰਤਕ ਵਿਚ ਗੁਰ ਇਤਿਹਾਸ ਲਿਖਕੇ ਸ਼ਾਨਦਾਰ ਸੇਵਾ ਕੀਤੀ ਹੈ। ਤਵਾਰੀਖ਼ ਗੁਰੂ ਖਾਲਸਾ ਨੇ ਹਜ਼ਾਰਾਂ ਵਿਅਕਤੀਆਂ ਨੂੰ ਗੁਰਸਿਖੀ ਨਾਲ ਜੋੜਿਆ ਹੈ। ਤਵਾਰੀਖ਼ ਗੁਰੂ ਖਾਲਸਾ ਦਾ ਪਹਿਲਾ ਭਾਗ ਸੰਨ 1891 ਈ. ਵਿਚ ਮਤਬਾ ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰੈਸ, ਸਿਆਲਕੋਟ (ਪਾਕਿਸਤਾਨ) ਵਿਚ 18×22×4 ਆਕਾਰ ਦੇ 361 ਪੰਨਿਆਂ 'ਚ ਲਿਥੋਗ੍ਰਾਫੀ ਵਿਚ ਛਪਿਆ ਸੀ। ਇਸ ਭਾਗ ਵਿਚ ਗੁਰੂ ਨਾਨਕ ਦੇਵ ਜੀ ਦੀ ਪੂਰਨ ਜੀਵਨ ਕਥਾ ਹੈ।

**ਸਮਸ਼ੇਰ ਖਾਲਸਾ** : ਲਿਥੋਗ੍ਰਾਫੀ (ਪਥਰ ਦੇ ਛਾਪੇ) ਵਿਚ 18×22×4 ਦੇ ਆਕਾਰ 'ਚ 117 ਪੰਨੇ ਹਨ। ਮਤਬਾ ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰੈਸ ਸਿਆਲਕੋਟ ਵਿਚ ਸੰਨ 1892 ਈ. ਵਿਚ ਛਪਿਆ। ਇਸ ਗ੍ਰੰਥ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਹਾਲਾਤ, ਸਿੰਘਾਂ ਦੀਆਂ ਸ਼ਹੀਦੀਆਂ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤਕ ਦਾ ਇਤਿਹਾਸ ਹੈ।

**ਰਾਜ ਖਾਲਸਾ** : ਇਹ ਗ੍ਰੰਥ ਛਾਪਾ ਪੱਥਰ 'ਪਖਾਣ ਯੰਤ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰੈਸ' ਬੇਰ ਬਾਬਾ ਨਾਨਕ ਸਿਆਲਕੋਟ ਵਿਚ ਸੰਨ 1894 ਨੂੰ ਛਪਿਆ। ਇਸ ਗ੍ਰੰਥ ਦੇ 528 ਪੰਨੇ ਹਨ। ਮਿਸਲਾਂ, ਫੂਲਕੀਆਂ ਰਿਆਸਤਾਂ ਦੇ ਹਾਲਾਤ, ਮਹਾਰਾਜਾ ਰਣਜੀਤ ਸਿੰਘ ਅਤੇ ਮਗਰੋਂ ਦਾ ਇਤਿਹਾਸ ਅੰਕਿਤ ਹੈ।

**ਸਰਦਾਰ ਖਾਲਸਾ, ਪੰਥ ਖਾਲਸਾ** : ਇਹ ਗ੍ਰੰਥ ਗੁੰਮ ਹੋ ਗਏ ਹਨ।

**ਸ੍ਰੀ ਗੁਰ ਪੁਰਬ ਪ੍ਰਕਾਸ਼** : ਇਹ ਬ੍ਰਜ ਕਾਵਜ ਵਿਚ ਲਿਖਿਆ ਗ੍ਰੰਥ ਹੈ, ਜੋ ਸੰਮਤ 1923 ਬਿ. ਵਿਚ ਲਿਖਿਆ ਗਿਆ ਸੀ। 18 ਵਰਸ਼ ਮਗਰੋਂ ਮਤਬਾ ਸ੍ਰੀ ਅਕਾਲ ਯੰਤ੍ਰ ਸੁਧਾਸਰ (ਅੰਮ੍ਰਿਤਸਰ) 'ਚ 21 ਮਾਘ 1940 ਬਿ. ਨੂੰ ਛਪਿਆ ਸੀ। ਇਸ ਗ੍ਰੰਥ ਦੇ 20×26×8 ਆਕਾਰ ਦੇ 80 ਪੰਨੇ ਹਨ। ਗੁਰੂ ਸਾਹਿਬਾਨ ਦੇ ਅਵਤਾਰ ਅਤੇ ਜੋਤੀ-ਜੋਤਿ ਸਮਾਉਣ ਦੇ ਪਰਵ ਅੰਕਿਤ ਹਨ। ਕਵਿਤਾ ਪ੍ਰਭਾਵਸ਼ਾਲੀ ਹੈ।

ਦੂਸਰਾ ਗੁਰ ਪੁਰਬ ਪ੍ਰਕਾਸ਼ ਆਪ ਜੀ ਨੇ ਵਾਰਤਕ ਵਿਚ ਅੰਕਿਤ ਕੀਤਾ ਹੈ, ਜੋ ਠੇਠ ਪੰਜਾਬੀ ਵਿਚ ਹੈ। ਇਸ ਗ੍ਰੰਥ ਵਿਚ ਗੁਰੂ ਸਾਹਿਬਾਨ ਦੇ ਉਪਕਾਰਾਂ ਬਾਰੇ ਅਤਿਅੰਤ ਸੁੰਦਰ ਲੇਖ ਲਿਖੇ ਹਨ, ਜੋ ਕਥਾਕਾਰਾਂ ਲੈਕਚਰਾਰਾਂ ਵਾਸਤੇ ਲਾਭਦਾਇਕ ਹਨ।

**ਨਿਰਮਲ ਪੰਥ ਪ੍ਰਦੀਪਕਾ** : ਨਿਰਮਲ ਭੇਖ ਬਾਰੇ ਇਕੋ-ਇਕ ਪਹਿਲਾ ਪ੍ਰਮਾਣਿਕ ਗ੍ਰੰਥ ਹੈ, ਜੋ ਸੰਨ 1891 ਈ. ਵਿਚ ਮਤਬਾ ਗੁਰੂ ਗੋਬਿੰਦ ਸਿੰਘ ਪ੍ਰੈਸ ਬੇਰ ਬਾਬਾ ਨਾਨਕ ਸਿਆਲਕੋਟ ਵਿਚ ਛਪਿਆ ਹੈ। 20×26×8 ਆਕਾਰ ਦੇ 100 ਪੰਨੇ ਹਨ। ਇਹ ਸਾਧ ਭਾਸ਼ਾ ਵਾਰਤਕ ਵਿਚ ਹੈ। ਗਿਆਨੀ ਜੀ ਨੇ 'ਨਿਰਮਲ ਪੰਥ ਗੁਰ ਪ੍ਰਣਾਲਕਾ ਵ੍ਰਿਕਸ਼' ਵੀ ਪਹਿਲੀ ਵਾਰ ਸੰਗ੍ਰਹਿ ਕੀਤਾ ਹੈ। ਜਿਸ ਵਿਚ ਨਿਰਮਲ ਭੇਖ ਦੀਆਂ ਸ਼ਾਖਾਂ/ਸੰਪ੍ਰਦਾਵਾਂ ਦੇ ਸਜ਼ਰੇ ਅੰਕਿਤ ਹਨ। ਨਿਰਮਲ ਭੇਖ ਬਾਰੇ 'ਨਿਰਮਲ ਪ੍ਰਭਾਕਰ' ਗ੍ਰੰਥ ਵੀ ਆਪ ਜੀ ਨੇ ਲਿਖਿਆ ਸੀ, ਜੋ ਗੁੰਮ ਹੋ ਗਿਆ ਹੈ।

**ਖਾਲਸਾ ਧਰਮ ਪਤਿਤ ਪਾਵਨ** : ਇਹ ਗ੍ਰੰਥ ਸੰਮਤ 1951 ਬਿ. ਵਿਚ ਲਿਖਿਆ ਗਿਆ ਅਤੇ ਸੰਨ 1895 ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਗ੍ਰੰਥ ਨੂੰ 'ਸੁਧੀ ਸਭਾ' ਲਾਹੌਰ ਨੇ ਤਿਆਰ ਕਰਵਾਇਆ ਸੀ, ਜੋ 'ਐਂਗਲੋ ਸੰਸਕ੍ਰਿਤ ਪ੍ਰੈਸ' ਲਾਹੌਰ ਵਿਖੇ 18 ਪੁਆਇੰਟ ਦੇ ਅੱਖਰਾਂ ਵਿਚ 20×26×16 ਆਕਾਰ ਦੇ 138 ਪੰਨਿਆਂ ਵਿਚ ਛਪਿਆ। ਇਸ ਗ੍ਰੰਥ ਦਾ ਵਿਸ਼ਾ ਆਪਣੇ ਆਪ ਵਿਚ ਅਦੁਭੁਤ ਹੈ, ਜਿਸ ਵਿਚ ਅਨੇਕ ਜਾਤੀਆਂ ਦੀ ਉਤਪਤੀ ਦਾ ਵਰਣਨ ਹੈ। ਮੁਸਲਮਾਨਾਂ ਨੂੰ ਅੰਮ੍ਰਿਤ ਛਕਾ ਕੇ ਪੰਥ ਵਿਚ ਸ਼ਾਮਲ ਕਰਨ ਦੇ ਪ੍ਰਮਾਣ ਆਦਿਕ ਅਨੇਕ ਇਤਿਹਾਸ ਤੱਥ ਅੰਕਿਤ ਹਨ।

**ਇਤਿਹਾਸ ਰਿਆਸਤ ਬਾਗੜੀਆਂ** : ਇਹ ਗ੍ਰੰਥ ਕਵਿਤਾ ਵਿਚ ਹੈ, ਜਿਸ ਵਿਚ ਭਾਈ ਰੂਪ ਚੰਦ ਜੀ ਦੀ 'ਭਾਈ ਕੀ ਬੰਸ' ਦਾ ਪ੍ਰਮਾਣਿਕ ਇਤਿਹਾਸ ਲਿਖਿਆ ਹੈ। ਇਹ ਗ੍ਰੰਥ 'ਗੁਰਮਤਿ ਪ੍ਰੈਸ' ਅੰਮ੍ਰਿਤਸਰ ਵਿਚ 20×26×8 ਆਕਾਰ ਦੇ 160 ਪੰਨਿਆਂ ਵਿਚ ਅਪ੍ਰੈਲ 1917 ਈ. ਵਿਚ ਛਪਿਆ ਹੈ।

**ਸ੍ਰੀ ਭੂਪਿੰਦਰਾਨੰਦ** : ਇਹ ਗ੍ਰੰਥ ਸ੍ਰੀ ਗੁਰਮਤਿ ਪ੍ਰੈਸ ਅੰਮ੍ਰਿਤਸਰ ਵਿਚ 20×26×8 ਦੇ ਆਕਾਰ ਦੇ 110 ਪੰਨਿਆਂ ਵਿਚ ਅਪ੍ਰੈਲ 1917 ਈ. ਵਿਚ ਛਪਿਆ ਸੀ। ਇਸ ਗ੍ਰੰਥ ਵਿਚ ਮਹਾਰਾਜਾ ਭੂਪਿੰਦਰ ਸਿੰਘ ਜੀ ਪਟਿਆਲਾ ਪਤੀ ਦਾ ਅਨੰਦ-ਕਾਰਜ ਅਤੇ ਸਿਖ ਪੰਥ ਵਾਸਤੇ ਅਨੰਦ-ਕਾਰਜ ਦੀ ਵਿਧੀ ਗੁਰਮਤਿ ਰਹੁ-ਰੀਤਾਂ ਦਾ ਇਤਿਹਾਸਿਕ ਪ੍ਰਮਾਣਾਂ ਦੁਆਰਾ ਵਰਣਨ ਕੀਤਾ ਗਿਆ ਹੈ।

**ਸ੍ਰੀ ਰਿਪੁਦਮਨ ਪ੍ਰਕਾਸ਼** : ਇਹ ਗ੍ਰੰਥ ਭੂਪਿੰਦਰਾ ਸਟੇਟ ਪਟਿਆਲਾ ਵਿਖੇ 20×26×8 ਆਕਾਰ ਦੇ 190 ਪੰਨਿਆਂ ਵਿਚ ਸੰਨ 1919 ਈ. ਨੂੰ ਛਪਿਆ ਸੀ। ਇਸਦੇ 5 ਭਾਗ ਹਨ। ਇਸ ਗ੍ਰੰਥ ਵਿਚ ਦਸਮ ਗੁਰੂ ਜੀ ਅਤੇ ਸਿਖ ਪੰਥ ਬਾਰੇ ਲਿਖਿਆ ਹੈ। ਇਹ ਗ੍ਰੰਥ ਪੰਜਾਬ ਯੂਨੀਵਰਸਿਟੀ ਦੇ ਬੁਧੀਮਾਨੀ, ਵਿਦਵਾਨੀ ਅਤੇ ਗਿਆਨੀ ਦੇ ਕੋਰਸ ਬਾਰੇ ਤਿਆਰ ਕੀਤਾ ਗਿਆ ਸੀ।

**ਤਵਾਰੀਖ਼ ਸ੍ਰੀ ਅੰਮ੍ਰਿਤਸਰ** : ਇਹ ਗ੍ਰੰਥ ਗੁਰੂ ਖਾਲਸਾ ਪ੍ਰੈਸ ਅੰਮ੍ਰਿਤਸਰ ਵਿਖੇ 24 ਪੁਆਇੰਟ ਦੇ ਅੱਖਰਾਂ ਵਿਚ ਪ੍ਰਕਾਸ਼ਤ ਹੋਇਆ ਹੈ। ਇਸ ਗ੍ਰੰਥ ਦੇ 17×27×8 ਆਕਾਰ ਦੇ 288 ਪੰਨੇ ਹਨ।

ਤਵਾਰੀਖ਼ ਸ੍ਰੀ ਅੰਮ੍ਰਿਤਸਰ (ਉਰਦੂ) ਭੂਪਿੰਦਰਾ ਸਟੇਟ ਪ੍ਰੈਸ ਪਟਿਆਲਾ ਵਿਖੇ 20×26×8 ਆਕਾਰ ਦੇ 112 ਪੰਨਿਆਂ ਵਿਚ 1919 ਈ. ਨੂੰ ਛਪੀ ਹੈ। ਇਹ ਅੰਮ੍ਰਿਤਸਰ ਬਾਰੇ ਖੋਜ ਪੂਰਤ ਗ੍ਰੰਥ ਹੈ।

**ਕਥਾ ਪੂਰਨਮਾਸ਼ੀ** : ਇਸ ਵਿਚ ਬਾਰਾਂ ਪੁੰਨਿਆਂ ਬਾਰੇ ਕਥਾ ਕਵਿਤਾ ਵਿਚ ਵਰਣਨ ਕੀਤੀ ਹੋਈ ਹੈ। ਇਹ ਗ੍ਰੰਥ ਅਦਲਾ-ਬਦਲੀ ਨਾਲ ਕਈ ਵਾਰ ਛਾਪਿਆ ਜਾ ਚੁਕਾ ਹੈ।

**ਗੁਰਧਾਮ ਸੰਗ੍ਰਹਿ** : ਇਹ ਗ੍ਰੰਥ 'ਭੂਪਿੰਦਰਾ ਸਟੇਟ ਪ੍ਰੈਸ, ਪਟਿਆਲਾ' ਵਿਖੇ ਸੰਨ 1921 ਈ. ਵਿਚ ਛਪਿਆ ਹੈ। ਇਸਦੇ 20×26×8 ਦੇ ਆਕਾਰ ਪੰਨੇ ਹਨ। ਇਸ ਗ੍ਰੰਥ ਵਿਚ ਸਤਿਗੁਰਾਂ ਦੇ ਉਪਕਾਰ ਅਤੇ ਸਿਖ ਪੰਥ ਦਾ ਯਸ਼ ਵਰਣਨ ਕੀਤਾ ਗਿਆ ਹੈ। ਸਿਖ-ਪੰਥ ਸੰਬੰਧੀ ਬਹੁਤ ਹੀ ਬਾਰੀਕੀ ਅਤੇ ਵਿਵੇਕ ਬੁਧੀ ਨਾਲ ਲਿਖਿਆ ਗਿਆ ਹੈ। ਬ੍ਰਜ ਭਾਸ਼ਾ ਵਿਚ ਕਵਿਤਾ ਦੇ ਅਨੇਕ ਚਮਤਕਾਰ ਵਿਖਾਏ ਗਏ ਹਨ। ਗਿਆਨੀ ਗਿਆਨ ਸਿੰਘ ਜੀ ਨੂੰ ਕਵਿਤਾ ਦੀ ਦਾਤ ਧੁਰ ਦਰਗਾਹੋਂ ਮਿਲੀ ਹੋਈ ਸੀ। ਉਹ ਛੰਦ-ਸ਼ਾਸਤ੍ਰ, ਸਾਹਿਤਜ ਦੇ ਸਰਵ-ਗੁਣ ਸੰਪੰਨ ਵਿਦਵਾਨ ਸਨ। ਆਪ ਜੀ ਭਾਰਤੀਯ ਇਤਿਹਾਸ, ਸਾਹਿਤਜ, ਦਰਸ਼ਨ ਦੇ ਅਦੁਤੀ ਗਿਆਤਾ ਸਨ।

**ਪੰਡਿਤ ਨਿਹਾਲ ਸਿੰਘ ਜੀ** : ਨਿਹਾਲ ਸਿੰਘ ਨਾਮ ਦੇ ਕਈ ਵਿਦਮਾਨ ਨਿਰਮਲ ਭੇਖ ਵਿਚ ਹੋਏ ਹਨ, ਜਿਨ੍ਹਾਂ ਦਾ ਨਿਰਣੈ ਕਰਨ ਵਿਚ ਵਿਦਵਾਨ ਵੀ ਭੁਲੇਖਾ ਖਾ ਜਾਂਦੇ ਹਨ। ਅਸੀਂ ਸਾਰਿਆਂ ਦਾ ਵਰਣਨ ਇਕ ਥਾਂ ਵੇਰਵੇ ਸਹਿਤ ਕਰਦੇ ਹਾਂ-

1. **ਪੰਡਿਤ ਨਿਹਾਲ ਸਿੰਘ ਜੀ**[1] : ਆਪ ਜੀ ਨੇ ਸੰਨ 1765 ਈ. ਵਿਚ ਜਪੁ ਗੂਢਾਰਥ ਦੀਪਕਾ (ਜਪੁਜੀ ਸੰਸਕ੍ਰਿਤ) ਗੁਰੂ ਗੋਬਿੰਦ ਸਿੰਘ ਜੀ ਤੋਂ ਕੇਵਲ 57 ਵਰਸ਼ ਮਗਰੋਂ ਲਿਖਿਆ।

[1] ਸੰਪ੍ਰਦਾਇ- ਕਾਸ਼ੀ, ਵਿਦਿਆ ਗੁਰੂ- ਪੰਡਿਤ ਸੱਦਾ ਜੀ ਕਾਸ਼ੀ।

**2. ਪੰਡਿਤ ਨਿਹਾਲ ਸਿੰਘ**[1] : ਆਪ ਜੀ ਨੇ ਤਿੰਨ ਗ੍ਰੰਥ 'ਅਕਾਲ ਨਾਟਕ', 'ਸਿਖੀ ਪ੍ਰਭਾਕਰ' ਅਤੇ 'ਨਿਰਮਲ ਪ੍ਰਭਾਕਰ' ਓਜ ਪੂਰਣ ਕਵਿਤਾ ਵਿਚ ਲਿਖੇ ਹਨ। ਪੁਰਾਤਨ ਸਿਖਾਂ ਵਿਚ ਆਪ ਜੀ ਦੀ ਕਵਿਤਾ ਦਾ ਬਹੁਤ ਸਤਿਕਾਰ ਸੀ।

**3. ਠਾਕਰ ਨਿਹਾਲ ਸਿੰਘ**[2] : ਆਪ ਜੀ ਨੇ ਜਾਪ ਸਾਹਿਬ ਦਾ 'ਚਕ੍ਰਧਰ ਚਰਿਤ੍ਰ ਚਾਰ ਚੰਦ੍ਰਕਾ' ਟੀਕਾ ਕੀਤਾ ਹੈ। ਇਹ ਵਿਸਤ੍ਰਿਤ ਵਿਆਖਿਆਤਮਿਕ ਗ੍ਰੰਥ 600 ਪੰਨੇ ਦਾ ਹੈ। ਭਾਵੇਂ ਇਹ ਗੁਰਮੁਖੀ ਲਿਪੀ ਵਿਚ ਪ੍ਰਕਾਸ਼ਿਤ ਹੋਇਆ ਹੈ, ਪਰ ਭਾਸ਼ਾ ਬੜੀ ਕਠਿਨ ਹੈ। ਵਿਦਵਾਨਾਂ ਦੇ ਵਿਚਾਰਨਯੋਗ ਹੈ। ਇਸ ਟੀਕੇ ਵਿਚ ਅੰਕਿਤ ਕੀਤੀ ਗਈ ਕਵਿਤਾ ਵੀ ਬੇ-ਮਿਸਾਲ ਅਤੇ ਮਹਾਨ ਹੈ। ਇਹ ਕਵਿਤਾ ਹਿੰਦੀ ਦੇ ਉਚ-ਕੋਟੀ ਦੇ ਕਵੀਆਂ ਤੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਹੈ। ਜਾਪ ਸਾਹਿਬ ਦਾ ਟੀਕਾ ਸੰਮਤ 1955 ਬਿ. (ਸੰਨ 1898 ਈ.) ਵਿਚ ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ ਤੋਂ ਛਪਿਆ ਹੈ। ਇਹ ਵੀ ਪਤਾ ਲਗਾ ਹੈ ਕਿ ਆਪ ਜੀ ਨੇ ਜਪੁਜੀ ਦਾ ਟੀਕਾ ਵੀ ਕੀਤਾ ਸੀ। ਹੇਠ ਲਿਖੇ ਦੋ ਗ੍ਰੰਥ ਹੋਰ ਆਪ ਜੀ ਵਲੋਂ ਲਿਖੇ ਗਏ ਹਨ- ਖਾਲਸਾ ਸ਼ੱਤਕ ਸੰਸਕ੍ਰਿਤ, ਗੁਰਬਿਲਾਸ ਗੁਰੂ ਗੋਬਿੰਦ ਸਿੰਘ ਸਾਹਿਬ (ਅਪ੍ਰਕਾਸ਼ਿਤ)। ਆਪ ਜੀ ਦੀ ਕਵਿਤਾ ਦੀ ਸ਼ੈਲੀ ਇਸ ਤਰ੍ਹਾਂ ਹੈ, ਜਿਸ ਵਿਚ ਗੁਰਬਾਣੀ ਮਹਾਤਮ ਇਉਂ ਅੰਕਿਤ ਹੈ :

**ਤੇਜ ਭਰੀ, ਸ਼ਾਂਤਿ ਭਰੀ, ਦੈਵੀ ਗੁਨ ਪਾਂਤਿ ਭਰੀ,**
**ਆਛੀ ਬਹੁ ਭਾਂਤੀ ਭਰੀ, ਗਜਾਨ ਕੇ ਸਮਾਜ ਕੀ।**
**ਈਸ ਗੁਣਾ ਵਾਦ ਭਰੀ, ਵੇਦ ਕੀ ਮ੍ਰਯਾਦ ਭਰੀ,**
**ਅੰਮ੍ਰਿਤ ਸੋ ਸ੍ਵਾਦ ਭਰੀ, ਰੱਛਕ ਹੈ ਲਾਜ ਕੀ।**
**ਭਾਵ ਭਰੀ ਭਗਤਿ ਭਰੀ, ਓਜ ਭਰੀ ਸ਼ਕਤਿ ਭਰੀ,**
**ਭਾਰੀ ਅਨੁਰਕਤ ਭਰੀ, ਧ੍ਵੰਸਿਨੀ ਕੁਪਾਜ ਕੀ।**
**ਰਾਗ ਭਰੀ ਯੋਗ ਭਰੀ, ਭਾਗ ਭਰੀ ਭੋਗ ਭਰੀ,**
**ਪੁੰਨ ਮੈ ਪ੍ਰਯੋਗ ਬਾਣੀ, ਗ੍ਰੰਥ ਮਹਾਰਾਜ ਕੀ।੧੨।**

**4. ਪੰਡਿਤ ਨਿਹਾਲ ਸਿੰਘ ਕਵੀਂਦ੍ਰ** : ਪੰਡਿਤ ਨਿਹਾਲ ਸਿੰਘ ਜੀ ਦਾ ਨਿਵਾਸ ਅੰਮ੍ਰਿਤਸਰ ਸੋਹਲਾਂ ਵਾਲੇ ਬੁੰਗੇ ਵਿਚ ਸੀ। ਆਪ ਜੀ ਇਤਿਹਾਸ, ਮਿਥਿਹਾਸ, ਵੇਦਾਂਤ, ਗੁਰਬਾਣੀ, ਛੰਦ ਸ਼ਾਸਤ੍ਰ ਦੇ ਪ੍ਰਸਿਧ ਵਿਦਵਾਨ ਸਨ। ਪੰਜਾਬੀ, ਹਿੰਦੀ, ਬ੍ਰਜ, ਸੰਸਕ੍ਰਿਤ ਦੇ ਮਹਾਨ ਪੰਡਿਤ ਸਨ। ਆਪ ਜੀ ਨੇ ਕੁਲ 12 ਰਚਨਾਵਾਂ ਲਿਖੀਆਂ ਹਨ। ਕਵੀਂਦ੍ਰ-ਪ੍ਰਕਾਸ਼ ਵਿਚ ਸਾਰਿਆਂ ਦਾ ਸੰਗ੍ਰਹਿ ਹੈ। ਵਾਰਤਕ ਵੀ ਲਿਖੀ ਹੈ, ਆਪਣੀ ਕੁਝ ਨਿਜ-ਰਚਨਾ ਦਾ ਟੀਕਾ ਵੀ ਕੀਤਾ ਹੈ। ਆਪ ਜੀ ਦੇ ਗ੍ਰੰਥਾਂ ਦਾ ਵੇਰਵਾ ਇਸ ਤਰ੍ਹਾਂ ਹੈ :

**ਕਵੀਂਦ੍ਰ ਪ੍ਰਕਾਸ਼** : ਇਹ ਅਣਛਪੀ ਰਚਨਾ ਹੈ। ਇਸ ਗ੍ਰੰਥ ਵਿਚ ਦਸਮ ਗੁਰੂ ਜੀ, ਸਾਹਿਬਜ਼ਾਦਿਆਂ ਅਤੇ ਦੂਸਰੇ ਗੁਰੂ ਸਾਹਿਬਾਨ ਦੇ ਉਪਕਾਰਾਂ ਨੂੰ ਵਰਣਨ ਕੀਤਾ ਹੈ। ਹੋਰ ਵੀ ਅਨੇਕ ਕਵੀਆਂ ਦੀ ਕਵਿਤਾ ਇਸ ਸੰਗ੍ਰਹਿ ਵਿਚ ਸ਼ਾਮਿਲ ਕੀਤੀ ਗਈ ਹੈ। ਜੋ ਛੰਦ ਪੰਡਿਤ ਨਿਹਾਲ ਸਿੰਘ ਜੀ ਨੇ ਆਪ ਲਿਖੇ ਹਨ, ਉਨ੍ਹਾਂ ਉਪਰ 'ਨਵੀਨ' ਸ਼ਬਦ ਸੰਕੇਤ ਹੈ।

**ਸ੍ਰੀ ਵੇਦਾਂਤੀ ਬਾਰ੍ਹਾਂਮਾਹ** : ਇਸ ਰਚਨਾ ਵਿਚ ਕੁਲ 13 ਪਦ ਹਨ। ਵਰਸ਼ ਦੇ 12 ਮਹੀਨਿਆਂ ਤੋਂ ਬਿਨਾ ਤੇਰ੍ਹਵਾਂ ਮਹੀਨਾ ਲੌਂਗ ਦਾ ਵੀ ਰੱਖਿਆ ਹੈ। ਵਰਸ਼ ਦਾ ਆਰੰਭ ਚੇਤ੍ਰ ਦੇ ਮਹੀਨੇ ਤੋਂ ਕੀਤਾ ਹੈ।

**ਖੋੜਸ ਤਿਥਾਂ ਵੇਦਾਂਤੀ** : ਇਸ ਰਚਨਾ ਵਿਚ 16 ਪਦ ਹਨ। ਹਰੇਕ ਛੰਦ 36 ਮਾਤ੍ਰਾਂ ਦਾ ਹੈ। ਇਸ ਵਿਚ ਵੇਦਾਂਤ ਦਾ ਨਿਰੂਪਣ ਕੀਤਾ ਗਿਆ ਹੈ।

**ਸ੍ਰੀ ਮਹਾਂਵਾਕ ਪ੍ਰਕਾਸ਼ ਗ੍ਰੰਥ** : ਇਤਿਹਾਸਕ ਦ੍ਰਿਸ਼ਟੀ ਤੋਂ ਇਸ ਗ੍ਰੰਥ ਦਾ ਵਿਸ਼ੇਸ਼ ਮਹੱਤਵ ਹੈ। ਇਸ ਗ੍ਰੰਥ ਵਿਚ ਨਿਰਮਲ ਪੰਥ ਦਾ ਸੰਪਰਕ ਦਸਮੇਸ਼ ਪਿਤਾ ਜੀ ਨਾਲ ਜੋੜਿਆ ਹੈ। 'ਮੋਕਸ਼ ਪੰਥ ਪ੍ਰਕਾਸ਼' ਦੇ ਲੇਖਕ ਪੰਡਿਤ ਗੁਲਾਬ ਸਿੰਘ ਜੀ ਦੇ ਗੁਰੂ ਪੰਡਿਤ ਮਾਨ ਸਿੰਘ ਜੀ ਨੂੰ ਦਸਮ ਗੁਰੂ ਜੀ ਦੇ ਸਿਖਾਂ ਵਿਚੋਂ ਦਸਿਆ ਜਾਂਦਾ ਹੈ। 'ਮੋਕਸ਼ ਪੰਥ ਪ੍ਰਕਾਸ਼' ਦਾ ਛੰਦ ਰੁਪਾਂਤਰ ਵੀ ਆਪ ਜੀ ਨੇ ਕੀਤਾ ਹੈ। ਇਸ ਗ੍ਰੰਥ ਨੂੰ ਆਪਣੀ ਕਵਿਤਾ ਦ੍ਵਾਰਾ ਸੁਖੈਨ ਕਰਨ ਦਾ ਯਤਨ ਕੀਤਾ ਹੈ।

**ਸ੍ਰੀ ਭਵ ਸਾਗਰ ਸੇਤੁ** : ਇਸ ਗ੍ਰੰਥ ਵਿਚ ਵੇਦਾਂਤ ਦਾ ਵਰਣਨ ਹੈ। ਜੀਵ, ਬ੍ਰਹਮ ਦੀ ਏਕਤਾ ਦਾ ਵਰਣਨ, ਵੇਦਾਂਤ ਅਨੁਸਾਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜਚੋਲ ਕਰਨ ਦਾ ਪ੍ਰਯਤਨ ਕੀਤਾ ਹੈ।

---

[1] ਸੰਪ੍ਰਦਾਇ- ਨੌਰੰਗਾਬਾਦ, ਵਿਦਿਆ ਗੁਰੂ- ਪੰਡਿਤ ਸ਼ੇਰ ਸਿੰਘ ਜੀ।

[2] ਸੰਪ੍ਰਦਾਇ- ਠਾਕਰ ਦਿਆਲ ਸਿੰਘ, ਪਿੰਡ- ਥੋਹਾ ਖਾਲਸਾ।

**ਸ੍ਰੀ ਦੋਹਰਾ ਭੇਦਾਵਲੀ** : ਦੋਹਰਾ ਛੰਦ ਦੇ ਅਨੇਕ ਰੂਪਾਂ ਦੀ ਵਿਆਖਿਆ ਅਤੇ ਸੰਗ੍ਰਹਿ ਕਰਨ ਵਾਸਤੇ ਹਿੰਦੀ ਰੀਤੀ ਕਾਲ ਦੇ ਕਵੀਆਂ ਦੇ ਗ੍ਰੰਥਾਂ ਦੀ ਸਹਾਇਤਾ ਨਾਲ ਛੰਦ ਸ਼ਾਸਤ੍ਰ ਦਾ ਗ੍ਰੰਥ (ਪਿੰਗਲ) ਤਿਆਰ ਕੀਤਾ ਹੈ।

**ਸਤਵਾਰ ਵੇਦਾਂਤੀ** : ਇਸ ਵਿਚ ਹਫ਼ਤੇ ਦੇ ਸੱਤ ਦਿਨਾਂ ਦੁਆਰਾ ਵੇਦਾਂਤ ਅਨੁਸਾਰ ਸਿੱਖਿਆ ਦਿਤੀ ਹੈ।

**ਸੁਧਾਸਰੀ ਸ਼ਤਕ ਪਚੀਸਾ** : ਇਹ ਰਚਨਾ ਸੰਨ 1863 ਈ. ਦੀ ਹੈ। ਇਸ ਗ੍ਰੰਥ ਵਿਚ ਸ੍ਰੀ ਹਰਿਮੰਦਰ ਜੀ, ਸੁਧਾਸਰ ਸਰੋਵਰ ਅੰਮ੍ਰਿਤਸਰ ਦੀ ਉਸਤਤੀ 125 ਪਦਾਂ ਵਿਚ ਵਰਣਨ ਕੀਤੀ ਹੈ।

**ਸ੍ਰੀ ਮੁਹਾਰਨੀ ਕੀ ਦੋਹਾ ਭੇਦਾਵਲੀ** : ਇਸ ਗ੍ਰੰਥ ਵਿਚ ਅਨੇਕ ਪ੍ਰਕਾਰ ਦੇ ਛੰਦਾਂ ਦੀ ਜਾਣਕਾਰੀ ਦਿਤੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੁਆਰਾ ਆਪਣੇ ਪੱਖ ਨੂੰ ਸਪਸ਼ਟ ਕੀਤਾ ਹੈ।

**ਸ੍ਰੀ ਵਰਣੀ ਸ੍ਵਯੇ ਭੇਦਵਲੀ** : ਇਸ ਰਚਨਾ ਵਿਚ ਸਵੈਯੇ ਦੇ ਅਨੇਕ ਭੇਦ ਵਰਣਨ ਕੀਤੇ ਗਏ ਹਨ।

**ਸ੍ਰੀ ਕਵੀਂਦ੍ਰ ਕਵਿਤਾਵਲੀ** : ਇਸ ਰਚਨਾ ਵਿਚ ਪ੍ਰਸ਼ਨ-ਉਤਰ ਦੇ ਰੂਪ ਵਿਚ ਕਬਿੱਤ ਛੰਦ ਦੇ ਅਨੇਕ ਭੇਦ ਦੱਸੇ ਹਨ। ਇਸ ਗ੍ਰੰਥ ਦੇ ਦੋ ਭਾਗ ਹਨ।

**ਨ੍ਰਿਪਖਵਾਕ** : ਇਸ ਵਿਚ ਕੁਲ ਅੱਠ ਪਦ ਹਨ।

ਪੰਡਿਤ ਨਿਹਾਲ ਸਿੰਘ ਜੀ ਕਵੀਂਦ੍ਰ ਸਰਵ ਪੱਖੀ ਵਿਦਵਾਨ ਸਨ। ਆਪ ਜੀ ਨੇ ਇਤਿਹਾਸ, ਮਿਥਿਹਾਸ, ਛੰਦ ਸ਼ਾਸਤ੍ਰ, ਵੇਦਾਂਤ, ਗੁਰਮਤਿ ਅਤੇ ਵਰਤਮਾਨ ਉਪਰ ਯੋਗਤਾ ਨਾਲ ਲਿਖਿਆ ਹੈ। ਬ੍ਰਜ ਭਾਸ਼ਾ ਵਿਚ ਲਿਖਣ ਵਾਲੇ ਮਹਾਨ ਕਵੀ ਸਨ। ਹਿੰਦੀ ਦੇ ਰੀਤੀ ਕਾਲ ਦੇ ਕਵੀਆਂ ਵਿਚ ਆਪ ਜੀ ਦੀ ਸਾਹਿਤਕ ਸੇਵਾ ਨੂੰ ਭੁਲਾਇਆ ਨਹੀਂ ਜਾ ਸਕਦਾ। ਨਿਰਮਲ ਭੇਖ ਦੇ ਪ੍ਰਸਿੱਧ ਵਿਦਵਾਨ ਸਨ। ਨਿਰਮਲੇ ਸੰਤ ਹੋਣ 'ਤੇ ਆਪ ਜੀ ਨੂੰ ਮਾਣ ਸੀ।

5. **ਪੰਡਿਤ ਨਿਹਾਲ ਸਿੰਘ ਜੀ ਕਾਸ਼ੀ**[1] : ਆਪ ਜੀ ਨੇ ਆਯੁਰਵੈਦਿਕ ਬਾਰੇ ਹੇਠ ਲਿਖੇ ਗ੍ਰੰਥ ਲਿਖਕੇ ਪ੍ਰਕਾਸ਼ਿਤ ਕੀਤੇ ਹਨ- ਚਾਰ ਬਾਲ ਕੀ ਚੌਂਕੜੀ, ਚਾਰ ਨਾਰ ਕੀ ਚੌਂਕੜੀ, ਚਾਰ ਮਰਦ ਕੀ ਚੌਂਕੜੀ, ਚਾਰ ਫਕੀਰੋਂ ਕੀ ਚੌਂਕੜੀ। ਇਹ ਆਯੁਰਵੈਦਿਕ ਦੇ ਗ੍ਰੰਥ ਹਨ, ਜਿਨ੍ਹਾਂ ਉਪਰ ਉਰਦੂ-ਫ਼ਾਰਸੀ ਦੀ ਸ਼ਬਦਾਵਲੀ ਦਾ ਕਾਫ਼ੀ ਪ੍ਰਭਾਵ ਹੈ।

**ਪੰਡਿਤ ਸਾਧੂ ਸਿੰਘ ਜੀ ਪਟਿਆਲੇ ਵਾਲੇ** : ਪੰਡਿਤ ਤਾਰਾ ਸਿੰਘ ਜੀ ਨਰੋਤਮ ਦੇ ਗੁਰ ਭਾਈ, ਸ੍ਰੀ ਮਹੰਤ ਪੰਡਿਤ ਸਾਧੂ ਸਿੰਘ ਜੀ ਪਟਿਆਲੇ ਵਾਲੇ ਗੁਰਮਤਿ/ਗੁਰਬਾਣੀ ਦੇ ਟੀਕਾਕਾਰ, ਵਿਆਖਿਆ ਕਰਨ ਵਾਲੇ ਮਹਾਨ ਵਿਦਵਾਨ ਹੋਏ ਹਨ। ਆਪ ਜੀ ਨੇ ਇਹ ਗ੍ਰੰਥ ਅੰਕਿਤ ਕੀਤੇ ਹਨ- ਗੁਰਮਤਿ ਸਿਖਿਆ ਪ੍ਰਭਾਕਰ, ਗੁਰ ਸਿਧਾਂਤ ਜਯੋਤੀ, ਸ੍ਰੀ ਮੁਖ ਸਿਧਾਂਤ ਜਯੋਤੀ, ਬ੍ਰਿਤੀ ਦੀਪਕਾ ਅਤੇ ਪਾਂਚ ਕੋਸ਼ ਵਿਵੇਕ, ਸਿਰੀ ਰਾਗ ਦਾ ਟੀਕਾ, ਦੇਵ ਪੰਥ ਪ੍ਰਦੀਪਕਾ, ਦੇਵ ਗੁਰੂ ਗ੍ਰੰਥ ਸਿਧਾਂਤ ਰਵਿ, ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ, ਗੰਗ ਯਤੀ ਨਿਦਾਨ (ਚਕਿਤਿਸਾ ਬਾਰੇ)। ਪੰਡਿਤ ਸਾਧੂ ਸਿੰਘ ਜੀ ਵੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਲਿਖਣ ਦਾ ਵਿਚਾਰ ਰਖਦੇ ਸਨ। ਆਪ ਦਾ ਸਿਰੀ ਰਾਗ ਤਕ ਟੀਕਾ ਹੋਇਆ ਮਿਲਦਾ ਹੈ।

**ਗਿਆਨੀ ਬਦਨ ਸਿੰਘ ਜੀ ਟੀਕਾਕਾਰ**[2] : ਜਿਵੇਂ ਜਰਮਨੀ ਦੇ ਡਾ. ਟਰੰਪ ਦੇ ਵਿਰੋਧ ਵਿਚ ਪੰਡਿਤ ਤਾਰਾ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਲਿਖਣਾ ਆਰੰਭ ਕੀਤਾ ਸੀ, ਇਸੀ ਤਰ੍ਹਾਂ ਮਹਾਰਾਜਾ ਬਿਕ੍ਰਮ ਸਿੰਘ ਜੀ ਵਾਲੀਏ ਫਰੀਦਕੋਟ ਨੇ ਡਾ. ਟਰੰਪ ਦੇ ਟੀਕੇ ਨਾਲ ਅਸਿਹਮਤੀ ਪ੍ਰਗਟ ਕਰਕੇ ਉਸ ਸਮੇਂ ਦੇ ਗੁਰਬਾਣੀ ਦੇ ਮਹਾਨ ਵਿਦਵਾਨ/ਕਥਾਕਾਰ ਗਿਆਨੀ ਬਦਨ ਸਿੰਘ ਜੀ ਸੇਖਵਾਂ ਵਾਲਿਆਂ ਨੂੰ ਟੀਕਾ ਕਰਨ ਦੀ ਪ੍ਰਾਰਥਨਾ ਕੀਤੀ। ਗਿਆਨੀ ਜੀ ਨੇ ਇਹ ਇਤਿਹਾਸਕ ਕਾਰਜ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟੀ ਟੀਕਾ) ਸੰਨ 1877 ਈ. ਵਿਚ ਆਰੰਭ ਕਰਕੇ ਸੰਨ 1883 ਈ. ਵਿਚ ਸੰਪੰਨ ਕੀਤਾ। ਉਪ੍ਰੰਤ ਬਾਬਾ ਸੁਮੇਰ ਸਿੰਘ ਜੀ ਮਹੰਤ ਤਖ਼ਤ ਹਰਿਮੰਦਰ ਪਟਨਾ ਸਾਹਿਬ ਦੀ ਪ੍ਰਧਾਨਗੀ ਵਿਚ ਭਾਈ ਹਰਿਭਜਨ ਸਿੰਘ ਜੀ ਗਿਆਨੀ ਅੰਮ੍ਰਿਤਸਰ, ਭਾਈ ਸੰਤ ਸਿੰਘ ਜੀ ਗਿਆਨੀ ਕਪੂਰਥਲਾ ਸਟੇਟ, ਭਾਈ ਝੰਡਾ ਸਿੰਘ ਜੀ ਗਿਆਨੀ ਨਾਨਕਯਾਣਾ (ਸੰਗਰੂਰ), ਭਾਈ ਰਾਏ ਸਿੰਘ ਜੀ ਗਿਆਨੀ ਜੰਗੀਰਾਣਾ, ਭਾਈ ਧਿਆਨ ਸਿੰਘ ਜੀ ਗਿਆਨੀ ਸੇਖਵਾਂ, ਪੰਡਿਤ ਹਮੀਰ ਸਿੰਘ ਜੀ ਸੰਸਕ੍ਰਿਤੀ, ਪੰਡਿਤ ਬਾਲਕ ਰਾਮ ਜੀ ਸੰਸਕ੍ਰਿਤੀ, ਬਾਬਾ ਬਖਤਾਵਰ ਸਿੰਘ ਜੀ ਗਿਆਨੀ, ਅੱਠ ਗਿਆਨੀ/ਵਿਦਵਾਨਾਂ ਦੀ ਕਮੇਟੀ ਕਾਇਮ ਕੀਤੀ ਗਈ। ਟੀਕੇ ਦੀ ਸੁਧਾਈ ਤਖ਼ਤ ਹਰਿਮੰਦਰ ਸਾਹਿਬ ਪਟਨਾ ਵਿਖੇ ਕੀਤੀ ਗਈ ਅਤੇ ਪ੍ਰਕਾਸ਼ਿਤ ਕਰਨ ਦੀ ਪ੍ਰਵਾਨਗੀ ਲਈ ਗਈ।

---

[1] ਵਿਦਿਆ ਗੁਰੂ- ਸ੍ਰੀ ਮਹੰਤ ਪੰਡਿਤ ਉਧਵ ਸਿੰਘ ਜੀ, ਸੰਪ੍ਰਦਾਇ- ਕਾਸ਼ੀ।

[2] ਪਿਤਾ- ਸ. ਕਾਲਾ ਸਿੰਘ ਬਰਾੜ, ਪਿੰਡ- ਦਾਰਾਪੁਰ, ਗੁਰੂ- ਮਹੰਤ ਨਾਰਾਇਣ ਸਿੰਘ, ਡੇਰਾ/ਸੰਪ੍ਰਦਾਇ- ਸੇਖਵਾਂ।

ਟੀਕਾ ਲਿਖੇ ਜਾਣ ਤੋਂ ਬਾਅਦ ਮਹਾਰਾਜਾ ਬਿਕ੍ਰਮ ਸਿੰਘ ਜੀ ਸੱਚਖੰਡ ਸਿਧਾਰ ਗਏ। ਇਸ ਟੀਕੇ ਦੇ ਤਿੰਨ ਭਾਗ ਮਹਾਰਾਜਾ ਬਲਬੀਰ ਸਿੰਘ ਜੀ ਦੇ ਸਮੇਂ ਅਤੇ ਚੌਥੀ ਜਿਲਦ ਮਹਾਰਾਜਾ ਬ੍ਰਜਿੰਦਰ ਸਿੰਘ ਜੀ ਦੇ ਸਮੇਂ ਪ੍ਰਕਾਸ਼ਿਤ ਹੋਈ।

ਇਹ ਟੀਕਾ ਸਾਧ ਭਾਸ਼ਾ ਵਿਚ, ਪ੍ਰਸ਼ਨੋਤਰੀ ਰੂਪ ਵਿਚ ਹੈ। ਸਾਰੇ ਸ਼ਬਦਾਂ ਦੀ ਉਥਾਨਕਾ ਦਿਤੀ ਹੋਈ ਹੈ। ਇਹ ਟੀਕਾ ਫਰੀਦਕੋਟੀ ਟੀਕੇ ਦੇ ਨਾਮ ਨਾਲ ਵਿਸ਼ਵ ਵਿਆਖਿਆਤ ਹੈ। ਨਿਰਮਲ ਭੇਖ ਨੂੰ ਮਾਣ ਹੈ ਕਿ ਭੇਖ ਨੇ ਆਪਣੀ ਪਰੰਪਰਾ ਨੂੰ ਕਾਇਮ ਰਖਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਕਰਨ ਵਿਚ ਪਹਿਲ ਕੀਤੀ ਹੈ।

**ਪੰਡਿਤ ਦੇਵਾ ਸਿੰਘ ਜੀ ਦੇਵਪੁਰਾ ਹਰਿਦਵਾਰ**[1] : ਪੰਡਿਤ ਦੇਵਾ ਸਿੰਘ ਜੀ ਦੇਵਪੁਰਾ ਆਸ਼੍ਰਮ ਹਰਿਦਵਾਰ ਵਾਲਿਆਂ ਨੇ ਹੇਠ ਲਿਖੇ ਗ੍ਰੰਥ ਅੰਕਿਤ ਕੀਤੇ ਹਨ- ਅਧਯਾਤਮ ਅਨੁਭਵ ਵਿਵੇਕ (ਨਰ ਸਿੰਘ ਦਾਸ ਅੰਮ੍ਰਿਤਸਰ ਵਿਚ 1905 ਈ. ਨੂੰ ਪ੍ਰਕਾਸ਼ਿਤ ਹੋਇਆ), ਜਪੁ ਪ੍ਰਦੀਪ (ਲਾਹੌਰ ਤੋਂ ਪ੍ਰਕਾਸ਼ਿਤ), ਸਿਧ ਗੋਸਟਿ (ਅਕਾਲ ਪ੍ਰੈਸ ਲਾਹੌਰ ਤੋਂ 1865 ਈ. ਨੂੰ ਪ੍ਰਕਾਸ਼ਿਤ), ਸੁਪਨ ਵਿਚਾਰ, ਫਨਾਹ ਦਾ ਮਕਾਨ, ਮ੍ਰਿਤੁ ਚਿੰਨ ਪ੍ਰਦੀਪਕਾ, ਪੈਂਤੀਸ ਅਖਰੀ, ਗੁਰਬਾਣੀ ਦੇ ਕਠਨ ਪਦਾਂ ਦੇ ਪਰਿਆਏ।

ਟੀਕੇ ਵਿਚ ਆਪ ਜੀ ਨੇ ਇਹ ਵੀ ਦਸਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਪੂਰਵ ਵਿਚਾਰ ਕਰਨਾ ਚਾਹੀਦਾ ਹੈ। ਪਹਿਲੇ ਕਹੇ ਅਰਥ ਨਾਲ ਵਿਰੋਧ ਨਾ ਹੋਵੇ। ਜੇ ਪਹਿਲੇ ਹੋਰ ਵਿਚਾਰ ਹੈ ਅਗੇ ਹੋਰ ਭਾਵ ਪ੍ਰਗਟ ਹੋਵੇ ਤਾਂ ਗ੍ਰੰਥ ਜਾਂ ਟੀਕਾ ਪ੍ਰਮਾਣੀਕ ਨਹੀਂ ਹੋਵੇਗਾ। ਇਹ ਗ੍ਰੰਥ ਬਾਲ ਮੁਕੰਦ ਪ੍ਰੈਸ ਵਛੋਵਾਲੀ ਲਾਹੌਰ ਵਿਚ ਸੰਮਤ 1956 ਬਿ. (1899 ਈ.) ਵਿਚ ਛਪਿਆ ਸੀ।

ਆਪ ਜੀ ਨੇ ਜਪੁਜੀ ਸਾਹਿਬ ਦੇ ਦੋ ਟੀਕੇ ਕੀਤੇ ਹਨ, ਪਹਿਲਾ 'ਜਪੁ ਪ੍ਰਦੀਪ' ਵਿਦਵਾਨਾਂ ਵਾਸਤੇ, ਦੂਸਰਾ 'ਸੁਗਮ ਜਪੁ ਪ੍ਰਦੀਪ' ਜਨ ਸਾਧਾਰਣ (ਥੋੜ੍ਹੇ ਪੜ੍ਹੇ) ਲੋਕਾਂ ਵਾਸਤੇ। ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਰਿਆਏ ਬਣਾਏ ਹਨ, 'ਸੁਗਮ ਜਪੁ ਪ੍ਰਦੀਪ' ਉਨ੍ਹਾਂ ਵਿਚ ਵੀ ਸ਼ਾਮਿਲ ਕਰ ਦਿਤਾ ਹੈ।

'ਚੰਡੀ ਦੀ ਵਾਰ' ਦੀ ਪਹਿਲੀ ਪਉੜੀ ਜੋ ਸਿਖ ਪੰਥ ਦੀ ਅਰਦਾਸ ਦਾ ਮੁਖ ਹਿਸਾ ਹੈ। ਇਸ ਪਉੜੀ ਵਿਚ ਆਏ 'ਭਗਉਤੀ' ਸ਼ਬਦ ਦਾ ਅਰਥ ਆਪ ਜੀ ਨੇ ਪਾਰਬ੍ਰਹਮ, ਪਰਮੇਸ਼੍ਵਰ, ਵਾਹਿਗੁਰੂ ਕੀਤਾ ਹੈ। ਦਲੀਲ ਨਾਲ ਸਮਝਾਇਆ ਹੈ ਕਿ ਕਲਗੀਧਰ ਸ੍ਵਾਮੀ ਨੇ 'ਖੰਡਾ ਪ੍ਰਥਮੇ ਸਾਜ ਕੈ ਜਿਨ ਸਭ ਸੈਸਾਰ ਉਪਾਇਆ' ਦੀ ਪਉੜੀ ਦੇ ਅੰਤ ਦੀ ਪੰਕਤੀ ਵਿਚ ਲਿਖਿਆ ਹੈ, 'ਤੈ ਹੀ ਦੁਰਗਾ ਸਾਜਿ ਕੈ ਦੈਤਾਂ ਦਾ ਨਾਸੁ ਕਰਾਇਆ'। ਇਥੇ 'ਭਗਉਤੀ' ਦਾ ਅਰਥ ਬ੍ਰਹਮਾਦਿਕ, ਦੁਰਗਾਦਿਕ, ਦੇਵਤਿਆਂ ਦਾ ਕਰਤਾ ਪਾਰਬ੍ਰਹਮ ਕੀਤਾ ਹੈ। ਕਿਉਂਕਿ ਦੁਰਗਾ/ਭਗਉਤੀ ਤਾਂ ਦੂਸਰੀ ਭਗਉਤੀ ਨੂੰ ਪੈਦਾ ਨਹੀਂ ਕਰ ਸਕਦੀ, ਇਸ ਵਾਸਤੇ ਸਰਬਤ (ਦੇਵੀ-ਦੇਵਤਿਆਂ) ਦਾ ਕਰਤਾ ਵਾਹਿਗੁਰੂ ਹੈ।

**ਮਹਿਮਾ ਸ਼ਾਹੀ ਸੰਪ੍ਰਦਾਇ ਦਾ ਸਾਹਿਤ** : ਮਹਿਮਾ ਸ਼ਾਹੀ ਨਿਰਮਲ ਭੇਖ ਦੀ ਪ੍ਰਮੁਖ ਸੰਪ੍ਰਦਾਇ ਹੈ। ਇਸ ਸੰਪ੍ਰਦਾਇ ਦੇ ਮਹਾਪੁਰਖਾਂ ਨੇ ਜਿਥੇ ਨਾਮ-ਬਾਣੀ, ਕਥਾ-ਕੀਰਤਨ, ਸੇਵਾ ਸਿਮਰਨ, ਧਰਮ ਪ੍ਰਚਾਰ, ਵਿਦਿਆ ਪ੍ਰਚਾਰ ਵਿਚ ਅਕਹਿ ਹਿਸਾ ਪਾਇਆ ਹੈ, ਉਥੇ ਬਹੁਤ ਸਾਰੀ ਕਵਿਤਾ/ਬਾਣੀ ਦੀ ਰਚਨਾ ਵੀ ਕੀਤੀ ਹੈ। ਭਾਵੇਂ ਨਿਰਮਲ ਭੇਖ ਦੇ ਸੰਤ, ਕਾਵਯ ਦੀ ਰਚਨਾ ਬ੍ਰਜ ਭਾਸ਼ਾ ਵਿਚ ਕਰਦੇ ਸਨ, ਪਰ ਮਹਿਮਾ ਸ਼ਾਹੀ ਸੰਤਾਂ ਨੇ ਠੇਠ ਪੰਜਾਬੀ ਵਿਚ ਲਿਖਿਆ ਹੈ, ਜੋ ਗੁਰਬਾਣੀ ਦੀ ਸ਼ੈਲੀ ਦੇ ਨੇੜੇ ਹੈ। ਜਿਵੇਂ ਸਮਕਾਲੀ ਸੂਫੀ ਪੰਜਾਬੀ ਕਵੀ ਸੀਹਰਫੀ ਪੈਂਤੀਸ ਅਖਰੀ, ਪਟੀ, ਸਤਵਾਰੇ, ਬਾਰਾਂ ਮਾਹਾ, ਕਾਫੀ, ਦਵੈਯਾ, ਬੈਂਤ ਆਦਿਕ ਰੂਪ/ਛੰਦ ਵਰਤਦੇ ਸਨ। ਮਹਿਮਾ ਸ਼ਾਹੀ ਸੰਤਾਂ ਨੇ ਵੀ ਸਾਰੇ ਰੂਪ/ਛੰਦ ਵਰਤੇ ਹਨ। ਇਸ ਤੋਂ ਬਿਨਾ ਕਾਫੀ ਰਚਨਾ ਰਾਗਾਂ ਵਿਚ ਵੀ ਕੀਤੀ ਹੈ। ਮਹਿਮਾ ਸ਼ਾਹੀ ਸੰਤਾਂ ਦਾ ਇਹ ਅਧਿਆਤਮਿਕ ਗ੍ਰੰਥ ਅਪ੍ਰਕਾਸ਼ਿਤ ਹੈ। ਜਿਸ ਵਿਚ ਹੇਠ ਲਿਖੇ 8 ਮਹਾਪੁਰਖਾਂ ਦੀ ਰਚਨਾ ਹੈ- ਸੰਤ ਮੋਹਰ ਸਿੰਘ ਜੀ ਮਹਿਮਾਸ਼ਾਹ, ਸੰਤ ਬੀਰ ਸਿੰਘ ਜੀ ਰੰਗਰੇਜ, ਸੰਤ ਖੂਬਦਿਆਲ ਸਿੰਘ ਜੀ, ਸੰਤ ਮਨ ਮਸਤਾਨ ਸਿੰਘ ਜੀ, ਸੰਤ ਭੂਪਾਲ ਸਿੰਘ ਜੀ, ਸੰਤ ਮਾਨ ਸਿੰਘ ਜੀ, ਸੰਤ ਖੁਸ਼ਹਾਲ ਸਿੰਘ ਜੀ ਅਤੇ ਸੰਤ ਬੇ ਪ੍ਰਵਾਹ ਜੀ।

**ਮਹੰਤ ਗਨੇਸ਼ਾ ਸਿੰਘ ਜੀ** : ਮਹੰਤ ਗਨੇਸ਼ਾ ਸਿੰਘ ਜੀ ਅਣਥੱਕ ਲੇਖਕ, ਸੰਪਾਦਕ ਅਤੇ ਟੀਕਾਕਾਰ ਸਨ। ਸਰਬ ਪੱਖੀ ਗਿਆਨ ਦੇ ਸ੍ਵਾਮੀ ਸਨ। ਆਪ ਜੀ ਨੇ ਇਤਿਹਾਸ, ਸਾਹਿਤਯ, ਵੇਦਾਂਤ, ਗੁਰਬਾਣੀ, ਆਯੁਰਵੈਦਿਕ ਉਪਰ ਅਨੇਕ ਗ੍ਰੰਥਾਂ ਦੀ ਰਚਨਾ ਕੀਤੀ ਹੈ ਅਤੇ ਅਨੇਕ ਟੀਕੇ ਕੀਤੇ ਹਨ। ਆਪ ਜੀ ਆਪਣੀ ਸਾਹਿਤਯਕ ਰਚਨਾ ਦੇ ਕਾਰਣ ਸਦਾ ਅਮਰ ਰਹਿਣਗੇ। 'ਭਾਰਤ ਮੱਤ ਦਰਪਣ' ਆਪ ਜੀ ਦੀ ਪੰਜਾਬੀ ਸਾਹਿਤਯ ਵਿਚ ਵਿਲਕਸ਼ਣ ਪੁਸਤਕ ਹੈ। ਜਿਸ ਦੇ ਪੜ੍ਹਨ ਤੋਂ ਪਤਾ ਲਗਦਾ ਹੈ

[1] ਪਿੰਡ- ਬੀਰਵਲ, ਜ਼ਿਲ੍ਹਾ ਸ਼ਾਹਪੁਰ (ਪਾਕਿਸਤਾਨ), ਗੁਰੂ- ਬਾਬਾ ਮਿਸ਼ਰਾ ਸਿੰਘ ਜੀ, ਸੰਪ੍ਰਦਾਇ- ਠਾਕੁਰ ਦਿਆਲ ਸਿੰਘ ਜੀ।

ਕਿ ਆਪ ਜੀ ਦਾ ਗਿਆਨ/ਅਧਿਐਨ ਕਿਤਨਾ ਮਹਾਨ ਅਤੇ ਵਿਸ਼ਾਲ ਸੀ। ਆਪ ਜੀ ਨੇ ਹੇਠ ਲਿਖੇ 23 ਗ੍ਰੰਥਾਂ ਦੀ ਰਚਨਾ ਕੀਤੀ ਹੈ- ਭਾਰਤ ਮੱਤ ਦਰਪਨ, ਇਤਿਹਾਸ ਨਿਰਮਲ ਭੇਖ, ਸਾਖੀ ਪ੍ਰਮਾਣ, ਨਿਰਮਲ ਪ੍ਰਬੋਧ, ਨਿਰਮਲ ਵੈਦ, ਵੈਦਿਕ ਭੰਡਾਰ, ਦਰਬਾਰ ਗਾਈਡ, ਨਨਕਾਣਾ ਸਾਹਿਬ ਗਾਈਡ, ਇਸਤ੍ਰੀ ਚਕਿਤਸਾ, ਖਾਲਸਾ ਵਿਵਾਹ ਪਧਤੀ, ਸੰਧਯਾ ਪਧਤੀ, ਜੇਬੀ ਵੈਦ, ਅਧਿਆਤਮ ਪ੍ਰਕਾਸ਼ ਸਟੀਕ, ਸਟੀਕ ਪੰਜ ਗ੍ਰੰਥੀ, ਸਲੋਕ ਸਹਸਕ੍ਰਿਤੀ ਸਮੇਤ ਗਾਥਾ ਸਟੀਕ, ਸੁਖਮਨੀ ਸਾਹਿਬ ਸਟੀਕ, ਜਪੁਜੀ ਸਟੀਕ, ਮੇਘ ਬਿਨੋਦ ਪ੍ਰਕਾਸ਼ ਸਟੀਕ, ਗੰਗ ਯਤੀ ਨਿਦਾਨ ਸਟੀਕ, ਰਹਿਰਾਸ ਸਟੀਕ, ਵਿਆਧੀ ਵਿਨਾਸਕ ਟੀਕਾ, ਬਾਲ ਚਕਿਤਸਾ ਅਤੇ ਸੂਰ ਦਰਪਨ।

**ਸੰਤ ਸੰਪੂਰਣ ਸਿੰਘ ਜੀ :** ਸੰਤ ਸੰਪੂਰਣ ਸਿੰਘ ਜੀ ਪ੍ਰਸਿੱਧ ਵੈਦ ਭਾਈ ਮੋਹਨ ਸਿੰਘ ਜੀ ਤਰਨਤਾਰਨੀ ਦੇ ਭਰਾ ਸਨ। ਆਪ ਜੀ ਗੁਰਬਾਣੀ ਅਤੇ ਗੁਰ ਇਤਿਹਾਸ ਦੇ ਮਹਾਨ ਵਿਦਵਾਨ ਸਨ। ਆਪ ਜੀ ਨੇ ਇਨ੍ਹਾਂ 21 ਗ੍ਰੰਥਾਂ ਦੀ ਰਚਨਾ ਕੀਤੀ- ਗੁਰਮਤ ਸਿਧਾਂਤ ਬਯੋਗ (1913 ਈ.), ਗੁਰਮਤ ਸਿਧਾਂਤ ਯੋਗ (1913 ਈ.), ਕਿਸਮਤ ਦਾ ਧਨੀ (1917 ਈ.), ਉਨਤੀ ਦਾ ਮਾਰਗ (1919 ਈ.), ਸਿਖ ਕਿਸ ਨੂੰ ਆਖਦੇ ਹਨ ? (1919 ਈ.), ਸਫਲ ਜੀਵਨ ਭਾਈ ਜੈਮਲ ਸਿੰਘ ਜੀ ਵੈਦ (1919 ਈ.), ਅਕਾਲੀ ਯੋਧਾ (1922 ਈ.), ਗਿਆਨ ਮਾਰਗ (1922 ਈ.), ਸੁਧਰਮ ਮਾਰਗ ਗ੍ਰੰਥ (1923 ਈ.), ਲੈਕਚਰ ਵਿਅਖਿਆਨ ਸਾਗਰ (1923 ਈ.), ਸਿਖੀ ਜੀਵਨ (1926 ਈ.), ਸਿਧਾਂਤ ਬੋਧਨੀ ਟੀਕਾ (1927 ਈ.), ਜੀਵਨ ਭਾਈ ਗੁਰਦਾਸ ਜੀ (1930 ਈ.), ਗੁਰ ਪਦ ਪ੍ਰਬੋਧ (1932 ਈ.), ਰਹਿਤਨਾਮੇ (1946 ਈ.), ਭਗਤ ਬਾਣੀ ਮਰਮ ਬੋਧਨੀ ਟੀਕੇ ਸਮੇਤ (1955 ਈ.), ਮੌਜ ਸਦਾ ਨੰਦੀ, ਮੌਤ ਰਹਸਜ, ਸ੍ਰੀ ਅਨੰਦ ਭਾਸਕਰ, ਆਦਰਸ਼ ਦੇਵੀ, ਜੀਵਨ ਗਾਥਾ (ਸ੍ਵੈ ਜੀਵਨੀ)।

ਪ੍ਰਾਣ ਸੰਗਲੀ ਆਪ ਜੀ ਨੇ ਤਿੰਨ ਭਾਗਾਂ ਵਿਚ ਦੇਵਨਾਗਰੀ ਲਿਪੀ ਵਿਚ ਸੰਪਾਦਤ ਕੀਤੀ ਹੈ ਜੋ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨੀ ਨੇ ਮਹਾਂਬੀਰ ਪ੍ਰਿੰਟਿੰਗ ਪ੍ਰੈਸ ਲਾਹੌਰ ਤੋਂ ਸੰਨ 1901 ਈ. ਵਿਚ ਪ੍ਰਕਾਸ਼ਿਤ ਕੀਤੀ ਸੀ।

**ਸੰਤ ਵਿਸਾਖਾ ਸਿੰਘ ਜੀ ਕਿਸ਼ਨਪੁਰਾ ਕਲਾਂ :** ਸੰਤ ਵਿਸਾਖਾ ਸਿੰਘ ਜੀ ਪਿੰਡ ਕਿਸ਼ਨਪੁਰਾ ਕਲਾਂ, (ਜਿਲ੍ਹਾ ਮੋਗਾ) ਵਾਲਿਆਂ ਨੇ 3 ਜਿਲਦਾਂ ਵਿਚ ਵੱਡ ਅਕਾਰੀ 'ਮਾਲਵਾ ਇਤਿਹਾਸ' 20×26×9 ਸਾਈਜ਼ ਵਿਚ ਇਤਿਹਾਸਕ ਗ੍ਰੰਥ ਲਿਖਕੇ ਪ੍ਰਕਾਸ਼ਿਤ ਕੀਤਾ ਹੈ। ਇਹ ਕੇਵਲ ਮਾਲਵੇ ਦਾ ਹੀ ਨਹੀਂ ਪੂਰੇ ਪੰਜਾਬ ਦਾ ਇਤਿਹਾਸ ਹੈ। ਇਹ ਸਰਬ ਪੱਖੀ ਗਿਆਨ ਦਾ ਖ਼ਜ਼ਾਨਾ ਹੈ। ਆਰੀਆ, ਅਨਾਰੀਆ ਜਾਤੀਆਂ, ਦੇਵਾਸੁਰ ਸੰਗ੍ਰਾਮ ਤੋਂ ਲੈ ਕੇ ਵੇਦ ਰਚਨਾ ਦਾ ਸਮਾਂ, ਹਿੰਦੂ ਰਾਜ, ਇਸਲਾਮੀ ਰਾਜ, ਸਿਖ ਗੁਰੂਆਂ, ਮਿਸਲਾਂ, ਸਿਖ ਸੰਪ੍ਰਦਾਵਾਂ, ਗੁਰਦੁਵਾਰਿਆਂ, ਸਿੰਘ ਸਭਾ ਲਹਿਰ, ਗੁਰਦੁਵਾਰਾ ਸੁਧਾਰ ਲਹਿਰ, ਅਕਾਲੀ ਲਹਿਰ, ਬਬਰ ਅਕਾਲੀ ਲਹਿਰ, ਗ਼ਦਰ ਪਾਰਟੀ, ਕਾਮਾਗਾਟਾ ਮਾਰੂ ਜਹਾਜ਼ ਦੇ ਹਾਲਾਤ, ਦੇਸ਼ ਭਗਤਾਂ, ਸ਼ਹੀਦਾਂ, ਸੰਤਾਂ, ਮਹੰਤਾਂ, ਵਿਦਵਾਨਾਂ ਦੇ ਜੀਵਨ ਅੰਕਿਤ ਹਨ। ਇਹ ਗ੍ਰੰਥ ਤਿੰਨ ਜਿਲਦਾਂ ਵਿਚ ਹੈ-

ਪਹਿਲਾ ਭਾਗ (14 ਸਤੰਬਰ 1954 ਈ.) ਪੰਨੇ 556
ਦੂਸਰਾ ਭਾਗ (14 ਸਤੰਬਰ 1854 ਈ.) ਪੰਨੇ 600
ਤੀਸਰਾ ਭਾਗ (24 ਫਰਵਰੀ 1959 ਈ.) ਪੰਨੇ 776

ਇਸ ਗ੍ਰੰਥ ਵਿਚ 156 ਪੰਨੇ ਦੀ ਭੂਮਿਕਾ ਪੜ੍ਹਨ ਯੋਗ ਹੈ ਜੋ ਧੁਰੰਧਰ ਵਿਦਵਾਨ ਪੰਡਿਤ ਕਰਤਾਰ ਸਿੰਘ ਦਾਖਾ ਨੇ ਲਿਖੀ ਹੈ। ਕੁਲ 2200 ਪੰਨੇ ਦਾ ਮਹਾਨ ਗ੍ਰੰਥ ਹੈ। ਸੰਤ ਵਿਸਾਖਾ ਸਿੰਘ ਜੀ ਨੇ ਇਹ ਗ੍ਰੰਥ ਲਿਖ ਕੇ ਮਹਾਨ ਕੰਮ ਕੀਤਾ ਹੈ। ਅਪੂਰਵ ਗਿਆਨ ਦਾ ਸੋਮਾ ਹੈ। ਪੰਜਾਬ ਦਾ ਸਰਬ ਪੱਖੀ ਕੋਸ਼ ਹੈ। ਸੰਤ ਵਿਸਾਖਾ ਸਿੰਘ ਜੀ ਦੇ ਹੋਰ ਲਿਖੇ ਗ੍ਰੰਥ ਇਹ ਹਨ- ਸਰੀਰਕ ਸਿਖਿਆ, ਸੰਤ ਸਿਪਾਹੀ, ਪੰਗਤੀ ਪ੍ਰਮਾਣ, ਸ੍ਰੀ ਦਸਮੇਸ਼ ਦੀਆਂ ਦੁਲਾਰੀਆਂ, ਪੈਂਤੀ ਰੋਗਾਂ ਦਾ ਇਲਾਜ਼।

**ਮਹੰਤ ਦਿਆਲ ਸਿੰਘ ਜੀ :** ਸ੍ਰੀ ਮਾਨ ਮਹੰਤ ਦਿਆਲ ਸਿੰਘ ਜੀ ਲਾਹੌਰ ਵਾਲਿਆਂ ਨੇ ਪੂਰੇ ਨਿਰਮਲ ਭੇਖ ਦਾ ਇਤਿਹਾਸ 'ਨਿਰਮਲ ਪੰਥ ਦਰਸ਼ਨ' ਲਿਖ ਕੇ ਭੇਖ ਉਤੇ ਮਹਾਨ ਉਪਕਾਰ ਕੀਤਾ ਹੈ। ਇਸ ਗ੍ਰੰਥ ਦੇ ਚਾਰ ਭਾਗ ਹਨ। ਪਹਿਲਾ ਭਾਗ 511 ਪੰਨਿਆਂ ਦਾ ਸੰਮਤ 2009 ਬਿ. ਵਿਚ ਪ੍ਰਕਾਸ਼ਿਤ ਹੋਇਆ, ਦੂਜਾ ਭਾਗ 512 ਪੰਨੇ ਦਾ ਗੁਰੂ ਰਾਮਦਾਸ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ ਤੋਂ ਸੰਮਤ 2020 ਬਿ. ਵਿਚ ਛਪਿਆ ਹੈ। ਤੀਸਰਾ ਭਾਗ 555 ਪੰਨੇ ਦਾ ਹੈ। ਚੌਥਾ ਭਾਗ 588 ਪੰਨੇ ਦਾ ਰੀਪਬਲਿਕ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ ਤੋਂ ਸੰਨ 1965 ਈ. ਵਿਚ ਪ੍ਰਕਾਸ਼ਿਤ ਕੀਤਾ। ਨਿਰਮਲ ਭੇਖ ਉਪਰ ਇਕ ਹੋਰ ਖੋਜ ਪੂਰਤ ਗ੍ਰੰਥ 'ਬਾਬੇ ਨਾਨਕ ਦਾ ਨਿਰਮਲ ਪੰਥ' ਲਿਖਿਆ ਜੋ ਕਿਰਪਾ ਰਾਮ ਪ੍ਰੈਸ, ਲਾਹੌਰ ਤੋਂ 1935 ਵਿਚ ਛਪਿਆ ਹੈ। 'ਗਿਆਨ ਭੂਮਿਕਾ' ਜਿਸ ਵਿਚ ਪ੍ਰਭੂ ਪ੍ਰਾਪਤੀ ਦੇ ਸੱਤ ਪੜਾਉ ਵਰਣਨ ਕੀਤੇ ਹਨ, ਸੰਨ 1949 ਈ. ਵਿਚ ਛਾਪੀ ਗਈ।

'ਰਿਸ਼ੀਕੇਸ਼ ਭੂਸ਼ਣ' ਪ੍ਰਸਿੱਧ ਵਿਰਕਤ ਸ੍ਰੀ ਮਾਨ ਸ੍ਵਾਮੀ ਹੀਰਾ ਲਾਲ ਜੀ ਦਾ ਜੀਵਨ ਪੰਜਾਬੀ ਬੈਂਤਾਂ ਵਿਚ 1924 ਈ. ਵਿਚ ਪ੍ਰਕਾਸ਼ਿਤ ਕੀਤਾ ਸੀ। ਮਹੰਤ ਦਿਆਲ ਸਿੰਘ ਜੀ ਦੀ ਨਿਰਮਲ ਭੇਖ ਸੰਬੰਧੀ ਸਾਹਿਤਕ ਸੇਵਾ ਵਰਣਨਯੋਗ ਹੈ।

ਮਹੰਤ ਦਿਆਲ ਸਿੰਘ ਜੀ ਦੇ ਸ਼ਿਸ਼ ਸੰਤ ਰਾਜਿੰਦਰ ਸਿੰਘ ਜੀ ਸ਼ਾਸਤ੍ਰੀ ਸਹਾਇਕ ਨਿਰਦੇਸ਼ਕ ਭਾਸ਼ਾ ਵਿਭਾਗ ਨੇ 'ਜੌਨ ਡੋਸਨ' ਦੀ ਅੰਗਰੇਜ਼ੀ ਪੁਸਤਕ 'ਹਿੰਦੂ ਕਲਾਸੀਕਲ ਡਿਕਸ਼ਨਰੀ' ਦਾ 'ਹਿੰਦੂ ਮਿਥਿਹਾਸ ਕੋਸ਼' ਨਾਮ ਹੇਠ ਅਨੁਵਾਦ ਕੀਤਾ ਜੋ ਭਾਸ਼ਾ ਵਿਭਾਗ ਪੰਜਾਬ ਨੇ ਸੰਨ 1963 ਈ. ਵਿਚ ਪ੍ਰਕਾਸ਼ਿਤ ਕੀਤਾ ਹੈ।

**ਪੰਡਿਤ ਹਰਦੇਵ ਸਿੰਘ :** ਪੰਡਿਤ ਹਰਦੇਵ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਨੇ 'ਨਾਰਾਇਣ ਹਰੀ ਉਪਦੇਸ਼' ਮਹਾਨ ਗ੍ਰੰਥ ਲਿਖਿਆ ਹੈ। ਇਸ ਗ੍ਰੰਥ ਵਿਚ ਆਪ ਨੇ ਆਪਣੇ ਪੂਜਯ ਮਹਾਪੁਰਖ ਸ੍ਰੀ ਮਾਨ ਪੰਡਿਤ ਨਾਰਾਇਣ ਸਿੰਘ ਜੀ ਦੇ ਜੀਵਨ ਚਰਿਤ੍ਰ/ਉਪਦੇਸ਼ ਅੰਕਿਤ ਕੀਤੇ ਹਨ। ਇਹ ਗ੍ਰੰਥ ਸ਼ੁਭ ਉਪਦੇਸ਼ਾਂ ਦਾ ਖ਼ਜ਼ਾਨਾ ਅਤੇ ਪਦ-ਪਦਾਰਥਾਂ ਦਾ ਭੰਡਾਰ ਹੈ। ਇਹ ਹਿੰਦੀ ਅਤੇ ਪੰਜਾਬੀ ਦੋਨ੍ਹਾਂ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋ ਚੁਕਾ ਹੈ।

**ਪੰਡਿਤ ਈਸ਼੍ਵਰ ਸਿੰਘ ਜੀ ਕਾਸ਼ੀ :** ਆਪ ਸਰਵ-ਦਰਸ਼ਨਾਚਾਰਯਾ, ਸਰਵ-ਪੱਖੀ ਵਿਦਵਾਨ ਹੋਏ ਹਨ। ਆਪ ਜੀ ਨੇ ਪੰਜ ਗ੍ਰੰਥਾਂ ਦੀ ਰਚਨਾ ਕੀਤੀ ਹੈ- ਗੁਰਮਤ ਦਿਗਵਿਜਯ, ਬੁਧੀ ਬਾਰਧਿ, ਵਾਹਿਗੁਰੂ ਮੰਤ੍ਰਾਰਥ (ਗੁਰਮੁਖੀ), ਗੁਰੂ ਮੰਤ੍ਰਾਰਥ ਪ੍ਰਕਾਸ਼ (ਸੰਸਕ੍ਰਿਤ), ਸ੍ਵੈ ਸੁਪਨ ਨਾਟਕ।

ਆਪ ਜੀ ਗੁਰੂ ਮੰਤ੍ਰਾਰਥ ਪ੍ਰਕਾਸ਼ (ਸੰਸਕ੍ਰਿਤ) ਦੀ ਭੂਮਿਕਾ ਵਿਚ ਗ੍ਰੰਥ ਲਿਖਣ ਦਾ ਕਾਰਨ ਦਸਦੇ ਹੋਏ ਲਿਖਦੇ ਹਨ ਕਿ ਹਿੰਦੂ ਧਰਮ, ਬ੍ਰਾਹਮਣਾਂ, ਸੰਨਿਆਸੀਆਂ, ਬੈਰਾਗੀਆਂ ਆਦਿਕ ਵਿਦਵਾਨ ਪੰਡਿਤਾਂ ਵਿਚ ਇਹ ਕਿੰਤੂ ਉਠਦਾ ਰਹਿੰਦਾ ਸੀ ਕਿ 'ਵਾਹਿਗੁਰੂ' ਮੰਤ੍ਰ ਮੋਕਸ਼ ਦਾਤਾ ਨਹੀਂ ਹੈ। ਮੋਕਸ਼ ਰਾਮ, ਕ੍ਰਿਸ਼ਨਾਦਿਕ ਮੰਤ੍ਰਾਂ ਦੁਆਰਾ ਹੀ ਹੋ ਸਕਦੀ ਹੈ। ਇਸ ਵਿਸ਼ੇ 'ਤੇ ਆਪ ਜੀ ਨਾਲ ਕਾਸ਼ੀ, ਨਾਸਿਕ, ਆਯੁਧਿਆ, ਪ੍ਰਯਾਗਰਾਜ ਆਦਿਕ ਤੀਰਥਾਂ, ਕੁੰਭ ਪਰਵਾਂ ਉਪਰ ਸ਼ਾਸਤ੍ਰਾਰਥ ਹੋਏ। ਸ਼ਾਸਤ੍ਰਾਰਥ ਸਮੇਂ ਆਪ ਜੀ ਨੇ ਵਾਹਿਗੁਰੂ ਮੰਤ੍ਰ ਨੂੰ ਸਰਵ ਸ਼ਿਰੋਮਣੀ ਤਾਰਕ (ਮੋਕਸ਼ਦਾਤਾ) ਸਿਧ ਕਰਕੇ ਵਿਪਕਸ਼ੀਆਂ ਦੇ ਕਿੰਤੂ-ਪ੍ਰੰਤੂ ਨੂੰ ਖ਼ਤਮ ਕਰ ਦਿਤਾ।

ਆਪ ਜੀ ਨੇ ਇਕ ਯੁਕਤੀਵਾਕ ਕਿਹਾ ਹੈ ਕਿ ਰਾਮ ਨੌਮੀ ਨੂੰ ਸ੍ਰੀ ਰਾਮ ਚੰਦ੍ਰ ਜੀ ਦਾ ਜਨਮ ਹੋਇਆ ਸੀ। ਭਾਦਰੋਂ ਦੀ ਅਸ਼ਟਮੀ ਨੂੰ ਸ੍ਰੀ ਕ੍ਰਿਸ਼ਨ ਜੀ ਦਾ ਜਨਮ ਹੋਇਆ ਕਿੰਤੂ ਜਿਸਦਾ ਜਨਮ ਨਹੀਂ, ਵੰਸ਼ ਨਹੀਂ ਜੋ ਮਰਨ ਵਿਚ ਨਹੀਂ ਆਉਂਦਾ ਜੋ ਸਦੈਵ ਹੈ, ਸੋ 'ਵਾਹਿਗੁਰੂ'। ਇਸ ਮੰਤ੍ਰ ਦਾ ਇਹੁ ਅਰਥ ਹੈ।

ਅਸੀਂ ਪੰਡਿਤ ਜੀ ਦੇ ਸੰਸਕ੍ਰਿਤ ਸ੍ਵੈ ਅਨੁਵਾਦ ਵਿਚੋਂ ਪਾਠਕਾਂ ਦੇ ਸਮੁਖ 'ਵਾਹਿਗੁਰੂ' ਮੰਤ੍ਰ ਬਾਰੇ ਵਿਚਾਰ ਰਖਦੇ ਹਾਂ, ਜਿਸ ਨਾਲ ਪਾਠਕਾਂ ਨੂੰ ਪੰਡਿਤ ਜੀ ਦੀ ਸਾਧ ਭਾਸ਼ਾ ਅਤੇ ਸ਼ੈਲੀ ਦਾ ਵੀ ਪਤਾ ਲਗੇਗਾ, "ਵਾਹਿਗੁਰੂ ਮੰਤ੍ਰ ਕੇ ਸਿਧਾਂਤ ਵਿਚਾਰ ਕੋ ਨਿਰੂਪਨ ਕਰਤੇ ਹੈਂ। ਸੋ ਨਯਾਯ, ਵਿਆਕਰਣ, ਵੇਦਾਂਤ ਇਹ ਤੀਨੋ ਕੇ ਵਿਚਾਰ ਕੋ ਲੇਕਰ ਸੋ ਇਸੀ ਵਾਸਤੇ ਇਸ ਮੰਤ੍ਰ ਕਾ ਅਰਥ ਬਹੁਤ ਕਠਨ ਹੈ। ਇਸ ਮੰਤ੍ਰ ਕੇ ਚਾਰੋਂ ਅੱਖਰੋਂ ਕੇ ਬੀਚ ਮੇਂ ਧਾਤੂ-ਪ੍ਰਤੇ ਪਦ-ਅਰਥ ਗਿਆਨ ਯਿਹ ਪਾਚੋਂ ਪਾਂਚ ਸੌ ਮੇਂ ਹੈ ਸੋ ਹਮਨੇ ਆਪਣੇ ਬਨਾਏ ਹੂਏ ਉਸ ਸੰਸਕ੍ਰਿਤ ਗ੍ਰੰਥ ਕੀ ਰਚਨਾ ਨਿਬੰਧਨ ਕਰੀ ਹੈ ਸੋ ਇਸੀ ਵਾਸਤੇ ਇਸ ਗ੍ਰੰਥ ਮੇ ਬੁਧੀ ਬਲ ਕੀ ਬਹੁਤ ਜਰੂਰਤ ਹੈ। ਸੋ ਈਹਾਂ ਗੁਰਮੁਖੀ ਵਿਦਿਆ ਕੇ ਵੀਚ ਬਹੁਤ ਸੁਗਮ ਅਰਥ ਕਰਕੇ ਲਿਖਾ ਹੈ। ਤਬ ਭੀ ਫਲਤ ਅਰਥ ਬਹੁਤ ਕਠਿਨ ਹੈ। ਕਿਉਂਕਿ ਵਾਹਿਗੁਰੂ ਮੰਤ੍ਰ ਕਾ ਅਰਥ ਵਿਦਿਆ ਕਾ ਖਜ਼ਾਨਾ ਹੈ।" ਆਪ ਜੀ ਅਗੇ ਲਿਖਦੇ ਹਨ- "ਵਾਹਿਗੁਰੂ ਇਸ ਮੰਤ੍ਰ ਕੇ ਬੀਚ ਮੇਂ ਏਕ ਏਕ ਅਖਰ ਕੇ ਜੁਦੇ ਜੁਦੇ ਅਨੇਕ ਹੀ ਪਦ ਹੈਂ ਉਨ ਅਨੇਕ ਹੀ ਪਦੋਂ ਕੇ ਅਨੰਤ ਹੀ ਅਰਥ ਹੈਂ। ਔਰ ਅਨੰਤ ਹੀ ਅਰਥੋਂ ਮੇਂ ਗਿਆਨ ਹੈ ਔਰ ਬੇਅੰਤ ਹੀ ਧਾਤੂਆਂ ਹੈਂ, ਬਿਅੰਤ ਪ੍ਰਤੇ ਹੈਂ ਔਰ ਧਾਤੂ ਪ੍ਰਤਿਓ ਕੇ ਅਰਥ ਭੀ ਬਹੁਤ ਪ੍ਰਕਾਰੋਂ ਸੇ ਹੈਂ। ਇਸ ਲੀਏ ਵਾਹਿਗੁਰੂ ਮੰਤ੍ਰ ਮੇਂ ਵਿਚਾਰ ਵ੍ਰਿਤੀ ਨਿਰੋਧ ਕਰਕੇ ਹੀ ਕਰਣਾ ਯਥਾਰਥ ਹੈ।"

**ਗੁਰਮਤ ਦਿਗ ਵਿਜਯ :** ਗੁਰਮਤ ਦਿਗ ਵਿਜਯ ਵਿਚ ਗੁਰਮਤਿ ਦੀ ਵਿਸ਼ੇਸ਼ਤਾ ਵਰਣਨ ਕੀਤੀ ਹੈ, ਜੋ ਸੰਨ 1903 ਈ. ਵਿਚ ਲਿਖਿਆ ਗਿਆ। ਗੁਰੂ ਮੰਤ੍ਰਾਰਥ ਪ੍ਰਕਾਸ਼ (ਸੰਸਕ੍ਰਿਤ) ਸੰਨ 1906 ਵਿਚ ਅੰਕਿਤ ਕੀਤਾ। ਵਾਹਿਗੁਰੂ ਮੰਤ੍ਰਾਰਥ (ਗੁਰਮੁਖੀ) ਸੰਨ 1909 ਈ. ਵਿਚ ਲਿਖਿਆ ਹੈ। ਇਹ ਸਾਰੇ ਗ੍ਰੰਥ ਬਾਂਬੇ ਮਸ਼ੀਨ ਪ੍ਰੈਸ ਲਾਹੌਰ ਤੋਂ ਸੰਨ 1910 ਈ. ਵਿਚ ਪ੍ਰਕਾਸ਼ਿਤ ਹੋਏ ਹਨ।

ਸ੍ਰੀ ਮਹੰਤ ਪੰਡਿਤ ਊਧਵ ਸਿੰਘ ਜੀ ਨੇ 'ਆਸ਼੍ਰਮ ਧਰਮ ਰਹਸਯ ਅਤੇ 'ਅਭਾਵ ਰਹਸਯ' ਦੋ ਗ੍ਰੰਥ ਲਿਖੇ ਹਨ। ਪੰਡਿਤ ਮੰਗਲ ਸਿੰਘ ਜੀ ਕਾਸ਼ੀ ਵਾਲਿਆਂ ਨੇ ਨਯਾਯ ਉਪਰ 'ਅਭਾਵ ਰਹਸਯ' ਅਪੂਰਵ ਗ੍ਰੰਥ ਲਿਖਿਆ ਹੈ। ਪੰਜਾਬ ਤੋਂ ਬਾਹਰ ਗੁਰਮਤਿ ਦੀ ਵਿਸ਼ੇਸ਼ਤਾ ਦਸਣ ਵਾਸਤੇ ਪੰਡਿਤ ਕੌਰ ਸਿੰਘ ਜੀ ਨੇ 'ਗੁਰੂ ਕੌਮੁਦੀ' (ਸੰਸਕ੍ਰਿਤ) ਗ੍ਰੰਥ ਲਿਖਿਆ। ਠਾਕੁਰ ਨਿਹਾਲ

ਸਿੰਘ ਜੀ ਨੇ ਖਾਲਸਾ ਸ਼ਬਦ ਦੀ ਵਿਆਖਿਆ ਉਪਮਾ ਵਿਚ 'ਖਾਲਸਾ ਸ਼ਤਕ' ਸੰਸਕ੍ਰਿਤ ਵਿਚ ਸੌ ਸਲੋਕਾਂ ਦਾ ਸੰਗ੍ਰਹਿ ਕੀਤਾ ਹੈ। ਬਾਬਾ ਪ੍ਰੇਮ ਸਿੰਘ ਜੀ ਰਿਸ਼ੀਕੇਸ਼ ਝਾੜੀ ਵਾਲਿਆਂ ਨੇ 'ਸ੍ਰੀ ਵਾਹਿਗੁਰੂ ਮੰਤ੍ਰ ਸਤੋਤ੍ਰਮ' ਅਤੇ 'ਗੁਰੂ ਸਤੋਤ੍ਰ ਤ੍ਰਯਮ' ਸੰਸਕ੍ਰਿਤ ਵਿਚ ਦੋ ਲਘੁ ਗ੍ਰੰਥ ਅੰਕਿਤ ਕੀਤੇ ਹਨ। ਪੰਡਿਤ ਤਾਰਾ ਸਿੰਘ ਜੀ ਤਰਨ ਤਾਰਨ ਵਾਲਿਆਂ ਨੇ ਸੰਸਕ੍ਰਿਤ ਵਿਚ 'ਮੁਮਖਸ਼ੁ ਬੋਧਨ ਪ੍ਰਕਾਸ਼' ਵੇਦਾਂਤ ਦਾ ਅਪੂਰਵ ਗ੍ਰੰਥ ਲਿਖਿਆ ਹੈ। ਪੰਡਿਤ ਹਰੀ ਸਿੰਘ ਜੀ ਵਿਰਕਤ ਪੰਜਾਬ ਸਿੰਧ ਛੇਤ੍ਰ ਰਿਸ਼ੀਕੇਸ਼ ਵਾਲਿਆਂ ਨੇ ਵੇਦਾਂਤ ਦਾ ਅਪੂਰਵ ਗ੍ਰੰਥ 'ਅਦ੍ਵੈਤਾਨੁਭਵ ਪ੍ਰਕਾਸ਼ (ਹਿੰਦੀ ਵਿਚ ਕਾਵਯ) ਵਿਚ ਲਿਖਿਆ ਹੈ। ਸੰਤ ਮਖਨ ਸਿੰਘ ਜੀ ਸ਼ਾਹਪੁਰ ਨੇ 'ਨਾਨਕ ਪ੍ਰਕਾਸ਼' ਦਾ ਹਿੰਦੀ ਅਨੁਵਾਦ ਲਿਖਕੇ ਪ੍ਰਕਾਸ਼ਿਤ ਕੀਤਾ ਹੈ। ਪੰਡਿਤ ਬੁਧ ਸਿੰਘ ਜੀ ਨੇ 'ਨਯਾਯ ਦਰਸ਼ਨ' ਦੇ ਗ੍ਰੰਥ 'ਤਰਕ ਸੰਗ੍ਰਹਿ' ਦਾ ਸੰਸਕ੍ਰਿਤ ਵਿਚ 'ਪਦ ਕ੍ਰਿਤਯ' ਟੀਕਾ ਕੀਤਾ ਹੈ। ਇਹ ਟੀਕਾ ਸੰਸਕ੍ਰਿਤ ਦੇ ਵਿਦਵਾਨਾਂ ਵਿਚ ਸਰਬ-ਪ੍ਰਿਯ ਹੈ ਜੋ ਪੰਡਿਤ ਚੰਦ੍ਰਜ ਸਿੰਘ ਦੇ ਟੀਕੇ ਦੇ ਨਾਮ ਨਾਲ ਵਿਆਖਿਆਤ ਹੈ। ਚੰਦ੍ਰਜ ਸਿੰਘ ਪੰਡਿਤ ਬੁਧ ਸਿੰਘ ਜੀ ਦਾ ਉਪਨਾਮ ਹੈ। ਪੁਰਾਣਕ ਮਿਥਿਹਾਸ ਦੇ ਆਧਾਰ 'ਤੇ 'ਬੁਧ' ਤੋਂ 'ਚੰਦ੍ਰਜ' ਨਾਮ ਬਣਾਇਆ ਹੈ। ਪੁਰਾਣਾਂ ਅਨੁਸਾਰ ਚੰਦ੍ਰਮਾ ਬੁਧ ਦਾ ਪਿਤਾ ਹੈ। 'ਚੰਦ੍ਰਜ' ਸ਼ਬਦ ਦਾ ਅਰਥ ਹੈ ਚੰਦ੍ਰਮਾ ਦਾ ਪੁਤ੍ਰ ; ਬੁਧ ਚੰਦ੍ਰਮਾ ਦਾ ਪੁਤ੍ਰ ਹੈ। ਇਸ ਤਰ੍ਹਾਂ ਕੂਟ ਭਾਸ਼ਾ ਦੁਆਰਾ ਪੰਡਿਤ ਜੀ ਨੇ ਇਹ ਉਪਨਾਮ ਧਾਰਨ ਕੀਤਾ ਹੈ। ਪੰਡਿਤ ਹਰ ਸਿੰਘ ਜੀ ਨਰੋਤਮ ਕਾਸ਼ੀ ਵਾਲਿਆਂ ਨੇ 'ਸ੍ਰੀ ਗੁਰੂ ਸਿਧਾਂਤ ਪਾਰਿਜਾਤ' ਗੁਰਮਤਿ ਗੁਰਬਾਣੀ ਦੀ ਵਿਆਖਿਆ ਵਾਸਤੇ ਸੰਸਕ੍ਰਿਤ ਵਿਚ ਇਹ ਮਹਾਨ ਗ੍ਰੰਥ ਲਿਖਿਆ ਹੈ। ਇਸ ਗ੍ਰੰਥ ਦਾ ਹਿੰਦੀ ਅਨੁਵਾਦ ਆਪ ਜੀ ਦੇ ਪੋਤ੍ਰੇ ਸ਼ਿਸ਼ ਸੰਤ ਠਾਕੁਰ ਸਿੰਘ ਜੀ 'ਪਥਿਕ' ਬ੍ਰਹਮ ਕੁਟੀ ਵਾਲਿਆਂ ਨੇ ਕੀਤਾ ਸੀ ਜੋ ਅਪ੍ਰਕਾਸ਼ਿਤ ਹੈ।

**ਪੰਡਿਤ ਗੋਬਿੰਦ ਸਿੰਘ ਜੀ :** ਸੰਸਕ੍ਰਿਤ ਦੇ ਧੁਰੰਧਰ ਵਿਦਵਾਨ ਹੋਏ ਹਨ। ਗੁਰਮਤਿ, ਵੇਦਾਂਤ, ਇਤਿਹਾਸ, ਮਿਥਿਹਾਸ ਅਤੇ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ ਸਨ। ਆਪ ਜੀ ਨੇ ਹਿੰਦੀ ਦੇਵਨਾਗਰੀ ਲਿਪੀ ਵਿਚ ਕਈ ਗ੍ਰੰਥ ਅੰਕਿਤ ਕੀਤੇ ਹਨ। 'ਨਯਾਯ ਮੁਕਤਾਵਲੀ' ਦਾ ਹਿੰਦੀ ਟੀਕਾ ਲਿਖਕੇ ਥੋੜ੍ਹੀ ਸੰਸਕ੍ਰਿਤ ਪੜ੍ਹੇ ਵਿਅਕਤੀਆਂ ਉਪਰ ਉਪਕਾਰ ਕੀਤਾ ਹੈ। 'ਵੇਦਾਂਤ ਪਰਿਭਾਸ਼ਾ' ਦੇ ਟੀਕੇ ਦਾ ਵੀ ਇਹੀ ਉਦੇਸ਼ ਹੈ ਕਿ ਆਰੰਭਕ ਵਿਦਿਆ ਵਾਲੇ ਵਿਦਿਆਰਥੀ ਵੇਦਾਂਤ ਦਾ ਸੁਖੈਨਤਾ ਨਾਲ ਅਧਿਐਨ ਕਰ ਸਕਣ। 'ਇਤਿਹਾਸ ਗੁਰੂ ਖਾਲਸਾ' ਅਤਿਅੰਤ ਖੋਜ ਨਾਲ ਲਿਖਿਆ ਸਿਖ ਇਤਿਹਾਸ ਹੈ, ਜਿਸ ਦੁਆਰਾ ਪੂਰਬ ਦੇ ਹਿੰਦੂ ਪ੍ਰੇਮੀ ਅਤੇ ਸਹਿਜਧਾਰੀ ਸਿਖ, ਗੁਰੂ ਸਾਹਿਬਾਨ ਅਤੇ ਸਿੰਘਾਂ ਦੇ ਪਰਉਪਕਾਰੀ ਕਾਰਨਾਮਿਆਂ ਤੋਂ ਜਾਣੂ ਹੋ ਰਹੇ ਹਨ। ਆਪ ਜੀ ਨੇ ਵੈਰਾਗ ਸ਼ਤਕ ਉਪਰ ਵੀ ਟਿਪਣੀ ਕੀਤੀ ਹੈ।

**ਪੰਡਿਤ ਗੁਰਦਿਤ ਸਿੰਘ ਜੀ :** ਪੰਡਿਤ ਜੀ ਨੇ ਹਿੰਦੀ, ਪੰਜਾਬੀ ਅਤੇ ਸੰਸਕ੍ਰਿਤ ਵਿਚ ਹੇਠ ਲਿਖੇ ਗ੍ਰੰਥ ਲਿਖੇ ਹਨ- ਜਪੁਜੀ ਸਟੀਕ, ਗੁਰਮਤਿ ਸਿਧਾਂਤ ਸਾਰ, ਵੇਦਾਂਤ ਸਿਧਾਂਤ-ਮੁਕਤਾਵਲੀ, ਗੁਰ ਗਿਰਾ ਰੂਪਾਂਤਰ (ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦਾ ਸੰਸਕ੍ਰਿਤ ਵਿਚ ਪਦ ਟੀਕਾ), ਗੁਰੂ ਨਾਨਕ ਅਸ਼ਟਕ (ਸੰਸਕ੍ਰਿਤ ਸਲੋਕਾਂ ਵਿਚ), ਸ੍ਰੀਮਦ ਗੁਰੂ ਗੋਬਿੰਦ ਸਿੰਘ ਸਜਸ੍ਟਕੰ ਅਤੇ ਜੀਵਨ ਚਰਿਤ੍ਰ ਪੰਡਿਤ ਹਰੀ ਸਿੰਘ ਜੀ।

**ਪੰਡਿਤ ਸਾਧੂ ਸਿੰਘ ਜੀ ਪੀਲੀ ਭੀਤ :** ਪੰਡਿਤ ਜੀ ਸੰਸਕ੍ਰਿਤ ਦੇ ਮਹਾਨ ਵਿਦਵਾਨ ਸਨ। ਆਪ ਜੀ ਨੇ ਜਪੁਜੀ ਦੀ ਹਿੰਦੀ ਟੀਕਾ 19ਵੀਂ ਸਦੀ ਦੇ ਅੰਤ ਵਿਚ ਕੀਤੀ ਸੀ। ਇਸ ਟੀਕੇ ਵਿਚ ਪ੍ਰੋੜ੍ਹਤਾ ਵਾਸਤੇ ਵੇਦਾਂ, ਉਪਨਿਸ਼ਦਾਂ, ਸ੍ਰੁਤੀਆਂ, ਸਮ੍ਰਿਤੀਆਂ ਦੇ ਅਨੇਕ ਪ੍ਰਮਾਣ ਦਿਤੇ ਹਨ। ਜਪੁਜੀ ਤੋਂ ਬਿਨਾ 'ਗੁਰੂ ਗ੍ਰੰਥ ਪ੍ਰਦੀਪ' ਗ੍ਰੰਥ ਵੀ ਲਿਖਿਆ ਹੈ। ਜਿਸ ਦੇ ਆਰੰਭ ਵਿਚ ਵੀ ਜਪੁਜੀ ਸਾਹਿਬ ਜੀ ਵਿਸਤਾਰ ਪੂਰਬਕ ਵਿਆਖਿਆ ਹੈ। ਇਹ ਗ੍ਰੰਥ 1906 ਈ. ਵਿਚ ਛਪਿਆ ਹੈ।

**ਪੰਡਿਤ ਅਰਜੁਨ ਸਿੰਘ ਜੀ ਮੁਨੀ :** ਪੰਡਿਤ ਜੀ ਨੇ ਹਿੰਦੀ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਆਰੰਭ ਕੀਤਾ ਸੀ, ਜਿਸਦੇ ਦੋ ਭਾਗ ਪ੍ਰਕਾਸ਼ਿਤ ਹੋ ਕੇ ਪਾਠਕਾਂ ਦੇ ਕਰ ਕਮਲਾਂ ਵਿਚ ਪੁਜ ਚੁਕੇ ਹਨ। ਮੁਨੀ ਜੀ ਦੇ ਯੁਵਾ ਅਵਸਥਾ ਵਿਚ ਵਿਚ ਬੈਕੁੰਠ ਗਮਨ ਕਰ ਜਾਣ ਦੇ ਕਾਰਣ ਇਹ ਟੀਕਾ ਸੰਪੂਰਣ ਨਾ ਹੋ ਸਕਿਆ। ਵਰਣਾ ਇਹ ਟੀਕਾ ਗਿਆਨ ਵਿਚ ਵਾਧਾ ਕਰਨ ਵਾਲਾ ਸੀ। ਇਸ ਟੀਕੇ ਵਿਚ ਗੁਰਬਾਣੀ ਦੀ ਵਿਆਖਿਆ ਕਰਦਿਆਂ ਨਵੇਂ-ਨਵੇਂ ਰਹਸਯ ਪ੍ਰਗਟ ਕੀਤੇ ਸਨ।

**ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ :** ਸ਼ਾਸਤ੍ਰੀ ਜੀ ਨੇ ਸ਼੍ਰੋ. ਗੁ. ਪ੍ਰ. ਕਮੇਟੀ ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਰਥ ਦਾ ਹਿੰਦੀ ਟੀਕਾ (ਅਨੁਵਾਦ) ਕੀਤਾ ਹੈ। ਸ਼ਬਦਾਰਥ ਦਾ ਪ੍ਰਥਮ ਸੰਚਯ ਅਰਥਾਤ ਪਹਿਲੀ ਜਿਲਦ 1966 ਈ. ਵਿਚ ਗੁਰਦੁਆਰਾ ਪ੍ਰਿਟਿੰਗ ਪ੍ਰੈਸ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਈ ਹੈ। ਇਸ ਸੰਚਯ ਵਿਚ 6 ਪੰਨੇ ਦੀ ਭੂਮਿਕਾ ਪੜ੍ਹਨ ਯੋਗ ਹੈ।

**ਸ੍ਵਾਮੀ ਗਿਆਨੀ ਚੰਦਾ ਸਿੰਘ :** ਸ੍ਵਾਮੀ ਗਿਆਨੀ ਚੰਦਾ ਸਿੰਘ ਜੀ ਖਟ ਸ਼ਾਸਤ੍ਰੀ ਨਿਰਮਲ ਆਸ਼੍ਰਮ ਰਿਸ਼ੀਕੇਸ਼ ਵਾਲਿਆਂ ਨੇ ਹਿੰਦੀ ਵਿਚ 'ਕਥਾ ਵਿਖਿਆਨ ਭੰਡਾਰ' ਲਿਖਿਆ ਹੈ ਜੋ ਸਚ-ਮੁਚ ਹੀ ਗਿਆਨ ਦਾ ਭੰਡਾਰ ਹੈ। ਕਥਾਕਾਰਾਂ ਅਤੇ ਲੈਕਚਰਾਰਾਂ

ਵਾਸਤੇ ਅਦੁਤੀ ਸੰਗ੍ਰਹ ਹੈ। ਇਸ ਗ੍ਰੰਥ ਵਿਚ 58 ਵਿਸ਼ਿਆਂ 'ਤੇ ਵਿਦਵਤਾ ਭਰੇ ਭਿੰਨ-ਭਿੰਨ ਲੇਖ/ਲੈਕਚਰ ਹਨ। ਵੇਦਾਂ ਸ਼ਾਸਤ੍ਰਾਂ, ਉਪਨਿਸ਼ਦਾਂ, ਸਮ੍ਰਿਤੀਆਂ, ਰਾਮਾਯਣ, ਮਹਾਭਾਰਤ, ਗੁਰਬਾਣੀ, ਗੁਰ ਇਤਿਹਾਸ, ਸਾਹਿਤਜ, ਕਾਵਜ ਦੇ ਅਨੇਕ ਪ੍ਰਮਾਣ/ ਦ੍ਰਿਸ਼ਟਾਂਤ ਦੇ ਕੇ ਹਰ ਵਿਆਖਿਆਨ ਦੇ ਵਿਸ਼ੇ ਨੂੰ ਸਪਸ਼ਟ ਕੀਤਾ ਹੈ। ਇਸ ਗ੍ਰੰਥ ਦੇ 800 ਪੰਨੇ ਹਨ ਜੋ 1959 ਈ. ਵਿਚ ਸ੍ਰੀ ਨਾਰਾਇਣ ਪ੍ਰੈਸ ਰਿਸ਼ੀਕੇਸ਼ ਤੋਂ 18 ਪੁਆਇੰਟ ਵਿਚ ਛਪਿਆ ਹੈ।

**ਪੰਡਿਤ ਹਕੀਕਤ ਸਿੰਘ ਜੀ ਅਰਵਿੰਦ :** ਪੰਡਿਤ ਜੀ ਨੇ 'ਆਤਮਾ ਸਰਤਾ' ਹਿੰਦੀ ਵਿਚ ਮਹੰਤ ਆਤਮਾ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ਼ ਵਾਲਿਆਂ ਦੀ ਜੀਵਨ ਕਥਾ ਅੰਕਿਤ ਕੀਤੀ ਹੈ। 'ਆਤਮਾ ਸਰਤਾ' ਰੌਚਕ ਵਿਦਵਤਾ ਭਰਪੂਰ ਅਨੇਕ ਪਦ ਪਦਾਰਥਾਂ ਦਾ ਸੰਗ੍ਰਹਿ ਹੈ। ਇਸ ਗ੍ਰੰਥ ਵਿਚ ਉਰਦੂ ਦੀ ਸ਼ਬਦਾਵਲੀ ਅਤੇ ਸ਼ੇਅਰ ਵੀ ਵਧ ਤੋਂ ਵਧ ਵਰਤੇ ਹਨ। ਇਹ 385 ਪੰਨਿਆਂ ਦਾ ਗ੍ਰੰਥ ਸੋਮਵਾਲ ਪ੍ਰਿੰਟਿੰਗ ਪ੍ਰੈਸ ਰਿਸ਼ੀਕੇਸ਼ ਤੋਂ 16 ਪੁਆਇੰਟ ਦੇ ਅਖਰਾਂ ਵਿਚ ਸੰਨ 1978 ਈ. ਵਿਚ ਛਪਿਆ ਹੈ। ਇਸ ਗ੍ਰੰਥ ਦੇ ਪ੍ਰਕਾਸ਼ਕ ਮਹੰਤ ਨਾਰਾਇਣ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ਼ ਵਾਲੇ ਹਨ।

**ਮਹੰਤ ਬੁੱਢਾ ਸਿੰਘ ਜੀ :** ਨਿਰਮਲ ਆਸ਼੍ਰਮ ਰਿਸ਼ੀਕੇਸ਼ ਵਾਲਿਆਂ ਨੇ ਸਿੰਧੀ ਭਾਸ਼ਾ ਵਿਚ 'ਨਿਰਮਲ ਉਪਦੇਸ਼' ਲਿਖਿਆ। ਜਿਸ ਦੇ ਪੰਜ ਸੰਸਕਰਣ ਸਿੰਧੀ ਵਿਚ ਪ੍ਰਕਾਸ਼ਿਤ ਹੋਏ। ਸੰਨ 1974 ਵਿਚ ਮਹੰਤ ਰਾਮ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ਼ ਵਾਲਿਆਂ ਦੇ ਯਤਨ ਨਾਲ ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਿਤ ਹੋਇਆ ਹੈ।

**ਸ੍ਵਾਮੀ ਨਿੱਕਾ ਸਿੰਘ** ਜੀ ਨੇ ਉਪਦੇਸ਼ ਰੂਪ ਵਿਚ 'ਸਹਜ ਕਥਾ' ਗ੍ਰੰਥ ਲਿਖਿਆ, ਜਿਸ ਨੂੰ ਮਹੰਤ ਰਾਮ ਸਿੰਘ ਜੀ ਨਿਰਮਲ ਆਸ਼੍ਰਮ ਰਿਸੀਕੇਸ਼ ਵਾਲਿਆਂ ਨੇ ਪ੍ਰਕਾਸ਼ਿਤ ਕੀਤਾ ਹੈ।

**ਸੰਤ ਨਿਰਭਿੰਦਰ ਸਿੰਘ ਜੀ** 'ਸਰਪੰਚ' ਨੇ 1997 ਈ. ਵਿਚ ਵੱਡ ਆਕਾਰੀ 'ਅਸਚਰਜ ਵਸਤੁ' ਨਿਰਮਲ ਆਸ਼੍ਰਮ ਰਿਸੀਕੇਸ਼ ਦਾ ਇਤਿਹਾਸ, ਮਹੰਤਾਂ ਦੀਆਂ ਜੀਵਨੀਆਂ ਪਰਉਪਕਾਰੀ ਸੇਵਾ ਨੂੰ ਵੇਰਵੇ ਸਹਿਤ ਵਰਣਨ ਕੀਤਾ ਹੈ। ਇਸ ਗ੍ਰੰਥ ਨੂੰ ਮਹੰਤ ਰਾਮ ਸਿੰਘ ਜੀ ਨਿਰਮਲ ਆਸ਼੍ਰਮ ਰਿਸੀਕੇਸ਼ ਵਾਲਿਆਂ ਨੇ ਪ੍ਰਕਾਸ਼ਿਤ ਕੀਤਾ ਹੈ।

ਉਪਰ ਲਿਖੇ ਗ੍ਰੰਥ ਬ੍ਰਜ ਭਾਸ਼ਾ, ਸਾਧ ਭਾਸ਼ਾ, ਸੰਸਕ੍ਰਿਤ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਲਿਖੇ ਹੋਏ ਹਨ। ਅਸੀਂ ਯਤਨ ਕੀਤਾ ਹੈ ਕਿ ਦੱਸਿਆ ਜਾਵੇ ਗ੍ਰੰਥ ਕਿਸ ਭਾਸ਼ਾ ਵਿਚ ਹੈ ? ਫਿਰ ਵੀ ਬਹੁ-ਸੰਖਿਆ ਬ੍ਰਜ ਭਾਸ਼ਾ, ਸਾਧ ਭਾਸ਼ਾ (ਸਾਧੂਕੜੀ) ਵਿਚ ਲਿਖੇ ਗ੍ਰੰਥਾਂ ਦੀ ਹੈ। ਸਾਧ ਭਾਸ਼ਾ (ਸਾਧੂਕੜੀ) ਅਤੇ ਬ੍ਰਜ ਭਾਸ਼ਾ ਸੋਲ੍ਹਵੀਂ ਸਦੀ ਤੋਂ ਲੈ ਕੇ ਉਨ੍ਹਵੀਂ ਸਦੀ ਤਕ ਪ੍ਰਮਾਣੀਕ ਬੋਲੀਆਂ ਰਹੀਆਂ ਹਨ। ਇਨ੍ਹਾਂ ਬੋਲੀਆਂ ਦਾ ਆਪਣਾ ਹੀ ਇਤਿਹਾਸ ਹੈ। ਇਹ ਭਾਸ਼ਾਵਾਂ ਨਾ ਕਿਸੇ ਜਾਤੀ ਦੀਆਂ ਸਨ, ਨਾ ਕਿਸੇ ਪ੍ਰਾਂਤ ਦੀਆਂ ਸਨ। ਇਹ ਸਾਧੂਆਂ, ਵਿਦਵਾਨਾਂ, ਲੇਖਕਾਂ ਅਤੇ ਕਵੀਆਂ ਦੀਆਂ ਭਾਸ਼ਾਵਾਂ ਸਨ। ਬ੍ਰਜ ਭਾਸ਼ਾ ਬ੍ਰਜ ਦੇ ਇਲਾਕੇ ਦੀ ਉਹ ਭਾਸ਼ਾ ਹੈ, ਜਿਸ ਵਿਚ ਅਸ਼ਟਛਾਪ ਦੇ ਭਗਤਾਂ ਅਤੇ ਰੀਤੀ ਕਾਲ ਦੇ ਕਵੀਆਂ ਨੇ ਕ੍ਰਿਸ਼ਨ ਭਗਤੀ ਦੀਆਂ ਮਨੋਹਰ ਕਵਿਤਾਵਾਂ ਲਿਖ ਕੇ ਆਕਾਸ਼ੀ ਉਡਾਰੀਆਂ ਲਾਈਆਂ ਜੋ ਇਤਨੀਆਂ ਹਰਮਨ ਪਿਆਰੀਆਂ ਹੋਈਆਂ ਕਿ ਦੇਸ਼ ਦੇ ਕਵੀਆਂ ਨੇ ਇਸੇ ਬੋਲੀ-ਸ਼ੈਲੀ ਨੂੰ ਅਪਣਾ ਲਿਆ। ਹਿਰਦੇ ਰਾਮ ਦਾ ਹਨੂਮਾਨ ਨਾਟਕ, ਕੇਸ਼ੋਦਾਸ ਦਾ ਰਸਿਕ ਪ੍ਰਿਯਾ, ਕਵਿ ਪ੍ਰਿਯਾ, ਰਾਮਚੰਦ੍ਰਕਾ ਅਤੇ ਸੁੰਦਰਦਾਸ ਦਾ ਸੁੰਦਰ ਬਿਲਾਸ ਅਤੇ ਆਯੁਰਵੈਦਿਕ ਦੇ ਗ੍ਰੰਥ ਮੇਘ ਬਿਨੋਦ ਪ੍ਰਕਾਸ਼, ਗੰਗਯਤੀ ਨਿਦਾਨ ਆਦਿਕ ਬ੍ਰਜ ਭਾਸ਼ਾ ਦੇ ਅਦੁੱਤੀ ਗ੍ਰੰਥ ਹਨ। ਇਸੇ ਰਿਵਾਜ/ਪ੍ਰਭਾਵ ਅਧੀਨ ਭਾਈ ਗੁਰਦਾਸ ਜੀ, ਗੁਰੂ ਗੋਬਿੰਦ ਸਿੰਘ ਜੀ, ਗੁਰੂ ਜੀ ਦੇ ਦਰਬਾਰ ਦੇ 52 ਕਵੀਆਂ, ਗੁਰੂ ਸੋਭਾ ਦੇ ਲੇਖਕ ਕਵਿ ਸੈਨਾਪਤਿ, ਪੰਡਿਤ ਗੁਲਾਬ ਸਿੰਘ ਜੀ ਦੀ ਅਧਿਆਤਮ ਰਮਾਇਣ, ਪ੍ਰਬੋਧ ਚੰਦ੍ਰ ਨਾਟਕ, ਭਾਵ ਰਸਾਮ੍ਰਿਤ, ਮਹਾਕਵੀ ਭਾਈ ਸੰਤੋਖ ਸਿੰਘ ਜੀ ਦਾ ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਜ, ਗਿਆਨੀ ਗਿਆਨ ਸਿੰਘ ਜੀ ਦਾ ਪੰਥ ਪ੍ਰਕਾਸ਼ ਬ੍ਰਜ ਭਾਸ਼ਾ ਦੇ ਉਲੇਖਨੀਯ ਗ੍ਰੰਥ ਹਨ। ਬਾਬਾ ਸੁਮੇਰ ਸਿੰਘ ਜੀ ਪਟਨਾ ਸਾਹਿਬ ਵਾਲੇ ਵੀ ਬ੍ਰਜ ਭਾਸ਼ਾ ਦੇ ਕਵੀ ਸਨ। ਬ੍ਰਜ ਭਾਸ਼ਾ ਕਿਸੇ ਇਕ ਇਲਾਕੇ ਦੇ ਬਜਾਏ ਸਾਰੇ ਦੇਸ਼ ਦੀ ਕਾਵਿ ਭਾਸ਼ਾ ਸੀ। ਬ੍ਰਜ ਭਾਸ਼ਾ ਦੀ ਤਰ੍ਹਾਂ ਸਾਧੂਆਂ ਦੀਆਂ ਸਰਬ ਸੰਪ੍ਰਦਾਵਾਂ ਅਤੇ ਵਾਰਤਕ ਦੇ ਲੇਖਕਾਂ ਦੀ ਸਾਧ ਭਾਸ਼ਾ ਸੀ। ਇਹ ਸਾਧੂਕੜੀ ਵੀ ਇਕ ਇਲਾਕੇ ਦੀ ਬਜਾਏ ਸਾਰੇ ਦੇਸ਼ ਦੀ ਭਾਸ਼ਾ ਬਣ ਚੁਕੀ ਸੀ। ਭਾਰਤ ਵਿਚ ਅਨੇਕ ਪ੍ਰਾਂਤਕ ਬੋਲੀਆਂ ਹਨ ਪਰ ਉਤਰੀ ਅਤੇ ਦੱਖਣੀ ਭਾਰਤ ਦੇ ਸਾਧੂ ਆਪਸ ਵਿਚ ਦੀ ਸਾਧੂਕੜੀ ਵਿਚ ਹੀ ਗੱਲਬਾਤ ਕਰਦੇ ਸਨ। ਸਾਧੂਕੜੀ ਦੇ ਕਾਰਣ ਸਾਧੂਆਂ ਦੀਆਂ ਮੰਡਲੀਆਂ/ਜਮਾਤਾਂ ਨਿਸਚਿੰਤ ਸਾਰੇ ਦੇਸ਼ ਵਿਚ ਭ੍ਰਮਣ ਕਰਦੀਆਂ ਸਨ। ਸਥਾਨਕ ਲੋਕਾਂ ਨਾਲ ਗੱਲਬਾਤ ਕਰਨ ਲਈ ਸਰਬ ਪ੍ਰਾਂਤਾਂ ਦੇ ਸਾਧੂ ਵੀ ਮੰਡਲੀਆਂ ਵਿਚ ਹੋਇਆ ਕਰਦੇ ਸਨ। ਇਸ ਤਰ੍ਹਾਂ ਭਾਸ਼ਾ ਦੀ ਕੋਈ ਸਮਸਿਆ ਨਹੀਂ ਸੀ। ਬ੍ਰਜ ਭਾਸ਼ਾ ਵਿਚ ਅਤੇ ਸਾਧ ਭਾਸ਼ਾ ਵਿਚ ਲਿਖਿਆ ਸਾਹਿਤ ਸਾਰੇ ਦੇਸ਼ ਵਿਚ ਪ੍ਰਸਿੱਧ ਹੋ ਜਾਂਦਾ ਸੀ। ਰਿਵਾਜ ਅਨੁਸਾਰ ਪੰਜਾਬੀਆਂ ਨੇ ਵੀ ਸਾਧੂਕੜੀ ਨੂੰ ਹੀ ਅਪਣਾਇਆ ਸੀ। ਪੁਰਾਤਨ ਜਨਮ ਸਾਖੀ, ਭਾਈ ਬਾਲੇ ਵਾਲੀ ਜਨਮ ਸਾਖੀ, ਭਾਈ ਮਨੀ ਸਿੰਘ ਵਾਲੀ ਜਨਮ

ਸਾਖੀ, ਬਾਬਾ ਮਿਹਰਵਾਨ, ਹਰਿ ਜੀ ਦੀਆਂ ਲਿਖਤਾਂ, ਮੀਣਿਆਂ ਦਾ ਸਾਰਾ ਸਾਹਿਤ, ਉਦਾਸੀ, ਨਿਰਮਲੇ, ਸੇਵਾ ਪੰਥੀਆਂ ਦੀਆਂ ਵਾਰਤਕ ਪੁਸਤਕਾਂ, ਸਾਧੂ ਆਨੰਦਘਨ ਦੇ ਗੁਰਬਾਣੀ ਦੇ ਟੀਕੇ, ਭਾਈ ਸੰਤੋਖ ਸਿੰਘ ਜੀ ਦਾ 'ਗਰਬ ਗੰਜਨੀ' ਜਪੁਜੀ ਟੀਕਾ, ਸਭ ਸਾਧੂਕੜੀ ਵਿਚ ਲਿਖੇ ਹੋਏ ਹਨ। ਇਹ ਸਮੇਂ ਦਾ ਰਿਵਾਜ ਸੀ, ਕਵੀ ਅਤੇ ਵਾਰਤਕਕਾਰ ਕ੍ਰਮਵਾਰ ਬ੍ਰਜ ਭਾਸ਼ਾ ਅਤੇ ਸਾਧ ਭਾਸ਼ਾ ਦੀ ਵਰਤੋਂ ਕਰਦੇ ਸਨ।

ਵਰਤਮਾਨ ਸਮੇਂ ਦੇ ਸਿਖ ਵਿਦਵਾਨਾਂ ਨੂੰ ਸ਼ਿਕਾਇਤ ਹੈ ਕਿ ਪੁਰਾਤਨ ਲੇਖਕਾਂ ਨੇ ਪੰਜਾਬੀ ਵਿਚ ਕਿਉਂ ਨਹੀਂ ਲਿਖਿਆ। ਪਰ ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਬ੍ਰਜ ਭਾਸ਼ਾ ਇਤਨੀ ਪ੍ਰਸਿਧ/ਵਿਸ਼ਾਲ ਅਤੇ ਲੋਕਪ੍ਰਿਯ ਬਣ ਗਈ ਸੀ ਕਿ ਇਸ ਵਿਚ ਲਿਖਣਾ ਮਾਣ ਸਮਝਿਆ ਜਾਂਦਾ ਸੀ। ਇਸ ਭਾਸ਼ਾ ਵਿਚ ਲਿਖੀਆਂ ਲਿਖਤਾਂ ਸਾਰੇ ਦੇਸ਼ ਵਿਚ ਪ੍ਰਚਲਤ ਹੁੰਦੀਆਂ ਸਨ। ਪਾਠਕਾਂ ਨੂੰ ਯਾਦ ਹੋਵੇਗਾ ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ਜੀ ਦੀਆਂ ਲਿਖਤਾਂ ਵੀ ਬ੍ਰਜ ਭਾਸ਼ਾ ਵਿਚ ਹਨ। ਭਾਈ ਵੀਰ ਸਿੰਘ ਜੀ ਦੇ ਪਿਤਾ ਡਾ. ਚਰਨ ਸਿੰਘ ਜੀ ਬ੍ਰਜ ਭਾਸ਼ਾ ਵਿਚ ਲਿਖਦੇ ਸਨ। ਬਾਬਾ ਸੁਮੇਰ ਸਿੰਘ ਜੀ ਪਟਨੇ ਸਾਹਿਬ ਵਾਲਿਆਂ ਨੇ ਭਾਈ ਵੀਰ ਸਿੰਘ ਜੀ ਨੂੰ ਵੀ ਬ੍ਰਜ ਭਾਸ਼ਾ ਵਿਚ ਲਿਖਣ ਦਾ ਸੁਝਾਉ ਦਿਤਾ ਸੀ। ਬ੍ਰਜ ਭਾਸ਼ਾ ਵਿਚ ਪੰਥ ਪ੍ਰਕਾਸ਼ ਲਿਖਣ ਵਾਲੇ ਗਿਆਨੀ ਗਿਆਨ ਸਿੰਘ ਜੀ ਨੇ ਪਹਿਲ ਕਰਕੇ ਪੰਜਾਬੀ ਵਿਚ ਤਵਾਰੀਖ਼ ਗੁਰੂ ਖਾਲਸਾ ਲਿਖਕੇ ਪੰਜਾਬੀ ਵਾਰਤਕ ਲਿਖਣ ਦੀ ਪਰੰਪਰਾ ਤੋਰੀ।

ਪ੍ਰਸੰਗ ਤੋਂ ਬਾਹਰ ਇਤਨਾ ਲੰਮਾ ਲੇਖ ਦਾਸ ਨੂੰ ਇਸ ਵਾਸਤੇ ਲਿਖਣਾ ਪਿਆ ਹੈ ਤਾਂ ਕਿ 18ਵੀਂ ਅਤੇ 19ਵੀਂ ਸਦੀ ਦੀ ਭਾਸ਼ਾ ਦੀ ਸਥਿਤੀ ਨੂੰ ਸਮਝਿਆ ਜਾਵੇ। ਜਿਸ ਵੇਲੇ ਇਹ ਮੌਲਿਕ ਗ੍ਰੰਥ ਅਤੇ ਟੀਕੇ ਲਿਖੇ ਗਏ ਹਨ, ਇਨ੍ਹਾਂ ਦਾ ਪਠਨ-ਪਾਠਨ ਵੀ ਬ੍ਰਜ ਭਾਸ਼ਾ ਅਤੇ ਸਾਧ ਭਾਸ਼ਾ ਨੂੰ ਸਮਝਣ ਵਾਲਾ ਸਾਧੂ ਸਮਾਜ ਹੀ ਕਰਦਾ ਸੀ। ਜੋ ਸਦ ਗ੍ਰਿਹਸਥੀਆਂ ਨੂੰ ਸਥਾਨਕ ਸੁਖੈਨ ਬੋਲੀ ਵਿਚ ਸਮਝਾਉਂਦਾ ਸੀ। ਇਸ ਵਾਸਤੇ ਸਾਡੇ ਨਵੀਨ ਵਿਦਵਾਨਾਂ ਦੀ ਸ਼ਿਕਾਇਤ ਠੀਕ ਨਹੀਂ। ਆਧੁਨਿਕ ਵਿਦਵਾਨ ਸ਼ਿਕਾਇਤ ਕਰਦੇ ਹੋਏ ਵੀ ਆਪਣੀ ਖੋਜ ਦੀ ਪੂਰਤੀ ਪੁਰਾਤਨ ਵਿਦਵਾਨਾਂ ਦੇ ਗ੍ਰੰਥਾਂ ਤੋਂ ਹੀ ਕਰਦੇ ਹਨ। 20ਵੀਂ ਸਦੀ ਵਿਚ ਜਦੋਂ ਪੰਜਾਬੀ ਲਿਖੀ ਪੜ੍ਹੀ ਜਾਣ ਲਗੀ ਤਾਂ ਨਿਰਮਲੇ ਸੰਤਾਂ ਨੇ ਸਭ ਤੋਂ ਪਹਿਲਾਂ ਪੰਜਾਬੀ ਵਿਚ ਲਿਖਣਾ ਆਰੰਭ ਕੀਤਾ।

ਸਿਖੀ ਅਤੇ ਗੁਰਮਤਿ ਸਿਧਾਂਤ ਨੂੰ ਸਮਝਣ ਵਾਸਤੇ ਪੁਰਾਤਨ ਇਤਿਹਾਸ, ਮਿਥਿਹਾਸ, ਦਰਸ਼ਨ, ਸਭਿਆਚਾਰ, ਸੰਸਕ੍ਰਿਤ ਅਤੇ ਫ਼ਾਰਸੀ ਦਾ ਅਧਿਐਨ ਜ਼ਰੂਰੀ ਹੈ। ਇਸੀ ਤਰ੍ਹਾਂ ਬ੍ਰਜ ਭਾਸ਼ਾ ਅਤੇ ਸਾਧ ਭਾਸ਼ਾ ਦਾ ਗਿਆਨ ਪ੍ਰਾਪਤ ਕਰਨਾ ਵੀ ਸਾਡੇ ਵਾਸਤੇ ਅਵਸ਼ਕ ਹੈ।

# ਕਾਸ਼ੀ ਦੀ ਨਿਰਮਲ ਪ੍ਰੰਪਰਾ

*ਸੰਤ ਦਰਸ਼ਨ ਸਿੰਘ ਸ਼ਾਸਤ੍ਰੀ*
*ਸੰਤ ਸਤਨਾਮ ਸਿੰਘ ਸ਼ਾਸਤ੍ਰੀ*
*ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ**

यदा यदा हि धर्मस्य गलानिर्भवति भारत।
अभ्युत्थानमधर्मस्य तदात्मानं सृजाम्यहम्।
परित्राणाय साधूनां विनाशाय च दुष्कृताम्।
धर्मसंस्थापनार्थाय संभवामि युगे युगे।।[1]

ਸਰਵਗੁਣ ਸੁਸਜਿੱਤ ਸੱਜਣ ਪੁਰਸ਼ੋਂ ਕੋ ਗਿਆਤ ਹੋ ਕਿ ਇਸ ਸੰਸਾਰ ਵਿਚ ਜਿਸ ਸਮੇਂ ਧਰਮ ਦਾ ਵਿਨਾਸ਼ ਅਥਵਾ ਹਾਨੀ ਹੁੰਦੀ ਹੈ ਅਤੇ ਅਧਰਮ ਦੀ ਵ੍ਰਿਧੀ (ਬਹੁਲਤਾ) ਹੁੰਦੀ ਹੈ। ਉਸ ਸਮੇਂ ਅਧਰਮ ਦੀ ਨਿਵਿਰਤੀ ਤਥਾ ਧਰਮ ਦੀ ਮਰਯਾਦਾ ਸਥਾਪਿਤ ਕਰਨ, ਦੁਸ਼ਟਾਂ ਦੇ ਵਿਨਾਸ਼ ਅਤੇ ਸੱਜਣ ਪੁਰਖਾਂ ਦੀ ਰੱਖਿਆ ਵਾਸਤੇ ਭਗਵਾਨ ਅੰਤਰਜਾਮੀ ਸਰਗੁਣ ਸਰੂਪ ਵਿਚ ਆਪਣੀ ਸ਼ਕਤੀ ਦੁਆਰਾ ਅਵਤਾਰ ਧਾਰਣ ਕਰਦੇ ਹਨ। ਅਵਤਾਰ ਸੰਸਕ੍ਰਿਤ ਦਾ ਸ਼ਬਦ ਹੈ। ਇਸ ਦਾ ਅਰਥ ਹੈ ਰਕਸ਼ਕ ਅਤੇ ਤਾਰਕ। ਇਸ ਦੀ ਵਿਉਤਪਤੀ ਹੈ- "अवति=रक्षति, कस्मात् रक्षति, स्वभक्तान दुषटेभयो रक्षति तथा सन्सार सागरात् तारयतीति अवतारः" ਭਾਵ ਜੋ ਆਪਣੇ ਭਗਤਾਂ ਦੀ ਦੁਸ਼ਟਾਂ ਤੋਂ ਰੱਖਿਆ ਅਤੇ ਸੰਸਾਰ ਸਾਗਰ ਤੋਂ ਪਾਰ ਕਰੇ, ਉਸ ਦਾ ਨਾਮ ਹੈ ਅਵਤਾਰ। ਜਿਸ ਤਰ੍ਹਾਂ ਸਤਯੁਗ[2] ਆਦਿ ਯੁਗਾਂ ਵਿਚ ਸਮੇਂ-ਸਮੇਂ ਅਨੁਸਾਰ ਪਰਮਾਤਮਾ ਨੇ ਅਵਤਾਰ ਧਾਰਿਆ।

ਇਸੀ ਪ੍ਰਕਾਰ ਕਲਯੁਗ ਦੇ ਪ੍ਰਥਮ ਚਰਣ ਵਿਚ ਜਦੋਂ ਦੁਸ਼ਟਾਂ ਦੀ ਬਹੁਲਤਾ ਦੇ ਕਾਰਣ ਪ੍ਰਿਥਵੀ[3] ਉਤੇ ਦੁਸ਼ਟਾਚਾਰ, ਪਾਪਾਚਾਰ, ਭ੍ਰਸ਼ਟਾਚਾਰ ਆਦਿ ਵਡੇ-ਵਡੇ ਉਪੱਦ੍ਰਵ[4] ਹੋਣ ਲਗੇ, ਤਦੋਂ ਪ੍ਰਭੂ ਅੰਤਰਜਾਮੀ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਆਦਿ ਦਸ ਸਰੂਪ ਧਾਰਕੇ ਧਰਮ ਦੀ ਪੁਨਰ ਸੰਸਥਾਪਨਾ, ਦੁਸ਼ਟਾਂ ਦਾ ਵਿਨਾਸ਼ ਅਤੇ ਸਾਧੂ ਪੁਰਖਾਂ ਦੀ ਰੱਖਿਆ ਕੀਤੀ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਉਣ ਦਾ ਇਹੀ ਪ੍ਰਯੋਜਨ ਦੱਸਿਆ ਹੈ ਯਥਾ:-ਹਮ ਇਹ ਕਾਜ ਜਗਤ ਮੋ ਆਏ। ਇਸ ਉਦੇਸ਼ ਦੀ ਪੂਰਤੀ ਹੇਤੂ ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਦੀ ਰਚਨਾ ਕਰਕੇ ਸ਼ਸਤ੍ਰ ਅਤੇ ਸ਼ਾਸਤ੍ਰ ਦਾ ਏਕੀਕਰਨ ਕੀਤਾ ਕਿਉਂਕਿ "ਦੁਸ਼ਟ ਮੂਢ ਸ਼ਸਤ੍ਰੋਂ ਕਰ ਦਬ ਹੈਂ। ਸ਼ਾਸਤ੍ਰ ਤੇ ਕੋਵਿੰਦ ਬਸ ਫ਼ਬ ਹੈਂ॥"[5] ਇਸ ਕਰਕੇ ਗੁਰੂ ਜੀ ਨੇ ਜਿਥੇ ਗੁਰਸਿਖਾਂ ਨੂੰ ਸੂਰਬੀਰਤਾ, ਸ੍ਵਾਭਿਮਾਨਤਾ, ਨਿਰਭੈਤਾ ਅਤੇ ਗਊ-ਗ਼ਰੀਬ ਦੀ ਰੱਖਿਆ ਵਾਸਤੇ ਸ਼ਸਤ੍ਰ ਵਿਦਿਆ ਵਿਚ ਅਭਿਅਸਤ ਕੀਤਾ, ਉਥੇ ਉਨ੍ਹਾਂ ਨੂੰ ਸ਼ਾਸਤ੍ਰ ਵਿਦਿਆ ਵਿਚ ਵੀ ਪਰਵਿਰਤ ਕੀਤਾ। ਜਿਸ ਤਰ੍ਹਾਂ ਨੀਤੀ ਸ਼ਾਸਤ੍ਰ ਵਿਚ ਲਿਖਿਆ

---

* ਸ਼੍ਰੀ ਪੰਚਾਇਤੀ ਅਖਾੜਾ ਨਿਰਮਲਾ, ਸੀ/ਕੇ 13/12 ਸੱਤੀ ਚੌਂਤਰਾ, ਕਾਸ਼ੀ (ਵਾਰਾਣਸੀ)। ਫੋਨ ਨੰ. 0542-2400366

[1] श्रीमद् भ. गी. 4.7.
ਜਬਿ ਜਬਿ ਹੋਤ ਅਰਿਸ਼ਟਿ ਅਪਾਰਾ॥ ਤਬਿ ਤਬਿ ਦੇਹ ਧਰਤ ਅਵਤਾਰਾ॥ (ਦਸਮ ਗ੍ਰੰਥ, ਪੰਨਾ 155)

[2] ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥ ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥ ਸ੍ਰੀ ਗੁਰੁ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥ (ਸ਼੍ਰੀ ਗੁ. ਗ੍ਰੰ. ਸਾ., ਪੰ. 1390)
ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥ (ਸ਼੍ਰੀ ਗੁ. ਗ੍ਰੰ. ਸਾ., ਪੰ. 415)
कृते धृत्वा वै योऽच्छलयत बलिं वामनतनुं। दशास्यन्त्रेतायां सकुलमवधीद्यो हि कृपया।
अथो कंसं हत्वा दिवमगमयद्वापरयुगे। महाशान्तं वन्दे जनिमृतिहरन्नानकगुरुम्।।१।। (गुरु स्तोत्रत्रयम्)

[3] हा दैव हा दैव न कोपि राजा न साधवो सिद्धकलौ पृथिव्याम्।
असंख्यदुष्टा बहुपापकारका नराधमास्ते म्लेच्छशरीरधारिणः।। (भवि. पु.)

[4] ਕਲਿ ਆਈ ਕੁੱਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ। ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ। ਪਰਜਾ ਅੰਧੀ ਗਿਆਨ ਬਿਨ ਕੂੜ ਕੁਸੱਤ ਮੁਖਹੁ ਆਲਾਈ। ਚੇਲੇ ਸਾਜ ਵਜਾਇੰਦੇ ਨੱਚਣ ਗੁਰੂ ਬਹੁਤ ਬਿਧ ਭਾਈ। ਸੇਵਕ ਬੈਠਨ ਘਰਾਂ ਵਿਚ ਗੁਰ ਉਠ ਘਰੀਂ ਤਿਨਾੜੇ ਜਾਈ। ਕਾਜੀ ਹੋਏ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ। ਇਸਤ੍ਰੀ ਪੁਰਖੈ ਦਾਮ ਹਿਤ ਭਾਵੇਂ ਆਇ ਕਿਥਾਉਂ ਜਾਈ। ਵਰਤਿਆ ਪਾਪ ਸਭਸੁ ਜਗ ਮਾਹੀ॥੩੦॥ (ਵਾਰ ਭਾ. ਗੁਰਦਾਸ ੧)

[5] ਪੰਥ ਪ੍ਰਕਾਸ਼

ਹੈ- विद्या शस्त्रस्य शास्त्रस्य द्वै विद्ये प्रतिपत्तये। आद्या हास्याय वृधत्वे द्वितीयाद्रीयते सदा।।१।। अनेक संश्योछेदी प्रोक्षारथस्य दर्शकम्। सर्वस्य लोचनं शासत्रं यस्य नास्ति अंधमेव सः।।२।।[1]

ਭਾਵ ਵਿਦਿਆ ਦੋ ਪ੍ਰਕਾਰ ਦੀ ਹੈ। ਇਕ ਸ਼ਸਤ੍ਰ ਵਿਦਿਆ ਅਤੇ ਦੂਸਰੀ ਸ਼ਾਸਤ੍ਰ ਵਿਦਿਆ। ਪਹਿਲੀ ਸ਼ਸਤ੍ਰ ਵਿਦਿਆ ਵੀ ਬੜੀ ਮਹਾਨਤਾ ਰੱਖਦੀ ਹੈ, ਕਿੰਤੂ ਸ਼ਾਸਤ੍ਰ ਵਿਦਿਆ ਬਾਲਪਨ, ਯੌਵਨ ਅਤੇ ਬ੍ਰਿਧਾ ਅਵਸਥਾ ਵਿਚ ਵੀ ਸਤਿਕਾਰ ਕਰਾਉਂਦੀ ਹੈ। ਇਹ ਮਨੁੱਖ ਦੇ ਅਨੇਕ ਸੰਸਿਆਂ ਨੂੰ ਦੂਰ ਕਰਨ ਵਾਲੀ ਅਤੇ ਪਰੋਕਸ਼ ਵਸਤੂ ਨੂੰ ਅਪਰੋਕਸ਼ ਦਿਖਾਉਣ ਵਾਲੀ ਹੈ। ਮਨੁੱਖਾਂ ਦਾ ਅਸਲੀ ਨੇਤ੍ਰ ਸ਼ਾਸਤ੍ਰ ਵਿਦਿਆ ਹੈ। ਜਿਸ ਮਾਨਵ ਕੋਲ ਸ਼ਾਸਤ੍ਰ ਵਿਦਿਆ ਨਹੀਂ, ਉਹ ਅੱਖਾਂ ਹੁੰਦੇ ਹੋਏ ਵੀ ਅੰਧੇ ਦੇ ਸਮਾਨ ਹੈ, ਕਿਉਂਕਿ ਕੋਈ ਵੀ ਰਾਸ਼ਟਰ ਅਤੇ ਸਮਾਜ ਤਦੋਂ ਤਕ ਉੱਨਤੀ ਦੇ ਸਿਖਰ ਪਰ ਆਰੂਢ ਨਹੀਂ ਹੋ ਸਕਦਾ, ਜਦੋਂ ਤਕ ਉਸ ਦੇ ਅੰਦਰ ਵਿਦਵਤਾ ਅਤੇ ਵਿਦਵਤ ਜਨਾਂ ਦੀ ਬਹੁਲਤਾ ਨਾ ਹੋਵੇ। ਜਿਵੇਂ ਕਿਹਾ ਗਿਆ ਹੈ "साहित्य संगीतकलाविहीनः साक्षात्पशुः पुच्छविषाणहीनः।"[2] ਕਵੀ ਸਮ੍ਰਾਟ ਭਰਥਰੀ ਹਰਿ ਜੀ ਦੇ ਇਸ ਕਥਨ ਅਨੁਸਾਰ ਜਿਥੇ ਵਿੱਦਿਆ ਵਿਹੀਨ ਵਿਅਕਤੀ ਦੇਸ਼ ਅਤੇ ਸਮਾਜ ਵਾਸਤੇ ਭਾਰ[3] ਰੂਪ ਹੈ, ਉਥੇ ਪਵਿਤ੍ਰ ਜੀਵਨ ਸਹਿਤ ਵਿਦਵਾਨ ਦੇਸ਼ ਅਤੇ ਸਮਾਜ ਵਾਸਤੇ ਅਮੋਲਕ ਰਤਨ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਗਏ ਭਗਤੀ ਆਧਾਰਿਤ ਸੁਤੰਤਰਤਾ ਅੰਦੋਲਨ ਦੇ ਸਾਂਸਕ੍ਰਿਤਕ ਆਧਾਰ ਨੂੰ ਦ੍ਰਿੜ੍ਹ ਕਰਨ ਲਈ ਸੰਸਕ੍ਰਿਤ ਵਿਦਿਆ ਦੇ ਅਧਿਐਨ ਦੀ ਅਤਿਅੰਤ ਆਵਸ਼ਕਤਾ ਸੀ, ਕਿਉਂਕਿ ਇਸ ਆਧਾਰ ਤੋਂ ਬਿਨਾ ਕੋਈ ਵੀ ਅੰਦੋਲਨ ਸਾਰਵਭੌਮ ਰੂਪ ਧਾਰਨ ਨਹੀਂ ਕਰ ਸਕਦਾ ਸੀ। ਇਸ ਉਦੇਸ਼ ਨੂੰ ਮੁਖ ਰੱਖਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਕਵੀ ਦਰਬਾਰ ਅੰਦਰ ਵਿਚ ਇਕ ਸੰਸਕ੍ਰਿਤ ਵਿਦਿਆ ਦੇ ਧੁਰੰਧਰ ਵਿਦਵਾਨ ਪੰਡਿਤ ਰਘੁਨਾਥ[4] ਨੂੰ ਸਥਾਨ ਦਿਤਾ, ਜੋ ਕਿ ਹਰ ਰੋਜ਼ ਗੁਰੂ ਜੀ ਨੂੰ ਕਥਾ ਸੁਣਾਉਂਦਾ ਸੀ। ਉਸ ਦੇ ਪਾਸ ਗੁਰਸਿਖਾਂ ਨੂੰ ਸੰਸਕ੍ਰਿਤ ਦਾ ਅਧਿਐਨ ਕਰਨ ਵਾਸਤੇ ਬਿਠਾਇਆ। ਕੁਝ ਦਿਨ ਪੜ੍ਹਾਉਣ ਤੋਂ ਬਾਅਦ ਗੁਰਸਿਖਾਂ ਦੀ ਅੱਲਗ-ਅਲੱਗ ਜਾਤੀ ਗਿਆਤ ਹੋਣ 'ਤੇ ਪੰਡਿਤ ਜੀ ਨੇ ਇਹ ਕਹਿ ਕੇ ਪੜ੍ਹਾਉਣ ਤੋਂ ਮਨ੍ਹਾਂ ਕਰ ਦਿਤਾ ਕਿ ਤੁਸੀਂ ਸ਼ੂਦਰ ਹੋਣ ਕਰਕੇ ਵੇਦ-ਵਿਦਿਆ ਦੇ ਅਧਿਕਾਰੀ ਨਹੀਂ ਹੋ ਸਕਦੇ। ਗੁਰੂ ਜੀ ਨੇ ਜਦੋਂ ਗੁਰਸਿਖਾਂ ਕੋਲੋਂ ਇਸ ਤਰ੍ਹਾਂ ਸੁਣਿਆ ਤਾਂ ਕੁਝ ਬੀਰ ਰਸ ਵਿਚ ਆ ਕੇ ਕਿਹਾ[5]- जन्मजातो भवेत् शूद्रा संस्कारे द्विजोत्तमा। वेद पाठी भवेत विप्रा, ब्रह्म जानाति स ब्रह्मणः। ਭਾਵ ਜਨਮ ਤੋਂ ਤਾਂ ਸਭ ਸ਼ੂਦਰ ਹੀ ਹਨ, ਪਰੰਤੂ ਸੰਸਕਾਰ ਦੁਆਰਾ ਦੂਜਾ ਜਨਮ ਹੋਣ ਕਰਕੇ ਦ੍ਵਿਜ, ਵੇਦ ਪੜ੍ਹਣ ਕਰਕੇ ਵਿਪ੍ਰ (ਵਿਦਵਾਨ) ਅਤੇ ਤਤ੍ਵੇਤਾ ਹੋਣ ਕਰਕੇ ਬ੍ਰਾਹਮਣ ਕਹੇ ਜਾਂਦੇ ਹਨ। ਏਸੇ ਤਰ੍ਹਾਂ ਸਾਡੇ ਗੁਰਸਿਖ ਗੁਰੂ ਘਰ ਵਿਚ ਆ ਕੇ ਉਪਦੇਸ਼ ਗ੍ਰਹਿਣ ਕਰਨ ਵਾਲੇ ਦ੍ਵਿਜ ਅਧਿਆਤਮਿਕ ਵਿਦਿਆ ਪੜ੍ਹਨ ਵਾਲੇ ਵਿਪ੍ਰ (ਵਿਦਵਾਨ) ਅਤੇ ਅਧਿਆਤਮਕ ਚਿੰਤਨ ਦੁਆਰਾ ਆਤਮ ਤਤ੍ਵ ਨੂੰ ਜਾਣ ਕੇ ਬ੍ਰਾਹਮਣ ਅਥਵਾ ਗਿਆਨੀ ਹੁੰਦੇ ਹਨ।

**"ਜਿਨ ਸਿੱਖਨ ਕੋ ਸ਼ੂਦਰ ਕੈ ਹੈਂ ਤਿਨ ਤੇ ਬਿਪ੍ਰ ਬੇਦ ਪਢੈ ਹੈਂ।**
**ਮੀਰੀ ਪੀਰੀ ਰਾਜ ਫ਼ਕੀਰੀ ਦਾਨ ਦਹੀਰੀ ਬਢ ਤਦਬੀਰੀ।**
**ਸ਼ਸਤ੍ਰ ਸ਼ਾਸਤ੍ਰ ਬਿਦਯਾ ਜੇਤੀ। ਮੈਂ ਤਿਨ ਸਿਖੈਂ ਬਖਸ਼ੋਂ ਤੇਤੀ।**
**ਸੁਨਿ ਪੰਡਿਤ ਲੱਜਿਤ ਹ੍ਵੈ ਗਯੋ। ਗੁਰੂ ਹੁਕਮ ਇਮ ਸਿਖੈਂ ਦਯੋ।**

---

[1] ਪੰਚ ਤੰਤ੍ਰ

[2] ਨੀਤੀ ਸ਼ਤਕ ਭਰਥਰੀ ਹਰੀ, ਸਲੋਕ 12.

[3] आहारनिद्राभयमैथुनानि सामान्यमेतत् पशुभिर्नराणाम्।
ज्ञानं नराणामधिको विशेषो ज्ञानेन हीनाः पशुभिः समानाः।। (सूक्तावली, श्लोक 13)
येषां न विद्या न तपो न दानं, ज्ञानं न शीलं न गुणो न धर्मः।
ते मर्त्यलोके भुवि भारभूता मनुष्य रुपेण मृगाश्चरन्ति।। (नीति शतक, श्लोक 13)
ਨਿੰਦ੍ਰਾ ਭੋਜਨ ਭੋਗ ਪੈ ਇਹ ਪਸੁ ਪੁਰਖ ਸਮਾਨ।
ਨਰਨ ਗਿਆਨ ਨਿਜ ਅਧਿਕਤਾ ਗਿਆਨ ਬਿਨਾ ਪਸੁ ਜਾਨ। (ਸਾਰੁਕਤਾਵਲੀ ਅਧਿ. 3, ਸਲੋਕ 13)

[4] ਤਿਸੀ ਸਮੇਂ ਪੰਡਿਤ ਅਯੋ ਦ੍ਵਿਜ ਰਘੁਨਾਥ ਇਕ ਨਾਮ। ਨਵਖਟ ਦਸ ਅਠ ਚਾਰ ਮੈਂ, ਨਿਪੁਨ ਨੀਤਿ ਗੁਨ ਧਾਮ॥
ਰਾਖਯੋ ਢਿਗ ਨਿਤ ਕਥਾ ਸੁਨਾਵੈ। ਅਨਿਕ ਭਾਂਤਿ ਕਰਿ ਗੁਰੈਂ ਰਿਝਾਵੈ॥ (ਪੰਥ ਪ੍ਰਕਾਸ਼, ਪੰ. 1392)

[5] ਪੁਰਾ ਜਨਮ ਤੈ ਸ਼ੂਦਰ ਸਬ ਹੀ। ਦ੍ਵਿਜ ਹ੍ਵੈ ਸੰਸਕਾਰ ਹ੍ਵੈ ਜਬ ਹੀ।
ਵੇਦ ਪਢੈ ਤਬਿ ਬਿਪ੍ਰ ਹੋਈ। ਬ੍ਰਹਮ ਗਿਆਨੀ ਬ੍ਰਹਮਣ ਸੋ ਹੀ। (ਪੰਥ ਪ੍ਰਕਾਸ਼, ਪੰ. 1393)

**ਪਢੋ ਅਬੈ ਤੁਮ ਕਾਂਸ਼ੀ ਜਾਏ। ਨਿਗਮਾਗਮ ਬਿਦਯਾ ਮਨ ਲਾਏ।**
**ਔਰ ਪਢਤ ਜੋ ਬਰਸਨ ਮੈਂ ਹੈ। ਤੁਮੈਂ ਮਹੀਨਯੋ ਮੈਂ ਸੋ ਐ ਹੈ।**
**ਜੇਤਿਕ ਬਿਦਯਾ ਸਭ ਜਗ ਮੈਂ ਹੈ। ਗੁਰ ਘਰ ਮੇਂ ਅਬਿ ਆਇ ਸੋ ਰੈਹੈ।"**[1]

ਇਸ ਪ੍ਰਕਾਰ ਮਹਾਰਾਜ ਜੀ ਦੀ ਆਗਿਆ ਸੁਣ ਕੇ ਸਿਖਾਂ ਨੇ ਬੇਨਤੀ ਕੀਤੀ ਕਿ ਕਾਸ਼ੀ ਵਿਚ ਅਸਾਂ ਨੂੰ ਸ਼ੂਦਰ ਨਹੀਂ ਕਹਿਣਗੇ ? ਗੁਰੂ ਜੀ ਨੇ ਉਤਰ ਦਿਤਾ ਕਿ ਅਸੀਂ ਹੁਣ ਤੁਹਾਨੂੰ ਐਸਾ ਸਰੂਪ ਬਖਸ਼ਿਸ਼ ਕਰਾਂਗੇ, ਜੋ ਚਾਰ ਵਰਣਾਂ ਅਤੇ ਚਾਰ ਆਸ਼੍ਰਮਾਂ ਵਿਚੋਂ ਉਤਮ ਹੈ। ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਨੇ ਭਰੇ ਦੀਵਾਨ ਅੰਦਰ ਸੰਮਤ 1743 ਮੁਤਾਬਿਕ ਸੰਨ 1686 ਈ. ਨੂੰ ਪੰਜ ਨਿਰਮਲੇ ਸੰਤਾਂ ਦੀ ਚੋਣ ਕੀਤੀ। ਜੋ ਕਿ ਪਹਿਲੇ ਹੀ ਗੁਰਬਾਣੀ, ਭਾਸ਼ਾ, ਗੁਰੂ-ਇਤਿਹਾਸ ਦੇ ਗਿਆਤਾ ਅਤੇ ਵਿਚਾਰਸ਼ੀਲ, ਸ਼ਾਂਤ-ਚਿਤ, ਵਿਵੇਕ ਆਦਿ ਸਾਧਨ ਚਤੁਸ਼ਟਯ ਸੰਪੰਨ, ਧਰਮ ਧੀਰਜ ਆਦਿ ਗੁਣਾਂ[2] ਨਾਲ ਭਰਪੂਰ ਸਨ। ਇਨ੍ਹਾਂ ਪੰਜਾਂ ਸੰਤਾਂ ਦੇ ਨਾਮ ਸਨ ਸੰਤ ਕਰਮ ਸਿੰਘ ਜੀ, ਸੰਤ ਰਾਮ ਸਿੰਘ ਜੀ, ਸੰਤ ਗੰਡਾ ਸਿੰਘ ਜੀ, ਸੰਤ ਬੀਰ ਸਿੰਘ ਜੀ, ਸੰਤ ਸੈਣਾ ਸਿੰਘ ਜੀ। ਇਨ੍ਹਾਂ ਪੰਜਾਂ ਸੰਤਾਂ ਨੂੰ ਗੁਰੂ ਜੀ ਨੇ ਗੇਰੂਏ ਵਸਤ੍ਰ ਪਹਿਨਾ ਕੇ ਹੱਥਾਂ ਵਿਚ ਚਿੱਪੀਆਂ (ਕਮੰਡਲ) ਦੇ ਕਰ ਐਸਾ ਵਿਰੱਕਤ[3] ਸੰਤਾਂ ਵਾਲਾ ਵੇਸ ਬਖਸ਼ ਕੇ ਆਗਿਆ ਕੀਤੀ ਕਿ ਤੁਸੀਂ ਕਾਸ਼ੀ (ਬਨਾਰਸ) ਵਿਚ ਜਾ ਕੇ ਸੰਸਕ੍ਰਿਤ ਵਿਦਿਆ ਦਾ ਅਧਿਐਨ ਕਰੋ। ਸੰਸਕ੍ਰਿਤ ਵਿਦਿਆ ਵਿਚ ਪੂਰਣਤਾ ਪ੍ਰਾਪਤ ਕਰਕੇ ਵਾਪਸ ਗੁਰੂ ਘਰ ਵਿਚ ਆ ਕੇ ਦੂਸਰੇ ਹੋਰ ਗੁਰਸਿਖਾਂ ਨੂੰ ਪਠਨ-ਪਾਠਨ ਕਰਵਾਓ। ਸਾਡਾ ਆਸ਼ੀਰਵਾਦ ਸਦੈਵ ਤੁਹਾਡੇ ਨਾਲ ਰਹੇਗਾ। ਇਸ ਪ੍ਰਕਾਰ ਆਸ਼ੀਰਵਾਦ ਅਤੇ ਬਹੁਤ ਸਾਰੇ ਵਰ ਦੇ ਕੇ ਬਨਾਰਸ ਵੱਲ ਤੋਰਦਿਆਂ ਮੁਖ ਤੋਂ ਫ਼ਰਮਾਇਆ:-

**ਜਾਓ ! ਮੇਰੇ ਲਾਲ ਪਾਲ ਕਰਹੈ ਅਕਾਲ ਥਾਰੀ, ਸਾਰੀ ਸੁਖ ਸੰਪਦਾ ਮੈਂ ਵਾਰੀ ਸਿਰ ਥਾਰੇ ਪੈ॥**
**ਕਾਮ ਕਰੋਧ ਲੋਭ ਤਯਾਗ ਸ਼ਾਗ ਪਾਤ ਖਾਇ ਬਹਿ, ਬਟ ਹੂੰ ਕੀ ਛਾਯਾ ਅਥਾ ਸੁੰਨੇ ਘਰ ਢਾਰੇ ਪੈ॥**
**ਬ੍ਰਹਮਚਾਰੀ ਰੀਤਿ ਜੋਈ ਹੋਈ ਵਿਪ੍ਰੀਤ ਸੋਈ, ਸੋਈ ਅਬ ਪ੍ਰਗਟੀ ਯੋ ਦੇਸ਼ ਇਸ ਸਾਰੇ ਪੈ॥**
**ਵਰਣ ਤੁਮਾਰੇ ਅਬ ਆਸ਼੍ਰਮ ਸੰਨਿਆਸ ਭਯੋ, ਲਯੋ ਹੈ ਅਰੂਜ ਪਦ ਉਚ ਚੰਦ ਤਾਰੇ ਪੈ॥**

ਇਸ ਤਰ੍ਹਾਂ ਆਗਿਆ ਅਤੇ ਖੁਸ਼ੀਆਂ ਪ੍ਰਾਪਤ ਕਰਕੇ ਪੰਜੇ ਮਹਾਪੁਰਖ ਪਾਉਂਟਾ ਸਾਹਿਬ ਤੋਂ ਚੱਲਕੇ ਕਾਸ਼ੀ ਪੁਰੀ ਵਿਚ ਪਹੁੰਚੇ। ਜਿਥੇ ਅਜਕਲ ਨਿਰਮਲ ਸੰਪ੍ਰਦਾਯ ਦਾ ਪ੍ਰਸਿਧ ਸਥਾਨ ਚੇਤਨ ਮੱਠ[4] ਹੈ। ਇਸ ਸਥਾਨ 'ਤੇ ਉਸ ਸਮੇਂ ਬਹੁਤ ਭਾਰੀ ਵਟਵ੍ਰਿਕ੍ਸ਼ (ਬੋਹੜ) ਸੀ। ਇਸੇ ਸਥਾਨ 'ਤੇ ਛੇਵੇਂ ਸਤਿਗੁਰਾਂ ਦੇ ਸਮੇਂ ਭਾਈ ਗੁਰਦਾਸ ਜੀ ਵੀ ਕੁਝ ਸਮਾਂ ਠਹਿਰੇ ਸਨ। ਇਥੇ ਰਹਿੰਦੇ ਹੋਏ ਉਨ੍ਹਾਂ ਦਾ ਕਾਸ਼ੀ ਦੇ ਵਿਦਵਾਨ ਪੰਡਿਤਾਂ ਨਾਲ ਵਾਹਿਗੁਰੂ ਮੰਤ੍ਰਾਰਥ ਅਤੇ ਕਈ ਹੋਰ ਗੂੜ ਵਿਸ਼ਿਆਂ 'ਤੇ ਸ਼ਾਸਤ੍ਰਾਰਥ ਹੋਇਆ। ਜਿਸ ਵਿਚ ਪੁਛੇ ਪ੍ਰਸ਼ਨਾਂ ਦਾ ਉੱਤਰ ਭਾਈ ਸਾਹਿਬ ਜੀ ਨੇ ਗੁਰੂ ਮਹਾਰਾਜ ਜੀ ਦੇ ਆਸ਼ੀਰਵਾਦ ਸਦਕਾ ਅਧਿਆਤਮਕ ਬਲ ਨਾਲ ਗੁਰਬਾਣੀ ਅਤੇ ਵੇਦਾਂ ਸ਼ਾਸਤ੍ਰਾਂ ਦੇ ਪ੍ਰਮਾਣ ਦੇ ਕੇ ਬੜੀ ਗੰਭੀਰਤਾ ਅਤੇ ਵਿਦਵਤਾ ਭਰੇ ਸ਼ਬਦਾਂ ਨਾਲ ਦਿੱਤਾ। ਜਿਸ ਦਾ ਵਰਣਨ ਭਾਈ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਦੀ ਰਾਸ਼ੀ 8ਵੀਂ ਅੰਸੂ 3 ਵਿਚ ਬੜੇ ਵਿਸਤਾਰ ਨਾਲ ਕੀਤਾ ਹੈ। ਭਾਈ ਸਾਹਿਬ ਤੋਂ ਵਾਹਿਗੁਰੂ ਮੰਤ੍ਰ ਦੇ ਗੂੜ ਅਭਿਪ੍ਰਾਯ ਨੂੰ ਸੁਣ ਕੇ ਸਾਰੇ ਪੰਡਿਤ ਨਤਮਸਤਕ ਹੋ ਗਏ ਅਤੇ ਨਿਮ੍ਰਤਾ ਪੂਰਵਕ ਪ੍ਰਾਰਥਨਾ ਕੀਤੀ ਕਿ ਤੁਸੀਂ ਵਾਹਿਗੁਰੂ ਮੰਤ੍ਰ ਦੀ ਮਹਿਮਾ ਵਿਚ ਕੋਈ ਸਤੋਤ੍ਰ ਉਚਾਰਨ ਕਰੋ, ਜਿਸ ਦਾ ਅਸੀਂ ਹਰ ਰੋਜ਼ ਜਾਪ[5] ਕਰ ਸਕੀਏ। ਉਸ ਸਮੇਂ ਭਾਈ ਸਾਹਿਬ ਜੀ ਨੇ ਸੰਸਕ੍ਰਿਤ ਵਿਚ ਇਕ ਸਤੋਤ੍ਰ ਉਚਾਰਨ ਕੀਤਾ। ਜਿਸ ਵਿਚੋਂ ਕੁਝ ਸਲੋਕ ਅਸੀਂ ਏਥੇ ਦੇਣਾ ਚਾਹੁੰਦੇ ਹਾਂ-

**श्री गुरुदासोवाच।। अथ वाहिगुरु स्तोत्रम्**
**विश्वेशं विश्वमित्युक्तं संपुटे विश्वभूषणम्।**

---

[1] ਪੰਥ ਪ੍ਰਕਾਸ਼, ਪੰ. 1394.

[2] करे श्लाघ्यस्त्यागः शिरसि गुरुपादप्रणयिता, मुखे सत्या वाणी विजयि भुजयोवीर्यमतुलम्।
हृदि स्वच्छा वृत्तिः श्रुतमधिगतं च श्रवणयो, विनाऽप्यैश्वर्येण प्रकृतिमहतां मण्डनमिदम्।। (नीति शतक 65)

[3] कौपीन्युगलं कंथा दण्ड एकपरिग्रहः। यतं परमहंसत्य नाधिकं तु विधीयते।। (नारदपरिव्राजक 327)

[4] ਤਬ ਹੀ ਬਸਨ ਕਖਾਏ ਸਜੈ ਕੇ, ਆਗਿਆ ਬਸਤ੍ਰ ਗੁਰ ਤੇ ਲੈ ਕੇ। ਪਹੁੰਚੇ ਕਾਸ਼ੀ ਪੁਰੀ ਉਦਾਰੇ, ਚੇਤਨ ਮੱਠ ਮੈ ਰਹੇ ਵਿਚਾਰੇ।
ਸਾਧ ਨਿਰਮਲੇ ਤਹਿ ਬਿਦਤਾਏ, ਬਿਦਯਾ ਪਢੀ ਅਧਿਕ ਮਨ ਲਾਏ॥ (ਪੰਥ ਪ੍ਰਕਾਸ਼, ਪੰ. 1240)

[5] ਵਿਪ੍ਰੋਵਾਚ, ਦੋਹਰਾ:- ਚਤੁਰਾਖਰ ਇਹ ਸਾਰ ਸੁਠ ਪ੍ਰਭੂ ਤੇ ਸੁਨਿਓ ਪਰਤਾਪ।
ਤਾਸ ਸਤੋਤ੍ਰ ਬਖਾਨੀਏ ਜਾਪ ਕਰਹਿਂ ਰੁਚਿ ਜਾਪ॥ (ਸੂ. ਪ੍ਰ. ਰਾਸਿ 7, ਅੰਸੂ 3)

विश्वबोधं स्वयं ब्रह्म तं प्रणवादी नमाम्यहम्।।१।।
वर्णावर्णविहीनाख्यं वेदसारप्रवर्तकम्।
विश्ववर्गं महीधीशं वकारं तं नमाम्यहम्।।२।।
हरिहरादिः स्वयं ब्रह्म हंसबोध प्रकाशकम्।
हस्तमलवर्यवीजं हकारं तं नमाम्यहम्।।३।।

ਇਤਯਾਦਿ ਸਲੋਕ ਉਚਾਰਣ ਕਰਕੇ ਭਾਈ ਸਾਹਿਬ ਨੇ ਵਾਹਿਗੁਰੂ ਮੰਤ੍ਰ ਦੀ ਸਤੁਤੀ ਕੀਤੀ। ਜਿਥੇ ਭਾਈ ਸਾਹਿਬ ਜੀ ਨੇ ਇਹ ਸਲੋਕ ਉਚਾਰਣ ਕੀਤੇ ਸਨ। ਹੁਣ ਉਸੇ ਹੀ ਵਟਵ੍ਰਿਕ੍ਸ਼ ਦੇ ਚੌਗਿਰਦੇ ਇਹ ਪੰਜੇ ਸੰਤ ਝੌਂਪੜੀਆਂ ਬਣਾ ਕੇ ਰਹਿਣ ਲੱਗ ਪਏ। ਸ਼ੀਘਰ ਹੀ ਦੱਖਣੀ ਪੰਡਿਤ ਸੱਤਾਨੰਦ[1] ਜੀ ਕੋਲ ਪੜ੍ਹਨਾ ਸ਼ੁਰੂ ਕਰ ਦਿੱਤਾ। ਪੰਡਿਤ ਜੀ ਕਾਸ਼ੀ ਦੇ ਸ਼ਾਸਤ੍ਰਗਯ ਵਿਦਵਾਨਾਂ ਵਿਚੋਂ ਮੂਰਧਨਯ ਵਿਦਵਾਨ ਸਨ। ਜੋ ਬੜੇ ਸਤੋਗੁਣੀ, ਸੰਜਮੀ, ਵਿਨਿਮ੍ਰ ਅਤੇ ਵਿਦਿਆਰਥੀਆਂ ਦੇ ਹਿਤਕਾਰੀ ਸਨ। ਜਿਸ ਤਰ੍ਹਾਂ ਦੇ ਤਤ੍ਵਵੇਤਾ ਵਿਦਿਆ ਗੁਰੂ ਪੰਡਿਤ ਜੀ, ਉਸੇ ਤਰ੍ਹਾਂ ਦੇ ਹੀ ਵਿਦਿਆਨੁਰਾਗੀ, ਸਤੋਗੁਣੀ, ਵਿਚਾਰਸ਼ੀਲ, ਵਿਰੱਕਤ ਜਿਤੇਦ੍ਰਿਯ, ਉੱਚ ਆਚਰਣ ਵਾਲੇ ਇਹ ਪੰਜੇ ਸੰਤ ਵਿਦਿਆਰਥੀ[2] ਸਨ।

ਮਹਾਪੁਰਖ ਧਰਮ ਪ੍ਰਚਾਰ ਦੀ ਲਗਨ ਅਤੇ ਪੰਥ ਵਿਚ ਸੰਸਕ੍ਰਿਤ ਵਿਦਿਆ ਦੀ ਪਰਵਿਰਤੀ ਦੇ ਉਤਸਾਹ ਨਾਲ ਅਣਥੱਕ ਅਭਿਆਸ, ਗਰਮੀ-ਸਰਦੀ, ਭੁਖ-ਪਿਆਸ, ਦੁਖ-ਸੁਖ ਆਦਿ ਨੂੰ ਸਹਿਣ ਕਰਦੇ ਹੋਏ ਵਿਦਿਆ ਅਧਿਐਨ ਵਿਚ ਪਰਵਿਰਤ ਹੋ ਗਏ। ਸੰਸਾਰ ਵੱਲੋਂ ਆਪ ਦੀ ਅਤੀਤ ਵਿਰਤੀ ਵੇਖ ਕੇ ਕਾਸ਼ੀ ਨਗਰੀ ਦੇ ਪ੍ਰੇਮੀ ਸ਼ਰਧਾ ਨਾਲ ਦੇਖਣ ਲੱਗ ਪਏ। ਆਪ ਜੀ ਦੀ ਸੰਗਿਆ ਪੰਜਾਬੀ ਨਿਰਮਲੇ ਸਾਧੂ ਕਰਕੇ ਪ੍ਰਸਿੱਧ ਹੋ ਗਈ। ਇਸ ਤਰ੍ਹਾਂ ਵਿਦਿਆ ਅਧਿਐਨ ਕਰਦੇ ਹੋਏ ਜਦੋਂ 9 ਵਰਸ਼ ਬਿਤੀਤ ਹੋਏ ਸੰਮਤ 1752 ਬ੍ਰਿਕਮੀ ਮਾਘ ਦੇ ਮਹੀਨੇ ਵਿਚ ਦੈਵਯੋਗ ਨਾਲ ਪੰਡਿਤ ਰਾਮਪ੍ਰਸਾਦ ਦੇ 21-22 ਸਾਲ ਦੇ ਇਕਲੌਤੇ ਪੁਤਰ ਜੈਰਾਮ ਦਾ ਸਰੀਰ ਸਰਦੀ ਦੇ ਕਾਰਣ ਸੁੰਨ ਹੋ ਗਿਆ। ਹਕੀਮਾਂ ਵੈਦਾਂ ਪਾਸੋਂ ਪੁਤ੍ਰ ਦੇ ਬਚਣ ਦੀ ਆਸਾ ਤੋਂ ਨਿਰਾਸ ਹੋ ਕੇ ਉਸ ਨੂੰ ਪੰਜਾਬੀ ਨਿਰਮਲੇ ਸਾਧੂ ਯਾਦ ਆਏ, ਜਿਨ੍ਹਾਂ ਦੀ ਮਹਿਮਾ ਕਾਸ਼ੀ ਵਾਸੀ ਸੰਗਤਾਂ ਦੇ ਹਿਰਦਿਆਂ ਵਿਚ ਛਾਈ ਹੋਈ ਸੀ। ਬੱਚੇ ਨੂੰ ਗਰਮ ਕੱਪੜਿਆਂ ਵਿਚ ਲਪੇਟ ਕੇ ਮੰਜੇ ਸਮੇਤ ਮਹਾਪੁਰਖਾਂ ਦੇ ਚਰਨਾਂ ਵਿਚ ਪਹੁੰਚ ਗਏ। ਸੰਤ ਦੇਖ ਕੇ ਬੜੇ ਹੈਰਾਨ ਹੋਏ ਅਤੇ ਪੁਛਿਆ "ਪੰਡਿਤ ਜੀ ਕੈਸੇ ਆਏ" ? ਪੰਡਿਤ ਜੀ ਨੇ ਕਿਹਾ, "ਬਸ ਮਹਾਰਾਜ ਜੀ ਬੱਚੇ ਨੂੰ ਜੀਵਨਦਾਨ ਬਖਸ਼ੋ"। ਸੰਤ- ਕਿਸੇ ਚੰਗੇ ਹਕੀਮ ਕੋਲੋਂ ਇਲਾਜ ਕਰਵਾਓ ਅਤੇ ਨਾਲ ਹੀ ਈਸ਼ਵਰ ਅੱਗੇ ਪ੍ਰਾਰਥਨਾ ਕਰੋ। ਪੰਡਿਤ- ਮਹਾਰਾਜ ਜੀ ਵੈਦਾਂ, ਹਕੀਮਾਂ ਕੋਲੋਂ ਨਿਰਾਸ਼ ਹੋ ਕੇ ਅਸੀਂ ਆਪ ਜੀ ਨੂੰ ਈਸ਼ਵਰ ਰੂਪ ਜਾਣ ਕੇ ਆਪ ਜੀ ਦੀ ਸ਼ਰਣ ਆਏ ਹਾਂ।

ਸੰਤਾਂ ਦੇ ਬਾਰ-ਬਾਰ ਮਨ੍ਹਾਂ ਕਰਨ ਦੇ ਬਾਵਜੁਦ ਵੀ ਹੁਣ ਜੈਰਾਮ ਦੇ ਮਾਤਾ ਪਿਤਾ ਆਖਿਰ ਅਤੀ ਉਦਾਸ ਹੁੰਦੇ ਹੋਏ ਪੁਤ੍ਰ ਨੂੰ ਸੰਤਾਂ ਦੇ ਆਸਰੇ ਛੱਡ ਕੇ ਆਖ ਆਏ, ਕਿ ਇਹ ਹੁਣ ਆਪ ਦਾ ਹੀ ਲੜਕਾ ਹੈ, ਰੱਖੋ ਜਾਂ ਮਾਰੋ। ਉਸ ਸਮੇਂ ਸੰਤਾਂ ਨੇ ਦਸਾਂ ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਹੇ ਮਹਾਰਾਜ ! ਅਸੀਂ ਆਪ ਜੀ ਦੇ ਅਲਪੱਗ ਸੇਵਕ ਹਾਂ ਕੁਛ ਨਹੀਂ ਜਾਣਦੇ। ਇਹ ਸਭ ਆਪ ਜੀ ਦੀ ਮਹਿਮਾ ਹੈ ਕਿ ਲੋਕ ਸਾਡੇ ਉੱਪਰ ਇਥੋਂ ਤੱਕ ਵਿਸ਼ਵਾਸ ਕਰੀ ਬੈਠੇ ਹਨ। ਆਪ ਜੀ ਇਸ ਸਮੇਂ ਆਪਣੇ ਭੇਖ ਦੀ ਲਾਜ ਰੱਖੋ। ਇਸ ਤਰ੍ਹਾਂ ਅਰਦਾਸ ਕਰਕੇ ਗਰਮ ਜਲ ਦੀਆਂ ਦੋ ਚਾਰ ਬੂੰਦਾਂ ਜੈਰਾਮ ਦੇ ਮੂੰਹ ਵਿਚ ਪਾਈਆਂ। ਬਸ ਉਹ ਜਲ ਸੀ ਜਾਂ ਸਾਰੀਆਂ ਬਿਮਾਰੀਆਂ, ਜਨਮ-ਮਰਨ ਆਦਿ ਰੋਗਾਂ ਦਾ ਨਾਸ਼ਕ ਅੰਮ੍ਰਿਤ ਸੀ। "ਸਰਬ ਰੋਗ ਕਾ ਅਉਖਦੁ ਨਾਮੁ॥" "ਸਾਧ ਕੈ ਸੰਗਿ ਮਿਟੇ ਸਭਿ ਰੋਗ॥" ਉਸੀ ਸਮੇਂ ਜੈਰਾਮ ਦੇ ਸਰੀਰ ਵਿਚ ਚੇਤਨਤਾ ਆਉਣੀ ਸ਼ੁਰੂ ਹੋ ਗਈ। ਕੁਛ ਦਿਨਾਂ ਵਿਚ ਹੀ ਜੈਰਾਮ ਦਾ ਸਰੀਰ ਬਿਲਕੁਲ ਨਿਰੋਗ ਹੋ ਗਿਆ। ਇਸ ਚਮਤਕਾਰ ਦੇ ਪ੍ਰਭਾਵ ਕਰਕੇ ਜੈਰਾਮ ਦੇ ਮਾਤਾ ਪਿਤਾ ਗਦਗਦ ਹੋਏ ਅਤੇ ਕਾਸ਼ੀ ਨਗਰੀ ਵਿਚ ਇਨ੍ਹਾਂ ਨਿਰਮਲੇ ਸੰਤਾਂ ਦਾ ਜਸ ਹੋਰ ਵੀ ਫੈਲ ਗਿਆ।

ਇਕ ਦਿਨ ਮਹਾਪੁਰਖਾਂ ਨੇ ਜੈਰਾਮ ਦੇ ਮਾਤਾ ਪਿਤਾ ਨੂੰ ਕਿਹਾ ਕਿ ਹੁਣ ਆਪਣੇ ਪੁਤਰ ਨੂੰ ਘਰ ਲੈ ਜਾਉ। ਉਨ੍ਹਾਂ ਨੇ ਅੱਗੋਂ ਬੇਨਤੀ ਕੀਤੀ ਕਿ ਮਹਾਰਾਜ ਜੀ ਅਸੀਂ ਇਸ ਨੂੰ ਆਪ ਜੀ ਦਾ ਬਣਾ ਚੁਕੇ ਹਾਂ, ਆਪਣੇ ਚਰਨਾਂ ਵਿਚ ਲਗਾ ਲਵੋ। ਜੈਰਾਮ ਜੀ ਨੇ ਵੀ ਬੇਨਤੀ ਕੀਤੀ ਕਿ- ਮਹਾਰਾਜ ਜੀ ! ਜਿਸ ਤਰ੍ਹਾਂ ਆਪ ਜੀ ਨੇ ਮੈਨੂੰ ਜੀਵਨ ਦਾਨ ਬਖਸ਼ਿਆ ਹੈ ਉਸੇ ਤਰ੍ਹਾਂ ਆਪਣੇ ਚਰਨਾਂ ਵਿਚ ਰੱਖ ਕੇ ਮੇਰੇ ਆਵਾਗਮਨ ਰੂਪੀ ਚੱਕ੍ਰ-ਵਿਊਹ ਦੀ ਵੀ ਨਿਵਿਰਤੀ ਕਰੋ। ਇਸ ਤਰ੍ਹਾਂ ਬੱਚੇ ਜੈਰਾਮ ਦਾ ਦ੍ਰਿੜ੍ਹ

---

[1] ਭਿੱਛਯਾ ਕਰਿ ਮਧੂਕਰੀ ਪਾਵੈਂ। ਨਿਰਮਲ ਸੰਤ ਵਿਰਕਤ ਕਹਾਵੈਂ।
ਸੱਤਾਨੰਦ ਪੰਡਿਤ ਥਾ ਦੱਖਣੀ। ਤਿਸ ਤੇ ਪਢੇ ਬਿਰੋਲੀ ਮਖਣੀ॥ (ਪੰਥ ਪ੍ਰਕਾਸ਼, ਪੰ. 1395)

[2] काकचेष्टा बको ध्यानः श्वाननिद्रा तथैव च। अल्पहारी ग्रहत्यागी विद्यार्थी पंच लक्षणम्।।

ਵਿਸ਼ਵਾਸ ਦੇਖਕੇ ਸੰਤਾਂ ਨੇ ਉਸ ਨੂੰ ਆਪਣੇ ਕੋਲ ਰਹਿਣ ਦੀ ਆਗਿਆ ਦੇ ਦਿਤੀ। ਜਦੋਂ ਸੇਵਾ, ਸਿਮਰਨ ਅਤੇ ਬ੍ਰਹਮ ਵਿਦਿਆ ਪੜ੍ਹਦਿਆਂ-ਪੜ੍ਹਦਿਆਂ ਇਕ ਵਰਸ਼ ਬਿਤੀਤ ਹੋਇਆ ਤਾਂ ਸਭਨਾਂ ਸੰਤਾਂ ਦੀ ਇਛਾ ਮੁਤਾਬਿਕ ਜੈਰਾਮ ਨੂੰ ਹਰ ਤਰਾਂ ਨਾਲ ਯੋਗ ਸਮਝ ਕੇ, ਵੱਡੇ ਹੋਣ ਦੇ ਨਾਤੇ ਪੰਡਿਤ ਕਰਮ ਸਿੰਘ ਜੀ ਨੇ ਆਪਣੀ ਚਰਨ ਪਾਹੁਲ ਦੇ ਕੇ ਸ਼ਿਸ਼ ਬਣਾਇਆ ਅਤੇ ਨਾਮ ਜੈ ਸਿੰਘ ਰੱਖਿਆ।

ਇਸ ਤਰ੍ਹਾਂ ਇਨ੍ਹਾਂ ਪੰਜਾਂ ਮਹਾਪੁਰਖਾਂ ਨੇ ਸਤਿਗੁਰੂ ਜੀ ਦੇ ਆਸ਼ੀਰਵਾਦ ਸਦਕਾ ਸੰਮਤ 1743 ਬਿਕ੍ਰਮੀ ਤੋਂ ਲੈ ਕੇ ਸੰਮਤ 1756 ਬਿਕ੍ਰਮੀ ਤਕ ਕਾਸ਼ੀ ਵਿਚ ਨਿਵਾਸ ਕਰਕੇ ਵੇਦ[1] ਵੇਦਾਂਗ[2], ਖਟ-ਸ਼ਾਸਤ੍ਰ[3], ਸਮ੍ਰਿਤੀਆਂ, ਪੁਰਾਣ[4], ਇਤਿਹਾਸ, ਕਾਵਯ-ਸ਼ਾਸਤ੍ਰ ਆਦਿ ਸੰਪੂਰਨ ਵਿਦਿਆ ਵਿਚ ਨਿਪੁੰਨਤਾ ਪ੍ਰਾਪਤ ਕੀਤੀ ਅਤੇ ਗੁਰੂ ਮਹਾਰਾਜ ਜੀ ਦੇ ਵਰ "ਜਿਨ ਸਿੱਖਨ ਕੋ ਸੂਦਰ ਕੈ ਹੈਂ। ਤਿਨ ਤੇ ਬਿਪ੍ਰ ਵੇਦ ਪਢੈ ਹੈਂ" ਦੇ ਅਨੁਸਾਰ ਪੰਡਿਤ ਜੈ ਸਿੰਘ ਤੋਂ ਲੈ ਕੇ ਹੋਰ ਵੀ ਅਨੇਕਾਂ ਬ੍ਰਾਹਮਣ ਵਿਦਿਆਰਥੀਆਂ ਨੂੰ ਵਿਦਿਆ ਪੜ੍ਹਾਉਂਦੇ ਅਤੇ ਨਾਲ-ਨਾਲ ਗੁਰਮਤਿ ਸਿਧਾਤਾਂ ਦਾ ਪ੍ਰਚਾਰ-ਪ੍ਰਸਾਰ ਕਰਦੇ ਰਹੇ।

ਵਿਦਿਆ ਪੂਰੀ ਹੋਣ 'ਤੇ ਜਦੋਂ ਇਨ੍ਹਾਂ ਸੰਤਾਂ ਨੇ ਗੁਰੂ ਜੀ ਦੇ ਪਾਸ ਆਨੰਦਪੁਰ ਸਾਹਿਬ ਜਾਣ ਦੀ ਤਿਆਰੀ ਕੀਤੀ, ਤਾਂ ਕਾਸ਼ੀ ਦੀਆਂ ਸੰਗਤਾਂ ਦਾ ਪ੍ਰੇਮ ਦੇਖਕੇ ਅਤੇ ਇਸ ਸਥਾਨ ਨੂੰ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਦਾ ਕੇਂਦਰ ਬਣਾਉਣ ਵਾਸਤੇ ਪੰਡਿਤ ਕਰਮ ਸਿੰਘ ਜੀ ਆਪਣੇ ਯੋਗ ਸ਼ਿਸ਼ ਜੈ ਸਿੰਘ ਜੀ ਨੂੰ ਇਸ ਸਥਾਨ ਦੀ ਸੇਵਾ ਸੰਭਾਲ ਵਿਚ ਨਿਯੁਕਤ ਕਰਕੇ ਆਪ ਪੰਜੇ ਮਹਾਪੁਰਖਾਂ ਨੇ ਕਾਸ਼ੀ ਤੋਂ ਚਲਕੇ ਸ਼੍ਰੀ ਆਨੰਦਪੁਰ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਹਾਜ਼ਿਰ ਹੋ ਕੇ ਖੁਸ਼ੀਆਂ ਪ੍ਰਾਪਤ ਕੀਤੀਆਂ[5] ਅਤੇ ਗੁਰੂ ਜੀ ਦੀ ਆਗਿਆ ਅਨੁਸਾਰ ਆਪਣੇ ਹਿਰਦੇ ਰੂਪੀ ਕਮਲਾਂ ਵਿਚ ਭਰੀ ਹੋਈ ਬ੍ਰਹਮ-ਵਿਦਿਆ ਰੂਪੀ ਸੁਗੰਧੀ ਦੁਆਰਾ ਗੁਰਸਿਖੀ ਰੂਪੀ ਫੁਲਵਾੜੀ ਵਿਚ ਆਏ ਹੋਏ ਬ੍ਰਹਮ-ਵਿਦਿਆ ਰੂਪੀ ਸੁਗੰਧੀ ਦੇ ਗ੍ਰਾਹਕ ਗੁਰਸਿਖ ਜਗਿਆਸੂ ਰੂਪੀ ਭੌਰਿਆਂ ਨੂੰ ਤ੍ਰਿਪਤ ਕਰਨ ਲਗੇ।

ਇਧਰ ਸੰਤ ਜੈ ਸਿੰਘ ਜੀ ਵਾਸਤੇ ਮਹਾਪੁਰਖਾਂ ਦੇ ਜਾਣ ਦਾ ਵਿਛੋੜਾ ਭਾਵੇਂ ਅਸਹਨੀਯ ਸੀ। ਫਿਰ ਵੀ ਮਹਾਪੁਰਖਾਂ ਦੀ ਆਗਿਆ ਨੂੰ ਈਸ਼੍ਵਰੀਯ ਹੁਕਮ ਸਮਝ ਕੇ ਕਈ ਦਿਨਾਂ ਦੀ ਉਦਾਸੀਨਤਾ ਤੋਂ ਬਾਅਦ ਧੀਰੇ-ਧੀਰੇ ਪੂਜਾ-ਪਾਠ ਸਤਿਸੰਗ ਵਿਦਿਆ ਦਾ ਅਧਿਐਨ ਅਧਿਆਪਨ ਕਰਦੇ ਕਰਾਉਂਦੇ ਇਸ ਸਥਾਨ ਦੀ ਸੇਵਾ-ਸੰਭਾਲ ਬੜੇ ਸੁਚਾਰੂ ਢੰਗ ਨਾਲ ਕਰਨ ਲਗੇ। ਆਪ ਜੀ ਨੇ ਇਥੇ ਸ਼੍ਰੀ ਗੁਰੂ ਨਾਨਕ ਦੇਵ ਸੰਸਕ੍ਰਿਤ ਵਿਦਿਆਲਯ ਵੀ ਕਾਇਮ ਕੀਤਾ। ਸੰਗਤਾਂ ਦੀ ਆਵਾਜਾਈ ਜ਼ਿਆਦਾ ਹੋਣ ਕਰਕੇ ਅਧਿਐਨ ਅਧਿਆਪਨ ਵਿਚ ਰੁਕਾਵਟ ਜਾਣ ਕੇ ਇਨ੍ਹਾਂ ਨੇ ਸਤਿਸੰਗੀਆਂ, ਯਾਤਰੀਆਂ ਲਈ ਦੋ ਘੰਟੇ ਦਾ ਸਮਾਂ ਨੀਯਤ ਕਰ ਦਿਤਾ।

ਸੰਮਤ 1792 ਬ੍ਰਿਕਮੀ ਨੂੰ ਸ਼ਿਵਰਾਤ੍ਰੀ ਦੇ ਸਮੇਂ ਦੂਰੋਂ-ਦੂਰੋਂ ਦਰਸ਼ਨਾਰਥੀ ਪਹੁੰਚੇ। ਇਸ ਮੇਲੇ ਅੰਦਰ ਛਪਰਾ ਯੂ. ਪੀ. ਦੇ ਨਿਵਾਸੀ ਮੇਹਰ ਸਿੰਘ ਆਪਣੇ ਕਈ ਸੰਬੰਧੀਆਂ ਦੇ ਨਾਲ ਕਾਸ਼ੀ ਪਹੁੰਚੇ। ਕਾਸ਼ੀ ਵਿਸ਼ਵਨਾਥ, ਅੰਨਪੂਰਣਾ, ਢੂੰਢੀਰਾਜ, ਧਰਮੇਸ਼੍ਵਰ ਦੀ ਯਾਤਰਾ ਕਰਕੇ ਸ਼ਹਿਰ ਤੋਂ ਬਾਹਰ ਪਵਿਤ੍ਰ ਸਥਾਨਾਂ ਦੀ ਯਾਤਰਾ ਕਰਦੇ ਸਮੇਂ ਪਤਾ ਚਲਾ ਕਿ ਇਥੇ ਪੰਜਾਬੀ ਨਿਰਮਲੇ ਮਹਾਤਮਾ ਦਾ ਇਕ ਰਮਣੀਕ ਸਥਾਨ ਹੈ। ਇਹ ਸੁਣ ਕੇ ਬੜੇ ਉਤਸ਼ਾਹ ਨਾਲ ਇਸ ਸਥਾਨ 'ਤੇ ਪਹੁੰਚ ਗਏ। ਉਸ ਸਮੇਂ ਹੋਰ ਵੀ ਅਨੇਕਾਂ ਸ਼ਰਧਾਲੂ ਸੰਤ ਜੈ ਸਿੰਘ ਜੀ ਮਹਾਰਾਜ ਦੇ ਅਸ਼ੀਰਵਾਦ ਅਤੇ ਵਚਨਾਮ੍ਰਿਤ ਦਾ ਲਾਭ ਪ੍ਰਾਪਤ ਕਰ ਰਹੇ ਸਨ। ਮੇਹਰ ਸਿੰਘ ਜੀ ਨੇ ਜਦੋਂ ਆ ਕੇ ਬ੍ਰਹਮਨਿਸ਼ਠ, ਤਪੋ-ਮੂਰਤੀ ਸੰਤ ਪੰਡਿਤ ਜੈ ਸਿੰਘ ਮਹਾਰਾਜ ਜੀ ਦੇ ਦਰਸ਼ਨ ਅਤੇ ਵਚਨਾਮ੍ਰਿਤ ਪਾਨ ਕੀਤਾ, ਤਾਂ ਮਨ ਸੀਤਲ ਹੋ ਗਿਆ ਅਤੇ ਜਾਣ ਗਏ ਕਿ ਅਜ ਮੇਰੀ ਯਾਤਰਾ ਸਫਲ ਹੋ ਗਈ[6] ਤਥਾ ਸੰਤ ਜੈ ਸਿੰਘ ਜੀ ਦੇ ਚਰਨਾਂ ਵਿਚ ਰਹਿਣ ਦਾ ਸੰਕਲਪ ਕਰ ਲਿਆ। ਮਹਾਪੁਰਖਾਂ ਨੇ ਇਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਅਤੇ ਸ਼ਰਧਾ ਪ੍ਰੇਮ ਵੇਖ

---

[1] ਰਿਗਵੇਦ, ਯਜੁਰਵੇਦ, ਸਾਮਵੇਦ, ਅਥਰਵ ਵੇਦ।

[2] ਵੇਦਾਂਗ : ਛੰਦ, ਕਲਪ, ਜੋਤਿਸ਼, ਨਿਰੁਕਤ, ਸ਼ਿਕਸ਼ਾ, ਵਿਆਕਰਣ।

[3] ਸ਼ਾਸ਼ਤ੍ਰ : ਸਾਂਖਯ, ਨਯਾਯ, ਵੈਸ਼ੈਸ਼ਿਕ, ਮੀਮਾਂਸਾ, ਯੋਗ, ਵੇਦਾਂਤ।

[4] मद्वयं भद्वयं चैव ब्रत्रयं वचतुष्टयम्, अनापलिंगकूस्कानि पुराणानि प्रचक्षते।
भाव : 1. मत्सय 2. मार्कण्डेय 3. भविष्य 4. भागवत 5. ब्रह्माण्ड 6. ब्रह्मवैवर्त 7. ब्रह्म 8. वामन 9. वाराह 10. विष्णु 11. वायु (शिव) 12. अग्नि 13. नारद 14. पद्म 15. लिंग 16. गरुड 17. कूर्म 18. सुकन्द।

[5] ਪਢਿ ਨਿਗਮਾਗਮ ਗੁਰ ਢਿਗ ਆਏ। ਗੁਰਹਿ ਸੁਨਾਏ ਅਧਿਕ ਵਰ ਪਾਏ॥
ਖੁਸ਼ੀ ਹੋਇ ਗੁਰ ਐਸੀ ਉਚਾਰੀ। ਸਾਰ ਵਿਦਿਆ ਜਗ ਜੁਗ ਭਾਰੀ॥ (ਪੰਥ ਪ੍ਰਕਾਸ਼, ਪੰ. 2799)

[6] ਸਫ਼ਲ ਸਫ਼ਲ ਭਈ ਸਫ਼ਲ ਯਾਤਰਾ॥ ਆਵਣ ਜਾਣ ਰਹੇ ਮਿਲੇ ਸਾਧਾ॥ (ਸ੍ਰੀ. ਗੁ. ਗ੍ਰੰ. ਸਾ., ਪੰ. 687)

ਕੇ ਆਪਣੀ ਚਰਨ ਪਾਹੁਲ ਅਤੇ ਭੇਖ ਦੇ ਕੇ ਗੁਰਮੰਤ੍ਰ ਦਾ ਉਪਦੇਸ਼ ਦੇ ਕੇ ਆਪਣਾ ਸ਼ਿਸ਼ ਬਣਾਇਆ ਅਤੇ ਨਾਮ ਮੇਹਰ ਸਿੰਘ ਰੱਖਿਆ। ਸੰਤ ਜੈ ਸਿੰਘ ਮਹਾਰਾਜ ਜੀ ਦੇ ਪਾਸ ਰਹਿ ਕੇ ਮੇਹਰ ਸਿੰਘ ਜੀ ਦੇ ਸਮੇਤ ਹੋਰ ਵੀ ਕਈ ਵਿਦਿਆਰਥੀ ਅਧਿਐਨ ਕਰਦੇ ਸਨ। ਜਿਨ੍ਹਾਂ ਵਿਚੋਂ ਸੰਤ ਮੇਹਰ ਸਿੰਘ ਜੀ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕਰਕੇ ਸੰਤ ਜੈ ਸਿੰਘ ਜੀ ਮਹਾਰਾਜ ਸੰਮਤ ਬਿਕ੍ਰਮੀ 1792 ਮਾਘ ਮਹੀਨੇ 62 ਸਾਲ ਦੀ ਉਮਰ ਵਿਚ ਗੁਰਪੁਰੀ ਸਿਧਾਰ ਗਏ।

ਆਪ ਜੀ ਦੇ ਬੈਕੁੰਠ ਜਾਣ ਤੋਂ ਬਾਅਦ ਆਸ਼੍ਰਮ ਦੀ ਸਾਰੀ ਜ਼ਿੰਮੇਵਾਰੀ ਸੰਤ ਮੇਹਰ ਸਿੰਘ ਜੀ ਦੇ ਸਿਰ 'ਤੇ ਆ ਗਈ। ਜਿਸ ਨੂੰ ਉਨ੍ਹਾਂ ਨੇ ਬੜੀ ਕੁਸ਼ਲਤਾ ਅਤੇ ਸਹਿਜਤਾ ਦੇ ਨਾਲ ਨਿਭਾਉਂਦੇ ਹੋਏ ਆਪਣੇ ਪਾਸ ਰਹਿਣ ਵਾਲੇ ਸੰਤਾਂ 'ਤੇ ਵਿਦਿਆਰਥੀਆਂ ਨੂੰ ਸ੍ਵਾਧਿਆਏ ਕਰਾਉਣ ਅਤੇ ਰਹਿਣ-ਸਹਿਣ ਦੀ ਵਿਵਸਥਾ ਵਿਚ ਪਹਿਲੇ ਨਾਲੋਂ ਵੀ ਵ੍ਰਿਧੀ ਕੀਤੀ। ਆਪ ਜੀ ਦੇ ਸਮੇਂ ਪੰਜਾਬ ਅਤੇ ਦੂਸਰੇ ਸਥਾਨਾਂ ਤੋਂ ਆਏ ਹੋਏ ਅਨੇਕਾਂ ਵਿਦਿਆਰਥੀਆਂ ਨੇ ਵਿਦਿਆ ਪ੍ਰਾਪਤ ਕੀਤੀ। ਆਪ ਜੀ ਦੇ ਕਈ ਸ਼ਿਸ਼ ਸਨ, ਜਿਨ੍ਹਾਂ ਵਿਚੋਂ ਆਪ ਜੀ ਸੰਤ ਅਮੀਰ ਸਿੰਘ ਜੀ ਨੂੰ ਆਪਣਾ ਉਤਰਾਧਿਕਾਰੀ ਥਾਪ ਕੇ ਸਾਰਾ ਜੀਵਨ ਨਾਮ ਸਿਮਰਨ ਬ੍ਰਹਮ-ਵਿਦਿਆ ਤਥਾ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕਰਦੇ ਹੋਏ 75 ਸਾਲ ਦੀ ਆਯੂ ਵਿਚ 27 ਭਾਦ੍ਰੋਂ ਸੰਮਤ ਬਿਕ੍ਰਮੀ 1815 ਨੂੰ ਸਚਖੰਡ ਜਾ ਬਿਰਾਜੇ। ਆਪ ਜੀ ਦੇ ਬਾਅਦ ਸੰਤ ਅਮੀਰ ਸਿੰਘ ਜੀ ਨੇ ਆਪਣੇ ਬਜ਼ੁਰਗਾਂ ਦੀ ਰਹੁਰੀਤਿ ਅਨੁਸਾਰ ਭਜਨ-ਪਾਠ, ਗੁਰਮਤਿ ਪ੍ਰਚਾਰ, ਬ੍ਰਹਮ-ਵਿਦਿਆ, ਆਏ ਗਏ ਸਾਧੂਆਂ ਅਤਿਥੀਆਂ ਦੀ ਸੇਵਾ ਵਿਚ ਸਮਾਂ ਗੁਜਾਰਿਆ। ਅੰਤ ਸਮੇਂ ਆਪਣੇ ਯੋਗ ਚੇਲੇ ਸੰਤ ਚੇਤ ਸਿੰਘ ਜੀ ਨੂੰ ਸਥਾਨ ਦੀ ਜ਼ਿੰਮੇਵਾਰੀ ਦੇ ਕੇ ਗੁਰਪੁਰੀ ਸਿਧਾਰ ਗਏ।

ਸੰਤ ਚੇਤ ਸਿੰਘ ਜੀ ਨੇ ਆਪਣੇ ਮਹਾਪੁਰਖਾਂ ਦੀ ਆਗਿਆ ਅਨੁਸਾਰ ਸਥਾਨ ਦੀ ਬਹੁਤ ਸੇਵਾ ਕੀਤੀ। ਆਪ ਜੀ ਗੁਰਮਤਿ ਅਤੇ ਸੰਸਕ੍ਰਿਤ ਵਿਦਿਆ ਦੇ ਧੁਰੰਧਰ ਵਿਦਵਾਨ ਸਨ। ਆਪ ਜੀ ਨੇ ਆਪਣੇ ਨਗਰ ਕੈਥਲ (ਹਰਿਆਣਾ) ਵਿਚ ਸੰਸਕ੍ਰਿਤ ਵਿਦਿਆ ਦੇ ਪ੍ਰਚਾਰ ਨੂੰ ਮੁਖ ਰੱਖਕੇ ਇਕ ਡੇਰਾ ਕਾਇਮ ਕੀਤਾ। ਇਸ ਡੇਰੇ ਦੀ ਜ਼ਿੰਮੇਵਾਰੀ ਆਪਣੇ ਚੇਲੇ ਸੰਤ ਮੋਤਾ ਸਿੰਘ ਜੀ ਨੂੰ ਸੌਂਪ ਕੇ ਆਪ ਜੀ ਫ਼ਿਰ ਕਾਸ਼ੀ ਆ ਗਏ। ਆਪ ਜੀ ਨੂੰ ਤਪ ਤੇਜ, ਬ੍ਰਹਮ-ਚਿੰਤਨ ਅਤੇ ਵਿਦਵਤਾ ਕਰਕੇ ਕਾਸ਼ੀ ਦੇ ਵਿਦਵਾਨਾਂ ਵਿਚ ਵਿਸ਼ੇਸ਼ ਖਿਆਤੀ ਪ੍ਰਾਪਤ ਹੋਈ। ਇਸ ਸਥਾਨ ਦੇ ਪਾਸ ਖੱਤ੍ਰੀਆਂ ਦਾ ਬਾਗ ਸੀ, ਜੋ ਖ਼ਰੀਦ ਕੇ ਆਪ ਜੀ ਨੇ ਡੇਰੇ ਨਾਲ ਮਿਲਾਇਆ ਜਿਸ ਕਰਕੇ ਮਠ ਦੀ ਸ਼ੋਭਾ ਹੋਰ ਵੀ ਅਧਿਕ ਹੋ ਗਈ। ਜਿੰਨਾ ਚਿਰ ਆਪ ਸਰੀਰ ਕਰਕੇ ਰਹੇ ਬਹੁਤ ਕੀਰਤੀ ਪ੍ਰਾਪਤ ਕੀਤੀ। ਆਮ ਤੌਰ 'ਤੇ ਸਾਧੂਆਂ ਦੇ ਨਿਵਾਸ ਸਥਾਨ ਨੂੰ ਮਠ ਕਿਹਾ ਜਾਂਦਾ ਹੈ, ਪ੍ਰੰਤੂ ਆਪ ਜੀ ਦੇ ਤੇਜ ਪ੍ਰਤਾਪ ਕਰਕੇ ਇਸ ਸਥਾਨ ਦਾ ਨਾਮ ਸਮਾਂ ਪਾ ਕੇ ਸੰਗਤ ਚੇਤਨ ਮਠ ਪ੍ਰਸਿਧ ਹੋ ਗਿਆ। ਆਖਿਰ ਆਪ ਆਪਣੇ ਚੇਲੇ ਪੰਡਿਤ ਸਦਾ ਸਿੰਘ ਜੀ ਨੂੰ ਮਹੰਤੀ ਦੇ ਕੇ ਬ੍ਰਹਮਲੀਨ ਹੋ ਗਏ।

ਵੇਦਾਂਤਵਾਗੀਸ਼, ਸਰਵਤੰਤ੍ਰ ਸ੍ਵਤੰਤ੍ਰਾਚਾਰਯ ਸ਼੍ਰੀ ਮਾਨ ਪੰਡਿਤ ਸਦਾ ਸਿੰਘ ਜੀ ਕਾਸ਼ੀ ਨਿਰਮਲ ਪਰੰਪਰਾ ਦੇ ਇਤਨੇ ਪ੍ਰਭਾਵਸ਼ਾਲੀ ਅਤੇ ਵਿਦ੍ਵਦਵਰਿਸ਼ਠ ਮਹਾਪੁਰਖ ਸਨ, ਕਿ ਕਾਸ਼ੀ ਵਿਚ ਇਕ ਵਾਰ ਕੋਈ ਦਿਗਵਿਜਈ ਪੰਡਿਤ ਸ਼ਾਸਤ੍ਰਾਰਥ ਕਰਨ ਵਾਸਤੇ ਆਇਆ। ਉਸਦੇ ਚੈਲੰਜ ਤੋਂ ਘਬਰਾ ਕੇ ਕਾਸ਼ੀ ਦੇ ਕਈ ਵਿਦਵਾਨਾਂ ਨੇ ਆ ਕੇ ਕਿਹਾ ਕਿ ਕਾਸ਼ੀ ਦੇ ਪੰਡਿਤਾਂ ਦੀ ਲਾਜ ਰੱਖੋ। ਆਪ ਜੀ ਸ਼ੀਘਰ ਤਿਆਰ ਹੋ ਗਏ। ਆਖ਼ਿਰ ਆਪ ਜੀ ਦੇ ਤੇਜ ਤਪ, ਇਸ਼ਟ-ਸਾਧਨਾ ਅਤੇ ਬ੍ਰਹਮ-ਵਿਦਿਆ ਦੇ ਪ੍ਰਭਾਵ ਕਰਕੇ ਉਹ ਪੰਡਿਤ ਪਰਾਸਤ ਹੋ ਗਿਆ। ਆਪ ਜੀ ਦੀ ਵਿਜਯ ਹੋਈ, ਕਾਸ਼ੀ ਵਿਚ ਵੱਡਾ ਜਸ ਹੋਇਆ। ਇਸ ਖੁਸ਼ੀ ਵਿਚ ਕਾਸ਼ੀ ਵਿਦ੍ਵਤ ਸਭਾ ਨੇ ਆਪ ਜੀ ਨੂੰ ਕੋਈ ਸਨਮਾਨਿਤ ਉਪਾਧੀ ਦੇਣ ਦਾ ਫ਼ੈਸਲਾ ਕੀਤਾ। ਆਪ ਜੀ ਨੂੰ ਨਿਰਇਛੁਕ ਹੁੰਦੇ ਹੋਏ ਵੀ ਸਰਵ ਸੰਮਤੀ ਨਾਲ ਵਿਦ੍ਵਤ ਸਭਾ ਵਲੋਂ ਦੰਡੀ ਦੀ ਉਪਾਧੀ ਨਾਲ ਵਿਭੂਸ਼ਿਤ ਕੀਤਾ ਗਿਆ। ਇਸ ਕਰਕੇ ਆਪ ਬਾਅਦ ਵਿਚ ਪੰਡਿਤ ਸਦਾ ਸਿੰਘ ਜੀ ਦੰਡੀ ਕਰਕੇ ਪ੍ਰਸਿਧ ਹੋਏ। ਸੰਮਤ 1795 ਬਿਕ੍ਰਮੀ ਵਿਚ ਆਪ ਜੀ ਨੇ ਵੇਦਾਂਤ ਦੇ ਇਕ ਬੜੇ ਉਚ ਗ੍ਰੰਥ "ਅਦ੍ਵੈਤ ਸਿਧੀ" ਉਪਰ "ਸੁਗਮਸਾਰ ਚੰਦ੍ਰਿਕਾ"[1] ਨਾਮਿਕਾ ਟੀਕਾ ਲਿਖੀ, ਜਿਸ ਤੋਂ ਆਪ ਜੀ ਦੀ ਵਿਦ੍ਵਤਾ ਸਾਖਯਾਤ ਪ੍ਰਗਟ ਹੁੰਦੀ ਹੈ। ਆਪ ਜੀ ਦੇ ਪੰਡਿਤ ਸਿਰੀਆ ਸਿੰਘ ਜੀ ਵਿਰਕਤ, ਸੰਤ ਮਲੂਕ ਸਿੰਘ ਜੀ ਆਦਿ ਕਈ ਸ਼ਿਸ਼ ਸਨ। ਅੰਤ ਸਮੇਂ ਆਪ ਜੀ ਸ਼੍ਰੀ ਮਾਨ ਸੰਤ ਮਲੂਕ ਸਿੰਘ ਜੀ ਨੂੰ ਮਹੰਤੀ ਦੇ ਕੇ ਬ੍ਰਹਮਲੀਨ ਹੋ ਗਏ।

ਇਨ੍ਹਾਂ ਤੋਂ ਬਾਅਦ ਕਈ ਮਹਾਪੁਰਖਾਂ ਨੇ ਇਸ ਸਥਾਨ ਦੇ ਪ੍ਰਬੰਧ ਦੀ ਸੇਵਾ ਕੀਤੀ। ਮਹੰਤ ਸਾਹਿਬ ਸਿੰਘ ਜੀ, ਮਹੰਤ ਨਾਰਾਇਣ ਸਿੰਘ ਜੀ, ਮਹੰਤ ਰਤਨ ਸਿੰਘ ਜੀ, ਮਹੰਤ ਬਾਵਨਭਗਵਨ ਸਿੰਘ ਜੀ, ਮਹੰਤ ਪ੍ਰਿਤਪਾਲ ਸਿੰਘ ਜੀ, ਮਹੰਤ ਬਹਾਦੁਰ ਸਿੰਘ ਜੀ, ਮਹੰਤ ਇੰਦਰਜੀਤ ਸਿੰਘ ਜੀ ਆਦਿ। ਵਰਤਮਾਨ ਵਿਚ ਸ਼੍ਰੀ ਮਾਨ ਸੰਤ ਪ੍ਰੀਤਮ ਸਿੰਘ ਜੀ ਇਸ ਸਥਾਨ ਦੇ ਮਹੰਤ

[1] ਸਤ੍ਰਾਂ ਸੈ ਪਚਾਨਵੇਂ ਮਾਹੈਂ। ਸੱਦਾ ਸਿੰਘ ਨੈ ਕਾਂਸ਼ੀ ਜਾਹੈ।
ਚੇਤਨ ਮਠ ਦਿਢ ਬਾਂਧਯੁ ਨੀਕਾ। ਕਿਯ ਅਦ੍ਵੈਤ ਸਿੱਧੀ ਪਰ ਟੀਕਾ। (ਪੰਥ ਪ੍ਰਕਾਸ਼, ਪੰ. 2803)

ਹਨ, ਜੋ ਕਿ ਬਹੁਤ ਉਦਮੀ, ਕਰਮਠ ਅਤੇ ਮਿਲਾਪੜੇ ਸੁਭਾਵ ਵਾਲੇ ਹਨ। ਉਹ ਸਥਾਨ ਦਾ ਪ੍ਰਬੰਧ ਬੜੇ ਸੁੰਦਰ ਤਰੀਕੇ ਨਾਲ ਨਿਭਾ ਰਹੇ ਹਨ। ਇਹ ਨਿਰਮਲ ਭੇਖ ਦਾ ਸਭ ਤੋਂ ਪੁਰਾਤਨ ਅਤੇ ਪ੍ਰਸਿਧ ਇਤਿਹਾਸਕ ਸਥਾਨ ਹੈ। ਇਸ ਸਥਾਨ ਤੋਂ ਨਿਰਮਲ ਸੰਪ੍ਰਦਾਯ ਦਾ ਮਹਾਨ ਵਿਸਤਾਰ ਹੋਇਆ ਹੈ। ਇਥੇ ਰਹਿ ਕੇ ਅਨੇਕਾਂ ਨਿਰਮਲੇ ਮਹਾਪੁਰਖਾਂ ਨੇ ਵਿਦਿਆ ਪ੍ਰਾਪਤ ਕਰਕੇ ਭਾਰਤ ਦੇ ਕੋਨੇ-ਕੋਨੇ ਵਿਚ ਵਿਚਰ ਕੇ ਗੁਰੂ ਨਾਨਕ ਦੇਵ ਜੀ ਦੇ ਅਦ੍ਵੈਤ ਸਿਧਾਂਤ ਨੂੰ ਸ਼ਾਸਤ੍ਰ ਸੰਮਤ ਪ੍ਰਮਾਣਾਂ ਦੁਆਰਾ ਪ੍ਰਤਿਪਾਦਨ ਕਰਦੇ ਹੋਏ ਅਨੇਕਾਂ ਪ੍ਰਾਣੀਆਂ ਨੂੰ ਗੁਰਮਤਿ ਦੇ ਧਾਰਣੀ ਬਣਾਇਆ।

**ਸ਼੍ਰੀ ਮਾਨ ਪੰਡਿਤ ਗੁਲਾਬ ਸਿੰਘ ਜੀ** : ਪੰਡਿਤ ਗੁਲਾਬ ਸਿੰਘ **ਜੀ** ਨਿਰਮਲ ਭੇਖ ਦੇ ਵਿਦਵਾਨਾਂ ਵਿਚੋਂ ਮੂਰਧਨਯ ਵਿਦਵਾਨ ਹੋਏ ਹਨ, ਜਿਨ੍ਹਾਂ ਆਪਣੇ ਗੁਰੁਦੇਵ ਸ਼੍ਰੀ ਮਾਨ ਪੰਡਿਤ ਮਾਨ ਸਿੰਘ ਜੀ ਕੁਰੁਕਸ਼ੇਤਰ ਵਾਲਿਆਂ ਦੀ ਆਗਿਆ ਅਨੁਸਾਰ ਕਾਸ਼ੀ ਵਿਚ ਰਹਿ ਕੇ ਬੜੀ ਕਠਿਨਤਾ ਅਤੇ ਪਰਿਸ਼੍ਰਮ ਨਾਲ ਵਿਦਿਆ ਪ੍ਰਾਪਤ ਕੀਤੀ। ਆਪ ਜੀ ਦੇ ਵਿਦਿਆ ਅਧਿਐਨ ਸਮੇਂ ਇਕ ਕਥਾ ਪ੍ਰਸਿਧ ਹੈ ਕਿ ਆਪ ਜੀ ਨੇ ਆਪਣੇ ਵਿਦਿਆ ਦਾਤੇ ਪੰਡਿਤ ਜੀ ਦੇ ਘਰ ਭੋਜਨ ਵਾਸਤੇ ਲਕੜੀਆਂ ਲਿਆਉਣੀਆਂ, ਪਾਣੀ ਭਰਨਾ, ਝਾੜੂ ਫੇਰਨਾ, ਬੱਚੇ ਨੂੰ ਖਿਡਾਉਣਾ ਆਦਿ ਸੇਵਾ ਦੁਆਰਾ ਪੰਡਿਤ ਜੀ ਨੂੰ ਪ੍ਰਸੰਨ ਕਰਕੇ ਯੁਕਤੀ ਨਾਲ ਵਿਦਿਆ ਸੁਣੀ। "ਸਹਿਜ ਪਕੇ ਸੋ ਮੀਠਾ ਹੋਇ" ਦੀ ਉਕਤੀ ਅਨੁਸਾਰ ਸਮਾਂ ਪਾ ਕੇ ਆਪ ਜੀ ਨਿਰਮਲ ਭੇਖ ਦੇ ਪ੍ਰਕਾਂਡ ਵਿਦਵਾਨ[1] ਬਣੇ। ਸੰਸਕ੍ਰਿਤ ਦੇ ਗ੍ਰੰਥਾਂ ਦਾ ਪੰਜਾਬੀ ਭਾਸ਼ਾ ਵਿਚ ਅਨੁਵਾਦ ਕਰਕੇ ਕਈ ਗ੍ਰੰਥਾਂ ਦੀ ਰਚਨਾ ਕੀਤੀ। ਆਪ ਜੀ ਦੇ ਲਗਭਗ 40 ਗ੍ਰੰਥ ਸਨ, ਪ੍ਰੰਤੂ ਕਾਸ਼ੀ ਦੇ ਬ੍ਰਾਹਮਣ ਪੰਡਿਤਾਂ ਦੀ ਖੁਟਿਆਈ ਦੇ ਕਾਰਣ ਬਹੁਤ ਸਾਰੇ ਗ੍ਰੰਥ ਜਾਂਦੇ ਰਹੇ। ਇਨ੍ਹਾਂ ਵਿੱਚੋਂ ਕੇਵਲ ਚਾਰ ਗ੍ਰੰਥ ਬਚੇ ਜੋ ਅਜ ਤਕ ਉਪਲਬਧ ਹਨ– 1. ਭਾਵਰਸਾਮ੍ਰਿਤ 2. ਮੋਖਸ਼ ਪੰਥ ਪ੍ਰਕਾਸ਼ 3. ਅਧਿਆਤਮ ਰਾਮਾਇਣ 4. ਪ੍ਰਬੋਧ ਚੰਦ੍ਰ ਨਾਟਕ। ਇਹਨਾਂ ਵਿੱਚੋਂ ਪ੍ਰਬੋਧ ਚੰਦ੍ਰ ਨਾਟਕ ਸੰਸਕ੍ਰਿਤ ਦੇ ਪ੍ਰਬੋਧਚੰਦ੍ਰੋਦਯਂ ਗ੍ਰੰਥ ਦਾ ਭਾਸ਼ਾ ਅਨੁਵਾਦ ਹੈ ਅਤੇ ਦੂਜਾ ਸੰਸਕ੍ਰਿਤ ਦੀ ਅਧਿਆਤਮ ਰਾਮਾਇਣ ਦਾ ਭਾਸ਼ਾ ਅਨੁਵਾਦ ਹੈ।

ਇਸ ਅਨੁਵਾਦ ਦੁਆਰਾ ਪੰਡਿਤ ਜੀ ਨੇ ਗੂੜ ਤਤ੍ਵ-ਗਿਆਨ ਜਨ ਸਾਧਾਰਣ ਤਕ ਪਹੁੰਚਾ ਕੇ ਮਹਾਨ ਉਪਕਾਰ ਕੀਤਾ ਹੈ। ਇਨ੍ਹਾਂ ਦੋਹਾਂ ਗ੍ਰੰਥਾਂ ਦੇ ਇਕ-ਇਕ ਸਲੋਕ ਦਾ ਮੂਲ ਪਾਠ ਅਤੇ ਭਾਸ਼ਾ ਅਨੁਵਾਦ ਦਾ ਨਮੂਨਾ ਇਸ ਤਰ੍ਹਾਂ ਹੈ–

मध्याह्नार्कमरीचिकास्विव पयः पूरो यदज्ञानतः,
स्वं वायूर्ज्वलनो जलं क्षितिरिति त्रैलोक्यमुन्मीलति।
तत्तत्वं विदुषां निमीलति पुनः स्रग्भोगिभोगोपमं,
सान्द्रानन्दमुपास्महे तदमलं स्वात्मावबोधं महः।।१।।[2] (प्रबोधचन्द्रोदयम् 1)

ਅਨੁਵਾਦ : ॥ਸਵੈਯਾ॥

**ਭਾਨੁ ਮਰੀਚ ਸੁ ਨਾਰ ਸਮੰ ਪੁਨ ਜਾਂ ਅਗਿਆਨ ਜਗੱਤ ਬਨਾਯੋ॥**
**ਵਾਯੁ ਅਕਾਸ ਸੁ ਪਾਵਕ ਨੀਰ ਮਹੀ ਪੁਨ ਲੋਕਸੁ ਤੀਨ ਉਪਾਯੋ॥**
**ਜਾਹਿ ਪਿਖੇ ਰਜੁਸਾਪ ਜਿਮੇ ਜਗ ਫੇਰ ਸਭੋ ਤਿਮ ਮਾਂਹਿ ਬਿਲਾਯੋ॥**
**ਊਜਲ ਆਤਮ ਬੋਧ ਮਹੋ ਹਮ ਆਨੰਦ ਸੋਂ ਉਰਮਾਂਹਿ ਧਿਆਯੋ॥**

**(ਪ੍ਰਬੋਧ ਚੰਦ੍ਰ ਨਾਟਕ 1,8)**

**ਮੂਲ ਪਾਠ**

सूत उवाच–
कदाचिन्नारदो योगी परानुग्रहवाछञ्या।
पर्यटन्सकलांल्लोकान् सत्यलोकमुपागमत्।।[1] (अध्यात्म रामायण, महात्म्य 2)

---

[1] ਪਢਨ ਹਾਰ ਪੰਡਿਤ ਬਹੁ ਜਾਨੈ। ਪੁਨ ਗੁਲਾਬ ਸਿੰਘ ਭਯੋ ਮਹਾਨੈ।
ਭਾਵਰਸਾਂਮ੍ਰਿਤ ਜਾਂਹਿ ਰਚਾਈ । ਕਰਮ-ਵਿਪਾਕ, ਸ੍ਵਪਨ-ਅਧਯਾਈ।
ਨਾਟਕ ਚੰਦ੍ਰ ਪ੍ਰਬੋਧ ਉਦਾਰੇ। ਮੋਖ-ਪੰਥ ਅਧਯਾਤਮ ਭਾਰੇ।
ਬਾਦੀ ਸੰਮਤ ਤਿਨ ਕੇ ਹੇਰੋ। ਸੰਸੇ ਖੁਦ ਹੀ ਖੁਦੈ ਨਿਬੇਰੋ। (ਪੰਥ ਪ੍ਰਕਾਸ਼, ਪੰਨਾ 2803)

[2] ਅਰਥ : ਦੁਪਹਿਰ ਦੇ ਸੂਰਜ ਦੀਆਂ ਕਿਰਣਾਂ ਵਿਚ ਮਾਰੂਥਲ ਦੇ ਜਲ ਦੀ ਨਿਆਈਂ ਜਿਸ ਦੇ ਅਗਿਆਨ ਕਰਕੇ ਆਕਾਸ਼, ਵਾਯੂ, ਤੇਜ, ਜਲ ਤੇ ਪ੍ਰਿਥਵੀ ਇਸ ਕ੍ਰਮ ਅਨੁਸਾਰ ਤਿੰਨ ਲੋਕ ਪ੍ਰਗਟ ਹੁੰਦੇ ਹਨ ਅਤੇ ਜਿਸ ਦੇ ਗਿਆਨ ਕਰਕੇ ਰੱਸੀ ਦੇ ਸਰਪ ਦੀ ਨਿਆਈਂ ਲੀਨ ਹੋ ਜਾਂਦੇ ਹਨ। ਉਸ ਆਨੰਦ ਰੂਪ ਤਥਾ ਸ੍ਵਪ੍ਰਕਾਸ਼ ਰੂਪ ਬ੍ਰਹਮ ਦੀ ਅਸੀਂ ਉਪਾਸਨਾ ਕਰਦੇ ਹਾਂ।

**ਅਨੁਵਾਦ :**

ਸੂਤ ਉਵਾਚ ॥ਚੌਪਈ॥

**ਏਕ ਸਮੇਂ ਨਾਰਦ ਮੁਨਿ ਯੋਗੀ। ਸਭ ਲੋਗਨ ਕੈ ਹਿਤ ਉਪਯੋਗੀ।**

**ਕ੍ਰਮ ਕਰ ਸਗਲ ਲੋਕ ਮੈਂ ਗਏ। ਸੱਤ ਲੋਕ ਪੁਨ ਜਾਵਤ ਭਏ।**

ਦੂਸਰੇ ਦੋ ਗ੍ਰੰਥ ਆਪ ਦੀਆਂ ਸੁਤੰਤਰ ਰਚਨਾਵਾਂ ਹਨ। "ਭਾਵਰਸਾਮ੍ਰਿਤ" ਵਿਚ ਆਪ ਜੀ ਨੇ ਸ਼ਾਸਤ੍ਰ ਸੰਮਤ ਉਕਤੀਆਂ-ਯੁਕਤੀਆਂ ਦੇ ਭਾਵ ਲੈ ਕੇ ਪ੍ਰੇਮਾ-ਭਗਤੀ ਦੀ ਮਹਿਮਾ ਦਾ ਬੜਾ ਸੁੰਦਰ ਵਰਣਨ ਕੀਤਾ ਹੈ। "ਮੋਖਸ਼ ਪੰਥ ਪ੍ਰਕਾਸ਼" ਵੇਦਾਂਤ ਦਾ ਅਦੁਤੀਯ ਗ੍ਰੰਥ ਹੈ। ਆਪ ਜੀ ਦਾ ਇਹ ਪ੍ਰਯਾਸ ਅਤੀ ਪ੍ਰਸ਼ੰਸਨੀਯ ਹੈ, ਕਿਉਂਕਿ ਵੇਦਾਂਤ ਦੇ ਉਪਨਿਸ਼ਦਭਾਸ਼ਯ, ਗੀਤਾਭਾਸ਼ਯ, ਬ੍ਰਹਮਸੂਤ੍ਰਭਾਸ਼ਯ, (ਪ੍ਰਸਥਾਨਤ੍ਰਯੀ) ਅਦ੍ਵੈਤ ਅਤੇ ਖੰਡਨ ਖੰਡਖਾਦਯ, ਚਿਤਸੁਖੀ, ਅਦ੍ਵੈਤਸਿਧੀ, ਲਘੁਚੰਦ੍ਰਿਕਾ, ਸਿਧਾਂਤ ਲੇਸਸੰਗ੍ਰਹ ਆਦਿ ਵਾਦ ਪ੍ਰਸਥਾਨਾਂ ਵਿਚ ਅਦ੍ਵੈਤ ਵੇਦਾਂਤ ਦੇ ਪਰਿਨਿਸ਼ਠਿਤ ਵਿਦਵਾਨਾਂ ਦੇ ਦੁਆਰਾ ਮੰਥਨ ਕੀਤਾ ਹੋਇਆ, ਸਿਧਾਂਤ ਰੂਪ ਅੰਮ੍ਰਿਤ ਰਸ ਦਾ ਸਾਧਾਰਣ ਜਨਤਾ ਨੂੰ ਵੀ ਲਾਭ ਹੋਵੇ, ਇਸ ਅਭਿਪ੍ਰਾਯ ਨੂੰ ਲੈ ਕੇ ਆਪ ਜੀ ਨੇ ਇਸ ਗ੍ਰੰਥ ਦੀ ਰਚਨਾ ਕੀਤੀ ਜੋ ਬ੍ਰਜ ਭਾਸ਼ਾ ਨੂੰ ਅਮੋਲਕ ਦੇਣ ਹੈ। ਇਸ ਗ੍ਰੰਥ ਦੇ ਅੰਤ ਵਿਚ ਆਪ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੁਆਰਾ ਸ਼ਸਤ੍ਰ ਅਤੇ ਸ਼ਾਸਤ੍ਰ ਦੇ ਸੁਮੇਲ ਕਰਨ ਦਾ ਮੁਖ ਉਦੇਸ਼ ਬੜੇ ਹੀ ਸੁੰਦਰ ਸ਼ਬਦਾਂ ਵਿਚ ਬਿਆਨ ਕੀਤਾ ਹੈ।[2]

**ਸ੍ਰੀ ਮਹੰਤ ਸ੍ਰੀ ਮਾਨ ਪੰਡਿਤ ਊਧਵ ਸਿੰਘ ਜੀ ਨਈਯਾਯਕ** : ਆਪ ਜੀ ਦਾ ਜਨਮ ਸੰਮਤ 1897 ਬਿਕ੍ਰਮੀ ਨੂੰ ਪਿੰਡ ਕੱਲ੍ਹਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। 12 ਸਾਲ ਦੀ ਉਮਰ ਵਿਚ ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਬਣ ਗਏ। 15-16 ਸਾਲ ਦੀ ਉਮਰ ਵਿਚ ਸੰਸਕ੍ਰਿਤ ਪੜ੍ਹਨ ਲਈ ਕਾਸ਼ੀ ਆ ਗਏ। ਇਥੇ ਰਹਿ ਕੇ 15-16 ਸਾਲ ਆਪ ਨੇ ਪੂਰੀ ਮਿਹਨਤ ਅਤੇ ਲਗਨ ਨਾਲ ਇਤਨਾ ਅਭਿਆਸ ਕੀਤਾ ਕਿ ਉਚ ਕੋਟੀ ਦੇ ਵਿਦਵਾਨ ਪ੍ਰਸਿਧ ਹੋ ਗਏ। ਕਾਸ਼ੀ ਦੇ ਅਨੇਕਾਂ ਸਾਧੂ ਅਤੇ ਬ੍ਰਾਹਮਣ ਵਿਦਿਆਰਥੀ ਆਪ ਜੀ ਦੇ ਕੋਲੋਂ ਅਧਿਐਨ ਕਰਨ ਲਗੇ। ਆਪ ਦੀ ਪੜ੍ਹਾਉਣ ਦੀ ਸ਼ੈਲੀ ਐਸੀ ਸੀ ਕਿ ਜੋ ਪੰਕਤੀ ਕਿਸੇ ਵਿਦਵਾਨ ਤੋਂ ਸਮਝ ਨਾ ਲਗੇ, ਉਹ ਵਿਦਿਆਰਥੀ ਆਪ ਜੀ ਦੇ ਪਾਸੋਂ ਆ ਕੇ ਪੁਛਦੇ ਸਨ। ਆਪ ਜੀ ਵਿਆਕਰਣ ਆਦਿ ਸਾਰੇ ਵਿਸ਼ੇ ਪੜ੍ਹਾਉਂਦੇ ਸਨ। ਪਰੰਤੂ ਨਯਾਯ ਸ਼ਾਸਤ੍ਰ ਦੇ ਵਿਸ਼ੇਸ਼ਗਯ ਸਨ। ਇਸ ਕਰਕੇ ਆਪ ਨੂੰ ਨਯਾਯ ਗੌਤਮ ਵੀ ਕਿਹਾ ਜਾਂਦਾ ਸੀ। ਪਹਿਲੇ ਆਪ ਕਿਸੇ ਦੂਸਰੇ ਦੇ ਮਕਾਨ ਵਿਚ ਰਹਿ ਕੇ ਪੜ੍ਹਾਉਂਦੇ ਸਨ। ਫਿਰ ਜਦੋਂ ਆਪ ਦੇ ਸੇਵਕ ਰਾਇ ਬਰੇਲੀ ਵਾਲੇ ਸਰਦਾਰਾਂ ਨੇ ਇਕ ਮਕਾਨ (ਜੋ ਕਿ ਇਸ ਸਮੇਂ ਕਾਸ਼ੀ ਵਿਚ ਚੌਖੰਭਾ ਸੰਗਤ ਸ੍ਰੀ ਮਹੰਤ ਊਧਵ ਸਿੰਘ ਜੀ ਨਾਮ ਨਾਲ ਪ੍ਰਸਿਧ ਹੈ) ਖਰੀਦ ਕੇ ਆਪ ਜੀ ਦੇ ਨਾਮ ਲਗਵਾ ਦਿਤਾ। ਇਸ ਵਿਚ ਰਹਿ ਕੇ ਅਨੇਕਾਂ ਵਿਦਿਆਰਥੀ ਪੜ੍ਹਾਏ। ਇਥੇ ਹੀ ਆਪ ਜੀ ਨੇ ਸੰਸਕ੍ਰਿਤ ਵਿਚ ਦੋ ਅਦਭੁਤ ਗ੍ਰੰਥਾਂ ਦੀ ਰਚਨਾ ਕੀਤੀ- 1. ਅਭਾਵ ਰਹਸਯ 2. ਆਸ਼੍ਰਮ ਧਰਮ ਰਹਸਯ, ਜਿਨ੍ਹਾਂ ਨੂੰ ਕੋਈ ਵਿਦਵਾਨ ਵਿਅਕਤੀ ਹੀ ਸਮਝ ਸਕਦਾ ਹੈ।

ਆਪ ਜੀ ਦੇ ਤੇਜ ਪ੍ਰਤਾਪ, ਸ਼ਲਿ-ਸੁਭਾਵ, ਬ੍ਰਹਮ-ਵਿਦਿਆ ਦੇ ਪ੍ਰਭਾਵ ਸਦਕਾ ਹਰ ਤਰ੍ਹਾਂ ਯੋਗਯ ਜਾਣ ਕੇ ਸਾਰੇ ਨਿਰਮਲ ਭੇਖ ਨੇ ਸਰਵ ਸੰਮਤੀ ਨਾਲ 8 ਭਾਦ੍ਰੋਂ ਸੰਮਤ 1953 ਨੂੰ ਨਿਰਮਲ ਅਖਾੜੇ ਵਿਚ ਸ੍ਰੀ ਮਹੰਤ ਪਦ ਪਰ ਸੁਸ਼ੋਭਿਤ ਕਰ ਦਿਤਾ। ਸਾਰਾ ਜੀਵਨ ਆਪ ਜੀ ਨੇ ਨਿਰਮਲ ਪੰਥ ਦੀ ਮਹਾਨ ਸੇਵਾ ਕੀਤੀ। ਕਾਸ਼ੀ ਨਿਰਮਲ ਪ੍ਰਪੰਰਾ ਵਿਚ ਇਸੇ ਤਰ੍ਹਾਂ ਦੀਆਂ ਹੋਰ ਵੀ ਅਨੇਕਾਂ ਦਿਵਯ ਸ਼ਖਸੀਅਤਾਂ ਹੋਈਆਂ ਹਨ। ਜਿਨ੍ਹਾਂ ਵਿਚੋਂ ਕੁਝ ਨਾਮ ਇਥੇ ਲਿਖਦੇ ਹਾਂ:- ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਦੂਸਰੇ, ਤੀਸਰੇ, ਪੰਜਵੇਂ, ਛੇਵੇਂ, ਸਤਵੇਂ, ਅੱਠਵੇਂ, ਨੌਵੇਂ ਅਤੇ ਵਰਤਮਾਨ ਵਿਚ ਦਸਵੇਂ ਸ੍ਰੀ ਮਹੰਤ। ਪੰਡਿਤ ਤਾਰਾ ਸਿੰਘ ਜੀ ਨਰੋਤਮ, ਪੰਡਿਤ ਈਸ਼ਰ ਸਿੰਘ ਜੀ ਸ਼ਾਸਤ੍ਰਾਰਥੀ, ਪੰਡਿਤ ਦੀਵਾਨ ਸਿੰਘ ਜੀ ਠੀਕਰੀਵਾਲ, ਪੰਡਿਤ ਸੰਪੂਰਣ ਸਿੰਘ ਜੀ, ਪੰਡਿਤ ਗੁਰਦਿਤ ਸਿੰਘ ਜੀ, ਸੰਤ ਹਜ਼ਾਰਾ ਸਿੰਘ ਜੀ ਹਾਂਡੀ ਵਾਲੇ, ਪੰਡਿਤ ਸੁਰੈਣ ਸਿੰਘ ਜੀ, ਸੰਤ ਦਲੇਲ ਸਿੰਘ ਜੀ

---

[1] ਇਕ ਸਮੇਂ ਜੋਗੀ ਰਾਜ ਨਾਰਦ ਜੀ ਦੂਸਰਿਆਂ ਦੇ ਉਪਰ ਕਿਰਪਾ ਕਰਨ ਵਾਸਤੇ ਸਮਸਤ ਲੋਕ ਵਿਚ ਭ੍ਰਮਣ ਕਰਦੇ ਹੋਏ ਸਤਯ ਲੋਕ ਵਿਚ ਪਹੁੰਚੇ।

[2] ਸ੍ਰੀ ਗੁਰੂ ਗੋਬਿੰਦ ਸਿੰਘ ਹੈਂ ਪੂਰਣ ਹਰੀ ਅਵਤਾਰ।
ਰਚਯੋ ਪੰਥ ਭਵ ਮੈਂ ਪ੍ਰਗਟ, ਦੇ ਵਿਧਿ ਕੋ ਵਿਸਤਾਰ।
ਏਕਨ ਕੇ ਕਰ ਖੜਗ ਦੈ, ਭੁਜ ਬਲ ਬਹੁ ਵਿਸਤਾਰ।
ਪਾਲਨ ਭੂਮੀ ਕੋ ਕਰਿਓ, ਦੁਸ਼ਟਨ ਮੂਲ ਉਖਾਰ।
ਔਰਨ ਕੀ ਪਿਖ ਵਿਮਲ ਮਤਿ, ਦੀਨੋ ਪਰਮ ਵਿਵੇਕ।
ਨਿਰਮਲ ਭਾਖੇ ਜਗਤ ਤਿਹ, ਹੋਰੈ ਬ੍ਰਹਮ ਸੁ ਏਕ। (ਮੋਖ ਪੰਥ ਪ੍ਰਕਾਸ਼, ਪੰ. 610)

ਵਿਰੱਕਤ ਆਦਿ ਅਨੇਕਾਂ ਮਹਾਪੁਰਸ਼ ਕਾਸ਼ੀ ਵਿਚ ਰਹਿ ਕੇ ਪੜ੍ਹਨ ਉਪਰੰਤ ਸੰਸਾਰ ਵਿਚ ਵਿਚਰ ਕੇ ਬ੍ਰਹਮ ਵਿਦਿਆ ਦਾ ਪ੍ਰਚਾਰ ਪ੍ਰਸਾਰ ਕੀਤਾ।

**ਸੰਤ ਬਾਬਾ ਸ਼ੇਰ ਸਿੰਘ ਜੀ** : ਸੰਤ ਸ਼ੇਰ ਸਿੰਘ ਜੀ ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਸੰਤ ਮਸਤਾਨ ਸਿੰਘ ਜੀ ਕਾਸ਼ੀ ਵਾਲਿਆਂ ਦੇ ਸ਼ਿਸ਼ ਸਨ। ਆਪ ਜੀ ਨੇ ਕਾਸ਼ੀ ਰਹਿ ਕੇ ਵਿਦਿਆ ਪ੍ਰਾਪਤ ਕੀਤੀ। ਆਪ ਜੀ ਨੂੰ ਹੱਥੀਂ ਸੇਵਾ ਕਰਨ ਦਾ ਬੜਾ ਸ਼ੌਕ ਸੀ। ਆਏ ਗਏ ਸਾਧੂ, ਅਤਿਥੀ ਅਤੇ ਗ਼ਰੀਬ-ਗੁਰਬੇ ਦੀ ਭੋਜਨ ਆਦਿ ਦੁਆਰਾ ਸੇਵਾ ਕਰਕੇ ਬੜੇ ਪ੍ਰਸੰਨ ਰਹਿੰਦੇ ਸਨ। ਵਿਦਵਤਾ ਭਰੀ ਕਥਾ ਨਾਲ ਸਤਿਸੰਗੀਆਂ ਦੇ ਮਨ ਨੂੰ ਪ੍ਰੇਰ ਕੇ ਕਾਸ਼ੀ ਵਿਚ ਆਉਣ ਵਾਲੇ ਵਿਦਿਆਰਥੀਆਂ, ਸਾਧੂਆਂ ਅਤੇ ਯਾਤਰੀਆਂ ਵਾਸਤੇ ਸਥਾਈ ਰੂਪ ਵਿਚ ਅੰਨਛੇਤ੍ਰ ਚਲਾਉਣ ਲਈ ਬਿਕ੍ਰਮੀ ਸੰਮਤ 1897 ਮੁਤਾਬਿਕ 4 ਨਵੰਬਰ ਸੰਨ 1830 ਈ. ਨੂੰ ਮੁਹੱਲਾ ਸੱਤੀ ਚੌਂਤਰਾ ਵਾਰਾਣਸੀ ਵਿਚ ਇਕ ਮਕਾਨ ਖ਼ਰੀਦਿਆ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸਤਿਸੰਗ ਅਤੇ ਬ੍ਰਹਮ ਵਿਦਿਆ ਦੇ ਨਾਲ-ਨਾਲ ਗੁਰੂ ਕੇ ਲੰਗਰ ਦਾ ਅਤੁੱਟ ਪ੍ਰਵਾਹ ਚਲਾ ਦਿਤਾ। ਲੰਗਰ ਛਕਾਉਂਦਿਆਂ ਹਰ ਪ੍ਰਾਣੀ ਨੂੰ ਆਪ ਸਤਿਨਾਮ ਵਾਹਿਗੁਰੂ ਦਾ ਜਾਪ ਕਰਾਈ ਜਾਂਦੇ ਸਨ। ਐਸੇ ਮਹਾਨ ਅੰਨਛੇਤ੍ਰ ਦੀ ਮਹਿਮਾ ਸਦਕਾ ਇਸ ਸਥਾਨ ਦਾ ਨਾਮ ਸੰਗਤ ਬਾਬਾ ਸ਼ੇਰ ਸਿੰਘ ਪ੍ਰਸਿੱਧ ਹੋ ਗਿਆ, ਜੋ ਅਜ ਤਕ ਮੌਜੂਦ ਹੈ। ਆਪ ਜੀ ਦੇ ਗੁਰਪੁਰੀ ਪਯਾਨੇ ਤੋਂ ਬਾਅਦ ਇਸ ਸਥਾਨ ਦਾ ਪ੍ਰਬੰਧ ਸ਼੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ ਹਰਿਦੁਆਰ ਦੇ ਪਾਸ ਆ ਗਿਆ।

ਇਸ ਸਥਾਨ 'ਤੇ ਰਹਿ ਕੇ ਅਨੇਕਾਂ ਮਹਾਪੁਰਖਾਂ ਅਤੇ ਵਿਦਿਆਰਥੀਆਂ ਨੇ ਸੇਵਾ ਸਿਮਰਨ ਕਰਦਿਆਂ ਬ੍ਰਹਮ-ਵਿਦਿਆ ਪ੍ਰਾਪਤ ਕੀਤੀ। ਸੰਮਤ 1983 ਈ. ਨੂੰ ਸ਼੍ਰੀ ਪੰਚਾਇਤੀ ਅਖਾੜਾ ਨਿਰਮਲਾ ਦੇ ਸ਼੍ਰੀ ਮਹੰਤ ਸ਼੍ਰੀਮਾਨ 108 ਪੰਡਿਤ ਸੁੱਚਾ ਸਿੰਘ ਜੀ ਮਹਾਰਾਜ ਨੇ ਪੁਰਾਣਾ ਮਕਾਨ ਗਿਰਵਾ ਕੇ ਆਧੁਨਿਕ ਤਰੀਕੇ ਨਾਲ ਦਰਸ਼ਨੀ ਗੁਰਦੁਆਰਾ, ਲੰਗਰ ਅਤੇ ਰਿਹਾਇਸ਼ੀ ਕਮਰਿਆਂ ਦਾ ਨਿਰਮਾਣ ਕਰਵਾਇਆ। ਵਰਤਮਾਨ ਵਿਚ ਸ਼੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ ਹਰਿਦੁਆਰ ਦੇ ਸ਼੍ਰੀ ਮਹੰਤ ਸ਼੍ਰੀਮਾਨ 108 ਪੰਡਿਤ ਗਿਆਨਦੇਵ ਸਿੰਘ ਜੀ ਵੇਦਾਂਤਾਚਾਰੀਯ ਜੀ ਦੀ ਆਗਿਆ ਅਨੁਸਾਰ ਦਾਸ ਇਸ ਸਥਾਨ 'ਤੇ ਰਹਿ ਕੇ ਵਿਦਿਆ ਅਧਿਐਨ ਅਧਿਆਪਨ ਦੇ ਨਾਲ-ਨਾਲ ਸਥਾਨ ਦੇ ਪ੍ਰਬੰਧ ਦੀ ਸੇਵਾ ਵੀ ਨਿਭਾ ਰਹੇ ਹਨ। ਅਜ ਕਲ ਇਥੇ 8-10 ਸੰਤ ਅਤੇ ਵਿਦਿਆਰਥੀ ਰਹਿ ਕੇ ਸੰਸਕ੍ਰਿਤ ਵਿਦਿਆ, ਸ਼੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੀ ਦਸਮ ਗ੍ਰੰਥ ਸਾਹਿਬ, ਭਾਸ਼ਾ ਗ੍ਰੰਥ ਅਤੇ ਗੁਰ ਇਤਿਹਾਸ ਆਦਿ ਗ੍ਰੰਥਾਂ ਦਾ ਅਧਿਐਨ ਕਰ ਰਹੇ ਹਨ। ਸ਼ਾਮ ਦੇ ਸਮੇਂ ਆਰਤੀ ਪੂਜਨ ਤੋਂ ਬਾਅਦ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਵੀ ਹੁੰਦੀ ਹੈ। ਇਸ ਸਥਾਨ ਦੇ ਨਾਲ ਸੰਬੰਧਿਤ ਇਕ ਹੋਰ ਮਕਾਨ 'ਸੰਗਤ ਬਾਬਾ ਬੀਰ ਸਿੰਘ ਜੀ' ਹੈ ਜੋ ਮਹੱਲਾ ਹੜਹਾ ਸਰਾਏ ਵਾਰਾਣਸੀ ਵਿਚ ਸਥਿਤ ਹੈ।

**ਨਿਰਮਲ ਸੰਸਕ੍ਰਿਤ ਵਿਦਿਆਲਯ ਸੰਗਤ ਲਾਹੌਰੀ ਟੋਲਾ** : ਕਾਸ਼ੀ ਨਗਰੀ ਵਿਚ ਸੰਸਕ੍ਰਿਤ ਪੜ੍ਹਨ ਦੇ ਅਭਿਲਾਖੀ ਨਿਰਮਲੇ ਸਾਧੂਆਂ ਦੀ ਵਧਦੀ ਹੋਈ ਸੰਖਿਆ ਨੂੰ ਦੇਖਦੇ ਹੋਏ ਸ਼੍ਰੀਮਾਨ ਮਹੰਤ ਜੈ ਰਾਮ ਸਿੰਘ ਜੀ (ਚੇਲੇ ਸ਼੍ਰੀਮਾਨ ਮਹੰਤ ਰਾਮ ਸਿੰਘ ਜੀ) ਕਸ਼ਮੀਰ ਵਾਲਿਆਂ ਨੇ ਆਪਣਾ ਪੁਰਾਣਾ ਮਕਾਨ ਬਾਬਰ ਸਈਯਦ ਦੀ ਗਲੀ ਵਾਲਾ ਵੇਚ ਕੇ ਬਿਕ੍ਰਮੀ ਸੰਮਤ 1983 ਫਗਣ ਵਦੀ ਅਸ਼ਟਮੀ ਦਿਨ ਸ਼ਨੀਵਾਰ ਨੂੰ ਰਜਿਸਟਰੀ ਕਰਵਾ ਕੇ ਮੁਹੱਲੇ ਲਾਹੌਰੀ ਟੋਲੇ ਵਿਚ ਵਰਤਮਾਨ ਨਿਰਮਲ ਸੰਸਕ੍ਰਿਤ ਵਿਦਿਆਲੇ ਵਾਲਾ ਵਿਸ਼ਾਲ ਅਤੇ ਹਵਾਦਾਰ ਸੁੰਦਰ ਮਕਾਨ ਤਿਆਰ ਕਰਵਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਅਤੇ ਆਸ਼੍ਰਮ ਨੂੰ ਚਲਾਉਣ ਦਾ ਸਾਰਾ ਪ੍ਰਬੰਧ ਆਪਣੇ ਯੋਗ ਸ਼ਿਸ਼ ਸੰਤ ਰਘੁਵੀਰ ਸਿੰਘ ਜੀ ਨੂੰ ਸੌਂਪ ਦਿਤਾ।

ਸੰਤ ਰਘੁਵੀਰ ਸਿੰਘ ਜੀ ਦੇ ਸਮੇਂ ਇਸ ਆਸ਼੍ਰਮ ਵਿਚ ਅਨੇਕਾਂ ਨਿਰਮਲੇ ਸਾਧੂਆਂ ਨੇ ਵਿਦਿਆ ਦਾ ਅਧਿਐਨ ਕੀਤਾ। ਇਨ੍ਹਾਂ ਹੀ ਦਿਨਾਂ ਵਿਚ ਸ਼੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ ਦੇ ਸੱਤਵੇਂ ਸ਼੍ਰੀ ਮਹੰਤ ਸ਼੍ਰੀ ਮਾਨ ਪੰਡਿਤ ਜੀਵਨ ਸਿੰਘ ਜੀ ਕਾਸ਼ੀ ਵਾਲੇ ਵਿਦਿਆਰਥੀ ਜੀਵਨ ਵਿਚ ਸੰਮਤ 1959 ਤੋਂ ਲੈ ਕੇ 1976 ਤਕ ਇਥੇ ਵਿਦਿਆ ਪੜ੍ਹਦੇ ਰਹੇ। ਭਾਵੇਂ ਇਹ ਸੰਪ੍ਰਦਾਯ ਦਾ ਆਪਣਾ ਸੁਤੰਤਰ ਆਸ਼੍ਰਮ ਸੀ।

ਇਥੇ ਵਿਦਿਆ ਪੜ੍ਹਨ ਵਾਲੇ ਨਿਰਮਲੇ ਸੰਤ ਆਰਾਮ ਪੂਰਵਕ ਰਹਿੰਦੇ ਹਨ। ਫਿਰ ਵੀ ਭੇਖ ਦਾ ਆਪਣਾ ਵਿਦਿਆਲਯ ਨਾ ਹੋਣ ਕਰਕੇ ਨਿਰਮਲੇ ਸਾਧੂਆਂ ਨੂੰ ਪੜ੍ਹਨ ਸਮੇਂ ਅਨਗਮਤਾਵਲੰਬੀਆਂ ਕੋਲੋਂ ਤਰਕਾਂ ਸਹਿਣੀਆਂ ਪੈਂਦੀਆਂ ਸਨ। ਇਸ ਖ਼ਿਆਲ ਨੂੰ ਮੁਖ ਰੱਖਕੇ ਸੰਮਤ 1977 ਵਿਚ ਹਰਿਦੁਆਰ ਦੇ ਅਰਧ ਕੁੰਭ 'ਤੇ ਆਪ ਜੀ ਨੇ ਵਿਦਿਆਰਥੀ ਸੰਤਾਂ ਦੇ ਦੁਖੜੇ ਸੁਣਾ ਕੇ ਕਾਸ਼ੀ ਵਿਚ ਇਕ ਨਿਰਮਲ ਸੰਸਕ੍ਰਿਤ ਵਿਦਿਆਲਯ ਖੋਲਣ ਦਾ ਸਵਾਲ ਉਠਾਇਆ। ਆਪ ਜੀ ਦੇ ਇਸ

ਪਰਉਪਕਾਰ[1], ਨਿਮਰਤਾ ਅਤੇ ਨਿਸ਼ਕਾਮ ਸੇਵਾ ਨੂੰ ਦੇਖਦਿਆਂ ਹੋਇਆਂ ਸਭਨਾਂ ਨੇ ਆਪ ਜੀ ਦੇ ਸ਼ੁਭ ਸੰਕਲਪ ਦੀ ਪ੍ਰੌੜਤਾ ਕੀਤੀ। ਉਸ ਵੇਲੇ ਸੰਤਾਂ ਮਹੰਤਾਂ ਨੇ ਵਿਦਿਆਲਯ ਦੇ ਨਿਮਿਤ ਮਾਇਆ ਦੇ ਅਰਦਾਸੇ ਕਰਾਉਣੇ ਸ਼ੁਰੂ ਕਰ ਦਿਤੇ।

ਆਪ ਜੀ ਦਾ ਹਿਰਦੈ ਅਜਿਹਾ ਪ੍ਰਫੁਲਿਤ ਹੋਇਆ ਕਿ ਇਸ ਕਾਰਜ ਨੂੰ ਪੂਰਣ ਕਰਨ ਵਾਸਤੇ ਉਥੋਂ ਹੀ ਸਿਧਾ ਅੰਮ੍ਰਿਤਸਰ, ਲਾਹੌਰ, ਗੁਜਰਾਤ ਆਦਿ ਸ਼ਹਿਰਾਂ ਵਿਚ ਗਏ। ਸਾਰੀ ਸੰਗਤ ਨੇ ਆਪ ਜੀ ਦਾ ਸਤਿਕਾਰ ਕਰਦਿਆਂ ਨਕਦ ਮਾਇਆ ਭੇਟ ਕੀਤੀ ਅਤੇ ਅੱਗੇ ਵਾਸਤੇ ਸਲਾਨਾ ਚੰਦੇ ਵੀ ਲਿਖਵਾ ਦਿਤੇ। ਜਦੋਂ ਜਾਣਿਆ ਕਿ ਇਹ ਮਾਇਆ ਵਿਦਿਆਲਯ ਵਾਸਤੇ ਪਰਯਾਪਤ ਹੈ, ਤਦੋਂ ਆਪ ਜੀ ਨੇ ਸੰਮਤ 1977 ਬਿਕ੍ਰਮੀ ਚੈਤ੍ਰ ਵਦੀ 15 ਮੱਸਿਆ ਨੂੰ ਸ਼੍ਰੀ ਨਿਰਮਲ ਸੰਸਕ੍ਰਿਤ ਵਿਦਿਆਲਯ ਕਾਸ਼ੀ ਵਿਚ ਸਥਾਪਿਤ ਕਰ ਦਿਤਾ। ਸਮਾਂ ਪਾ ਕੇ ਇਸ ਵਿਦਿਆਲਯ ਦੀ ਕਾਸ਼ੀ ਦੇ ਸੰਸਕ੍ਰਿਤ ਵਿਦਿਆਲਿਆਂ ਵਿਚ ਵਿਸ਼ੇਸ਼ ਪ੍ਰਸਿਧੀ ਹੋ ਗਈ, ਕਿਉਂਕਿ ਇਸ ਵਿਚ ਸ਼ੁਰੂ ਤੋਂ ਲੈ ਕੇ ਅਜ ਤਕ ਕਈ ਸ਼ਾਸਤ੍ਰਾਰਥੀ ਅਤੇ ਸ਼ਾਸਤ੍ਰਾਂ ਦੇ ਗੂੜ ਰਹਸ੍ਯ ਨੂੰ ਪ੍ਰਤਿਪਾਦਨ ਕਰਨ ਵਾਲੇ ਵਿਦਵਾਨ ਪੰਡਿਤ ਪੜ੍ਹਾਉਂਦੇ ਰਹੇ ਯਥਾ:- ਪੰਡਿਤ ਕਾਲੀ ਪ੍ਰਸਾਦ ਮਿਸ਼ਰ ਆਦਿ। ਇਸ ਵਿਦਿਆਲਯ ਦੇ ਵਿਦਿਆਰਥੀਆਂ ਵਿਚੋਂ ਵੀ ਨਿਰਮਲ ਭੇਖ ਦੀਆਂ ਕਈ ਮਹਾਨ ਵਿਭੂਤੀਆਂ ਨਿਕਲੀਆਂ, ਜਿਨ੍ਹਾਂ ਨੇ ਦੇਸ਼ ਦੇ ਕੋਨੇ-ਕੋਨੇ ਤਕ ਬ੍ਰਹਮ-ਵਿਦਿਆ, ਕਥਾ-ਪ੍ਰਚਾਰ ਅਤੇ ਸ਼ਾਸਤ੍ਰਾਰਥਾਂ ਦੁਆਰਾ ਗੁਰਮਤਿ ਸਿਧਾਂਤ ਨੂੰ ਜਨ-ਜਨ ਤਕ ਪਹੁੰਚਾਇਆ।

ਇਸੇ ਤਰ੍ਹਾਂ ਪੰਡਿਤ ਈਸ਼ਰ ਸਿੰਘ ਜੀ ਕਾਸ਼ੀ ਵਾਲੇ, ਪੰਡਿਤ ਗੋਵਿੰਦ ਸਿੰਘ ਜੀ ਸਾਧੂ (ਗੰਡਾ ਸਿੰਘ), ਪੰਡਿਤ ਭਾਨ ਸਿੰਘ ਜੀ ਨਯਾਯ ਗੌਤਮ, ਸੁਆਮੀ ਸੰਤ ਸਿੰਘ ਜੀ, ਅੱਠਵੇਂ ਸ਼੍ਰੀ ਮਹੰਤ ਸੁਚਾ ਸਿੰਘ ਜੀ ਮਹਾਰਾਜ, ਨੌਵੇਂ ਸ਼੍ਰੀ ਮਹੰਤ ਪੰਡਿਤ ਬਲਵੀਰ ਸਿੰਘ ਜੀ ਸ਼ਾਸਤ੍ਰੀ, ਪੰਡਿਤ ਅਰਜਨ ਸਿੰਘ ਜੀ ਮੁਨੀ, ਕਵਿ ਹਰਿਭਜਨ ਸਿੰਘ ਜੀ, ਸ਼੍ਰੀਮਾਨ ਮਹੰਤ ਗੁਰਦੀਪ ਸਿੰਘ ਜੀ ਕੇਸਰੀ, ਪੰਜ ਸੁਵਰਨ ਪਦਕ ਵਿਜੇਤਾ ਪੀਐਚ. ਡੀ., ਡੀ. ਲਿਟ. ਡਾ. ਰਾਮਪਾਲ ਸਿੰਘ ਜੀ ਸ਼ਾਸਤ੍ਰੀ ਦਿਲੀ ਵਾਲੇ ਨਿਰਮਲ ਭੇਖ ਦੇ ਗੌਰਵਮਈ ਵਿਦਵਾਨ ਹਨ। ਇਨ੍ਹਾਂ ਵਿਚੋਂ ਕੁਝ ਮਹਾਪੁਰਖਾਂ ਨੇ ਕਈ ਅਮੋਲਕ ਗ੍ਰੰਥ ਵੀ ਪੰਥ ਦੀ ਝੋਲੀ ਪਾਏ, ਜਿਨ੍ਹਾਂ ਨੂੰ ਪੜ੍ਹ ਕੇ ਅਜ ਤਕ ਵਿਦਵਾਨ ਲੋਕ ਲਾਭਾਨਵਿਤ ਹੋ ਰਹੇ ਹਨ। ਇਨ੍ਹਾਂ ਵਿਚੋਂ ਪੰਡਿਤ ਈਸ਼ਰ ਸਿੰਘ ਜੀ ਕਾਸ਼ੀ ਵਾਲੇ ਬੜੇ ਪ੍ਰਤਿਭਾਸ਼ਾਲੀ, ਸ਼ਾਸਤ੍ਰਾਰਥੀ ਪੰਡਿਤ ਸਨ। ਆਪ ਜੀ ਦੀ ਸ਼ਾਸਤ੍ਰਾਰਥ ਕਰਨ ਦੀ ਸ਼ੈਲੀ, ਮੇਧਾਸ਼ਕਤੀ[2] ਅਪੂਰਵ ਅਤੇ ਵਿਲਕਸ਼ਣ ਸੀ। ਖਟ ਦਰਸ਼ਨ ਸਾਧੂ ਸਮਾਜ ਦੇ ਵਿਦ੍ਵਾਨ ਆਪ ਜੀ ਨੂੰ ਸ਼ਾਸਤ੍ਰਾਰਥ ਵਿਚ ਬੈਠਿਆਂ ਦੇਖ ਕੇ ਭੈ ਭੀਤ ਹੋ ਜਾਂਦੇ ਸਨ। ਆਪ ਜੀ ਨੇ ਪੂਰੇ ਭਾਰਤ ਵਿਚ ਵਿਚਰ ਕੇ ਸ਼ਾਸਤ੍ਰਾਰਥ ਦੁਆਰਾ ਵਿਦ੍ਵਾਨ ਵਰਗ ਵਿਚ ਗੁਰਮਤਿ ਸਿਧਾਂਤ ਰੂਪੀ ਸੁਗੰਧੀ ਨੂੰ ਬਿਖੇਰਿਆ। ਆਪ ਜੀ ਨੇ ਚਾਰ ਮਹਾਨ ਗ੍ਰੰਥਾਂ ਦੀ ਰਚਨਾ ਕੀਤੀ- 1. ਗੁਰਮਤਿ ਦਿਗ ਵਿਜਯ 2. ਬੁਧੀ ਬਾਰਧ 3. ਵਾਹਿਗੁਰੂ ਮੰਤ੍ਰਾਰਥ (ਸੰਸਕ੍ਰਿਤ, ਹਿੰਦੀ, ਪੰਜਾਬੀ) ੪. ਸ੍ਵੈ ਸ੍ਵਪਨ ਨਾਟਕ। ਪੰਡਿਤ ਗੋਬਿੰਦ ਸਿੰਘ ਜੀ ਨੇ- 1. ਨਯਾਯ ਸਿਧਾਂਤ ਮੁਕਤਾਵਲੀ ਦੀ ਹਿੰਦੀ ਟੀਕਾ 2. ਵੇਦਾਂਤ ਪਰਿਭਾਸ਼ਾ ਦੀ ਹਿੰਦੀ ਟੀਕਾ 3. ਵੈਰਾਗ ਸ਼ਤਕ ਉਪਰ ਟਿਪਣੀ 4. ਉਦਯੋਗ ਤਥਾ ਪ੍ਰਾਰਬਧ 5. ਇਤਿਹਾਸ ਗੁਰੂ ਖਾਲਸਾ (ਹਿੰਦੀ) ਆਦਿਕ ਗ੍ਰੰਥਾਂ ਦੀ ਰਚਨਾ ਕੀਤੀ। ਪੰਡਿਤ ਅਰਜੁਨ ਸਿੰਘ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਝ ਰਾਗ ਪ੍ਰਯੰਤ 'ਸ਼੍ਰੀ ਪ੍ਰੇਮ ਪ੍ਰਬੋਧਿਨੀ ਹਿੰਦੀ ਵਿਆਖਿਆ ਕੀਤੀ। ਸ਼੍ਰੀ ਮਹੰਤ ਪੰਡਿਤ ਬਲਬੀਰ ਸਿੰਘ ਸ਼ਾਸਤ੍ਰੀ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਰਥ ਦੀ ਹਿੰਦੀ ਟੀਕਾ ਕੀਤੀ। ਇਸ ਤਰ੍ਹਾਂ ਇਸ ਵਿਦਿਆਲੇ ਵਿਚੋਂ ਪੜ੍ਹੇ ਹੋਏ ਹੋਰ ਕਈ ਮਹਾਪੁਰਖਾਂ ਨੇ ਲੇਖਨੀ ਦੁਆਰਾ ਮਹਾਨ ਉਪਕਾਰ ਕੀਤਾ ਹੈ।

ਇਸ ਵਿਦਿਆਲਯ ਨੂੰ ਹੀ ਇਹ ਗੌਰਵ ਪ੍ਰਾਪਤ ਹੈ ਕਿ ਸਾਡੇ ਦੇਸ਼ ਦੇ ਦੂਸਰੇ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦੁਰ ਸ਼ਾਸਤ੍ਰੀ ਬਚਪਨ ਵਿਚ ਇਸ ਵਿਦਿਆਲਯ ਵਿਚ ਪੜ੍ਹਦੇ ਰਹੇ। ਉਸ ਤੋਂ ਵੀ ਅਤੀ ਗੌਰਵਤਾ ਹੈ ਕਿ ਸ਼੍ਰੀ ਪੰਚਾਇਤੀ ਅਖਾੜਾ ਨਿਰਮਲਾ ਦੇ ਵਰਤਮਾਨ ਸ਼੍ਰੀ ਮਹੰਤ ਪਰਮ ਪੂਜਯ ਸਰਵ ਸ਼ਾਸਤ੍ਰ ਨਿਸ਼ਣਾਤ ਸ਼੍ਰੀ ਮਾਨ 108 ਸ਼੍ਰੀ ਮਹੰਤ ਗਿਆਨਦੇਵ ਸਿੰਘ ਜੀ ਨੇ ਵੀ ਇਥੇ ਹੀ ਰਹਿ ਕੇ ਵਿਦਿਆ ਪ੍ਰਾਪਤ ਕੀਤੀ।

ਸ਼੍ਰੀਮਾਨ ਮਹੰਤ ਰਘੁਬੀਰ ਸਿੰਘ ਜੀ ਤੋਂ ਬਾਅਦ ਕਈ ਮਹਾਪੁਰਖਾਂ ਨੇ ਇਸ ਵਿਦਿਆਲਯ ਦੀ ਜਿਮੇਵਾਰੀ ਨਿਭਾਉਂਦਿਆਂ ਹੋਇਆਂ ਨਿਸ਼ਕਾਮ ਸੇਵਾ ਕੀਤੀ। ਜਿਵੇਂ ਕਿ ਸ਼੍ਰੀਮਾਨ ਮਹੰਤ ਗੋਪਾਲ ਸਿੰਘ ਜੀ, ਸ਼੍ਰੀਮਾਨ ਮਹੰਤ ਗੁਰਬਖਸ਼ ਸਿੰਘ

---

[1] परोपकाराय फलन्ति वृक्षाः परोपकाराय वहन्ति नद्यः।
परोपकाराय दुहन्ति गावः परोपकारार्थमिदं शरीरम्।। (सुभाषित)

[2] बुद्धिस्तात्कालिकीज्ञेया मतिरागामि गोचरा।
प्रज्ञा नवनवोन्मेष शालिनी प्रतिभां विदुः।। (भर्तृ हरि)

ਜੀ, ਸ਼੍ਰੀਮਾਨ ਮਹੰਤ ਗੁਰਦੀਪ ਸਿੰਘ ਜੀ ਕੇਸਰੀ ਅਤੇ ਉਨ੍ਹਾਂ ਦੇ ਸ਼ਿਸ਼ ਮਹਾਨ ਵਿਦਵਾਨ, ਵਿਨਮ੍ਰ, ਵਿਦਿਆਰਥੀਆਂ ਦੇ ਹਿਤਕਾਰੀ ਸ਼੍ਰੀਮਾਨ ਮਹੰਤ ਰਘੁਬੀਰ ਸਿੰਘ ਸ਼ਾਸਤ੍ਰੀ ਜੀ, ਜਿਨ੍ਹਾ ਨੇ ਕਾਫ਼ੀ ਸਮਾਂ ਜਿਮੇਵਾਰੀ ਨਿਭਾਉਂਦਿਆਂ ਹੋਇਆਂ ਕੁਝ ਸਮਾਂ ਪਹਿਲੇ 25-5-2007 ਨੂੰ ਵਿਦਿਆਲਯ ਸਹਿਤ ਇਹ ਆਸ਼੍ਰਮ ਸ਼੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ ਹਰਿਦੁਆਰ ਦੇ ਨਾਮ ਬਖਸ਼ੀਸ਼ ਨਾਮੇ ਵਜੋਂ ਲਿਖ ਦਿਤਾ। ਉਦੋਂ ਤੋਂ ਲੈ ਕੇ ਇਹ ਨਿਰਮਲ ਸੰਸਕ੍ਰਿਤ ਵਿਦਿਆਲਯ ਆਸ਼੍ਰਮ, ਸ਼੍ਰੀ ਪੰਚਾਇਤੀ ਅਖਾੜਾ ਨਿਰਮਲਾ ਦੇ ਪ੍ਰਬੰਧ ਹੇਠ ਬਹੁਤ ਸੁਚਾਰੂ ਰੂਪ ਨਾਲ ਚਲ ਰਿਹਾ ਹੈ। ਅਜਕਲ ਇਥੇ ਕਈ ਸਾਧੂ ਅਤੇ ਵਿਦਿਆਰਥੀ ਵਿਦਿਆ ਗ੍ਰਹਿਣ ਕਰ ਰਹੇ ਹਨ, ਜਿਨ੍ਹਾਂ ਦੇ ਭੋਜਨ ਤਥਾ ਨਿਵਾਸ ਆਦਿ ਦਾ ਸਾਰਾ ਪ੍ਰਬੰਧ ਨਿਰਮਲ ਅਖਾੜੇ ਵਲੋਂ ਕੀਤਾ ਜਾਂਦਾ ਹੈ।

**ਸੰਗਤ ਗਿਆਨ ਗੁਫਾ ਕਰਣ ਘੰਟਾ ਕਾਸ਼ੀ** : ਇਹ ਸੰਗਤ ਗਿਆਨ ਗੁਫਾ ਆਸ਼੍ਰਮ ਨਿਰਮਲ ਆਸ਼੍ਰਮ ਰਿਸ਼ੀਕੇਸ਼ ਦੀ ਸ਼ਾਖਾ ਹੈ। ਜਿਸ ਨੂੰ ਸੰਤ ਠਾਕੁਰ ਦਿਆਲ ਸਿੰਘ ਜੀ ਦੇ ਪੋਤੇ ਚੇਲੇ ਸ਼੍ਰੀ ਮਾਨ ਪੰਡਿਤ ਅਵਤਾਰ ਸਿੰਘ ਜੀ ਨੇ ਸੰਨ 1901 ਈ. ਵਿਚ ਬਣਵਾਇਆ, ਤਾਂ ਕਿ ਬਾਹਰੋਂ ਪੜ੍ਹਨ ਆਏ ਵਿਦਿਆਰਥੀਆਂ ਅਤੇ ਸਾਧੂਆਂ ਨੂੰ ਰਹਿਣ-ਸਹਿਣ ਦੀ ਕਠਿਨਾਈ ਨਾ ਹੋਵੇ। ਆਪ ਸ੍ਵਯੰ ਵਿਆਕਰਣ ਅਤੇ ਨਯਾਯ ਦੇ ਅਦੁਤੀਯ ਵਿਦਵਾਨ ਸਨ। ਆਪ ਜੀ ਦੇ ਪਾਸ ਰਹਿ ਕੇ ਬਹੁਤ ਸਾਧੂ ਅਤੇ ਵਿਦਿਆਰਥੀ ਵਿਦਿਆ ਪੜ੍ਹਦੇ ਰਹੇ। ਆਪ ਜੀ ਸੰਨ 1924 ਈ. ਵਿਚ ਸੰਗਤ ਗਿਆਨ ਗੁਫਾ ਆਸ਼੍ਰਮ ਸ਼੍ਰੀਮਾਨ ਸੰਤ ਬਾਬਾ ਬੁੱਢਾ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਦੇ ਸਪੁਰਦ ਕਰਕੇ ਬ੍ਰਹਮਲੀਨ ਹੋ ਗਏ। ਸੰਤ ਬਾਬਾ ਬੁੱਢਾ ਸਿੰਘ ਜੀ ਨੇ ਸੰਨ 1929 ਈ. ਵਿਚ ਨਾਲ ਲਗਦਾ ਮਕਾਨ ਖ਼ਰੀਦ ਕੇ ਆਸ਼੍ਰਮ ਨੂੰ ਹੋਰ ਵੀ ਵਿਸ਼ਾਲ ਰੂਪ ਦੇ ਦਿਤਾ। ਇਥੇ ਹੀ ਰਹਿ ਕੇ ਆਪ ਜੀ ਦੇ ਯੋਗਯ ਸ਼ਿਸ਼ ਸੰਤ ਬਾਬਾ ਬਲਵੰਤ ਸਿੰਘ ਜੀ ਗਿਆਨੀ ਪੜ੍ਹਦੇ ਰਹੇ, ਜੋ ਕਿ ਗੁਰਮਤਿ, ਭਾਸ਼ਾ ਅਤੇ ਸੰਸਕ੍ਰਿਤ ਦੇ ਅਪੂਰਵ ਗਿਆਤਾ ਸਨ। ਜਿਨ੍ਹਾਂ ਦੇ ਪਾਸ ਨਿਰਮਲ ਬਾਗ਼ ਆਸ਼੍ਰਮ ਹਰਿਦੁਆਰ ਵਿਚ ਰਹਿ ਕੇ ਪੰਥ ਰਤਨ ਉਪਾਧੀ ਨਾਲ ਵਿਭੂਸ਼ਿਤ ਸਿਖ ਪੰਥ ਦੇ ਮਹਾਨ ਵਿਦ੍ਵਾਨ ਸ਼੍ਰੀਮਾਨ ਗਿਆਨੀ ਸੰਤ ਸਿੰਘ ਜੀ ਮਸਕੀਨ ਵਿਦਿਆ ਪ੍ਰਾਪਤ ਕਰਦੇ ਰਹੇ। ਇਸ ਗਲ ਦਾ ਜ਼ਿਕਰ ਮਸਕੀਨ ਸਾਹਿਬ ਨੇ ਆਪਣੇ ਲੈਕਚਰਾਂ ਅਤੇ ਪੁਸਤਕਾਂ ਵਿਚ ਕੀਤਾ ਹੈ।

ਇਸੇ ਹੀ ਸ਼੍ਰਿੰਖਲਾ ਵਿਚ ਸ਼੍ਰੀਮਾਨ ਸੰਤ ਬਾਬਾ ਨਿੱਕਾ ਸਿੰਘ ਜੀ ਵਿਰੱਕਤ ਇਥੋਂ ਦੇ ਸੰਤ ਵਿਦਿਆਰਥੀਆਂ ਵਿਚੋਂ ਮਹਾਨ ਪੁਰਖ ਹੋਏ, ਜਿਨ੍ਹਾਂ ਨੇ ਸਾਰਾ ਜੀਵਨ ਵਿਰੱਕਤ ਰਹਿ ਕੇ ਸ਼ਾਸਤ੍ਰ-ਚਿੰਤਨ, ਵਿਦਿਆਦਾਨ, ਸਤਿਕਰਮ, ਪਰੋਪਕਾਰ ਅਤੇ ਨਾਮ ਸਿਮਰਨ ਦਾ ਉਪਦੇਸ਼ ਦੇ ਕੇ ਅਨੇਕਾਂ ਜਿਗਿਆਸੂਆਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਆਪ ਜੀ ਦਾ ਨਿਰਮਲ ਭੇਖ ਅਤੇ ਖਟ ਦਰਸ਼ਨ ਸਾਧੂ ਸਮਾਜ ਵਿਚ ਅਤੀ ਪ੍ਰਭਾਵ ਸੀ। ਇਸੇ ਤਰ੍ਹਾਂ ਸੰਤ ਅਰਜਨ ਸਿੰਘ ਭਿਖਸ਼ੂ, ਦੇਵਾ ਸਿੰਘ ਜੀ ਗਿਆਨੀ, ਸੰਤ ਕਿਸ਼ਨ ਸਿੰਘ ਜੀ ਸ਼ਾਸਤ੍ਰੀ, ਸੰਤ ਭਗਤ ਸਿੰਘ ਜੀ ਸ਼ਾਸਤ੍ਰੀ ਆਦਿ ਅਨੇਕਾਂ ਮਹਾਪੁਰਖਾਂ ਨੇ ਇਥੇ ਰਹਿ ਕੇ ਵਿਦਿਆ ਪ੍ਰਾਪਤ ਕੀਤੀ। ਵਰਤਮਾਨ ਵਿਚ ਸ਼੍ਰੀਮਾਨ ਮਹੰਤ ਰਾਮ ਸਿੰਘ ਜੀ ਅਤੇ ਸ਼੍ਰੀਮਾਨ ਸੰਤ ਜੋਧ ਸਿੰਘ ਜੀ ਨੇ ਨਿਰਮਲ ਆਸ਼੍ਰਮ ਵਲੋਂ ਅਨੇਕਾਂ ਸੇਵਾਵਾਂ ਦੇ ਨਾਲ-ਨਾਲ ਵਿਦਿਆ ਦੇ ਪ੍ਰਚਾਰ-ਪ੍ਰਸਾਰ ਨੂੰ ਮੁਖ ਰਖਦਿਆਂ ਇਸ ਸਥਾਨ ਦਾ ਵੀ ਜੀਰਣ ਉਧਾਰ ਕਰਵਾ ਕੇ ਆਏ ਗਏ ਅਤਿਥੀਆਂ ਅਤੇ ਸਾਧੂ-ਮਹਾਤਮਾ ਦੇ ਰਹਿਣ-ਸਹਿਣ ਵਾਸਤੇ ਮਹਾਨ ਉਪਰਾਲਾ ਕੀਤਾ ਹੈ।

**ਬ੍ਰਹਮ ਕੁਟੀ ਆਸ਼੍ਰਮ** : ਪੰਡਿਤ ਹਰਾ ਸਿੰਘ ਜੀ ਮਹਾਰਾਜ ਨਿਰਮਲ ਭੇਖ ਦੇ ਮਹਾਨ ਵਿਦਵਾਨ ਹੋਏ ਹਨ। ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰ ਇਤਿਹਾਸ, ਭਾਸ਼ਾ ਆਦਿ ਗ੍ਰੰਥਾਂ ਦੇ ਬੜੇ ਖੋਜੀ ਸਨ। ਆਪ ਜੀ ਆਪਣੇ ਗੁਰਦੇਵ ਸੰਤ ਰਤਨ ਸਿੰਘ ਜੀ ਅਟਾਰੀ ਵਾਲਿਆਂ ਦੀ ਆਗਿਆ ਅਨੁਸਾਰ ਸੰਸਕ੍ਰਿਤ ਵਿਦਿਆ ਪੜ੍ਹਨ ਵਾਸਤੇ ਕਾਸ਼ੀ ਆਏ। ਕਈ ਵਰ੍ਹੇ ਪੜ੍ਹ ਕੇ ਖਟ ਦਰਸ਼ਨੀ ਪੰਡਿਤ ਪ੍ਰਸਿੱਧ ਹੋਏ। ਪੂਰਬ ਦੇਸ਼ ਵਿਚ ਆਪ ਜੀ ਦੇ ਪ੍ਰਚਾਰ ਦਾ ਖ਼ਾਸਾ ਪ੍ਰਭਾਵ ਸੀ, ਜਿਸ ਕਰਕੇ ਆਪ ਜੀ ਦੇ ਸੇਵਕ ਬਾਬੂ ਰਾਮਧਾਰੀ ਸਹਾਇ ਕਲਕੱਤੇ ਵਾਲਿਆਂ ਨੇ ਕਾਸ਼ੀ ਵਿਚ ਮੀਰ ਘਾਟ ਦੇ ਸਮੀਪ ਇਕ ਸੁੰਦਰ ਸਥਾਨ ਬਣਵਾ ਦਿਤਾ, ਜੋ ਅਜ ਕਲ ਬ੍ਰਹਮ ਕੁਟੀ ਨਾਮ ਕਰਕੇ ਪ੍ਰਸਿੱਧ ਹੈ। ਇਥੇ ਰਹਿ ਕੇ ਉਨ੍ਹਾਂ ਅਨੇਕਾਂ ਬ੍ਰਾਹਮਣ, ਸਾਧੂ ਪੜ੍ਹਾਏ ਅਤੇ ਆਏ ਗਏ ਪੂਰਬੀ ਸੇਵਕਾਂ ਨੂੰ ਸਤਿਨਾਮ ਮੰਤ੍ਰ ਦਾ ਉਪਦੇਸ਼ ਦਿਤਾ। ਆਪ ਜੀ ਦੇ ਪ੍ਰੇਮੀਆਂ ਨੇ ਇਥੇ ਪੜ੍ਹਨ ਵਾਲੇ ਸਾਧੂ-ਸੰਤਾਂ ਵਾਸਤੇ ਅੰਨਛੇਤ੍ਰ ਵੀ ਸ਼ੁਰੂ ਕਰ ਦਿਤਾ। ਆਪ ਜੀ ਸਰੀਰ ਦੇ ਪੁਰਸ਼ਾਰਥੀ ਸਨ। ਇਕ ਵੇਰਾਂ ਆਪ ਜੀ ਨੂੰ ਸੰਕਲਪ ਫੁਰਿਆ ਕਿ ਜਿਸ ਤਰ੍ਹਾਂ ਪੁਰਾਣਾਂ ਦਾ ਪ੍ਰਚਾਰ ਕਰਨ ਲਈ ਵਿਦ੍ਵਾਨ ਲੋਕਾਂ ਨੇ ਮਹਾਭਾਰਤ, ਭਾਗਵਤ ਆਦਿ ਗ੍ਰੰਥ ਭਾਸ਼ਾ ਵਿਚ ਰਚੇ ਹਨ। ਉਸੇ ਤਰ੍ਹਾਂ ਸੂਰਜ ਪ੍ਰਕਾਸ਼ ਆਦਿ ਗੁਰ ਇਤਿਹਾਸ ਦਾ ਪੂਰਬ ਦੇਸ਼ ਦੇ ਵਿਦ੍ਵਾਨ ਪੰਡਿਤਾਂ ਵਿਚ ਪ੍ਰਸਾਰ-ਪ੍ਰਚਾਰ ਕਰਨ ਲਈ ਸੰਸਕ੍ਰਿਤ ਵਿਚ ਇਕ ਗ੍ਰੰਥ ਤਿਆਰ ਕਰਨਾ ਚਾਹੀਦਾ ਹੈ।

ਇਸ ਸੰਕਲਪ ਨੂੰ ਮੁਖ ਰੱਖਕੇ ਆਪ ਜੀ ਨੇ ਦਸਾਂ ਗੁਰੂਆਂ ਦਾ ਪਵਿਤ੍ਰ ਜੀਵਨ ਚਰਿਤ੍ਰ ਇੰਦ੍ਰਵਜ੍ਰਾ, ਅਨੁਸ਼ਟੁਪ ਆਦਿ ਛੰਦਾਂ ਦੁਆਰਾ ਸੰਸਕ੍ਰਿਤ ਗ੍ਰੰਥ ਦੇ ਰੂਪ ਵਿਚ ਲਿਪੀ-ਬਧ ਕੀਤਾ, ਜਿਸ ਦਾ ਨਾਮ 'ਗੁਰੁਸਿਧਾਂਤ ਪਾਰਿਜਾਤ' ਹੈ, ਜੋ ਸੰਮਤ 1941 ਨੂੰ ਸ਼ਿਵਰਾਤ੍ਰੀ ਵਾਲੇ ਦਿਨ ਸੰਪੂਰਨ ਹੋਇਆ। ਇਹ ਆਪ ਜੀ ਦੀ ਸੰਸਕ੍ਰਿਤ ਸਾਹਿਤਯ ਨੂੰ ਦੇਣ ਹੈ। ਜਿਸ ਵਿਚ ਸੰਛੇਪ ਸ਼ਬਦਾਂ ਦੁਆਰਾ ਸਤਿਗੁਰਾਂ ਦੇ ਸੰਪੂਰਣ ਜੀਵਨ ਚਰਿਤ੍ਰ ਦਾ ਵਰਣਨ ਕਰਕੇ ਮਾਨੋ ਗਾਗਰ ਵਿਚ ਸਾਗਰ ਹੀ ਭਰ ਦਿਤਾ। ਇਸ ਦੇ ਮੰਗਲਾ ਚਰਣ ਤੋਂ ਅਨੰਤਰ, ਆਰੰਭ ਵਾਲੇ ਕੁਛ ਸਲੋਕਾਂ ਦੀ ਵਿਆਖਿਆ ਇਥੇ ਕਰਦੇ ਹਾਂ-

ਮੂਲ :

**मद्रदेशे महापुण्ये तलवण्डीति नामिका। नगरी सत्समाक्रान्ता पुण्याण्यसमावृता।।२।।**

**तत्र क्षत्रकुले पुण्ये जात: कल्याणनामक:। तस्य भार्या सुशीलासीत् सती तृप्तेति नामिका।।३।।**

**शास्त्राक्षिवाणराकेशसंख्याते शुभवत्सरे। रवौ मेषे तृतीयायां सितेपक्षे शुभेदि्ने।।४।।**

**रात्रेयामे चतुर्थेतु तस्यां जातोमहाशय:। गुरु नानकरुपेण कलिदोषापहोहरि:।।५।।**

ਵਿਆਖਿਆ- ਮਹਾਨ ਪਵਿਤ੍ਰ ਪੰਜਾਬ ਦੇਸ਼ ਵਿਚ ਬਗੀਚਿਆਂ ਦੇ ਦੁਆਰਾ ਘਿਰੀ ਹੋਈ ਤਲਵੰਡੀ ਨਾਮਕ ਇਕ ਨਗਰੀ ਹੈ।੨। ਉਸ ਨਗਰੀ ਅੰਦਰ ਪਵਿਤ੍ਰ ਛਤ੍ਰੀ ਕੁਲ (ਬੇਦੀ ਕੁਲ) ਵਿਚ ਕਲਯਾਣ ਦਾਸ ਨਾਮ ਵਾਲੇ ਇਕ ਛਤ੍ਰੀ ਸਨ। ਉਨ੍ਹਾਂ ਦੀ ਪਤਨੀ ਤ੍ਰਿਪਤਾ ਜੀ ਪਤਿਬ੍ਰਤ ਧਰਮ ਯੁਕਤ ਬੜੇ ਸੁਸ਼ੀਲ ਸੁਭਾ ਵਾਲੀ ਸੀ।੩। ਸੁਭ ਸੰਮਤ 1526 ਬਿਕ੍ਰਮੀ ਜਿਸ ਸਮੇਂ ਸੂਰਜ ਮੇਸ਼ ਰਾਸ਼ੀ ਵਿਚ ਸ਼ੁਕਲ ਪੱਖ ਸ਼ੁਭ ਦਿਨ ਨੂੰ ਰਾਤ ਦੇ ਚੌਥੇ ਪਹਿਰ ਅੰਮ੍ਰਿਤ ਵੇਲੇ ਕਲਯੁਗ ਦੇ ਦੋਸ਼ਾਂ ਨੂੰ ਨਾਸ ਕਰਨ ਵਾਸਤੇ ਪਰਮਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਗਟ ਹੋਇ।੪।੫।

ਇਸ ਤਰ੍ਹਾਂ ਆਪ ਜੀ ਨੇ ਪ੍ਰੇਮ ਯੁਕਤ ਅਤੇ ਵਿਦਵਤਾ ਭਰੇ ਸ਼ਬਦਾਂ ਦੁਆਰਾ ਇਹ ਗੁਰ ਇਤਿਹਾਸ ਰੂਪੀ ਅਮੋਲਕ ਖ਼ਜ਼ਾਨਾ ਤਿਆਰ ਕਰਕੇ ਵਿਦ੍ਵਾਨ ਵਰਗ ਤਕ ਪਹੁੰਚਾਇਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਦੇਸ਼ ਨੂੰ ਸਾਕਾਰ ਕਰਨ ਦਾ ਮਹਾਨ ਯਤਨ ਕੀਤਾ।

**ਉਪਸੰਹਾਰ-** ਕਾਸ਼ੀ ਦੀ ਨਿਰਮਲ ਪ੍ਰੰਪਰਾ ਦਾ ਇਹ ਗੌਰਵਮਈ ਇਤਿਹਾਸ ਨਿਰਮਲ ਸੰਪ੍ਰਦਾਯ ਤਥਾ ਸਿਖ ਸਮਾਜ ਲਈ ਇਕ ਪ੍ਰੇਰਣਾ ਸ੍ਰੋਤ ਹੈ। ਜੋ ਕੌਮਾਂ ਅਤੇ ਸੰਪ੍ਰਦਾਵਾਂ ਆਪਣੇ ਪੂਰਵਜਾਂ ਪਾਸੋਂ ਮਿਲੀ ਹੋਈ ਵਿਰਾਸਤ ਅਤੇ ਇਤਿਹਾਸ ਦੀ ਮਹਿਮਾ ਨੂੰ ਨਾ ਜਾਣ ਕੇ ਭੁੱਲ ਜਾਇਆ ਕਰਦੀਆਂ ਹਨ, ਉਹ ਹੌਲੀ-ਹੌਲੀ ਕੁਝ ਸਮਾਂ ਪਾ ਕੇ ਪਤਨ ਦਾ ਸ਼ਿਕਾਰ ਹੋ ਜਾਇਆ ਕਰਦੀਆਂ ਹਨ। ਇਸੇ ਤਰ੍ਹਾਂ ਵਰਤਮਾਨ ਸਮੇਂ ਦੀ ਪਰਿਸਥਿਤੀ ਨੂੰ ਦੇਖਦੇ ਹੋਏ ਐਸਾ ਮਹਿਸੂਸ ਹੁੰਦਾ ਹੈ ਕਿ ਜੇਕਰ ਅਸੀਂ ਸਾਰੇ ਆਪਣੇ ਗੁਰੂ ਜਨਾਂ ਅਤੇ ਤਤ੍ਵੇਤਾ ਮਹਾਪੁਰਖਾਂ ਵੱਲੋਂ ਚਲਾਈਆਂ ਹੋਈਆਂ ਬ੍ਰਹਮ ਵਿਦਿਆ ਦੇ ਪਠਨ-ਪਾਠਨ, ਸਾਹਿਤਿਯਕ ਰਚਨਾ ਅਤੇ ਪ੍ਰਚਾਰ-ਪ੍ਰਸਾਰ ਦੀਆਂ ਇਨ੍ਹਾਂ ਪ੍ਰੰਪਰਾਵਾਂ ਦੇ ਨਿਰੰਤਰ ਨਿਰਵਾਹ ਵੱਲੋਂ ਏਸੇ ਤਰ੍ਹਾਂ ਪ੍ਰਮਾਦ ਗ੍ਰਸਤ ਰਹੇ ਯਾਨੀ ਉਨ੍ਹਾਂ ਦੇ ਪੁਨਰ ਉਥਾਨ ਲਈ ਜਾਗ੍ਰਿਤ ਨਾ ਹੋਏ ਤਾਂ ਇਹ ਕੇਵਲ ਕਹਾਣੀਆਂ ਬਣ ਕੇ ਹੀ ਰਹਿ ਜਾਣਗੀਆਂ ਅਤੇ ਇਹ ਕਰਾਏ ਹੋਏ ਸੈਮੀਨਾਰ ਵੀ ਕੇਵਲ ਸ਼੍ਰਮ ਮਾਤਰ ਹੀ ਹੋਣਗੇ। ਇਸ ਕਰਕੇ ਦਾਸਾਂ ਦੀ ਸਾਰੇ ਪੂਜਯ ਮਹਾਪੁਰਖਾਂ ਅਤੇ ਵਿਦ੍ਵਤ ਸੱਜਣਾਂ ਨੂੰ ਪ੍ਰਾਰਥਨਾ ਹੈ ਕਿ ਆਪਾਂ ਸਾਰੇ ਮਿਲ ਕੇ ਉਨ੍ਹਾਂ ਮਹਾਨੁਭਾਵਾਂ ਦੇ ਇਸ ਵਿਰਸੇ ਨੂੰ ਸੰਭਾਲਣ ਦਾ ਯਤਨ ਕਰੀਏ। ਜਿਸ ਕਰਕੇ ਉਨ੍ਹਾਂ ਦੀ ਪ੍ਰਸੰਨਤਾ ਦੇ ਪਾਤ੍ਰ ਬਣ ਸਕੀਏ। ਸਤਿਗੁਰਾਂ ਦੇ ਆਸ਼ੀਰਵਾਦ ਸਦਕਾ ਕਾਸ਼ੀ ਦੀ ਨਿਰਮਲ ਪ੍ਰੰਪਰਾ ਦਾ ਇਹ ਇਤਿਹਾਸ ਅਸੀਂ ਸ੍ਵਲਪ ਸ਼ਬਦਾਂ ਦੁਆਰਾ ਲਿਖਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ। ਆਸ਼ਾ ਕਰਦੇ ਹਾਂ ਕਿ ਸਾਰੇ ਮਹਾਪੁਰਖ ਅਤੇ ਵਿਦਵਤ ਸੱਜਣ ਸਾਡੀਆਂ ਤਰੁਟੀਆਂ ਨੂੰ ਨਾ ਦੇਖਦੇ ਹੋਏ ਆਸੀਸ ਪ੍ਰਦਾਨ ਕਰਨਗੇ।

# ਨਿਰਮਲ ਭੇਖ ਤਥਾ ਨਿਰਮਲੇ ਸੰਤਾਂ ਦਾ ਸਮਾਜ ਨੂੰ ਸਰਵ ਪੱਖੀ ਯੋਗਦਾਨ

*ਸੰਤ ਦਰਸ਼ਨ ਸਿੰਘ ਸ਼ਾਸਤ੍ਰੀ*
*ਸੰਤ ਸਤਨਾਮ ਸਿੰਘ ਸ਼ਾਸਤ੍ਰੀ*
*ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ**

ੴ ਸਾਰੀਆਂ ਸੰਪ੍ਰਦਾਵਾਂ ਦਾ ਮੂਲ ਹੈ "ਓਅੰਕਾਰ ਆਦਿ ਮੈ ਜਾਨਾ"[1] "एक एव पुरा वेद: प्रणव: सर्ववाङ्मय:"[2] ਬ੍ਰਹਮਾ ਜੀ ਦੇ ਮੁਖ ਤੋਂ ਸਭ ਤੋਂ ਪਹਿਲਾਂ ਓਅੰਕਾਰ ਸ਼ਬਦ ਨਿਕਲਿਆ "ओंकारश्चाथ शब्दश्च द्वावेतौ ब्रह्मण: पुरा"[3] ਓਅੰਕਾਰ ਗਿਆਨ ਸਰੂਪ ਹੈ, ਓਅੰਕਾਰ ਦੇ ਵਿਚ ਹੀ ਸੰਪੂਰਣ ਵੇਦਾਂ, ਸ਼ਾਸਤਰਾਂ, ਸਮ੍ਰਿਤੀਆਂ ਅਤੇ ਗੁਰਬਾਣੀ ਆਦਿ ਦਾ ਗੂੜ ਰਹਸਯ ਛਿਪਿਆ ਹੋਇਆ ਹੈ। ਉਸ ਗਿਆਨ ਰੂਪ ਗੂੜ ਤਤ੍ਵ ਦਾ ਅਨੁਭਵ ਕਰਕੇ ਵੇਦ ਵਿਆਸ ਜੀ ਨੇ ਉਹ ਗੁਪਤ ਗਿਆਨ ਸਭ ਤੋਂ ਪਹਿਲਾਂ ਆਪਣੇ ਚਾਰ ਚੇਲਿਆਂ ਨੂੰ ਚਾਰ ਵੇਦਾਂ ਦੇ ਰੂਪ ਵਿਚ ਦਿੱਤਾ।

੧. ਰਿਗਵੇਦ ਦਾ ਗਿਆਨ ਪਾਇਲ ਨੂੰ
੨. ਯਜੁਰਵੇਦ ਦਾ ਗਿਆਨ ਵੈਸ਼ੰਪਾਇਨ ਨੂੰ
੩. ਸਾਮਵੇਦ ਦਾ ਗਿਆਨ ਜੈਮਿਨੀ ਨੂੰ
੪. ਅਥਰਵਵੇਦ ਦਾ ਗਿਆਨ ਦਾਰੁਣ ਸੁਮੰਤੂ ਨੂੰ

**ਯਥਾ- ਓਅੰਕਾਰਿ ਬੇਦ ਨਿਰਮਏ॥**[4]

ਉਸ ਵੇਦ ਰੂਪ ਗੂੜ ਰਹਸਯ ਦੀ ਵੈਦਿਕ ਪ੍ਰੰਪਰਾ ਚਾਰ ਵੇਦਾਂ ਦੇ ਰੂਪ ਵਿਚ ਪ੍ਰਵਾਹਿਤ ਹੁੰਦੀ ਰਹੀ ਉਸ ਗੂੜ ਤਤ੍ਵ ਨੂੰ ਸਮਝਣਾ ਸਭ ਦੇ ਵਾਸਤੇ ਸਰਲ ਨਹੀਂ ਸੀ। ਇਸ ਕਾਰਨ ਵੇਦ ਵਿਆਸ ਜੀ ਨੇ ਚਾਰ ਉਪਵੇਦਾਂ ਦੀ ਰਚਨਾ ਕੀਤੀ।[5] ਪ੍ਰੰਤੂ ਸ਼ਰਧਾਲੂਆਂ ਦੀ ਸ਼ਰਧਾ ਨਿਰਗੁਣ ਅਤੇ ਸਰਗੁਣ ਰੂਪ ਵਿਚ ਵੱਖਰੀ-ਵੱਖਰੀ ਹੋਣ ਕਰਕੇ, ਨਿਰਗੁਣ ਅਤੇ ਸਰਗੁਣ ਸੰਪ੍ਰਦਾਵਾਂ ਦੀ ਉਤਪਤੀ ਹੋਈ। ਨਿਰਗੁਣ ਸੰਪ੍ਰਦਾਯ ਦੀ ਵਿਚਾਰਧਾਰਾ ਵੇਦਾਂਤ ਦੇ ਰੂਪ ਵਿਚ ਪ੍ਰਚਲਿਤ ਹੋਈ ਅਤੇ ਸਰਗੁਣ ਸੰਪ੍ਰਦਾਯ ਦੀ ਵਿਚਾਰਧਾਰਾ ਵੱਖਰੀ-ਵੱਖਰੀ ਸ਼ੈਵ, ਸ਼ਾਕਤ ਅਤੇ ਵੈਸ਼ਣਵ ਆਦਿ ਦੇ ਰੂਪ ਵਿਚ ਪ੍ਰਚਲਿਤ ਹੋਈ। ਸਰਗੁਣ ਵਿਚਾਰਧਾਰਾ ਨੂੰ ਮੁਖ ਰੱਖਕੇ ਵੇਦ ਵਿਆਸ ਜੀ ਨੇ ਉਸ ਓਅੰਕਾਰ ਰੂਪ ਗੂੜ ਤਤ੍ਵ ਦੀ ਸਰਗੁਣ ਵਿਆਖਿਆ ਅਤੇ ਉਪਾਸਨਾ ਨੂੰ ਅਤੀ ਸਰਲ ਰੂਪ ਵਿਚ ਸਮਝਾਉਣ ਵਾਸਤੇ 'ਅਠਾਰਾਂ ਪੁਰਾਣਾਂ'[6] ਦੀ ਰਚਨਾ ਕੀਤੀ ਉਸ ਪੌਰਾਣਿਕ ਕਰਮ-ਕਾਂਡ ਨੂੰ ਸ਼ਾਸਤ੍ਰ ਸੰਮਤ ਵਿਧੀ

---

* ਸ਼੍ਰੀ ਪੰਚਾਇਤੀ ਅਖਾੜਾ ਨਿਰਮਲਾ, ਸੀ/ਕੇ 13/12 ਸੱਤੀ ਚੌਂਤਰਾ, ਕਾਸ਼ੀ (ਵਾਰਾਣਸੀ)। ਫੋਨ ਨੰ. 0542-2400366

[1] ओमित्येतदक्षरमिदं सर्वं तस्योपव्याख्यानं भूतं भवद्भविष्यदिति सर्वमोङ्कार एव।
यच्चान्यत्त्रिकालातीतं तदोप्योंकार एव।।१।। (माडुक्य उप. नि., आ. प्र.)
सर्वे वेदा यत् पदमामनन्ति तपांसि सर्वाणि यद्वदन्ति।।
यंदिच्छन्तो ब्रह्मचर्यं चरन्ति तत्ते पदं संग्रहेण ब्रवीम्योमित्येतत् (कठोपनिषद्, 1-15)
ਓਅੰਕਾਰ ਆਦਿ ਮੈ ਜਾਨਾ॥ ਲਿਖਿ ਅਰੁ ਮੇਟੈ ਤਾਹਿ ਨ ਮਾਨਾ॥
ਓਅੰਕਾਰ ਲਖੈ ਜਉ ਕੋਈ॥ ਸੋਈ ਲਖਿ ਮੇਟਣਾ ਨ ਹੋਈ ॥੬॥ (ਸ੍ਰੀ. ਗੁ. ਗ੍ਰੰ. ਸਾ., ਪੰਨਾ 340)

[2] श्रीमद्भागवत, 1-14-47

[3] ओंकारश्चाथ शब्दश्च द्वावेतौ ब्रह्मण: पुरा।
कण्ठं भित्वा विनिर्यातौ तस्मान्माङ्गलिकावुभौ।। (नारद पुराण, 51-10)

[4] ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥
ਓਅੰਕਾਰਿ ਸੈਲ ਜੁਗ ਭਏ॥ ਓਅੰਕਾਰਿ ਬੇਦ ਨਿਰਮਏ॥ (ਸ੍ਰੀ. ਗੁ. ਗ੍ਰੰ. ਸਾ., ਪੰਨਾ 929)

[5] आयुर्वेद, धनुर्वेद, गान्धर्वेद, अर्थवेद

[6] मद्वयं भद्वयं चैव ब्रत्रयं वचतुष्टयम्, अनापलिङ्गकूस्कानि पुराणानि प्रचक्षते।
(1) मत्स्य (2) मार्कण्डेय (3) भविष्य (4) भागवत (5) ब्रह्माण्ड (6) ब्रह्मवैवर्त (7) ब्रह्मा (8) वामन (9) वाराह (10) विष्णु (11) वायु (शिव्) (12) अग्नि (13) नारद (14) पद्म (15) लिंग (16) गरुड (17) कूर्म (18) सुकन्द

ਨਾਲ ਸੰਪਾਦਨ ਕਰਨ ਲਈ ਸਮ੍ਰਿਤੀਆਂ ਦੀ ਰਚਨਾ ਹੋਈ। ਵੇਦਾਂ ਸ਼ਾਸਤ੍ਰਾਂ, ਪੁਰਾਣਾਂ ਅਤੇ ਸਮ੍ਰਿਤੀਆਂ ਦੇ ਆਧਾਰ 'ਤੇ ਪ੍ਰੰਪਰਾਵਾਂ ਦੀ ਵਿਚਾਰਧਾਰਾ ਭਿੰਨ-ਭਿੰਨ ਹੋਣ ਕਰਕੇ ਵਿਭਿੰਨ ਸੰਪ੍ਰਦਾਵਾਂ ਪ੍ਰਚਲਿਤ ਹੋਈਆਂ।

ਸਾਰੀਆਂ ਸੰਪ੍ਰਦਾਵਾਂ ਦੇ ਵਿਦ੍ਵਾਨ ਆਪਣੇ-ਆਪਣੇ ਅਨੁਭਵ ਅਨੁਸਾਰ ਉਸ ਓਅੰਕਾਰ ਤਤ੍ਵ ਦਾ ਹੀ ਪ੍ਰਤਿਪਾਦਨ ਕਰਦੇ ਹਨ ਕਿਉਂਕਿ ਅਨੁਭਵ ਹਰ ਇਕ ਦਾ ਭਿੰਨ-ਭਿੰਨ ਹੈ 'ਏਕੰ ਸਦ੍ਵਿਪ੍ਰਾ ਬਹੁਧਾ ਵਦਨ੍ਤਿ'[1] 'ਆਪੁ ਆਪੁਨੀ ਬੁਧਿ ਹੈ ਜੇਤੀ॥ ਬਰਨਤ ਭਿੰਨ ਭਿੰਨ ਤੁਹਿ ਤੇਤੀ॥'[2] ਉਸੇ ਓਅੰਕਾਰ ਰੂਪ ਸ਼ੁੱਧ ਅਦ੍ਵੈਤ ਤਤ੍ਵ ਦਾ ਹੀ ਪ੍ਰਤਿਪਾਦਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਰੂਪ ਵਿਚ ਕੀਤਾ ਅਤੇ ਓਸੇ ਹੀ ਅਦ੍ਵੈਤ ਪਾਰਮਾਰਥਿਕ ਤਤ੍ਵ ਦ੍ਵਾਰਾ ਤਪਦੀ ਹੋਈ ਲੋਕਾਈ ਨੂੰ ਸ਼ਾਂਤ ਕਰਨ ਵਾਸਤੇ ਸੰਸਾਰ ਦੀਆਂ ਚਾਰ ਮਹਾਨ ਯਾਤ੍ਰਾਵਾਂ ਕੀਤੀਆਂ ਜੋ ਚਾਰ ਉਦਾਸੀਆਂ ਦੇ ਨਾਮ ਨਾਲ ਪ੍ਰਸਿੱਧ ਹਨ।

ਸਿੱਖ ਇਤਿਹਾਸ ਵਿਚ ਜ਼ਿਕਰ ਆਇਆ ਹੈ ਕਿ ਭਾਦ੍ਰੋਂ ਸੁਦੀ 13 ਸੰਮਤ 1564 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੁਲਤਾਨਪੁਰ ਲੋਧੀ ਇਸ਼ਨਾਨ ਕਰਨ ਸਮੇਂ ਕਾਲੀ ਵੇਈਂ ਨਦੀ ਵਿਚ ਪ੍ਰਵੇਸ਼ ਹੋ ਕੇ ਸਚਖੰਡ ਪਹੁੰਚੇ ਅਤੇ ਨਿਰੰਕਾਰ ਦੇ ਦਰ 'ਤੇ 'ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ' ਵਾਲਾ ਸ਼ਬਦ ਉਚਾਰਣ ਕਰਕੇ ਨਿਰੰਕਾਰ ਦੀ ਉਸਤਤੀ ਕੀਤੀ। ਨਿਰੰਕਾਰ ਨੇ ਪ੍ਰਸੰਨ ਹੋ ਕੇ ਸੰਸਾਰ ਦੇ ਕਲਿਆਣ ਵਾਸਤੇ 'ਮੂਲ ਮੰਤ੍ਰ' ਦਾ ਉਪਦੇਸ਼ ਅਤੇ ਨਿਰਮਲ ਭੇਖ 'ਬਖਸ਼ਿਸ਼'[3] ਕਰਕੇ ਵਾਪਸ ਭੇਜਿਆ।

ਸਤਿਗੁਰੂ ਜੀ ਵੇਈਂ ਨਦੀ ਵਿਚੋਂ 'ਸੰਤ ਘਾਟ' ਵਾਲੇ ਸਥਾਨ 'ਤੇ ਜਿਸ ਸਮੇਂ ਬਾਹਰ ਨਿਕਲੇ ਉਸ ਸਮੇਂ ਭਾਈ ਭਗੀਰਥ ਜੋ ਕਿ ਸਤਿਗੁਰੂ ਜੀ ਦੇ ਵਸਤ੍ਰ ਲੈ ਕੇ ਤਿੰਨ ਦਿਨ ਤੋਂ ਅਡੋਲ ਨਿਸ਼ਚਯ ਧਾਰਣ ਕਰਕੇ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਖੜਾ ਸੀ, ਚਰਣਾਂ 'ਤੇ ਢਹਿ ਪਿਆ। ਸਤਿਗੁਰੂ ਜੀ ਨੇ ਉਸ ਦੇ ਪ੍ਰੇਮ, ਸ਼੍ਰਧਾ ਅਤੇ ਭਗਤੀ ਤੋਂ ਪ੍ਰਸੰਨ ਹੋ ਕੇ ਮੂਲ ਮੰਤ੍ਰ ਦਾ ਉਪਦੇਸ਼ ਅਤੇ ਨਿਰਮਲ ਭੇਖ ਬਖਸ਼ਿਸ਼ ਕੀਤਾ ਅਤੇ ਕਿਹਾ ਕਿ ਇਹ ਅਕਾਲ ਪੁਰਖ ਦੀ ਅਮੋਲਕ ਦਾਤ ਹੈ ਜੋ ਸਾਨੂੰ ਪ੍ਰਾਪਤ ਹੋਈ ਹੈ, ਸਭ ਤੋਂ ਪਹਿਲਾਂ ਅਸੀਂ ਤੈਨੂੰ ਦੇ ਰਹੇ ਹਾਂ ਇਸ ਮੰਤ੍ਰ ਦਾ ਅਭਿਆਸ ਕਰੋ ਅਤੇ ਸੰਸਾਰ ਦੀ ਮਨੁੱਖਤਾ ਤੋਂ ਕਰਵਾਓ। ਇਸ ਪ੍ਰਕਾਰ ਇਸ ਨਿਰਮਲ ਭੇਖ 'ਤੇ ਮੂਲ ਮੰਤ੍ਰ ਦੀ ਬਖਸ਼ਿਸ਼ ਦੇ ਪ੍ਰਥਮ ਪਾਤ੍ਰ ਭਾਈ ਭਗੀਰਥ ਜੀ ਬਣੇ। ਉਨ੍ਹਾਂ ਨੇ ਸਤਿਗੁਰੂ ਜੀ ਦੀ ਉਸਤਤੀ ਵਿਚ ਇਕ 'ਵਾਰ' ਵੀ ਉਚਾਰੀ ਹੈ-

**ਬਾਬਾ ਵੇਈਂ ਨਾਇ ਕੇ ਸਚਖੰਡ ਮੈਂ ਪਹੁਤਾ ਜਾਈ॥**
**ਵਿਸ਼ਨਦੇਵ ਖੁਸ਼ ਹੋਇ ਕੈ ਗੁਰਮੰਤ੍ਰ ਦੇ ਕਲਾ ਵਖਾਈ॥**[4]

'ਨਾਨਕ ਪ੍ਰਕਾਸ਼' ਵਿਚ ਕਵਿ ਸੰਤੋਖ ਸਿੰਘ ਜੀ ਨੇ ਵੀ ਸਤਿਗੁਰੂ ਜੀ ਦਾ ਭੇਖ ਸਿਰ 'ਤੇ ਦੋ ਗ਼ਜ਼ ਦਾ ਪਰਨਾ, ਗਲ ਵਿਚ ਕਫ਼ਨੀ, ਕੌਪੀਨ ਉਪਰ ਭਗਵਾਂ ਚਾਦਰਾ (ਗਾਤੀ) ਇਸ ਤਰ੍ਹਾਂ ਦਾ ਵਰਣਨ ਕਈ ਜਗਹ ਕੀਤਾ ਹੈ, ਯਥਾ-

**ਸਿਰ ਪਰ ਨੁਕਤਾ ਯੁਗਲ ਗਜ, ਗਲ ਕਫ਼ਨੀ ਵਰ ਚੀਰ॥**
**ਸੰਬਯਾਨਾ 'ਭਗਵਾਂ' ਸਜੇ ਧਾਰਿਓ ਭੇਖ ਸਰੀਰ॥**[5]

---

[1] ऋगवेद्
अनुभवाश्रितं शास्त्रमनुभवश्च पृथक-पृथक।
तस्माच्छात्रं प्रमाणं न सत्यांशस्तत्र केवल:।। (संतोष गीता)

[2] ਚੌਪਈ ਸਾਹਿਬ ਪਾ: ੧੦

[3] ਪਹਿਲਾ ਬਾਬੇ ਪਾਇਆ ਬਖਸ ਦਰ ਪਿਛੋ ਦੇ ਫਿਰ ਘਾਲ ਕਮਾਈ॥ (*ਵਾਰਾਂ ਭਾਈ ਗੁਰਦਾਸ,* ਵਾਰ 1, ਪਉੜੀ 24.)

[4] ਬਾਬਾ ਵੇਂਈ ਨਾਇ ਕੇ, ਸਚਖੰਡ ਮੈ ਪਹੁਤਾ ਜਾਈ। ਵਿਸ਼ਨਦੇਵ ਖੁਸ਼ ਹੋਏ ਕੈ, ਗੁਰ ਮੰਤ੍ਰ ਦੇ ਕਲਾ ਵਖਾਈ।
ਹਥ ਕਮੰਡਲ ਮਾਲ ਗਲ, ਆਸਨ ਆਸਾ ਪਊਏ ਦਾਈ। ਟੋਪੀ ਚੋਲਾ ਬਰਣ ਨੇ ਭੇਟਾ ਦੇ ਗਲ ਸੇਲੀ ਪਾਈ।
ਵੇਂਈ ਵਿਚੋਂ ਨਿਕਲੇ ਤਨ ਪਰ ਭਗਵੈ ਬਸਨ ਸੁਹਾਈ। ਬੈਠੇ ਕਬਰ ਸਥਾਨ ਮੈ ਦਰਸ਼ਨ ਕੋ ਉਮਡੀ ਲੋਕਾਈ।
ਵਾਹਿਗੁਰੂ ਸਤਿਨਾਮ ਦੇ ਚਾਰਿ ਵੇਦ ਕੋ ਸਾਰ ਬਤਾਈ। ਨਿਰਮਲ ਪੰਥ ਚਲਾਇਓ ਏਕ ਵਿਵੇਕ ਭਗਤਿ ਦ੍ਰਿੜਾਈ। (ਵਾਰ ਭਗੀਰਥੀ, ਪਉੜੀ 33)

[5] *ਨਾਨਕ ਪ੍ਰਕਾਸ਼,* ਅਧਿਯਾਜ 33
ਦੋਹਰਾ- ਬੇਖ ਗੁਰੂ ਕੋ ਦੇਖ ਕਰ ਪਿਤ ਵਿਸੇਖ ਰਿਸ ਮਾਨ।
ਕਟ ਕੁਪੀਨ ਇਕ ਨੁਕਤ ਸਿਰ ਦੋ ਭਗਵੇਂ ਸੰਬਜਾਨ। (*ਨਾਨਕ ਪ੍ਰਕਾਸ਼,* ਅਧਿਯਾਜ 41)
ਚਾਰਿ ਪਟੰਬਰ ਪੁਨ ਪਸ਼ਮੰਬਰ। ਪਹਿਰੇ ਸ਼ੁਭਿਤ ਵਿਸ਼ਾਲਹਿ ਸੁੰਦਰ।
ਸੋ ਭਗਵੇਂ ਧਾਰ ਚੀਰ ਸਰੀਰਾ। ਬੈਸੇ ਇਮ ਸਜ ਭੇਖ ਸਰੀਰਾ। (*ਨਾਨਕ ਪ੍ਰਕਾਸ਼,* ਅਧਿਯਾਜ 34)

ਜਨਮ ਸਾਖੀ ਦੇ ਮੱਕੇ ਦੀ ਗੋਸ਼ਟਿ ਦੇ ਪ੍ਰਸੰਗ ਵਿਚ ਰੁਕਨਦੀਨ ਦੇ ਸਵਾਲ ਕਰਨ 'ਤੇ ਕਿ ਆਪ ਜੀ ਦਾ ਫ਼ਿਰਕਾ (ਮਤ) ਕਿਹੜਾ ਹੈ ? ਸਤਿਗੁਰੂ ਜੀ ਨੇ ਇਸ ਪ੍ਰਕਾਰ ਉਤਰ ਦਿੱਤਾ।

**ਕਲਿਯੁਗ ਨਾਨਕ 'ਨਿਰਮਲਾ' ਗੁਰ ਚੇਲਾ ਪਰਵਾਣ॥**
**ਪਾਰਿ ਉਤਾਰਿ ਸਭਨਾ ਸਤਿਨਾਮ ਦੇ ਦਾਨ॥**
**ਕਲਿਯੁਗ ਨਾਨਕ 'ਨਿਰਮਲਾ' ਪੰਥ ਚਲਾਇਓ ਆਇ॥**
**ਵੇਦ ਕਤੇਬਹੁ ਬਾਹਰਾ ਜਪਦੇ ਏਕ ਖ਼ੁਦਾਇ॥**[1]

'ਸੌ ਸਾਖੀ' ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਹਜ਼ੂਰੀ ਸਿਖ ਭਾਈ ਰਾਮ ਕੁਇਰ ਜੀ ਪਾਸ ਸਾਧੂ ਬਣਨ ਦੀ ਇਛਾ ਵਾਲੇ ਕੁਛ ਜਿਗਿਆਸੂ ਸਿਖਾਂ ਦੇ ਪੁੱਛਣ 'ਤੇ ਕਿ ਅਸੀਂ ਕਿਸ ਪੰਥ ਦੇ ਸਾਧੂ ਹੋਈਏ ? ਉਸ ਸਮੇਂ ਰਾਮ ਕੁਇਰ ਜੀ ਨੇ ਨਿਰਮਲ ਪੰਥ ਬਾਰੇ ਕੁਛ ਕਥਨ ਕੀਤਾ, ਓਸੇ ਕਥਨ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਮੂਲ ਰੂਪ ਵਿਚ ਲਿਖਿਆ ਹੈ–

**ਰਾਮ ਕੌਰ ਇਹ ਪ੍ਰਸ਼ਨ ਸੁਨ ਕੇ॥ ਕਹਿਨ ਲਗੇ ਉਤਰ ਇਮ ਗੁਨ ਕੇ॥**
**....ਨਿਰਮਲ ਪੰਥ ਇਹ ਗੁਰੂ ਚਲਾਯੋ। ਸ੍ਰੀ ਗੁਰੂ ਨਾਨਕ ਖੁਦ ਪ੍ਰਗਟਾਯੋ॥**
**ਜਬ ਗੁਰ ਦਸਮੇਂ ਸਿੰਘ ਸਜਾਏ। ਤਬ ਇਨ ਕੋ ਦਯੋ ਸੁਧਾ ਛਕਾਏ॥**
**ਜੈਸੋ ਬੈਰਾਗੀ ਸੰਨਿਆਸੀ। ਪੂਜ ਹਿੰਦ ਕੇ ਸੰਤ ਅਨਾਸੀ॥**
**ਤੈਸੋ ਸਿੰਘ ਪੰਥ ਕੇ ਇਹ ਹੈ। ਮਾਨਨ ਪੂਜਨ ਜੋਗ ਰਚੈ ਹੈਂ।**[2]

ਨਿਰਮਲ ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ। ਇਸ ਦੀ ਵਜੁਤਪੱਤੀ ਹੈ 'निर्गत: मल: यस्मात् स निर्मल:' ਅਰਥਾਤ ਨਿਕਲ ਗਯਾ ਹੈ ਮਲ ਜਿਸ ਸੇ, ਉਹ ਹੈ ਨਿਰਮਲ। ਇਸ ਵਿਚ ਦੋ ਪਦ ਹਨ ਇਕ 'ਨਿਰ' ਅਤੇ ਦੂਸਰਾ 'ਮਲ'[3]। 'ਮਲ' ਦਾ ਅਰਥ ਹੈ– ਮੈਲ, ਪਾਪ ਆਦਿ। ਇਸ ਦੇ ਪੂਰਵ 'ਨਿਰ' ਉਪਸਰਗ ਜੋੜ ਦੇਣ ਨਾਲ ਇਸ ਦਾ ਅਰਥ ਪਵਿੱਤ੍ਰ, ਪਾਪ ਰਹਿਤ, ਪ੍ਰਕਾਸ਼, ਕਲੰਕ ਰਹਿਤ ਆਦਿ ਹੋ ਜਾਂਦਾ ਹੈ। ਜੋ ਵਸਤੂ ਅਤਿਅੰਤ ਸ਼ੁੱਧ ਅਤੇ ਪਵਿੱਤ੍ਰ ਹੋਵੇ ਉਸ ਨੂੰ ਅਸੀ ਨਿਰਮਲ ਸ਼ਬਦ ਨਾਲ ਸੰਬੋਧਨ ਕਰਦੇ ਹਾਂ। ਜਿਨ੍ਹਾਂ ਜਿਗਿਆਸੂਆਂ, ਗੁਰਮੁਖਾਂ, ਗੁਰੂ ਪਿਆਰਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਸ ਅਦ੍ਵੈਤ ਸਿਧਾਂਤ ਰੂਪੀ ਨਿਰਮਲ ਉਪਦੇਸ਼ ਅਨੁਸਾਰ ਆਪਣੇ ਜੀਵਨ ਨੂੰ ਢਾਲ ਲਿਆ ਜਾਂ ਉਸ ਉਪਦੇਸ਼ ਦੇ ਧਾਰਣੀ ਹੋ ਕੇ ਉਚ ਆਚਰਣ, ਪਵਿੱਤ੍ਰ ਵਿਚਾਰ, ਨਿਰਮਲ ਕਰਮ ਅਤੇ ਨਾਮ ਅਭਿਆਸ ਦੁਆਰਾ ਅਹੰਤਾ-ਮਮਤਾ ਆਦਿ ਉਪਾਧੀ ਤੋਂ ਰਹਿਤ ਜੀਵਨ, ਆਤਮਾਨੰਦ ਸ੍ਵਰੂਪ ਵਿਚ ਸਥਿਤੀ ਪ੍ਰਾਪਤ ਕੀਤੀ ਉਨ੍ਹਾਂ ਜਿਗਿਆਸੂਆਂ ਦੀ ਸੰਗਿਆ ਨਿਰਮਲ ਹੋ ਗਈ–

**ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ॥**[4]
**ਸਾਧ ਨਾਮ ਨਿਰਮਲ ਤਾ ਕੇ ਕਰਮ॥**[5]
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ॥[6]
**ਨਿਰਮਲ ਤੇ ਜੋ ਰਾਮਹਿ ਜਾਨ॥**[7]

ਉਨ੍ਹਾਂ ਦੀ ਕੀਰਤੀ ਵੀ ਉੱਜਲ ਅਤੇ ਬਾਣੀ ਵੀ ਅੰਮ੍ਰਿਤ ਦੇ ਸਮਾਨ ਹੋ ਜਾਂਦੀ ਹੈ–

**ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ॥**[8]

---

[1] *ਜਨਮਸਾਖੀ,* (ਮੱਕੇ ਦੀ ਗੋਸ਼ਟਿ, ਪਉੜੀ 40).
[2] *ਪੰਥ ਪ੍ਰਕਾਸ਼,* ਪੰਨਾ 1246.
[3] ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥ (ਸ੍ਰੀ. ਗੁ. ਗ੍ਰੰ. ਸਾ., ਪੰਨਾ 651)
[4] ਸ੍ਰੀ. ਗੁ. ਗ੍ਰੰ. ਸਾ., ਪੰਨਾ 121.
[5] ਸ੍ਰੀ. ਗੁ. ਗ੍ਰੰ. ਸਾ., ਪੰਨਾ 296.
[6] ਸ੍ਰੀ. ਗੁ. ਗ੍ਰੰ. ਸਾ., ਪੰਨਾ 1186.
[7] ਸ੍ਰੀ. ਗੁ. ਗ੍ਰੰ. ਸਾ., ਪੰਨਾ 1158.
[8] ਸ੍ਰੀ. ਗੁ. ਗ੍ਰੰ. ਸਾ., ਪੰਨਾ 296.

ਇਨ੍ਹਾਂ ਵਚਨਾਂ ਅਨੁਸਾਰ ਜਿਨ੍ਹਾਂ ਗੁਰਮੁਖਾਂ ਨੇ ਆਪਣੀ ਚਿੱਤ-ਵ੍ਰਿੱਤੀ ਨੂੰ ਗੁਰੂ ਸ਼ਬਦ ਨਾਲ ਜੋੜਿਆ ਅਤੇ ਸੰਸਾਰਿਕ ਇਛਾਵਾਂ ਵਿੱਤੇਸ਼ਣਾ, ਪੁਤ੍ਰੇਸ਼ਣਾ, ਲੋਕੇਸ਼ਣਾ ਇਨ੍ਹਾਂ ਪ੍ਰਬਲ ਇਛਾਵਾਂ ਤੋਂ ਉਪਰ ਉਠ ਕੇ ਪਰਮ ਸਤਯ ਨਾਲ ਅਭੇਦ ਹੋ ਗਏ, ਉਨ੍ਹਾਂ ਵਾਸਤੇ ਗੁਰੂ ਅਰਜਨ ਦੇਵ ਜੀ ਨੇ ਨਿਰਮਲ ਸ਼ਬਦ ਨਾਲ ਸੰਤ ਪਦ ਵੀ ਜੋੜ ਦਿਤਾ–

**ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ॥[1]**

ਉਨ੍ਹਾਂ ਗੁਰਮੁਖਾਂ ਵਿਚੋਂ ਜਿਹੜੇ ਨਿਰਵ੍ਰਿੱਤੀ ਦੇ ਚਾਹਵਾਨ ਬਿਹੰਗਮ ਵ੍ਰਿੱਤੀ ਵਾਲੇ ਸੰਸਾਰ ਤੋਂ ਵੈਰਾਗਵਾਨ ਹੋ ਕੇ ਗੁਰੂ ਆਗਿਆ ਵਿਚ ਤਤਪਰ ਰਹੇ, ਉਨ੍ਹਾਂ ਵਾਸਤੇ ਵਿਸ਼ੇਸ਼ ਕਰਕੇ ਨਿਰਮਲ ਸ਼ਬਦ ਰੂੜ ਹੋ ਗਿਆ ਅਤੇ ਜਿਹੜੇ ਪ੍ਰਵ੍ਰਿੱਤੀ ਦੇ ਇਛੁਕ ਅਤੇ ਗ੍ਰਿਹਸਤ ਵਿਚ ਰਹਿ ਕੇ ਗੁਰੂ ਆਗਿਆ ਦੁਆਰਾ ਆਪਣਾ ਜੀਵਨ ਨਿਰਬਾਹ ਕਰਦੇ ਰਹੇ, ਉਹ ਕੇਵਲ ਸਿਖ ਅਖਵਾਏ। ਇਸ ਗਲ ਦੀ ਪੁਸ਼ਟੀ ਗਿਆਨੀ ਗਿਆਨ ਸਿੰਘ ਜੀ ਨੇ 'ਨਿਰਮਲ ਪੰਥ ਪ੍ਰਦੀਪਕਾ' ਪੁਸਤਕ ਵਿਚ ਕੀਤੀ ਹੈ, "ਕਾਹੇ ਤੇ ਸ੍ਰੀ ਗੁਰੂ ਨਾਨਕ ਜੀ ਸੇ ਲੇਕਰ ਦਸਵੇਂ ਪਾਤਸ਼ਾਹ ਪ੍ਰਯੰਤ ਜੋ ਲੋਗ ਗ੍ਰਿਹਸਤੀ ਸੇਵਕ ਹੋਤੇ ਰਹੇ ਸੋ ਕੇਵਲ ਸਿਖ ਗੁਰੂ ਕੇ ਮਸ਼ਹੂਰ ਰਹੇ ਔਰ ਜੋ ਬਿਹੰਗਮ ਵੈਰਾਗਯਵਾਨ ਗ੍ਰਿਹਸਤ ਛੋੜ ਕੇ ਉਪਦੇਸ਼ ਲੇਕਰ ਚੇਲੇ ਗੁਰੂ ਕੇ ਹੋਤੇ ਰਹੇ ਸੋ ਨਿਰਮਲੇ ਸਿਖ ਸਦਾਵਤੇ ਰਹੇ ਹੈ। ਇਹੁ ਦੋ ਸੰਗਯਾ ਪਹਿਲੇ ਦਿਨ ਤੇ ਗੁਰੂ ਘਰ ਮੇਂ ਸਿਖਾਂ ਦੀ ਥੀ, ਸੋਈ ਅਬ ਹੈ।"[2]

ਜਦ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਅਨੇਕ ਪ੍ਰਕਾਰ ਕਸੌਟੀ ਦੁਆਰਾ ਯੋਗਯ ਜਾਣ ਕੇ ਗੁਰਤਾ ਗੱਦੀ ਅਤੇ ਆਪਣਾ ਨਿਰਮਲ ਭੇਖ ਦੇ ਕੇ ਨਿਵਾਜਿਆ, ਉਸ ਸਮੇਂ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਇਸ ਤਰ੍ਹਾਂ ਕਥਨ ਕੀਤਾ ਹੈ–

**ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ॥**
**ਥਾਪਿਆ ਲਹਿਣਾ ਜੀਵਦੈ ਗੁਰਿਆਈ ਸਿਰ ਛਤ੍ਰ ਫਿਰਾਯਾ॥[3]**

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਮੱਕਸ਼ ਮਥੁਰਾ ਭੱਟ ਨੇ ਵੀ ਸਤਿਗੁਰਾਂ ਦੇ ਨਿਰਮਲ ਭੇਖ ਦੀ ਉਸਤਤੀ ਇਸ ਪ੍ਰਕਾਰ ਕੀਤੀ ਹੈ–

**ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ।[4]**

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਯੰਤ ਸਾਰੇ ਨਿਰਮਲੇ ਮਹਾਪੁਰਖਾਂ ਦੀਆਂ ਗੁਰੂ ਪ੍ਰੰਪਰਾਵਾਂ ਦਸਾਂ ਗੁਰੂ ਸਾਹਿਬਾਂ ਨਾਲ ਜੁੜਦੀਆਂ ਹਨ, ਜਿਨ੍ਹਾਂ ਦਾ ਵੇਰਵਾ ਪੁਸਤਕ 'ਸੰਪ੍ਰਦਾਯ ਬੰਸਾਵਲੀ' ਵਿਚ ਵਿਸਤਾਰ ਨਾਲ ਲਿਖਿਆ ਹੈ[5]। ਇਨ੍ਹਾਂ ਸਾਰੇ ਪ੍ਰਮਾਣਾਂ ਦੇ ਦੁਆਰਾ ਨਿਰਮਲ ਭੇਖ ਦੀ ਵਿਆਪਕਤਾ, ਪ੍ਰਾਚੀਨਤਾ ਅਤੇ ਸ੍ਰੇਸ਼ਟਤਾ ਸ੍ਵਤਹ ਸਿਧ ਹੋ ਜਾਂਦੀ ਹੈ। ਬੁਧੀਜੀਵੀ ਵਿਦ੍ਵਾਨ ਸੱਜਣਾ ਲਈ ਤਾਂ ਸੰਕੇਤ ਮਾਤ੍ਰ ਹੀ ਪਰਜਾਪਤ ਹੈ, ਪ੍ਰੰਤੂ ਹਠਧਰਮੀ ਅਤੇ ਕੁਤਰਕੀ ਵਾਸਤੇ ਤਾਂ ਹਜ਼ਾਰਾਂ ਵੈਦਿਕ ਅਤੇ ਗੁਰਬਾਣੀ ਪ੍ਰਮਾਣ ਭੀ ਕੋਈ ਮਹੱਤਵ ਨਹੀਂ ਰਖਦੇ।

ਜਿਸ ਪ੍ਰਕਾਰ ਇਕ ਬੂਟੇ ਨੂੰ ਲਾਉਣ ਵਾਲਾ ਮਹਾਨ ਹੋ ਸਕਦਾ ਹੈ, ਪ੍ਰੰਤੂ ਜੋ ਬੂਟੇ ਨੂੰ ਪਾਣੀ ਦਿੰਦਾ ਹੈ, ਗੋਡੀ ਕਰਦਾ ਹੈ ਅਥਵਾ ਵਕਤ ਬਾ ਵਕਤ ਉਸਦੀ ਦੇਖ ਭਾਲ ਕਰਦਾ ਹੋਇਆ, ਉਸ ਨੂੰ ਫਲ ਦੇਣ ਦੇ ਕਾਬਿਲ ਬਣਾਉਂਦਾ ਹੈ ਜਾਂ ਬਣਾਉਣ ਦਾ ਯਤਨ ਕਰਦਾ ਹੈ, ਉਸ ਦੀ ਮਹਾਨਤਾ ਨੂੰ ਵੀ ਕਿਸੇ ਤਰ੍ਹਾਂ ਅੱਖਾਂ ਤੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ 'ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ' ਪਰੰਤੂ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਸੀਂ ਨਿਰਮਲ ਪੰਥ ਦੇ ਰਚਨਹਾਰ ਅਤੇ ਸੰਚਾਲਕ ਮੰਨਦੇ ਹਾਂ, ਉਥੇ ਉਨ੍ਹਾਂ ਨੇ ਜੋ ਇਸ ਬੂਟੇ ਲਈ ਆਪਣੇ ਬਾਕੀ ਸਾਰੇ ਸਰੂਪਾਂ ਵਿਚ ਅਤੇ ਦਸਵੇਂ ਜਾਮੇ ਵਿਚ ਕੀਤਾ, ਉਸ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ, ਕਿਉਂਕਿ ਕੋਈ ਵੀ ਰਾਸ਼ਟਰ ਅਤੇ ਸਮਾਜ ਤਦੋਂ ਤਕ ਉਨਤੀ ਦੇ ਸਿਖਰ ਪਰ ਆਰੂਢ ਨਹੀਂ ਹੋ ਸਕਦਾ, ਜਦੋਂ ਤੱਕ ਉਸ ਦੇ ਅੰਦਰ ਵਿਦਵਤਾ ਅਤੇ ਵਿਦ੍ਵਤ ਜਨਾਂ ਦੀ ਬਹੁਲਤਾ ਨਾ ਹੋਵੇ ਕਿਉਂਕਿ ਕਿਹਾ ਗਿਆ ਹੈ ਕਿ–

---

[1] *ਸ੍ਰੀ. ਗੁ. ਗ੍ਰੰ. ਸਾ.,* ਪੰਨਾ 297.

[2] *ਨਿਰਮਲ ਪੰਥ ਪ੍ਰਦੀਪਕਾ,* ਪੰਨਾ 7.

[3] *ਵਾਰਾਂ ਭਾਈ ਗੁਰਦਾਸ,* ਵਾਰ 1 ਪਉੜੀ 45.

[4] *ਸ੍ਰੀ. ਗੁ. ਗ੍ਰੰ. ਸਾ.,* ਪੰਨਾ 1409.
"ਗੁਰੂ ਅਰਜੁਨ ਜਹਿ ਬੈਠ ਕਰ ਬਾਂਧੀ ਬੀੜ ਸੁ ਗ੍ਰੰਥ। ਜਹਿ ਪ੍ਰਸਾਦ ਸਭ ਜਗਤ ਮੈ ਚਲਹਿ ਨਿਰਮਲ ਪੰਥ"॥ (ਗੁ. ਬਿ. ਪਾ. ੬)

[5] *ਨਿਰਮਲ ਭੇਖ ਦਾ ਸੰਖੇਪ ਇਤਿਹਾਸ ਅਤੇ ਸੰਪਰਦਾਯ ਬੰਸਾਵਲੀ,* ਮਹੰਤ ਹਰੀ ਸਿੰਘ ਵੈਦਰਾਜ।

**साहित्य-संगीत- कलाविहीन: साक्षात्पशु: पुच्छविषाणहीन:।[1]**

ਕਵੀ ਸਮ੍ਰਾਟ ਭਰਥਰੀ ਹਰੀ ਜੀ ਦੇ ਇਸ ਕਥਨ ਅਨੁਸਾਰ ਜਿਥੇ ਵਿਦਿਆ-ਵਿਹੀਨ ਵਿਅਕਤੀ ਦੇਸ਼ ਅਤੇ ਸਮਾਜ ਦੇ ਵਾਸਤੇ ਭਾਰ ਰੂਪ ਹੈ,[2] ਉਥੇ ਪਵਿਤ੍ਰ ਜੀਵਨ ਸਹਿਤ ਵਿਦ੍ਵਾਨ ਦੇਸ਼ ਅਤੇ ਸਮਾਜ ਵਾਸਤੇ ਅਮੋਲਕ ਰਤਨ ਹੈ। ਇਸੇ ਸੰਕਲਪ ਨੂੰ ਮੁਖ ਰੱਖ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰਸਿੱਖਾਂ ਨੂੰ ਭਾਰਤੀਯ ਸੰਸਕ੍ਰਿਤੀ, ਸਭਯਤਾ ਅਤੇ ਸਨਾਤਨ ਧਰਮ ਦੀ ਰੱਖਿਆ ਦਾ ਉਪਦੇਸ਼ ਦਿੱਤਾ। ਜੋ ਲੋਕਾਂ ਦੇ ਮਨਾਂ ਅੰਦਰ ਕਾਇਰਤਾ, ਆਤਮ ਭਾਵ ਹੀਨਤਾ, ਨਿਰਬਲਤਾ ਘਰ ਕਰ ਚੁਕੀ ਸੀ, ਉਸ ਨੂੰ ਖ਼ਤਮ ਕਰਨ ਵਾਸਤੇ ਪਾਉਂਟਾ ਸਾਹਿਬ ਦੀ ਪਵਿਤ੍ਰ ਧਰਾ 'ਤੇ ਸ਼ਾਸਤ੍ਰਾਂ ਅਤੇ ਸ਼ਸਤ੍ਰਾਂ ਦਾ ਏਕੀਕਰਣ ਕੀਤਾ।[3]

ਸੰਮਤ 1742 ਮੁਤਾਬਿਕ 1686 ਈ. ਨੂੰ ਗੁਰੂ ਜੀ ਨੇ ਇਕ ਦਿਨ ਵਿਸ਼ੇਸ਼ ਸਮਾਗਮ ਬੁਲਾ ਕੇ ਸਦ ਉਪਦੇਸ਼ ਦੇਂਦੇ ਹੋਏ 'ਵਿਦਿਆ ਦੀ ਮਹਾਨਤਾ' ਦਰਸਾਈ[4] ਅਤੇ ਸਭ ਨੂੰ ਵਿਦਿਆ ਪੜ੍ਹਨ ਦਾ ਉਪਦੇਸ਼ ਦਿੱਤਾ। ਇਸੇ ਇਕੱਠ ਅੰਦਰ ਗੁਰੂ ਜੀ ਨੇ ਪੰਜ ਨਿਰਮਲੇ ਸੰਤਾਂ ਦੀ ਚੋਣ ਕੀਤੀ ਜੋ ਕਿ ਗੁਰਬਾਣੀ, ਭਾਸ਼ਾ ਅਤੇ ਗੁਰੂ ਇਤਿਹਾਸ ਦੇ ਪਹਿਲੇ ਹੀ ਗਿਆਤਾ ਸਨ, ਇਨ੍ਹਾਂ ਪੰਜਾਂ ਸੰਤਾਂ ਦੇ ਨਾਮ ਸਨ, 1. ਸੰਤ ਕਰਮ ਸਿੰਘ ਜੀ 2. ਸੰਤ ਰਾਮ ਸਿੰਘ ਜੀ 3. ਸੰਤ ਗੰਡਾ ਸਿੰਘ ਜੀ 4. ਸੰਤ ਬੀਰ ਸਿੰਘ ਜੀ 5. ਸੰਤ ਸੈਣਾ ਸਿੰਘ ਜੀ। ਇਨ੍ਹਾਂ ਪੰਜਾਂ ਸੰਤਾਂ ਨੂੰ ਗੁਰੂ ਜੀ ਨੇ ਗੇਰੂਏ ਵਸਤ੍ਰ ਪਹਿਨਾ ਕੇ ਹੱਥਾਂ ਵਿਚ ਚਿੱਪੀਆਂ ਦੇ ਕਰ ਐਸਾ ਵਿਰੱਕਤ ਸੰਤਾਂ ਵਾਲਾ ਵੇਸ਼ ਦੇ ਕੇ ਆਗਿਆ ਕੀਤੀ ਕਿ ਤੁਸੀਂ ਕਾਸ਼ੀ (ਬਨਾਰਸ) ਵਿਚ ਜਾ ਕੇ ਸੰਸਕ੍ਰਿਤ ਵਿਦਿਆ ਦਾ ਅਧਿਐਨ ਕਰੋ। ਸੰਸਕ੍ਰਿਤ ਵਿਦਿਆ ਵਿਚ ਪੂਰਣਤਾ ਪ੍ਰਾਪਤ ਕਰਕੇ ਵਾਪਸ ਗੁਰੂ ਘਰ ਵਿਚ ਆ ਕੇ ਹੋਰ ਦੂਸਰੇ ਗੁਰਸਿਖਾਂ ਨੂੰ ਪਠਨ-ਪਾਠਨ ਕਰਵਾਓ, ਸਾਡਾ ਆਸ਼ੀਰਵਾਦ ਸਦੈਵ ਤੁਹਾਡੇ ਨਾਲ ਰਹੇਗਾ। ਇਸ ਪ੍ਰਕਾਰ ਆਸ਼ੀਰਵਾਦ ਅਤੇ ਬਹੁਤ ਸਾਰੇ ਵਰ ਦੇ ਕੇ ਬਨਾਰਸ ਵਲ ਤੋਰਦਿਆਂ ਹੋਇਆਂ ਮੁਖ ਤੋਂ ਫ਼ਰਮਾਇਆ-

**ਜਾਓ ! ਮੇਰੇ ਲਾਲ ਪਾਲ ਕਰਹੈ ਅਕਾਲ ਥਾਰੀ। ਸਾਰੀ ਸੁਖ ਸੰਪਦਾ ਮੈਂ ਵਾਰੀ ਸਿਰ ਥਾਰੀ ਪੈ।**
**ਕਾਮ ਕ੍ਰੋਧ ਲੋਭ ਤਜਾਗ ਸਾਗ ਪਾਤ ਖਾਇ ਬਹ। ਬਟ ਹੂੰ ਕੀ ਛਾਯਾ ਅਥਾ ਸੁੰਨੇ ਘਰ ਢਾਰੇ ਪੈ।**
**ਬ੍ਰਹਮਚਾਰੀ ਰੀਤਿ ਜੋਈ ਹੋਈ ਵਿਪ੍ਰੀਤ ਸੋਈ। ਸੋਈ ਅਬ ਪ੍ਰਗਟੀ ਯੋ ਦੇਸ਼ ਇਸ ਸਾਰੇ ਪੈ।**
**ਵਰਣ ਤੁਮਾਰੇ ਅਬ ਆਸ਼੍ਰਮ ਸੰਨਯਾਸ ਭਯੋ। ਲਯੋ ਹੈ ਅਰੂਜ ਪਦ ਉਚ ਚੰਦ ਤਾਰੇ ਪੈ।**

ਇਸ ਤਰ੍ਹਾਂ ਆਗਿਆ ਅਤੇ ਖੁਸ਼ੀਆਂ ਪ੍ਰਾਪਤ ਕਰ ਕੇ ਪੰਜਾਂ ਮਹਾਪੁਰਖਾਂ ਨੇ ਕਾਸ਼ੀ ਵਿਚ ਜਾ ਕੇ 'ਚੇਤਨ ਮਠ'[5] ਵਾਲੇ ਵਾਲੇ ਸਥਾਨ 'ਤੇ ਆਸਨ ਲਾ ਕੇ ਧਰਮ ਪ੍ਰਚਾਰ ਦੀ ਲਗਨ ਅਤੇ ਪੰਥ ਵਿਚ ਸੰਸਕ੍ਰਿਤ ਵਿਦਿਆ ਦੀ ਪ੍ਰਵ੍ਰਿਤੀ ਦੇ ਉਤਸ਼ਾਹ ਨਾਲ ਅਣਥੱਕ ਅਭਿਆਸ, ਗਰਮੀ-ਸਰਦੀ, ਭੁਖ-ਪਿਆਸ, ਸੁਖ-ਦੁਖ ਆਦਿ ਨੂੰ ਸਹਨ ਕਰਦੇ ਹੋਏ ਵੇਦ, ਵੇਦਾਂਗ, ਖਟ ਸ਼ਾਸਤ੍ਰ, ਪੁਰਾਣ, ਸਮ੍ਰਿਤੀਆਂ, ਇਤਿਹਾਸ ਆਦਿ ਸਾਰੀ ਵਿਦਿਆ ਵਿਚ ਨਿਪੁਣਤਾ ਪ੍ਰਾਪਤ ਕਰਕੇ ਲਗਪਗ 13 ਵਰਸ਼ ਤੋਂ ਬਾਅਦ ਫਿਰ

---

[1] ਸਲੋਕ 12 (*ਨੀਤੀ ਸ਼ਤਕ,* ਸ੍ਰੀ ਭਰਥਰੀ ਹਰੀ)
ਨਿੰਦ੍ਰਾ ਭੋਜਨ ਭੋਗ ਭੈ ਇਹ ਪਸੁ ਪੁਰਖ ਸਮਾਨ।
ਨਰਨ ਗਿਆਨ ਨਿਜ ਅਧਿਕਤਾ ਗਿਯਾਨ ਬਿਨਾ ਪਸੁ ਜਾਨ। (*ਸਾਰੁਕਤਾਵਲੀ,* ਅਧਿ. 3, ਸਲੋਕ 13)
आहारनिद्राभयमैथुनानि सामान्यमेतत् पशुभिर्नराणाम्।
ज्ञानं नराणामधिको विशेषो ज्ञानेन हीना: पशुभि समाना।। (सूक्तावली, श्लोक 13)

[2] येषां न विद्या न तपो न दानं, ज्ञानं न शीलं न गुणो न धर्म:।
ते मर्त्यलोके भुवि भारभूता मनुष्य रूपेण मृगाश्चरन्ति।। (नीति शतक, श्लोक 13)

[3] ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੂਰਣ ਹਰੀ ਅਵਤਾਰ।
ਰਚਯੋ ਪੰਥ ਭਵ ਮੈਂ ਪ੍ਰਗਟ, ਦੋ ਵਿਧਿ ਕੋ ਵਿਸਤਾਰ।
ਏਕਨ ਕੇ ਕਰ ਖੜਗ ਦੈ, ਭੁਜ ਬਲ ਬਹੁ ਵਿਸਤਾਰ।
ਪਾਲਨ ਭੂਮੀ ਕੋ ਕਰਿਓ, ਦੁਸ਼ਟਨ ਮੂਲ ਉਖਾਰ।
ਔਰਨ ਕੀ ਪਿਖ ਵਿਮਲ ਮਤਿ, ਦੀਨੋ ਪਰਮ ਵਿਵੇਕ।
ਨਿਰਮਲ ਭਾਖੈ ਜਗਤ ਤਿਹ, ਹੇਰੈ ਬ੍ਰਹਮ ਸੁ ਏਕ। (*ਮੋਖਸ਼ ਪੰਥ ਪ੍ਰਕਾਸ਼,* ਪੰਚਮ ਨਿਵਾਸ, ਪੰਨਾ 609)

[4] विद्या नाम नरस्य रूपमधिकं प्रच्छन्न गुप्तं धनम्। विद्या भोगकरी यश: सुखकरी विद्या गुरुणां गुरु:।।
विद्या बन्धुजनो विदेशागमने विद्या परं दैवतम्। विद्या राजसु पूज्यते न हि धनं विद्या विहीन: पशु:।। (*नीति शतक,* श्लोक 20)

[5] ਤਬ ਹੀ ਬਸਨ ਕਖਾਏ ਸਜੈ ਕੈ, ਆਗਿਆ ਬਸਤ੍ਰ ਗੁਰ ਤੈ ਲੈ ਕੈ।
ਪਹੁੰਚੇ ਕਾਸ਼ੀ ਪੁਰੀ ਉਦਾਰੇ, ਚੇਤਨ ਮਠ ਮੈ ਰਹੇ ਵਿਚਾਰੇ।
ਸਾਧ ਨਿਰਮਲੇ ਤਹਿ ਬਿਦਤਾਏ, ਬਿਦਜਾ ਪਢੀ ਅਧਿਕ ਮਨ ਲਾਏ। (ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 1240)

ਗੁਰੂ ਚਰਣਾਂ ਵਿਚ ਹਾਜ਼ਰ ਹੋਏ[1] ਅਤੇ ਗੁਰੂ ਦਰਬਾਰ ਵਿਚ ਰਹਿ ਕੇ ਹੋਰ ਗੁਰਸਿਖਾਂ ਨੂੰ ਸੰਸਕ੍ਰਿਤ (ਵਾਙਮਯ) ਵਿਦਿਆ ਦਾ ਅਧਿਐਨ ਅਧਿਆਪਨ ਕਰਦੇ ਕਰਾਉਂਦੇ ਅਤੇ ਕਥਾ ਵਾਰਤਾ ਕਰਦੇ ਹੋਏ ਕਈ ਅਮੋਲਕ ਗ੍ਰੰਥਾਂ ਦੀ ਰਚਨਾ ਕਰਕੇ ਸਤਿਗੁਰੂ ਜੀ ਦੀ ਪ੍ਰਸੰਨਤਾ ਦੇ ਪਾਤ੍ਰ ਬਣੇ।

ਇਹ ਨਿਰਮਲ ਸੰਪ੍ਰਦਾਯ ਦਾ ਸੰਖੇਪ ਇਤਿਹਾਸ ਹੈ। ਭਾਰਤ ਵਿਚ ਅਨੇਕਾਂ ਸੰਪ੍ਰਦਾਵਾਂ ਹਨ, ਜਿਨ੍ਹਾਂ ਦਾ ਆਪਣੇ-ਆਪਣੇ ਢੰਗ-ਤਰੀਕਿਆਂ ਨਾਲ ਸਮਾਜ ਨੂੰ ਅਲੱਗ-ਅਲੱਗ ਯੋਗਦਾਨ ਹੈ। ਉਨ੍ਹਾਂ ਸੰਪ੍ਰਦਾਵਾਂ ਵਿਚੋਂ ਨਿਰਮਲ ਸੰਪ੍ਰਦਾਯ ਇਕ ਮਹੱਤਵਪੂਰਨ ਸਥਾਨ ਰੱਖਦੀ ਹੈ, ਜਿਸ ਦਾ ਸਮਾਜ ਨੂੰ ਸਰਵਪੱਖੀ ਯੋਗਦਾਨ ਹੈ। ਜਿਨ੍ਹਾਂ-ਜਿਨ੍ਹਾਂ ਸਾਧਨਾਂ ਦ੍ਵਾਰਾ ਇਸ ਸੰਪ੍ਰਦਾਯ ਦੇ ਮਹਾਨੁਭਾਵਾਂ ਨੇ ਦੇਸ਼, ਧਰਮ ਅਤੇ ਸਮਾਜ ਦੀ ਉਨਤੀ ਵਿਚ ਯੋਗਦਾਨ ਪਾਇਆ, ਉਨ੍ਹਾਂ ਵਿਚੋਂ ਕੁਛ ਸਾਧਨਾਂ ਦਾ ਨਿਰੂਪਣ "ਸਥਾਲੀ ਪੁਲਾਕ ਨਜਾਯ" ਦ੍ਵਾਰਾ ਇਥੇ ਕਰਦੇ ਹਾਂ।

**ਮੰਡਲੀਆਂ ਦ੍ਵਾਰਾ ਯੋਗਦਾਨ** : ਗੁਰ ਉਪਦੇਸ਼ ਦੇ ਧਾਰਣੀ, ਨਾਮ ਰਸੀਏ, ਤਤ੍ਵਦਰਸੀ, ਸ਼ਾਂਤੀ ਦੇ ਸੋਮੇ ਨਿਰਮਲੇ ਮਹਾਪੁਰਖ 'ਸੰਸਾਰਿਕ ਨਿਰਲੇਪਤਾ'[2] ਅਤੇ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ'[3] ਦੇ ਉਦੇਸ਼ ਨੂੰ ਮੁੱਖ ਰੱਖ ਕੇ ਮਨੁਖਤਾ ਦੀ ਭਲਾਈ ਵਾਸਤੇ ਪੈਦਲ ਵਿਚਰਦੇ ਧਰਮ ਪ੍ਰਚਾਰ ਕਰਦੇ ਹੋਏ ਜਿਗਿਆਸੂਆਂ ਨੂੰ ਬ੍ਰਹਮ ਵਿਦਿਆ ਦਾ ਦਾਨ ਦੇਂਦੇ ਸਨ। ਜਿਸ ਤਰ੍ਹਾਂ ਰਸਗ੍ਰਾਹੀ ਕੀੜੀਆਂ ਸ਼ੱਕਰ ਨੂੰ ਜਾਣ ਕੇ ਆਪਣੇ ਆਪ ਉਸ ਪਾਸ ਇਕਠੀਆਂ ਹੋ ਜਾਂਦੀਆਂ ਹਨ, ਦੀਪਕ ਜਗ ਰਿਹਾ ਹੋਵੇ ਤਾਂ ਰੂਪਗ੍ਰਾਹੀ ਪਤੰਗੇ ਆਪਣੇ ਆਪ ਉਸਦੇ ਚੌਗਿਰਦੇ ਹੋ ਜਾਂਦੇ ਹਨ, ਫੁੱਲ ਖਿੜਿਆ ਹੋਵੇ ਤਾਂ ਭੌਰੇ ਸੁਤਹ ਹੀ ਸੁਗੰਧੀ ਗ੍ਰਹਣ ਕਰਨ ਵਾਸਤੇ ਮੰਡਰਾਉਂਦੇ ਰਹਿੰਦੇ ਹਨ, ਇਨ੍ਹਾਂ ਵਿਚੋਂ ਕਿਸੇ ਨੂੰ ਵੀ ਬੁਲਾਉਣ ਦੀ ਜ਼ਰੂਰਤ ਨਹੀਂ ਪੈਂਦੀ। ਉਸੇ ਤਰ੍ਹਾਂ ਜਿਨ੍ਹਾਂ ਮਹਾਪੁਰਖਾਂ ਦੇ ਅੰਦਰ ਨਾਮ ਰੂਪੀ ਰਸ ਭਰਿਆ ਹੋਇਆ ਸੀ, ਗਿਆਨ ਰੂਪੀ ਦੀਪਕ ਜਗਿਆ ਹੋਇਆ ਸੀ ਅਤੇ ਸ਼ਾਂਤੀ ਰੂਪੀ ਸੁਗੰਧੀ ਹਿਰਦੇ ਰੂਪੀ ਕਮਲ ਵਿਚ ਭਰੀ ਹੋਈ ਸੀ, ਉਨ੍ਹਾਂ ਨਿਰੀਹ (ਇੱਛਾ ਰਹਿਤ) ਮਹਾਪੁਰਖਾਂ ਦੇ ਪਾਸ ਨਾਮ ਰੂਪੀ ਰਸ, ਬ੍ਰਹਮ ਵਿਦਿਆ ਰੂਪੀ ਰੌਸ਼ਨੀ ਅਤੇ ਸ਼ਾਂਤੀ ਰੂਪੀ ਸੁਗੰਧੀ ਦੇ ਗ੍ਰਾਹੀ ਜਿਗਿਆਸੂ ਸੁਤਹ ਹੀ ਪਹੁੰਚ ਜਾਂਦੇ ਸਨ, ਆਪਣੀ ਸ਼ਰਣ ਵਿਚ ਆਏ ਹੋਏ ਜਿਗਿਆਸੂਆਂ ਨੂੰ ਬ੍ਰਹਮ ਵਿਦਿਆ ਦ੍ਵਾਰਾ 'ब्रह्म सत्यं जगन्मिथ्या' (ਬ੍ਰਹਮ ਸਤਜੰ ਜਗਤ ਮਿਥਿਆ) ਦਾ ਨਿਸ਼ਚੈ ਕਰਾਉਂਦੇ। ਸ਼ਨੈ: ਸ਼ਨੈ: ਐਸੇ ਜਿਗਿਆਸੂਆਂ ਦੀ ਅਧਿਕਤਾ ਸਦਕਾ ਮਹਾਪੁਰਖਾਂ ਦੇ ਪਾਸ ਵਿਦਵਾਨਾਂ ਦਾ ਇਕ ਸਮੂਹ ਬਣ ਜਾਂਦਾ। ਐਸੇ ਵਿਦਵਾਨਾਂ ਦੇ ਸਮੂਹ ਬਾਅਦ ਵਿਚ ਮੰਡਲੀਆਂ ਦੇ ਰੂਪ ਵਿਚ ਪਰਿਵਰਤਿਤ ਹੋ ਗਏ ਜੋ ਕਿ ਸ਼ਾਸਤ੍ਰ ਗਿਆਤਾ ਉੱਚ ਆਚਰਣ ਵਾਲੇ ਵੀਤਰਾਗ ਮਹਾਪੁਰਖਾਂ ਦਾ ਇਕ ਚਲਦਾ-ਫਿਰਦਾ ਜਥਾ ਸੀ। ਇਹ ਮੰਡਲੀਆਂ ਬਿਨਾ ਕਿਸੇ ਨਿਜੀ ਪ੍ਰਯੋਜਨ ਦੇ ਕੇਵਲ ਪਰੋਪਕਾਰ ਦੀ ਦ੍ਰਿਸ਼ਟੀ ਦ੍ਵਾਰਾ ਗੁਰਮਤਿ ਸਿਧਾਂਤ, ਧਰਮ ਦਾ ਪ੍ਰਚਾਰ ਕਰਦੀਆਂ ਹੋਈਆਂ ਪਿੰਡਾਂ, ਨਗਰਾਂ, ਸ਼ਹਿਰਾਂ ਅਤੇ ਤੀਰਥ ਸਥਾਨਾਂ ਦੀ ਯਾਤ੍ਰਾ ਦ੍ਵਾਰਾ ਪੂਰੇ ਭਾਰਤ ਵਰਸ਼ ਵਿਚ ਵਿਚਰਣ ਕਰਦੀਆਂ ਸਨ। ਭੂਮੀ ਸੈਨ, ਭਿਖਿਆ ਅੰਨ[4], ਬ੍ਰਹਮ ਵਿਦਿਆ ਦਾਨ, ਪਰੋਪਕਾਰਮਯ ਜੀਵਨ ਬਤੀਤ ਕਰਨਾ ਹੀ ਉਨ੍ਹਾਂ ਦਾ ਉਦੇਸ਼ ਸੀ।

ਇਨ੍ਹਾਂ ਮੰਡਲੀਆਂ ਵਿਚ ਵਿਚਰਣ ਵਾਲੇ ਸੰਤਾਂ ਦੀ ਰਹਿਣੀ-ਸਹਿਣੀ-ਕਹਿਣੀ[5] ਅਤੇ ਵਿਰੱਕਤ ਜੀਵਨ[1] ਨੂੰ ਦੇਖ ਕੇ ਕੇ ਲੋਕ ਮੁਗਧ ਹੋ ਜਾਂਦੇ ਸਨ ਅਤੇ ਮਹਾਪੁਰਖਾਂ ਦੀ ਭਿਖਿਜਾ ਆਦਿ ਦੇ ਦ੍ਵਾਰਾ ਬੜੇ ਪ੍ਰੇਮ ਨਾਲ ਸੇਵਾ ਕਰਦੇ ਸਨ। ਜੋ ਮੰਡਲੀਆਂ

---

[1] ਪਢਿ ਨਿਗਮਾਗਮ ਗੁਰ ਢਿਗ ਆਏ। ਗੁਰਹਿ ਸੁਨਾਏ ਅਧਿਕ ਵਰ ਪਾਏ।
ਖੁਸ਼ੀ ਹੋਇ ਗੁਰ ਐਸ ਉਚਾਰੀ। ਸਾਰ ਵਿਦਿਆ ਜਗ ਜੁਗ ਭਾਰੀ।
ਸ਼ਸਤ੍ਰ ਏਕ ਸ਼ਾਸਤ੍ਰ ਦੂਜੀ। ਉਭੇ ਜਾਤਿ ਜਗ ਮਾਨੀ ਪੂਜੀ।
ਦੁਸ਼ਟ ਮੂਢ ਸ਼ਸਤ੍ਰੋਂ ਕਰਿ ਦਬ ਹੈਂ। ਸ਼ਾਸਤ੍ਰ ਤੈ ਕੋਵਿਦ ਬਸ ਫ਼ਬ ਹੈਂ।
ਅੰਬੀਰੀ ਵਜ਼ੀਰੀ ਫ਼ਕੀਰੀ। ਦਾਨ ਗਹੀਰੀ ਦਹੀਰੀ ਸਭੀ ਤਦਬੀਰੀ।
ਤਰਗਸ ਗੀਰੀ ਰਾਜ ਗਿਹੀਰੀ। ਹਮਰੇ ਪੰਥ ਬੀਚ ਸਬ ਥੀਰੀ।
ਇਤਜਾਦਿਕ ਬਰ ਸਤਿਗੁਰ ਦੀਏ। ਜੋ ਸੁਨ ਸਿੱਖ ਸਭੈ ਖੁਸ਼ਿ ਥੀਏ। (*ਪੰਥ ਪ੍ਰਕਾਸ਼,* ਪੰਨਾ 2799)

[2] ਬਹਤਾ ਪਾਨੀ ਨਿਰਮਲਾ ਪੜਾ ਗੰਧ ਸੇ ਹੋਏ। ਤਿਉਂ ਸਾਧੂ ਰਮਤਾ ਭਲਾ ਦਾਗ ਨ ਲਾਗੈ ਕੋਏ।
ਦਾਗ ਨ ਲਾਗੈ ਕੋਇ ਜਗਤ ਮੇ ਰਹੇ ਅਲੈਦਾ। ਰਾਗ ਦ੍ਵੇਸ਼ ਜੁਗ ਪ੍ਰੇਤ ਨ ਚਿਤ ਕੋ ਕਰੇ ਵਿੱਛੇਦਾ।
ਕਹੈ ਗਿਰਿਧਰ ਕਵਿਰਾਯ ਸੀਤ ਉਸ਼ਣਾਦਿਕ ਸਹਤਾ। ਹੋਇ ਨ ਕਹੀਂ ਅਸਕਤ ਯਥਾ ਗੰਗਾ ਜਲ ਬਹਤਾ। (ਗਿਰਿਧਰ ਕਵਿਰਾਯ)

[3] पिबन्ति नद्यः स्वयमेव नाम्बः स्वयं न खादन्ति फलानि वृक्षाः।
नादन्ति सस्यं खलु वारिवाहाः परोपकाराय सताँ विभूतयः।। (सूक्तावली अध्याय १ श्लोक १)

[4] ਕਬੀਰ ਭਲੀ ਮਧੁਕਰੀ ਨਾਨਾ ਬਿਧਿ ਕੋ ਨਾਜੁ॥ ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ॥ (ਸ੍ਰੀ. ਗੁ. ਗ੍ਰੰ. ਸਾ. ਪੰਨਾ 1376)

[5] यथा चितं तथा वाचा यथा वाचश्तथा क्रिया। चिते वाचि क्रियायां च साधुनामेकरूपता।। (सुभाषित)

ਵਿਚ ਰਹਿਣ ਵਾਲੇ ਸਾਧੂਆਂ ਵਿਦਿਆਰਥੀਆਂ ਦਾ ਨਿਰਵਾਹ ਪੁਸਤਕ ਵਸਤ੍ਰ ਆਦਿ ਦਾ ਪ੍ਰਬੰਧ ਕਰਦੇ ਸਨ, ਉਨ੍ਹਾਂ ਦਾ ਨਾਮ ਹੀ ਮੰਡਲੇਸ਼੍ਵਰ, ਮਹਾਂਮੰਡਲੇਸ਼੍ਵਰ ਹੁੰਦਾ ਸੀ। ਇਨ੍ਹਾਂ ਮੰਡਲੇਸ਼੍ਵਰਾਂ ਵਿਚੋਂ ਸ਼੍ਰੀਮਾਨ 108 ਸੰਤ ਸ਼ਮੀਰ ਸਿੰਘ ਜੀ 'ਬਲੌਂਗੀ' ਵਾਲੇ ਅਗ੍ਰਗਣਯ ਹੋਏ ਹਨ, ਜਿਨ੍ਹਾਂ ਨੇ 125 ਸਾਲ ਦੀ ਆਯੂ ਤਕ ਮੰਡਲੀ ਦ੍ਵਾਰਾ ਸਰਬ ਧਰਮਾਬਲੰਬੀ ਲੋਕਾਂ ਵਿਚ ਸਭ ਜਗ੍ਹਾ ਜਾ ਕੇ ਪ੍ਰਚਾਰ ਕੀਤਾ। ਇਨ੍ਹਾਂ ਤੋਂ ਬਾਅਦ ਇਨ੍ਹਾਂ ਦੇ ਪਰਮ ਸ਼ਿਸ਼ਯ ਸ਼੍ਰੀਮਾਨ ਮਹਾਂਮੰਡਲੇਸ਼੍ਵਰ ਪੰਡਿਤ ਕਾਲਾ ਸਿੰਘ ਜੀ ਮਹਾਰਾਜ ਨੇ ਵੀ ਮੰਡਲੀ ਦ੍ਵਾਰਾ ਪ੍ਰਚਾਰ ਕੀਤਾ। ਆਪ ਜੀ ਦੇ ਨਾਲ ਅਨੇਕਾਂ ਸੰਤ ਮਹਾਂਪੁਰਖ ਵਿਚਰਦੇ ਸਨ। ਆਪ ਜੀ ਦੇ ਆਪਣੇ ਸ਼ਿਸ਼ਯ 25-30 ਵਿਦ੍ਵਾਨ ਪੰਡਿਤ ਹੋਏ ਹਨ। ਆਪ ਜੀ ਨੇ ਹਰਿਦ੍ਵਾਰ ਤੋਂ ਲੈ ਕੇ ਹਿਮਾਚਲ, ਕੱਛ, ਜੂਨਾਗੜ੍ਹ, ਸੋਮਨਾਥ, ਸੂਰਤ, ਮੁੰਬਈ, ਹਜ਼ੂਰ ਸਾਹਿਬ, ਕੰਨਿਆ ਕੁਮਾਰੀ, ਰਾਮੇਸ਼੍ਵਰ, ਉੜੀਸਾ, ਜਗਨਨਾਥ ਪੁਰੀ, ਗਯਾ, ਪਟਨਾ ਸਾਹਿਬ, ਕਾਸ਼ੀ, ਇਲਾਹਾਬਾਦ, ਅਯੋਧਯਾ ਆਦਿ ਸਥਾਨਾਂ 'ਤੇ ਵਿਚਰ ਕੇ ਗੁਰਮਤਿ ਦਾ ਪ੍ਰਚਾਰ ਕੀਤਾ। ਇਹੀ ਆਪ ਜੀ ਦੇ ਜੀਵਨ ਦਾ ਮੁਖ ਲਕਸ਼ ਸੀ।

ਇਸੇ ਤਰ੍ਹਾਂ ਸ਼੍ਰੀ ਮਾਨ ਪੰਡਿਤ ਹਰੀ ਸਿੰਘ ਜੀ ਰਿਸ਼ੀਕੇਸ਼ ਛੇਤ੍ਰ ਵਾਲੇ ਹੋਏ ਹਨ, ਲੋਕ ਆਪ ਜੀ ਦਾ ਨਾਮ 'ਕਥਾ ਵਾਲੇ ਮਹਾਰਾਜ' ਕਹਿ ਕੇ ਉਚਾਰਦੇ ਸਨ। ਆਪ ਜੀ ਇਕ ਵਾਰ ਸੰਤ ਮੰਡਲੀ ਸਮੇਤ ਵਿਚਰਦੇ ਹੋਏ, ਜਦੋਂ ਨੇਪਾਲ ਦੇ ਕਾਠਮੰਡੂ ਸ਼ਹਿਰ ਵਿਚ ਪਹੁੰਚੇ ਉਥੇ ਕਥਾ ਕੀਤੀ। ਆਪ ਜੀ ਦੀ ਕਥਾ ਦਾ ਸ਼ਹਿਰ ਦੇ ਸ਼ਰਧਾਲੂਆਂ 'ਤੇ ਇਤਨਾ ਪ੍ਰਭਾਵ ਪਿਆ ਕਿ ਨੇਪਾਲ ਨਰੇਸ਼ ਸ੍ਵਯੰ ਆ ਕੇ ਆਪ ਜੀ ਨੂੰ ਮਹਿਲਾਂ ਵਿਚ ਲੈ ਗਿਆ। ਰਾਜ ਦਰਬਾਰ ਵਿਚ ਆਪ ਜੀ ਨੇ ਕਈ ਦਿਨ ਕਥਾ ਕੀਤੀ। ਆਪ ਜੀ ਦੇ ਤਿਆਗੀ ਜੀਵਨ ਤੋਂ ਪ੍ਰਭਾਵਿਤ ਹੋ ਕੇ ਨੇਪਾਲ ਨਰੇਸ਼ ਨੇ ਨਾਨਕ ਪੰਥੀ ਨਿਰਮਲੇ ਸੰਤਾਂ ਦੇ ਨਾਮ 'ਤੇ ਸ਼੍ਰੀ ਨਿਰਮਲ ਪੰਚਾਇਤੀ ਅਖਾੜਾ ਦੀ ਬ੍ਰਾਂਚ ਵਜੋਂ ਇਕ ਸਥਾਨ ਕਾਇਮ ਕੀਤਾ, ਜਿਸ ਦੇ ਪ੍ਰਬੰਧ ਦਾ ਸਾਰਾ ਖਰਚ ਨੇਪਾਲ ਸਰਕਾਰ ਵਲੋਂ ਨੀਯਤ ਕੀਤਾ ਗਿਆ। ਉਹ ਸਥਾਨ ਅਜ ਤੱਕ ਮੌਜੂਦ ਹੈ। ਇਸੇ ਪ੍ਰਕਾਰ ਹੀ ਸੰਤ ਬਾਬਾ ਈਸ਼ਰ ਸਿੰਘ ਜੀ ਦੌਦਰ ਵਾਲੇ, ਸੰਤ ਬਾਬਾ ਪ੍ਰੇਮ ਸਿੰਘ ਜੀ ਰਿਸ਼ੀਕੇਸ਼ ਝਾੜੀ ਵਾਲੇ, ਬਾਬਾ ਆਨੰਦ ਸਿੰਘ ਜੀ ਮੰਡਲੀ ਵਾਲੇ, ਪੰਡਿਤ ਈਸ਼ਰ ਸਿੰਘ ਜੀ ਕਾਸ਼ੀ ਵਾਲੇ, ਪੰਡਿਤ ਚੰਦਾ ਸਿੰਘ ਜੀ ਵਿਰੱਕਤ, ਪੰਡਿਤ ਗੁਰਬਖਸ਼ ਸਿੰਘ ਜੀ ਨਾਗੋਕੇ, ਪੰਡਿਤ ਹਮੀਰ ਸਿੰਘ ਜੀ ਗੁਰੂਸਰ ਖੁੱਡਾ, ਪੰਡਿਤ ਨਾਰਾਇਣ ਸਿੰਘ ਜੀ ਨਿਰਮਲ ਵਿਰੱਕਤ ਕੁਟੀਆ ਹਰਿਦ੍ਵਾਰ ਵਾਲੇ, ਪੰਡਿਤ ਮਿਹਰ ਸਿੰਘ ਜੀ ਜਗਰਾਓਂ ਵਾਲੇ, ਸੰਤ ਬਾਬਾ ਨਿੱਕਾ ਸਿੰਘ ਜੀ ਰਿਸ਼ੀਕੇਸ਼, ਸੰਤ ਸੁੰਦਰ ਸਿੰਘ ਜੀ ਭਿੰਡਰ ਕਲਾਂ ਮੋਗਾ, ਸੰਤ ਗਰਬਚਨ ਸਿੰਘ ਜੀ ਭਿੰਡਰ ਕਲਾਂ ਮੋਗਾ, ਸੰਤ ਬਾਬਾ ਦਲੇਲ ਸਿੰਘ ਜੀ ਵਿਰਕਤ ਸ਼ਾਹਬਾਦ ਵਾਲੇ, ਸੰਤ ਬਾਬਾ ਹਜ਼ਾਰਾ ਸਿੰਘ ਜੀ ਵਿਰੱਕਤ ਹਾਂਡੀ ਵਾਲੇ, ਸੁਆਮੀ ਮੰਗਲ ਹਰੀ ਜੀ ਡੇਰਾ ਕਿਲੇ ਵਾਲੇ (ਪੰਜਾਬ) ਇਤਿਆਦਿਕ ਮਹਾਪੁਰਖਾਂ ਨੇ ਮੰਡਲੀਆਂ ਦ੍ਵਾਰਾ ਪ੍ਰਚਾਰ ਕੀਤਾ।

ਇਸ ਸਮੇਂ ਨਿਰਮਲ ਭੇਖ ਸ਼ਿਰੋਮਣੀ ਵਿਦਿਆ ਮਾਰਤੰਡ, ਤਪੋ ਮੂਰਤੀ, ਅਨੰਤ ਸ਼੍ਰੀ ਵਿਭੂਸ਼ਿਤ ਸ਼੍ਰੀਮਾਨ 108 ਸ਼੍ਰੀ ਮਹੰਤ ਪੰਡਿਤ ਸ੍ਵਾਮੀ ਗਿਆਨਦੇਵ ਸਿੰਘ ਜੀ ਮਹਾਰਾਜ ਜੋ ਕਿ ਸ਼੍ਰੀ ਪੰਚਾਇਤੀ ਅਖਾੜਾ ਨਿਰਮਲਾ ਦੇ ਸ਼੍ਰੀ ਮਹੰਤ ਪਦ ਪਰ ਸੁਸ਼ੋਭਿਤ ਹਨ। ਉਨ੍ਹਾਂ ਨੇ ਸ਼੍ਰੀ ਨਿਰਮਲ ਸੰਸਕ੍ਰਿਤ ਵਿਦਿਆਲਯ ਕਾਸ਼ੀ ਵਿਚ 12 ਵਰਸ਼ ਨਿਵਾਸ ਕਰਕੇ ਤਿਆਗਮਯ, ਤਪਸਯਾਮਯ ਜੀਵਨ ਬਤੀਤ ਕਰਦੇ ਹੋਏ ਬ੍ਰਹਮ ਵਿਦਿਆ ਦਾ ਅਧਿਐਨ ਕੀਤਾ। 'ਸੰਪੂਰਣਾਨੰਦ ਸੰਸਕ੍ਰਿਤ ਯੂਨੀਵਰਸਿਟੀ' ਬਨਾਰਸ ਤੋਂ ਵੇਦਾਂਤਾਚਾਰਯ ਦੀ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ ਕਾਸ਼ੀ ਵਿਚੋਂ ਹੀ ਕੁਛ ਵਿਦ੍ਵਾਨ, ਜੋ ਕਿ ਉਪਰਾਮ ਵ੍ਰਿਤੀ ਵਾਲੇ ਵੀਤਰਾਗ ਮਹਾਪੁਰਖ ਸਨ, ਉਨ੍ਹਾਂ ਨੂੰ ਨਾਲ ਲੈ ਕੇ ਵਿਰੱਕਤ ਸੰਤ ਮੰਡਲੀ ਦੇ ਰੂਪ ਵਿਚ ਤਕਰੀਬਨ 15 ਵਰਸ਼ ਤਕ ਭਾਰਤ ਵਰਸ਼ ਦੇ ਪ੍ਰਮੁਖ ਤੀਰਥ ਸਥਾਨਾਂ ਅਤੇ ਪਿੰਡਾਂ, ਨਗਰਾਂ, ਸ਼ਹਿਰਾਂ ਦੀ ਪੈਦਲ ਯਾਤ੍ਰਾ ਕਰਦੇ ਹੋਏ ਅਧਿਐਨ, ਅਧਿਆਪਨ, ਗੁਰਬਾਣੀ ਤਥਾ ਸ਼ਾਸਤ੍ਰਾਂ ਦਾ ਸਮੰਨ੍ਵਯ ਕਰਕੇ ਗੁਰੂ ਨਾਨਕ ਦੇਵ ਜੀ ਦੇ ਅਦ੍ਵੈਤ ਸਿਧਾਂਤ ਨੂੰ ਸਰਵ ਧਰਮਾਵਲੰਬੀ ਜਨ ਸਾਧਾਰਣ ਤਕ ਪਹੁੰਚਾਇਆ।18 ਸਿਤੰਬਰ ਸੰਨ 1993 ਨੂੰ ਸ਼੍ਰੀ ਮਹੰਤ ਬਲਵੀਰ ਸਿੰਘ ਸ਼ਾਸਤ੍ਰੀ ਜੀ ਦੇ ਬ੍ਰਹਮਲੀਨ ਹੋਣ ਤੋਂ ਪਸ਼ਚਾਤ ਨਵੇਂ ਸ਼੍ਰੀ ਮਹੰਤ ਜੀ ਦੀ ਚੋਣ ਸਮੇਂ ਸਾਰੇ ਨਿਰਮਲ ਭੇਖ ਨੇ ਸਰਵਸੰਮਤੀ ਨਾਲ ਆਪ ਜੀ ਦਾ ਨਾਮ ਸ੍ਵੀਕਾਰ ਕੀਤਾ।

ਉਸ ਸਮੇਂ ਆਪ ਜੀ ਵਿਰੱਕਤ ਸੰਤ ਮੰਡਲੀ ਸਹਿਤ ਉਜੈਨ ਦੇ ਕੁੰਭ ਮੇਲੇ ਤੋਂ ਬਾਅਦ ਰਤਲਾਮ ਸ਼ਹਿਰ ਮਧਯ ਪ੍ਰਦੇਸ਼ ਵਿਚ ਧਰਮ ਪ੍ਰਚਾਰ ਕਰਦੇ ਹੋਏ ਵਿਚਰ ਰਹੇ ਸਨ। ਭੇਖ ਦੇ ਕੁਛ ਪ੍ਰਮੁਖ ਮਹਾਪੁਰਖ ਇਕੱਠੇ ਹੋ ਕੇ ਆਪ ਜੀ ਨੂੰ ਲਿਆਉਣ ਵਾਸਤੇ ਰਤਲਾਮ ਪਹੁੰਚੇ ਅਤੇ ਆਪ ਜੀ ਨੂੰ ਪੂਰਵ ਸ਼੍ਰੀ ਮਹੰਤ ਸਾਹਿਬ ਦੇ ਬ੍ਰਹਮ ਲੀਨ ਹੋਣ ਤੋਂ ਅਵਗਤ ਕਰਾਇਆ ਅਤੇ ਕਿਹਾ ਕਿ ਉਨ੍ਹਾਂ ਦੇ ਉੱਤਰਾਧਿਕਾਰੀ ਦੇ ਰੂਪ ਵਿਚ ਆਪ ਜੀ ਦਾ ਨਾਮ ਸਾਰੇ ਨਿਰਮਲ ਭੇਖ ਨੇ ਸਰਵ-ਸੰਮਤੀ ਨਾਲ ਸ਼੍ਰੀ ਮਹੰਤ ਪਦ ਵਾਸਤੇ ਪ੍ਰਵਾਨ ਕੀਤਾ ਹੈ। ਭਾਵੇਂ ਆਪ ਜੀ ਮਨ ਬਾਣੀ ਕਰਕੇ ਪ੍ਰਵ੍ਰਿੱਤੀ ਵਿਚ ਰੁਚੀ ਨਹੀਂ ਸੀ ਰਖਦੇ, ਪਰੰਤੂ ਪੰਚ

[1] कौपीन युगलं कंथा दण्ड एकपरिग्रह:। यत: परमहंसस्य नाधिकं तु विधीयते।। (नारदपरिव्राजक 3-27)

ਪਰਮੇਸ਼੍ਵਰ ਦੀ ਆਗਿਆ ਨੂੰ ਸ਼ਿਰੋਧਾਰਣ ਕਰਦੇ ਹੋਏ ਸ੍ਰੀ ਮਹੰਤ ਪਦ ਨੂੰ ਸਵੀਕਾਰ ਕਰ ਲਿਆ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਅਤੇ ਭੇਖ ਦੀ ਅਗਵਾਈ ਕਰਦੇ ਹੋਏ ਵਿਰੱਕਤ ਸੰਤ ਮੰਡਲੀ ਨੂੰ ਵੀ ਕਾਇਮ ਰੱਖਿਆ ਹੈ। ਜਿਸ ਦੇ ਦ੍ਵਾਰਾ ਸ੍ਰੀ ਮਹੰਤ ਜੀ ਮਹਾਰਾਜ ਨੇ ਧਰਮ ਪ੍ਰਚਾਰ ਅਤੇ ਬ੍ਰਹਮ ਵਿਦਿਆ ਦਾ ਅਧਿਐਨ, ਅਧਿਆਪਨ ਕਰਾਉਂਦੇ ਹੋਏ ਕੁਛ ਸਾਲ ਪੂਰਵ ਭਾਰਤ ਦੇ ਪ੍ਰਮੁਖ ਤੀਰਥ ਸਥਾਨਾਂ ਦੀਆਂ ਕਈ ਵਿਸ਼ਾਲ ਯਾਤ੍ਰਾਵਾਂ ਕੀਤੀਆਂ। ਜਿਨ੍ਹਾਂ ਯਾਤ੍ਰਾਵਾਂ ਦੇ ਸਮੇਂ ਲੇਖਕ ਆਪਣੇ ਸਾਰੇ ਸਹਿਪਾਠੀ ਸੰਤ ਮਹਾਪੁਰਖਾਂ ਦੇ ਸਹਿਤ ਮਹਾਰਾਜ ਜੀ ਦੀ ਸੇਵਾ ਵਿਚ ਸਨ।

ਪਹਿਲੀ ਯਾਤ੍ਰਾ- ਦਸੰਬਰ 1998 ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਆਰੰਭ ਕਰਕੇ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਗੁਜਰਾਤ ਦੇ ਪ੍ਰਮੁਖ ਤੀਰਥਾਂ, ਨਗਰਾਂ, ਸ਼ਹਿਰਾਂ ਵਿਚ ਵਿਚਰਦੇ ਹੋਏ ਦ੍ਵਾਰਕਾ ਤਕ।

ਦੂਸਰੀ ਯਾਤ੍ਰਾ- ਦਸੰਬਰ 1999 ਵਿਚ ਹਰਿਦ੍ਵਾਰ ਤੋਂ ਆਰੰਭ ਕਰਕੇ ਯੂ. ਪੀ., ਦਿਲੀ, ਮੱਧ ਪ੍ਰਦੇਸ਼, ਮਹਾਰਾਸ਼ਟ੍ਰ, ਕਰਨਾਟਕ, ਕੇਰਲ, ਤਾਮਿਲਨਾਡੂ ਇਤਿਆਦਿਕ ਪ੍ਰਾਂਤਾਂ ਵਿਚ ਧਰਮ ਪ੍ਰਚਾਰ ਕਰਦੇ ਹੋਏ ਕੰਨਿਆਂ ਕੁਮਾਰੀ, ਰਾਮੇਸ਼੍ਵਰ ਤਕ।

ਤੀਸਰੀ ਯਾਤ੍ਰਾ- ਮਈ 2003 ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਆਰੰਭ ਕਰਕੇ ਅਨੇਕਾਂ ਪ੍ਰਾਂਤਾਂ ਵਿਚ ਧਰਮ ਪ੍ਰਚਾਰ ਕਰਦੇ ਹੋਇ ਕੰਨਿਆ ਕੁਮਾਰੀ, ਰਾਮੇਸ਼੍ਵਰ, ਤਿਰੂਪਤੀ ਬਾਲਾ ਜੀ ਆਂਧਰਾ ਪ੍ਰਦੇਸ਼ ਆਦਿਕ ਤੀਰਥ ਸਥਾਨਾਂ ਦੇ ਦਰਸ਼ਨ ਕਰਕੇ ਤ੍ਰਿੰਬਕੇਸ਼੍ਵਰ, ਨਾਸਿਕ, ਕੁੰਭ ਮੇਲੇ ਪਰ ਵਾਪਿਸ ਪਹੁੰਚੇ। ਇਸ ਪ੍ਰਕਾਰ ਮਹਾਪੁਰਖਾਂ ਨੇ ਮੰਡਲੀਆਂ ਦੇ ਰੂਪ ਵਿਚ ਵਿਚਰਣ ਕਰਕੇ ਗੁਰਮਤਿ ਸਿਧਾਂਤ ਅਤੇ ਭਾਰਤੀਯ ਸੰਸਕ੍ਰਿਤੀ ਦੇ ਪ੍ਰਚਾਰ ਵਿਚ ਅਵਿਸਮਰਣੀਯ ਯੋਗਦਾਨ ਪਾਇਆ ਹੈ।

**ਕੁਟੀਆ, ਡੇਰੇ, ਆਸ਼੍ਰਮਾਂ ਦ੍ਵਾਰਾ ਯੋਗਦਾਨ** : ਇਸ ਤਰ੍ਹਾਂ ਨਿਰਮਲੇ ਸੰਤਾਂ ਦੇ ਤਿਆਗਮਈ ਅਤੇ ਸਾਦਗੀ ਵਾਲੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਗੁਰਮੁਖਾਂ ਸ਼ਰਧਾਲੂਆਂ ਨੇ ਜਿਥੇ-ਜਿਥੇ ਕੋਈ ਮਹਾਪੁਰਖ ਜਾ ਕੇ ਟਿਕ ਜਾਂਦਾ, ਉਥੇ-ਉਥੇ ਉਨ੍ਹਾਂ ਦੇ ਨਿਵਾਸ ਵਾਸਤੇ ਕੁਟੀਆ ਬਣਾ ਦਿਤੀਆਂ ਜੋ ਅਗੇ ਜਾ ਕੇ ਆਸ਼੍ਰਮਾਂ, ਡੇਰਿਆਂ, ਮੱਠਾਂ ਦਾ ਰੂਪ ਧਾਰਣ ਕਰ ਗਈਆਂ। ਜਿਸ ਵਕਤ ਦੇਸ਼ ਦੇ ਪਿੰਡਾਂ, ਨਗਰਾਂ, ਸ਼ਹਿਰਾਂ ਵਿਚ ਸਕੂਲ, ਕਾਲਜ, ਵਿਦਿਆਲਯ, ਔਸ਼ਧਾਲਯ ਆਦਿਕ ਮੌਜੂਦ ਨਹੀਂ ਸਨ, ਉਸ ਸਮੇਂ ਸੰਤਾਂ ਮਹਾਤਮਾਂ ਨੇ ਇਨ੍ਹਾਂ ਡੇਰਿਆਂ, ਆਸ਼੍ਰਮਾਂ ਦੁਆਰਾ ਸਕੂਲਾਂ, ਵਿਦਿਆਲਿਆਂ, ਔਸ਼ਧਾਲਿਆਂ ਦਾ ਕੰਮ ਕੀਤਾ। ਇਨ੍ਹਾਂ ਸਥਾਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਗੁਰਮੁਖੀ ਅਤੇ ਗੁਰਬਾਣੀ ਪੜ੍ਹਾਉਣ ਦੀ ਜਿਮੇਵਾਰੀ ਸਮਝ ਕੇ ਘਰ-ਘਰ ਵਿਚ ਜਾ ਕੇ ਗੁਰਮੁਖੀ ਪੜ੍ਹਾ ਕੇ ਗੁਰ-ਇਤਿਹਾਸ ਅਤੇ ਗੁਰਬਾਣੀ ਦੇ ਦੁਆਰਾ ਗੁਰਮਤਿ ਸਿਧਾਂਤ ਤੋਂ ਜਾਣੂ ਕਰਵਾਇਆ ਅਤੇ ਔਸ਼ਧੀਆਂ ਦੇ ਦੁਆਰਾ ਰੋਗੀਆਂ ਦੇ ਰੋਗਾਂ ਦੀ ਨਿਵਿਰਤੀ ਕਰਕੇ ਗੁਰੂ ਚਰਨਾਂ ਨਾਲ ਜੋੜਿਆ। ਇਨ੍ਹਾਂ ਡੇਰਿਆਂ ਆਸ਼੍ਰਮਾਂ ਵਿਚ ਰਹਿੰਦਿਆਂ ਸੰਤ ਮਹਾਪੁਰਖ ਆਪਣੇ ਹੱਥੀਂ[1] ਗੁਰਬਾਣੀ ਦੀਆਂ ਪੋਥੀਆਂ, ਗੁਟਕੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਲਿਖ ਕੇ ਮੁਫ਼ਤ ਸੇਵਾ ਕਰਦੇ ਰਹੇ। ਸ੍ਰੀ ਮਾਨ ਸੰਤ ਬਾਬਾ ਬੱਲਾ ਸਿੰਘ ਜੀ ਨੇ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਅਤੇ ਇਕ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬੀੜ ਲਿਖੀ। ਪਰਮ ਵੀਤਰਾਗ ਸ੍ਰੀ ਮਾਨ ਸੁਆਮੀ ਭਗਤ ਸਿੰਘ ਜੀ ਪਿੰਡੀਘੇਬ ਵਾਲਿਆਂ ਨੇ ਪੰਜ ਬੀੜਾਂ ਸ੍ਰੀ ਗੁਰੂ ਸਾਹਿਬ ਜੀ ਦੀਆਂ ਲਿਖੀਆਂ। ਸ੍ਰੀ ਮਾਨ ਸੰਤ ਬਾਬਾ ਵਧਾਵਾ ਸਿੰਘ ਜੀ ਲਹਿਰਾ ਖਾਨਾਂ ਬਠਿੰਡਾ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਤਿੰਨ ਬੀੜਾਂ ਲਿਖੀਆਂ। ਐਸੇ ਹੋਰ ਵੀ ਅਨੇਕਾਂ ਮਹਾਪੁਰਖ ਹੋਏ ਹਨ, ਇਹ ਤਾਂ ਕੇਵਲ ਸੰਕੇਤ ਮਾਤ੍ਰ ਹੈ। ਐਸੇ ਗੁਰਮਤਿ ਦੇ ਸ੍ਰੋਤ ਨਿਰਮਲੇ ਸੰਤਾਂ ਦੇ ਆਸ਼੍ਰਮ, ਕੁਟੀਆ, ਡੇਰੇ ਭਾਰਤ ਦੇ ਕੋਨੇ-ਕੋਨੇ ਵਿਚ ਬਣੇ ਹੋਏ ਹਨ। ਜੈਸੇ ਡੇਰਾ ਬਾਬਾ ਗਾਂਧਾ ਸਿੰਘ ਜੀ ਬਰਨਾਲਾ, ਡੇਰਾ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ, ਡੇਰਾ ਹੋਤੀਮਰਦਾਨ ਤਪ ਸਥਾਨ ਸੰਤ ਬਾਬਾ ਕਰਮ ਸਿੰਘ ਜੀ, ਡੇਰਾ ਨਿਰਮਲ ਆਸ਼੍ਰਮ ਖਡੂਰ ਸਾਹਿਬ, ਡੇਰਾ ਠਾਕੁਰਾ ਅੰਮ੍ਰਿਤਸਰ, ਡੇਰਾ ਬਾਬਾ ਮਿਸ਼ਰਾ ਸਿੰਘ ਜੀ ਅੰਮ੍ਰਿਤਸਰ, ਡੇਰਾ ਹਰਖੋਵਾਲ ਸੰਤ ਬਾਬਾ ਜਵਾਲਾ ਸਿੰਘ ਜੀ, ਡੇਰਾ ਮਹਿਮੇ ਸ਼ਾਹੀਆਂ ਪੰਜ ਗਰਾਂਈ, ਡੇਰਾ ਭੋਰੇ ਵਾਲਾ ਸੁਖਾਨੰਦ ਬਠਿੰਡਾ, ਡੇਰਾ ਕਰਮਸਰ ਰਾੜਾ ਸਾਹਿਬ, ਡੇਰਾ ਨਾਨਕਸਰ ਕਲੇਰਾਂ, ਡੇਰਾ ਗੁਰੂਸਰ ਖੁੱਡਾ, ਡੇਰਾ ਸੰਤ ਬਾਬਾ ਹਰੀ ਸਿੰਘ ਜੀ ਨੈਕੀ ਵਾਲੇ ਮੰਨਣਹਾਰਾ, ਤਪ ਸਥਾਨ ਸੰਤ ਬਾਬਾ ਹਰਨਾਮ ਸਿੰਘ ਜੀ ਜਿਆਣ ਹੁਸ਼ਿਆਰਪੁਰ, ਡੇਰਾ ਅਖੰਡ ਪ੍ਰਕਾਸ਼ ਭਿੰਡਰ ਕਲਾਂ ਮੋਗਾ, ਡੇਰਾ ਸੰਤ ਬਾਬਾ ਹਮੀਰ ਸਿੰਘ ਜੀ ਜਨੇਰ ਮੋਗਾ, ਡੇਰਾ ਸੰਤ ਬਾਬਾ ਰੋਚਾ ਸਿੰਘ ਜੀ ਪੁਣਛ, ਇਸ ਪ੍ਰਕਾਰ ਪੰਜਾਬ ਤੋਂ ਬਾਹਰ ਹਰਿਦੁਆਰ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ ਅਤੇ ਅਖਾੜੇ ਦੀਆਂ ਪ੍ਰਯਾਗਰਾਜ, ਬਨਾਰਸ, ਪਟਨਾ, ਉਜੈਨ, ਨਾਸਿਕ, ਨੇਪਾਲ, ਕਾਠਮੰਡੂ ਆਦਿਕ ਪ੍ਰਮੁਖ ਸਥਾਨਾਂ 'ਤੇ 25-30 ਬ੍ਰਾਂਚਾਂ ਹਨ।

---

[1] ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜਇਏ ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ॥ (ਸ੍ਰੀ. ਗੁ. ਗ੍ਰੰ. ਸਾ. ਪੰਨਾ 709)
ਗੁਰਬਾਣੀ ਲਿਖ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੈ॥ (ਵਾਰਾਂ ਭਾਈ ਗੁਰਦਾਸ, 6-12)

ਡੇਰਾ ਬਾਬਾ ਦਰਗਾਹ ਸਿੰਘ ਜੀ ਤਪ ਸਥਾਨ ਪਾ: 3 ਕਨਖਲ, ਡੇਰਾ ਨਿਰਮਲ ਬਾਗ, ਡੇਰਾ ਰਤਨ ਬਾਗ, ਡੇਰਾ ਸੰਤ ਪੁਰਾ, ਨਿਰਮਲ ਵਿਰੱਕਤ ਕੁਟੀਆ ਕਨਖਲ, ਡੇਰਾ ਭਜਨਗੜ੍ਹ, ਡੇਰਾ ਨਿਹਕਲੰਕ ਖੜਕੜੀ, ਨਿਰਮਲ ਆਸ਼੍ਰਮ ਰਿਸ਼ੀਕੇਸ਼, ਸੰਗਤ ਚੇਤਨ ਮਠ ਕਾਸ਼ੀ, ਸੰਗਤ ਲਾਹੌਰੀ ਟੋਲਾ ਕਾਸ਼ੀ, ਨਿਰਮਲ ਆਸ਼੍ਰਮ ਲਖੀਮਪੁਰ ਖੀਰੀ ਯੂ. ਪੀ., ਡੇਰਾ ਸੰਤ ਆਸ਼੍ਰਮ ਮੋਦੀ ਨਗਰ ਯੂ. ਪੀ., ਡੇਰਾ ਸੰਤਪੁਰਾ ਦਿੱਲੀ, ਨਿਰਮਲ ਆਸ਼੍ਰਮ ਪੁਸ਼ਕਰ ਰਾਜਸਥਾਨ, ਡੇਰਾ ਨਿਰਮਲ ਬਗੀਚੀ ਬਾੜਮੇਰ ਰਾਜਸਥਾਨ, ਇਤਿਆਦਿਕ ਅਨੇਕਾਂ ਸਥਾਨਾਂ 'ਤੇ ਨਿਰਮਲੇ ਸੰਤਾਂ ਨੇ ਡੇਰੇ ਕਾਇਮ ਕਰਕੇ ਸੇਵਾ, ਨਾਮ ਸਿਮਰਨ, ਪ੍ਰੇਮਾ ਭਗਤੀ, ਸਾਂਝੀਵਾਲਤਾ ਦਾ ਉਪਦੇਸ਼ ਪ੍ਰਾਣੀ ਮਾਤ੍ਰ ਨੂੰ ਦਿਤਾ। ਨਿਰਮਲੇ ਸੰਤ ਉਪਦੇਸ਼ਟਾ ਗੁਰੂ ਨੂੰ ਮੰਨਦੇ ਹੋਏ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਾਂ ਗੁਰੂਆਂ ਨੂੰ ਹੀ ਮੰਨਦੇ ਹਨ, ਪਰੰਤੂ ਵੇਦਾਂ, ਸ਼ਾਸਤ੍ਰਾਂ, ਉਪਨਿਸ਼ਦਾਂ, ਗੀਤਾ, ਰਾਮਾਇਣ, ਭਾਗਵਤ, ਮਹਾਂਭਾਰਤ ਆਦਿ ਪ੍ਰਾਚੀਨ ਗ੍ਰੰਥਾਂ ਨਾਲ ਗੁਰਬਾਣੀ ਦਾ ਸੁਮੇਲ ਕਰਕੇ ਧਰਮ ਪ੍ਰਚਾਰ ਕਰਦੇ ਹਨ, ਜਿਸ ਸਦਕਾ ਦੂਸਰੇ ਧਰਮਾਵਲੰਬੀ ਅਨੇਕਾਂ ਲੋਕ ਗੁਰੂ ਘਰ ਦੇ ਸ਼ਰਧਾਲੂ ਬਣ ਜਾਂਦੇ ਹਨ। ਬੰਗਾਲ ਦੇ ਜ਼ਿਲ੍ਹਾ ਮੇਦਨੀਪੁਰ ਵਿਚ ਸੰਤ ਬਾਬਾ ਰਘੁਬੀਰ ਸਿੰਘ ਜੀ ਕਾਸ਼ੀ ਵਾਲੇ ਕਥਾ ਪ੍ਰਚਾਰ ਕਰਿਆ ਕਰਦੇ ਸਨ। ਉਥੇ ਬਹੁਤ ਪਿੰਡਾਂ ਦੇ ਬੰਗਾਲੀ ਜਿਮੀਂਦਾਰ ਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਸ਼ਰਧਾਲੂ ਬਣ ਗਏ ਸਨ, ਜੋ ਹੁਣ ਤਕ ਗੁਰੂ ਘਰ ਨਾਲ ਜੁੜੇ ਹੋਏ ਹਨ। ਇਸ ਪ੍ਰਕਾਰ ਹੋਰ ਭੀ ਅਨੇਕਾਂ ਸਿੰਧੀ, ਸਹਿਜਧਾਰੀ ਖੱਤ੍ਰੀ ਲੋਕ ਗੁਰਮਤਿ ਦੇ ਧਾਰਣੀ ਬਣੇ। ਸੰਤਾਂ ਨੇ ਇਨ੍ਹਾਂ ਡੇਰਿਆਂ, ਕੁਟੀਆਂ, ਆਸ਼੍ਰਮਾਂ ਦੁਆਰਾ ਸਮਾਜਿਕ ਸੇਵਾ ਅਤੇ ਧਰਮ ਪ੍ਰਚਾਰ ਵਿਚ ਅਪੂਰਵ ਯੋਗਦਾਨ ਪਾਇਆ ਤਥਾ ਵਰਤਮਾਨ ਵਿਚ ਪਾ ਰਹੇ ਹਨ।

**ਵਿਦਿਆਲਿਆਂ ਦੁਆਰਾ ਯੋਗਦਾਨ** : ਜਿਥੇ ਨਿਰਮਲੇ ਮਹਾਪੁਰਖਾਂ ਨੇ ਕੁਟੀਆ, ਡੇਰਿਆਂ, ਆਸ਼੍ਰਮਾਂ ਅਤੇ ਮੱਠਾਂ ਦੇ ਦੁਆਰਾ ਗੁਰਮਤਿ ਦੇ ਪ੍ਰਚਾਰ ਵਿਚ ਯੋਗਦਾਨ ਪਾਇਆ, ਉਥੇ ਉਨ੍ਹਾਂ ਨੇ ਸੰਸਕ੍ਰਿਤ ਵਿਦਿਆ ਦੇ ਪ੍ਰਤੀ ਗੁਰਸਿਖਾਂ ਦੀ ਵਧਦੀ ਅਭਿਲਾਸ਼ਾ ਨੂੰ ਦੇਖ ਕੇ ਸਭ ਤੋਂ ਪਹਿਲਾਂ ਸੰਗਤ ਚੇਤਨ ਮੱਠ ਕਾਸ਼ੀ (ਬਨਾਰਸ) ਵਿਖੇ 'ਸ੍ਰੀ ਗੁਰੂ ਨਾਨਕ ਸੰਸਕ੍ਰਿਤ ਮਹਾਂ ਵਿਦਿਆਲਯ' ਕਾਇਮ ਕੀਤਾ। ਜਿਸ ਵਿਚ ਅਨੇਕਾਂ ਸੰਤ ਵਿਦਿਆਰਥੀ ਸੰਸਕ੍ਰਿਤ ਵਿਦਿਆ ਦਾ ਅਧਿਐਨ ਕਰਕੇ ਪੂਰੇ ਭਾਰਤ ਵਰਸ਼ ਵਿਚ ਧਰਮ ਪ੍ਰਚਾਰ ਕਰਦੇ ਰਹੇ।

ਕਾਸ਼ੀ ਵਿਚ ਪੜ੍ਹਨ ਵਾਲੇ ਜਿਗਿਆਸੂਆਂ ਦੀ ਵਧਦੀ ਹੋਈ ਸੰਖਿਆ ਨੂੰ ਦੇਖ ਕੇ ਦੂਸਰਾ ਮੱਠ 'ਸੰਗਤ ਲਾਹੌਰੀ ਟੋਲੇ' ਦਾ ਨਿਰਮਾਣ ਕੀਤਾ, ਜਿਸ ਵਿਚ ਸ੍ਰੀ ਨਿਰਮਲ ਸੰਸਕ੍ਰਿਤ ਮਹਾਵਿਦਿਆਲਯ ਸਥਾਪਿਤ ਕੀਤਾ। ਇਸ ਵਿਦਿਆਲਯ ਵਿਚੋਂ ਨਿਰਮਲ ਭੇਖ ਦੇ ਸੈਂਕੜੇ ਮਹਾਪੁਰਖ ਪ੍ਰਕਾਂਡ ਵਿਦ੍ਵਾਨ ਬਣ ਕੇ ਨਿਕਲੇ, ਜਿਸ ਤਰ੍ਹਾਂ ਪੰਡਿਤ ਈਸ਼ਰ ਸਿੰਘ ਜੀ ਕਾਸ਼ੀ ਵਾਲੇ, ਪੰਡਿਤ ਗੋਬਿੰਦ ਸਿੰਘ ਜੀ ਸਾਧੂ, ਸ੍ਰੀ ਮਹੰਤ ਪੰਡਿਤ ਉਧਵ ਸਿੰਘ ਜੀ ਨੈਯਾਯਿਕ, ਪੰਡਿਤ ਭਾਨ ਸਿੰਘ ਜੀ ਨਜਾਯ ਗੌਤਮ ਕੋਕਰੀ ਵਾਲੇ, ਸ੍ਵਾਮੀ ਸੰਤ ਸਿੰਘ ਜੀ ਪਟਨੇ ਵਾਲੇ, ਸ੍ਵਾਮੀ ਅਰਜੁਨ ਸਿੰਘ ਜੀ ਮੁਨੀ, ਸ੍ਰੀਮਾਨ ਮਹੰਤ ਗੁਰਦੀਪ ਸਿੰਘ ਜੀ 'ਕੇਸਰੀ', ਪੰਜ ਸੁਵਰਣ ਪਦਕ ਵਿਜੇਤਾ ਪੀਐਚ. ਡੀ., ਡੀ. ਲਿਟ. ਪੰਡਿਤ ਸ੍ਵਾਮੀ ਰਾਮਪਾਲ ਸਿੰਘ ਜੀ ਦਿੱਲੀ ਵਾਲੇ ਇਤਿਆਦਿਕ ਮਹਾਪੁਰਖ ਜਿਨ੍ਹਾਂ ਨੇ ਕਈ ਅਮੋਲਕ ਗ੍ਰੰਥਾਂ ਦੀ ਰਚਨਾ ਕੀਤੀ, ਜਿਨ੍ਹਾਂ ਗ੍ਰੰਥਾਂ ਨੂੰ ਪੜ੍ਹ ਕੇ ਅਜ ਤੱਕ ਵਿਦ੍ਵਾਨ ਲੋਕ ਲਾਭਾਨ੍ਵਿਤ ਹੋ ਰਹੇ ਹਨ।

ਇਸ ਨਿਰਮਲ ਵਿਦਿਆਲਯ ਨੂੰ ਹੀ ਗੌਰਵ ਪ੍ਰਾਪਤ ਹੈ ਕਿ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ ਦੇ ਵਰਤਮਾਨ ਪਰਮ ਪੂਜਯ ਸ੍ਰੀਮਾਨ 108 ਸ੍ਰੀ ਮਹੰਤ ਸ੍ਵਾਮੀ ਗਿਆਨਦੇਵ ਸਿੰਘ ਜੀ ਨੇ ਇਥੇ ਹੀ ਰਹਿ ਕੇ ਵਿਦਿਆ ਪ੍ਰਾਪਤ ਕੀਤੀ ਅਤੇ ਇਸ ਸਮੇਂ ਇਹ ਨਿਰਮਲ ਸੰਸਕ੍ਰਿਤ ਮਹਾਵਿਦਿਆਲਯ ਸ੍ਰੀ ਨਿਰਮਲ ਅਖਾੜੇ ਦੇ ਪ੍ਰਬੰਧ ਹੇਠ ਬਹੁਤ ਸੁਚਾਰੂ ਰੂਪ ਨਾਲ ਚਲ ਰਿਹਾ ਹੈ। ਸ੍ਰੀ ਮਹੰਤ ਸਾਹਿਬ ਜੀ ਦੇ ਆਸ਼ੀਰਵਾਦ ਨਾਲ ਅਜ-ਕਲ 20-25 ਨਿਰਮਲੇ ਸਾਧੂ ਅਤੇ ਹੋਰ ਬ੍ਰਾਹਮਣ ਆਦਿ ਛਾਤ੍ਰ ਵਿਦਿਆ ਪ੍ਰਾਪਤ ਕਰ ਰਹੇ ਹਨ, ਜਿਨ੍ਹਾਂ ਦੇ ਭੋਜਨ ਤਥਾ ਨਿਵਾਸ ਆਦਿ ਦਾ ਸਾਰਾ ਪ੍ਰਬੰਧ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਕਰਦਾ ਹੈ। ਇਸੇ ਤਰ੍ਹਾਂ ਕਨਖਲ ਹਰਿਦ੍ਵਾਰ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਦੁਆਰਾ 'ਨਿਰਮਲ ਸੰਸਕ੍ਰਿਤ ਮਹਾਵਿਦਿਆਲਯ' ਸਥਾਪਿਤ ਹੈ, ਜਿਸ ਵਿਚ ਸਾਧੂ ਵਿਦਿਆਰਥੀਆਂ ਤੋਂ ਅਤਿਰਿਕਤ ਸਾਰੇ ਵਰਣਾਂ ਦੇ ਛਾਤ੍ਰ ਪੜ੍ਹਦੇ-ਲਿਖਦੇ ਹਨ ਅਤੇ ਸੰਧਿਆ ਸਮੇਂ ਸਾਰੇ ਵਿਦਿਆਰਥੀ 'ਰਹਿਰਾਸ ਸਾਹਿਬ' ਜੀ ਦੇ ਪਾਠ ਸਮੇਂ ਆਰਤੀ ਪੂਜਨ, ਮੁਖਵਾਕ, ਕੀਰਤਨ ਸੋਹਿਲਾ ਅਤੇ ਅਰਦਾਸ ਵਿਚ ਉਪਸਥਿਤ ਹੋ ਕੇ ਅੰਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੈ ਬੁਲਾਉਂਦੇ ਹਨ ਅਤੇ ਲੰਗਰ ਵਿਚ ਪ੍ਰਸ਼ਾਦਾ ਛਕਣ ਸਮੇਂ ਗੁਰਬਾਣੀ ਦੇ ਸ਼ਬਦ ਪੜ੍ਹਦੇ ਹਨ ਅਰਥਾਤ ਇਨ੍ਹਾਂ ਦੋਨਾਂ ਵਿਦਿਆਲਿਆਂ ਵਿਚੋਂ ਹੋਰ ਧਰਮਾਂ ਦੇ ਅਨੁਯਾਯੀ ਵਿਦਿਆਰਥੀ ਪੜ੍ਹਨ ਸਮੇਂ ਰਹਿ ਕੇ ਗੁਰੂ ਇਤਿਹਾਸ ਦੇ ਜਾਣੂ ਅਤੇ ਸ੍ਰੀ ਗੁਰੂ ਨਾਨਕਦੇਵ ਜੀ

ਦੇ ਘਰ ਦੇ ਸ਼ਰਧਾਲੂ ਬਣ ਕੇ ਨਿਕਲਦੇ ਹਨ, ਦੂਸਰੇ ਧਰਮਾਂ ਦੇ ਅਨੁਯਾਈਆਂ ਵਿਚ ਪ੍ਰਚਾਰ ਕਰਨਾ ਵੀ ਇਕ ਮਹਾਨ ਯੋਗਦਾਨ ਹੈ।

ਇਨ੍ਹਾਂ ਸੰਸਕ੍ਰਿਤ ਵਿਦਿਆਲਿਆਂ ਤੋਂ ਇਲਾਵਾ ਸਮੇਂ ਦੀ ਮੰਗ ਨੂੰ ਮੁਖ ਰਖਦਿਆਂ ਹੋਇਆਂ ਗ਼ਰੀਬ ਤਥਾ ਅਨਾਥ ਬੱਚਿਆਂ ਦੇ ਭਵਿੱਖ ਨੂੰ ਉੱਜੂਲ ਬਣਾਉਣ ਵਾਸਤੇ ਸੰਤਾਂ ਨੇ ਅਨੇਕ ਸਕੂਲਾਂ, ਕਾਲਜਾਂ ਅਤੇ ਅਕੈਡਮੀਆਂ ਦਾ ਨਿਰਮਾਣ ਕੀਤਾ ਹੈ। ਸ਼੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ ਹਰਿਦ੍ਵਾਰ ਵਲੋਂ ਅਖਾੜੇ ਦੇ ਸੰਸਥਾਪਕ ਪ੍ਰਥਮ ਸ਼੍ਰੀ ਮਹੰਤ ਸਾਹਿਬ ਜੀ ਦੇ ਨਾਮ 'ਤੇ ਗ੍ਰਾਮ ਨਿਰਮਲ ਕੋਟ, ਸਮਾਣਾ ਮੰਡੀ (ਪਟਿਆਲਾ) ਵਿਖੇ ਸੰਤ ਮਹਿਤਾਬ ਸਿੰਘ ਜੀ ਪਬਲਿਕ ਸਕੂਲ ਚਲ ਰਿਹਾ ਹੈ। ਇਸੇ ਤਰ੍ਹਾਂ ਵਿਦਿਆ ਦੇ ਖੇਤਰ ਵਿਚ ਸ਼੍ਰੀ ਮਾਨ ਮਹੰਤ ਰਾਮ ਸਿੰਘ ਜੀ, ਸੰਤ ਜੋਧ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ਼ ਵਲੋਂ ਮਹਾਨ ਉਪਰਾਲਾ ਹੋਇਆ ਹੈ ਜੋ ਕਿ ਇੰਗਲਿਸ਼ ਮੀਡੀਅਮ ਦੇ ਹੇਠਾਂ ਲਿਖੇ ਪੰਜ ਸਕੂਲ ਚਲ ਰਹੇ ਹਨ, ਜਿਨ੍ਹਾਂ ਵਿਚ ਲਗਪਗ 5000 ਬੱਚੇ ਵਿਦਿਆ ਪ੍ਰਾਪਤ ਕਰ ਰਹੇ ਹਨ, ਜਿਨ੍ਹਾਂ ਵਿਚੋਂ 4000 ਬੱਚਿਆਂ ਦੀ ਪੜ੍ਹਾਈ ਦਾ ਸੰਪੂਰਣ ਖਰਚ ਆਸ਼੍ਰਮ ਵਲੋਂ ਕੀਤਾ ਜਾਂਦਾ ਹੈ–

1. ਨਿਰਮਲ ਆਸ਼੍ਰਮ ਦੀਪਮਾਲਾ ਪਬਲਿਕ ਸਕੂਲ ਰਿਸ਼ੀਕੇਸ਼
2. ਨਿਰਮਲ ਆਸ਼੍ਰਮ ਗਿਆਨ ਦਾਨ ਅਕੈਡਮੀ ਖੈਰੀ ਕਲਾਂ ਰਿਸ਼ੀਕੇਸ਼
3. ਸੰਤ ਨਿੱਕਾ ਸਿੰਘ ਜੀ ਪਬਲਿਕ ਸਕੂਲ ਕਰਨਾਲ (ਹਰਿਆਣਾ)
4. ਸੰਤ ਨਿੱਕਾ ਸਿੰਘ ਜੀ ਪਬਲਿਕ ਸਕੂਲ ਜ਼ਰੀਫ਼ਾ ਫ਼ਾਰਮ (ਕਰਨਾਲ)
5. ਸੰਤ ਨਿੱਕਾ ਸਿੰਘ ਜੀ ਪਬਲਿਕ ਸਕੂਲ ਸਦਰ ਬਜ਼ਾਰ (ਕਰਨਾਲ)

ਇਸੀ ਪ੍ਰਕਾਰ ਡੇਰਾ ਭੋਰੇ ਵਾਲਾ ਸੁਖਾਨੰਦ ਵਲੋਂ ਸੰਤ ਭਾਗ ਸਿੰਘ ਜੀ ਗਰਲਜ਼ ਕਾਲਜ ਸੁਖਾਨੰਦ (ਬਠਿੰਡਾ), ਸੰਤ ਬਾਬਾ ਗਾਂਧਾ ਸਿੰਘ ਜੀ ਕਾਲਜ ਬਰਨਾਲਾ, ਸੰਤ ਬਾਬਾ ਭੂਰੀ ਵਾਲੇ ਜੀ ਪਬਲਿਕ ਸਕੂਲ ਅੰਮ੍ਰਿਤਸਰ, ਮਹੰਤ ਹਰੀ ਸਿੰਘ ਜੀ ਨਿਰਮਲ ਪਬਲਿਕ ਸਕੂਲ ਲਖੀਮਪੁਰ ਖੀਰੀ ਯੂ. ਪੀ., ਪੰਜਗਰਾਂਈ ਕਲਾਂ, ਗੁਰੂਸਰ ਖੁੱਡਾ, ਜੱਬੜ ਮਾਣਕੋ, ਮੰਨਣਹਾਰਾ, ਮਹਿਤਾ, ਖਡੂਰ ਸਾਹਿਬ, ਦਮਦਮਾ ਸਾਹਿਬ, ਜਨੇਰ ਮੋਗਾ, ਭਿੰਡਰ ਕਲਾਂ, ਢੁਡੀ ਕਲਾਂ, ਦੌਧਰ, ਬੋਪਾਰਾਇ, ਰਾੜਾ ਸਾਹਿਬ ਸੰਪ੍ਰਦਾਇ ਅਤੇ ਨਾਨਕਸਰ ਸੰਪ੍ਰਦਾਯ ਵੱਲੋਂ ਇਤਿਆਦਿਕ ਅਨੇਕਾਂ ਸਥਾਨਾਂ 'ਤੇ ਨਿਰਮਲੇ ਮਹਾਪੁਰਖਾਂ ਵਲੋਂ ਧਾਰਮਿਕ ਅਤੇ ਸਮਾਜਿਕ ਵਿਦਿਅਕ ਅਦਾਰੇ ਚਲ ਰਹੇ ਹਨ, ਜਿਨ੍ਹਾਂ ਵਿਚ ਅਨੇਕਾਂ ਬੱਚੇ-ਬੱਚੀਆਂ ਸਾਮਾਜਿਕ ਵਿਦਿਆ ਦੇ ਨਾਲ-ਨਾਲ ਗੁਰਮਤਿ ਵਿਦਿਆ ਵੀ ਪ੍ਰਾਪਤ ਕਰ ਰਹੇ ਹਨ। ਇਹ ਹੀ ਇਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ।

**ਸਾਹਿਤਕ ਰਚਨਾ ਦੁਆਰਾ ਯੋਗਦਾਨ** : ਨਿਰਮਲੇ ਸੰਤਾਂ ਦੇ ਜੀਵਨ ਦਾ ਲਕਸ਼ ਕੇਵਲ ਪਰਮਾਰਥ ਤਤ੍ਵ ਦੇ ਮਨਨਸ਼ੀਲ ਹੋਣਾ ਅਤੇ ਉਸ ਤਤ੍ਵ ਦਾ ਪ੍ਰਚਾਰ-ਪ੍ਰਸਾਰ ਕਰਨਾ ਹੀ ਹੈ। ਪ੍ਰਚਾਰ ਦੋ ਤਰ੍ਹਾਂ ਨਾਲ ਹੋ ਸਕਦਾ ਹੈ, ਇਕ ਰਸਨਾ ਦੁਆਰਾ ਅਤੇ ਦੂਸਰਾ ਲੇਖਨੀ ਦੁਆਰਾ।[1] ਰਸਨਾ ਦੁਆਰਾ ਪ੍ਰਚਾਰ ਵੀ ਬਹੁਤ ਮਹਾਨਤਾ ਰਖਦਾ ਹੈ, ਜਿਸ ਪ੍ਰਚਾਰ ਦੇ ਵਾਸਤੇ ਸੰਤਾਂ ਨੇ ਮਹਾਨ ਘਾਲਣਾ ਘਾਲੀ ਹੈ। ਉਸ ਦੇ ਨਾਲ-ਨਾਲ ਆਪਣੀ ਲੇਖਣੀ ਦਾ ਵੀ ਕਮਾਲ ਦਿਖਾਇਆ ਹੈ, ਕਿਉਂਕਿ ਕਲਮ ਦੁਆਰਾ ਪ੍ਰਚਾਰ ਵੀ ਇਕ ਜਾਦੂ ਸਿੱਧ ਹੁੰਦਾ ਹੈ। ਕਲਮ ਵਿਚ ਉਹ ਤਾਕਤ ਹੈ ਜੋ ਤੋਪਾਂ, ਹਵਾਈ ਜਹਾਜ਼ਾਂ ਅਤੇ ਰਾਕਟਾਂ ਵਿਚ ਨਹੀਂ। ਲੇਖਨੀ ਇਕ ਮਹਾ ਪ੍ਰਬਲ ਰਕਸ਼ਕ ਸ਼ਸਤ੍ਰ ਹੈ। ਮੁਰਦਾ ਰੂਹਾਂ ਅੰਦਰ ਨਵੀਂ ਜ਼ਿੰਦਗੀ ਅਤੇ ਨਵਾਂ ਜੀਵਨ ਭਰਨ ਦੀ ਯਦੀ ਕੋਈ ਸਮਰਥਾ ਰੱਖਦੀ ਹੈ ਤਾਂ ਉਹ ਕਲਮ ਹੈ। ਜਿਸ ਸੰਪ੍ਰਦਾਯ ਜਾਂ ਸ਼੍ਰੇਣੀ ਅੰਦਰ ਪ੍ਰਚਾਰ ਦਾ ਸਾਧਨ ਸਾਹਿਤਜ ਨਹੀਂ, ਉਹ ਪ੍ਰਚਾਰ ਦੇ ਮੈਦਾਨ ਵਿਚ ਸਭ ਤੋਂ ਪਿਛੇ ਅਤੇ ਫਾਡੀ ਹੈ। ਇਸ ਉਦੇਸ਼ ਨੂੰ ਮੁਖ ਰਖਕੇ ਨਿਰਮਲੇ ਸੰਤਾਂ ਨੇ ਜਿੰਨਾ ਸਾਹਿਤਜ ਰਚਿਆ, ਉਸ ਦੀ ਤੁਲਨਾ ਭਾਰਤ ਵਰਸ਼ ਵਿਚ ਕੋਈ ਵੀ ਸੰਪ੍ਰਦਾਯ ਨਹੀਂ ਕਰ ਸਕਦੀ।

ਜਿਥੇ ਨਿਰਮਲੇ ਵਿਦ੍ਵਾਨਾਂ ਨੇ ਵੈਦਿਕ, ਦਾਰਸ਼ਨਿਕ, ਪੁਰਾਣ, ਸਮ੍ਰਿਤੀਆਂ, ਉਪਨਿਸ਼ਦਾਂ ਦਾ ਭਾਸ਼ਾ ਅਨੁਵਾਦ ਕੀਤਾ ਉਥੇ ਗੁਰਮਤਿ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਟੀਕਾਵਾਂ, ਪ੍ਰਯਾਯ, ਗੁਰੂ ਇਤਿਹਾਸ, ਛੰਦ ਸ਼ਾਸਤ੍ਰ, ਕੋਸ਼, ਭਾਈ ਗੁਰਦਾਸ ਜੀ ਦੀ ਬਾਣੀ ਵਿਆਖਿਆ, ਸ਼੍ਰੀ ਦਸਮ ਗ੍ਰੰਥ ਵਿਆਖਿਆ ਆਦਿਕ ਅਮੋਲਕ ਗ੍ਰੰਥਾਂ ਦੀ ਰਚਨਾ ਕਰਕੇ ਸਿੱਖ ਪੰਥ ਤਥਾ ਭਾਰਤੀਯ ਸੰਸਕ੍ਰਿਤੀ ਨੂੰ ਇਤਿਹਾਸਕ, ਦਾਰਸ਼ਨਿਕ, ਸਾਹਿਤਕ ਪੱਖ ਤੋਂ ਪ੍ਰਫੁਲਿਤ ਕੀਤਾ, ਉਸ ਰਚਨਾ ਵਿਚੋਂ ਕੁਛ ਵਿਦ੍ਵਾਨ ਮਹਾਪੁਰਖਾਂ ਦੇ ਗ੍ਰੰਥਾਂ ਦੀ ਸੂਚੀ ਇਥੇ ਅੰਕਿਤ ਕਰਦਾ ਹਾਂ–

---

[1] ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ। (ਸ੍ਰੀ. ਗੁ. ਗ੍ਰੰ. ਸਾ., ਪੰਨਾ 709)

**ਸੰਸਕ੍ਰਿਤ ਗ੍ਰੰਥ**

| | |
|---|---|
| 1. ਪੰ. ਹਰਾ ਸਿੰਘ ਜੀ ਕਾਸ਼ੀ | ਗੁਰੂ ਸਿਧਾਂਤ ਪਾਰਿਜਾਤ |
| 2. ਪੰ. ਈਸ਼ਵਰ ਸਿੰਘ ਜੀ ਕਾਸ਼ੀ | ਵਾਹਿਗੁਰੂ ਮੰਤ੍ਰਾਰਥ ਪ੍ਰਕਾਸ਼[1] |
| 3. ਪੰ. ਸਦਾ ਸਿੰਘ ਚੇਤਨ ਮੱਠ ਕਾਸ਼ੀ | ਅਦ੍ਵੈਤ ਸਿਧੀ ਦੀ ਸੁਗਮਸਾਰ ਚੰਦ੍ਰਿਕਾ ਟੀਕਾ |
| 4. ਪੰ. ਤਾਰਾ ਸਿੰਘ ਤਰਨਤਾਰਨ | ਮੁਮੁਖਸ਼ੂ ਬੋਧਨ ਪ੍ਰਕਾਸ਼ |
| 5. ਪੰ. ਕੌਰ ਸਿੰਘ ਜੀ | ਗੁਰੂ ਕੌਮੁਦੀ |
| 6. ਸ਼੍ਰੀ ਮਹੰਤ ਊਧਵ ਸਿੰਘ ਜੀ ਨੈਯਾਯਕ | ਅਭਾਵ ਰਹਸਜ, ਆਸ਼੍ਰਮ ਧਰਮ ਰਹਸਜ |
| 7. ਪੰ. ਨਿਹਾਲ ਸਿੰਘ ਜੀ ਠਾਕੁਰ | ਖਾਲਸਾ ਸ਼ਤਕ |
| 8. ਪੰ. ਗੁਰਦਿੱਤ ਸਿੰਘ ਸਾਧੂ | ਗੁਰੂ ਨਾਨਕਾਸ਼ਟਕ, ਗੁਰੂ ਗੋਬਿੰਦ ਸਿੰਘਾਸ਼ਟਕ, ਰਾਮਾਸ਼ਟਕ, ਸ਼੍ਰੀ ਗੁਰੂ ਗਿਰਾ ਰੂਪਾਂਤਰ[2] |
| 9. ਪੰ. ਆਤਮਦੇਵ ਸਿੰਘ ਲਾਹੌਰ | ਅਭੇਦਾਖੰਡ ਚੰਦ੍ਰਮਾ |
| 10. ਬਾਬਾ ਪ੍ਰੇਮ ਸਿੰਘ ਰਿਸ਼ੀਕੇਸ਼ | ਸ਼੍ਰੀ ਵਾਹਿਗੁਰੂ ਮੰਤ੍ਰ ਸਤੋਤ੍ਰੰ, ਗੁਰੂ ਸਤੋਤ੍ਰ ਤ੍ਰਯੰ |
| 11. ਪੰ. ਬੁੱਧ ਸਿੰਘ ਜੀ | ਤਰਕ ਸੰਗ੍ਰਹ ਦੀ ਪਦਕ੍ਰਿਤਜ ਟੀਕਾ |

**ਹਿੰਦੀ ਗ੍ਰੰਥ ਸੂਚੀ**

| | |
|---|---|
| 1. ਸੰਤ ਹਰੀ ਸਿੰਘ ਵਿਰੱਕਤ ਰਿਸ਼ੀਕੇਸ਼ | ਅਦ੍ਵੈਤ ਅਨੁਭਵ ਪ੍ਰਕਾਸ਼ |
| 2. ਸੰਤ ਸੰਪੂਰਣ ਸਿੰਘ ਤਰਨਤਾਰਨ | ਪ੍ਰਾਣ ਸੰਗਲੀ ਦੀ ਟੀਕਾ |
| 3. ਪੰ. ਦੇਵਾ ਸਿੰਘ ਜੀ | ਅਧਿਆਤਮ ਅਨੁਭਵ ਪ੍ਰਕਾਸ਼ |
| 4. ਪੰ. ਗੁਰਦਿੱਤ ਸਿੰਘ ਸਾਧੂ | ਵੇਦਾਂਤ ਸਿਧਾਂਤ ਨੁਕਤਾਵਲੀ ਦੀ ਟੀਕਾ |
| 5. ਗੋਬਿੰਦ ਸਿੰਘ ਸਾਧੂ | ਉਦਯੋਗ ਤਥਾ ਪ੍ਰਾਰਬਧ, ਨਜਾਯ ਸਿਧਾਂਤ ਮੁਕਤਾਵਲੀ ਦੀ ਟੀਕਾ, ਵੇਦਾਂਤ ਪਰਿਭਾਸ਼ਾ ਦੀ ਟੀਕਾ, ਇਤਿਹਾਸ ਗੁਰੂ ਖਾਲਸਾ ਆਦਿ। |
| 6. ਪੰ. ਦਿਆਲ ਹਰੀ | ਸਾਰੁਕਤਾਵਲੀ |
| 7. ਪੰ. ਤਾਰਾ ਸਿੰਘ ਨਿਰੋਤਮ | ਮੋਖਸ਼ ਪੰਥ ਪ੍ਰਕਾਸ਼ ਦੀ ਟੀਕਾ |
| 8. ਨਿਰਮਲ ਸ੍ਵਾਮੀ ਜੀ | ਜਪੁਜੀ ਸਾਹਿਬ ਸਟੀਕ ਆਦਿ ਕਈ ਗ੍ਰੰਥ |
| 9. ਸ੍ਵਾਮੀ ਅਰਜਨ ਸਿੰਘ ਮੁਨੀ | ਗੁਰੂ ਗ੍ਰੰਥ ਸਾਹਿਬ ਸਟੀਕ (ਮਾਝ ਰਾਗ ਤਕ) |
| 10. ਸ਼੍ਰੀ ਮਹੰਤ ਬਲਬੀਰ ਸਿੰਘ ਜੀ ਸ਼ਾਸਤ੍ਰੀ | ਸ਼ਬਦਾਰਥ ਗੁਰੂ ਗ੍ਰੰਥ ਸਾਹਿਬ |
| 11. ਸੰਤ ਮੱਖਣ ਸਿੰਘ ਸ਼ਾਹਪੁਰ | ਨਾਨਕ ਪ੍ਰਕਾਸ਼ ਹਿੰਦੀ ਅਨੁਵਾਦ |
| 12. ਪੰ. ਹਰਦੇਵ ਸਿੰਘ ਜੀ | ਸ਼੍ਰੀ ਨਾਰਾਇਣ ਹਰੀ ਉਪਦੇਸ਼ |

**ਪੰਜਾਬੀ ਗ੍ਰੰਥ**

| | |
|---|---|
| 1. ਪੰ. ਗੁਲਾਬ ਸਿੰਘ ਜੀ | ਕਰਮ ਵਿਪਾਕ, ਭਾਵਰਸਾਮ੍ਰਿਤ, ਪ੍ਰਬੋਧ ਚੰਦ੍ਰ ਨਾਟਕ, ਅਧਿਆਤਮ ਰਾਮਾਇਣ |
| 2. ਪੰ. ਤਾਰਾ ਸਿੰਘ ਨਰੋਤਮ | ਗੁਰੂ ਗਿਰਾਰਥ ਕੋਸ਼, ਭਗਤ ਬਾਣੀ ਸਟੀਕ, ਗੁਰੂ ਗ੍ਰੰਥ ਸਾਹਿਬ ਸਟੀਕ (ਸ੍ਰੀ ਰਾਗ ਤਕ), ਗੁਰਮਤਿ ਨਿਰਣਯ ਸਾਗਰ ਆਦਿ 10 ਗ੍ਰੰਥ |
| 3. ਚੂੜਾਮਣੀ ਕਵੀ ਸੰਤੋਖ ਸਿੰਘ | ਗੁਰ ਪ੍ਰਤਾਪ ਸੂਰਜ ਗ੍ਰੰਥ, ਟੀਕਾ ਜਪੁਜੀ ਸਾਹਿਬ ਗਰਬਗੰਜਨੀ, ਆਤਮ ਪੁਰਾਣ ਅਨੁਵਾਦ, ਬਾਲਮੀਕੀ ਰਾਮਾਇਣ ਅਨੁਵਾਦ |

[1] ਇਸ ਵਿਚ ਵਾਹਿਗੁਰੂ ਸ਼ਬਦ ਦੇ 500 ਅਰਥ ਹਨ।

[2] ਨੌਵੇਂ ਮਹਲੇ ਦੇ ਸਲੋਕਾਂ ਦਾ ਸੰਸਕ੍ਰਿਤ ਅਨੁਵਾਦ।

| | |
|---|---|
| 4. ਸੰਤ ਗਿ. ਗਿਆਨ ਸਿੰਘ | ਸ਼੍ਰੀ ਗੁਰ ਪੰਥ ਪ੍ਰਕਾਸ਼, ਤਵਾਰੀਖ ਗੁਰੂ ਖਾਲਸਾ, ਨਿਰਮਲ ਪੰਥ ਪ੍ਰਦੀਪਕਾ, ਸੂਰਜ ਪ੍ਰਕਾਸ਼ 3 ਭਾਗ, ਰਿਪੁਦਮਨ ਪ੍ਰਕਾਸ਼ 5 ਭਾਗ ਆਦਿ 26 ਗ੍ਰੰਥ |
| 5. ਪੰ. ਨਾਨੂ ਸਿੰਘ | ਗੁਰੂ ਗ੍ਰੰਥ ਸਾਹਿਬ ਸਟੀਕ ਆਦਿਕ ਕਈ ਗ੍ਰੰਥ |
| 6. ਪੰ. ਈਸ਼੍ਵਰ ਸਿੰਘ ਕਾਸ਼ੀ | ਗੁਰਮਤਿ ਦਿਗ ਵਿਜੈ, ਬੁੱਧੀ ਵਾਰਧ, ਵਾਹਿਗੁਰੂ ਮੰਤ੍ਰਾਰਥ (ਪੰਜਾਬੀ, ਹਿੰਦੀ, ਸੰਸਕ੍ਰਿਤ) |
| 7. ਪੰ. ਨਿਹਾਲ ਸਿੰਘ ਥੋਹਾ ਖਾਲਸਾ | ਚੱਕ੍ਰਧਰ ਚਰਿਤ੍ਰ ਚਾਰੁ ਚੰਦ੍ਰਕਾ ਜਾਪੁ ਸਾਹਿਬ ਟੀਕਾ |
| 8. ਪੰ. ਨਿਹਾਲ ਸਿੰਘ ਕਵੀਂਦ੍ਰ | ਕਵੀਂਦ੍ਰ ਪ੍ਰਕਾਸ਼, ਭਵਸਾਗਰ ਸੇਤੂ, ਸ਼੍ਰੀ ਦੋਹਰਾ ਭੇਦਾਵਲੀ, ਵੇਦਾਂਤੀ ਬਾਰਹਮਾਹ ਆਦਿ 12 ਗ੍ਰੰਥ |
| 9. ਪੰ. ਨਿਹਾਲ ਸਿੰਘ ਗੋਬਿੰਦ ਮੰਦਿਰ ਲਾਹੌਰ | ਅਕਾਲ ਨਾਟਕ, ਸਿੱਖੀ ਪ੍ਰਭਾਕਰ, ਨਿਰਮਲ ਪ੍ਰਭਾਕਰ, ਨਿਰਮਲ ਪੰਥ ਪ੍ਰਬੋਧ ਆਦਿ |
| 10. ਪੰ. ਨਿਹਾਲ ਸਿੰਘ ਠਾਕੁਰ | ਗੁਰੂ ਸਿਧਾਂਤ ਰਵਿ ਪ੍ਰਕਾਸ਼ ਆਦਿ |
| 11. ਪੰ. ਦੇਵਾ ਸਿੰਘ ਨਿਰਮਲੇ ਹਰਿਦ੍ਵਾਰ | ਜਪੁ ਪ੍ਰਦੀਪ (ਜਪੁਜੀ ਸਾਹਿਬ ਸਟੀਕ), ਸਿਧ ਗੋਸਟਿ ਸਟੀਕ, ਸੁਮਨ ਵੀਚਾਰ ਆਦਿ 28 ਗ੍ਰੰਥ |
| 12. ਮਹੰਤ ਗਣੇਸ਼ਾ ਸਿੰਘ ਜੀ | ਅਧਿਆਤਮ ਪ੍ਰਕਾਸ਼ ਸਟੀਕ, ਪੰਜ ਗ੍ਰੰਥੀ ਸਟੀਕ, ਭਾਰਤ ਮਤ ਦਰਪਣ, ਨਿਰਮਲ ਭੂਸ਼ਣ ਆਦਿ 23 ਗ੍ਰੰਥ |
| 13. ਪੰ. ਸਾਧੂ ਸਿੰਘ ਪਟਿਆਲਾ | ਉਥਾਨਕਾ ਸ਼੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੀ ਮੁਖਵਾਕ ਸਿਧਾਂਤ ਜੋਤੀ (ਦੋ-ਭਾਗ), ਗ੍ਰੰਥ ਵ੍ਰਿਤੀ ਦੀਪਿਕਾ, ਪੰਚ ਕੋਸ਼ ਵਿਵੇਕ, ਗੁਰੂ ਸਿਖਿਆ ਪ੍ਰਭਾਕਰ (ਤਿੰਨ-ਭਾਗ) ਆਦਿ 13 ਗ੍ਰੰਥ |
| 14. ਸੰਤ ਸੰਪੂਰਣ ਸਿੰਘ | ਕਬਿੱਤ ਸ੍ਵਯੇ ਭਾਈ ਗੁਰਦਾਸ ਸਿਧਾਂਤ ਬੋਧਨੀ ਟੀਕਾ, ਭਗਤ ਬਾਣੀ ਦੀ ਮਰਮ ਬੋਧਨੀ ਟੀਕਾ, ਗੁਰੂ ਪਦ ਪ੍ਰਬੋਧ ਆਦਿਕ 22 ਗ੍ਰੰਥ |
| 15. ਸੰਤ ਟਹਿਲ ਸਿੰਘ ਨਿਰਮਲੇ | ਅਸਲੀ ਗੁਰੂ ਪ੍ਰਕਾਸ਼, ਭਰਮ ਬਿਨਾਸ਼ ਅਤੇ ਗਿਆਨ ਪ੍ਰਕਾਸ਼ ਆਦਿ 14 ਗ੍ਰੰਥ |

ਇਸ ਪ੍ਰਕਾਰ ਨਿਰਮਲੇ ਸੰਤਾਂ ਨੇ ਸਾਹਿਤਿਕ ਰਚਨਾ ਦੁਆਰਾ ਸਿੱਖ ਪੰਥ ਅਤੇ ਸਮਾਜ ਨੂੰ ਵਡਮੁੱਲਾ ਯੋਗਦਾਨ ਦਿਤਾ। ਵਰਤਮਾਨ ਵਿਚ ਵਿਦਿਆ ਮੁਕਟ ਮਣੀ ਸ਼੍ਰੀਮਾਨ ਸ਼੍ਰੀ ਮਹੰਤ ਸ੍ਵਾਮੀ ਗਿਆਨਦੇਵ ਸਿੰਘ ਜੀ ਸ਼੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ (ਹਰਿਦ੍ਵਾਰ), ਸ਼੍ਰੀਮਾਨ ਮਹੰਤ ਬਲਵੰਤ ਸਿੰਘ ਜੀ ਸਕੱਤਰ ਸ਼੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ (ਹਰਿਦ੍ਵਾਰ), ਸ਼੍ਰੀਮਾਨ ਪੰਡਿਤ ਡਾ. ਰਾਮਪਾਲ ਸਿੰਘ ਜੀ ਪੀਐਚ. ਡੀ, ਡੀ. ਲਿਟ. ਦਿੱਲੀ, ਸ਼੍ਰੀਮਾਨ ਪੰਡਿਤ ਸ੍ਵਾਮੀ ਸਰਵੇਸ਼੍ਵਰ ਸਿੰਘ ਜੀ ਸ਼ਾਸਤ੍ਰੀ ਹਰਿਦ੍ਵਾਰ, ਸ਼੍ਰੀਮਾਨ ਪੰਡਿਤ ਪੁਰਸ਼ੋਤਮ ਸਿੰਘ ਜੀ ਸ਼ਾਸਤ੍ਰੀ ਮੋਦੀਨਗਰ (ਯੂ. ਪੀ.), ਸ਼੍ਰੀਮਾਨ ਪੰਡਿਤ ਸ੍ਵਾਮੀ ਜਗਦੀਸ਼ ਹਰੀ ਜੀ ਵਿਰੱਕਤ ਮਸੂਰੀ, ਸ਼੍ਰੀਮਾਨ ਪੰਡਿਤ ਸਾਧੂ ਸਿੰਘ ਜੀ ਸ਼ਾਸਤ੍ਰੀ ਚੱਕ ਵਿਹੰਡਲ, ਸ਼੍ਰੀਮਾਨ ਪੰਡਿਤ ਸ੍ਵਾਮੀ ਸੱਚਿਦਾਨੰਦ ਹਰੀ ਸਾਕਸ਼ੀ ਹਰਿਦ੍ਵਾਰ, ਸ਼੍ਰੀਮਾਨ ਪੰ. ਮਹੰਤ ਲਛਮਣ ਸਿੰਘ ਜੀ ਸ਼ਾਸਤ੍ਰੀ ਲਖੀਮਪੁਰ (ਯੂ. ਪੀ.), ਸ਼੍ਰੀਮਾਨ ਮਹੰਤ ਰਘੁਬੀਰ ਸਿੰਘ ਜੀ ਸ਼ਾਸਤ੍ਰੀ ਕਾਸ਼ੀ, ਸ਼੍ਰੀਮਾਨ ਪੰ. ਕਰਤਾਰ ਸਿੰਘ ਜੀ ਕੰਗਸਾਬੂ ਜਲੰਧਰ, ਸ਼੍ਰੀਮਾਨ ਗਿ. ਬਲਵੰਤ ਸਿੰਘ ਜੀ ਕੋਠਾਗੁਰੂ, ਜਿਨ੍ਹਾਂ ਨੇ ਗੁਰਮਤਿ ਸੰਬੰਧੀ ਕਈ ਗ੍ਰੰਥ ਲਿਖ ਕੇ ਸਿੱਖ ਪੰਥ ਦੀ ਝੋਲੀ ਵਿਚ ਪਾਏ ਹਨ, ਸ਼੍ਰੀਮਾਨ ਮਹੰਤ ਤੇਜਾ ਸਿੰਘ ਜੀ ਐਮ. ਏ. ਗੁਰੂਸਰ ਖੁੱਡਾ, ਗਿ. ਮੁਖਤਿਆਰ ਸਿੰਘ ਜੀ ਸਾਰੰਗ ਰੋਪੜ, ਸ਼੍ਰੀਮਾਨ ਸੰਤ ਹਰਬੰਸ ਸਿੰਘ ਜੀ ਜੰਡਿਆਲਾ ਜਲੰਧਰ, ਸੰਤ ਹਰਿਕ੍ਰਿਸ਼ਨ ਸਿੰਘ (ਭਗਵਾਨ ਜੀ), ਸ਼੍ਰੀਮਾਨ ਸ੍ਵਾਮੀ ਸੱਚਿਦਾਨੰਦ ਹਰੀ ਜੀ ਵਿਰੱਕਤ ਕਾਸ਼ੀ, ਸ਼੍ਰੀਮਾਨ ਸੰਤ ਜੋਗਿੰਦਰ ਸਿੰਘ ਜੀ ਵਿਰੱਕਤ, ਸ਼੍ਰੀਮਾਨ ਪੰ. ਜਗਜੀਤ ਸਿੰਘ ਜੀ ਹਰਖੋਵਾਲ, ਸ਼੍ਰੀਮਾਨ ਸੰਤ ਰਾਮ ਸਿੰਘ ਜੀ ਨਾਨਕਸਰ ਸੀਂਘੜਾ, ਸ਼੍ਰੀਮਾਨ ਸੰਤ ਹਰਨਾਮ ਸਿੰਘ ਜੀ ਮਹਿਤਾ ਚੌਂਕ, ਸ਼੍ਰੀਮਾਨ ਮਹੰਤ ਰਾਮ ਸਿੰਘ ਜੀ ਰਿਸ਼ੀਕੇਸ਼, ਸ਼੍ਰੀ ਮਾਨ ਸੰਤ ਪਾਲ ਸਿੰਘ ਜੀ ਲੋਹੀਆਂ ਕੁਛ

ਨਵਯੁਵਕ ਵਿਦ੍ਵਾਨ ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ ਕਾਸ਼ੀ, ਸੰਤ ਸਤਨਾਮ ਸਿੰਘ ਸ਼ਾਸਤ੍ਰੀ ਕਾਸ਼ੀ, ਸੰਤ ਕਮਲਜੀਤ ਸਿੰਘ ਸ਼ਾਸਤ੍ਰੀ ਕਾਸ਼ੀ, ਸੰਤ ਜੈਲ ਸਿੰਘ ਸ਼ਾਸਤ੍ਰੀ ਅੰਮ੍ਰਿਤਸਰ, ਸੰਤ ਗਗਨਦੀਪ ਸਿੰਘ ਕਾਸ਼ੀ, ਸੰਤ ਸਤਜਪ੍ਰੀਤ ਹਰੀ ਅੰਮ੍ਰਿਤਸਰ ਇਤਿਆਦਿਕ ਅਨੇਕਾਂ ਮਹਾਪੁਰਖ ਲੇਖਨੀ ਅਤੇ ਪ੍ਰਚਾਰ ਦ੍ਵਾਰਾ ਸਾਮਾਜਿਕ ਅਤੇ ਧਾਰਮਿਕ ਸੇਵਾ ਵਿਚ ਯੋਗਦਾਨ ਪਾ ਰਹੇ ਹਨ।

**ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਰੰਮਤ ਦ੍ਵਾਰਾ ਯੋਗਦਾਨ** : ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਪੂਰੇ ਨਿਰਮਲ ਭੇਖ ਦਾ ਮੁਖ ਸਥਾਨ ਹੈ ਜੋ ਕਿ ਖਟ ਦਰਸ਼ਨ ਸਾਧੂ ਸਮਾਜ ਦੇ 13 ਅਖਾੜਿਆਂ ਵਿਚੋਂ ਇਕ ਹੈ, ਜਿਸ ਦੀ ਸਥਾਪਨਾ ਭਾਦੋਂ ਸੁਦੀ ਦ੍ਵਾਦਸ਼ੀ ਸੰਮਤ 1918 ਮੁਤਾਬਿਕ ਸੰਨ 1862 ਈ. ਨੂੰ ਧਰਮ ਧ੍ਵਜਾ ਪਟਿਆਲਾ ਵਿਖੇ ਹੋਈ, ਜਿਸਦੇ ਪ੍ਰਥਮ ਸ੍ਰੀ ਮਹੰਤ ਪਰਮ ਵੀਤ ਰਾਗ ਬ੍ਰਹਮ ਸ਼੍ਰੋਤ੍ਰੀ ਬ੍ਰਹਮ ਨੇਸ਼ਠੀ ਸੰਤ ਬਾਬਾ ਮਹਿਤਾਬ ਸਿੰਘ ਜੀ ਮਹਾਰਾਜ ਨੂੰ ਨੀਯਤ ਕੀਤਾ। ਪੰਚਾਇਤੀ ਅਖਾੜਾ ਨਿਰਮਲਾ ਦਾ ਮੁਖ ਉਦੇਸ਼ ਕੁੰਭ ਪਰਵਾਂ ਅਤੇ ਪ੍ਰਮੁਖ ਤੀਰਥਾਂ ਦੇ ਵਿਸ਼ੇਸ਼ ਪਰਵਾਂ 'ਤੇ ਜਾ ਕੇ ਆਪਣਾ ਕੈਂਪ ਲਗਾਉਣਾ ਤਥਾ ਆਏ ਹੋਏ ਸਮੂਹ ਮਹਾਪੁਰਖਾਂ ਅਤੇ ਸਾਧਸੰਗਤ ਦੇ ਰਹਿਣ-ਸਹਿਣ, ਭੋਜਨ-ਪਾਣੀ ਦਾ ਸਾਰਾ ਪ੍ਰਬੰਧ ਕਰਨਾ ਅਤੇ ਦੇਸ਼-ਦੇਸ਼ਾਂਤਰਾਂ ਵਿਚ ਗੁਰਮਤਿ ਦਾ ਪ੍ਰਚਾਰ ਕਰਨਾ ਸੀ, ਇਸ ਉਦੇਸ਼ ਦੀ ਪੂਰਤੀ ਵਾਸਤੇ ਅਖਾੜੇ ਦੇ ਪ੍ਰਮੁਖ ਮਹਾਪੁਰਖਾਂ ਨੇ ਵਿਚਾਰ ਵਿਮਰਸ਼ ਕਰਕੇ ਰੰਮਤ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਅਰਥਾਤ ਨਿਰਮਲ ਭੇਖ ਦੇ ਸੰਤਾਂ ਦੀ ਚਲਦੀ-ਫਿਰਦੀ ਜਮਾਤ ਕਾਇਮ ਕੀਤੀ, ਜਿਸ ਵਿਚ ਹਰ ਸਮੇਂ 40-50 ਸਾਧੂ ਮਹਾਤਮਾ ਰਹਿੰਦੇ ਸਨ, ਜਿਨ੍ਹਾਂ ਵਿਚ ਚਾਰ ਮੁਖੀਏ ਮਹੰਤ, ਇਕ ਪੁਜਾਰੀ, ਇਕ ਗ੍ਰੰਥੀ, ਇਕ ਗਿਆਨੀ, ਇਕ ਕੋਠਾਰੀ, ਦੋ ਕਾਰਬਾਰੀ, ਇਕ ਭੰਡਾਰੀ ਅਤੇ ਇਕ ਰਾਗੀ ਜਥਾ ਹੁੰਦਾ ਸੀ।

ਜਿਸ ਦਾ ਉਦੇਸ਼ ਤੀਰਥ, ਦਾਨ, ਸੰਤ ਮਹਿਮਾ ਅਤੇ ਕੁੰਭਾਂ ਦੀ ਮਹਾਨਤਾ ਦੱਸਣ ਤੋਂ ਇਲਾਵਾ ਗੁਰਮਤਿ ਦੇ ਸਿਧਾਂਤ ਦਾ ਪ੍ਰਚਾਰ ਕਰਨਾ ਸੀ। ਇਸ ਰੰਮਤ ਦਾ ਇਹ ਨਿਯਮ ਸੀ ਕਿ ਜਿਸ ਨਗਰ ਵਿਚੋਂ ਵਿਦਾਇਗੀ ਮਿਲ ਜਾਏ ਦੁਬਾਰਾ ਉਸ ਨਗਰ ਵਿਚ ਕਿਸੇ ਖਾਸ ਨਿਮੰਤ੍ਰਣ ਤੋਂ ਬਿਨਾ 12 ਸਾਲ ਤੋਂ ਪਹਿਲਾਂ ਪ੍ਰਵੇਸ਼ ਨਹੀਂ ਕਰਨਾ, ਇਸ ਦਾ ਤਾਤਪਰਜ ਇਹ ਸੀ ਕਿ ਦੇਸ਼ ਦੇ ਹਰ ਕੋਨੇ-ਕੋਨੇ ਵਿਚ ਧਰਮ ਪ੍ਰਚਾਰ ਕੀਤਾ ਜਾਵੇ। ਇਹ ਰੰਮਤ ਅਖਾੜਾ ਜਿਸ ਸਥਾਨ 'ਤੇ ਵੀ ਠਹਿਰਦਾ ਉਥੇ ਚੰਦੋਆ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ, ਕਥਾ, ਸੰਧਿਆ ਸਮੇਂ ਰਹਿਰਾਸ ਸਾਹਿਬ ਦਾ ਪਾਠ, ਆਰਤੀ, ਕਥਾ, ਕੀਰਤਨ, ਅਰਦਾਸ ਇਹ ਸੁਬਹ-ਸ਼ਾਮ ਦਾ ਪ੍ਰੋਗ੍ਰਾਮ ਹੁੰਦਾ ਸੀ। ਇਹ ਰੰਮਤ ਅਖਾੜਾ ਪ੍ਰਚਾਰਕ ਦੇ ਰੂਪ ਵਿਚ ਰਾਤ-ਦਿਨ ਯਾਤ੍ਰਾ ਵਿਚ ਹੀ ਬਿਤੀਤ ਕਰਦਾ, ਜਿਥੇ ਚਮਾਸਾ ਆ ਜਾਵੇ (ਵਰਖਾ ਦੇ ਦਿਨਾਂ ਵਿਚ) ਕਿਸੇ ਪ੍ਰਸਿਧ ਸਥਾਨ 'ਤੇ ਪ੍ਰਚਾਰ ਦਾ ਵਿਸ਼ੇਸ਼ ਕੈਂਪ ਲਗਾਉਂਦਾ, ਉਸ ਵਿਚ ਵਿਸ਼ੇਸ਼ ਤੌਰ 'ਤੇ ਪ੍ਰਚਾਰ ਕਰਨ ਵਾਸਤੇ ਵੱਡੇ-ਵੱਡੇ ਵਿਦ੍ਵਾਨ ਗੁਣੀ ਗਿਆਨੀ, ਰਾਗੀ ਜਥੇ ਬੁਲਾਏ ਜਾਂਦੇ ਜੋ ਦੋਨੋਂ ਸਮੇਂ ਜਨਤਾ-ਜਨਾਰਦਨ ਨੂੰ ਗੁਰਮਤਿ ਦੇ ਧਾਰਣੀ ਬਣਾਉਂਦੇ। ਇਸ ਪ੍ਰਕਾਰ ਵਿਚਰਨ ਕਰਦੇ ਹੋਏ ਇਸ ਰੰਮਤ ਅਖਾੜੇ ਨੇ ਪੰਜਾਬ, ਜੰਮੂ-ਕਸ਼ਮੀਰ, ਗੁਜਰਾਤ, ਸ੍ਰੀ ਹਜ਼ੂਰ ਸਾਹਿਬ ਮਹਾਂਰਾਸ਼ਟ੍ਰ, ਜਗਨਨਾਥ ਪੁਰੀ ਉੜੀਸਾ, ਕਲਕੱਤਾ, ਬੰਗਾਲ, ਬਿਹਾਰ, ਯੂ. ਪੀ. ਆਦਿਕ ਭਾਰਤ ਦੇ ਹਰ ਪ੍ਰਾਂਤ ਵਿਚ ਪਹੁੰਚ ਕੇ ਗੁਰਮਤਿ ਸਿਧਾਂਤ ਦਾ ਪ੍ਰਚਾਰ ਕੀਤਾ।

ਵਰਤਮਾਨ ਵਿਚ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਦਾ ਮੁਖ ਕੇਂਦਰ ਕਨਖਲ ਹਰਿਦ੍ਵਾਰ ਵਿਚ ਹੈ, ਜਿਸ ਦੀਆਂ ਬ੍ਰਾਂਚਾਂ ਪੂਰੇ ਭਾਰਤ ਵਿਚ ਮੌਜੂਦ ਹਨ। ਜੋ ਕੁਰੁਕਸ਼ੇਤ੍ਰ ਆਦਿ ਤੀਰਥਾਂ ਦੇ ਵਿਸ਼ੇਸ਼ ਪਰਵਾਂ ਸਮੇਂ ਤਥਾ ਹਰਿਦ੍ਵਾਰ, ਪ੍ਰਯਾਗਰਾਜ, ਉਜੈਨ, ਨਾਸਿਕ ਅਤੇ ਤ੍ਰਿੰਬਕੇਸ਼੍ਵਰ ਦੇ ਕੁੰਭ ਮੇਲਿਆਂ 'ਤੇ ਜਾ ਕੇ ਬਹੁਤ ਵੱਡੇ ਪੱਧਰ 'ਤੇ ਕੈਂਪ ਲਗਾਉਂਦਾ ਹੈ ਔਰ ਉਥੇ ਆਪਣੇ-ਆਪਣੇ ਕੈਂਪ ਵਿਚ ਪ੍ਰਵੇਸ਼ ਕਰਨ ਵਾਸਤੇ ਜਿਸ ਤਰ੍ਹਾਂ ਖਟ ਦਰਸ਼ਨ ਸਾਧੂ ਸਮਾਜ ਦੇ ਅਖਾੜੇ ਆਪਣੀ-ਆਪਣੀ ਪ੍ਰਵੇਸ਼ ਸ਼ਾਹੀ (ਸ਼ੋਭਾ ਯਾਤ੍ਰਾ) ਦ੍ਵਾਰਾ ਪ੍ਰਵੇਸ਼ ਕਰਦੇ ਹਨ, ਉਸੇ ਤਰ੍ਹਾਂ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਵੀ ਬਹੁਤ ਬੜੀ ਆਨ-ਸ਼ਾਨ ਅਤੇ ਮਾਨ-ਸਤਿਕਾਰ ਨਾਲ ਆਪਣੀ ਪ੍ਰਵੇਸ਼ ਸ਼ਾਹੀ (ਸ਼ੋਭਾ ਯਾਤ੍ਰਾ) ਲੈ ਕੇ ਆਪਣੇ ਕੈਂਪ ਵਿਚ ਪ੍ਰਵੇਸ਼ ਕਰਦਾ ਹੈ ਪਰੰਤੂ ਇਸ ਵਿਚ ਇਹ ਵਿਸ਼ੇਸ਼ਤਾ ਹੈ ਇਸ ਦੀ ਸ਼ਾਹੀ ਵਿਚ ਸਭ ਤੋਂ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਇਕ ਬਹੁਤ ਸੁੰਦਰ ਸੋਨੇ ਦੀ ਪਾਲਕੀ ਵਿਚ ਹੁੰਦੀ ਹੈ, ਜਿਸ ਦੇ ਅੱਗੇ ਪੰਜ ਪਿਆਰੇ ਅਤੇ ਨਾਲ ਗਤਕਾ ਪਾਰਟੀ ਤਥਾ ਕਈ ਵਿਸ਼ੇਸ਼ ਬੈਂਡ ਵਾਜੇ ਹੁੰਦੇ ਹਨ, ਨਿਰਮਲਾ ਅਖਾੜੇ ਦੇ ਕੈਂਪ ਵਿਚ ਬਿਨਾ ਕਿਸੇ ਭੇਦ-ਭਾਵ ਦੇ ਹਰ ਇਕ ਪ੍ਰਾਣੀ ਮਾਤ੍ਰ ਨੂੰ ਲੰਗਰ ਪ੍ਰਸ਼ਾਦ ਅਤੇ ਰਹਿਣ ਵਾਸਤੇ ਜਗ੍ਹਾ ਦਿਤੀ ਜਾਂਦੀ ਹੈ ਜੋ ਕਿ ਸ੍ਰੀ ਗੁਰੂ ਨਾਨਕ ਦੇ ਘਰ ਦਾ ਸਿਧਾਂਤ ਹੈ।

**ਸ਼ਾਸਤ੍ਰਾਰਥਾਂ ਦ੍ਵਾਰਾ ਯੋਗਦਾਨ** : ਪੜ੍ਹਨ-ਪੜ੍ਹਾਉਣ ਤੋਂ ਇਲਾਵਾ ਵਯਾਖਯਾਨ ਅਤੇ ਸ਼ਾਸਤ੍ਰਾਰਥ ਆਦਿ ਕੁਛ ਐਸੇ ਗੁਣ ਹਨ, ਜਿਨ੍ਹਾਂ ਦੁਆਰਾ ਵਿਦਵਤ ਜਨ ਸਰੋਤਿਆਂ ਨੂੰ ਆਕਰਸ਼ਿਤ ਕਰਦੇ ਹੋਏ ਆਪਣਾ ਪ੍ਰਭਾਵ ਪਾਉਂਦੇ ਹਨ। ਨਿਰਮਲੇ ਮਹਾਪੁਰਖਾਂ ਨੇ ਭਾਸ਼ਣ ਕਲਾ ਅਤੇ ਸ਼ਾਸਤ੍ਰਾਰਥ ਦ੍ਵਾਰਾ ਵੀ ਮੁਖ-ਮੁਖ ਤੀਰਥ ਸਥਾਨਾਂ 'ਤੇ ਜਾ ਕੇ ਵੱਡੀਆਂ-ਵੱਡੀਆਂ ਸਭਾ ਅਤੇ ਨਗਰਾਂ ਦੇ

ਇਕੱਠਾਂ ਵਿਚ ਮਹਤੀ ਸੋਭਾ ਪ੍ਰਾਪਤ ਕੀਤੀ ਹੈ। ਜ਼ਿਲ੍ਹਾ ਨਾਸਿਕ (ਮਹਾਰਾਸ਼ਟ੍ਰ) ਵਿਚ ਤ੍ਰਿੰਬਕੇਸ਼੍ਵਰ ਨਾਮਕ ਇਕ ਮਹਾਨ ਤੀਰਥ ਹੈ ਜੋ ਬਾਰਾਂ ਜਯੋਤਿਰ ਲਿੰਗਾਂ ਵਿਚੋਂ ਇਕ ਪ੍ਰਸਿਧ ਜਯੋਤਿਰ ਲਿੰਗ ਹੈ, ਇਥੇ ਹੀ ਕੁਸ਼ਾਵਰਤ ਨਾਮਕ ਪਵਿਤ੍ਰ ਕੁੰਡ ਹੈ। ਇਸ ਸਥਾਨ 'ਤੇ ਬਾਰਾਂ ਵਰਸ਼ ਬਾਅਦ ਕੁੰਭ ਮੇਲਾ ਲਗਦਾ ਹੈ। ਇਸ ਕੁੰਭ ਮੇਲੇ ਦੇ ਪਰਵ-ਕਾਲ ਵਿਚ ਇਕ ਵਾਰ ਸ਼੍ਰੀ ਪੰਚਾਇਤੀ ਅਖਾੜਾ ਨਿਰਮਲਾ ਸਮੂਹ ਵਿਰੱਕਤ ਮੰਡਲੀਆਂ ਦੇ ਸਹਿਤ ਗੁਰੂ ਨਾਨਕ ਦੇਵ ਦੇ ਸਿਧਾਂਤਾਂ ਦਾ ਪ੍ਰਚਾਰ-ਪ੍ਰਸਾਰ ਕਰਨ ਅਤੇ ਕੁੰਭ ਸ਼ਨਾਨ ਵਾਸਤੇ ਪਹੁੰਚਿਆ ਤਾਂ ਉਸ ਸਮੇਂ ਕੁਛ ਅਨਯ ਮਤਾਵਲੰਬੀਆਂ ਦੀ ਪ੍ਰੇਰਨਾ ਦ੍ਵਾਰਾ ਪੁਜਾਰੀ ਬ੍ਰਾਹਮਣਾਂ ਨੇ ਕੁਸ਼ਾਵਰਤਕੁੰਡ ਵਿਚ ਸ਼ਨਾਨ ਕਰਨ ਅਤੇ ਪੂਜਾ ਕਰਨ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਗੁਰੂ ਨਾਨਕ ਮਤਾਵਲੰਬੀ ਨਿਰਮਲੇ ਸੰਤ ਜਾਤੀ-ਪਾਤੀ ਨੂੰ ਮਹੱਤਵ ਨਹੀਂ ਦਿੰਦੇ, ਇਸ ਕਾਰਣ ਕੁੰਡ ਸ਼ਨਾਨ ਔਰ ਮੰਦਿਰ ਵਿਚ ਪੂਜਾ ਨਹੀਂ ਕਰ ਸਕਦੇ, ਕਿਉਂਕਿ ਤ੍ਰਿੰਬਕੇਸ਼੍ਵਰ ਮੰਦਿਰ ਦਾ ਇਹ ਵਿਧਾਨ ਹੈ ਕਿ ਜਿਸਨੇ ਮੰਦਿਰ ਵਿਚ ਦਰਸ਼ਨ ਪੂਜਨ ਕਰਨਾ ਹੋਵੇ ਉਹ ਵਿਅਕਤੀ ਬਿਨਾ ਸਿਲਾ ਵਸਤ੍ਰ ਪਹਿਨੇ ਔਰ ਨਗਨ ਸਿਰ ਦਰਸ਼ਨ ਕਰੇ, ਪਰੰਤੂ ਨਿਰਮਲੇ ਸੰਤ ਦਸਤਾਰਧਾਰੀ ਅਤੇ ਕੁਛ ਸਿਲੇ ਵਸਤ੍ਰ ਧਾਰਨ ਕਰਦੇ ਹਨ। ਇਸ ਕਰਕੇ ਕੁਸ਼ਾਵਰਤ ਵਿਚ ਸ਼ਨਾਨ 'ਤੇ ਮੰਦਿਰ ਪੂਜਾ ਨਹੀਂ ਕਰ ਸਕਦੇ। ਇਨ੍ਹਾਂ ਦੋਨਾਂ ਪ੍ਰਸ਼ਨਾ ਨੂੰ ਲੈ ਕੇ ਸ਼ਾਸਤ੍ਰਾਰਥ ਸ਼ੁਰੂ ਹੋਇਆ। ਉਸ ਸਮੇਂ 40-50 ਨਿਰਮਲੇ ਵਿਦ੍ਵਾਨ ਸੰਤ ਮੌਜੂਦ ਸਨ, ਇਨ੍ਹਾਂ ਨੇ ਦੂਸਰੇ ਪੱਖ ਵਾਲਿਆਂ ਨੂੰ ਚੈਲੰਜ ਕੀਤਾ ਕਿ ਇਨ੍ਹਾਂ ਵਿਚੋਂ ਜਿਸ ਨਾਲ ਵੀ ਇੱਛਾ ਹੋਵੇ ਸ਼ਾਸਤ੍ਰਾਰਥ ਕਰ ਸਕਦੇ ਹੋ। ਐਸਾ ਗੰਭੀਰਤਾ ਪੂਰਣ ਵਚਨ ਸੁਣ ਕੇ ਪੰਡਤਾਂ ਨੇ ਇਕ ਸਿੱਧੇ ਸਾਦੇ ਗੇਰੂਆ ਵਸਤ੍ਰਧਾਰੀ ਬ੍ਰਿਧ ਮਹਾਤਮਾ ਦੀ ਤਰਫ਼ ਇਸ਼ਾਰਾ ਕਰ ਦਿਤਾ ਕਿ ਇਹ ਹੀ ਸ਼ਾਸਤ੍ਰਾਰਥ ਕਰਨ, ਪਰੰਤੂ ਇਹ ਸਨ ਦਿਬਯ ਮੂਰਤੀ ਅਖਿਲ ਸ਼ਾਸਤ੍ਰ ਗਿਆਤਾ ਪਰਮ ਵਿਰੱਕਤ ਸ਼੍ਰੀਮਾਨ ਪੰਡਿਤ ਦੀਵਾਨ ਸਿੰਘ ਜੀ ਠੀਕਰੀਵਾਲੇ, ਜਿਨ੍ਹਾਂ ਨੇ ਸੰਸਕ੍ਰਿਤ ਭਾਸ਼ਾ ਬੋਲਦਿਆਂ ਹੋਇਆ ਵੇਦਾਂ, ਸ਼ਾਸਤ੍ਰਾਂ, ਉਪਨਿਸ਼ਦਾਂ, ਪੁਰਾਣਾਂ, ਸਮ੍ਰਿਤੀਆਂ, ਗੀਤਾ, ਮਹਾਭਾਰਤ ਅਤੇ ਗੁਰਬਾਣੀ ਆਦਿਕ ਪ੍ਰਮਾਣ ਅਤੇ ਦ੍ਰਿਸ਼ਟਾਂਤ ਦੇ ਕੇ ਸਭ ਤੋਂ ਪ੍ਰਥਮ ਜਾਤੀਵਾਦ ਦੀਆਂ ਧੱਜੀਆਂ ਉਡਾਈਆਂ ਅਤੇ ਸਿੱਧ ਕਰ ਦਿਤਾ ਕਿ ਪ੍ਰਾਣੀ ਮਾਤ੍ਰ ਨੂੰ ਪਰਵ ਸ਼ਨਾਨ ਕਰਨ ਦਾ ਅਧਿਕਾਰ ਹੈ ਅਤੇ ਮੰਦਿਰ ਵਿਚ ਦਸਤਾਰ ਅਤੇ ਸਿਲੇ ਵਸਤ੍ਰ ਦਾ ਜੋ ਪ੍ਰਤਿਬੰਧ ਸੀ ਉਸ ਦਾ ਖੋਖਲਾਪਣ ਸਿੱਧ ਕੀਤਾ। ਇਸ ਸ਼ਾਸਤ੍ਰਾਰਥ ਦਾ ਇਤਨਾ ਪ੍ਰਭਾਵ ਪਿਆ ਕਿ ਉਸ ਸਮੇਂ ਦੇ ਮੌਜੂਦਾ ਰਾਜੇ-ਮਹਾਂਰਾਜਿਆਂ ਨੇ ਵਿਧੀਵਤ ਲਿਖਤ ਦਿੱਤੀ ਕਿ ਅੱਜ ਤੋਂ ਬਾਅਦ ਨਿਰਮਲੇ ਸੰਤ ਇਸ ਪ੍ਰਤੀਬੰਧ ਤੋਂ ਬਹਿਰ੍ਭੂਤ ਹਨ। ਉਸ ਦਿਨ ਤੋਂ ਅੱਜ ਤਕ ਨਿਰਮਲੇ ਸੰਤ ਕੁੰਭ ਮੇਲੇ ਸਮੇਂ ਪਗੜੀ ਅਤੇ ਸਿਲੇ ਵਸਤ੍ਰਾਂ ਸਹਿਤ ਦਰਸ਼ਨ ਪੂਜਨ ਕਰਦੇ ਹਨ।

ਐਸੇ ਸ਼ਾਸਤ੍ਰਾਰਥੀ ਨਿਰਮਲੇ ਵਿਦ੍ਵਾਨਾਂ ਵਿਚੋਂ ਸ਼੍ਰੀਮਾਨ ਪੰਡਿਤ ਈਸ਼੍ਵਰ ਸਿੰਘ ਜੀ ਕਾਸ਼ੀ ਵਾਲੇ ਨਿਵੇਕਲਾ ਸਥਾਨ ਰਖਦੇ ਹਨ, ਜਿਨ੍ਹਾਂ ਨੇ ਆਪਣੀ ਵਿਦਵਤਾ ਦਾ ਪਰਿਚਯ ਸ੍ਵਯੰ ਹੀ ਸ੍ਵਰਚਿਤ 'ਸ੍ਵ ਸ੍ਵਪਨ ਨਾਟਕ' ਗ੍ਰੰਥ ਵਿਚ ਦਿਤਾ ਹੈ। ਆਪ ਜੀ ਦੀ ਸ਼ਾਸਤ੍ਰਾਰਥ ਕਰਨ ਦੀ ਸ਼ੈਲੀ, ਮੇਧਾ ਸ਼ਕਤੀ ਅਪੂਰਵ ਸੀ। 'ਬੁਦ੍ਧਿਸ੍ਤਾਤ੍ਕਾਲਿਕੀਜ਼ੇਯਾ'[1] ਖਟ ਦਰਸ਼ਨ ਸਾਧੂ ਸਮਾਜ ਦੇ ਵਿਦ੍ਵਾਨ ਪੰਡਿਤ ਆਪ ਜੀ ਨੂੰ ਸ਼ਾਸਤ੍ਰਾਰਥ ਵਿਚ ਬੈਠਿਆ ਹੋਇਆ ਦੇਖ ਕੇ ਭੈਭੀਤ ਹੋ ਜਾਂਦੇ ਸਨ। ਆਪ ਜੀ ਨੇ ਕਾਸ਼ੀ, ਤ੍ਰਿਬੰਕੇਸ਼੍ਵਰ, ਨਾਸਿਕ ਆਦਿ ਪ੍ਰਮੁਖ ਤੀਰਥ ਸਥਾਨਾਂ 'ਤੇ ਵੱਡੀਆਂ-ਵੱਡੀਆਂ ਸਭਾਵਾਂ ਵਿਚ ਅਤੇ ਦਰਭੰਗਾ, ਡੁਮਰਾ, ਨਾਭਾ, ਪਟਿਆਲਾ, ਜੀਂਦ ਆਦਿਕ ਕਈ ਰਿਆਸਤਾਂ ਵਿਚ ਸ਼ਾਸਤ੍ਰਾਰਥ ਕਰਕੇ ਵਿਜੇ ਪ੍ਰਾਪਤ ਕੀਤੀ, ਇਸੇ ਕਰਕੇ ਆਪ ਜੀ ਦਾ ਇਕ 'ਦਿਗਵਿਜਯ' ਨਾਮਕ ਗ੍ਰੰਥ ਵੀ ਹੈ। ਪੂਰਵ ਭਾਰਤ ਦੀਆਂ ਰਿਆਸਤਾਂ ਵਿਚ ਜੋ ਵਾਹਿਗੁਰੂ ਸ਼ਬਦ ਦੇ ਅਰਥ 'ਤੇ ਸ਼ਾਸਤ੍ਰਾਰਥ ਹੋਏ, ਉਨ੍ਹਾਂ ਦੇ ਨਿਚੋੜ ਤੋਂ ਹੀ 'ਵਾਹਿਗੁਰੂ ਮੰਤ੍ਰਾਰਥ ਪ੍ਰਕਾਸ਼' ਨਾਮਕ ਗ੍ਰੰਥ ਲਿਪੀਬਧ ਕੀਤਾ ਗਿਆ, ਜਿਸ ਵਿਚ ਵਾਹਿਗੁਰੂ ਮੰਤ੍ਰ ਦੇ 500 ਅਰਥ ਸਿੱਧ ਕੀਤੇ ਹਨ। ਇਸ ਪ੍ਰਕਾਰ ਇਨ੍ਹਾਂ ਨੇ 56 ਸ਼ਾਸਤ੍ਰਾਰਥ ਕੀਤੇ, ਜਿਨ੍ਹਾਂ ਦਾ ਵੇਰਵਾ ਆਪ ਜੀ ਨੇ ਸ੍ਵਰਚਿਤ 'ਸ੍ਵ ਸ੍ਵਪਨ ਨਾਟਕ' ਗ੍ਰੰਥ ਵਿਚ ਦਿਤਾ ਹੈ।

ਪੰਡਿਤ ਨਿਹਾਲ ਸਿੰਘ ਜੀ ਥੋਹਾ ਖਾਲਸਾ ਵਾਲਿਆਂ ਦਾ ਸ੍ਵਾਮੀ ਦਯਾਨੰਦ ਆਰਯਸਮਾਜੀ ਦੇ ਨਾਲ ਖਾਲਸਾ ਸ਼ਬਦ ਦੇ ਅਰਥ ਨੂੰ ਲੈ ਕੇ ਅੰਮ੍ਰਿਤਸਰ ਵਿਚ ਹੋਇਆ ਸ਼ਾਸਤ੍ਰਾਰਥ ਪ੍ਰਸਿੱਧ ਹੈ, ਜਿਸ ਦਾ ਉਤਰ ਉਨ੍ਹਾਂ ਨੇ 'ਖਾਲਸਾ ਸ਼ਤਕ' ਨਾਮਕ ਸੰਸਕ੍ਰਿਤ ਭਾਸ਼ਾ ਦਾ ਗ੍ਰੰਥ ਇਕ ਰਾਤ ਵਿਚ ਰਚਨਾ ਕਰਕੇ ਦਿਤਾ। ਨਿਰਮਲ ਭੇਖ ਦੇ ਮੂਰਧਨਯ ਵਿਦ੍ਵਾਨ ਸੰਤ ਗਿਆਨੀ ਗਿਆਨ ਸਿੰਘ ਜੀ ਦਾ ਮੋਰਧ੍ਵਜ ਸ਼ਹਿਰ ਦੇ ਰਾਜੇ ਸੈਨਪਾਲ ਨਾਲ ਤਦਬੀਰ ਤਥਾ ਤਕਬੀਰ ਸ਼ਬਦ 'ਤੇ ਕਈ ਦਿਨ ਸ਼ਾਸਤ੍ਰਾਰਥ ਚਲਿਆ, ਅੰਤਤੋਗਤ੍ਵਾ ਵਿਜਯ ਗਿਆਨੀ ਜੀ ਨੂੰ ਹਾਸਿਲ ਹੋਈ। ਇਸ ਤੋਂ ਇਲਾਵਾ ਆਗਰੇ ਆਦਿਕ ਸ਼ਹਿਰਾਂ ਵਿਚ ਕਈ ਸ਼ਾਸਤ੍ਰਾਰਥ ਗਿਆਨੀ ਜੀ ਦੇ ਪ੍ਰਸਿਧ ਹਨ। ਇਸ ਪ੍ਰਕਾਰ ਪੰ. ਮਹੇਸ਼ਰਾ ਸਿੰਘ ਜੀ ਆਦਿਕ ਨਿਰਮਲੇ ਸੰਤ ਸ਼ਾਸਤ੍ਰਾਰਥ ਕਰਨ

---

[1] बुद्धिस्तात्कालिकीज़ेया मतिरागामि गोचरा।
प्रज्ञा नवनवोन्मेष शालिनी प्रतिभां विदु:।।          (भर्तृ हरि)

ਵਿਚ ਅਤੀ ਪ੍ਰਵੀਨ ਸਨ, ਜਿਨ੍ਹਾਂ ਨੇ ਪੂਰੇ ਭਾਰਤ ਵਰਸ਼ ਵਿਚ ਆਪਣੀ ਵਿਦਵਤਾ ਦੇ ਪ੍ਰਭਾਵ ਦੁਆਰਾ ਗੁਰਮਤਿ ਦੀ ਸਿਧਾਂਤ ਰੂਪੀ ਸੁਗੰਧੀ ਨੂੰ ਫੈਲਾਇਆ।

**ਗੁਰੂਧਾਮਾਂ ਦੀ ਸੇਵਾ ਤਥਾ ਲੰਗਰਾਂ ਦੁਆਰਾ ਯੋਗਦਾਨ** : ਇਤਿਹਾਸਿਕ ਗੁਰੂਧਾਮਾਂ ਦੇ ਪਾਠ ਪੂਜਾ ਤਥਾ ਨਵ-ਨਿਰਮਾਣ ਦੀ ਸੇਵਾ ਵਿਚ ਨਿਰਮਲੇ ਮਹਾਪੁਰਖਾਂ ਦਾ ਬਹੁਤ ਵਡਮੁੱਲਾ ਯੋਗਦਾਨ ਹੈ। ਜਿਸ ਸਮੇਂ ਮੁਸਲਿਮ ਹਾਕਮ ਜ਼ਕਰੀਆ ਖ਼ਾਨ ਜੈਸੇ ਸਿੰਘਾਂ ਦੇ ਸਿਰਾਂ ਦੇ ਮੁਲ ਪਾਉਂਦੇ ਸਨ, ਜਿਸ ਸਮੇਂ ਖਾਲਸਾ ਜੰਗਲਾਂ ਅਤੇ ਪਹਾੜਾਂ ਵਿਚ ਰਹਿ ਕੇ ਜ਼ਾਲਮਾਂ ਨੂੰ ਸੋਧਣ ਵਾਸਤੇ ਤਥਾ ਧਰਮ ਦੀ ਰੱਖਿਆ ਵਿਚ ਲੱਗਿਆ ਹੋਇਆ ਸੀ, ਉਸ ਸਮੇਂ ਗੁਰੂ ਸਥਾਨਾਂ ਦੇ ਵਿਚ ਧੂਪ, ਦੀਪ, ਪੂਜਾ-ਪਾਠ ਆਦਿ ਸਾਰੀ ਸੇਵਾ ਸੰਭਾਲ ਉਦਾਸੀ ਅਤੇ ਨਿਰਮਲੇ ਮਹਾਪੁਰਖ ਕਰਿਆ ਕਰਦੇ ਸਨ। ਇਸ ਤਰ੍ਹਾਂ ਸ੍ਰੀ ਅਬਿਚਲ ਨਗਰ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸੰਤ ਗੁਲਾਬ ਸਿੰਘ ਜੀ ਨਿਰਮਲੇ, ਨਿਰਮਲ ਬੁੰਗਾ ਹਜ਼ੂਰ ਸਾਹਿਬ ਵਾਲੇ, ਸੰਤ ਹੀਰਾ ਸਿੰਘ ਜੀ, ਸੰਤ ਬਹਾਦਰ ਸਿੰਘ ਜੀ, ਸੰਤ ਜੋਗਿੰਦਰ ਸਿੰਘ ਜੀ ਮੋਨੀ ਆਦਿਕ ਮਹਾਪੁਰਖਾਂ ਨੇ ਸਚਖੰਡ ਹੈੱਡ ਪੁਜਾਰੀ ਦੀ ਸੇਵਾ ਨਿਭਾਈ। ਸੰਤ ਬਾਬਾ ਦਰਗਾਹ ਸਿੰਘ ਜੀ ਨੇ ਗੁਰਦੁਆਰਾ ਪਾ: ੩ ਦੀ ਸੇਵਾ, ਇਤਿਆਦਿਕ ਸਥਾਨਾਂ ਦੀ ਸੇਵਾ ਸੰਭਾਲ ਦੇ ਨਾਲ-ਨਾਲ ਨਿਰਮਲੇ ਸੰਤਾਂ ਨੇ ਕਈ ਇਤਿਹਾਸਿਕ ਗੁਰਦੁਆਰਿਆਂ ਦਾ ਨਵ-ਨਿਰਮਾਣ ਕਰਵਾਇਆ। ਸ੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਨੇ ਗੁਰੂ ਕੀ ਕਾਸ਼ੀ ਦਮਦਮਾ ਸਾਹਿਬ ਗੁਰੂਸਰ ਸਰੋਵਰ ਦੀ ਸੇਵਾ ਆਪਣੇ ਕਰ ਕਮਲਾਂ ਦੁਆਰਾ ਕੀਤੀ ਅਤੇ ਕਰਵਾਈ। ਸ੍ਰੀਮਾਨ ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀਆਂ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਇਮਾਰਤ ਦਾ ਬਹੁਤ ਸੁੰਦਰ ਨਵ-ਨਿਰਮਾਣ ਕਰਵਾਇਆ।

ਸ੍ਰੀਮਾਨ ਸੰਤ ਬਾਬਾ ਜੈਮਲ ਸਿੰਘ ਜੀ ਭੂਰੀ ਵਾਲਿਆਂ ਨੇ ਸ੍ਰੀ ਹਰਿਮੰਦਰ ਸਾਹਿਬ ਸਰੋਵਰ ਦੀ ਪਰਿਕਰਮਾ ਦੀ ਸੇਵਾ, ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ, ਸ੍ਰੀ ਤਰਨਤਾਰਨ ਸਾਹਿਬ ਸਰੋਵਰ ਦੀ ਪਰਿਕਰਮਾ ਦੀ ਸੇਵਾ, ਗੁਰਦੁਆਰਾ ਡੇਹਰਾ ਬਾਬਾ ਨਾਨਕ, ਗੁਰਦੁਆਰਾ ਨਾਨਕਸਰ ਵੇਰਕਾ, ਗੁਰਦੁਆਰਾ ਖੂਹ ਭਾਈ ਮੰਝ ਅੰਮ੍ਰਿਤਸਰ, ਗੁਰਦੁਆਰਾ ਛੋਟੇ ਸਾਹਿਬਜ਼ਾਦੇ ਫ਼ਤਹਿਗੜ੍ਹ ਸਾਹਿਬ ਇਤਿਆਦਿਕ ਗੁਰਧਾਮਾਂ ਦੀ ਸੇਵਾ ਵਿਚ ਅਤੇ ਨਾਮ ਸਿਮਰਨ ਕਰਦਿਆਂ ਕਰਾਉਂਦਿਆਂ ਸੰਪੂਰਣ ਜੀਵਨ ਬਿਤੀਤ ਕੀਤਾ। ਉਨ੍ਹਾਂ ਤੋਂ ਵਰੋਸਾਏ ਹੋਏ ਸ੍ਰੀਮਾਨ ਸੰਤ ਬਾਬਾ ਗੁਰਦਿਆਲ ਸਿੰਘ ਜੀ ਭੂਰੀ ਵਾਲਿਆਂ ਨੇ ਮਹਾਪੁਰਖਾਂ ਵੱਲੋਂ ਪ੍ਰਾਰੰਭ ਗੁਰਧਾਮਾਂ ਦੀਆ ਸੇਵਾਵਾਂ ਨੂੰ ਨਿਭਾਉਂਦੇ ਹੋਏ ਤਥਾ ਕੁਛ ਹੋਰ ਗੁਰਧਾਮਾਂ ਗੁਰਦੁਆਰਾ ਸੰਗਰਾਣਾ ਸਾਹਿਬ ਚੱਬਾ, ਗੁਰਦੁਆਰਾ ਦਮਦਮਾ ਸਾਹਿਬ ਪਾ: ੩, ਗੁਰਦੁਆਰਾ ਅਟਾਰੀ ਸਾਹਿਬ ਸੁਲਤਾਨਵਿੰਡ ਇਤਿਆਦਿਕ ਗੁਰਧਾਮਾਂ ਦੀ ਸੇਵਾ ਬੜੀ ਮਿਹਨਤ ਅਤੇ ਲਗਨ ਨਾਲ ਕੀਤੀ। ਹੁਣ ਉਨ੍ਹਾਂ ਦੇ ਚਰਨ ਸੇਵਕ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ (ਮੁਖੀਏ ਮਹੰਤ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ ਹਰਿਦੁਆਰ) ਸੇਵਾ ਦੇ ਮਹਾਨ ਕੁੰਭ ਨੂੰ ਅੱਗ੍ਰਸਰ ਕਰਦੇ ਹੋਏ ਚਾਰ ਚੰਨ ਲਾ ਰਹੇ ਹਨ, ਜਿਸ ਤਰ੍ਹਾਂ ਕੁਛ ਦਿਨ ਪੂਰਵ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਵਿਖੇ ਸੇਵਾ ਦਾ ਮਹਾਨ ਕਾਰਜ ਆਰੰਭ ਕੀਤਾ ਹੈ। ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਵਾਲੀਆਂ ਕਈ ਬਿਲਡਿੰਗਾਂ ਖ਼ਰੀਦ ਕੇ ਕਾਰ ਪਾਰਕਿੰਗ ਵਾਸਤੇ ਬੇਸਮੈਂਟ, ਉਸ ਤੋਂ ਉਪਰ ਲੰਗਰ ਹਾਲ ਅਤੇ ਸ੍ਰੀ ਅਖੰਡ ਪਾਠਾਂ ਵਾਸਤੇ ਤਿੰਨ ਮੰਜਲੀ ਵਿਸ਼ਾਲ ਇਮਾਰਤ ਦਾ ਨਿਰਮਾਣ ਅਤੇ ਸੁਖ ਆਸਣ ਸਾਹਿਬ ਵਾਸਤੇ ਸੁੰਦਰ ਸਥਾਨ ਆਦਿਕ ਸੇਵਾ ਚਲ ਰਹੀ ਹੈ। ਇਸੇ ਤਰ੍ਹਾਂ ਗੁਰਦੁਆਰਾ ਮਾਈ ਕਾ ਥਾਨ ਆਗਰਾ, ਗੁਰਦੁਆਰਾ ਪਾ: ੩ ਡੇਰਾ ਬਾਬਾ ਦਰਗਾਹ ਸਿੰਘ ਕਨਖਲ ਹਰਿਦੁਆਰ ਆਦਿਕ ਗੁਰਧਾਮਾਂ ਦੀ ਸੇਵਾ ਦੇ ਨਾਲ-ਨਾਲ ਇਤਿਹਾਸਿਕ ਗੁਰੂਪਰਵਾਂ ਸ਼ਤਾਬਦੀਆਂ 'ਤੇ ਜਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਹੋਈ ਲੰਗਰ ਦੀ ਪ੍ਰਥਾ ਆਪਣੇ ਡੇਰੇ ਵਿਚ ਤਥਾ ਕੁੰਭ ਮੇਲਿਆਂ 'ਤੇ ਜਾ ਕੇ ਵਿਰੱਕਤ ਸੰਤ ਮੰਡਲੀਆਂ ਦੀ ਹਰ ਪ੍ਰਕਾਰ ਦੀ ਸੇਵਾ ਸਾਧਸੰਗਤ ਦੇ ਸਹਿਯੋਗ ਨਾਲ ਬੜੇ ਹੀ ਸੁਚੱਜੇ ਢੰਗ ਨਾਲ ਕਰ ਰਹੇ ਹਨ।

ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਦੇ ਪ੍ਰਬੰਧ ਹੇਠ ਗੁਰਦੁਆਰਾ ਮੈਣੀ ਸੰਗਤ ਬਾਲ ਲੀਲਾ ਪਟਨਾ ਸਾਹਿਬ ਦੀ ਸੇਵਾ ਨਿਭਾਉਂਦੇ ਹੋਏ ਸ੍ਰੀਮਾਨ 108 ਪੰ. ਬਲਬੀਰ ਸਿੰਘ ਜੀ ਨੇ ਗੁਰਦੁਆਰਾ ਦੀ ਸੁੰਦਰ ਇਮਾਰਤ, ਲੰਗਰ ਹਾਲ ਅਤੇ ਯਾਤ੍ਰੀਆਂ ਦੇ ਠਹਿਰਨ ਵਾਸਤੇ ਸੁੰਦਰ ਯਾਤ੍ਰੀ ਨਿਵਾਸ ਦੀ ਸੇਵਾ ਕਰਵਾਈ। ਇਸੇ ਤਰ੍ਹਾਂ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਦੇ ਪ੍ਰਬੰਧ ਹੇਠ ਗੁਰਦੁਆਰਾ ਪੱਕੀ ਸੰਗਤ ਪਾ: ੯ ਅਤੇ ਪਾ: ੧੦ ਪ੍ਰਯਾਗਰਾਜ ਇਲਾਹਾਬਾਦ ਵਿਖੇ ਸ੍ਰੀਮਾਨ ਸੰਤ ਰਾਮ ਸਿੰਘ, ਸ੍ਰੀਮਾਨ ਮਹੰਤ ਪ੍ਰੀਤਮ ਸਿੰਘ ਅਤੇ ਸ੍ਰੀਮਾਨ ਮਹੰਤ ਦੀਦਾਰ ਸਿੰਘ ਜੀ ਨੇ ਗੁਰਦੁਆਰੇ ਦੀ ਨਵੀਂ ਇਮਾਰਤ ਅਤੇ ਕਮਰਿਆਂ ਦੀ ਸੇਵਾ ਬਹੁਤ ਨਿਸ਼ਕਾਮ ਭਾਵ ਨਾਲ ਕਰਵਾਈ, ਵਰਤਮਾਨ ਵਿਚ ਇਸ ਸਥਾਨ 'ਤੇ ਯਾਤ੍ਰੀਆਂ ਦੇ ਨਿਵਾਸ ਅਤੇ ਵੱਡੇ ਲੰਗਰ ਹਾਲ ਦੀ ਜ਼ਰੂਰਤ

ਨੂੰ ਦੇਖ ਕੇ ਸ਼੍ਰੀਮਾਨ ਮਹੰਤ ਗਿਆਨ ਦੇਵ ਸਿੰਘ ਜੀ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਦੀ ਆਗਿਆ ਅਨੁਸਾਰ ਪੰਜ ਮੰਜਲੀ ਵਿਸ਼ਾਲ ਨਵ ਇਮਾਰਤ ਦੀ ਸੇਵਾ ਸਾਧ ਸੰਗਤ ਦੇ ਸਹਿਯੋਗ ਨਾਲ ਕਰਵਾ ਰਹੇ ਹਨ।

ਸ਼੍ਰੀਮਾਨ ਸੰਤ ਬਾਬਾ ਨਿਧਾਨ ਸਿੰਘ ਜੀ ਨੇ ਹਜ਼ੂਰ ਸਾਹਿਬ ਜਾ ਕੇ ਗੁਰਦੁਆਰਾ ਲੰਗਰ ਸਾਹਿਬ, ਗੁਰਦੁਆਰਾ ਗੁਪਤਸਰ ਸਾਹਿਬ ਮਨਮਾੜ ਦੀ ਸੇਵਾ ਕਰਵਾਈ, ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਗੱਦੀ ਨਸ਼ੀਨ ਸਾਰੇ ਮਹਾਪੁਰਖਾਂ ਨੇ ਹਜ਼ੂਰ ਸਾਹਿਬ ਦੇ ਸਾਰੇ ਗੁਰਧਾਮਾਂ ਅਤੇ ਲੰਗਰ ਸੇਵਾ ਬੜੇ ਯੋਗ ਤਰੀਕੇ ਨਾਲ ਨਿਭਾਈ। ਵਰਤਮਾਨ ਵਿਚ ਸ਼੍ਰੀਮਾਨ ਸੰਤ ਬਾਬਾ ਨਰਿੰਦਰ ਸਿੰਘ ਜੀ, ਸ਼੍ਰੀਮਾਨ ਸੰਤ ਬਾਬਾ ਬਲਵਿੰਦਰ ਸਿੰਘ ਜੀ ਸੇਵਾ ਕਰਵਾ ਰਹੇ ਹਨ। ਸ਼੍ਰੀਮਾਨ ਸੰਤ ਬਾਬਾ ਸਾਧੂ ਸਿੰਘ ਜੀ ਮੋਨੀ ਨੇ ਗੁਰਦੁਆਰਾ ਗੁਰੂ ਕਾ ਤਾਲ ਪਾ: ੯ ਆਗਰਾ, ਗੁਰਦੁਆਰਾ ਚਰਨ ਕਮਲ ਸਾਹਿਬ ਪਾ: ੧ ਅਤੇ ਪਾ: ੯ ਨਿਜ਼ਾਮਾਬਾਦ ਆਜ਼ਮਗੜ੍ਹ ਯੂ. ਪੀ. ਦੀ ਸੇਵਾ ਕਰਵਾਈ। ਉਨ੍ਹਾਂ ਤੋਂ ਵਰਸਾਏ ਹੋਏ ਸ਼੍ਰੀਮਾਨ ਸੰਤ ਬਾਬਾ ਨਿਰੰਜਨ ਸਿੰਘ ਜੀ, ਸੰਤ ਬਾਬਾ ਪ੍ਰੀਤਮ ਸਿੰਘ ਜੀ ਨੇ ਕਈ ਗੁਰਧਾਮਾਂ ਅਤੇ ਲੰਗਰਾਂ ਦੀ ਸੇਵਾ ਬੜੀ ਨਿਮਰਤਾ ਨਾਲ ਕਰਵਾ ਰਹੇ ਹਨ।

ਸ਼੍ਰੀਮਾਨ ਸੰਤ ਬਾਬਾ ਕਰਤਾਰ ਸਿੰਘ ਜੀ ਠੱਟੇ ਟਿੱਬੇ ਵਾਲਿਆਂ ਨੇ ਗੁਰਦੁਆਰਾ ਹੱਟ ਸਾਹਿਬ, ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ, ਗੁਰਦੁਆਰਾ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ, ਗੁਰਦੁਆਰਾ ਤਖ਼ਤ ਸ੍ਰੀ ਹਰਿਮੰਦਰ ਸਾਹਿਬ (ਬਿਹਾਰ) ਆਦਿਕ ਗੁਰੂ ਸਥਾਨਾਂ ਦੀ ਸੇਵਾ ਕਰਵਾਈ। ਸ਼੍ਰੀਮਾਨ 108 ਸੰਤ ਬਾਬਾ ਦਲੇਲ ਸਿੰਘ ਜੀ ਦੇ ਸ਼ਿਸ਼ਜ ਸੰਤ ਸੁਖਦੇਵ ਸਿੰਘ ਜੀ ਨੇ ਯੂ. ਪੀ. ਸਟੇਟ ਦੇ ਪੀਲੀਭੀਤ, ਸ਼ਾਹਜ਼ਹਾਨਪੁਰ, ਬਰੇਲੀ ਆਦਿਕ ਇਲਾਕੇ ਦੇ ਜਿਨ੍ਹਾਂ ਪਿੰਡਾਂ, ਨਗਰਾਂ, ਸ਼ਹਿਰਾਂ ਵਿਚ ਗੁਰਦਵਾਰੇ ਨਹੀਂ ਸਨ ਉਥੇ ਵਿਚਰਣ ਕਰਕੇ 108 ਗੁਰਦੁਆਰੇ ਬਣਵਾਏ। ਸੰਤ ਬਾਬਾ ਲਾਭ ਸਿੰਘ ਜੀ ਕਿਲ੍ਹਾ ਆਨੰਦਗੜ੍ਹ ਵਾਲਿਆਂ ਨੇ ਆਨੰਦਪੁਰ ਸਾਹਿਬ ਦੇ ਕਈ ਗੁਰਦੁਆਰੇ ਜਿਸ ਤਰ੍ਹਾਂ ਗੁਰਦੁਆਰਾ ਗੁਰੂ ਕੇ ਮਹਿਲ ਅੰਮ੍ਰਿਤਸਰ, ਗੁਰਦੁਆਰਾ ਸਕੇਤ ਮੰਡੀ ਆਦਿ ਸਥਾਨਾਂ ਦੀ ਸੇਵਾ ਕਰਵਾਈ ਤਥਾ ਕਰਵਾ ਰਹੇ ਹਨ।

ਗੁ. ਮਨੀਕਰਨ ਸਾਹਿਬ ਪਾ: ੧ ਦੀ ਸੇਵਾ ਸੰਤ ਬਾਬਾ ਨਰਾਇਣ ਹਰੀ ਜੀ ਮਹਾਰਾਜ ਨੇ ਸੰਪੂਰਨ ਕਰਵਾਈ ਅਤੇ ਲੰਗਰ ਦਾ ਅਤੁੱਟ ਪ੍ਰਵਾਹ ਚਲਾਇਆ ਜੋ ਵਰਤਮਾਨ ਵਿਚ ਵੀ ਚਲ ਰਿਹਾ ਹੈ। ਇਸ ਪ੍ਰਕਾਰ ਹੋਰ ਵੀ ਨਿਰਮਲੇ ਮਹਾਪੁਰਖਾਂ ਵੱਲੋਂ ਅੰਨਕਸ਼ੇਤ੍ਰ ਚਲ ਰਹੇ ਹਨ, ਜਿਸ ਤਰ੍ਹਾਂ ਸੰਤ ਬਾਬਾ ਰਾਮ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ਼ ਵਿਚ ਹਰ ਭੇਖ ਦੇ ਸਾਧੂ ਅਭਿਆਗਤ ਵਿਰੱਕਤ ਸੰਤਾਂ ਤਥਾ ਸਾਧਸੰਗਤ ਵਾਸਤੇ ਲੰਗਰ ਅਤੇ ਦਵਾਈਆਂ ਦੀ ਫ੍ਰੀ ਸੇਵਾ ਨਿਰੰਤਰ ਚਲ ਰਹੀ ਹੈ।

ਸੰਤ ਬਾਬਾ ਭੂਰੀ ਵਾਲੇ ਅੰਨਕਸ਼ੇਤ੍ਰ ਨਾਨਕਪੁਰਾ ਆਸ਼੍ਰਮ, ਨਿਹਕਲੰਕ ਆਸ਼੍ਰਮ, ਭਜਨਗੜ੍ਹ ਆਸ਼੍ਰਮ, ਸੰਤ ਬਾਬਾ ਮਿਹਰ ਸਿੰਘ ਜੀ ਵਿਰੱਕਤ ਦੇ ਸੇਵਕਾਂ ਵੱਲੋਂ ਰਿਸ਼ੀ ਆਸ਼੍ਰਮ ਹਰਿਦੁਆਰ ਇਸ ਤਰ੍ਹਾਂ ਹੋਰ ਵੀ ਕਈ ਸਥਾਨਾਂ 'ਤੇ ਅੰਨਕਸ਼ੇਤ੍ਰ ਸੰਤਾਂ ਵੱਲੋਂ ਚਲ ਰਹੇ ਹਨ। ਇਸ ਪ੍ਰਕਾਰ ਨਿਰਮਲੇ ਮਹਾਪੁਰਖਾਂ ਨੇ ਗੁਰਦਵਾਰਿਆਂ ਦੀ ਸੇਵਾ, ਸੰਭਾਲ, ਨਵ-ਨਿਰਮਾਣ ਤਥਾ ਲੰਗਰ ਪ੍ਰਸਾਦ ਦੀ ਸੇਵਾ ਦੁਆਰਾ ਅਕਥਨੀਯ ਯੋਗਦਾਨ ਪਾਇਆ ਅਤੇ ਪਾ ਰਹੇ ਹਨ।

**ਦੇਸ਼ ਦੀ ਅਜ਼ਾਦੀ ਤਥਾ ਗਊ-ਗਰੀਬ ਰੱਖਿਆ ਸੰਬੰਧੀ ਯੋਗਦਾਨ** : ਜਿਥੇ ਨਿਰਮਲੇ ਸੰਤਾਂ ਨੇ ਮੰਡਲੀਆਂ, ਆਸ਼੍ਰਮਾਂ, ਸ਼ਾਸਤ੍ਰਾਰਥਾਂ, ਬ੍ਰਹਮ ਵਿਦਿਆ ਦਾ ਪਠਨ-ਪਾਠਨ ਆਦਿ ਸਾਧਨਾਂ ਦੁਆਰਾ ਸਮਾਜ ਦੇ ਭੌਤਿਕ ਅਤੇ ਆਤਮਿਕ ਵਿਕਾਸ ਵਿਚ ਯੋਗਦਾਨ ਦਿਤਾ, ਉਥੇ ਇਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਇਨ੍ਹਾਂ ਵਚਨਾਂ 'ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ'[1] ਦਾ ਪਾਲਣ ਕਰਦੇ ਹੋਏ ਸਮੇਂ-ਸਮੇਂ ਪਰ ਗਊ-ਗਰੀਬ ਦੀ ਰੱਖਿਆ ਅਤੇ ਦੇਸ਼ ਦੀ ਅਜ਼ਾਦੀ ਵਿਚ ਵੀ ਅਤਿਅੰਤ ਯੋਗਦਾਨ ਦਿਤਾ। ਮਹਾਰਾਜਾ ਰਣਜੀਤ ਸਿੰਘ ਜੀ ਦੇ ਦੇਹਾਂਤ ਤੋਂ ਬਾਅਦ ਸਿੱਖ ਰਾਜ ਵਿਚ ਪਈ ਆਪੋ-ਧਾਪੀ ਅਤੇ ਡੋਗਰਿਆਂ ਦੀ 'ਫੁੱਟ ਪਾਓ ਅਤੇ ਰਾਜ ਕਰੋ' ਦੀ ਨੀਤੀ ਦੁਆਰਾ ਖੇਰੂੰ-ਖੇਰੂੰ ਹੋਏ ਸਿੱਖਾਂ ਦੇ ਕਾਰਣ ਸਿੱਖ ਰਾਜ ਦਾ ਪਤਨ ਹੁੰਦਾ ਦੇਖ ਕੇ ਉਸ ਸਮੇਂ ਦੇ ਨਿਰਮਲ ਭੇਖ ਦੇ ਮਹਾਪੁਰਖ ਮਹਾਨ ਤੇਜਸ੍ਵੀ, ਤਪਸ੍ਵੀ, ਰਾਜਯੋਗੀ ਸ਼੍ਰੀਮਾਨ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨੇ ਆਪਣੇ ਤਪ-ਤੇਜ ਦੁਆਰਾ ਸਿੱਖ ਰਾਜ ਦੀ ਪੁਨ: ਸਥਿਤੀ ਅਤੇ ਸੁਖ-ਸ਼ਾਂਤੀ ਵਾਸਤੇ ਸਿੱਖ ਸਰਦਾਰਾਂ ਨੂੰ ਕੌਮੀ ਏਕਤਾ ਅਪਣਾਉਣ ਵਾਸਤੇ ਪ੍ਰੇਰਿਤ ਕੀਤਾ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਦੋ ਰਾਜਕੁਮਾਰਾਂ 'ਕੰਵਰ ਕਸ਼ਮੀਰਾ ਸਿੰਘ, ਕੰਵਰ ਪਿਸ਼ੌਰਾ ਸਿੰਘ' ਅਸਹਾਯਾਂ ਨੂੰ ਸ਼ਰਣ ਦਿਤੀ।

---

[1] ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ॥ ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ॥
ਯਹੀ ਆਸ ਪੂਰਨ ਕਰਹੋ ਤੁਮ ਹਮਾਰੀ॥ ਮਿਟੈ ਕਸ਼ਟ ਗਊਅਨ ਸੁਟੈ ਖੇਦ ਭਾਰੀ॥
ਯਹੀ ਬੇਨਤੀ ਖਾਸ ਹਮਰੀ ਸੁਣੀਜੈ॥ ਅਸੁਰ ਮਾਰਕਰ ਰੱਛ ਗਊਅਨ ਕਰੀਜੈ॥ (ਉਗ੍ਰਦੰਤੀ ਪਾ: ੧੦)

ਉਨ੍ਹਾਂ ਦੇ ਇਨ੍ਹਾਂ ਪ੍ਰਯਤਨਾਂ ਨੂੰ ਦੇਖ ਕੇ ਰਾਜ ਦੇ ਲਾਲਾਚੀ ਡੋਗਰੇ ਸਹਨ ਨਹੀਂ ਕਰ ਸਕੇ। ਡੋਗਰਿਆਂ ਦੇ ਵਜ਼ੀਰ ਹੀਰਾ ਸਿੰਘ ਨੇ ਫ਼ੌਜਾਂ ਚਾੜ੍ਹ ਕੇ ਤੋਪਾਂ ਤਥਾ ਬੰਦੂਕਾਂ ਦੀਆਂ ਗੋਲ੍ਹੀਆਂ ਨਾਲ ਬਾਬਾ ਬੀਰ ਸਿੰਘ ਜੀ ਅਤੇ ਉਨ੍ਹਾਂ ਦੀਆਂ ਸਿੱਖ ਸੰਗਤਾਂ ਸਹਿਤ ਡੇਰੇ ਉਪਰ ਹਮਲਾ ਕਰ ਦਿਤਾ ਜਿਸ ਹਮਲੇ ਨਾਲ ਡੇਰੇ ਦੀ ਤਬਾਹੀ ਅਤੇ ਬਾਬਾ ਜੀ ਦੇ ਸ਼ਰੀਰ ਉਪਰ 18 ਗੋਲ੍ਹੀਆਂ ਲਗੀਆਂ ਤਦ ਉਪਰੰਤ ਵੀ ਬਾਬਾ ਜੀ ਪ੍ਰਸੰਨ ਮੁਖ ਆਤਮਿਕ ਉਪਦੇਸ਼ ਦਿੰਦੇ ਰਹੇ। ਅੰਤ ਸਮੇਂ ਹਰੀਕੇ ਪੱਤਣ ਜਾ ਕੇ ਸਰੀਰ ਤਿਆਗ ਦਿਤਾ। ਬਾਬਾ ਜੀ ਤੋਂ ਬਾਅਦ ਉਨ੍ਹਾਂ ਦੇ ਚਰਨ ਸੇਵਕ ਸੰਤ ਬਾਬਾ ਮਹਾਰਾਜ ਸਿੰਘ ਜੀ ਬੜੀ ਨਿਰਭੈਤਾ ਨਾਲ ਇਨਕਲਾਬੀ ਆਗੂ ਬਣੇ, ਸੰਨ 1848-49 ਦੀਆਂ ਸਿਖਾਂ ਅਤੇ ਅੰਗਰੇਜ਼ਾਂ ਦੀਆਂ ਲੜਾਈਆਂ ਜੋ ਦਰਿਆ ਸਤਲੁਜ ਦੇ ਕੰਢੇ 'ਤੇ ਗੁਜਰਾਤ ਆਦਿ ਸਥਾਨਾਂ 'ਤੇ ਹੋਈਆਂ ਉਨ੍ਹਾਂ ਲੜਾਈਆਂ ਵਿਚ ਆਪ ਜੀ ਨੇ ਤਨ ਮਨ ਦੇ ਨਾਲ ਸਿੱਖ ਸਿਪਾਹੀਆਂ ਦੀ ਅਗਵਾਈ ਕੀਤੀ। ਰਾਜਾ ਗੁਲਾਬ ਸਿੰਘ ਡੋਗਰੇ ਦੀ ਸਾਜ਼ਿਸ ਦੇ ਕਾਰਣ ਜਦੋਂ ਸਿੱਖ ਹਾਰ ਗਏ ਅਤੇ ਦੇਸ਼ ਦੀ ਅਜ਼ਾਦੀ ਦੇ ਸਾਰੇ ਯਤਨ ਆਪਸੀ ਫੁੱਟ ਦੇ ਕਾਰਣ ਖ਼ਤਮ ਹੋ ਗਏ ਤਾਂ ਸੰਤ ਬਾਬਾ ਮਹਾਰਾਜ ਸਿੰਘ ਜੀ ਨੂੰ ਸਾਥੀਆਂ ਸਮੇਤ ਗ੍ਰਿਫ਼ਤਾਰ ਕਰਕੇ ਕੈਦੀ ਬਣਾ ਕੇ ਦੇਸ਼ ਤੋਂ ਬਾਹਰ ਸਿੰਘਾਪੁਰ ਭੇਜ ਦਿਤਾ ਗਿਆ, ਜਿਥੇ ਕੈਦੀ ਹਾਲਤ ਵਿਚ ਹੀ ਆਪ ਜੀ ਨੇ ਸਰੀਰ ਤਿਆਗ ਦਿਤਾ। ਐਸੇ ਮਹਾਪੁਰਖਾਂ ਦੀ ਕੁਰਬਾਨੀ ਨੂੰ ਵਿਸਤਾਰ ਸਹਿਤ ਜਾਣਨ ਵਾਸਤੇ ਉਨ੍ਹਾਂ ਦੀ ਜੀਵਨ ਗਾਥਾ ਪੜ੍ਹਨ ਦੀ ਜ਼ਰੂਰਤ ਹੈ। ਇਕ ਵਾਰ ਕਾਸ਼ੀ (ਬਨਾਰਸ) ਵਿਖੇ ਅੰਗਰੇਜ਼ੀ ਹਕੂਮਤ ਦੇ ਜ਼ੁਲਮਾਂ ਵਿਰੁੱਧ ਜਲੂਸ ਦੀ ਅਗਵਾਈ ਕਰਦੇ ਹੋਏ ਸੰਤ ਨਰਿੰਦਰ ਸਿੰਘ ਜੀ (ਚੇਲਾ ਸ਼੍ਰੀਮਾਨ ਮਹੰਤ ਗਣੇਸ਼ਾ ਸਿੰਘ ਜੀ ਅੰਮ੍ਰਿਤਸਰ) ਚੌਂਕ ਗੋਦੋਲੀਆ ਵਿਚ ਜਾ ਕੇ ਦੇਸ਼ ਭਗਤਾਂ ਵਿਚ ਅੰਗਰੇਜ਼ਾਂ ਦੀਆਂ ਕੂਟਨੀਤੀਆਂ ਸੰਬੰਧੀ ਭਾਸ਼ਣ ਦਿੰਦੇ ਹੋਏ ਪੁਲੀਸ ਦੀਆਂ ਗੋਲੀਆਂ ਦੁਆਰਾ ਸ਼ਹੀਦ ਹੋ ਗਏ।

ਸੰਮਤ 1975 ਵਿਚ ਹਰਿਦੁਆਰ ਦੇ ਨਜ਼ਦੀਕ ਪਿੰਡ ਕਟਾਰਪੁਰ ਵਿਚ ਸ਼ਰੇਆਮ ਗਊ ਹੱਤਿਆ ਕਰਨ ਦੇ ਚੈਲੰਜ ਨੂੰ ਸੁਣ ਕੇ ਗੁਰਦੁਆਰਾ ਪਾ: ੩ ਡੇਰਾ ਬਾਬਾ ਦਰਗਾਹ ਸਿੰਘ ਜੀ ਦੇ ਮਹੰਤ ਸ਼੍ਰੀਮਾਨ ਸੰਤ ਹਰਨਾਮ ਸਿੰਘ ਜੀ ਨੇ ਆਪਣਾ ਧਰਮ ਜਾਣ ਕੇ ਵਿਰੋਧ ਕੀਤਾ। ਮੁਸਲਮਾਨਾਂ ਦੇ ਨਾ ਮੰਨਣ ਤੋਂ ਕੁਛ ਸ਼ਰਧਾਲੂਆਂ ਸਹਿਤ ਮੁਸਲਮਾਨਾਂ ਦਾ ਟਾਕਰਾ ਕਰਕੇ ਗਊਆਂ ਛੁਡਵਾਈਆਂ, ਮਹੰਤ ਜੀ ਨੂੰ ਕਤਲ-ਕੇਸ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਮੁਕੱਦਮਾ ਚਲਿਆ। ਅੰਤ ਨੂੰ ਫਾਸੀ ਦੀ ਸਜ਼ਾ ਸੁਣਾਈ ਗਈ ਜੋ ਅਪੀਲ ਕਰਨ 'ਤੇ ਉਮਰ ਕੈਦ ਵਿਚ ਬਦਲ ਗਈ। ਲਖਨਊ, ਇਲਾਹਾਬਾਦ ਆਦਿ ਜੇਲ੍ਹਾਂ ਵਿਚ ਸਜ਼ਾ ਕਟ ਕੇ 1926 ਈ. ਨੂੰ ਰਿਹਾ ਹੋਏ। ਸ਼੍ਰੀਮਾਨ 108 ਮਹਾਮੰਡਲੇਸ਼੍ਵਰ ਸ੍ਵਾਮੀ ਵਿਦੇਹੀ ਹਰੀ ਜੀ ਮਹਾਰਾਜ ਪ੍ਰਧਾਨ ਅਖਿਲ ਭਾਰਤੀਯ ਗੋ ਰਖਸ਼ਣ ਪਰਿਸ਼ਦ ਜਿਨ੍ਹਾਂ ਨੇ ਆਪਣਾ ਸੰਪੂਰਣ ਜੀਵਨ ਗੋ ਰੱਖਿਆ ਵਾਸਤੇ ਕੁਰਬਾਨ ਕਰ ਦਿਤਾ। ਆਪ ਜੀ ਉੱਚ ਵਿਚਾਰਾਂ ਦੇ ਧਾਰਣੀ ਵਿਰੱਕਤ ਆਤਮਾ ਅਤੇ ਉਚ ਜੀਵਨ ਵਾਲੇ ਮਹਾਪੁਰਖ ਸਨ। ਆਪ ਜੀ ਦੇ ਸ਼੍ਰੇਸ਼ਟ ਆਚਰਣ ਤਿਆਗਮਯ ਜੀਵਨ ਤੋਂ ਦੇਸ਼ ਦੇ ਰਾਜਨੀਤਿਕ ਨੇਤਾ ਲੋਕ, ਸ਼ੰਕਰਾਚਾਰਯ, ਬੁੱਧੀ ਜੀਵੀ ਲੋਕ ਅਤੇ ਜਨ ਸਾਧਾਰਣ ਪ੍ਰਭਾਵਿਤ ਸਨ। ਇਸ ਪ੍ਰਕਾਰ ਹੋਰ ਵੀ ਕਈ ਮਹਾਪੁਰਖ ਹੋਏ, ਜਿਸ ਤਰ੍ਹਾਂ ਸੰਤ ਉਦਮ ਸਿੰਘ ਜੀ ਸੰਨ 1947 ਵਿਚ ਸ਼ਾਹਦਰਾ ਲਾਹੌਰ, ਸੰਤ ਕਿਸ਼ਨ ਸਿੰਘ ਜੀ ਮੁਜੱਫ਼ਰਾਬਾਦ ਪੁਣਛ ਸੰਨ 1947 ਵਿਚ, ਸੰਤ ਗੋਪਾਲ ਸਿੰਘ ਜੀ ਡੇਰਾ ਬਾਬਾ ਖੁਦਾ ਸਿੰਘ ਜੀ ਲਾਹੌਰ 1947 ਵਿਚ, ਸੰਤ ਕਪੂਰ ਸਿੰਘ ਜੀ ਇਤਿਆਦਿਕ ਮਹਾਪੁਰਖ ਦੇਸ਼ ਦੀ ਅਜ਼ਾਦੀ ਤਥਾ ਗਊ-ਗਰੀਬ ਦੀ ਰਖਿਆ ਵਾਸਤੇ ਕੁਰਬਾਨ ਹੋਏ।

ਸ਼੍ਰੀ ਪੰਚਾਇਤੀ ਅਖਾੜਾ ਨਿਰਮਲਾ ਦੇ ਵਰਤਮਾਨ ਸ਼੍ਰੀ ਮਹੰਤ ਪਰਮ ਪੂਜਯ ਪਰਮ ਸ਼੍ਰਧੇਯ ਪੰਡਿਤ ਸ੍ਵਾਮੀ ਗਿਆਨਦੇਵ ਸਿੰਘ ਜੀ ਮਹਾਰਾਜ ਜੋ ਕਿ ਅਖਿਲ ਭਾਰਤੀਯ ਸੰਤ ਸਮਿਤੀ ਦੇ ਸੰਨ 2000 ਤੋਂ 2004 ਤਕ ਅਧਿਅਕਸ਼ ਪਦ 'ਤੇ ਰਹੇ ਔਰ ਵਰਤਮਾਨ ਵਿਚ ਮੁਖ ਨਿਰਦੇਸ਼ਕ ਹਨ। ਜਿਸ ਅਖਿਲ ਭਾਰਤੀਯ ਸੰਤ ਸਮਿਤੀ ਦਾ ਉਦੇਸ਼ ਕੇਵਲ ਗਊ ਰੱਖਿਆ, ਧਰਮ ਰੱਖਿਆ, ਦੇਸ਼ ਹਿਤ ਅਤੇ ਰਾਸ਼ਟਰ ਹਿਤ ਹੈ। ਆਪ ਜੀ ਨੇ ਸੰਤ ਸਮਿਤੀ ਨਾਲ ਸੰਬੰਧਿਤ ਖਟ ਦਰਸ਼ਨ ਸਾਧੂ ਸਮਾਜ ਦੇ ਮਹਾਪੁਰਖਾਂ ਦੇ ਸਹਿਯੋਗ ਨਾਲ 22 ਮਾਰਚ 1995 ਨੂੰ ਕਾਸ਼ੀ ਵਿਸ਼੍ਵਨਾਥ ਬਨਾਰਸ ਤੋਂ ਜਪਯੋਗ ਮਹਾਨੁਸ਼ਠਾਨ ਯਾਤ੍ਰਾ ਆਰੰਭ ਕਰਕੇ ਉਤਰ ਪ੍ਰਦੇਸ਼, ਬਿਹਾਰ, ਉੜੀਸਾ, ਆਸਾਮ, ਪਸ਼ਚਮੀ ਬੰਗਾਲ, ਨੇਪਾਲ ਤਕ। 1998 ਵਿਚ ਦੇਹਰਾਦੂਨ ਤੋਂ ਯਾਤ੍ਰਾ ਆਰੰਭ ਕਰਕੇ ਤੀਰਥ ਮਨੀਕਰਣ ਸਾਹਿਬ ਹਿਮਾਚਲ ਤੱਕ। ਸੰਨ 2000 ਵਿਚ ਵੈਸ਼ਣੋ ਦੇਵੀ ਕਸ਼ਮੀਰ ਤੋਂ ਯਾਤ੍ਰਾ ਆਰੰਭ ਕਰਕੇ ਕਈ ਪ੍ਰਾਤਾਂ ਵਿਚ ਧਰਮ ਪ੍ਰਚਾਰ ਕਰਦੇ ਹੋਏ ਕਾਮਾਖਿਆ ਦੇਵੀ ਆਸਾਮ ਤਕ ਇਤਿਆਦਿਕ ਕਈ ਵਿਸ਼ਾਲ ਯਾਤ੍ਰਾਵਾਂ ਅਤੇ ਕਈ ਧਾਰਮਿਕ ਅੰਦੋਲਨਾਂ ਦੀ ਅਗਵਾਈ ਕੀਤੀ ਤਥਾ ਹੁਣ ਵੀ ਸਮੇਂ-ਸਮੇਂ ਪਰ ਹੋਣ ਵਾਲੇ ਧਾਰਮਿਕ ਅੰਦੋਲਨਾਂ, ਯਾਤ੍ਰਾਵਾਂ ਅਤੇ ਧਰਮ ਸੰਬੰਧੀ ਸਮਾਗਮਾਂ ਵਿਚ ਵਧ-ਚੜ੍ਹ ਕੇ ਹਿਸਾ ਲੈਂਦੇ ਹਨ।

**ਉਪਸੰਹਾਰ** : ਭਾਰਤੀਯ ਸੰਪ੍ਰਦਾਯਾਂ ਵਿਚੋਂ ਨਿਰਮਲ ਸੰਪ੍ਰਦਾਯ ਸਰਵਗੁਣ ਸੰਪੰਨ, ਬੁਧੀ ਜੀਵੀ ਵਿਦ੍ਵਾਨਾਂ ਦੀ ਸੰਪ੍ਰਦਾਯ ਹੈ। ਜੋ ਏਕਦੇਸ਼ੀ ਵ੍ਰਿਤੀ, ਜਾਤਿ-ਪਾਤਿ, ਊਚ-ਨੀਚ, ਰਾਗ-ਦ੍ਵੈਸ਼ ਆਦਿ ਸੰਕੀਰਣਤਾ ਦੇ ਭਾਵ ਤੋਂ ਉਪਰ ਉਠਕੇ ਸਨਾਤਨ ਧਰਮ ਦਾ

ਮੂਲ ਜੋ ਸ਼੍ਰੀ ਗੁਰੂ ਨਾਨਕਦੇਵ ਜੀ ਦਾ ਅਦ੍ਵੈਤ ਸਿਧਾਂਤ ਹੈ, ਉਸ ਦਾ ਪ੍ਰਤਿਪਾਦਨ ਸ਼ਾਸਤ੍ਰ ਯੁਕਤੀਆਂ ਅਤੇ ਗੁਰਬਾਣੀ ਦਾ ਸਮੰਨਵਯ ਕਰਕੇ ਕਰਦੀ ਹੈ। ਇਸ ਲੇਖ ਵਿਚ ਨਿਰਮਲ ਸੰਪ੍ਰਦਾਯ ਦਾ ਸਰੂਪ ਅਤੇ ਧਰਮ ਪ੍ਰਚਾਰ, ਸਮਾਜ ਸੇਵਾ ਲਈ ਕੀਤੇ ਗਏ ਯਤਨਾਂ ਵਿਚੋਂ ਕੁਛ ਦਾ ਨਿਰੂਪਣ ਸੰਖੇਪ ਸ਼ਬਦਾਂ ਵਿਚ ਕੀਤਾ ਹੈ। ਇਨ੍ਹਾਂ ਤਰੀਕਿਆਂ ਦੁਆਰਾ ਨਿਰਮਲੇ ਸੰਤਾਂ ਨੇ ਗੁਰਮਤਿ ਸਿਧਾਂਤ ਨੂੰ ਜਨ-ਜਨ ਤਕ ਪਹੁੰਚਾਇਆ ਹੈ, ਇਹ ਹੀ ਇਨ੍ਹਾਂ ਦੀ ਸਮਾਜ ਨੂੰ ਸਰਵਪੱਖੀ ਦੇਣ ਕਹੀ ਜਾ ਸਕਦੀ ਹੈ। ਜਿਨ੍ਹਾਂ ਦਿਵਯ ਆਤਮਾਵਾਂ ਨੇ ਇਸ ਸੰਪ੍ਰਦਾਯ ਨੂੰ ਸਰਵਪ੍ਰਿਯ ਬਣਾਇਆ ਹੈ ਉਹਨਾਂ ਮਹਾਨ ਆਤਮਾਵਾਂ ਨੂੰ ਕੋਟੀ-ਕੋਟੀ ਨਮਸਕਾਰ ਕਰਦੇ ਹਾਂ। ਵਰਤਮਾਨ ਵਿਚ ਧਰਮ, ਸਿਖਿਆ ਅਤੇ ਆਚਰਣ ਦੀ ਹੋ ਰਹੀ ਦੁਰਦਸ਼ਾ ਦਾ ਕਾਰਨ ਆਪਣੇ ਮੂਲ ਵਿਰਸੇ ਨੂੰ ਭੁਲਣਾ ਹੈ। ਉਸ ਵਿਰਸੇ ਦੀ ਪੁਨਹ ਸਥਾਪਨਾ ਵਿਦਵਾਨ ਅਤੇ ਸੰਜਮੀ ਜੀਵਨ ਵਾਲੇ ਪੁਰਸ਼ਾਂ ਦੇ ਸਦ ਉਪਦੇਸ਼ ਦੁਆਰਾ ਹੀ ਹੋ ਸਕਦੀ ਹੈ। ਉਨ੍ਹਾਂ ਦਾ ਉਹ ਪਵਿਤ੍ਰ ਉਪਦੇਸ਼ ਪ੍ਰਾਣੀ ਮਾਤ੍ਰ ਤਕ ਪਹੁੰਚ ਸਕੇ, ਇਸ ਮੰਤਵ ਦੀ ਪੂਰਤੀ ਵਾਸਤੇ ਇਸ ਸੈਮੀਨਾਰ ਦਾ ਆਯੋਜਨ ਹੋਇਆ ਹੈ ਜੋ ਅਤਿਅੰਤ ਪ੍ਰਸ਼ੰਸਨੀਯ ਹੈ। ਅਸੀਂ ਪਰਮਾਤਮਾ ਅੱਗੇ ਅਰਜ਼ ਕਰਦੇ ਹਾਂ ਕਿ ਸਾਡੇ ਸਾਰਿਆਂ ਦੇ ਇਸ ਉਦੇਸ਼ ਦੀ ਪੂਰਤੀ ਹੋਵੇ।

# ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆ-ਪ੍ਰਣਾਲੀ : ਇਕ ਪਰਿਪੇਖ

**ਡਾ. ਸੁਰਜੀਤ ਸਿੰਘ ਭੱਟੀ***
**ਡਾ. ਬਲਵਿੰਦਰਜੀਤ ਕੌਰ****

ਪੰਜਾਬ ਦੀ ਧਰਤੀ ਨੂੰ ਇਹ ਮਾਣ ਹੈ ਕਿ ਸੰਸਾਰ ਦਾ ਸਭ ਤੋਂ ਪ੍ਰਾਚੀਨ ਗ੍ਰੰਥ 'ਰਿਗ ਵੇਦ' ਇਸ ਧਰਤੀ ਉਪਰ ਰਚਿਆ ਗਿਆ। ਇਹ ਧਰਤੀ ਵੇਦਾਂ, ਉਪਨਿਸ਼ਦਾਂ, ਸਮ੍ਰਿਤੀਆਂ, ਪੁਰਾਣਾਂ, ਕੌਟਿਲਯ ਦੇ ਅਰਥ-ਸ਼ਾਸਤਰ ਦੀ ਜਨਮਦਾਤੀ ਹੈ। ਮਹਾ-ਭਾਰਤ, ਗੀਤਾ, ਬਾਲਮੀਕੀ ਰਾਮਾਇਣ ਅਤੇ ਤੁਲਸੀਦਾਸ ਦੇ ਮਹਾ-ਕਾਵਿ ਰਾਮਾਇਣ ਦੀ ਰਚਨਾ ਵੀ ਭਾਰਤ-ਵਰਸ਼ ਦੀ ਸਰ ਜ਼ਮੀਨ ਉਪਰ ਹੋਈ। 'ਵੇਦ ਬਾਣੀ' ਨੂੰ 'ਆਕਾਸ਼ ਬਾਣੀ', 'ਦੈਵੀ ਬਾਣੀ' ਪ੍ਰਵਾਨ ਕੀਤਾ ਗਿਆ ਹੈ। ਰਿਸ਼ੀਆਂ ਨੂੰ ਮੰਤ੍ਰਾਂ ਦੇ ਰਚਯਤਾ ਨਹੀਂ 'ਦ੍ਰਸ਼ਟਾ' ਪ੍ਰਵਾਨ ਕੀਤਾ ਜਾਂਦਾ ਰਿਹਾ ਹੈ। ਭਾਰਤ ਵਿਚ ਧਰਮ-ਦਰਸ਼ਨ ਦੀ ਇਕ ਬਹੁਤ ਹੀ ਅਮੀਰ ਪ੍ਰਾਚੀਨ ਅਤੇ ਲੰਮੀ ਇਤਿਹਾਸਕ ਪਰੰਪਰਾ ਸਾਡਾ ਸਭ ਦਾ ਸਾਂਝਾ ਵਿਰਸਾ ਰਹੀ ਹੈ। ਇਸੇ ਨਿਰੰਤਰਤਾ ਵਿਚ ਗੁਰੂ ਨਾਨਕ ਸਾਹਿਬ ਨੇ ਵੇਈਂ ਨਦੀ ਵਿਚ ਪ੍ਰਵੇਸ਼ ਤੋਂ ਬਾਅਦ 'ਨਾ ਕੋ ਹਿੰਦੂ ਨਾ ਕੋ ਮੁਸਲਮਾਨ' ਦਾ ਸੰਦੇਸ਼ ਦੇ ਕੇ ਰੱਬੀ ਬਾਣੀ ਜਾਂ 'ਧੁਰ ਕੀ ਬਾਣੀ' ਰਾਹੀਂ ਨਾ ਕੇਵਲ ਪੰਜਾਬ ਸਗੋਂ ਸਮੁੱਚੇ ਸੰਸਾਰ ਲਈ, ਸਰਬੱਤ ਦੇ ਭਲੇ ਦੀ ਕਾਮਨਾ ਕਰਦਿਆਂ-ਸੰਸਾਰ ਨੂੰ ਆਪਣੇ ਗਿਆਨ ਨਾਲ ਰੌਸ਼ਨ ਕੀਤਾ। ਚੌਥੇ ਗੁਰੂ ਸਤਿਗੁਰੂ ਰਾਮਦਾਸ ਸਾਹਿਬ ਅਨੁਸਾਰ :

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥**
**ਗੁਰੁ ਬਾਣੀ ਕਹੈ ਸੇਵਕ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥੫॥**

(ਨਟ ਮਹਲਾ ੪, ਪੰਨਾ 982)

ਇਸ ਮਹਾਨ ਬਾਣੀ ਨਾਲ ਸਾਡੇ ਜੀਵਨ ਸਮਾਜ ਅਤੇ ਵਿਸ਼ਵ ਵਿਚ ਪਸਰੇ ਹਨ੍ਹੇਰੇ ਨੂੰ ਦੂਰ ਕਰਨ ਦਾ ਪਰਉਪਕਾਰ ਕੀਤਾ। ਸਭ ਤੋਂ ਪਹਿਲਾਂ ਅਸੀਂ ਵਿਚਾਰ ਕਰਦੇ ਹਾਂ ਕਿ ਗੁਰਬਾਣੀ ਕੀ ਹੈ ? ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਸਤਿਗੁਰ ਨਾਨਕ ਦੇਵ ਅਤੇ ਉਨ੍ਹਾਂ ਦੇ ਜਾ-ਨਸ਼ੀਨ ਸਤਿਗੁਰਾਂ ਦੇ ਮੁਖ ਤੋਂ ਅਕਾਲ ਦੀ ਪ੍ਰੇਰਨਾ ਨਾਲ ਪ੍ਰਗਟ ਹੋਈ ਬਾਣੀ ਦੀ 'ਗੁਰਬਾਣੀ' ਸੰਗਯਾ ਹੈ।'[1] ਇਸੇ ਬਾਣੀ ਨੂੰ ਗੁਰੂ ਅਮਰਦਾਸ ਸਾਹਿਬ ਮਹਾਰਾਜ ਨੇ "ਗੁਰਬਾਣੀ ਇਸੁ ਜਗ ਮਹਿ ਚਾਨਣੁ, ਕਰਮਿ ਵਸੈ ਮਨਿ ਆਏ।।"[2] ਦਾ ਮਹਾਨ ਦਰਜਾ ਦਿੱਤਾ। ਪੰਚਮ ਪਾਤਸਾਹਿ, ਬਾਣੀ ਦੇ ਬੋਹਥ ਗੁਰੂ ਗ੍ਰੰਥ ਸਾਹਿਬ ਵਰਗੇ ਮਹਾਨ ਗ੍ਰੰਥ ਦੀ ਸੰਪਾਦਨਾ ਕਰਕੇ ਇਸ ਨੂੰ ਸੰਸਾਰ ਕਲਿਆਣ ਲਈ ਸਮਰਪਿਤ ਕਰਦਿਆਂ, ਬਾਣੀ ਬਾਰੇ ਸਾਨੂੰ ਗਿਆਨ ਕਰਾਉਂਦਿਆਂ ਫ਼ਰਮਾਉਂਦੇ ਹਨ :

**ਧੁਰ ਕੀ ਬਾਣੀ ਆਈ।। ਤਿਨਿ ਸਗਲੀ ਚਿੰਤ ਮਿਟਾਈ॥**

(ਸੋਰਠਿ, ਮਹਲਾ ੫, ਪੰਨਾ 628)

ਗੁਰੂ ਸਾਹਿਬਾਨ ਨੇ ਹਰ ਥਾਂ ਉਪਰ ਇਸ ਬਾਣੀ ਨੂੰ ਰੱਬੀ ਬਾਣੀ, ਕਰਤੇ ਦੀ ਬਾਣੀ, ਖਸਮ ਕੀ ਬਾਣੀ ਜਾਂ ਇਹ ਦ੍ਰਿੜ੍ਹ ਕਰਵਾਇਆ ਹੈ ਕਿ ਅਸੀਂ ਕੁਛ ਨਹੀਂ ਇਹ ਸਭ ਪਰਮਾਤਮਾ ਦੇ ਹੁਕਮ ਦਾ ਹੀ 'ਜ਼ਹੂਰ' ਹੈ। ਗੁਰੂ ਸਾਹਿਬਾਨ ਨੇ ਗੁਰਬਾਣੀ ਨੂੰ 'ਗਾਵਹੁ ਸਚੀ ਬਾਣੀ' ਦੀ ਸਿੱਖਿਆ ਦੇਣ ਦੇ ਨਾਲ-ਨਾਲ ਇਸ ਬਾਣੀ ਨੂੰ ਵਿਚਾਰਨ ਦੀ ਵੀ ਤਾਕੀਦ ਕੀਤੀ ਹੈ। ਚੌਥੇ ਪਾਤਸਾਹਿ ਦਾ ਹੁਕਮ ਹੈ :

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥**
**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥**

(ਰਾਮਕਲੀ ਓਅੰਕਾਰ, ਮਹਲਾ ੧, ਪੰਨਾ 935)

---

* ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ, ਰਿਜਨਲ ਸੈਂਟਰ, ਬਠਿੰਡਾ।
** ਲੈਕਚਰਾਰ, ਪੰਜਾਬ ਹਿਸਟੋਰੀਕਲ ਸਟੱਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ।

[1] *ਗੁਰੁਮਤ ਮਾਰਤੰਡ (ਭਾਗ ਪਹਿਲਾ)*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1996, ਪੰਨਾ-384.

[2] ਸ੍ਰੀ ਰਾਗ ਮਹਲਾ ੩ (ਪੰਨਾ 67).

ਗੁਰਬਾਣੀ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ, ਜਿਨ੍ਹਾਂ ਨੂੰ ਸਤਿਗੁਰਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਲਿਖਾਰੀ ਹੋਣ ਦਾ ਮਾਣ ਦਿੱਤਾ, ਬਾਣੀ ਬਾਰੇ ਮਹਿਮਾਮਈ ਦ੍ਰਿਸ਼ਟੀ ਤੋਂ ਲਿਖਦੇ ਹਨ :

**ਜੈਸੇ ਤੌ ਸਕਲ ਨਿਧਿ ਪੂਰਨ ਸਮੁਦ੍ਰ ਬਿਖੈ,**
**ਹੰਸ ਮਰ ਜੀਵ ਨਿਹਚੈ ਪ੍ਰਸਾਦ ਪਾਵਈ।**
**ਤੈਸੇ ਗੁਰਬਾਨੀ ਬਿਖੈ ਸਕਲ ਪਦਾਰਥ ਹੈਂ;**
**ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ।** (ਕਬਿੱਤ-546)

ਗੁਰੂ ਅਤੇ ਸ਼ਬਦ ਨੂੰ ਇਕ ਰੂਪ ਮੰਨਦਿਆਂ ਆਪ ਲਿਖਦੇ ਹਨ :

**ਗੁਰ ਮੈ ਸ਼ਬਦ ਹੈ ਸ਼ਬਦ ਮਾਹਿ ਸਤਿਗੁਰ,**
**ਨਿਗੁਨ ਸਗੁਨ ਗਯਾਨ ਧਯਾਨ ਸੁ ਸੁਝਾਵੈ ਜੀ।**[1] (ਕਬਿੱਤ-608)

ਭਾਈ ਨੰਦ ਲਾਲ ਜੀ ਵੀ ਆਪਣੇ 'ਰਹਿਤਨਾਮੇ' ਦੀ ਪ੍ਰਸ਼ਨੋਤਰੀ ਵਿਚ ਬਾਣੀ ਬਾਰੇ ਸਪਸ਼ਟ ਕਰਦਿਆਂ ਫ਼ਰਮਾਉਂਦੇ ਹਨ :

**ਤੀਨ ਰੂਪ ਹੈ ਮੋਹ ਕੇ ਸੁਨਹੁ ਨੰਦ ! ਚਿਤ ਲਾਇ**
**ਨਿਰਗੁਣ ਸਰਗੁਣ ਗੁਰ ਸ਼ਬਦ ਕਹਹੁ ਤੋਹਿ ਸਮਝਾਇ।।੬।।**
**ਸ਼ਬਦ ਸੁਨੈ ਗੁਰ ਹਿਤ ਚਿਤ ਲਾਇ।**
**ਗਿਆਨ ਸ਼ਬਦ ਗੁਰ ਸੁਨੇ ਸੁਨਾਇ।**[2]

ਭਾਈ ਸੰਤੋਖ ਸਿੰਘ ਨੇ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਨਾਲ ਸਪਸ਼ਟ ਕੀਤਾ ਹੈ ਕਿ ਜਿਵੇਂ ਕਾਠ ਵਿਚ ਅਗਨੀ ਅਤੇ ਦੁੱਧ ਵਿਚੋਂ ਘਿਓ ਯਤਨ ਕਰਨ ਤੋਂ ਬਿਨਾ ਪ੍ਰਾਪਤ ਨਹੀਂ ਹੁੰਦਾ, ਇਸੇ ਪ੍ਰਕਾਰ ਗੁਰਬਾਣੀ ਨਿਰੀ ਪੜ੍ਹਨ ਨਾਲ ਭਲਾ ਨਹੀਂ ਹੁੰਦਾ ਸਗੋਂ ਗੁਰਬਾਣੀ ਨੂੰ 'ਵਿਚਾਰਨ' ਅਤੇ ਗੁਰੂ ਦੇ ਦੱਸੇ ਮਾਰਗ ਉਪਰ ਅਮਲ ਕਰਕੇ ਹੀ ਗੁਰਬਾਣੀ ਦਾ ਅਸਲ ਭਾਵ ਜੀਵਨ ਨੂੰ ਸਕਾਰਥ ਕਰਨ ਦੇ ਸਮਰੱਥ ਹੁੰਦਾ ਹੈ।

**ਪਾਠ ਕਰੇ ਹੁਇ ਪੁੰਨਿ ਮਹਾਨਾ। (ਪਰ) ਨਾਂਹਿਨ ਪ੍ਰਾਪਤ ਆਤਮ ਗਯਾਨਾ॥੪੫॥**
**ਜਬਿ ਬਿਚਾਰ ਕਰਿ ਰਿਦੇ ਬਸਾਵੈ। ਸਭ ਬਿਵਹਾਰਨਿ ਬਿਖ ਕਮਾਵੈ॥**
**(ਤਬ) ਗਯਾਨ ਪ੍ਰਕਾਸ਼ੈ ਆਨੰਦ ਪਾਵੈ। ਜਨਮ ਮਰਨ ਕੋ ਕਸ਼ਟ ਮਿਟਾਵੈ**[3]**॥੪੬॥**

ਸਿੱਖ ਗੁਰੂ ਸਾਹਿਬਾਨ ਦੀ ਮਨਸਾ ਸੀ ਕਿ ਗੁਰਬਾਣੀ ਸਿਰਫ਼ 'ਸਿੱਖ ਧਰਮ' ਦੇ ਪੈਰੋਕਾਰਾਂ ਤੀਕ ਹੀ ਸੀਮਿਤ ਨਾ ਰਹੇ ਸਗੋਂ ਇਸ ਤੋਂ ਦੂਸਰੀਆਂ ਭਾਸ਼ਾਵਾਂ ਜਿਵੇਂ ਸੰਸਕ੍ਰਿਤ ਅਤੇ 'ਤੁਰਕਾਂ ਦੀ ਭਾਸ਼ਾ' ਜਾਣਨ ਅਤੇ ਬੋਲਣ ਵਾਲੇ ਲੋਕ ਵੀ ਗਿਆਨ ਹਾਸਿਲ ਕਰਨ। 'ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਤੀਜੀ ਰਾਸਿ ਦੇ ਅੰਸੂ ੪੧ ਤੋਂ ਗੁਰੂ ਸਾਹਿਬ ਦੀ ਇਸ ਭਾਵਨਾ ਦਾ ਪ੍ਰਗਟਾਵਾ ਹੁੰਦਾ ਹੈ :

**ਸਹਸਕ੍ਰਿਤ ਅਰੁ ਤੁਰਕਨਿ ਭਾਸ਼ਾ।**
**ਇਸ ਮਹਿਂ ਲਿਖਿ ਲੈ ਹੈਂ ਬੁਧਿ ਰਾਸਾ।**
**ਸਭਿ ਊਪਰਿ ਪਸਰਹਿ ਇਹ ਧਾਈ।**
**ਜਿਮ ਜਲ ਪਰ ਸੁ ਚਿਕਨਤਾ ਪਾਈ॥੭॥**[4]

ਸਾਹਿਬਾਂ ਨੇ ਪੈਰ-ਪੈਰ ਉਤੇ ਆਪਣੇ ਮਨ, ਬਚ, ਕਰਮ ਅਤੇ ਸਮੁੱਚੀ ਗੁਰਬਾਣੀ ਰਾਹੀਂ ਸਾਨੂੰ ਸੁਚੇਤ ਕੀਤਾ ਹੈ ਕਿ ਗੁਰਬਾਣੀ ਸਿਰਫ਼ 'ਪੜ੍ਹਨ' ਅਤੇ ਗਿਆਨ ਦੇ ਦਿਖਾਵੇ ਅਤੇ ਵਾਧੇ ਰਾਹੀਂ ਮਨੁੱਖ ਵਿਚ 'ਹੰਕਾਰ' ਪੈਦਾ ਕਰਨ ਦਾ ਕਾਰਣ ਨਾ ਬਣ ਜਾਵੇ ਸਗੋਂ ਇਹ ਤਾਂ ਇਕ ਜੀਵਨ-ਜਾਚ, ਜੀਵਨ-ਅਮਲ ਅਤੇ ਜੀਵਨ-ਅੰਮ੍ਰਿਤ ਹੈ, ਜਿਸ ਨੂੰ ਗ੍ਰਹਿਣ ਕਰਕੇ ਮਨੁੱਖ

---

[1] *ਗੁਰਮਤ ਮਾਰਤੰਡ (ਭਾਗ ਪਹਿਲਾ),* ਪੰਨਾ-੩੯੯.
[2] *ਉਹੀ,* ਪੰਨਾ-੩੯੯.
[3] *ਉਹੀ,* ਪੰਨਾ-੩੯੨.
[4] *ਉਹੀ,* ਪੰਨਾ-੩੯੩.

ਆਪਣਾ ਉਧਾਰ ਕਰ ਸਕਦਾ ਹੈ।[1] ਪਰੰਤੂ ਬਿਨਾ ਅਮਲ ਤੋਂ, ਬਿਨਾਂ ਅਨੁਭਵ ਤੋਂ ਬਾਣੀ ਦਾ ਨਿਰਾ 'ਤੋਤਾ-ਰਟਨ' ਕਰਕੇ ਮਨੁੱਖ ਉਸ ਉਚ ਆਤਮਿਕ ਆਨੰਦ ਤੋਂ ਬਿਰਵਾ ਰਹਿ ਜਾਂਦਾ ਹੈ। ਜਿਵੇਂ 'ਕੜਛੀ' ਸਾਰੀ ਉਮਰ ਵੀ ਭਾਂਡੇ ਵਿਚ ਪਏ ਪਦਾਰਥਾਂ ਵਿਚ ਫਿਰਦੀ ਰਹਿੰਦੀ ਹੈ ਪਰੰਤੂ ਉਹ ਅੰਤਰੀਵ 'ਰਸ' ਨੂੰ ਗ੍ਰਹਿਣ ਕਰਨ ਤੋਂ ਅਸਮਰੱਥ ਰਹਿੰਦੀ ਹੈ।

**ਕੜਛੀਆ ਫਿਰੰਨ੍ਹਿ ਸੁਆਉ ਨ ਜਾਣਨ੍ਹਿ ਸੁਞੀਆ॥**
**ਸੇਈ ਮੁਖ ਦਿਸੰਨ੍ਹਿ ਨਾਨਕ ਰਤੇ ਪ੍ਰੇਮ ਰਸਿ॥**

(ਵਾਰ ਗੂਜਰੀ, ਮਹਲਾ ਪ, ਪੰਨਾ 521)

ਸਮੁੱਚੀ ਗੁਰਬਾਣੀ ਨੇ ਜਿਸ ਪ੍ਰਕਾਰ ਦੇ ਆਦਰਸ਼ ਮਨੁੱਖ ਦੀ ਸਿਰਜਣਾ ਕਰਨ ਦਾ ਇਤਿਹਾਸਕ ਬੀੜਾ ਚੁੱਕਿਆ ਸੀ ਉਸ ਆਦਰਸ਼ ਮਨੁੱਖ ਦੇ ਰੂਪ ਅਤੇ ਜੀਵਨ ਬਾਰੇ, ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਆਪਣਾ ਸਾਰ ਇਸ ਤਰ੍ਹਾਂ ਪੇਸ਼ ਕਰਦੇ ਹਨ :

**ਗੁਰਮੁਖਿ ਪੰਡਿਤੁ ਹੋਇ ਜਗੁ ਪਰਬੋਧੀਐ।**
**ਗੁਰਮੁਖਿ ਆਪੁ ਗਵਾਇ ਅੰਦਰੁ ਸੋਧੀਐ।**
**ਗੁਰਮੁਖਿ ਸਤੁ ਸੰਤੋਖੁ ਨ ਕਾਮੁ ਕਰੋਧੀਐ।**
**ਗੁਰਮੁਖਿ ਹੈ ਨਿਰਵੈਰੁ ਨ ਵੈਰ ਵਿਰੋਧੀਐ।**
**ਚਹੁ ਵਰਨਾ ਉਪਦੇਸ਼ ਸਹਿਜ ਸਮੋਧੀਐ।**
**ਧੰਨੁ ਜਣੇਦੀ ਮਾਉ ਜੋਧਾ ਜੋਧੀਐ॥੯॥**[2] (ਵਾਰ 19)

ਗੁਰਬਾਣੀ ਬਾਰੇ ਵਿਚਾਰ ਕਰਨ ਬਾਅਦ, ਕੁੱਝ ਸੰਖੇਪ ਵਰਣਨ 'ਨਿਰਮਲ ਪੰਥ' ਬਾਰੇ ਵੀ ਕਰਨੀ ਉਚਿਤ ਪ੍ਰਤੀਤ ਹੁੰਦੀ ਹੈ। ਇਸ ਨਾਲ ਸਾਡਾ ਇਤਿਹਾਸਕ ਪਰਿਪੇਖ ਸਪਸ਼ਟ ਹੋ ਜਾਵੇਗਾ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਨਿਰਮਲ ਅਥਵਾ ਨਿਰਮਲੁ: ਵਿ. ਨਿਰ੍ਮਲ. ਮੈਲ ਰਹਿਤ ਸ਼ੁਧ 'ਨਿਰਮਲ ਉਦਕ ਗੋਬਿੰਦ ਕਾ ਨਾਮ' (ਗਉ.ਮ.ਪ) 'ਨਿਰਮਲ ਤੇ ਜੋ ਰਾਮਹਿ ਜਾਨ' (ਭੈਰ ਕਬੀਰ) ੨. ਸੰਗ੍ਯਾ-ਪਾਰਬ੍ਰਹਮ. ਕਰਤਾਰ. 'ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ' (ਮਾਝ ਅ. ਮ-੩) ੩. ਪ੍ਰਕਾਸ਼. ਉਜਾਲਾ 'ਕਿਉ ਕਰਿ ਨਿਰਮਲੁ, ਕਿਉ ਕਰਿ ਅੰਧਿਆਰਾ ?' (ਸਿਧਗੋਸਟਿ) ੪. ਵਿ. ਰੋਸ਼ਨ ਦੇਖੋ ਚਾਖੈ-੨"।[3] ਇਸੇ ਪ੍ਰਸੰਗ ਵਿਚ 'ਨਿਰਮਲ ਪੰਥ' ਦੀ ਵਿਆਖਿਆ ਕਰਦਿਆਂ ਆਪ ਲਿਖਦੇ ਹਨ, "ਸੰਗਯਾ-ਸਿੱਖ ਸੰਪ੍ਰਦਾਯ। ੨. ਖ਼ਾਲਿਸ ਪੰਥ 'ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ' (ਭਾਗੁ)"।[4] 'ਨਿਰਮਲਾ' ਸ਼ਬਦ ਦੀ ਵਿਆਖਿਆ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ, "ਵਿ. ਮੈਲ ਤੋਂ ਬਿਨਾ, ਦੋਖੋ ਨਿਰਮਲ 'ਅਹਿਨਿਸ ਨਵਤਨ ਨਿਰਮਲਾ, ਮੈਲਾ ਕਬਹੂੰ ਨ ਹੋਇ' (ਵਾਰ ਸੂਹੀ ਮਹਲਾ ੧) ੨. ਅਵਿਦਯਾ ਮੈਲ ਰਹਿਤ, 'ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ' (ਗਉੜੀ ਥਿਤੀ ਮ.ਪ) ੩. ਸੰਗਯਾ-ਨਿਰਮਲ (ਖ਼ਾਲਿਸ ਧਰਮ) ਧਾਰਣ ਵਾਲਾ ਗੁਰੂ ਨਾਨਕ ਦੇਵ ਦਾ ਸਿਖ, 'ਸਬਦਿ ਰਤੇ ਸੇ ਨਿਰਮਲੇ' (ਸ੍ਰੀ ਮ. ੩) ੪. ਦੇਖੋ ਨਿਰਮਲੇ"।[5] 'ਨਿਰਮਲੇ' ਸ਼ਬਦ ਦੀ ਵਿਆਖਿਆ ਰਾਹੀਂ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਸੰਪ੍ਰਦਾਇ ਦੇ ਇਤਿਹਾਸਕ ਪਰਿਪੇਖ ਅਤੇ ਗੁਰੂ ਗੋਬਿੰਦ ਸਿੰਘ ਮਹਾਰਾਜਾ ਨਾਲ ਇਸ ਸੰਪ੍ਰਦਾਇ ਦੇ ਸੰਬੰਧਾਂ ਦੀ ਵੀ ਸਪਸ਼ਟ ਵਿਆਖਿਆ ਕਰਦਿਆਂ ਲਿਖਿਆ ਹੈ- "ਨਿਰਮਲੇ : ਨਿਰਮਲਾ ਦਾ ਬਹੁਵਚਨ ਦੇਖੋ ਨਿਰਮਲਾ ੨. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘਾਂ (ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਸੋਭਾ ਸਿੰਘ) ਨੂੰ ਬ੍ਰਹਮਚਾਰੀ ਦੇ ਭੇਸ ਵਿਚ ਸੰਸਕ੍ਰਿਤ ਵਿਦ੍ਯਾ ਪੜ੍ਹਨ ਲਈ ਕਾਸ਼ੀ ਭੇਜਿਆ ਸੀ, ਉਨ੍ਹਾਂ ਦੀ 'ਨਿਰਮਲੇ' ਸੰਗ੍ਯਾ ਹੋਈ, ਇਨ੍ਹਾਂ ਪੰਜਾਂ ਦੇ ਚਾਟੜੇ ਜੋ ਨਿਰਮਲ ਵਸਤ੍ਰ ਪਹਿਰ ਸਾਂਤ ਚਿੱਤ ਰਹਿ ਕੇ ਵਿਦ੍ਯਾ ਅਰ ਨਾਮ ਦਾ ਅਭ੍ਯਾਸ, ਅਤੇ ਧਰਮ ਪ੍ਰਚਾਰ ਕਰਦੇ ਰਹੇ ਹਨ, ਉਹ ਸਭ ਨਿਰਮਲੇ ਸੱਦੇ

---

[1] ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ।।
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸਕਾ ਸਭਸੁ ਅਧਾਰੋ।।
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ।। (ਮੁੰਦਾਵਣੀ ਮਹਲਾ ਪ, ਪੰਨਾ-1429).

[2] *ਗੁਰਮਤ ਮਾਰਤੰਡ (ਭਾਗ ਪਹਿਲਾ),* ਪੰਨੇ 401-02.

[3] *ਮਹਾਨ ਕੋਸ਼,* ਪੰਨਾ-712.

[4] *ਉਹੀ,* ਪੰਨਾ-712.

[5] *ਉਹੀ,* ਪੰਨਾ-712, ਕਾਲਮ 3.

ਜਾਂਦੇ ਹਨ, ਸਿੱਖ ਕੌਮ ਵਿਚ ਨਿਰਮਲੇ ਸਾਧੂ ਵਿਦਯਾ ਦੇ ਪ੍ਰੇਮੀ ਅਰ ਵਿਚਾਰਵਾਨ ਹਨ, ਦੇਖੋ ਅਖਾੜਾ ਅਤੇ ਧਰਮ ਧੁਜਾ"।[1] ਭਾਈ ਗੁਰਦਾਸ ਨੇ ਵੀ ਨਿਰਮਲ ਪੰਥ ਨੂੰ ਪੁਰਾਣਾ ਗੁਰਮੁਖਿ ਪੰਥ ਹੀ ਸਵੀਕਾਰ ਕੀਤਾ ਹੈ, ਉਨ੍ਹਾਂ ਅਨੁਸਾਰ :

**ਗੁਰਮੁਖਿ ਪੰਥੁ ਨਿਰੋਲੁ ਨ ਰਲੇ ਰਲਾਈਐ।**

**ਗੁਰਮੁਖਿ ਪੰਥੁ ਅਲੋਲੁ ਸਹਿਜ ਸਮਾਈਐ।** (ਭਾਈ ਗੁਰਦਾਸ, ਵਾਰ 3, ਪਉੜੀ 5)

ਇਉਂ ਨਿਰਮਲ ਪੰਥ ਗੁਰੂ ਨਾਨਕ ਸਾਹਿਬ ਵੱਲੋਂ ਹੀ ਸਥਾਪਿਤ ਕੀਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਰਮਲ ਪੰਥ ਨੂੰ ਇਕ ਵੱਖਰੀ ਸੰਪ੍ਰਦਾਇ ਵਜੋਂ ਸਥਾਪਿਤ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਤਾਂ ਸਿੱਖ ਧਰਮ, ਗੁਰਬਾਣੀ ਦੇ ਪ੍ਰਚਾਰ ਅਤੇ ਪਾਸਾਰ ਨੂੰ ਪੂਰੇ ਭਾਰਤ ਵਿਚ ਇਕ ਰਾਸ਼ਟਰਵਾਦੀ ਭਾਵਨਾ ਨਾਲ ਸਿੱਖਾਂ ਅਤੇ ਪੰਜਾਬ ਤੋਂ ਬਾਹਰ ਦੂਜੇ ਧਰਮਾਂ, ਦੂਰ-ਦੁਰਾਡੇ ਇਲਾਕਿਆਂ ਅਤੇ ਉਨ੍ਹਾਂ ਲੋਕਾਂ ਤੀਕ ਵੀ ਗੁਰਬਾਣੀ ਦੀ ਸਿੱਖਿਆ ਪਹੁੰਚਾਉਣ ਦਾ ਇਤਿਹਾਸਕ ਯਤਨ ਕੀਤਾ ਜਿਸ ਨਾਲ ਸਿੱਖੀ ਦਾ ਵਗਦਾ ਦਰਿਆ-ਸਮੂਹ ਭਾਰਤ ਵਾਸੀਆਂ ਦੇ ਜੀਵਨ ਨੂੰ ਸਰਸਬਜ਼ ਕਰਦਿਆਂ, ਲੋਕਾਈ ਦੇ ਵੱਡੇ ਹਿੱਸੇ ਨੂੰ ਅਨਪੜ੍ਹਤਾ, ਅੰਧ-ਵਿਸ਼ਵਾਸਾਂ, ਪ੍ਰੋਹਿਤਾਂ ਦੀ ਲੁੱਟ, ਧਰਮ ਅਤੇ ਕਰਮ ਕਾਂਡ ਦੇ ਆਡੰਬਰ ਤੋਂ ਮੁਕਤ ਕਰਕੇ ਉਨ੍ਹਾਂ ਦੇ ਜੀਵਨ ਨੂੰ ਨਿਰਮਲ ਗਿਆਨ ਪ੍ਰਦਾਨ ਕਰਦਿਆਂ ਜੀਵਨ ਨੂੰ ਸਕਾਰਥ ਅਤੇ ਸਫਲਾ ਬਣਾ ਸਕੇ।

ਗੁਰਬਾਣੀ ਦੇ ਪ੍ਰਚਾਰ ਅਤੇ ਪਾਸਾਰ ਹਿਤ, ਗੁਰੂ ਨਾਨਕ ਸਾਹਿਬ ਦੀਆਂ ਆਰੰਭੀਆਂ ਉਦਾਸੀਆਂ ਤੋਂ ਲੈ ਕੇ ਅੱਜ ਤੀਕ ਦੀਆਂ ਸਿੱਖ ਸੰਪ੍ਰਦਾਵਾਂ, ਸੰਤਾਂ, ਬ੍ਰਹਮ ਗਿਆਨੀਆਂ, ਚਿੰਤਕਾਂ, ਵਿਆਖਿਆਕਾਰਾਂ ਅਤੇ ਕਥਾਕਾਰਾਂ ਵਲੋਂ ਅੰਮ੍ਰਿਤ ਬਾਣੀ ਦੀ ਵਿਆਖਿਆ ਅਤੇ ਪ੍ਰਚਾਰ, ਪ੍ਰਸਾਰ ਦਾ ਇਹ ਅਖੁੱਟ ਸ਼ਬਦ-ਲੰਗਰ, ਅਤੁੱਟ ਅਤੇ ਨਿਰੰਤਰ ਰੂਪ ਵਿਚ ਅੱਜ ਵੀ ਵਰਤਣਾ ਜਾਰੀ ਹੈ। ਸਾਡੇ ਲਈ ਪਹਿਲਾ ਸਵਾਲ ਇਹ ਹੈ ਕਿ ਗੁਰਬਾਣੀ ਦੀ ਵਿਆਖਿਆ ਖ਼ਾਸ ਕਰਕੇ ਗੁਰ-ਆਸ਼ੇ ਅਨੁਸਾਰ ਗੁਰਬਾਣੀ ਦੀ ਵਿਆਖਿਆ ਦੀ ਲੋੜ ਕਿਉਂ ਪਈ ? ਇਸ ਸੰਬੰਧ ਵਿਚ ਗੁਰੂ ਅਮਰਦਾਸ ਵੇਲੇ ਤੋਂ ਹੀ ਗੁਰੂ ਘਰ ਦੇ ਦੋਖੀਆਂ, ਨਿੰਦਕਾਂ ਅਤੇ ਈਰਖਾਲੂਆਂ ਵਲੋਂ 'ਕੱਚੀ ਬਾਣੀ' ਦਾ ਪ੍ਰਚਲਨ ਕੀਤਾ ਜਾਣਾ ਆਰੰਭ ਹੋ ਗਿਆ ਸੀ। ਗੁਰਬਾਣੀ ਅਤੇ ਗੁਰੂ-ਘਰ ਦੇ ਇਸ ਵਿਰੋਧੀ ਰੁਝਾਨ ਨੂੰ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਨੇ, ਗੁਰੂ ਗ੍ਰੰਥ ਸਾਹਿਬ ਦੀ 1604 ਈ. ਵਿੱਚ ਸੰਪਾਦਨਾ ਕਰਕੇ, 'ਕੱਚੀ ਬਾਣੀ' ਅਤੇ 'ਸੱਚੀ ਬਾਣੀ' ਵਿਚਲੇ ਰੋਲ ਘਚੋਲੇ ਨੂੰ ਹਮੇਸ਼ਾ ਲਈ ਸਮਾਪਿਤ ਕਰ ਦਿੱਤਾ। ਸਾਡੇ ਵਿਚਾਰ ਵਿਚ ਗੁਰਬਾਣੀ ਦੀ ਵਿਆਖਿਆ ਕੀਤੇ ਜਾਣ ਦੀ ਜ਼ਰੂਰਤ, ਹੇਠ ਲਿਖੇ ਕਾਰਣਾਂ ਕਰਕੇ ਪ੍ਰਮੁੱਖ ਰੂਪ ਵਿਚ ਹੋਂਦ ਵਿਚ ਆਈ।

1. ਗੁਰਬਾਣੀ ਲੋਕ-ਭਾਸ਼ਾ ਵਿਚ ਰਚੀ ਜਾਣ ਦੇ ਬਾਵਜੂਦ 'ਬ੍ਰਹਮ-ਵੀਚਾਰ' ਹੋਣ ਕਾਰਣ, ਹਰ ਸਾਧਾਰਣ ਮਨੁੱਖ ਦੀ ਬੌਧਿਕ ਸਮਰੱਥਾ ਤੋਂ ਬਹੁਤ ਬਾਹਰ ਸੀ। ਇਸ ਗੂੜ੍ਹ 'ਬ੍ਰਹਮ-ਗਿਆਨ' ਨੂੰ ਆਮ ਲੋਕਾਂ ਦੀ ਚੇਤਨਾ ਦਾ ਹਿੱਸਾ ਬਣਾਉਣ ਹਿਤ, ਇਸ ਦੀ ਵਿਆਖਿਆ ਕੀਤੀ ਜਾਣੀ ਪਹਿਲੀ ਇਤਿਹਾਸਕ ਜ਼ਰੂਰਤ ਸੀ।

2. ਗੁਰਬਾਣੀ ਦੇ ਅਰਥ ਕਰਨ ਵੇਲੇ ਜਾਂ ਸੱਚੇ ਅਰਥ ਕਰਨ ਦੀ ਸਮਰੱਥਾ 'ਸਤਿਗੁਰਾਂ' ਤੋਂ ਬਿਨਾਂ ਕਿਸੇ ਮਨੁੱਖ ਦੇ ਹੱਥ ਵੱਸ ਨਹੀਂ ਸੀ। ਪਰੰਤੂ ਸਿੱਖ ਗੁਰੂ ਸਾਹਿਬਾਨ ਲਈ ਬਾਣੀ ਰਚਣ ਅਤੇ ਸਿੱਖ ਧਰਮ ਦੇ ਪਸਾਰ ਦੇ ਨਾਲ-ਨਾਲ, ਇਕੋ ਵੇਲੇ ਵਿਸ਼ਾਲਤਾ ਗ੍ਰਹਿਣ ਕਰ ਰਹੇ ਸਿੱਖ ਧਰਮ ਦੇ ਸਮੁੱਚੇ ਪੈਰੋਕਾਰਾਂ ਲਈ ਆਵਾਜਾਈ ਦੇ ਸੀਮਿਤ ਸਾਧਨ ਹੋਣ ਕਾਰਣ ਗੁਰਬਾਣੀ ਦੇ ਗਿਆਨ ਦੀ ਨਿੱਜੀ ਰੂਪ ਵਿਚ ਵਿਆਖਿਆ ਕਰ ਸਕਣੀ ਸੰਭਵ ਨਹੀਂ ਸੀ।

3. ਭਾਸ਼ਾਈ ਪੱਖ ਤੋਂ ਵੇਖਿਆਂ ਗੁਰਬਾਣੀ ਵਿਚ ਉਸ ਵੇਲੇ ਦੀ ਲੋਕ-ਬੋਲੀ ਦੇ ਨਾਲ-ਨਾਲ ਗਿਆਨ ਦੀ ਭਾਸ਼ਾ ਵਜੋਂ ਸੰਸਕ੍ਰਿਤ, ਫ਼ਾਰਸੀ, ਹਿੰਦੀ, ਸਾਧ ਭਾਖਾ, ਅਰਬੀ, ਪ੍ਰਾਕ੍ਰਿਤ, ਬ੍ਰਜ ਭਾਸ਼ਾ ਆਦਿ ਦੀ ਸ਼ਬਦਾਵਲੀ ਦੇ ਨਾਲ-ਨਾਲ, ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ, ਭਾਰਤ ਭਰ ਵਿਚੋਂ ਭਗਤਾਂ ਦੀ ਬਾਣੀ ਕਾਰਣ ਸ਼ਾਮਿਲ ਹੋਈਆਂ ਵੱਖ-ਵੱਖ ਇਲਾਕਿਆਂ ਦੀਆਂ ਬੋਲੀਆਂ ਦੇ ਸ਼ਬਦਾਂ ਦੀ ਪ੍ਰਮਾਣਿਕ ਵਿਆਖਿਆ ਇਕ ਹੋਰ ਅਹਿਮ ਜ਼ਰੂਰਤ ਸੀ।

4. ਗੁਰਬਾਣੀ ਵਿਚ ਬਹੁਤ ਸਾਰੀਆਂ ਥਾਵਾਂ ਉਪਰ ਵਰਤੀ ਸੰਕਲਪੀ ਸ਼ਬਦਾਵਲੀ, ਜਿਵੇਂ- ਬ੍ਰਹਮ, ਜੀਵ, ਨਾਮ, ਸਤਿਗੁਰੁ, ਕੁਦਰਤ, ਮਨ, ਧਰਮ, ਮੁਕਤੀ, ਨਿਰਵਾਣ, ਆਵਾਗਮਨ, ਸ਼ਬਦ, ਗਿਆਨ, ਸਾਧਨਾ, ਗੁਰੂ ਆਦਿ ਧਾਰਮਿਕ ਅਤੇ ਦਾਰਸ਼ਨਿਕ ਸੰਕਲਪਾਂ ਦੀ ਵਿਆਖਿਆ। ਇਨ੍ਹਾਂ ਦੀ ਪੂਰਵਲੀ ਭਾਰਤੀ ਧਰਮ-ਦਰਸ਼ਨ ਦੀ ਪਰੰਪਰਾ ਨਾਲ ਸਾਂਝ ਅਤੇ ਵਖਰੇਵੇਂ ਨੂੰ ਆਮ ਮਨੁੱਖ ਦੀ ਸਮਝ ਦਾ ਹਿੱਸਾ ਬਣਾਉਣ ਲਈ, ਗਿਆਨਵਾਨ ਮਨੁੱਖਾਂ ਅਤੇ ਗੁਰਬਾਣੀ ਦੇ ਪ੍ਰਮਾਣਿਕ ਵਿਆਖਿਆਕਾਰਾਂ ਵਲੋਂ ਇਸ ਦੀ ਵਿਆਖਿਆ ਕੀਤੀ ਜਾਣੀ, ਇਸ ਦੇ ਸਮੁੱਚੇ ਭਾਰਤ ਵਿਚ ਪ੍ਰਚਾਰ ਅਤੇ ਪ੍ਰਸਾਰ ਲਈ ਬੜੀ ਜ਼ਰੂਰੀ ਸੀ।

---

[1] *ਮਹਾਨ ਕੋਸ਼,* ਪੰਨਾ-712, ਕਾਲਮ-3.

5. ਕਾਵਿ-ਸ਼ਾਸਤਰ ਅਨੁਸਾਰ ਕਿਸੇ ਸ਼ਬਦ ਦੇ ਅਰਥ ਨਿਰਧਾਰਨ ਕਰਨ ਲਈ ਵਿਅਕਤੀ ਵਿਸ਼ੇਸ਼ ਨੂੰ ਇਕ ਤੋਂ ਵੱਧ ਗਿਆਨ-ਅਨੁਸ਼ਾਸਨਾਂ ਦੀ ਸਮਝ ਅਤੇ ਸੋਝੀ ਹੋਣ ਦੀ ਜ਼ਰੂਰਤ ਬੜੀ ਬੁਨਿਆਦੀ ਸ਼ਰਤ ਹੈ। ਭਾਰਤੀ ਕਾਵਿ-ਸ਼ਾਸਤਰ ਅਨੁਸਾਰ ਕਿਸੇ ਸ਼ਬਦ ਦੇ ਠੀਕ-ਠੀਕ ਅਰਥਾਂ ਦੇ ਗਿਆਨ ਲਈ ਮਨੁੱਖ ਨੂੰ 1. ਵਿਆਕਰਨ 2. ਕੋਸ਼ 3. ਪਰੰਪਰਾ 4. ਭਾਸ਼ਾ ਸ਼ਾਸਤ੍ਰ 5. ਨਿਰੁਕਤ 6. ਪ੍ਰਸੰਗ/ਪ੍ਰਕਰਣ 7. ਦਰਸ਼ਨ ਆਦਿ ਵਰਗੇ ਮਹੱਤਵਪੂਰਣ ਗਿਆਨ-ਅਨੁਸ਼ਾਸਨਾਂ ਵਿਚ ਮੁਹਾਰਤ ਹੋਣੀ ਬੜੀ ਜ਼ਰੂਰੀ ਹੈ। ਸੋ ਆਮ ਮਨੁੱਖ ਗੁਰਬਾਣੀ ਦੇ ਅਰਥਾਂ ਦੇ ਅਨਰਥ ਨਾ ਕਰ ਲਵੇ ਅਤੇ ਅਨਰਥ ਕਰਨ ਦਾ ਭਾਗੀ ਬਣ ਕੇ ਗੁਰਬਾਣੀ ਰੂਪੀ ਅੰਮ੍ਰਿਤ ਤੋਂ ਲਾਹਾ ਲੈਣ ਅਤੇ ਜੀਵਨ-ਸੰਵਾਰਨ ਦੀ ਥਾਂ ਪਾਪ ਦਾ ਭਾਗੀ ਨਾ ਬਣ ਜਾਵੇ। ਇਸ ਕੁਰਾਹੇ ਨੂੰ ਰੋਕਣ ਅਤੇ ਸਹੀ ਪ੍ਰਕਰਣ ਵਿਚ ਸਹੀ ਵਿਆਕਰਣਿਕ ਗਿਆਨ ਦੀ ਰੋਸ਼ਨੀ ਵਿਚ ਸਹੀ ਵਿਆਖਿਆ ਕੀਤੇ ਜਾਣ ਦੀ ਲੋੜ, ਗੁਰਬਾਣੀ ਦੇ ਸਾਰੇ ਸ਼ਰਧਾਲੂਆਂ ਅਤੇ ਗੁਰਬਾਣੀ ਦੇ ਗਿਆਨ ਹਾਸਿਲ ਕਰਨ ਵਾਲੇ ਸੁਭਾਗੇ ਮਨੁੱਖਾਂ ਲਈ ਬਹੁਤ ਹੀ ਅਹਿਮ ਜ਼ਰੂਰਤ ਸੀ। ਇਕ ਸਾਧਾਰਣ ਵਿਅਕਤੀ ਅਤੇ ਗੁਰਬਾਣੀ ਦਾ ਸ਼ਰਧਾਲੂ ਆਪਣੇ ਕਠੋਰ ਜੀਵਨ ਵਿਚ ਇੰਨਾਂ ਕੁੱਝ ਸਿੱਖਣ ਦੇ ਉਨ੍ਹਾਂ ਸਮਿਆਂ ਵਿਚ ਸਮਰੱਥ ਹੀ ਨਹੀਂ ਹੋ ਸਕਦਾ ਸੀ। ਸੋ ਆਮ ਮਨੁੱਖ ਲਈ ਕੀਤੀ ਜਾਣ ਵਾਲੀ ਵਿਆਖਿਆ ਹੀ ਲਾਹੇਵੰਦ ਹੋ ਸਕਦੀ ਸੀ।

6. ਸਿੱਖ ਗੁਰੂ ਸਾਹਿਬਾਨ ਦੇ ਸਾਹਮਣੇ ਵੱਡਾ ਮਸਲਾ ਮਾਇਆ ਦੇ ਲੜ ਲੱਗੇ 'ਮਨਮੁਖ' ਨੂੰ ਗੁਰਬਾਣੀ ਦੀ ਵੀਚਾਰ ਅਤੇ ਅਮਲ ਰਾਹੀਂ ਇਕ 'ਸਚਿਆਰ' ਘਾੜਤਿ ਦਾ ਇਕ 'ਗੁਰਮੁਖ' ਮਨੁੱਖ ਦੀ ਸਿਰਜਣਾ ਦਾ ਮਸਲਾ ਇਕ ਵਿਕਰਾਲ ਸਮੱਸਿਆ ਸੀ। ਇਸ 'ਸਚਿਆਰ' ਮਨੁੱਖ ਦੀ ਉਸਾਰੀ ਲਈ ਉਨ੍ਹਾਂ 'ਸਤੁ, ਸੰਤੋਖ ਅਤੇ ਵੀਚਾਰ' ਨੂੰ ਆਪਣਾ ਹਥਿਆਰ ਬਣਾਇਆ। 'ਗੁਣਾਂ ਨਾਲ ਸਾਂਝ ਕਰਨ' ਅਤੇ 'ਅਵਗੁਣ ਛੱਡਣ' ਦੇ ਨੇਕ ਅਤੇ ਸਵੈ-ਪੜਚੋਲ ਕਰਨ ਵਾਲੇ ਮਾਰਗ ਨੂੰ ਅਗਿਆਨ, ਅੰਧ-ਵਿਸ਼ਵਾਸ ਅਤੇ 'ਅਹੰਕਾਰ' ਵਿਚ ਡੁੱਬੇ ਲੋਕਾਂ ਲਈ 'ਗੁਰਮੁਖਿ ਗਾਡੀ ਰਾਹ' ਦੀ ਸਥਾਪਨਾ ਕੀਤੀ। ਸੰਸਾਰ ਧਰਮ-ਦਰਸ਼ਨ ਦੀ ਪਰੰਪਰਾ ਵਿਚ ਗੁਰਬਾਣੀ ਅਤੇ ਸਿੱਖ ਗੁਰੂ ਸਾਹਿਬਾਨ ਦੀ ਸਭ ਤੋਂ ਵੱਡੀ ਦੇਣ ਗਿਆਨ ਦੇ ਬੂਹੇ ਚਾਰੇ ਵਰਨਾਂ ਲਈ ਖੋਲ੍ਹਣ, ਨਿਮਰਤਾ ਅਤੇ ਗ਼ਰੀਬੀ ਨੂੰ ਵੱਡੇ ਮਨੁੱਖੀ ਸਦਗੁਣਾਂ ਵਜੋਂ ਸਥਾਪਿਤ ਕਰਨ 'ਚ ਨਿਹਿਤ ਹੈ। ਗੁਰੂ ਸਾਹਿਬਾਨ ਨੇ ਧਾਰਮਿਕ ਸੰਕੀਰਣਤਾ ਅਤੇ ਆਪਣੇ ਹੀ ਧਰਮ ਜਾਂ ਵਿਚਾਰ ਨੂੰ ਵੱਡਾ ਸਿੱਧ ਕਰਨ ਦੀ ਥਾਂ "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣਿਐ ਕਿਛੁ ਕਹਿਐ"[1] ਦੇ "ਸੰਬਾਦੀ ਸਿਧਾਂਤ" ਰਾਹੀਂ ਸੰਸਾਰ ਦੀ ਗਿਆਨ-ਪਰੰਪਰਾ ਨੂੰ ਲੋਕ-ਤਾਤਰਿਕ ਅਤੇ ਲੋਕ-ਪੱਖੀ ਬਣਾਉਣ ਦਾ ਇਤਿਹਾਸਕ ਮਿਸ਼ਨ ਪੂਰਾ ਕੀਤਾ।

ਗੁਰਬਾਣੀ ਦੀ ਵਿਆਖਆ ਦੇ ਹੋਰ ਬਹੁਤ ਸਾਰੇ ਕਾਰਣ ਵੀ ਗਿਣਾਏ ਜਾ ਸਕਦੇ ਹਨ ਪਰੰਤੂ ਅਸੀਂ ਸਮੇਂ, ਸਥਾਨ ਅਤੇ ਮੁਖ ਵਿਸ਼ੇ ਤੋਂ ਲਾਂਭੇ ਨਾ ਜਾਈਏ, ਇਸ ਕਾਰਣ ਇੱਥੇ ਹੀ ਸਮਾਪਤ ਕਰਦੇ ਹਾਂ।

ਗੁਰਬਾਣੀ ਦੀ ਵਿਆਖਿਆ ਦੇ ਕਾਰਣਾਂ ਤੋਂ ਆਪਣੀ ਗਿਆਨ ਯਾਤਰਾ ਆਰੰਭ ਕਰਦਿਆਂ, ਪੰਥ ਦੇ ਪ੍ਰਸਿੱਧ ਵਿਦਵਾਨ, ਡਾ. ਤਾਰਨ ਸਿੰਘ ਨੇ ਗੁਰੂ ਨਾਨਕ ਸਾਹਿਬ ਨੂੰ 'ਧੁਰ ਕੀ ਬਾਣੀ' ਦੇ ਪਹਿਲੇ ਵਿਆਖਿਆਕਾਰ ਪ੍ਰਵਾਨ ਕੀਤਾ ਹੈ। ਉਨ੍ਹਾਂ ਲਿਖਿਆ ਹੈ ਕਿ ਆਪਣੀਆਂ ਉਦਾਸੀਆਂ ਅਤੇ ਕਰਤਾਰਪੁਰ ਵਿਖੇ ਨਿਵਾਸ ਕਰਨ ਵੇਲੇ ਤੀਕ ਗੁਰੂ ਨਾਨਕ ਸਾਹਿਬ ਦਾ ਮੇਲ-ਮਿਲਾਪ ਅਤੇ ਸੰਵਾਦ ਆਪਣੇ ਸਮੇਂ ਦੇ ਸਮੂਹ ਮਤ-ਮਤਾਂਤਰਾਂ ਨਾਲ ਜੁੜੇ ਸਾਧੂਆਂ, ਰਿਸ਼ੀਆਂ-ਮੁਨੀਆਂ ਅਤੇ ਵਿਦਵਾਨਾਂ ਨਾਲ ਹੋਇਆ। ਇਸ ਕਾਰਣ ਗੁਰੂ ਸਾਹਿਬ ਨੂੰ ਖ਼ੁਦ ਬਾਣੀ ਦੀ ਵਿਆਖਿਆ ਆਪਣੇ ਸਮੇਂ ਦੇ ਵਿਸ਼ੇਸ਼ ਪ੍ਰਕਰਣਾਂ ਵਿਚ ਕਰਨ ਦੀ ਪਹਿਲ ਕਦਮੀ ਕਰਨੀ ਪਈ। ਇਸ ਤੋਂ ਬਾਅਦ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਵਿਆਖਿਆ ਕਰਨ ਹਿਤ ਦੂਸਰੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਰਾਹੀਂ ਉਸ ਬਾਣੀ ਦੀ ਵਿਆਖਿਆ ਦਾ ਯਤਨ ਕੀਤਾ। ਡਾ. ਤਾਰਨ ਸਿੰਘ ਅਨੁਸਾਰ, 'ਇਹ ਸਰਵੋਤਮ ਵਿਆਖਿਆ-ਪ੍ਰਣਾਲੀ ਸੀ। ਇਸ ਨੂੰ ਅਸਾਂ ਗੁਰਬਾਣੀ ਵਿਆਖਿਆ ਦੀ 'ਸਹਜ-ਪ੍ਰਣਾਲੀ' ਕਿਹਾ ਹੈ ?[2]

ਦੂਸਰੀ ਵਿਆਖਿਆ ਪ੍ਰਣਾਲੀ, ਉਦਾਸੀ ਸੰਪ੍ਰਦਾਇ ਦੇ ਬਾਨੀ ਬਾਬਾ ਸ੍ਰੀ ਚੰਦ ਨੇ ਆਰੰਭ ਕੀਤੀ। ਇੰਨ੍ਹਾਂ ਦੀ ਵਿਆਖਿਆ ਮੌਖਿਕ-ਪਰੰਪਰਾ ਉਪਰ ਆਧਾਰਿਤ ਸੀ। ਇੰਨ੍ਹਾਂ ਦੀ ਵੱਡੀ ਦੇਣ ਪੰਜਾਬ ਤੋਂ ਬਾਹਰ ਗ਼ੈਰ ਸਿੱਖ ਅਤੇ ਪੰਜਾਬੀ ਇਲਾਕਿਆਂ ਵਿਚ ਪ੍ਰਚਾਰ ਕਰਨ ਵਿਚ ਨਿਹਿਤ ਹੈ। ਇਨ੍ਹਾਂ ਸਾਧੂਕੜੀ ਬੋਲੀ 'ਚ ਪ੍ਰਚਾਰ ਕੀਤਾ ਜੋ ਸਾਰੇ ਭਾਰਤ ਵਿਚ ਸਮਝੀ ਜਾਂਦੀ ਸੀ। ਇਨ੍ਹਾਂ ਦਾ ਦ੍ਰਿਸ਼ਟੀਕੋਣ ਆਪਣੇ ਸਰੋਤਿਆਂ ਦੇ ਪਿਛੋਕੜ ਨੂੰ ਧਿਆਨ ਵਿੱਚ ਰੱਖਦਿਆਂ, ਵੇਦ, ਸ਼ਾਸਤਰ, ਸਮ੍ਰਿਤੀਆਂ

---

[1] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ-661.

[2] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਵੇਖੋ, ਭੂਮਿਕਾ, ਖ.

ਅਤੇ ਪੌਰਾਣਿਕ ਕਥਾਵਾਂ ਆਧਾਰਿਤ ਹੋਣ ਕਾਰਨ ਸਮਨਵੈਵਾਦੀ ਸੀ। ਇਹ ਲੋਕ ਦੇਵੀ-ਦੇਵਤਿਆਂ ਦਾ ਸਤਿਕਾਰ ਕਰਨ, ਗ੍ਰੰਥ ਸਾਹਿਬ ਨੂੰ ਪੰਜਵਾਂ ਵੇਦ ਮੰਨਣ ਲੱਗ ਪਏ।[1] ਗੁਰੂ ਅਮਰਦਾਸ ਨੇ ਗ੍ਰਿਹਿਸਥ ਆਸ਼ਰਮ 'ਤੇ ਜ਼ੋਰ ਦੇ ਕੇ ਉਦਾਸੀ ਮਤ ਦੇ ਤਿਆਗਵਾਦ ਨੂੰ ਠੱਲ੍ਹ ਪਾਈ। ਉਪਰੋਕਤ ਤੋਂ ਬਿਨਾਂ ਜਿਨ੍ਹਾਂ ਪ੍ਰਣਾਲੀਆਂ ਦਾ ਵਰਣਨ, ਡਾ. ਤਾਰਨ ਸਿੰਘ ਨੇ ਕੀਤਾ ਉਹ ਹਨ, ਭਾਈ ਪ੍ਰਣਾਲੀ, ਪਰਮਾਰਥੀ ਪ੍ਰਣਾਲੀ, ਨਿਰਮਲਾ ਪ੍ਰਣਾਲੀ, ਸੰਪ੍ਰਦਾਈ ਪ੍ਰਣਾਲੀ, ਸਿੰਘ ਸਭਾਈ ਪ੍ਰਣਾਲੀ ਆਦਿ। ਹਰ ਪ੍ਰਣਾਲੀ ਦਾ ਉਦਭਵ ਅਤੇ ਵਿਕਾਸ ਵਿਸ਼ੇਸ਼ ਇਤਿਹਾਸਕ, ਧਾਰਮਿਕ, ਰਾਜਨੀਤਕ ਅਤੇ ਆਰਥਿਕ ਪਰਿਸਿਥਿਤੀਆਂ ਦੇ ਫਲਸਰੂਪ ਹੋਂਦ ਗ੍ਰਹਿਣ ਕਰਦਾ ਰਿਹਾ ਹੈ। ਇੰਨ੍ਹਾਂ ਪ੍ਰਣਾਲੀਆਂ ਦਾ ਆਪਣਾ ਅੰਤਰ-ਪ੍ਰਣਾਲੀ ਅਤੇ ਅੰਤਰਾ-ਪ੍ਰਣਾਲੀ ਸੰਵਾਦ ਵੀ ਵਿਆਖਿਆ-ਪ੍ਰਣਾਲੀਆਂ ਦੇ ਇਤਿਹਾਸਕ ਵਿਕਾਸ ਵਿਚ ਆਪਣਾ ਵਿਸ਼ੇਸ਼ ਯੋਗਦਾਨ ਦਿੰਦਾ ਰਿਹਾ ਹੈ। ਇੱਥੇ ਸਿਰਫ਼ ਨਿਰਮਲ ਸੰਪ੍ਰਦਾਇ ਦੀ ਵਿਆਖਿਆ-ਪ੍ਰਣਾਲੀ ਬਾਰੇ ਵਿਸਤ੍ਰਿਤ ਚਰਚਾ ਕੀਤੀ ਜਾਵੇਗੀ।

ਨਿਰਮਲ ਸੰਪ੍ਰਦਾਇ ਦੀ ਵਿਆਖਿਆ-ਪ੍ਰਣਾਲੀ, ਗੁਰੂ ਗੋਬਿੰਦ ਸਿੰਘ ਜੀ ਦੀ ਦੂਰ-ਅੰਦੇਸ਼ ਅਗਵਾਈ, ਦ੍ਰਿਸ਼ਟੀਕੋਣ ਦੀ ਵਿਸ਼ਾਲਤਾ ਅਤੇ ਗਿਆਨ-ਮੁਖੀ ਅਸੀਸ ਰਾਹੀਂ ਹੋਂਦ ਵਿਚ ਆਈ। ਭਾਵੇਂ ਗੁਰਬਾਣੀ ਹਮੇਸ਼ਾ 'ਸਰਬੱਤ ਦੇ ਭਲੇ' ਨੂੰ ਆਪਣੀ ਆਧਾਰਸ਼ਿਲਾ ਪ੍ਰਵਾਨ ਕਰਦੀ ਰਹੀ ਹੈ- ਫਿਰ ਵੀ 'ਹਿੰਦੁਸਤਾਨ' 'ਸ਼ਬਦ' ਦੀ ਪਹਿਲੀ ਵਾਰ ਵਰਤੋਂ, ਗੁਰੂ ਨਾਨਕ ਸਾਹਿਬ ਨੇ ਆਪਣੀ ਪ੍ਰਸਿੱਧ ਬਾਣੀ 'ਬਾਬਰਵਾਣੀ' ਵਿਚ ਕਰਕੇ ਆਪਣੀ ਬਾਣੀ ਰਾਹੀਂ ਸਮੁੱਚੇ ਭਾਰਤ ਨੂੰ ਸੰਬੋਧਨ ਕੀਤਾ। ਗੁਰੂ ਗੋਬਿੰਦ ਸਿੰਘ ਮਹਾਰਾਜ ਵੀ ਇਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਸਿੱਖ ਜਾਂ ਪੰਥ ਨਿਰਾ ਸ਼ਸਤਰ ਵਿਦਿਆ ਦੇ ਜੋਸ਼ ਤੀਕ ਹੀ ਸੀਮਿਤ ਨਾ ਰਹੇ ਸਗੋਂ ਉਹ ਸ਼ਾਸਤਰ ਵਿਦਿਆ ਵਿਚ ਵੀ ਨਿਪੁੰਨ ਹੋਣ। ਇਉਂ ਉਨ੍ਹਾਂ ਖ਼ਾਲਸਾ ਪੰਥ ਲਈ ਪਹਿਲੀ ਵਾਰ ਸ਼ਕਤੀ ਅਤੇ ਭਗਤੀ, ਸ਼ਸਤਰ ਅਤੇ ਸ਼ਾਸਤਰ, ਮੀਰੀ ਅਤੇ ਪੀਰੀ, ਰਾਜ ਅਤੇ ਯੋਗ, ਕਲਮ ਅਤੇ ਤਲਵਾਰ, ਦਾ ਸੰਯੋਗ ਕਰਦਿਆਂ, ਆਪਣੇ ਪੰਥ ਅਤੇ ਗੁਰਬਾਣੀ ਦੇ ਗਿਆਨ ਨੂੰ ਸਮੁੱਚੇ ਭਾਰਤ ਤੀਕ ਪਹੁੰਚਾਉਣ ਅਤੇ ਸਮੁੱਚੇ ਭਾਰਤ ਦੀ ਅਮੀਰ ਸਾਹਿਤਿਕ, ਮਿਥਿਹਾਸਕ, ਪੌਰਾਣਿਕ, ਦਾਰਸ਼ਨਿਕ ਅਤੇ ਧਰਮ-ਸ਼ਾਸਤਰ ਦੀ ਪਰੰਪਰਾ ਨੂੰ, ਆਪਣੇ ਪੰਥ ਦੇ ਗਿਆਨ ਅਤੇ ਚਿੰਤਨ ਦਾ ਘੇਰਾ ਵਿਸ਼ਾਲ ਕਰਨ ਲਈ ਵਰਤਣ, ਸਮਝਣ ਅਤੇ ਆਤਮਸਾਤ ਕੀਤੇ ਜਾਣ ਦੀ ਗਿਆਨਮਈ ਪ੍ਰੇਰਣਾ ਦਿੱਤੀ।

ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੋ ਪ੍ਰਣਾਲੀਆਂ 'ਨਿਰਮਲਾ ਪ੍ਰਣਾਲੀ' ਅਤੇ 'ਸੰਪ੍ਰਦਾਈ ਪ੍ਰਣਾਲੀ' ਜਿਸਦੇ ਵਿਆਖਿਆਕਾਰ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਸਨ, ਹੋਂਦ ਵਿਚ ਆਈਆਂ। ਆਪਣੇ ਸਿਰਜਣਾਤਮਿਕ ਸਾਹਿਤ ਵਿਚ ਗੁਰੂ ਸਾਹਿਬ ਨੇ 'ਚੰਡੀ ਦੀ ਵਾਰ' ਦੀ ਰਚਨਾ ਕਰਕੇ ਅਤੇ 'ਚੰਡੀ ਚਰਿਤ੍ਰ' ਦੀ ਦਸਮ ਗ੍ਰੰਥ ਵਿਚ ਰਚਨਾ ਕਰਕੇ ਭਾਰਤੀ ਲੋਕਾਂ ਦੀ ਮਰ ਚੁੱਕੀ ਆਤਮਾ ਨੂੰ ਝੰਜੋੜਿਆ ਅਤੇ ਵੇਲੇ ਦੇ ਹਾਕਮਾਂ ਵਿਰੁਧ ਉਠ ਕੇ ਸੰਘਰਸ਼ ਕਰਨ ਲਈ ਲੋਕਾਂ ਨੂੰ ਮਹਾਨ ਪ੍ਰੇਰਣਾ ਦਿੱਤੀ। ਉਨ੍ਹਾਂ ਦੁਰਗਾ ਨੂੰ ਨਾਇਕ ਬਣਾ ਕੇ ਇੰਦਰ ਨੂੰ ਉਸ ਅੱਗੇ ਤਰਲੇ ਕਰਦਿਆਂ ਵਿਖਾ ਕੇ ਨਾਰੀ ਨੂੰ ਮਾਣ ਦੇਣ ਦਾ ਇਤਿਹਾਸਕ ਕਾਰਜ ਕੀਤਾ। ਡਾ. ਤਾਰਨ ਸਿੰਘ ਗੁਰੂ ਸਾਹਿਬ ਦੇ ਉਦੇਸ਼ ਬਾਰੇ ਸਪਸ਼ਟ ਕਰਦਿਆਂ ਲਿਖਦੇ ਹਨ ਕਿ, 'ਗੁਰੂ ਸਾਹਿਬ ਚਾਹੁੰਦੇ ਸਨ ਕਿ ਸਿੱਖ ਵਿਦਵਾਨ ਸਾਰੀ ਭਾਰਤੀ ਅਧਿਆਤਮਿਕ 'ਤੇ ਹੋਰ ਹਰ ਪ੍ਰਕਾਰ ਦੀ ਵਿਦਿਆ ਤੋਂ ਜਾਣੂ ਹੋਣ। ਦਸਮ ਗ੍ਰੰਥ ਦਾ ਸਰੂਪ ਹੀ ਇਸ ਤੱਥ ਨੂੰ ਭਲੀ-ਭਾਂਤ ਸਪਸ਼ਟ ਅਤੇ ਪ੍ਰਗਟ ਕਰਦਾ ਹੈ। ਪਰ ਉਸ ਸਮੇਂ ਦੇ ਹਿੰਦ ਵਿਦਿਅਕ ਕੇਂਦਰਾਂ ਵਿਸ਼ੇਸ਼ ਕਰਕੇ ਕਾਸ਼ੀ ਵਿਖੇ ਗ਼ੈਰ ਬ੍ਰਾਹਮਣਾਂ ਨੂੰ ਵੇਦ-ਵਿਦਿਆ ਨਹੀਂ ਸੀ ਦਿੱਤੀ ਜਾਂਦੀ, ਗੁਰੂ ਸਾਹਿਬ ਨੇ ਪੰਜ ਸਿੱਖਾਂ ਨੂੰ ਬ੍ਰਹਮਚਾਰੀ ਦੇ ਭੇਸ ਵਿਚ ਸੰਸਕ੍ਰਿਤ ਵਿਦਿਆ ਦੀ ਪ੍ਰਾਪਤੀ ਲਈ ਕਾਸ਼ੀ ਭੇਜਿਆ। ਇਹ ਪੰਜ ਸਿੱਖ ਸੰਸਕ੍ਰਿਤ ਗ੍ਰੰਥਾਂ ਦੇ ਪੂਰਨ ਵਿਦਵਾਨ ਬਣ ਕੇ ਆਏ ਅਤੇ ਉਸ ਪ੍ਰਿਸ਼ਠ-ਭੂਮੀ ਸਹਿਤ ਉਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ ਵਿਚਾਰ ਆਰੰਭ ਦਿੱਤੀ। ਇੰਨ੍ਹਾਂ ਨੇ ਅੱਗੋਂ ਬਹੁਤ ਸਿੱਖਾਂ ਨੂੰ ਸੰਸਕ੍ਰਿਤ ਗ੍ਰੰਥਾਂ ਦੀ ਵਿਆਖਿਆ ਸਿਖਾਈ ਅਤੇ ਇਸ ਤਰ੍ਹਾਂ ਨਿਰਮਲਾ ਪੰਥ ਹੀ ਬਣ ਗਿਆ ਜੋ ਸਿੱਖ ਪੰਥ ਦਾ ਅੰਗ ਹੈ। ਹੁਣ ਤੀਕ ਨਿਰਮਲੇ ਵਿਦਵਾਨ ਸਿੱਖੀ ਪ੍ਰਚਾਰ ਦਾ ਕੰਮ ਕਰ ਰਹੇ ਹਨ। ਭਾਰਤ ਭਰ ਵਿਚ ਇਨ੍ਹਾਂ ਦੇ ਸਥਾਨ, ਅਖਾੜੇ, ਧਰਮਧੁਜਾਂ ਹਨ ਜਿਥੋਂ ਸਿੱਖੀ ਦਾ ਪ੍ਰਚਾਰ ਹੋ ਰਿਹਾ ਹੈ।[2]

ਉਦਾਸੀ ਪ੍ਰਣਾਲੀ ਵਾਂਗ ਇਸ ਪ੍ਰਣਾਲੀ ਦੇ ਵਿਦਵਾਨ ਵੀ ਮੌਖਿਕ ਪ੍ਰਚਾਰ ਹੀ ਕਰਦੇ ਸਨ। ਪਰੰਤੂ ਸਮੇਂ ਦੇ ਬਦਲਣ ਨਾਲ, ਉਨ੍ਹੀਵੀਂ ਸਦੀ ਵਿਚ ਇਨ੍ਹਾਂ ਵਲੋਂ ਗ੍ਰੰਥ ਰਚਣ ਅਤੇ ਗੁਰਬਾਣੀ ਦੇ ਟੀਕੇ ਲਿਖਣ ਦੀ ਪਰੰਪਰਾ ਵੀ ਪ੍ਰਚਲਿਤ ਹੋ ਗਈ। ਇਸ ਪ੍ਰਣਾਲੀ ਦੇ ਵਿਦਵਾਨਾਂ ਦੀ ਵੱਡੀ ਦੇਣ, ਗੁਰਬਾਣੀ ਦੇ ਟੀਕੇ, ਗੁਰਮਤਿ ਸਿਧਾਂਤਾਂ ਦੀ ਵਿਆਖਿਆ, ਗੁਰੂ ਗ੍ਰੰਥ ਕੋਸ਼, ਪ੍ਰਯਾਯ, ਸਟੀਕ ਅਤੇ ਗੁਰ-ਇਤਿਹਾਸ ਦੇ ਗ੍ਰੰਥ ਰਚਣ ਵਿਚ ਵੇਖੀ ਜਾ ਸਕਦੀ ਹੈ। ਇਸ ਸੰਪ੍ਰਦਾਇ ਦੇ ਮਾਰਤੰਡ ਵਿਦਵਾਨਾਂ

---

[1] *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,* ਪੰਨਾ-3.

[2] *ਉਹੀ,* ਪੰਨਾ-7 (ਭੂਮਿਕਾ).

ਵਿਚ, ਭਾਈ ਸੰਤੋਖ ਸਿੰਘ, ਪੰਡਿਤ ਗੁਲਾਬ ਸਿੰਘ, ਪੰਡਿਤ ਈਸ਼ਵਰ ਸਿੰਘ, ਪੰਡਿਤ ਤਾਰਾ ਸਿਘ ਨਰੋਤਮ, ਗਿਆਨੀ ਗਿਆਨ ਸਿੰਘ ਅਤੇ ਅੱਜਕੱਲ੍ਹ ਦੇ ਵਿਦਵਾਨਾਂ ਵਿਚ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਵਰਗੇ ਪ੍ਰਤਿਸ਼ਠਿਤ ਵਿਦਵਾਨਾਂ ਦੇ ਨਾਮ ਲੈ ਸਕਦੇ ਹਾਂ।

ਡਾ. ਤਾਰਨ ਸਿੰਘ ਨਿਰਮਲ ਸੰਪ੍ਰਦਾਇ ਦੀ ਵਿਚਾਰਧਾਰਾ ਦਾ ਨਿਚੋੜ ਪੇਸ਼ ਕਰਦਿਆਂ ਇਹ ਮਤ ਪੇਸ਼ ਕਰਦੇ ਹਨ ਕਿ ਨਿਰਮਲੇ ਵੇਦ ਨੂੰ ਪ੍ਰਮਾਣ ਮੰਨਦੇ ਹਨ। ਸੰਸਕ੍ਰਿਤ ਨੂੰ ਦੇਵ-ਭਾਸ਼ਾ ਪ੍ਰਵਾਨ ਕਰਦੇ ਹਨ। ਸੰਸਕ੍ਰਿਤ ਗ੍ਰੰਥਾਂ ਦੇ ਪ੍ਰਕਾਂਡ ਵਿਦਵਾਨ ਸਨ। ਉਹ ਵੇਦਾਂ ਨੂੰ ਦੇਵ-ਬਾਣੀ ਮੰਨਦਿਆਂ-ਪਰਮਾਤਮਾ ਦੇ ਹੁਕਮ ਨੂੰ ਵੇਦ ਵਿਚ ਪ੍ਰਗਟ ਹੋਇਆ ਮੰਨਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਪਰਮਾਤਮਾ ਦਾ ਹੁਕਮ ਬਦਲਦਾ ਨਹੀਂ ਸਗੋਂ ਯੁਗ ਅਨੁਸਾਰ ਉਸ ਦੀ ਭਾਸ਼ਾ ਬਦਲਦੀ ਹੈ। ਤਾਰਨ ਸਿੰਘ ਅਨੁਸਾਰ, 'ਗੁਰਬਾਣੀ ਵੇਦ ਬਾਣੀ ਦਾ ਉਲੰਘਣ ਨਹੀਂ ਕਰਦੀ, ਤੀਰਥ ਵਰਤ ਨੂੰ ਵੀ ਨਹੀਂ ਨਿੰਦਦੀ, ਮੂਰਤੀ ਪੂਜਾ ਦਾ ਵਿਰੋਧ ਕਰਦੀ ਹੈ, ਨਾਮ ਰੂਪ ਨੂੰ ਨਿਰਗੁਣ ਦੀ ਉਪਾਸਨਾ ਦਾ ਮੁਖ ਸਾਧਨ ਮੰਨਦੀ ਹੈ ; ਗੁਰਬਾਣੀ ਬ੍ਰਹਮ, ਆਤਮਾ, ਜੀਵਾਤਮਾ, ਕਰਮ, ਆਵਾਗਵਨ, ਮੁਕਤੀ ਦੇ ਸਿਧਾਂਤਾਂ ਦੀ ਉਸੇ ਤਰ੍ਹਾਂ ਕਾਇਲ ਹੈ ਜਿਵੇਂ ਸਨਾਤਨੀ ਹਿੰਦੂ ਵਿਚਾਰਧਾਰਾ ਨਿਰਮਲੇ ਆਮ ਕਰਕੇ ਵੇਦਾਂਤੀ ਹੋਏ ਹਨ ਅਤੇ ਇਨ੍ਹਾਂ ਨੇ ਗੁਰਬਾਣੀ ਵਿਆਖਿਆ ਵਿਚ ਵੇਦਾਂਤੀ ਸ਼ਬਦਾਵਲੀ ਅਤੇ ਵਿਚਾਰਧਾਰਾ ਨੂੰ ਹੀ ਪ੍ਰਮੁੱਖਤਾ ਦਿੱਤੀ ਹੈ। ਬ੍ਰਹਮ ਮਾਇਆ, ਗਿਆਨ ਸੋਹੰ ਹੀ ਇਨ੍ਹਾਂ ਦੀ ਸ਼ਬਦਾਵਲੀ ਹੈ। ਇਹ ਨਾਮ-ਜਪ ਨੂੰ ਪ੍ਰਮੁੱਖ ਸਾਧਨ ਤੇ ਮੰਨਦੇ ਹਨ ਪਰ ਨਾਲ-ਨਾਲ ਇਹ ਬਰਾਬਰ ਕਹੀ ਜਾਂਦੇ ਹਨ ਕਿ ਗਿਆਨ ਬਿਨਾ ਮੁਕਤੀ ਨਹੀਂ ਹੋ ਸਕਦੀ, ਗਿਆਨ ਹੀ ਮੁਕਤੀ ਦਾ ਦੁਆਰ ਹੈ।[1]

ਨਿਰਮਲ ਸੰਪ੍ਰਦਾਇ ਦਾ ਆਧਾਰ ਸ੍ਰੋਤ ਕਿਉਂਕਿ ਵੇਦ ਅਤੇ ਸੰਸਕ੍ਰਿਤ ਭਾਸ਼ਾ ਵਿਚ ਰਚੇ ਦੂਸਰੇ ਧਰਮ-ਸ਼ਾਸਤਰ ਨਾਲ ਜੁੜੇ ਗ੍ਰੰਥ ਸਨ, ਇਸ ਕਾਰਣ-ਵੇਦਾਂਤ ਦਾ ਪ੍ਰਭਾਵ, ਦਰਸ਼ਨ, ਵਿਚਾਰਧਾਰਾ, ਭਾਸ਼ਾ ਅਤੇ ਗਿਆਨ-ਸੰਜਮ ਦੇ ਪੱਖੋਂ ਪੈਣਾ ਅਤੇ ਇਸ ਪ੍ਰਭਾਵ ਅਨੁਸਾਰੀ ਗੁਰਬਾਣੀ ਦੀ ਕੀਤੀ ਜਾਣ ਵਾਲੀ ਵਿਆਖਿਆ ਦਾ ਭਾਰਤੀ ਧਰਮ-ਦਰਸ਼ਨ ਦੇ ਪਰਿਪੇਖ ਤੋਂ ਪ੍ਰਭਾਵਿਤ ਹੋਣਾ ਸੁਭਾਵਿਕ ਸੀ, ਸੋ ਇਸ ਮੇਲ ਮਿਲਾਪ ਭਾਵ ਵੈਦਿਕ-ਪ੍ਰਣਾਲੀ ਅਤੇ ਗੁਰਬਾਣੀ ਦੇ ਆਪਸੀ ਸੁਮੇਲ ਤੋਂ ਜੋ ਨਵੇਂ ਰੁਝਾਨ ਇਸ ਪ੍ਰਣਾਲੀ ਦੀ ਵਿਆਖਿਆ ਰਾਹੀਂ ਹੋਂਦ ਵਿਚ ਆਏ ਉਹ ਇਸ ਪ੍ਰਕਾਰ ਹਨ :

1. ਟੀਕਿਆਂ ਦੀ ਬੋਲੀ ਸਾਧ ਭਾਖਾ ਹੋ ਗਈ ਅਤੇ ਬੋਲੀ ਵਿਚ ਸੰਸਕ੍ਰਿਤ ਦੀ ਮਾਤ੍ਰਾ ਵਧ ਗਈ।
2. ਗੁਰਬਾਣੀ ਦੇ ਅਨੇਕ ਪ੍ਰਕਾਰ ਦੇ ਪਦ-ਛੇਦ ਕੀਤੇ ਜਾਣ ਲੱਗੇ ਅਤੇ ਇਕੋ ਤੁਕ ਦੇ ਕਈ-ਕਈ ਪਾਠ ਹੋਣ ਲੱਗੇ।
3. ਇਕ ਤੁਕ ਦੇ ਕਈ ਪਾਠ ਹੋਣ ਨਾਲ ਉਸ ਦੇ ਕਈ-ਕਈ ਅਰਥ ਕੀਤੇ ਜਾਣ ਲੱਗੇ ਜੋ ਮੁਖ ਅਰਥ ਅਤੇ ਗਉਨ ਅਰਥ ਕਹੇ ਜਾਣ ਲੱਗੇ। ਅਰਥਾਂ ਵਿਚ ਅਨਿਸ਼ਚਤਤਾ ਵਧਣ ਲੱਗੀ।
4. ਇਕ-ਇਕ ਸ਼ਬਦ ਦੇ ਸੰਸਕ੍ਰਿਤ ਕੋਸ਼ਾਂ ਅਨੁਸਾਰ ਕਈ-ਕਈ ਅਰਥ ਹੋਣ ਲੱਗੇ ਅਤੇ ਇਕ ਪੰਗਤੀ ਦੇ ਟੀਕੇ ਵੀ ਬਹੁਤ ਹੋਣ ਲੱਗੇ।
5. ਮਿਥਿਹਾਸ ਦੀਆਂ ਪੌਰਾਣਿਕ ਕਥਾ ਕਹਾਣੀਆਂ, ਪ੍ਰਸੰਗ, ਉਥਾਨਕਾ ਦੇ ਰੂਪ ਵਿਚ ਅਤੇ ਕਿਸੇ ਸਿਧਾਂਤ ਦੀ ਵਿਆਖਿਆ ਲਈ ਵਰਤੇ ਜਾਣ ਲੱਗੇ।
6. ਹਿੰਦੂ ਧਰਮ ਗ੍ਰੰਥਾਂ ਵਿਚੋਂ ਪ੍ਰਮਾਣ ਦਿੱਤੇ ਜਾਣੇ ਲੱਗੇ। ਉਨ੍ਹਾਂ ਦੇ ਸੰਸਕ੍ਰਿਤ ਪਾਠ ਦੇ ਕੇ ਉਸ ਦੇ ਟੀਕੇ ਦਿੱਤੇ ਜਾਣ ਲੱਗ ਪਏ।
7. ਅਰਥ-ਪ੍ਰਣਾਲੀ ਵਿਚ ਵੇਦਾਂਤੀ ਰੰਗ ਭਰਿਆ ਜਾਣ ਲੱਗਾ।[2]

ਨਿਰਮਲ ਪੰਥ ਦੀ ਵਿਆਖਿਆ ਪ੍ਰਣਾਲੀ ਦੇ ਆਲੋਚਨਾਤਮਿਕ ਮੁੱਲਾਂਕਣ ਦੀ ਲੋੜ ਹੈ ਤਾਂ ਕਿ ਇੰਨ੍ਹਾਂ ਵਿਦਵਾਨਾਂ ਦੀ ਕੀਤੀ ਗਿਆਨ ਸੇਵਾ ਦਾ ਸਹੀ ਮੁੱਲ ਪਾਇਆ ਜਾ ਸਕੇ। ਵੇਦਾਂਤ ਅਤੇ ਗੁਰਬਾਣੀ ਦੇ ਸਿਧਾਂਤਾਂ ਵਿਚ ਕੁਝ ਸਾਂਝਾਂ ਅਤੇ ਕੁਝ ਵਖਰੇਵੇਂ ਵੀ ਹਨ। ਨਿਰਮਲ ਵਿਆਖਿਆ ਪ੍ਰਣਾਲੀ ਦੇ ਦਾਰਸ਼ਨਿਕ ਪਿਛੋਕੜ ਕਾਰਨ ਜੋ ਪ੍ਰਭਾਵ ਗੁਰਬਾਣੀ ਵਿਆਖਿਆ ਉਪਰ ਪਏ ਇਨ੍ਹਾਂ ਦੀ ਨਿਸ਼ਾਨਦੇਹੀ ਨੂੰ ਧਰਮ-ਦਰਸ਼ਨ ਦੇ ਪ੍ਰਸਿੱਧ ਵਿਦਵਾਨ, ਜਸਬੀਰ ਸਿੰਘ ਆਹਲੂਵਾਲੀਆ ਨੇ ਆਪਣੇ ਇਕ ਮਹੱਤਵਪੂਰਨ ਲੇਖ, 'ਸਿੱਖ ਦਰਸ਼ਨ ਦੇ ਵੇਦਾਂਤੀਕਰਨ ਅਤੇ ਨਿਰਮਲ ਸੰਪ੍ਰਦਾਇ' ਵਿਚ ਹੀ ਦਾਰਸ਼ਨਿਕ ਅਤੇ ਸਿਧਾਂਤਕ ਪਹਿਲੂ ਤੋਂ ਸਪਸ਼ਟ ਕੀਤਾ ਹੈ। ਸਮੁੱਚੀ ਚਰਚਾ ਦਾ ਸਾਰ ਪੇਸ਼ ਕਰਦਿਆਂ ਉਨ੍ਹਾਂ ਲਿਖਿਆ ਹੈ ਕਿ, 'ਸਿੱਖ ਫ਼ਲਸਫ਼ੇ ਨਾਲ

[1] *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,* ਪੰਨਾ-੮.

[2] *ਉਹੀ,* ਪੰਨਾ-੯.

ਭਾਰਤੀ ਦਾਰਸ਼ਨਿਕ ਪਰੰਪਰਾ ਇਕ ਨਵੇਂ, ਉਚੇਰੇ ਪੜਾਉ ਉੱਤੇ ਪਹੁੰਚਦੀ ਹੈ ਜੋ ਵੈਦਿਕ ਬਹੁ-ਦੇਵਵਾਦ (polytheism) ਵੇਦਾਂਤਕ ਅਦ੍ਵੈਤਵਾਦ (monism); ਸਾਂਖਯ ਦ੍ਵੈਦਵਾਦ (dualism); ਨਯਾਯ ਵੈਸ਼ੇਸ਼ਿਕ ਯਥਾਰਥਵਾਦ (realism); ਬੋਧੀ ਇੰਦ੍ਰਆਵੀ ਅਨੁਭਵਵਾਦ (empiricism) ਅਤੇ ਹਿੰਦੂ ਇਕ ਈਸ਼ਰਵਾਦ (monotheism) ਨਾਲੋਂ ਭਿੰਨ ਅਤੇ ਵਿਲੱਖਣ ਹੈ।[1] ਉਂਜ ਸਮਾਜਕ-ਇਤਿਹਾਸਕ ਪਰਿਪੇਖ ਤੋਂ 18ਵੀਂ ਸਦੀ ਦੇ ਬਿਖੜੇ ਸਮਿਆਂ ਵਿਚ, ਜਦੋਂ ਖ਼ਾਲਸਾ ਪੰਥ ਘੋਰ ਸੰਕਟ ਵਿਚੋਂ ਗੁਜਰ ਰਿਹਾ ਸੀ, ਇਸ ਸੰਪਰਦਾਇ ਵਲੋਂ ਗੁਰਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਹਿਤ ਕੀਤੀ ਗਈ ਸੇਵਾ ਅਤੇ ਨਿਭਾਈ ਗਈ ਇਤਿਹਾਸਕ ਭੂਮਿਕਾ ਦੀ ਵਿਦਵਾਨ ਲੇਖਕ ਨੇ ਸ਼ਲਾਘਾ ਵੀ ਕੀਤੀ ਹੈ। ਵੇਦਾਂਤ ਅਤੇ ਗੁਰਬਾਣੀ ਦੇ ਆਪਸੀ ਦਾਰਸ਼ਨਿਕ ਸੰਬੰਧਾਂ ਅਤੇ ਵਖਰੇਵਿਆਂ ਬਾਰੇ ਦੋ ਹੋਰ ਵਿਦਵਾਨਾਂ ਦੇ ਵਿਚਾਰ ਵੀ ਇਸ ਪਹਿਲੂ 'ਤੇ ਰੋਸ਼ਨੀ ਪਾਉਣ ਦਾ ਚੰਗਾ ਯਤਨ ਹਨ। ਪਹਿਲੇ ਹਨ ਡਾ. ਰਾਮ ਸਿੰਘ ਦੀ ਪੁਸਤਕ 'ਸੁਖਮਨੀ ਸਾਹਿਬ ਇਕ ਸਰਵਪੱਖੀ ਅਧਿਐਨ' ਵਿਚ ਵੇਖੋ ਪਾਠ ਚੌਥਾ, 'ਸੁਖਮਨੀ ਦਾ ਦਾਰਸ਼ਨਿਕ ਤੱਤ' ਵਿਚ ਪੇਸ਼ ਵਿਚਾਰ।[2] ਦੂਸਰਾ ਯਤਨ ਹੈ ਡਾ. ਜੋਗਿੰਦਰ ਸਿੰਘ ਦੀ ਪੁਸਤਕ 'ਸੁਖਮਨੀ ਸਾਹਿਬ ਦਾ ਦਾਰਸ਼ਨਿਕ ਆਧਾਰ' ਦੇ ਅਧਿਆਇ ਦੂਜਾ ਦਾ ਖੰਡ-3 ਵਿਚ ਕੀਤਾ ਤੁਲਨਾਤਮਿਕ ਅਧਿਐਨ।[3] ਹਿੰਦੂ ਧਰਮ ਨਾਲੋਂ ਸਿੱਖ ਧਰਮ ਦੇ ਨਿਆਰੇਪਨ ਨੂੰ ਸਮਝਣ ਲਈ ਭਾਈ ਕਾਨ੍ਹ ਸਿੰਘ ਨਾਭਾ ਦੀ ਪੁਸਤਕ ''ਹਮ ਹਿੰਦੂ ਨਹੀਂ'' ਵਿਚ ''ਵੇਦ ਸਿਮ੍ਰਤੀ ਪੁਰਾਣ'' ਪੰਨੇ 42 ਤੋਂ 50 ਵੇਖੇ ਜਾ ਸਕਦੇ ਹਨ। ਇਸ ਸੰਪ੍ਰਦਾ ਦੀ ਵੱਡੀ ਦੇਣ ਗੁਰਬਾਣੀ ਦੇ ਕਰਮ ਖੇਤਰ ਅਤੇ ਗਿਆਨ-ਖੇਤਰ ਨੂੰ ਵਿਸਤਾਰਨ ਵਿਚ ਨਿਹਿਤ ਹੈ। ਗ਼ੈਰ ਸਿੱਖਾਂ ਖ਼ਾਸ ਕਰਕੇ ਸ਼ਰਧਾਲੂ ਹਿੰਦੂ ਧਰਮੀ ਪ੍ਰੇਮੀਆਂ ਨੂੰ ਗੁਰਬਾਣੀ ਨਾਲ ਜੋੜਨ ਦੀ ਇੰਨ੍ਹਾਂ ਦੀ ਸੇਵਾ ਵਿਸ਼ੇਸ਼ ਸਨਮਾਨ ਦੀ ਅਧਿਕਾਰੀ ਹੈ। ਇਸ ਪੰਥ ਦੇ ਅਜੋਕੇ ਮਾਰਤੰਡ ਵਿਦਵਾਨ, ਬਲਵੰਤ ਸਿੰਘ ਅਨੁਸਾਰ, 'ਨਿਰਮਲ ਭੇਖ ਵਿਦਵਾਨਾਂ ਦੀ ਸੰਪ੍ਰਦਾਇ ਹੈ। ਇਸ ਸੰਪ੍ਰਦਾਇ ਦਾ ਸਾਹਿਤਯ/ਇਤਿਹਾਸ ਵਿਚ ਪਾਇਆ ਯੋਗਦਾਨ ਗੌਰਵਸ਼ਾਲੀ ਹੈ। ਇਸ ਸੰਪ੍ਰਦਾਇ ਨੇ ਜਨ ਸਾਧਾਰਨ ਨੂੰ ਗਿਆਨ ਦੇ ਦੀਪਕ ਨਾਲ ਵਿਵੇਕ ਬੁੱਧੀ ਦਾ ਪ੍ਰਕਾਸ਼ ਬਖ਼ਸ਼ਿਆ ਹੈ। ਵਿਸ਼ਵ ਦੇ ਕੋਨੇ ਕੋਨੇ ਵਿਚ ਗੁਰਮਤਿ/ਗੁਰਬਾਣੀ ਦਾ ਪ੍ਰਵਾਹ ਚਲਾਇਆ, ਮਨੁੱਖਤਾ ਨੂੰ ਸਦ ਮਾਰਗ ਪਾਇਆ। ਅੰਧ ਵਿਸ਼ਵਾਸ/ਅਗਿਆਨਤਾ ਦੇ ਹਨ੍ਹੇਰੇ ਵਿਚੋਂ ਕੱਢ ਕੇ 'ਧਰਮ' ਅਤੇ 'ਸੱਤਿ' ਤੋਂ ਜਾਣੂ ਕੀਤਾ। ...ਸਤਿਗੁਰੁ ਨਾਨਕ ਦੇਵ ਜੀ ਦਾ ਨਿਰਮਲ ਪੰਥ ਮਨੁੱਖਤਾ ਦੀ ਕਲਿਆਣ ਵਾਸਤੇ ਪੰਜ ਸੌ ਵਰਸ਼ ਤੋਂ ਧਰਮ ਪ੍ਰਚਾਰ ਅਤੇ ਪ੍ਰਸਾਰ ਦੀ ਸੇਵਾ ਕਰਦਾ ਆ ਰਿਹਾ ਹੈ ਅਤੇ ਭਵਿਸ਼ਯਤ ਵਿਚ ਕਰਦਾ ਰਹੇਗਾ।[4]

ਗਿਆਨੀ ਬਲਵੰਤ ਸਿੰਘ ਅਨੁਸਾਰ ਗੁਰੂ ਨਾਨਕ ਸਾਹਿਬ ਤੋਂ ਗੁਰਮੰਤ੍ਰ ਪ੍ਰਾਪਤ ਕਰਨ ਵਾਲਾ ਪਹਿਲਾ ਨਿਰਮਲਾ ਸੰਤ ਭਾਈ ਭਾਗੀਰਥ ਹੈ। ਗਿਆਨੀ ਜੀ ਇਹ ਵੀ ਵਿਖਿਆਨ ਕਰਦੇ ਹਨ ਕਿ ਨਿਰਮਲੇ ਸੰਤ ਭਗਵੇਂ ਵਸਤਰ ਧਾਰਨ ਕਰਨ, ਘਰ ਦਾ ਤਿਆਗ, ਜੰਗਲ ਵਿਚ ਏਕਾਂਤ ਬੈਠਣ, ਜਨ-ਸਾਧਾਰਨ ਨੂੰ ਦਰਸ਼ਨ ਦਿੰਦੇ ਰਹੇ ਅਤੇ 'ਸਤਿਨਾਮੁ' ਦਾ ਉਪਦੇਸ਼ ਦਿੰਦੇ ਰਹੇ ਹਨ। ਦਸ਼ਮ ਪਾਤਿਸ਼ਾਹ ਵਲੋਂ ਰਹਿਤ ਵਿਚ ਪਰਿਵਰਤਨ ਕਰਨ ਕਾਰਣ-ਨਿਰਮਲੇ ਅੰਮ੍ਰਿਤ ਛਕ ਕੇ ਵੀ ਆਪਣਾ ਯੋਗਦਾਨ ਦਿੰਦੇ ਰਹੇ ਹਨ। ਸ. ਸ਼ਮਸ਼ੇਰ ਸਿੰਘ ਅਸ਼ੋਕ ਆਪਣੇ ਇਕ ਖੋਜ ਪੱਤਰ 'ਨਿਰਮਲੇ ਸਾਧੂਆਂ ਦੀ ਸਿੱਖ ਧਰਮ ਨੂੰ ਦੇਣ' ਵਿਚ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਇਸ ਸੰਪ੍ਰਦਾਇ ਅਤੇ ਨਿਰਮਲ ਭੇਖ ਪ੍ਰਤੀ ਦ੍ਰਿਸ਼ਟੀਕੋਣ ਨੂੰ ਇੰਨ੍ਹਾਂ ਸ਼ਬਦਾਂ ਵਿਚ ਪੇਸ਼ ਕਰਦੇ ਹਨ- 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਦਾ ਪ੍ਰਚਾਰ ਸਿਰਫ ਪੰਜਾਬ ਤੱਕ ਹੀ ਸੀਮਿਤ ਨਹੀਂ ਸੀ ਰੱਖਣਾ, ਇਸ ਲਈ ਨਿਰਮਲੇ ਸਾਧੂਆਂ ਨੂੰ ਅਤੀਤ ਭੇਸ ਧਾਰਨ ਦੀ ਖੁੱਲ੍ਹ ਦੇ ਕੇ ਉਨ੍ਹਾਂ ਨੇ, ਸਿੰਘਾਂ ਦੇ ਬਨਾਰਸੋਂ ਮੁੜਨਸਾਰ, ਦੇਸ਼ ਦੇ ਹਰੇਕ ਇਲਾਕੇ ਵਿਚ ਭੇਜਿਆ ਅਤੇ ਫੇਰ ਆਨੰਦਪੁਰ ਛੱਡ ਕੇ ਮਾਲਵੇ ਦੇ ਇਲਾਕੇ ਜਾਣ ਸਮੇਂ ਦਮਦਮੇ ਤੋਂ ਨਾਂਦੇੜ ਤੱਕ ਉਨ੍ਹਾਂ ਨੂੰ ਆਪਣੇ ਅੰਗ ਸੰਗ ਹੀ ਰੱਖਿਆ। ਪੰਡਿਤ ਕਰਮ ਸਿੰਘ, ਦਰਗਾਹਾ ਸਿੰਘ ਆਦਿ ਨਿਰਮਲੇ ਸਾਧੂ ਜਿਨ੍ਹਾਂ ਤੋਂ ਆਪ ਨਿਤ-ਪ੍ਰਤਿ ਪੁਰਾਤਨ ਗ੍ਰੰਥਾਂ ਦੀ ਕਥਾ ਸੁਣਿਆ ਕਰਦੇ ਸਨ, ਧੁਰ ਦੱਖਣ (ਨੰਦੇੜ) ਤੱਕ ਆਪਦੇ ਹਮ ਰਕਾਬ ਰਹਿੰਦੇ ਰਹੇ।'[5] ਨਿਰਮਲ ਪੰਥ ਦੀ ਸਥਾਪਨਾ,

---

[1] *ਨਿਰਮਲ ਸੰਪ੍ਰਦਾਇ,* ਪੰਨਾ-169.

[2] ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1996.

[3] ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1986.

[4] ਗਿਆਨੀ ਬਲਵੰਤ ਸਿਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ,* ਸ੍ਰੀਮਾਨ ਮਹੰਤ ਬਲਵੰਤ ਸਿਘ ਸੈਕਟਰੀ, ਸੁਖਦੇਵ ਕੁਟੀ-ਰਤਨ ਬਾਗ, ਕਨਖਲ (ਹਰਿਦਵਾਰ, ਉਤਰਾਂਚਲ), 2009, ਪੰਨਾ-13.

[5] ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981, ਪੰਨਾ-149.

'ਵੇਦ ਕਤੇਬ' ਦੋਹਾਂ ਤੋਂ ਬਾਹਰ ਗੁਰੂ ਨਾਨਕ ਸਾਹਿਬ ਨੇ ਕੀਤੀ ਸੀ। ਨਿਰਮਲ ਪੰਥ ਦੇ ਇਸ ਨਿਆਰੇਪਨ ਦਾ ਜ਼ਿਕਰ ਵੀ ਗਿਆਨੀ ਬਲਵੰਤ ਸਿੰਘ ਜੀ ਨੇ ਭਾਈ ਬਾਲੇ ਵਾਲੀ ਜਨਮ ਸਾਖੀ ਦੀ 'ਮੱਕੇ ਦੀ ਗੋਸਟ' ਦੇ ਹਵਾਲੇ ਨਾਲ ਇਉਂ ਕੀਤਾ ਹੈ :

**ਕਲਿਯੁਗ ਨਾਨਕ ਨਿਰਮਲਾ, ਗੁਰ ਚੇਲਾ ਪਰਵਾਨ।**
**ਪਾਰਿ ਉਤਾਰੇ ਸਭਨਾ, ਸਤਿਨਾਮ ਦੇ ਦਾਨ।**
**ਕਲਿਯੁਗ ਨਾਨਕ ਨਿਰਮਲਾ, ਪੰਥ ਚਲਾਇਓ ਆਇ।**
**ਵੇਦ ਕਤੇਬੋਂ ਬਾਹਰਾ, ਜਪਦੇ ਏਕ ਖੁਦਾਇ।**[1]

ਭਾਈ ਸੰਤੋਖ ਸਿੰਘ ਅਨੁਸਾਰ ਦਸਮ ਪਾਤਸ਼ਾਹਿ ਨੇ ਖੰਡੇ ਬਾਟੇ ਦਾ ਅੰਮ੍ਰਿਤ ਪੰਜ ਪਿਆਰਿਆਂ ਨੂੰ ਛਕਾ ਕੇ ਵਿਧੀਵਤ ਰੂਪ ਵਿਚ 'ਨਿਰਮਲ ਪੰਥ' ਨੂੰ ਕੌਮੀ ਰੂਪ ਦੇ ਦਿੱਤਾ।

**ਇਹ ਬਿਧਿ ਪਾਂਚੋ ਸਿੰਘ ਕੋ ਖੰਡੇ ਪਹੁਲ ਦੀਨ।**
**ਪੰਚ ਕੋਸ਼ ਉਰ ਗਿਆਨ ਦੇ 'ਨਿਰਮਲ ਪੰਥ' ਸੁ ਕੀਨ।**[2]

ਭਾਈ ਗੁਰਦਾਸ ਦੂਜੇ ਨੇ ਵੀ ''ਗੁਰ ਸੰਗਤ ਕੀਨੀ ਖ਼ਾਲਸਾ'' ਰਾਹੀਂ ਇਹੋ ਸੱਚਾਈ ਦ੍ਰਿੜ੍ਹ ਕਰਵਾਈ ਹੈ। ਪੰਡਿਤ ਗੁਲਾਬ ਸਿੰਘ ਜੀ ਨੇ 'ਮੋਕਸ਼ ਪੰਥ ਪ੍ਰਕਾਸ਼' ਗ੍ਰੰਥ ਵਿਚ ਨਿਰਮਲ ਪੰਥ ਦੀ ਵਿਸ਼ੇਸ਼ਤਾ ਇਸ ਤਰ੍ਹਾਂ ਬਿਆਨ ਕੀਤੀ ਹੈ :

**ਸ੍ਰੀ ਗੁਰੂ ਗੋਬਿੰਦ ਸਿੰਘ ਸੁ, ਪੂਰਣ ਹਰਿ ਅਵਤਾਰ।**
**ਰਚਯੋ ਪੰਚ ਭਵ ਮੈ ਪ੍ਰਗਟ, ਦੋ ਬਿਧ ਕੋ ਵਿਸਤਾਰ।**
**ਏਕਨ ਕੇ ਕਰ ਖੜਗ ਦੈ, ਭੁਜ ਬਲ ਬਹੁ ਬਿਸਤਾਰ।**
**ਪਾਲਨ ਭੂਮੀ ਕੋ ਕਰਯੋ, ਦੁਸਟਨ ਮੂਲ ਉਖਾਰ।**
**ਔਰਨ ਕੀ ਪਿਖ ਵਿਮਲ ਮਤਿ, ਦੀਨੋ ਪਰਮ ਵਿਵੇਕ।**
**ਨਿਰਮਲ ਭਾਖੇ ਜਗਤ ਤਿਹ, ਹੇਰੇ ਬ੍ਰਹਮ ਸੁ ਏਕ।**[3]

ਇੱਥੇ ਸਪਸ਼ਟ ਹੈ ਕਿ ਪੰਥ ਦੋ ਰੂਪਾਂ ਵਿਚ ਸੰਗਠਿਤ ਕੀਤਾ ਗਿਆ। ਇਕ ਜੱਥਾ ਸ਼ਸਤਰਾਂ ਦੁਆਰਾ ਦੀਨ-ਦੁਨੀ ਦੀ ਰਾਖੀ ਲਈ ਸਜਾਇਆ ਗਿਆ। ਦੂਸਰਾ ਜੱਥਾ ਸ਼ਾਸਤਰ-ਵਿਦਿਆ ਨਾਲ ਵਰੋਸਾਇਆ ਗਿਆ। ਇਹ ਨਾਮ-ਬਾਣੀ ਅਤੇ ਗੁਰਮਤਿ ਦੀ ਵਿਆਖਿਆ ਅਤੇ ਵਿਦਿਆ ਦਾਨ ਦੇਣ ਲਈ ਦੇਸ਼-ਦੇਸ਼ਾਂਤਰਾਂ ਵਿਚ ਆਪਣਾ ਕਰਮ ਕਰਦੇ ਰਹੇ।

ਸ਼ਸਤਰ ਵਿੱਦਿਆ ਦੇ ਨਾਲ-ਨਾਲ ਸ਼ਾਸਤਰ ਵਿਦਿਆ ਦਾ ਗਿਆਨ ਸਾਧਾਰਣ ਸਿੱਖ ਜਨਤਾ ਤੀਕ ਪ੍ਰਚਾਰਨ ਅਤੇ ਪ੍ਰਸਾਰਨ ਵਿਚ ਗੁਰੂ ਗੋਬਿੰਦ ਸਿੰਘ ਦਾ ਯੋਗਦਾਨ ਅਦੁੱਤੀ ਹੈ। ਵਿੱਦਿਆ ਨਾਲ ਅਤੇ ਵਿਦਿਆ-ਵਿਹੂਣੇ ਸਿੱਖਾਂ ਨਾਲ ਗੁਰੂ ਸਾਹਿਬ ਦੀ ਮੁਹੱਬਤ ਦਾ ਕੋਈ ਅੰਤ ਨਹੀਂ ਹੈ। ਆਪ ਪੜ੍ਹਨ ਅਤੇ ਦੂਜਿਆਂ ਨੂੰ ਪੜ੍ਹਾਉਣ ਅਤੇ ਹਰ ਥਾਂ ਤੋਂ ਗਿਆਨ ਹਾਸਿਲ ਕਰਨ ਦੀ ਪ੍ਰੇਰਣਾ ਗੁਰੂ ਸਾਹਿਬ ਨੇ ਤਲਵੰਡੀ ਸਾਬੋ ਵਿਖੇ 'ਗੁਰੂ ਕੀ ਕਾਸ਼ੀ' ਦੀ ਸਥਾਪਨਾ ਕਰਕੇ ਦਿੱਤੀ। ਉਸ ਇਲਾਕੇ ਦੇ ਬੈਲ ਬੁੱਧੀ ਵਾਲੇ ਲੋਕਾਂ ਨੂੰ ਵੀ ਵਿਦਵਾਨ ਬਣਨ ਦਾ ਵਰਦਾਨ ਦੇ ਕੇ ਆਮ ਲੋਕਾਂ ਪ੍ਰਤੀ ਆਪਣੀ ਚਿੰਤਾ ਅਤੇ ਸਨੇਹ ਦਾ ਪ੍ਰਗਟਾਵਾ ਕੀਤਾ :

**ਗੁਰਮੁਖੀ ਅੱਖਰ ਜੋ ਹੈ ਭਾਈ। ਸਿਖ ਸਿਖ ਤੇ ਸੀਖੇ ਜਾਈ।**
**ਔਰ ਭੀ ਵਿਦਿਆ ਜਹਿ ਤਹਿ ਹੋਈ। ਅਵਰਨ ਤੇ ਭੀ ਲੇਵੇ ਸੋਈ।**

ਸਤਿਗੁਰਾਂ ਦੇ ਹੁਕਮ ਨਾਲ ਸਿੱਖ, ਗੁਰਬਾਣੀ, ਗੁਰਮੁਖੀ, ਇਤਿਹਾਸ, ਮਿਥਿਹਾਸ, ਰਾਗ, ਕਾਵਯ, ਬ੍ਰਜ ਭਾਸ਼ਾ, ਫ਼ਾਰਸੀ ਅਤੇ ਪੰਜਾਬੀ, ਪ੍ਰੇਮ ਪੂਰਵਕ ਪੜ੍ਹ ਰਹੇ ਸਨ। ਗੁਰੂ ਸਾਹਿਬ ਨੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣ ਦੀ ਮਨਸਾ ਨਾਲ ਪੰਡਿਤ ਰਘੂਨਾਥ ਨੂੰ ਨਿਯਤ ਕੀਤਾ। ਪੰਡਿਤ ਰਘੂਨਾਥ ਨੇ ਇਹ ਕਹਿ ਕੇ ਕਿ ਸਿੱਖ ਸ਼ੂਦਰ ਹਨ, ਬ੍ਰਾਹਮਣ ਅਤੇ ਕਸ਼ੱਤਰੀ ਨਹੀਂ। ਇਸ ਕਾਰਣ ਇਹ ਦੇਵ-ਭਾਸ਼ਾ ਪੜ੍ਹਨ ਦੇ ਅਧਿਕਾਰੀ ਨਹੀਂ। ਗੁਰੂ ਸਾਹਿਬ ਨੇ ਪੰਡਿਤ ਨੂੰ ਕਿਹਾ ਕਿ, 'ਪੰਡਿਤ ਜੀ ! ਜਿਨ੍ਹਾਂ ਨੂੰ ਤੁਸੀਂ ਸ਼ੂਦਰ ਕਹਿੰਦੇ ਹੋ ? ਇੰਨ੍ਹਾਂ ਸਿੱਖਾਂ ਦੇ ਚਰਨਾਂ ਵਿਚ ਬੈਠ ਕੇ ਵੱਡੇ-ਵੱਡੇ ਬ੍ਰਾਹਮਣ ਵੇਦ, ਸ਼ਾਸਤਰ ਆਦਿ ਚੌਦਾਂ ਤਰ੍ਹਾਂ ਦੀ ਵਿੱਦਿਆ ਪੜ੍ਹਨਗੇ। ਗਿਆਨੀ ਗਿਆਨ ਸਿੰਘ ਅਨੁਸਾਰ :

---

[1] *ਨਿਰਮਲ ਪੰਥ ਦੀ ਗੌਰਵਗਾਥਾ,* ਪੰਨਾ-17.

[2] *ਉਹੀ,* ਪੰਨਾ-19.

[3] *ਉਹੀ,* ਪੰਨਾ-20.

**ਬੋਲੇ ਗੁਰ ਸੁਨਿ ਦ੍ਵਜ ਕੀ ਬਾਨੀ। ਹੇ ਦ੍ਵਜ ਮੂਢ ਅਭਿਮਾਨੀ।**
**ਜੋ ਬਿਦਿਆ ਪੜਿ ਤੂ ਗਰਬੈ ਹੈਂ, ਮਮ ਸਿਖਨ ਕੋ ਸੂਦਰ ਕੈ ਹੈ।**
**ਇਨ ਹੀ ਮੇਰੇ ਸਿੱਖਨ ਤੈ ਲਖ। ਬਿਦਯਾ ਬੇਦ ਪਢੈਂਗੇ ਦ੍ਵਜ ਦਖ।**
**ਨਿਗਮਾਗਮ ਲੌ ਚੌਦਯ ਬਿਦਯਾ। ਮੈਂ ਨਿਜ ਪੰਥੈ ਦਈ ਪ੍ਰਸਿੱਧਯਾ।**
**ਜਿਨ ਕੋ ਤੂੰ ਸ਼ੂਦਰ ਬਤਰੈ ਹੈਂ। ਬਿਦਯਾ ਗੁਰੂ ਦਿਜਨ ਇਹ ਥੈਂ ਹੈ।**[1]

ਜਾਤਪਾਤ ਦੀ ਅਮਰਵੇਲ ਵਿਚ ਜਕੜੇ ਮੁਗ਼ਲਾਂ ਦੇ ਗ਼ੁਲਾਮ ਭਾਰਤ ਵਿਚ ਲੋਕਾਂ ਨੂੰ ਖ਼ਾਸ ਕਰਕੇ ਦੱਬੇ ਕੁਚਲੇ ਅਤੇ ਸ਼ੂਦ੍ਰ ਲੋਕਾਂ ਨੂੰ ਵਿਦਿਆ ਦੇਣ ਲਈ ਗੁਰੂ ਸਾਹਿਬ ਨੇ ਜੋ ਉਪਰਾਲੇ ਕੀਤੇ। ਉਪਰੋਕਤ ਪ੍ਰਸੰਗ ਤੋਂ ਉਨ੍ਹਾਂ ਦੀ ਦੂਰ-ਅੰਦੇਸ਼ੀ ਅਤੇ ਲਿਤਾੜੇ ਲੋਕਾਂ ਲਈ ਪਿਆਰ ਦਾ ਜੋ ਪ੍ਰਗਟਾਵਾ ਹੁੰਦਾ ਹੈ। ਨਿਰਮਲ ਸੰਪ੍ਰਦਾਇ ਦੀ ਦੇਣ ਇਸ ਕੌਮੀ ਪਰਿਪੇਖ ਅਤੇ ਜਾਤ-ਪਾਤ ਵਿਚ ਡੁੱਬੇ ਸਮਾਜ ਦੀ ਮਾਨਸਿਕਤਾ ਦੇ ਪ੍ਰਸੰਗ ਵਿਚ ਸਮਝੇ ਜਾਣ ਦੀ ਲੋੜ ਹੈ। ਗੁਰੂ ਸਾਹਿਬ ਨੇ ਇਸ ਸੰਪ੍ਰਦਾਇ ਰਾਹੀਂ ਇਕੋ ਵੇਲੇ 'ਅਧਿਆਪਕ' ਜਾਂ ਗਿਆਨੀ ਅਤੇ ਗਿਆਨ ਪ੍ਰਾਪਤ ਕਰਨ ਵਾਲੇ ਚੇਲੇ ਦੋਹਾਂ ਨੂੰ ਤਿਆਰ ਕਰਨ ਦਾ ਬਿਖਮ ਕਾਰਜ ਕੀਤਾ।

ਨਿਰਮਲ ਪੰਥ ਦੇ ਵਿਦਵਾਨ 13 ਸਾਲ ਬਨਾਰਸ ਵਿਚ ਰਹਿ ਕੇ, ਚੇਤਨ ਮੱਠ ਵਿਖੇ ਸੰਸਕ੍ਰਿਤ, ਵੇਦ, ਉਪਨਿਸ਼ਦ, ਵਿਆਕਰਣ, ਵੇਦਾਂਗ, ਨਯਾਯ, ਵੇਦਾਂਤ, ਇਤਿਹਾਸ, ਮਿਥਿਹਾਸ ਆਦਿ ਨਾਲ ਸੰਬੰਧਿਤ ਵਿਦਿਆ ਗ੍ਰਹਿਣ ਕਰਕੇ 1699 ਵਿਚ ਆਨੰਦਪੁਰ ਵਾਪਿਸ ਆਏ। ਨਿਰਮਲੇ ਮਹਾਂਪੁਰਖਾਂ ਦੀ ਘਾਲਣਾ ਤੋਂ ਖੁਸ਼ ਹੋ ਕੇ ਕਲਗੀਧਰ ਪਿਤਾ ਨੇ ਉਨ੍ਹਾਂ ਨੂੰ ਬਹੁਤ ਅਸੀਸਾਂ ਦਿੱਤੀਆਂ। ਇੰਨ੍ਹਾਂ ਵਿਚੋਂ 'ਦਸ ਬਖ਼ਸ਼ੀਸ਼ਾਂ' ਬਹੁਤ ਪ੍ਰਸਿੱਧ ਹਨ। ਨਿਰਮਲ ਪੰਥ ਦੋ ਰੂਪਾਂ ਵਿਚ ਪ੍ਰਸਿੱਧ ਰਹੇਗਾ। ਭਗਤੀ ਰੂਪ ਵਿਚ ਇਹ ਅੰਤਰੀਵ ਗਿਆਨ ਦੀ ਖੜਗ ਧਾਰਨ ਕਰਕੇ ਪੰਜਾਂ ਦੂਤਾਂ ਦਾ ਨਾਸ ਕਰੇਗਾ। ਕਿਸੇ ਨਾਲ ਰਾਗ ਦਵੈਸ਼ ਨਹੀਂ ਕਰੇਗਾ। ਸਾਰੀ ਮਨੁੱਖਤਾ ਨੂੰ ਨਿਮਰਤਾ ਪੂਰਬਕ ਨਾਮ-ਬਾਣੀ ਨਾਲ ਜੋੜੇਗਾ। ਸਰਬਤ ਪ੍ਰਾਣੀ ਮਾਤ੍ਰ ਨੂੰ ਆਪਣੀ ਹੀ ਆਤਮਾ ਮੰਨੇਗਾ ਅਤੇ ਮੰਨਣ ਕਰਵਾਏਗਾ। ਗਿਆਨ ਦੀ 'ਬਢਨੀ' ਨਾਲ ਕੂੜ ਦੇ ਕੂੜੇ ਨੂੰ ਸਾਫ ਕਰੇਗਾ। ਦੂਸਰਾ ਰੂਪ : ਖ਼ਾਲਸਾ ਪੰਥ ਸਰੀਰਕ ਬਲ ਨਾਲ ਅਧਰਮੀਆਂ, ਅਤਿਆਚਾਰੀਆਂ, ਦੋਖੀਆਂ ਦਾ ਸਰਬਲੋਹ ਦੀ ਖੜਗ ਨਾਲ ਸੁਧਾਰ ਕਰੇਗਾ। ਇਸ ਤਰ੍ਹਾਂ ਪੰਥ ਆਤਮਿਕ, ਧਾਰਮਿਕ ਅਤੇ ਸਮਾਜਕ ਸੁਧਾਰ ਕਰਕੇ, ਭਾਰਤ ਖੰਡ ਵਿਚ ਸਤਯ ਜੁਗ ਵਰਤਾਏਗਾ।

**ਧੰਨ ਜੀਉ ਤਿਹ ਕੋ ਜਗ ਮਹਿ ਮੁਖ ਤੇ ਹਰਿ ਚਿਤ ਮਹਿ ਜੁਧ ਬੀਚਾਰੈ।**
**ਦੇਹ ਅਨਿਤ ਨ ਨਿਤ ਰਹਿਹ ਜਸ ਨਾਵ ਚੜ੍ਹੈ ਭਵਸਾਗਰ ਤਾਰੈ।**
**ਧੀਰਜ ਧਾਮ ਬਨਾਇ ਇਹੈ ਤਨ, ਬੁਧਿ ਸੁ ਦੀਪਕ ਜਿਉ ਉਜਯਾਰੈ।**
**ਗਿਆਨ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ।**[2]

ਦੂਸਰੀ ਬਖ਼ਸ਼ੀਸ 'ਸੇਵਾ', ਤੀਸਰੀ 'ਸੰਤੋਖ', ਚੌਥੀ ਸਿਮਰਨ, ਪੰਜਵੀਂ ਮਨ ਦੀ ਸਥਿਰਤਾ, ਛੇਵੀਂ 'ਸਮਦ੍ਰਿਸ਼ਟੀ', ਸੱਤਵੀਂ ਬ੍ਰਹਮ-ਗਿਆਨ, ਅੱਠਵੀਂ ਸਖੀ ਅਤੇ ਸੰਤੋਖੀ ਹੋਣ ਦੀ, ਨੌਵੀਂ ਪਦਾਰਥਾਂ ਦਾ ਤਿਆਗ ਅਤੇ ਨਾਮ ਸਿਮਰਨ, ਦਸਵੀਂ ਬਖ਼ਸ਼ੀਸ਼ ਨਾਂਦੇੜ ਸਾਹਿਬ ਪਰਲੋਕ ਸਿਧਾਰਨ ਵੇਲੇ ਦੇਸ਼ ਦੇ ਕੋਨੇ-ਕੋਨੇ ਵਿਚ ਜਾ ਕੇ ਗੁਰੂ ਨਾਨਕ ਦੀ ਸਿੱਖੀ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਦੀ ਬਖ਼ਸ਼ਿਸ਼ ਕੀਤੀ। ਸਿੰਘ ਧਰਮ ਯੁੱਧ ਕਰਨਗੇ ਤੁਸੀਂ ਧਰਮ ਦਾ ਪ੍ਰਚਾਰ ਕਰੋਗੇ। ਅੰਮ੍ਰਿਤ ਪ੍ਰਚਾਰ, ਵਿਦਿਆ ਦਾ ਪ੍ਰਸਾਰ ਕਰੋ, ਗੁਰੂ ਨਾਨਕ ਸਦਾ ਅੰਗ ਸੰਗ ਰਹਿਣਗੇ[3] ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਤੋਂ ਬਿਨਾਂ, ਸਕੂਲੀ ਵਿਦਿਆ, ਚਿਕਿਤਸਾ, ਵੈਦਿਕ, ਸੇਵਾ, ਬ੍ਰਿਧ-ਆਸ਼ਰਮਾਂ ਅਤੇ ਸੰਤਾਂ ਸਾਧੂਆਂ ਲਈ ਅਖਾੜਿਆਂ ਦੀ ਸਥਾਪਨਾ ਰਾਹੀਂ ਵੀ ਨਿਰਮਲ ਸੰਪ੍ਰਦਾਇ ਨੇ 'ਸੇਵਾ' ਅਤੇ 'ਤਿਆਗ' ਦੇ ਬਹੁਤ ਸ਼ਿਰੋਮਣੀ ਪ੍ਰਤਿਮਾਨ ਸਥਾਪਤ ਕੀਤੇ ਹਨ। ਇਸ ਸੰਪ੍ਰਦਾਇ ਦੇ ਵਿਦਵਾਨਾਂ ਦੀ ਇਤਿਹਾਸਕ ਪਰੰਪਰਾ ਬਹੁਤ ਅਮੀਰ ਪਰੰਪਰਾ ਹੈ। ਧਰਮ, ਇਤਿਹਾਸ, ਸ਼ਾਸਤਰਾਰਥ, ਵਿਆਖਿਆ, ਟੀਕੇ, ਸਟੀਕ, ਗੁਰ-ਇਤਿਹਾਸ ਅਤੇ ਗੁਰਬਾਣੀ ਦੇ ਮੂਲ ਆਸ਼ੇ ਅਨੁਸਾਰ, ਉਸ ਦੀ ਭਾਰਤ ਦੀ ਗੌਰਵਸ਼ੀਲ ਦਾਰਸ਼ਨਿਕ ਪਰੰਪਰਾ ਦੇ ਪਰਿਪੇਖ ਵਿਚ ਕੀਤੀ ਵਿਆਖਿਆ ਨਾਲ, ਗੁਰੂ ਨਾਨਕ ਸਾਹਿਬ ਵਲੋਂ ਆਰੰਭੀ ਅਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਵਲੋਂ ਵਰੋਸਾਈ *"ਚਹੁ*

---

[1] *ਨਿਰਮਲ ਪੰਥ ਦੀ ਗੌਰਵਗਾਥਾ,* ਪੰਨਾ-23.

[2] *ਉਹੀ,* ਪੰਨਾ-28.

[3] ਵਿਸਤਾਰ ਲਈ ਵੇਖੋ, ਉਪਰੋਕਤ, ਪੰਨੇ-28 ਤੋਂ 34 (ਦਸ ਬਖ਼ਸ਼ੀਸ਼ਾਂ)

*ਵਰਨਾ ਕਉ ਦੇ ਉਪਦੇਸੁ॥ ਉਸੁ ਪੰਡਿਤ ਕਉ ਸਦਾ ਅਦੇਸੁ॥*[1]" ਅਤੇ ਸਰਬੱਤ ਦੇ ਭਲੇ ਦੀ ਪਰੰਪਰਾ ਨੂੰ ਭਾਰਤ ਦੇਸ਼ ਹੀ ਨਹੀਂ ਸਗੋਂ ਸੰਸਾਰ ਦੇ ਕੋਨੇ-ਕੋਨੇ 'ਚ ਪਹੁੰਚਾਉਣ ਦਾ ਸਿਹਰਾ, ਨਿਰਮਲ ਸੰਪ੍ਰਦਾਇ ਦੇ ਸਿਰ ਹੀ ਬੱਝਦਾ ਹੈ। ਗੁਰਬਾਣੀ ਦੀ ਵਿਆਖਿਆ ਅਤੇ ਪ੍ਰਚਾਰ ਦੇ ਨਾਲ-ਨਾਲ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ, ਸੰਤਾਂ, ਮਹਾਤਮਾਵਾਂ ਅਤੇ ਕੀਰਤਨੀਆਂ ਦੀ ਗੁਰਬਾਣੀ ਸੰਗੀਤ ਅਤੇ ਕੀਰਤਨ ਕਰਨ ਦੇ ਖੇਤਰ ਵਿਚ ਵੀ ਅਦੁੱਤੀ ਦੇਣ ਹੈ। ਗਿਆਨੀ ਬਲਵੰਤ ਸਿੰਘ ਜੀ ਕੋਠਾਗੁਰੂ ਨੇ ਆਪਣੇ ਗ੍ਰੰਥ 'ਸ੍ਰੀ ਨਿਰਮਲ ਪੰਥ ਬੋਧ' ਵਿਚ ਇਸ ਖੇਤਰ ਵਿਚ ਅਨੇਕਾਂ ਕੀਰਤਨੀਆਂ ਅਤੇ ਸੰਗੀਤ ਦੇ ਮਹਾਰਥੀਆਂ ਦੇ ਨਾਲ-ਨਾਲ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਸਾਹਿਬ ਵਾਲੇ ਅਤੇ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਵਲੋਂ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰਬਾਣੀ ਕੀਰਤਨ ਰਾਹੀਂ ਗੁਰਬਾਣੀ ਨਾਲ ਜੋੜਨ ਦੀ ਇਤਿਹਾਸਕ ਪ੍ਰਾਪਤੀ ਦਾ ਜ਼ਿਕਰ ਬੜੀ ਕ੍ਰਿਤਗਯਤਾ ਨਾਲ ਕੀਤਾ ਹੈ।[2]

ਨਿਰਮਲ ਸੰਪ੍ਰਦਾਇ ਦੀ ਸਮੁੱਚੀ ਦੇਣ ਬਾਰੇ ਡਾ. ਰਤਨ ਸਿੰਘ ਜੱਗੀ ਦੇ ਵਿਚਾਰ ਹਨ ਕਿ, ''ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਨਿਰਮਲ ਸੰਤਾਂ ਦੀ ਦੇਣ ਇਤਿਹਾਸਕ ਅਤੇ ਅਦੁੱਤੀ ਹੈ। ਨਿਸ਼ਠਾਪੂਰਣ ਨਿਰੰਤਰ ਪ੍ਰਚਾਰ ਰਾਹੀਂ ਇੰਨ੍ਹਾਂ ਨੇ ਵਿਦਿਆਲਿਆਂ, ਮੰਡਲੀਆਂ, ਰਮਤੇ ਦਲਾਂ, ਸ਼ਾਸਤ੍ਰਾਰਥਾਂ ਅਤੇ ਧਰਮ ਪੁਸਤਕਾਂ ਦੇ ਪ੍ਰਕਾਸ਼ਨ ਦੀ ਵਿਵਸਥਾ ਕੀਤੀ ਹੈ। ਇਸ ਤੋਂ ਇਲਾਵਾ ਇਤਿਹਾਸਕ ਗੁਰੂ-ਧਾਮਾਂ, ਡੇਰਿਆਂ ਅਤੇ ਮਠਾਂ ਦੀ ਉਸਾਰੀ ਦੁਆਰਾ ਵੀ ਕਾਫ਼ੀ ਪ੍ਰਚਾਰ ਹੋਇਆ ਹੈ। ਖ਼ਾਸ ਤੌਰ 'ਤੇ ਇਨ੍ਹਾਂ ਨੇ ਭਾਰਤ ਦੇ ਪ੍ਰਸਿੱਧ ਤੀਰਥ ਸਥਾਨਾਂ ਉੱਤੇ ਗੁਰਦਵਾਰਿਆਂ ਦੀ ਉਸਾਰੀ ਕਰਕੇ ਗੁਰਮਤਿ ਨੂੰ ਉਜਾਗਰ ਕੀਤਾ ਹੈ।''[3]

---

[1] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ-274.

[2] ਗਿਆਨੀ ਬਲਵੰਤ ਸਿੰਘ, *ਸ੍ਰੀ ਨਿਰਮਲ ਪੰਥ ਬੋਧ,* ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, ਹਰਿਦਵਾਰ (ਉੱਤਰ ਪ੍ਰਦੇਸ਼), 1998, ਪੰਨੇ-34 ਤੋਂ 36.

[3] *ਸਿੱਖ ਪੰਥ ਵਿਸ਼ਵਕੋਸ਼,* ਭਾਗ ਦੂਜਾ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 1083. (ਨਿਰਮਲ ਸੰਪ੍ਰਦਾਇ ਬਾਰੇ ਵਿਸਤ੍ਰਿਤ ਜਾਣਕਾਰੀ 'ਨਿਰਮਲ ਸੰਪ੍ਰਦਾਇ' ਵਾਲੇ ਇੰਦਰਾਜ਼ ਪੰਨੇ 1082-83 ਤੋਂ ਵੀ ਲਈ ਜਾ ਸਕਦੀ ਹੈ)

# ਨਿਰਮਲਿਆਂ ਦੁਆਰਾ ਕੀਤੀ ਗੁਰਬਾਣੀ ਦੀ ਟੀਕਾਕਾਰੀ ਅਤੇ ਸਿੱਖ ਪਛਾਣ

**ਡਾ. ਗੁਰਮੀਤ ਸਿੰਘ***

ਗੁਰਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ) ਸਿੱਖਾਂ ਦਾ ਧਰਮ ਗ੍ਰੰਥ ਹੈ। ਧਰਮ ਗ੍ਰੰਥਾਂ ਦਾ ਅਧਿਐਨ ਅਤੇ ਇਨ੍ਹਾਂ ਦੀ ਵਿਆਖਿਆ ਕਰਨ ਦਾ ਕਾਰਜ ਜਟਿਲ ਅਤੇ ਆਮ ਸਾਹਿਤਕ ਕਿਰਤਾਂ ਨਾਲੋਂ ਵੱਖਰਾ ਅਤੇ ਵਿਸ਼ੇਸ਼ ਹੁੰਦਾ ਹੈ। ਇਨ੍ਹਾਂ ਦੀ ਵਿਅਖਿਆ ਦੀ ਆਪਣੀ ਵਿਲੱਖਣ ਭਾਸ਼ਾ ਹੁੰਦੀ ਹੈ ਜਿਸ ਰਾਹੀਂ ਇਨ੍ਹਾਂ ਦੀ ਅਧਿਆਤਮਕਤਾ ਨੂੰ ਸਮਝਣ ਦਾ ਯਤਨ ਕੀਤਾ ਜਾਂਦਾ ਹੈ। ਧਰਮ ਗ੍ਰੰਥਾਂ ਦੇ ਰਹੱਸ ਨੂੰ ਸਮਝਣ ਦੀਆਂ ਵਿਧੀਆਂ ਸਮੇਂ ਅਤੇ ਸਮਾਜ ਦੀਆਂ ਲੋੜਾਂ ਮੁਤਾਬਕ ਬਦਲਦੀਆਂ ਰਹਿੰਦੀਆਂ ਹਨ। ਇਸ ਪ੍ਰਸੰਗ ਵਿਚ ਵੇਖਿਆ ਜਾਵੇ ਤਾਂ ਗੁਰਬਾਣੀ ਵਿਆਖਿਆ ਵੀ ਇਕ ਨਿਰੰਤਰ ਪਰਕਿਰਿਆ ਹੈ। ਗੁਰਬਾਣੀ ਦੀ ਟੀਕਾਕਾਰੀ ਦਾ ਅਮਲ ਇਸ ਪਰਕਿਰਿਆ ਦਾ ਹਿਸਾ ਹੈ। ਅਜੋਕੇ ਪ੍ਰਸੰਗ ਵਿਚ ਗੁਰਬਾਣੀ ਦੇ ਮਹੱਤਵ ਨੂੰ ਸਮਝਣ ਅਤੇ ਇਸ ਖੇਤਰ ਵਿਚ ਹੋਰ ਕਾਰਜ ਕਰਨ ਲਈ ਪਹਿਲਾਂ ਹੋਈ ਗੁਰਬਾਣੀ ਦੀ ਵਿਆਖਿਆਕਾਰੀ/ਟੀਕਾਕਾਰੀ ਨੂੰ ਗਤੀਸ਼ੀਲਤਾ ਦੇ ਪ੍ਰਸੰਗ ਵਿਚ ਵਿਚਾਰਨਾ ਉਚਿਤ ਹੋਵੇਗਾ। ਗੁਰਬਾਣੀ ਨੂੰ ਸਮਝਣ ਲਈ ਵੱਖ-ਵੱਖ ਵਿਆਖਿਆ ਪ੍ਰਣਾਲੀਆਂ ਜਿਵੇਂ ਸਹਿਜ ਪ੍ਰਣਾਲੀ, ਪਰਮਾਰਥ ਪ੍ਰਣਾਲੀ, ਉਦਾਸੀ ਪ੍ਰਣਾਲੀ, ਨਿਰਮਲਾ ਪ੍ਰਣਾਲੀ, ਸੰਪ੍ਰਦਾਇ ਪ੍ਰਣਾਲੀ, ਸਿੰਘ ਸਭਾਈ ਪ੍ਰਣਾਲੀ ਅਤੇ ਆਧੁਨਿਕ ਪ੍ਰਣਾਲੀ ਆਦਿ ਵਿਕਸਤ ਹੋਈਆਂ ਹਨ। ਇਸ ਪੇਪਰ ਰਾਹੀਂ ਅਸੀਂ ਗੁਰਬਾਣੀ ਦੀ ਵਿਆਖਿਆ ਦੇ ਇਕ ਪੱਖ, ਗੁਰਬਾਣੀ ਦੀ ਟੀਕਾਕਾਰੀ ਦੇ ਖੇਤਰ ਵਿਚ ਨਿਰਮਲ ਸੰਪ੍ਰਦਾਇ ਵਲੋਂ ਕੀਤੇ ਕਾਰਜ ਨੂੰ ਸਿਧਾਂਤਕ ਪੱਖ ਤੋਂ ਸਮਝਣ ਦਾ ਯਤਨ ਕਰਾਂਗੇ।

ਪੰਜਾਬੀ ਸਾਹਿਤ ਵਿਚ ਖਾਸ ਕਰਕੇ ਗੁਰਬਾਣੀ ਦੀ ਟੀਕਾਕਾਰੀ ਦੇ ਕਾਰਜ ਹਾਲੇ ਮੁੱਢਲੇ ਪੜਾਅ 'ਤੇ ਹਨ। ਅਜੋਕੇ ਵਿਆਖਿਆ ਸ਼ਾਸਤਰਾਂ ਦੀ ਤਕਨੀਕ ਦੇ ਪੈਮਾਨੇ ਨਾਲ ਵੇਖਿਆ ਜਾਵੇ ਤਾਂ ਇਉਂ ਲੱਗਦਾ ਹੈ ਕਿ ਇਸ ਖੇਤਰ ਵਿਚ ਅਸੀਂ ਪਛੜਦੇ ਜਾ ਰਹੇ ਹਾਂ। ਇਸ ਪਾਸੇ ਵੱਲ ਨਿੱਗਰ ਕਦਮ ਚੁੱਕਣ ਲਈ ਸਿੱਖ ਪਛਾਣ ਦੇ ਨਜ਼ਰੀਏ ਤੋਂ ਵੀ ਸਪਸ਼ਟ ਦਿਸ਼ਾ ਤਹਿ ਕਰਨ ਦੀ ਜ਼ਰੂਰਤ ਹੈ। ਗੁਰਬਾਣੀ ਵਿਆਖਿਆ ਅਤੇ ਟੀਕਾਕਾਰੀ ਦੋਵੇਂ ਇਕ ਦੂਸਰੇ ਨਾਲ ਸੰਬੰਧਿਤ ਕਾਰਜ ਹਨ। ਇਸ ਖੇਤਰ ਵਿਚ ਹੋਰ ਨਿਖਾਰ ਲਿਆਉਣ ਲਈ ਸਿਧਾਂਤਕ ਨਿਰਪੱਖਤਾ ਅਤੇ ਅਜੋਕੇ ਸਮੇਂ ਦੁਨੀਆਂ ਪੱਧਰ ਦੇ ਵਿਆਖਿਆ ਸ਼ਾਸਤਰਾਂ ਨੂੰ ਵੀ ਧਿਆਨ ਵਿਚ ਰੱਖਣਾ ਪੈਣਾ ਹੈ। ਇਸ ਲਈ ਟੀਕੇ ਦੇ ਸ਼ਾਬਦਿਕ ਅਰਥਾਂ ਬਾਰੇ ਵੀ ਸਪਸ਼ਟ ਹੋਣ ਦੀ ਲੋੜ ਹੈ। ਟੀਕਾ ਸੰਸਕ੍ਰਿਤ ਦੇ ਸ਼ਬਦ 'ਟੀਕ' ਤੋਂ ਬਣਿਆ ਹੈ। ਟੀਕਾ ਦੇ ਅਰਥ ਹਨ ਬਿਆਨ ਕਰਨਾ ਜਾਂ ਕੁਦਣਾ। ਇਸਦੇ ਅਰਥ ਵਿਆਖਿਆ ਤੋਂ ਵੀ ਲਏ ਜਾਂਦੇ ਹਨ। ਕਿਸੇ ਕਿਰਤ ਦੇ ਸੰਖੇਪ ਵਿਚ ਅਰਥ ਸਮਝਾਉਣ ਦੇ ਸਾਧਨ ਨੂੰ ਟੀਕਾ ਕਹਿੰਦੇ ਹਨ।[1] ਤਾਰਨ ਸਿੰਘ ਅਨੁਸਾਰ, "ਟੀਕਾ, ਟਿੱਪਣੀਆਂ ਸਹਿਤ, ਰਚਨਾ ਨੂੰ ਸਰਲ ਬੋਲੀ ਵਿਚ ਇੰਨ-ਬਿੰਨ ਪੇਸ਼ ਕਰਦਾ ਹੈ"।[2] ਸੋ ਟੀਕੇ ਦਾ ਮਕਸਦ ਕਿਸੇ ਰਚਨਾ ਦੇ ਅਰਥਾਂ ਨੂੰ ਸਮਝਾਉਣਾ ਜਾਂ ਉਸਨੂੰ ਸਰਲ ਬੋਲੀ ਵਿਚ ਪੇਸ਼ ਕਰਨਾ ਹੁੰਦਾ ਹੈ। ਸਰਲ ਬੋਲੀ ਵਿਚ ਪੇਸ਼ ਕਰਨ ਲਈ ਸੰਬੰਧਿਤ ਰਚਨਾ ਵਿਚ ਵਰਤੇ ਗਏ ਸੰਕਲਪਾਂ ਅਤੇ ਸਿਧਾਂਤਾਂ ਨੂੰ ਰਚਨਾ ਦੀ ਆਤਮਾ ਤੱਕ ਪਹੁੰਚਣਾ ਪੈਂਦਾ ਹੈ। ਇਸ ਲਈ ਕੇਵਲ ਅੱਖਰੀ ਗਿਆਨ ਜਾਂ ਕੇਵਲ ਕਠਿਨ ਸ਼ਬਦਾਂ ਦੇ ਅਰਥਾਂ ਦਾ ਸੰਚਾਰ ਹੀ ਕਾਫੀ ਨਹੀਂ ਹੁੰਦਾ ਬਲਕਿ ਅਰਥਾਂ ਤੋਂ ਅਗਾਂਹ ਉਸ ਵਾਤਾਵਰਨ ਨੂੰ ਸਮਝਣ ਦੀ ਵੀ ਲੋੜ ਹੁੰਦੀ ਜਿਸ ਵਿਚ ਉਸਦੀ ਸਿਰਜਨਾ ਹੋਈ ਹੁੰਦੀ ਹੈ। ਰਚਨਾ ਦੀ ਸੰਰਚਨਾ ਅਨੁਸਾਰ ਉਸਦੇ ਸੰਚਾਰ ਪ੍ਰਬੰਧ ਮੁਤਾਬਕ ਅਰਥਾਂ ਨੂੰ ਸਮਝਣ ਦਾ ਕਾਰਜ ਸੌਖਾ ਨਹੀਂ ਹੁੰਦਾ ਅਤੇ ਨਾ ਹੀ ਇਹ ਸਰਵ-ਪ੍ਰਵਾਨਿਤ ਹੁੰਦਾ ਹੈ। ਇਸ ਦੀ ਮੁੱਖ ਵਜ੍ਹਾ ਇਹ ਹੈ ਕਿ ਰਚਨਾ ਦਾ ਹਰ ਪਾਠਕ ਆਪਣੀ ਦ੍ਰਿਸ਼ਟੀ ਅਤੇ ਸਮਝ ਮੁਤਾਬਕ ਪਾਠ ਕਰਦਾ ਹੈ। ਪਾਠਕ ਦੀ ਦ੍ਰਿਸ਼ਟੀ ਅਤੇ ਸਮਝ ਸਥਿਰ ਨਹੀਂ ਹੁੰਦੀ ਜੋ ਸਮੇਂ ਅਤੇ ਸਮਾਜ ਦੀ ਲੋੜ ਅਨੁਸਾਰ ਬਦਲਦੀ ਰਹਿੰਦੀ ਹੈ।

---

* ਰੀਡਰ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ Email gssencs@yahoo.com, Phone No. 9814590699

[1] ਪ੍ਰਕਾਸ਼ ਸਿੰਘ (1981) "ਨਿਰਮਲਿਆਂ ਦੇ ਜਪੁ ਜੀ ਸਟੀਕ" *ਨਿਰਮਲ ਸੰਪ੍ਰਦਾਇ*, ਸੰਪਾ. ਪ੍ਰੀਤਮ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ:291

[2] ਤਾਰਨ ਸਿੰਘ (1997) *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ:1

ਜਿਹੜੀਆਂ ਰਚਨਾਵਾਂ ਸਮੇਂ ਅਤੇ ਸਥਾਨ ਦੀਆਂ ਸੀਮਾਵਾਂ ਵਿਚ ਨਹੀਂ ਬੱਝੀਆਂ ਹੁੰਦੀਆਂ ਉਨ੍ਹਾਂ ਦੀ ਵਾਰ-ਵਾਰ ਵਿਆਖਿਆ ਹੁੰਦੀ ਰਹਿੰਦੀ ਹੈ।

ਟੀਕਾਕਾਰੀ ਇਕ ਸਿਰਜਨਾਤਮਕ ਕਲਾ ਹੈ। ਗੁਰਬਾਣੀ ਟੀਕਾਕਾਰੀ ਕੇਵਲ ਔਖੇ ਸ਼ਬਦਾਂ ਦੇ ਅਰਥਾਂ ਤੱਕ ਜਾਂ ਗੁਰਬਾਣੀ ਨੂੰ ਸਰਲ ਬੋਲੀ ਵਿਚ ਇੰਨ-ਬਿੰਨ ਪੇਸ਼ ਕਰਨ ਤੱਕ ਹੀ ਸੀਮਤ ਨਹੀਂ ਹੈ। ਟੀਕੇ ਬਾਰੇ ਇਹ ਦਾਅਵਾ ਕਰਨਾ ਮੁਸ਼ਕਲ ਹੈ ਕਿ ਇਹ ਰਚਨਾ ਦਾ ਇੰਨ-ਬਿੰਨ ਰੂਪ ਹੁੰਦਾ ਹੈ ਕਿਉਂਕਿ ਰਚਨਾਕਾਰ ਦੇ ਸੰਸਾਰ ਨੂੰ ਸਮਝਣਾ ਕਿਸੇ ਹੋਰ ਵਿਅਕਤੀ ਵਿਸ਼ੇਸ਼ ਲਈ ਔਖਾ ਹੁੰਦਾ ਹੈ। ਟੀਕਾਕਾਰ ਦਾ ਨਿਜ ਅਤੇ ਉਸਦਾ ਆਪਣਾ ਸੰਸਾਰ ਕਿਸੇ ਨਾ ਕਿਸੇ ਰੂਪ ਵਿਚ ਸ਼ਾਮਲ ਹੋ ਜਾਂਦਾ ਹੈ। ਸ਼ਬਦਾਂ ਦੇ ਅਰਥਾਂ ਦੀ ਚੋਣ ਟੀਕਾਕਾਰ ਆਪਣੀ ਬੁੱਧੀ ਅਤੇ ਸੋਚ ਦੇ ਮੁਤਾਬਿਕ ਕਰਦਾ ਹੈ ਜਿਸਦਾ ਉਸਦੀ ਸ਼ੈਲੀ 'ਤੇ ਪ੍ਰਭਾਵ ਪੈਂਦਾ ਹੈ। ਟੀਕਾਕਾਰ ਦੀ ਭਾਸ਼ਾ ਉਸਦੇ ਭਾਵਾਂ ਦਾ ਸੰਚਾਰ ਵੀ ਕਰਦੀ ਹੈ। ਇਸ ਕਾਰਜ ਵਿਚ ਨਿਜੀ ਗਿਆਨ ਅਤੇ ਅਨੁਭਵ ਤੋਂ ਇਲਾਵਾ ਵਿਚਾਰਧਾਰਾ ਵੀ ਸ਼ਾਮਲ ਹੁੰਦੀ ਹੈ। ਸ਼ਬਦਾਂ ਦੇ ਅਰਥ ਕਿਸੇ ਖਲਾਅ ਵਿਚ ਪੈਦਾ ਨਹੀਂ ਹੁੰਦੇ ਸਗੋਂ ਇਨ੍ਹਾਂ ਦੇ ਪਿਛੇ ਅਰਥ ਕਰਨ ਵਾਲੇ ਦਾ ਗਿਆਨ ਉਸਦਾ ਅਨੁਭਵ ਅਤੇ ਤਜ਼ਰਬਾ ਕਾਰਜਸ਼ੀਲ ਹੁੰਦਾ ਹੈ। ਅਜੋਕੇ ਵਿਆਖਿਆ ਸ਼ਾਸਤਰੀ ਇਹ ਤੱਥ ਸਵੀਕਾਰਦੇ ਹਨ ਕਿ ਰਚਨਾਕਾਰ ਨਾਲੋਂ ਪਾਠਕ ਵੱਖਰੇ ਅਨੁਭਵ ਨਾਲ ਪਾਠ ਕਰਦੇ ਹਨ। ਵਿਆਖਿਆਕਾਰ ਨੇ ਰਚਨਾ (text) ਅਤੇ (reader) ਦੇ ਵਿਚ ਪੈਦਾ ਹੋਣ ਵਾਲੇ (gap) ਨੂੰ ਘਟਾਉਣਾ ਹੁੰਦਾ ਹੈ। ਇਸ ਲਈ ਧਰਮ ਗ੍ਰੰਥਾਂ ਦੀ ਵਿਆਖਿਆ ਲਈ ਵਿਕਸਤ ਹੋਇਆ ਗਿਆਨ ਸ਼ਾਸਤਰ ਹਰਮੈਨੁਟਿਕਸ ਰਚਨਾ ਦੇ ਸੰਸਾਰ ਅਤੇ ਪਾਠਕ ਦੇ ਸੰਸਾਰ ਨੂੰ ਸਮਝਣ 'ਤੇ ਬਲ ਦਿੰਦਾ ਹੈ।[1] ਸੋ ਇਸ ਕਰਕੇ ਧਾਰਮਿਕ ਗ੍ਰੰਥਾਂ ਦੀ ਵਿਆਖਿਆ/ਟੀਕਾਕਾਰੀ ਦਾ ਕਾਰਜ ਹੋਰ ਵੀ ਗੁੰਝਲਦਾਰ ਹੁੰਦਾ ਹੈ ਕਿਉਂਕਿ ਇਨ੍ਹਾਂ ਦਾ ਪਾਠ ਧਾਰਮਿਕ ਅਨੁਭਵ ਦੀ ਮੰਗ ਕਰਦਾ ਹੈ ਜੋ ਹਰ ਪਾਠਕ ਦਾ ਆਪੋ-ਆਪਣਾ ਹੁੰਦਾ ਹੈ। ਇਹ "ਅਨੁਭਵ ਨਾ ਕੇਵਲ ਆਮ ਜੀਵਨ ਦੇ ਅਨੁਭਵ ਨਾਲੋਂ ਵਿਲੱਖਣ ਹੁੰਦਾ ਹੈ, ਸਗੋਂ ਰਹੱਸਮੈ ਹੋਣ ਕਾਰਣ ਜਟਿਲ ਵੀ ਹੁੰਦਾ ਹੈ।[2] ਗੁਰਬਾਣੀ ਦੇ ਰਹੱਸ ਨੂੰ ਸਮਝਣ ਲਈ ਉਸ ਮਹੌਲ ਵਿਚ ਜਾਣਾ ਪੈਣਾ ਹੈ ਜਿਸ ਵਿਚੋਂ ਇਸਦੀ ਰਚਨਾ ਹੋਈ ਹੈ। ਨਿਰਮਲ ਸੰਪ੍ਰਦਾਇ ਵਲੋਂ ਗੁਰਬਾਣੀ ਦੀ ਟੀਕਾਕਾਰੀ ਦੇ ਖੇਤਰ ਵਿਚ ਕੀਤੇ ਕਾਰਜਾਂ ਦਾ ਇਸ ਪ੍ਰਸੰਗ ਵਿਚ ਅਧਿਐਨ ਸਾਰਥਕ ਹੋ ਸਕਦਾ ਹੈ।

ਗੁਰਬਾਣੀ ਦੀ ਟੀਕਾਕਾਰੀ ਦੇ ਕਾਰਜਾਂ ਨੂੰ ਸਮਝਣ ਲਈ ਮੁੱਢਲੀ ਸ਼ਰਤ ਇਹ ਬਣ ਜਾਂਦੀ ਹੈ ਕਿ ਇਹ ਵੇਖਿਆ ਜਾਵੇ ਕਿ ਕੀ ਇਨ੍ਹਾਂ ਰਾਹੀਂ ਗੁਰਬਾਣੀ ਦੇ ਰਹੱਸ ਨੂੰ ਸਮਝਿਆ ਜਾ ਸਕਦਾ ਹੈ? ਇਸ ਪ੍ਰਸ਼ਨ ਦਾ ਕੋਈ ਵੀ ਅਧਿਐਨ ਉੱਤਰ ਨਹੀਂ ਦੇ ਸਕਦਾ ਕਿਉਂਕਿ ਗੁਰਬਾਣੀ ਦਾ ਰਹੱਸ ਅਸੀਮ (endless) ਹੈ। ਇਥੋਂ ਤੱਕ ਕਿ ਗੁਰੂ ਸਾਹਿਬਾਨ ਵੀ ਕਹਿੰਦੇ ਹਨ ਕਿ ਉਸਨੂੰ ਸਮਝਣ ਲਈ ਭਾਵੇਂ ਲੱਖਾਂ/ਕਰੋੜਾਂ ਯਤਨ ਕੀਤੇ ਜਾਣ ਉਹ ਵੀ ਥੋੜ੍ਹੇ ਰਹਿ ਜਾਂਦੇ ਹਨ। ਧਾਰਮਿਕ ਅਨੁਭਵ ਤੋਂ ਬਾਅਦ ਅਗਲੀ ਸਮੱਸਿਆ ਸੰਚਾਰ ਦੀ ਆਉਂਦੀ ਹੈ। ਇਸ ਲਈ ਇਹ ਵੇਖਣਾ ਜ਼ਰੂਰੀ ਹੋ ਜਾਂਦਾ ਹੈ, ਕੀ ਟੀਕਾਕਾਰ ਰਚਨਾ ਵਿਚ ਵਰਤੀਆਂ ਸੰਚਾਰ ਜੁਗਤਾਂ ਨੂੰ ਧਿਆਨ ਵਿਚ ਰੱਖ ਰਿਹਾ ਹੈ ਜਾਂ ਨਹੀਂ? ਗੁਰਬਾਣੀ ਦੇ ਸੰਚਾਰ ਦੀ ਸਮਝ ਪਾਉਣ ਲਈ ਟੀਕਾਕਾਰ ਨੂੰ ਬਹੁ-ਪੱਖੀ ਅਨੁਭਵ ਨਾਲ ਲੈਸ ਹੋਣਾ ਪੈਣਾ ਹੈ। ਗੁਰਬਾਣੀ ਦੀ ਵਿਆਖਿਆ ਲਈ ਇਸ ਸਮੱਸਿਆ ਨੂੰ ਜੀ. ਐਸ. ਰਿਆਲ ਇਕ ਵੱਡੀ ਚੁਣੌਤੀ ਮੰਨਦੇ ਹੋਏ ਲਿਖਦੇ ਹਨ, "ਗੁਰਬਾਣੀ ਵਿਚ ਪ੍ਰਯੁਕਤ ਵੰਨ-ਸੁਵੰਨੀਆਂ ਭਾਸ਼ਾਵਾਂ ਤੋਂ ਇਲਾਵਾ ਇਸਦਾ ਕਵਿਤਾਬੱਧ ਹੋਣਾ, ਅਤੇ ਫਿਰ ਵਿਸ਼ੇ-ਵਸਤੂ ਦਾ ਅਧਿਆਤਮਕ ਅਤੇ ਰਹੱਸਮਈ ਹੋਣਾ ਹੈ"।[3] ਇਥੇ ਇਹ ਗੱਲ ਵੀ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਬਾਣੀਕਾਰਾਂ ਨੇ ਆਪਣੇ ਭਾਵ ਆਮ ਲੋਕਾਂ ਦੀ ਬੋਲੀ ਵਿਚ ਪ੍ਰਗਟ ਕੀਤੇ ਹਨ। ਗੁਰਬਾਣੀ ਉਚਾਰਨ ਵਾਲੇ ਗੁਰੂਆਂ, ਭਗਤਾਂ, ਮਹਾਪੁਰਖਾਂ ਦਾ ਉਦੇਸ਼ ਟਕਸਾਲੀ ਅਤੇ ਕਿਸੇ ਪ੍ਰਮਾਣਿਕ ਰੂਪ ਵਾਲੀ ਭਾਸ਼ਾ ਵਰਤਣਾ ਨਹੀਂ ਸੀ। ਉਨ੍ਹਾਂ ਦਾ ਆਸ਼ਾ ਸੀ ਆਪਣੇ ਭਾਵਾਂ ਨੂੰ ਉਸ ਬੋਲੀ ਰਾਹੀਂ ਪ੍ਰਗਟ ਕਰਨਾ ਜਿਸ ਨੂੰ ਸੁਣਨ ਵਾਲੇ ਸਮਝ ਸਕਣ। ਇਸ ਲਈ ਗੁਰਬਾਣੀ ਦੀ ਪੰਜਾਬੀ ਵਿਚ ਜੇ ਕਿਤੇ ਹਿੰਦੀ ਜਾਂ ਕਿਸੇ ਹੋਰ ਭਾਸ਼ਾ ਦੇ ਅੰਸ਼ ਮਿਲਦੇ ਹਨ ਤਾਂ ਕੋਈ ਅਣਹੋਣੀ ਗੱਲ ਨਹੀਂ। ਸਾਧੂ-ਭਾਸ਼ਾ ਦਾ ਤੇ ਕੋਈ ਸਟੈਂਡਰਡ ਰੂਪ ਹੀ ਨਹੀਂ ਸੀ। ਹਰ ਬਾਣੀ ਰਚਣ ਵਾਲੇ ਦੀ ਆਪਣੀ ਭਾਸ਼ਾ,

[1] Hermenutics is concerned with the examining the relationship between the two realms, the realms of a text or a work of art on the one hand and the people who wish to understand it on the other( Werner G Jeanrond, *Theological Hermenutics: Development and Significance*,1)

[2] ਪਿਆਰ ਸਿੰਘ (1984) "ਟੀਕਾਕਾਰੀ :ਸਿਧਾਂਤਕ ਵਿਸ਼ਲੇਸ਼ਣ", *ਟੀਕਾਕਾਰੀ, ਇਤਿਹਾਸਕਾਰੀ, ਤੇ ਪੱਤਰਕਾਰੀ,* ਤੀਜੀ ਪੰਜਾਬੀ ਵਿਕਾਸ ਕਾਨਫਰੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ:98

[3] ਜੀ. ਐਸ. ਰਿਆਲ (2004) *ਸ਼ਬਦਾਂ ਦੀਆਂ ਲਿਖਤਾਂ,* ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ:231

ਜਿਹੜੇ ਸਰੋਤਿਆਂ ਲਈ ਬਾਣੀ ਰਚੀ ਗਈ ਹੋਵੇ ਉਨ੍ਹਾਂ ਦੀ ਭਾਸ਼ਾ ਅਤੇ ਵੱਖ-ਵੱਖ ਧਰਮਾਂ, ਮੱਤਾਂ ਨਾਲ ਸੰਬੰਧਿਤ ਸ਼ਬਦਾਵਲੀ ਦੇ ਅੰਸ਼ ਬਾਣੀ ਵਿਚ ਸ਼ਾਮਿਲ ਹੋਣੇ ਸੁਭਾਵਿਕ ਹੀ ਸਨ। ਇਹੋ ਕਾਰਣ ਹੈ ਕਿ ਕਈ ਥਾਈਂ ਗੁਰਬਾਣੀ ਦੀ ਭਾਸ਼ਾ ਦੇ ਨਿਯਮਾਂ ਦੀ ਇਕਸਾਰਤਾ ਟੁੱਟ ਜਾਂਦੀ ਹੈ।[1] ਗੁਰਬਾਣੀ ਵਿਚ ਭਾਵਾਂ ਦੇ ਸੰਚਾਰ ਲਈ ਅਨੇਕਾਂ ਭਾਸ਼ਾਵਾਂ ਅਤੇ ਰਾਗਾਂ ਦਾ ਸਹਾਰਾ ਲਿਆ ਗਿਆ ਹੈ। ਇਸ ਤੋਂ ਇਲਾਵਾ ਬਾਣੀਕਾਰ ਜਿਥੇ ਵੱਖ-ਵੱਖ ਇਲਾਕਿਆਂ ਅਤੇ ਸਭਿਆਚਾਰਾਂ ਨਾਲ ਸੰਬੰਧਿਤ ਹਨ ਉਥੇ ਇਨ੍ਹਾਂ ਦੀਆਂ ਰਚਨਾਵਾਂ ਦਾ ਕਾਲ ਵੀ ਇਕ ਨਹੀਂ ਹੈ। ਅਜੋਕੇ ਸਮੇਂ ਦੇ ਵਿਆਖਿਆ ਸ਼ਾਸਤਰਾਂ ਦੇ ਹਵਾਲੇ ਨਾਲ ਗੱਲ ਕਰਨੀ ਹੋਵੇ ਤਾਂ ਗੁਰਬਾਣੀ ਦੇ ਪ੍ਰਵਚਨ ਬਹੁਪੱਖੀ, ਬਹੁ-ਰੰਗੀ, ਬਹੁ-ਪਰਤੀ, ਬਹੁ-ਕਾਲੀ, ਬਹੁ-ਭਾਸ਼ਾਈ ਅਤੇ ਬਹੁ-ਵਚਨੀ ਹਨ। ਗੁਰਬਾਣੀ ਦੀ ਬਹੁ-ਪੱਖਤਾ ਦਾ ਖ਼ੂਬਸੂਰਤ ਪਹਿਲੂ ਹੈ ਕਿ ਇਸ ਰਾਹੀਂ ਇਕੋ ਪ੍ਰਭੂ ਨਾਲ ਪ੍ਰੇਮ ਕਰਨ ਦਾ ਮਾਰਗ ਦੱਸਿਆ ਗਿਆ ਹੈ। ਗੁਰਬਾਣੀ ਵਿਚ ਪੇਸ਼ ਇਕ ਪ੍ਰਭੂ ਦੇ ਅਨੇਕਾਂ ਨਾਮ ਹਨ। ਗੁਰੂ ਰਾਮਦਾਸ ਜੀ ਦੀ ਬਾਣੀ ਦੱਸਦੀ ਹੈ ਉਹ (ਰੱਬ) ਇਕ ਹੋ ਕੇ ਵੀ ਬਹੁ-ਪੱਖੀ ਹੈ।[2] ਬਹੁ-ਰੰਗੀ ਇਕ ਪ੍ਰਮਾਤਮਾ ਨੂੰ ਕਿਸੇ ਇਕ ਪ੍ਰਣਾਲੀ ਦੇ ਜ਼ਰੀਏ ਸਮਝਣ ਦੀਆਂ ਕੋਸ਼ਿਸ਼ਾਂ ਇਕ-ਪੱਖੀ ਜਾਂ ਇਕ-ਅੰਗੀ ਰਹਿ ਜਾਂਦੀਆਂ ਹਨ। ਇਸ ਪੱਖ ਤੋਂ ਨਿਰਮਲ ਸੰਪ੍ਰਦਾਇ ਦੀ ਟੀਕਾਕਾਰੀ ਇਕ-ਅੰਗੀ ਕਹੀ ਜਾ ਸਕਦੀ ਹੈ।[3] ਗੁਰਬਾਣੀ ਦੇ ਬਹੁ-ਪੱਖੀ ਪ੍ਰਵਚਨ ਨੂੰ ਸਮਝਣ ਲਈ ਵੀ ਬਹੁ-ਪੱਖੀ ਵਿਆਖਿਆ ਪ੍ਰਣਾਲੀ ਦੀ ਲੋੜ ਹੈ। ਅਜੋਕੇ ਸਮੇਂ ਦੀ ਲੋੜ ਮੁਤਾਬਕ ਵਿਕਸਤ ਹੋਣ ਵਾਲੀ ਬਹੁ-ਪੱਖੀ ਵਿਆਖਿਆ-ਪ੍ਰਣਾਲੀ ਵਿਚ ਨਿਰਮਲ ਸੰਪ੍ਰਦਾਇ ਵਲੋਂ ਟੀਕਾਕਾਰੀ ਦੇ ਖੇਤਰ ਵਿਚ ਕੀਤੇ ਕਾਰਜ ਸਹਾਈ ਸਿੱਧ ਹੋ ਸਕਦੇ ਹਨ।

ਗੁਰਬਾਣੀ ਦੀ ਵਿਆਖਿਆਕਾਰੀ/ਟੀਕਾਕਾਰੀ ਦਾ ਹਰ ਪਾਠਕ ਆਪੋ ਆਪਣੇ ਦ੍ਰਿਸ਼ਟੀਕੋਣ ਨਾਲ ਅਧਿਐਨ ਕਰਦਾ ਹੈ ਸੋ ਇਸ ਕਰਕੇ ਗੁਰਬਾਣੀ ਦੀ ਵਿਆਖਿਆ ਦੇ ਪ੍ਰਸੰਗ ਵਿਚ ਗੱਲ ਕਰਨੀ ਹੋਵੇ ਤਾਂ ਇਸਦੀ ਟੀਕਾਕਾਰੀ ਅਤੇ ਵਿਆਖਿਆ ਨੂੰ ਅਸੀਂ ਸਥਿਰ ਅਰਥਾਂ ਵਿਚ ਸਮਝ ਨਹੀਂ ਸਕਦੇ ਕਿਉਂਕਿ ਗੁਰਬਾਣੀ ਦਾ ਸੰਦੇਸ਼ ਸਮੇਂ ਅਤੇ ਸਥਾਨ ਦੀ ਸੀਮਾ ਤੋਂ ਪਾਰ ਹੈ। ਇਹ ਜੁਗੋ ਜੁਗ ਅਟੱਲ ਅਤੇ ਨਿਤ ਨਵਾਂ ਹੈ।[4] ਗੁਰਬਾਣੀ ਦੇ ਪ੍ਰਵਚਨ ਨੂੰ ਸਥਿਰ (fix) ਅਰਥਾਂ ਵਿਚ ਬੰਨ ਕੇ ਅਸੀਂ ਇਸ ਤੋਂ ਦੈਵੀ/ਰੱਬੀ ਆਨੰਦ ਦੀ ਪ੍ਰਾਪਤੀ ਨਹੀਂ ਕਰ ਸਕਦੇ। ਗੁਰਬਾਣੀ ਦੀ ਹਰ ਯੁੱਗ ਲਈ ਨਵੀਂ ਵਿਆਖਿਆ ਹੁੰਦੀ ਰਹਿਣੀ ਹੈ। ਸੋ ਗੁਰਬਾਣੀ ਵਿਆਖਿਆ ਲਈ ਇਸਦੇ ਟੀਕਿਆਂ, ਪਰਮਾਰਥਾਂ ਅਤੇ ਅਨੁਵਾਦ ਆਦਿ ਦਾ ਹਮੇਸ਼ਾਂ ਮਹੱਤਵ ਬਣਿਆ ਰਹਿਣਾ ਹੈ। ਗੁਰਬਾਣੀ ਦੀ ਨਵੀਂ ਵਿਆਖਿਆ ਕਰਨ ਦੇ ਕਾਰਜ ਲਈ ਪਹਿਲਾਂ ਹੋਈ ਵਿਆਖਿਆ ਨੇ ਸਹਾਈ ਸਿੱਧ ਹੋਣਾ ਹੈ ਕਿਉਂਕਿ ਹਰ ਨਵੇਂ ਵਿਚਾਰ ਲਈ ਪੁਰਾਣਾ ਗਿਆਨ ਆਧਾਰ ਬਣਦਾ ਹੈ। ਗੁਰਬਾਣੀ ਦੀ ਟੀਕਾਕਾਰੀ ਦੇ ਕਾਰਜਾਂ ਵਿਚ ਲੱਗੇ ਵਿਦਵਾਨਾਂ ਸਿਰ ਦੂਹਰੀ ਜ਼ਿਮੇਵਾਰੀ ਹੈ। ਉਨ੍ਹਾਂ ਨੇ ਜਿਥੇ ਗੁਰਬਾਣੀ ਦੇ ਅਰਥਾਂ ਨੂੰ ਨਵੇਂ ਪ੍ਰਸੰਗ ਵਿਚ ਸਮਝਣਾ ਹੈ ਉਥੇ ਟੀਕਾਕਾਰੀ ਦੇ ਖੇਤਰ ਵਿਚ ਹੋਏ ਕਾਰਜਾਂ ਦਾ ਵੀ ਨਿਰਪੱਖਤਾ ਨਾਲ ਅਧਿਐਨ ਕਰਨਾ ਹੈ। ਨਿਰਮਲ ਸੰਪ੍ਰਦਾਇ ਵਲੋਂ ਗੁਰਬਾਣੀ ਦੀ ਟੀਕਾਕਾਰੀ ਨੂੰ ਸਮਝਣ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਇਨ੍ਹਾਂ ਨੇ ਕਿਸ ਦ੍ਰਿਸ਼ਟੀਕੋਣ ਤੋਂ ਇਹ ਕਾਰਜ ਕੀਤੇ ਹਨ? ਅਤੇ ਨਿਰਮਲੇ ਵਿਦਵਾਨਾਂ ਨੇ ਕਿਹੋ ਜਿਹੇ ਸਮਾਜਿਕ ਅਤੇ ਧਾਰਮਿਕ ਮਹੌਲ ਵਿਚ ਇਹ ਕਾਰਜ ਨੇਪਰੇ ਚਾੜੇ ਹਨ? ਅਤੇ ਇਸ ਪਿਛੇ ਇਨ੍ਹਾਂ ਦਾ ਕੀ ਮਨੋਰਥ ਸੀ?

ਸਿੱਖ ਧਰਮ ਸ਼ਬਦ ਗੁਰੂ ਦੇ ਸਿਧਾਂਤ ’ਤੇ ਕੇਂਦਰਤ ਹੈ, ਜਿਸਦਾ ਸੰਸਥਾਈ ਰੂਪ ਗੁਰਬਾਣੀ ਹੈ। ਗੁਰਬਾਣੀ ਦਾ ਪਵਿੱਤਰ ਸੰਕਲਨ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜਿਸਨੂੰ ਸਿੱਖ ਪਰੰਪਰਾ ਵਿਚ ਪਰਮੇਸ਼ਵਰ ਦਾ ਰੁਤਬਾ ਪ੍ਰਾਪਤ ਹੈ। ਸਿੱਖ ਇਸ ਕਰਕੇ ਵੀ ਨਿਆਰੇ ਹਨ ਕਿ ਇਨ੍ਹਾਂ ਦੇ ਸੰਸਥਾਪਕ ਗੁਰੂ ਸਾਹਿਬਾਨ ਨੇ ਖੁਦ ਲਿਖਤੀ ਰੂਪ ਵਿਚ ਬਾਣੀ ਰਚੀ ਹੈ ਅਤੇ ਇਸਨੂੰ ਗੁਰੂ ਵਜੋਂ ਸੰਸਥਾਈ ਰੂਪ ਦਿੱਤਾ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੀ ਗੱਦੀ ’ਤੇ ਬਿਰਾਜਮਾਨ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਰਚੀ ਅਤੇ ਹੋਰਨਾਂ ਬਾਣੀਕਾਰਾਂ ਦੀਆਂ ਰਚਨਾਵਾਂ ਨੂੰ ਇਕੱਠਾ ਕੀਤਾ। ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਗ੍ਰੰਥ ਨੂੰ ਗੁਰੂ ਦਾ ਦਰਜਾ

---

[1] ਡਾ. ਹਰਕੀਰਤ ਸਿੰਘ (1997) *ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ: ਗੁਰਬਾਣੀ ਦਾ ਭਾਸ਼ਾਈ ਤੇ ਵਿਆਕਰਨਿਕ ਅਧਿਐਨ,* ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ:14

[2] ਆਪੇ ਹਰਿ ਇਕੁ ਰੰਗੁ ਹੈ ਆਪੇ ਬਹੁ ਰੰਗੀ (ਗੁਰੂ ਗ੍ਰੰਥ ਸਾਹਿਬ; 726)

[3] ਨਿਰਮਲਿਆਂ ਦੀ ਗੁਰਬਾਣੀ ਵਿਆਖਿਆ ਨੂੰ ਜਸਬੀਰ ਸਿੰਘ ਆਹੂਵਾਲੀਆ ਨੇ ‘ਸਿੱਖ ਦਰਸ਼ਨ ਦਾ ਵਿਦਾਂਤੀਕਰਨ ਕਿਹਾ ਹੈ ਜਦੋਂ ਕਿ ਧਰਮ ਪਾਲ ਮੈਣੀ ਦੀ ਧਾਰਨਾ ਹੈ ਕਿ “ਜਪੁਜੀ ਵਿਚ ਵਰਣਿਤ ਖੰਡਾਂ ਦੀ ਵਿਆਖਿਆ ਜੋ ਨਿਰਮਲੇ ਸੰਤਾਂ ਨੇ ਕੀਤੀ ਹੈ ਉਸ ਨੂੰ ਵੇਖ ਕੇ ਇਉਂ ਲੱਗਦਾ ਹੈ ਕਿ ਉਨ੍ਹਾਂ ਦੀ ਚਿੰਤਨ ਪੱਧਤੀ ਦਾਰਸ਼ਨਿਕ ਦ੍ਰਿਸ਼ਟੀ ਤੋਂ ਵੇਦਾਂਤ-ਪਰਕ ਨਹੀ ਸੀ” ਹੋਰ ਵਿਸਥਾਰ ਲਈ ਵੇਖੋ ‘ਨਿਰਮਲ ਸੰਪ੍ਰਦਾਇ, ਸੰਪਾ. ਪ੍ਰੀਤਮ ਸਿੰਘ, ਪੰਨੇ 159 ਤੋਂ 184

[4] ਸਾਹਿਬ ਮੇਰਾ ਨੀਤ ਨਵਾ (ਸ੍ਰੀ ਗੁਰੂ ਗ੍ਰੰਥ ਸਾਹਿਬ; 660)

ਦਿੱਤਾ ਹੈ। ਇਸਤੋਂ ਪਿਛੋਂ ਸਿੱਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦੀ ਦੇਹ ਮੰਨਿਆ ਹੋਇਆ ਹੈ। ਇਸ ਪਾਸੋਂ ਇਹ ਅਗਵਾਈ ਲੈਂਦੇ ਆ ਰਹੇ ਹਨ ਜੋ ਇਨ੍ਹਾਂ ਦੇ ਹਰ ਸਮੇਂ ਅੰਗ-ਸੰਗ ਸਹਾਈ ਹੈ। ਦੁਨੀਆ ਦੇ ਹੋਰਨਾਂ ਭਾਈਚਾਰਿਆਂ ਨਾਲੋਂ ਸਿੱਖ ਇਸ ਕਰਕੇ ਵੀ ਵਿਲੱਖਣ ਹਨ ਕਿ ਇਸ ਭਾਈਚਾਰੇ ਦੀ ਉਸਾਰੀ ਪਵਿੱਤਰ ਬਾਣੀ ਨਾਲ ਹੋਈ ਹੈ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਨਾਲ ਸਿੱਖੀ ਅਤੇ ਸਿੱਖਾਂ ਦਾ ਮੁੱਢ ਬੰਨਿਆ ਹੈ ਜੋ ਗ੍ਰੰਥ ਅਤੇ ਪੰਥ ਦੀ ਗੂੜ੍ਹੀ ਸਾਂਝ ਦੇ ਰੂਪ ਵਿਚ ਸਾਕਾਰ ਹੋਇਆ ਹੈ। ਉਨ੍ਹਾਂ ਦੀ ਬਾਣੀ ਨੂੰ ਸੁਣਨ ਲਈ ਸਿੱਖ ਸੰਗਤ ਇਕੱਠੀ ਹੁੰਦੀ ਸੀ ਜਿਸ ਤੋਂ ਸਿੱਖ ਭਾਈਚਾਰਾ ਹੋਂਦ ਵਿਚ ਆਇਆ ਹੈ। ਗੁਰਬਾਣੀ ਸੁਣਨਾ ਅਤੇ ਇਸਦੇ ਆਧਾਰ 'ਤੇ ਜੀਵਨ ਬਤੀਤ ਕਰਨਾ ਮੁੱਢਲੇ ਸਿੱਖਾਂ ਦਾ ਧਰਮ ਸੀ। ਇਸ ਕਰਕੇ ਗੁਰੂ ਸੰਦੇਸ਼ ਨੂੰ ਸਮਝਣ ਲਈ ਸਿੱਖ ਸ਼ੁਰੂ ਤੋਂ ਹੀ ਗੁਰਬਾਣੀ ਦੀ ਵਿਆਖਿਆ ਦੇ ਕਾਰਜ ਵਿਚ ਲੱਗੇ ਹੋਏ ਹਨ।

ਗੁਰਬਾਣੀ ਦੀ ਟੀਕਾਕਾਰੀ, ਗੁਰਬਾਣੀ ਵਿਆਖਿਆ ਦਾ ਮਹੱਤਵਪੂਰਨ ਹਿਸਾ ਹੈ। ਗੁਰਬਾਣੀ ਰਚਨਾ ਅਤੇ ਇਸਦੀ ਵਿਆਖਿਆਕਾਰੀ ਦੇ ਕਾਰਜ ਨਾਲੋ-ਨਾਲ ਚਲਦੇ ਰਹੇ ਹਨ।[1] ਸੁਭਾਵਿਕ ਹੈ ਕਿ ਸੰਗਤ ਦੇ ਰੂਪ ਵਿਚ ਇਕੱਠੇ ਹੁੰਦੇ ਸਿੱਖ ਗੁਰਬਾਣੀ ਸੁਣਨ ਵੇਲੇ ਇਸਦੀ ਵਿਆਖਿਆ ਵੀ ਕਰਦੇ ਸਨ। ਇਤਿਹਾਸਕ ਤੱਥ ਗਵਾਹ ਹਨ ਕਿ ਉਦਾਸੀਆਂ ਤੋਂ ਪਿਛੋਂ ਗੁਰੂ ਨਾਨਕ ਦੇਵ ਜੀ ਜਦੋਂ ਕਰਤਾਰਪੁਰ ਪਹੁੰਚਦੇ ਤਾਂ ਉਨ੍ਹਾਂ ਨੂੰ ਮਿਲਣ ਲਈ ਸਿੱਖ ਆਉਂਦੇ ਰਹਿੰਦੇ ਸਨ। ਭਾਈ ਗੁਰਦਾਸ ਜੀ ਮੁਤਾਬਕ ਇਥੇ ਗੁਰੂ ਜੀ ਆਪਣੇ ਮੁਖ ਤੋਂ ਬਾਣੀ ਉਚਾਰਦੇ ਅਤੇ ਗਿਆਨ ਗੋਸ਼ਟਿ ਅਤੇ ਚਰਚਾ ਕਰਦੇ ਸਨ।[2]

ਗੁਰੂ ਨਾਨਕ ਸਾਹਿਬ ਵਲੋਂ ਸ਼ੁਰੂ ਕੀਤੀ ਇਸ ਪਰੰਪਰਾ ਵਿਚ ਉਨ੍ਹਾਂ ਦੀ ਗੱਦੀ ਨੂੰ ਅਗਾਂਹ ਤੋਰਨ ਵਾਲੇ ਗੁਰੂ ਸਾਹਿਬਾਨ ਨੇ ਯੋਗਦਾਨ ਪਾਇਆ ਹੈ। ਦਸਾਂ ਪਾਤਸ਼ਾਹੀਆਂ ਦੇ ਗੁਰੂ ਅਮਲ ਨੇ ਗੁਰਬਾਣੀ ਦੀ ਵਿਆਖਿਆ ਵਿਚ ਵਾਧਾ ਕੀਤਾ ਹੈ। ਮੁੱਢਲੇ ਦੌਰ ਵਿਚ ਇਹ ਪਰੰਪਰਾ ਜ਼ੁਬਾਨੀ ਚਲਦੀ ਸੀ ਪਿਛੋਂ ਇਸਨੇ ਲਿਖਤੀ ਰੂਪ ਧਾਰਿਆ ਹੈ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਰਾਹੀ ਸਿੱਖੀ ਦੇ ਮੂਲ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ। ਉਨ੍ਹਾਂ ਵਲੋਂ ਕੀਤੀ ਵਿਆਖਿਆ ਦੇ ਨਮੂਨੇ ਵਜੋਂ ਤੀਸਰੀ ਵਾਰ ਦੀ 15ਵੀਂ ਪਉੜੀ ਵੇਖੀ ਜਾ ਸਕਦੀ ਹੈ ਜਿਸ ਵਿਚ ਮੂਲ ਮੰਤ੍ਰ ਦੀ ਵਿਆਖਿਆ ਕੀਤੀ ਗਈ ਹੈ:

**"ਏਕਾ ਏਕੰਕਾਰੁ ਲਿਖਿ ਦੇਖਾਲਿਆ।**
**ਊੜਾ ਓਅੰਕਾਰ ਪਾਸਿ ਬਹਾਲਿਆ।**
**ਸਤਿ ਨਾਮੁ ਕਰਤਾਰੁ ਨਿਰਭਾਉ ਭਾਲਿਆ।**
**ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ।**
**ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ।**
**ਪੰਜ ਅਖਰ ਉਪਕਾਰ ਨਾਮ ਸਮਾਲਿਆ।**
**ਪਰਮੇਸੁਰ ਸੁਖੁ ਸਾਰੁ ਨਦਰਿ ਨਿਹਾਲਿਆ।**
**ਨਉ ਅੰਗਿ ਸੁੰਨ ਸੁਮਾਰੁ ਸੰਗਿ ਨਿਰਾਲਿਆ।**
**ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ"।**[3]

ਗੁਰਮਤਿ ਦੇ ਇਤਿਹਾਸਕ ਸ੍ਰੋਤਾਂ ਦੇ ਆਧਾਰ 'ਤੇ ਗੁਰਬਾਣੀ ਦੀ ਵਿਆਖਿਆ/ਟੀਕਾਕਾਰੀ ਦਾ ਆਰੰਭ ਗੁਰੂ ਸਾਹਿਬਾਨ ਦੇ ਸਮੇਂ ਤੋਂ ਮੰਨਿਆ ਜਾ ਸਕਦਾ ਹੈ। ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਇਸਦਾ ਮੁੱਢਲਾ ਲਿਖਤੀ ਪ੍ਰਮਾਣ ਹਨ ਅਤੇ ਉਨ੍ਹਾਂ ਦੀਆਂ ਵਾਰਾਂ ਨੂੰ ਸਿੱਖ ਗੁਰਬਾਣੀ ਦੀ ਕੁੰਜੀ ਮੰਨਦੇ ਹਨ। ਗੁਰੂ ਅਰਜਨ ਸਾਹਿਬ ਦੇ ਸਮੇ ਸੋਢੀ ਮਨੋਹਰਦਾਸ ਮਿਹਰਬਾਨ ਜੀ ਦੀ ਗੁਰਬਾਣੀ-ਟੀਕਾ ਦੀ ਪਰਮਾਰਥ ਪ੍ਰਣਾਲੀ ਵਿਗਸੀ, ਜਿਸ ਦੇ ਪ੍ਰਤਿਨਿਧ ਮਿਹਰਬਾਨ ਜੀ ਅਤੇ ਉਨ੍ਹਾਂ ਦੇ ਸਪੁੱਤਰ ਹਰਿ ਜੀ ਅਤੇ ਚਤਰਭੁਜ ਦੀਆਂ ਟੀਕਾ ਕਿਰਤਾਂ ਹਨ ਇਨ੍ਹਾਂ ਦੁਹਾਂ ਨੇ ਰਲ ਕੇ ਗੁਰੂ ਨਾਨਕ ਦੇਵ ਜੀ ਦੀ ਲਗਪਗ

---

[1] ਤਾਰਨ ਸਿੰਘ ਦੀ ਧਾਰਨਾ ਹੈ ਕਿ "ਗੁਰੂ ਨਾਨਕ ਦੇਵ ਆਪ ਆਪਣੀ ਬਾਣੀ ਦੀ ਵਿਆਖਿਆ, ਆਪਣੀ ਬਾਣੀ ਵਿਚ ਹੀ ਕਰਦੇ ਸਨ। ਆਪ ਦੇ ਉੱਤਰਾਧਿਕਾਰੀ ਵੀ ਆਪਣੀ ਬਾਣੀ ਵਿਚ ਆਪ ਵਲੋਂ ਬੰਨ੍ਹੇ ਮੁੱਖ ਸਿਧਾਂਤਾਂ, ਵਿਚਾਰਾਂ ਭਾਵ ਗੁਰਮਤਿ ਦੀ ਵਿਆਖਿਆ ਕਰਦੇ ਰਹੇ ਹਨ" ਵੇਖੋ *ਨਿਰਮਲ ਸੰਪ੍ਰਦਾਇ*, ਪੰਨਾ 275, ਗੁਰਬਾਣੀ ਵਿਚ ਹੀ ਇਸਦੀ ਵਿਆਖਿਆ ਦੀ ਇਸ ਧਾਰਨਾ 'ਤੇ ਹੋਰ ਖੋਜ ਕਰਨ ਦੀ ਜ਼ਰੂਰਤ ਹੈ ਕਿਉਂਕਿ ਗੁਰਬਾਣੀ ਵਿਚ ਗੁਰਮਤਿ ਦੇ ਸਿਧਾਂਤਾਂ ਦਾ ਵਿਗਾਸ ਅਤੇ ਵਿਸਥਾਰ ਤਾਂ ਸਮਝ ਵਿਚ ਆਉਂਦਾ ਹੈ ਪਰ ਕੀ ਬਾਣੀ ਵਿਚ ਹੀ ਇਸਦੀ ਵਿਆਖਿਆ ਹੈ? ਇਹ ਪ੍ਰਸ਼ਨ ਹੋਰ ਖੋਜ ਦੀ ਮੰਗ ਕਰਦਾ ਹੈ। ਫਿਲਹਾਲ ਇਸ ਖੇਤਰ ਵਿਚ ਕਿਸੇ ਵਿਦਵਾਨ ਦੀ ਗੰਭੀਰ ਖੋਜ ਸਾਹਮਣੇ ਨਹੀਂ ਆਈ ਹੈ।

[2] ਭਾਈ ਗੁਰਦਾਸ (2005) *ਵਾਰਾਂ ਭਾਈ ਗੁਰਦਾਸ*, ਵਾਰ 1 ਪਉੜੀ 38, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

[3] ਉਹੀ, ਪੰਨਾ:41

ਸਾਰੀ ਬਾਣੀ ਦੀ ਟੀਕਾ ਕਰ ਦਿੱਤੀ ਸੀ।[1] ਨਿਰਮਲ ਸੰਪ੍ਰਦਾਇ ਤੋਂ ਪਹਿਲਾਂ ਉਦਾਸੀ ਸਾਧੂਆਂ ਨੇ ਗੁਰਬਾਣੀ ਦੀ ਟੀਕਾਕਾਰੀ ਦੇ ਕਾਰਜ ਸ਼ੁਰੂ ਕੀਤੇ ਸਨ। ਇਸ ਪਰੰਪਰਾ ਵਿਚ ਸਾਧੂ ਆਨੰਦਘਨ ਜੀ ਨੇ ਜਪੁਜੀ, ਆਰਤੀ, ਵਾਰ ਆਸਾ, ਸਿਧ ਗੋਸ਼ਟਿ ਅਤੇ ਅਨੰਦੁ ਬਾਣੀਆਂ ਦੇ ਟੀਕੇ ਕੀਤੇ ਸਨ।[2] ਸ੍ਰੀ ਆਨੰਦਘਨ ਜੀ ਦੇ ਟੀਕੇ ਦੇ ਪ੍ਰਤੀਕਰਮ ਵਿਚ ਮਹਾਂ ਕਵੀ ਸੰਤੋਖ ਸਿੰਘ ਨੇ ਜਪੁ ਜੀ ਦਾ ਗਰਬਗੰਜਨੀ ਟੀਕਾ ਤਿਆਰ ਕੀਤਾ ਸੀ। "ਇਸਨੂੰ ਨਿਰਮਲਾ ਸੰਪ੍ਰਦਾਇ ਦਾ ਮੋਢੀ ਟੀਕਾ ਮੰਨਿਆ ਜਾਂਦਾ ਹੈ"।[3] ਇਸ ਸੰਪ੍ਰਦਾਇ ਦੇ ਟੀਕਾਕਾਰਾਂ ਵਿਚ ਪੰਡਿਤ ਨਿਹਾਲ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ, ਸੰਤ ਗੁਲਾਬ ਸਿੰਘ ਆਦਿ ਵਿਦਵਾਨਾਂ ਦੇ ਨਾਮ ਪ੍ਰਮੁੱਖ ਤੌਰ 'ਤੇ ਲਏ ਜਾ ਸਕਦੇ ਹਨ। ਗੁਰਬਾਣੀ ਦੀ ਵਿਆਖਿਆ ਲਈ ਪ੍ਰਚਲਤ ਸਾਰੀਆਂ ਪ੍ਰਣਾਲੀਆਂ ਵਿਚੋਂ ਨਿਰਮਲਿਆਂ ਨੇ ਵੱਡੀ ਗਿਣਤੀ ਵਿਚ ਟੀਕੇ ਕੀਤੇ ਹਨ। "ਗੁਰਬਾਣੀ ਦੇ ਸਮੁੱਚੇ ਟੀਕਾ ਸਾਹਿਤ ਵਿਚ ਪੰਜਾਬੀ, ਹਿੰਦੀ ਅਤੇ ਸੰਸਕ੍ਰਿਤ ਵਿਚ ਕੀਤੇ ਟੀਕਿਆਂ ਵਿਚ ਸਭ ਤੋਂ ਵੱਧ ਯੋਗਦਾਨ ਨਿਰਮਲੇ ਵਿਦਵਾਨਾਂ ਦਾ ਆਖਿਆ ਜਾ ਸਕਦਾ ਹੈ। ਉਨ੍ਹਾਂ ਵਿਚੋਂ ਜਪੁਜੀ ਦੇ ਤੀਹ ਟੀਕੇ ਪ੍ਰਯਾਯ ਆਦਿ ਇਨ੍ਹਾਂ ਵਿਦਵਾਨਾਂ ਦੇ ਮਿਲਦੇ ਹਨ"।[4]

ਨਿਰਮਲ ਸੰਪ੍ਰਦਾਇ ਵਲੋਂ ਗੁਰਬਾਣੀ ਵਿਆਖਿਆ ਦੇ ਯਤਨ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਸ਼ੁਰੂ ਹੋ ਗਏ ਸਨ ਪਰੰਤੂ ਇਨ੍ਹਾਂ ਨੇ ਲਿਖਤੀ ਰੂਪ ਬਾਅਦ ਵਿਚ ਧਾਰਿਆ ਹੈ। ਨਿਰਮਲ ਸੰਪ੍ਰਦਾਇ ਦੇ ਹੋਂਦ ਵਿਚ ਆਉਣ ਦੇ ਸਮੇਂ ਬਾਰੇ ਵਿਦਵਾਨਾਂ ਦੀ ਇਕ ਰਾਇ ਨਹੀਂ ਬਣ ਸਕੀ ਹੈ। ਨਿਰਮਲ ਪਰੰਪਰਾ ਨਾਲ ਜੁੜੇ ਵਿਦਵਾਨ ਇਹ ਮੰਨਦੇ ਹਨ ਕਿ ਇਸ ਪਰੰਪਰਾ ਦਾ ਆਰੰਭ ਗੁਰੂ ਨਾਨਕ ਜੀ ਤੋਂ ਹੋ ਗਿਆ ਸੀ। ਇਸ ਸੰਪ੍ਰਦਾਇ ਦਾ ਆਰੰਭ ਗੁਰੂ ਨਾਨਕ ਕਾਲ ਤੋਂ ਮੰਨ ਕੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਲਿਖਦੇ ਹਨ ਕਿ "ਸਤਿਗੁਰੂ ਨਾਨਕ ਦੇਵ ਜੀ ਦਾ ਨਿਰਮਲ ਪੰਥ ਮਨੁੱਖਤਾ ਦੀ ਕਲਿਆਣ ਵਾਸਤੇ ਪੰਜ ਸੋ ਵਰਸ਼ ਤੋਂ ਧਰਮ ਪ੍ਰਚਾਰ ਅਤੇ ਪ੍ਰਸਾਰ ਦੀ ਸੇਵਾ ਕਰਦਾ ਆ ਰਿਹਾ ਹੈ।[5] ਪਿਆਰਾ ਸਿੰਘ ਪਦਮ ਦੀ ਰਾਇ ਹੈ ਕਿ "ਜੋ ਪ੍ਰਮਾਣ ਗਿਆਨੀ ਗਿਆਨ ਸਿੰਘ ਦੀ 'ਨਿਰਮਲ ਪੰਥ ਪ੍ਰਦੀਪਕਾ' ਤੋਂ ਲੈ ਕੇ ਹੁਣ ਤੱਕ ਦੇ ਨਿਰਮਲੇ ਲਿਖਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਵਾਰਾਂ ਭਾਈ ਗੁਰਦਾਸ ਆਦਿ ਵਿਚੋਂ ਲੈ ਕੇ ਨਿਰਮਲ ਸੰਪ੍ਰਦਾ ਲਈ ਵਰਤਦੇ ਰਹੇ ਹਨ, ਉਹ ਨ ਕਾਲ-ਸੰਗਤ ਹਨ ਤੇ ਨ ਹੀ ਤਰਕ-ਸੰਗਤ ਕਿਉਂਕਿ ਨਿਰਮਲ ਭੇਖ ਅਠਾਰਵੀਂ ਸਦੀ ਦੇ ਅੰਤਮ ਦਹਾਕਿਆਂ ਵਿਚ ਉਜਾਗਰ ਹੋਇਆ ਹੈ"[6] ਗੁਰਬਾਣੀ ਵਿਚ ਵਰਤੇ ਗਏ ਨਿਰਮਲ ਸ਼ਬਦ ਦੇ ਅਰਥ ਭਾਈ ਕਾਨ੍ਹ ਸਿੰਘ ਨਾਭਾ ਨੇ ਮੈਲ ਰਹਿਤ, ਸ਼ੁੱਧ ਵਜੋਂ ਕੀਤੇ ਹਨ ਅਤੇ ਇਸਦੀ ਸੰਗਯਾ ਪਾਰਬ੍ਰਹਮ ਕਰਤਾਰ ਨਾਲ ਕੀਤੀ ਹੈ।[7] ਇਸ ਤੋਂ ਇਲਾਵਾ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਆਏ ਨਿਰਮਲ ਨਿਰਮਲ ਪੰਥ[8] ਭਾਵ ਸਿੱਖ-ਪੰਥ ਤੋਂ ਲਿਆ ਜਾਂਦਾ ਹੈ ਜਿਸਦਾ ਨਿਰਮਲ ਸੰਪ੍ਰਦਾਇ ਇਕ ਹਿਸਾ ਹੈ। "ਨਿਰਮਲਿਆਂ ਦੇ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਸ਼ੁਰੂ ਹੋਣ ਵਾਲੇ ਵਿਚਾਰ ਦੀ ਇਤਿਹਾਸਕ ਪੁਸ਼ਟੀ ਨਹੀਂ ਹੁੰਦੀ ਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਮੁੱਢਲੇ ਸ੍ਰੋਤਾਂ ਵਿਚ ਆਇਆ ਪਦ 'ਨਿਰਮਲ ਸੰਪ੍ਰਦਾਇ' ਦੇ ਵਿਸ਼ੇਸ਼ ਅਰਥ ਦਿੰਦਾ ਹੈ ਅਤੇ ਨਾ ਹੀ ਇਸ ਵਿਚਾਰ ਦੀ ਪੁਸ਼ਟੀ ਵਾਸਤੇ ਰਵਾਇਤਾਂ ਤੇ ਸ਼ਜਰੇ ਹੀ ਸਹਾਇਕ ਸਿੱਧ ਹੁੰਦੇ ਹਨ।"[9] ਪ੍ਰਮੁੱਖ ਸਿੱਖ ਚਿੰਤਕ ਖਾਸ ਕਰਕੇ ਤਾਰਨ ਸਿੰਘ[10] ਅਤੇ ਅਤੇ ਭਾਈ ਕਾਨ੍ਹ ਸਿੰਘ ਨਾਭਾ ਨਿਰਮਲ ਸੰਪ੍ਰਦਾਇ ਦਾ ਆਰੰਭ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਮੰਨਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘ (ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਸੋਭਾ ਸਿੰਘ) ਨੂੰ ਬ੍ਰਹਮਚਾਰੀ ਦੇ ਭੇਸ

---

[1] ਤਾਰਨ ਸਿੰਘ (1981) "ਨਿਰਮਲ ਸੰਪ੍ਰਦਾਇ ਦੀ ਟੀਕਾ ਪੱਧਤੀ" *ਨਿਰਮਲ ਸੰਪ੍ਰਦਾਇ*, ਸੰਪਾ. ਪ੍ਰੀਤਮ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ:274

[2] ਉਹੀ, ਪੰਨਾ:274

[3] ਹਰਮਿੰਦਰ ਸਿੰਘ ਸੋਢੀ (1984) "ਗੁਰਬਾਣੀ ਦੀ ਹਿੰਦੀ ਟੀਕਾਕਾਰੀ", *ਟੀਕਾਕਾਰੀ, ਇਤਿਹਾਸਕਾਰੀ, ਤੇ ਪੱਤਰਕਾਰੀ,* ਤੀਜੀ ਪੰਜਾਬੀ ਵਿਕਾਸ ਕਾਨਫਰੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ:194

[4] ਸੁਰਿੰਦਰ ਸਿੰਘ ਸ਼ੇਰਗਿੱਲ (1985) *ਪੰਡਤ ਤਾਰਾ ਸਿੰਘ ਨਰੋਤਮ ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ:103

[5] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ (2009) *ਨਿਰਮਲ ਪੰਥ ਦੀ ਗੌਰਵ ਗਾਥਾ*, ਸ੍ਰੀ ਮਾਨ ੧੦੮ ਮਹੰਤ ਬਲਵੰਤ ਸਿੰਘ ਸੈਕਟਰੀ, ਹਰਿਦੁਆਰ, ਪੰਨਾ:13

[6] ਪਿਆਰਾ ਸਿੰਘ ਪਦਮ (2000) *ਸਿੱਖ ਸੰਪ੍ਰਦਾਵਲੀ*, ਕਲਗੀਧਰ ਕਲਮ ਫਾਊਂਡੇਸ਼ਨ, ਪਟਿਆਲਾ, ਪੰਨੇ:55-56

[7] ਭਾਈ ਕਾਨ੍ਹ ਸਿੰਘ ਨਾਭਾ (1999) *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪਟਿਆਲਾ,ਪੰਨਾ:712

[8] ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ, ਵਾਰ ੧, ਪਉੜੀ ੪੫

[9] ਰਾਇ ਜਸਬੀਰ ਸਿੰਘ (1981) "ਨਿਰਮਲ ਭੇਖ ਦਾ ਆਰੰਭ" *ਨਿਰਮਲ ਸੰਪ੍ਰਦਾਇ*, ਸੰਪਾ. ਪ੍ਰੀਤਮ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ:37

[10] ਤਾਰਨ ਸਿੰਘ (1997) *ਉਹੀ,* ਪੰਨਾ:7

ਵਿਚ ਸੰਸਕ੍ਰਿਤ ਵਿਦਿਆ ਪੜ੍ਹਨ ਲਈ ਕਾਸ਼ੀ ਭੇਜਿਆ ਸੀ, ਉਨ੍ਹਾਂ ਦੀ 'ਨਿਰਮਲੇ' ਸੰਗਯਾ ਹੋਈ, ਇਨ੍ਹਾਂ ਪੰਜਾਂ ਦੇ ਚਾਟੜੇ ਜੋ ਨਿਰਮਲ ਵਸਤ੍ਰ ਪਹਿਨ, ਸ਼ਾਂਤਚਿੱਤ ਰਹਿ ਕੇ ਵਿਦਯਾ ਅਰ ਨਾਮ ਦਾ ਅਭਿਆਸ, ਅਤੇ ਧਰਮ ਪ੍ਰਚਾਰ ਕਰਦੇ ਰਹੇ ਹਨ।[1] ਉਹ ਉਹ ਸਭ ਨਿਰਮਲੇ ਸੱਦੇ ਜਾਂਦੇ ਹਨ, ਸਿੱਖ ਕੌਮ ਵਿਚ ਨਿਰਮਲੇ ਸਾਧੂ ਵਿਦਆ ਦੇ ਪ੍ਰੇਮੀ ਅਤੇ ਵਿਚਾਰਵਾਨ ਹਨ। ਨਿਰਮਲ ਸੰਪ੍ਰਦਾਦਿ ਦੇ ਲੇਖਕਾਂ ਨੇ ਜੋ ਸਾਹਿਤ ਸਿਰਜਨਾ ਕੀਤੀ ਹੈ ਜੇਕਰ ਉਸ ਸਾਹਿਤ ਦੇ ਇਤਿਹਾਸ ਨੂੰ ਲੜੀਵਾਰ ਵੇਖਿਆ ਜਾਵੇ ਤਾਂ ਸੰਮਤ 1810 ਬਿ.(1763) ਤੱਕ ਅਜਿਹਾ ਸਾਹਿਤ ਨਹੀਂ ਮਿਲਦਾ ਜਿਸਨੂੰ ਨਿਸਚਿਤ ਢੰਗ ਨਾਲ ਸਿੱਧ ਕੀਤਾ ਜਾ ਸਕੇ ਕਿ ਇਹ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਦਾ ਲਿਖਿਆ ਹੋਇਆ ਹੈ।[2] ਇਤਿਹਾਸਕ ਅਤੇ ਸਾਹਿਤਕ ਹਵਾਲਿਆਂ ਤੋਂ ਪਤਾ ਚੱਲਦਾ ਹੈ ਕਿ ਨਿਰਮਲ ਸੰਪ੍ਰਦਾਇ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਗੁਰਬਾਣੀ ਦੀਆਂ ਕਈ ਵਿਆਖਿਆ ਪ੍ਰਣਾਲੀਆਂ[3] ਵਿਕਸਤ ਹੋ ਚੁੱਕੀਆਂ ਸਨ।

ਗੁਰਬਾਣੀ ਦੀ ਟੀਕਾਕਾਰੀ ਦੇ ਖੇਤਰ ਵਿਚ ਨਿਰਮਲ ਸੰਪਰਦਾਇ ਦੇ ਵਿਦਵਾਨਾਂ (ਸਿੱਖ ਪੰਡਿਤਾਂ) ਨੇ ਇਤਿਹਾਸਕ ਯੋਗਦਾਨ ਪਾ ਕੇ ਆਪਣੀ ਵਿਲੱਖਣ ਪਛਾਣ ਕਾਇਮ ਕੀਤੀ ਹੈ। ਇਨ੍ਹਾਂ ਦੀ ਵਿਆਖਿਆ ਨੂੰ ਸਿੱਖ ਚਿੰਤਕਾਂ ਨੇ ਗੁਰਬਾਣੀ ਦੀ ਸੁਤੰਤਰ ਵਿਆਖਿਆ ਪ੍ਰਣਾਲੀ ਵਜੋਂ ਸਵਿਕਾਰ ਕੀਤਾ ਹੈ।[4] ਇਨ੍ਹਾਂ ਦੀ ਵਿਚਾਰਧਾਰਾ ਜਾਂ ਵਿਧੀ ਨਾਲ ਕਿਸੇ ਦਾ ਮੱਤਭੇਦ ਹੋ ਸਕਦਾ ਹੈ ਲੇਕਿਨ ਇਹ ਮੰਨਣਾ ਪੈਂਦਾ ਹੈ ਕਿ ਭਾਰਤੀ ਧਾਰਮਿਕ ਅਧਿਐਨ ਪਰੰਪਰਾ ਵਿਚ ਗੁਰੂ ਨਾਨਕ ਮੱਤ ਦਾ ਗੌਰਵ ਸਥਾਪਤ ਕਰਨਾ ਇਨ੍ਹਾਂ ਦਾ ਕੰਮ ਸੀ। ਉਸ ਸਮੇਂ ਗੁਰੂ ਨੂੰ ਉੱਚੇ ਰਿਸ਼ੀਆਂ ਮੁਨੀਆਂ ਸਮਾਨ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਪੰਚਮ ਵੇਦ ਸਿੱਧ ਕਰਨਾ ਹੀ ਆਖਰੀ ਪਉੜੀ ਸਮਝੀ ਜਾਂਦੀ ਸੀ, ਇਹ ਉਸ ਸਮੇਂ ਦੇ ਪ੍ਰਤਿਮਾਨ ਸਨ।[5] ਨਿਰਮਲੇ ਸਾਧੂਆਂ ਦਾ ਮਕਸਦ ਜਿਥੇ ਗੁਰੂ ਸਿਧਾਂਤਾਂ ਦਾ ਪ੍ਰਚਾਰ ਅਤੇ ਪਸਾਰ ਕਰਨਾ ਸੀ ਉਥੇ ਇਨ੍ਹਾਂ ਨੇ ਇਹ ਧਾਰਨਾ ਬਣਾਈ ਹੋਈ ਸੀ ਕਿ ਭਾਰਤ ਦੀ ਧਾਰਮਿਕ ਪਰੰਪਰਾ ਵਿਚ ਸਿੱਖੀ ਨੂੰ ਬਣਦਾ ਸਥਾਨ ਦਿਵਾਉਣਾ ਹੈ। ਸੰਸਕ੍ਰਿਤ ਪੁਰਾਤਨ ਭਾਰਤੀ ਧਰਮ, ਖਾਸ ਕਰਕੇ ਬ੍ਰਾਹਮਣਾਂ ਅਤੇ ਪਰੋਹਤ ਵਰਗ ਦੀ ਭਾਸ਼ਾ ਰਹੀ ਹੈ। ਪੁਰਾਤਨ ਭਾਰਤੀ ਪਰੰਪਰਾ ਵਿਚ, ਸੰਸਕ੍ਰਿਤ ਨੂੰ ਜਾਣਨ ਸਮਝਣ ਵਾਲੇ ਨੂੰ ਹੀ ਧਾਰਮਿਕ ਵਿਅਕਤੀ ਮੰਨਿਆ ਜਾਂਦਾ ਸੀ। ਨਿਰਮਲੇ ਸਿੱਖਾਂ ਨੇ ਇਸ ਮਿੱਥ ਨੂੰ ਤੋੜਿਆ ਅਤੇ ਇਨ੍ਹਾਂ ਨੇ ਨਾ ਸਿਰਫ ਸੰਸਕ੍ਰਿਤ ਭਾਸ਼ਾ ਦਾ ਗਿਆਨ ਹਾਸਲ ਕੀਤਾ ਬਲਕਿ ਸੰਸਕ੍ਰਿਤ ਵਿਚ ਰਚੇ ਸਾਹਿਤ ਦਾ ਵੀ ਅਧਿਐਨ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਇਹ ਸੰਸਕ੍ਰਿਤ ਵਿਚ ਕਿੰਨੇ ਨਿਪੁੰਨ ਸਨ ਇਸਦਾ ਪਤਾ ਇਨ੍ਹਾਂ ਵਲੋਂ ਰਚੇ ਸਾਹਿਤ ਤੋਂ ਸਹਿਜੇ ਹੀ ਲੱਗ ਜਾਂਦਾ ਹੈ।

ਨਿਰਮਲੇ ਸਿੱਖਾਂ ਨੇ ਸੰਸਕ੍ਰਿਤ ਵਿਚ ਨਿਪੁੰਨ ਹੋ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਸਿੱਖ ਵਿਦਵਾਨ ਬ੍ਰਾਹਮਣਾਂ ਨਾਲੋਂ ਕਿਸੇ ਪੱਖੋਂ ਵੀ ਘੱਟ ਨਹੀਂ ਹਨ। ਦਿਲਚਪਸ ਤੱਥ ਇਹ ਵੀ ਹੈ ਕਿ ਕਈ ਨਿਰਮਲੇ ਸਿੱਖਾਂ ਨੇ ਆਪਣੇ ਨਾਵਾਂ ਨਾਲ ਪੰਡਿਤ ਲਗਾਇਆ ਹੈ। ਜਿਵੇਂ ਪੰਡਿਤ ਗੁਲਾਬ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ ਅਤੇ ਇਨ੍ਹਾਂ ਦੇ ਗੁਰਭਾਈ ਪੰਡਿਤ ਸਾਧੂ ਸਿੰਘ ਪਟਿਆਲੇ ਵਾਲੇ, ਪੰਡਿਤ ਦੇਵਾ ਸਿੰਘ ਜੀ ਦੇਵਪੁਰਾ, ਪੰਡਿਤ ਆਤਮਾ ਸਿੰਘ ਜੀ ਸ਼ਾਹਪੁਰ, ਪੰਡਿਤ ਹਰਦੇਵ ਸਿੰਘ ਜੀ ਰਿਸ਼ੀਕੇਸ਼, ਪੰਡਿਤ ਈਸ਼ਰ ਸਿੰਘ ਜੀ ਕਾਸ਼ੀ, ਪੰਡਿਤ ਹਰ ਸਿੰਘ ਜੀ ਨਰੋਤਮ, ਪੰਡਿਤ ਗੋਬਿੰਦ ਸਿੰਘ ਜੀ, ਪੰਡਿਤ ਗੁਰਦਿੱਤ ਸਿੰਘ, ਪੰਡਿਤ ਅਰਜਨ ਸਿੰਘ ਜੀ ਮੁਨੀ, ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ, ਪੰਡਿਤ ਹਕੀਕਤ ਸਿੰਘ ਜੀ ਅਰਵਿੰਦ ਪੰਡਿਤ ਸਿਆਮ ਸਿੰਘ ਤੋਂ ਇਲਾਵਾ ਕਈਆਂ ਨੇ ਆਪਣੇ ਨਾਵਾਂ ਨਾਲ ਸੁਆਮੀ, ਮਹੰਤ ਆਦਿ ਸ਼ਬਦ ਲਗਾਏ ਹਨ ਜੋ ਰਵਾਇਤੀ ਧਰਮ ਦੇ ਸੂਚਕ ਹਨ।[6] ਸੰਸਕ੍ਰਿਤ ਅਧਿਐਨ ਦਾ ਇਹ ਪ੍ਰਭਾਵ ਨਿਰਮਲਿਆਂ ਦੇ ਨਾਵਾਂ ਤੱਕ ਹੀ ਸੀਮਤ ਨਹੀਂ ਸੀ ਬਲਕਿ ਇਸਦਾ ਅਸਰ ਇਨ੍ਹਾਂ ਵਲੋਂ ਗੁਰਬਾਣੀ ਦੀ ਵਿਆਖਿਆ ਉੱਤੇ ਵੀ ਪਿਆ ਹੈ। ਕਈ ਵਿਦਵਾਨਾਂ ਨੇ ਇਹ ਸ਼ੰਕਾ ਉਠਾਈ ਹੈ ਕਿ ਨਿਰਮਲੇ ਪੰਡਿਤਾਂ ਨੇ ਗੁਰਮਤਿ ਨੂੰ ਨਿਰਾ ਵੇਦਾਂਤ ਬਣਾ ਕੇ ਪੇਸ਼ ਕੀਤਾ ਹੈ ਅਤੇ ਨਿਰੋਲ ਸਨਾਤਨੀ ਮਾਪ-ਦੰਡਾਂ ਦਾ ਆਸਰਾ ਲੈ ਕੇ ਕੇਵਲ

---

[1] ਭਾਈ ਕਾਨ੍ਹ ਸਿੰਘ ਨਾਭਾ (1999) ਉਹੀ, ਪੰਨਾ:712

[2] ਸੁਰਿੰਦਰ ਸਿੰਘ ਸ਼ੇਰਗਿੱਲ (1985) ਉਹੀ, ਪੰਨਾ:3

[3] ਵਿਸਥਾਰ ਲਈ ਤਾਰਨ ਸਿੰਘ ਦੀ ਪੁਸਤਕ ਵੇਖੀ ਜਾ ਸਕਦੀ ਹੈ।

[4] ਤਾਰਨ ਸਿੰਘ (1997) ਉਹੀ।

[5] ਪਿਆਰਾ ਸਿੰਘ ਪਦਮ (2000) ਉਹੀ ਪੰਨਾ:61

[6] ਨਾਵਾਂ ਬਾਰੇ ਇਹ ਜਾਣਕਾਰੀ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੀ ਪੁਸਤਕ *ਨਿਰਮਲ ਪੰਥ ਦੀ ਗੌਰਵ ਗਾਥਾ* 'ਤੇ ਅਧਾਰਿਤ ਹੈ। ਇਹ ਉਹ ਸ਼ਖਸੀਅਤਾਂ ਹਨ ਜਿਨ੍ਹਾਂ ਨੇ ਗੁਰਬਾਣੀ ਵਿਆਖਿਆ ਅਤੇ ਸਾਹਿਤਕ ਖੇਤਰ ਵਿਚ ਯੋਗਦਾਨ ਪਾਇਆ ਹੈ।

ਬੌਧਿਕ ਕ੍ਰੀੜਾ ਦਿਖਾਈ ਹੈ। ਇਹ ਇਤਰਾਜ਼ ਕੁਝ ਹੱਦ ਤੱਕ ਠੀਕ ਹੋ ਸਕਦੇ ਹਨ ਲੇਕਿਨ ਇਹ ਵੀ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਉਨ੍ਹਾਂ ਕਿਸ ਕਿਸਮ ਦੇ ਵਾਤਾਵਰਨ ਵਿਚ ਕੰਮ ਕੀਤਾ ਹੈ। ਉਨ੍ਹਾਂ ਦੇ ਆਲੇ-ਦੁਆਲੇ ਬਾਕੀ ਸਾਧੂ ਸਮਾਜ ਕਿਸ ਰੰਗ ਵਿਚ ਵਿਚਰ ਰਿਹਾ ਸੀ ਅਤੇ ਉਹ ਹਰਿਦੁਆਰ, ਬਨਾਰਸ ਜਾਂ ਪ੍ਰਯਾਗ ਬੈਠ ਕੇ ਭਾਰਤੀ ਪਰੰਪਰਾ ਤੋਂ ਕਿੰਨਾ ਕੁ ਅਭਿਜ ਰਹਿ ਸਕਦੇ ਸਨ।[1] ਨਿਰਮਲੇ ਵਿਦਵਾਨਾਂ ਵਲੋਂ ਗੁਰਬਾਣੀ ਦੇ ਕੀਤੇ ਟੀਕਿਆਂ 'ਤੇ ਸਰਸਰੀ ਨਜ਼ਰ ਮਾਰੀ ਜਾਵੇ ਤਾਂ ਇਨ੍ਹਾਂ 'ਤੇ ਸੰਸਕ੍ਰਿਤਕ ਨਿਹਚੇਵਾਦ (determinism) ਅਤੇ ਇਸਦੀ ਵਿਚਾਰਧਾਰਾ ਦਾ ਪ੍ਰਭਾਵ ਸਹਿਜੇ ਹੀ ਵੇਖਿਆ ਜਾ ਸਕਦਾ ਹੈ।

ਨਿਰਮਲੇ ਵਿਦਵਾਨਾਂ ਨੇ ਗੁਰਬਾਣੀ ਦੇ ਟੀਕਿਆਂ ਵਿਚ ਸ਼ਬਦਾਂ ਨੂੰ ਅਨੇਕ ਅਰਥਾਂ ਵਿਚ ਵਰਤਿਆ ਹੈ। ਸਿੱਖ ਧਰਮ ਦੇ ਮੂਲ ਚਿੰਨ੍ਹ ੴ ਨੂੰ ਇਨ੍ਹਾਂ ਨੇ ਪੁਰਾਤਨ ਪਰੰਪਰਾ ਵਿਚ ਪੇਸ਼ ਕੀਤਾ ਹੈ। ਸੰਸਕ੍ਰਿਤ ਭਾਸ਼ਾ ਦੇ ਗਿਆਨ ਮੁਤਾਬਕ ਇਸਦੇ ਪਦ-ਛੇਦ ਕਰਕੇ ਅਨੇਕ ਅਰਥ ਕੱਢੇ ਗਏ ਹਨ। ਇਨ੍ਹਾਂ ਟੀਕਿਆਂ 'ਤੇ ਸੰਸਕ੍ਰਿਤ ਸਾਹਿਤ ਦੀਆਂ ਵਿਧੀਆਂ ਨੂੰ ਆਧਾਰ ਬਣਾਇਆ ਗਿਆ ਹੈ। ਸੰਸਕ੍ਰਿਤ ਦਾ ਗਿਆਨ ਗੁਰਬਾਣੀ ਨੂੰ ਸਮਝਣ ਲਈ ਜ਼ਰੂਰੀ ਹੈ ਪ੍ਰੰਤੂ ਇਹ ਵੀ ਧਿਆਨ ਰੱਖਣ ਦੀ ਜ਼ਰੂਰਤ ਹੈ ਕਿ ਗੁਰਮਤਿ ਦੇ ਸਿਧਾਤਾਂ ਅਤੇ ਸ਼ਬਦ ਗੁਰੂ ਸਾਹਿਬਾਨ ਦੀ ਵਿਲੱਖਣ ਟਕਸਾਲ ਦੀ ਉਪਜ ਹਨ। ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਟੀਕਾਕਾਰੀ ਨੂੰ ਸਹੀ ਸੰਦਰਭ ਵਿਚ ਸਮਝਣ ਲਈ ਸਿੱਖ ਪਛਾਣ ਬਾਰੇ ਸਪਸ਼ਟ ਹੋਣ ਦੀ ਲੋੜ ਹੈ। ਇਸ ਸੰਬੰਧ ਵਿਚ ਇਹ ਸਵਾਲ ਗੰਭੀਰ ਵਿਚਾਰ ਦੀ ਮੰਗ ਕਰਦਾ ਹੈ ਕਿ ਕੀ ਸਿੱਖ ਧਰਮ ਪ੍ਰਾਚੀਨ ਭਾਰਤ ਦੀ ਪਰੰਪਰਾ ਦਾ ਹੀ ਵਿਸਥਾਰ ਹੈ ਜਾਂ ਇਸਦੀ ਕੋਈ ਵਿਲੱਖਣ ਪਛਾਣ ਹੈ ? ਸਿੱਖੀ ਦੀ ਵਿਲੱਖਣ ਪਛਾਣ ਤੋਂ ਅੱਜ ਸ਼ਾਇਦ ਹੀ ਕੋਈ ਵਿਦਵਾਨ ਮੁਨਕਰ ਹੋਵੇ ਕਿਉਂਕਿ ਦੁਨੀਆ ਪੱਧਰ 'ਤੇ ਹੁਣ ਵੱਖਰੀ ਪਛਾਣ ਨੂੰ ਮਾਨਤਾ ਮਿਲ ਰਹੀ ਹੈ। ਨਿਰਮਲੇ ਵਿਦਵਾਨਾਂ ਨੇ ਜਦੋਂ ਗੁਰਬਾਣੀ ਟੀਕਾਕਾਰੀ ਦੇ ਕਾਰਜ ਆਰੰਭੇ ਸਨ ਉਸ ਸਮੇਂ ਸਿੱਖ ਧਰਮ ਦੀ ਵਿਲੱਖਣ ਪਛਾਣ ਦਾ ਮਸਲਾ ਅੱਜ ਦੀ ਤਰ੍ਹਾਂ ਸਪਸ਼ਟ ਰੂਪ ਵਿਚ ਸਿੱਖ ਵਿਦਵਾਨਾਂ ਦੇ ਸਾਹਮਣੇ ਨਹੀਂ ਸੀ ਭਾਵੇਂ ਕਿ ਗੁਰੂ ਸਾਹਿਬਾਨ ਨੇ ਮੁੱਢ ਵਿਚ ਹੀ ਸਿੱਖੀ ਦੀ ਵਿਲੱਖਣਤਾ ਦੇ ਨਕਸ਼ ਉਭਾਰ ਦਿੱਤੇ ਸਨ ਅਤੇ ਮਜਬੂਤ ਰੂਹਾਨੀ ਆਧਾਰ 'ਤੇ ਸਿੱਖ ਧਰਮ ਦੀ ਬੁਨਿਆਦ ਰੱਖੀ ਸੀ।

ਸਿੱਖ ਧਰਮ ਦੇ ਮੂਲ ਚਿੰਨ੍ਹ ੴ ਨੂੰ ਗੁਰੂ ਨਾਨਕ ਸਾਹਿਬ ਦੀ ਸਿੱਖ ਭਾਈਚਾਰੇ ਲਈ ਵਿਸ਼ੇਸ਼ ਭੇਂਟ ਮੰਨਣਾ ਚਾਹੀਦਾ ਹੈ। ਇਹ ਓਮ ਤੋਂ ਵਿਲੱਖਣ ਅਤੇ ਨਵਾਂ ਹੈ ਅਤੇ ਇਸ ਚਿੰਨ੍ਹ ਦੀ ਵਿਆਖਿਆ ਗੁਰਮਤਿ ਦੀ ਵਿਚਾਰਧਾਰਾ ਮੁਤਾਬਿਕ ਹੋਣੀ ਚਾਹੀਦੀ ਹੈ। ਗੁਰੂ ਨਾਨਕ ਸਾਹਿਬ ਨੇ ਓ ਦੇ ਨਾਲ ੧ ਹੀ ਨਹੀਂ ਲਗਾਇਆ ਹੈ ਬਲਕਿ ੴ ਆਪਣੇ ਆਪ ਵਿਚ ਮੁਕੰਮਲ[2] ਹੈ ਇਥੇ ੧ ਦਾ ਓ ਨਾਲ ਸੰਬੰਧ ਅਟੁੱਟ ਅਤੇ ਵਿਲੱਖਣ ਹੈ ਕਿਉਂਕਿ ੴ ਇਕ ਹੈ ਜੋ ਸੱਚ ਹੈ ਇਸ ਤੋਂ ਸਵਾਏ ਹੋਰ ਕੋਈ ਨਹੀਂ ਹੈ ਕਿਉਂਕਿ ਸਭ ਇਸਦਾ ਹੀ ਪਸਾਰਾ ਹੈ। ਸਿੱਖ ਪਛਾਣ ਦੇ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਗੁਰਬਾਣੀ ਦੇ ਸੰਕਲਪਾਂ ਅਤੇ ਸਿਧਾਂਤਾਂ ਦੀ ਕਿਸੇ ਵਿਸ਼ੇਸ਼ ਧਰਮ ਵਿਚ ਪ੍ਰਚਲਿਤ ਰਹੀ ਵਿਚਾਰਧਾਰਾ ਨਾਲ ਕੀਤੀ ਵਿਆਖਿਆ ਇਸਦੇ ਸੱਚ ਤਕ ਨਹੀਂ ਜਾ ਸਕਦੀ ਅਤੇ ਨਾ ਹੀ ਇਸ ਲਈ ਇਕੋ ਭਾਸ਼ਾਈ ਦ੍ਰਿਸ਼ਟੀਕੋਣ ਲਾਗੂ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਗੁਰਬਾਣੀ ਦਾ ਆਪਣਾ ਵਿਲੱਖਣ ਸੰਸਾਰ ਹੈ। ਗੁਰਬਾਣੀ ਦੇ ਸੰਦੇਸ਼ ਨੂੰ ਵਿਹਾਰ ਵਿਚ ਲਾਗੂ ਕਰਨ ਲਈ ਨਵੇਂ ਸਮਾਜ ਦੀ ਲੋੜ ਵਿਚੋਂ ਸਿੱਖ ਭਾਈਚਾਰਾ ਹੋਂਦ ਵਿਚ ਆਇਆ ਹੈ ਅਤੇ ਇਸਨੂੰ ਤਾਜ਼ਗੀ ਬਖਸ਼ਣ ਲਈ ਇਸਦੀਆਂ ਸੰਸਥਾਵਾਂ ਦੀ ਸਥਾਪਨਾ ਹੋਈ ਹੈ ਜਿਨ੍ਹਾਂ ਨੇ ਸਿੱਖ ਸਭਿਆਚਾਰ ਦੀ ਸਿਰਜਨਾ ਕੀਤੀ ਹੈ। ਸਿੱਖੀ ਦੀ ਨਿਆਰੀ ਹੋਂਦ ਦਾ ਆਧਾਰ ਇਸਦੀ ਵਿਚਾਰਧਾਰਾ ਹੈ। ਵਿਚਾਧਾਰਕ ਪੱਖ ਤੋਂ ਵੇਖਿਆ ਜਾਵੇ ਤਾਂ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਵਲੋਂ ਕੀਤੀ ਗੁਰਬਾਣੀ ਦੀ ਵਿਆਖਿਆ ਵਿਚ ਸਿੱਖ ਪਛਾਣ (identity) ਦੇ ਮਸਲੇ 'ਤੇ ਵਿਚਾਰਧਾਰਕ ਸਪਸ਼ਟਤਾ ਦੀ ਘਾਟ ਨਜ਼ਰ ਆ ਰਹੀ ਹੈ। ਇਸਦੇ ਬਾਵਜੂਦ ਵੀ ਨਿਰਮਲ ਸੰਪ੍ਰਦਾਇ ਵਲੋਂ ਗੁਰਬਾਣੀ ਦੀ ਟੀਕਾਕਾਰੀ ਦੇ ਖੇਤਰ ਵਿਚ ਇਤਿਹਾਸਕ ਯੋਗਦਾਨ ਪਾਇਆ ਗਿਆ ਹੈ।

ਸਿੱਖ ਪਛਾਣ ਬਾਰੇ ਜਿੰਨੀ ਸ਼ਿਦੱਤ ਅਤੇ ਸਿਧਾਂਤਕ ਸਪਸ਼ਟਤਾ ਨਾਲ ਅਜੋਕੇ ਸਮੇਂ ਵਿਚ ਚਰਚਾ ਹੋ ਰਹੀ ਹੈ ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆ ਵਿਚ ਇਹ ਮਸਲਾ ਘੱਟ ਉਭਰ ਕੇ ਸਾਹਮਣੇ ਆਇਆ ਹੈ। ਇਸਦੇ ਬਾਵਜੂਦ ਵੀ ਇਨ੍ਹਾਂ ਦੇ ਕਾਰਜ ਗੁਰਬਾਣੀ ਦੀ ਟੀਕਾਕਾਰੀ ਲਈ ਲਾਹੇਬੰਦ ਸਾਬਤ ਹੋਏ ਹਨ ਅਤੇ ਭਵਿੱਖ ਵਿਚ ਵੀ ਇਨ੍ਹਾਂ ਦਾ ਮਹੱਤਵ ਬਣਿਆ ਰਹਿਣਾ ਹੈ। ਇਸਦਾ ਪਹਿਲਾ ਕਾਰਣ ਇਹ ਕਿ ਇਨ੍ਹਾਂ ਨੇ ਟੀਕੇ ਦੀ ਪਰੰਪਰਾ ਨੂੰ ਵਿਕਸਿਤ ਕੀਤਾ ਹੈ। ਦੂਸਰਾ ਇਨ੍ਹਾਂ ਨੇ ਗੁਰਬਾਣੀ ਦੀ ਭਾਰਤੀ ਖਾਸ ਕਰਕੇ ਸੰਸਕ੍ਰਿਤ ਦੀ ਪਰੰਪਰਾ ਨਾਲ ਤੁਲਨਾ ਕੀਤੀ ਹੈ ਜੋ ਗਿਆਨ ਦੀ ਪੁਰਾਤਨ ਪਰੰਪਰਾ ਨੂੰ ਸਮਝਣ ਲਈ ਸਹਾਈ ਹੋ ਸਕਦੀ ਹੈ। ਤੀਸਰਾ ਇਹ ਕਿ ਨਿਰਮਲਿਆਂ ਦੀ ਟੀਕਾਕਾਰੀ ਵਿਚ ਗੁਰਬਾਣੀ ਦੇ ਸਿਧਾਂਤਾਂ ਨੂੰ

---

[1] ਉਹੀ, ਪੰਨਾ: 62

[2] ਇਕ ਮਨਿ ਏਕੁ ਧਿਆਈਐ, ……., ਜੇ ਇਕੁ ਹੋਇ ਤ ਉਗਵੇ (ਸ੍ਰੀ ਗੁਰੂ ਗ੍ਰੰਥ ਸਾਹਿਬ: 47…468)

ਵਿਦਾਂਤ ਦੀ ਕਸਵੱਟੀ 'ਤੇ ਪਰਖਣ ਦਾ ਯਤਨ ਕੀਤਾ ਗਿਆ ਹੈ ਜਿਸ ਕਰਕੇ ਇਨ੍ਹਾਂ ਦੀ ਵਿਆਖਿਆ ਇਹ ਪ੍ਰਭਾਵ ਦਿੰਦੀ ਹੈ ਕਿ ਜਿਵੇਂ ਇਹ ਵੇਦਾਂਤ ਨਾਲ ਮੇਲ ਖਾਂਦੀ ਹੋਵੇ ਪਰੰਤੂ ਇਸਨੂੰ ਪੂਰੀ ਤਰ੍ਹਾਂ ਵੇਦਾਂਤਕ ਵੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਨਿਰਮਲੇ ਵਿਦਵਾਨਾਂ ਨੇ ਸਿੱਖ ਧਰਮ ਦੀ ਉਂਚਤਾ ਨੂੰ ਸਵੀਕਾਰ ਕੀਤਾ ਹੈ। ਚੌਥਾ ਇਹ ਕਿ ਨਿਰਮਲੇ ਵਿਦਵਾਨਾਂ ਦੀ ਟੀਕਾਕਾਰੀ ਵਿਚ ਭਾਵੇਂ ਸੰਸਕ੍ਰਿਤ ਪ੍ਰਤੀ ਉਲਾਰ ਪ੍ਰਵ੍ਰਿਤੀ ਵੇਖਣ ਨੂੰ ਮਿਲਦੀ ਹੈ ਪ੍ਰੰਤੂ ਇਹ ਗੁਰਬਾਣੀ ਵਿਚ ਵਰਤੀ ਗਈ ਸੰਸਕ੍ਰਿਤ ਦੀ ਸ਼ਬਦਾਵਲੀ ਅਤੇ ਇਸਦੇ ਪਿਛੋਕੜ ਵਿਚੋਂ ਆਏ ਸਬਦਾਂ ਦੀਆਂ ਪੈੜਾਂ ਨੱਪਣ ਲਈ ਖੋਜੀਆਂ ਦੀ ਮਦਦ ਕਰ ਸਕਦੀ ਹੈ। ਗੁਰਬਾਣੀ ਵਿਚ ਵਰਤੀਆਂ ਗਈਆਂ ਬਹੁਤੀਆਂ ਭਾਸ਼ਾਵਾਂ ਦਾ ਸੰਬੰਧ ਭਾਰਤੀ-ਯੂਰਪੀ ਪਰਿਵਾਰ ਨਾਲ ਹੈ ਜਿਨ੍ਹਾਂ ਨੂੰ ਸਮਝਣ ਲਈ ਸੰਸਕ੍ਰਿਤ ਦਾ ਗਿਆਨ ਹੋਣਾ ਜ਼ਰੂਰੀ ਹੈ। ਨਿਰਮਲ ਸੰਪ੍ਰਦਾਇ ਨੇ ਸੰਸਕ੍ਰਿਤ ਦੇ ਗਿਆਨ ਨਾਲ ਗੁਰਬਾਣੀ ਦੀ ਟੀਕਾਕਾਰੀ ਨੂੰ ਭਰਪੂਰ ਕੀਤਾ ਹੈ।

ਅਖੀਰ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਨਿਰਮਲ ਸੰਪ੍ਰਦਾਇ ਨੇ ਸਿੱਖ ਸਿਧਾਂਤਾਂ ਨੂੰ ਭਾਰਤੀ ਧਾਰਮਿਕ ਪਰੰਪਰਾ ਦੀ ਲਗਾਤਾਰਤਾ ਵਿਚ ਸਮਝਣ ਅਤੇ ਪ੍ਰਚਾਰਨ ਵਿਚ ਜੋ ਘਾਲਣਾ ਘਾਲੀ ਹੈ, ਉਸਦਾ ਮੁਲਾਂਕਣ ਅਤੇ ਵਿਸ਼ਲੇਸ਼ਣ ਕਰਨਾ ਗੁਰਬਾਣੀ ਦੀ ਵਿਆਖਿਕਾਰੀ ਨੂੰ ਸਮਝਣ ਲਈ ਜ਼ਰੂਰੀ ਹੈ। ਇਨ੍ਹਾਂ ਦਾ ਯੋਗਦਾਨ ਇਸ ਖੇਤਰ ਵਿਚ ਹੋਣ ਵਾਲੇ ਕਾਰਜਾਂ ਲਈ ਸਹਾਈ ਹੋ ਸਕਦਾ ਹੈ।

# ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਟੀਕਾਕਰੀ : ਵਿਲੱਖਣਤਾ ਅਤੇ ਵਿਸ਼ੇਸ਼ਤਾ

**ਡਾ. ਪਰਮਵੀਰ ਸਿੰਘ***

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸੰਦੇਸ਼ ਸੂਰਜ ਵਾਂਗ ਹੈ ਜੋ ਸਮੁੱਚੀ ਮਨੁੱਖਤਾ ਨੂੰ ਬਗ਼ੈਰ ਕਿਸੇ ਭੇਦਭਾਵ ਤੋਂ ਇਕ ਸਮਾਨ ਰੌਸ਼ਨੀ ਪ੍ਰਦਾਨ ਕਰਦਾ ਹੈ। ਇਸ ਧਰਮ ਗ੍ਰੰਥ ਦੀ ਸਿਰਜਨਾ ਵਿਚ ਲਗਪਗ ਢਾਈ ਸਦੀਆਂ ਦਾ ਸਮਾਂ ਲੱਗਿਆ ਅਤੇ ਇਸ ਵਿਚੋਂ ਲਗਪਗ ਪੰਜ ਸਦੀਆਂ ਦਾ ਧਰਮ ਸੰਦੇਸ਼ ਪ੍ਰਗਟ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਸੰਦੇਸ਼ ਸਮੁੱਚੀ ਮਾਨਵਤਾ ਨੂੰ ਆਪਣੇ ਘੇਰੇ ਵਿਚ ਲੈਂਦਾ ਹੈ। ਗੁਰੂ ਸਾਹਿਬਾਨ ਨੇ ਮਾਨਵਤਾ ਨੂੰ ਸਾਂਝਾ ਸੰਦੇਸ਼ ਪ੍ਰਦਾਨ ਕਰਨ ਲਈ ਨਾ ਕੇਵਲ ਆਪ ਬਾਣੀ ਦੀ ਰਚਨਾ ਕੀਤੀ ਬਲਕਿ ਸਰਬ ਸਾਂਝੇ ਸਿਧਾਂਤਾਂ ਨੂੰ ਪ੍ਰਗਟ ਕਰਦੀ ਵੱਖ-ਵੱਖ ਭਗਤਾਂ ਅਤੇ ਭੱਟਾਂ ਦੀ ਬਾਣੀ ਨੂੰ ਵੀ ਇਸ ਗ੍ਰੰਥ ਵਿਚ ਸ਼ਾਮਲ ਕੀਤਾ। ਗੁਰੂ ਅਰਜਨ ਦੇਵ ਜੀ ਨੇ ਇਸ ਗ੍ਰੰਥ ਦੀ ਸੰਪਾਦਨਾ ਦਾ ਕਾਰਜ ਕੀਤਾ। ਇਸ ਧਰਮ ਗ੍ਰੰਥ ਦੀ ਸੰਪਾਦਨਾ ਦੇ ਉਦੇਸ਼ 'ਤੇ ਟਿੱਪਣੀ ਕਰਦੇ ਹੋਏ ਗਿਆਨੀ ਗਿਆਨ ਸਿੰਘ ਕਹਿੰਦੇ ਹਨ ਕਿ "ਗੁਰੂ ਅਰਜਨ ਸਾਹਿਬ ਜੀ ਨੇ ਵਿਚਾਰ ਕੀਤਾ ਕਿ ਦ੍ਰਿੜ੍ਹ ਜੜ੍ਹ ਪੇਡ ਦੇ ਆਸਰੇ ਬ੍ਰਿਛ ਦੇ ਅਧਿਕ ਫੈਲਣ ਵਾਂਙ, ਮਜ਼ਹਬ, ਕੌਮ, ਧਰਮ ਪੁਸਤਕ ਦੇ ਆਸਰੇ ਫੈਲਦਾ ਹੈ ਤਾਂ ਹੀ ਪ੍ਰਤੇਕ ਮਜ਼ਹਬ ਦੇ ਆਚਾਰਯ ਨੇ ਇਕ ਇਕ ਧਰਮ ਪੁਸਤਕ ਪ੍ਰਮੇਸ਼ਰ ਵਲੋਂ ਥਾਪ ਕੇ, ਪ੍ਰਗਟ ਕਰ, ਆਪਣੀ ਸੰਪ੍ਰਦਾਯ ਨੂੰ ਓਸੇ ਦੇ ਹੁਕਮ ਅਨੁਸਾਰ ਪ੍ਰਵਿਰਤ ਕੀਤਾ ਹੈ ਅਤੇ ਲੋਗ ਭੀ ਉਸਨੂੰ ਈਸ਼ਵਰ ਦਾ ਹੁਕਮ ਸਮਝਕੇ ਪੂਜਦੇ ਹਨ, ਕਯੋਂਕਿ ਈਸ਼ਵਰ ਦਾ ਹੁਕਮ ਸਭ ਨੂੰ ਜਰੂਰ ਮੰਨਣਾ ਪੈਂਦਾ ਹੈ। ਦੇਖੋ ਬ੍ਰਹਮਾ ਨੇ ਹਿੰਦੂਆਂ ਲਈ ਵੇਦ, ਮੂਸਾ ਨੇ ਤੌਰੇਤ, ਈਸਾ ਨੇ ਅੰਜ਼ੀਲ, ਦਾਊਦ ਨੇ ਜ਼ੰਬੂਰ, ਮੁਹੰਮਦ ਨੇ ਕੁਰਾਨ ਪ੍ਰਗਟ ਕਰਿਆ ਹੈ। ਓਸੇ ਤਰ੍ਹਾਂ ਸਿੱਖ ਕੌਮ ਦੀ ਸਦਾ ਇਸਥਿਤੀ ਵਾਸਤੇ ਜੋ ਗੁਰੂ ਸਾਹਿਬਾਂ ਨੂੰ ਈਸ਼ਵਰ ਵਲੋਂ ਹੁਕਮ ਆਏ ਹੋਏ ਹਨ ਓਹ ਈਸ਼ਵਰੀ ਬਾਣੀ ਸੰਗ੍ਰਹ ਕਰਕੇ ਇਕ ਧਰਮ ਪੁਸਤਕ ਗ੍ਰੰਥ ਸਾਹਿਬ ਨਾਮ ਕਰੀਏ। ਏਹ ਵੀਚਾਰ ਕਿ ਗੁਰੂ ਸਾਹਿਬ ਨੇ ਸਭ ਦੇਸ ਦੇਸ਼ਾਂਤ੍ਰਾਂ ਦੇ ਸਿੱਖਾਂ ਨੂੰ ਹੁਕਮਨਾਮੇ ਲਿਖੇ ਕਿ ਜਿਸ ਕਿਸੇ ਪਾਸ ਕੋਈ ਗੁਰੂ ਕਾ ਸ਼ਬਦ ਹੈ ਸੋ ਸਭ ਲੈ ਆਵੇ।"[1] ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ, ਤਲਵੰਡੀ ਸਾਬੋ, ਵਿਖੇ ਇਸ ਦੀ ਸੰਪੂਰਨਤਾ ਕਰਕੇ ਨਾਂਦੇੜ ਦੇ ਸਥਾਨ 'ਤੇ ਇਸ ਨੂੰ ਗੁਰਗੱਦੀ ਬਖ਼ਸ਼ ਦਿੱਤੀ।

ਗੁਰੂ ਸਾਹਿਬਾਨ ਦੁਆਰਾ ਪ੍ਰਦਾਨ ਕੀਤੀ ਗੁਰਬਾਣੀ ਸਿੱਖ ਦੀ ਜੀਵਨਜਾਚ ਦਾ ਕੇਂਦਰ-ਬਿੰਦੂ ਹੈ। ਇਸ ਵਿਚ ਦਰਸਾਏ ਸਿਧਾਂਤਾਂ ਅਨੁਸਾਰ ਹੀ ਸਿੱਖ ਨੇ ਆਪਣਾ ਜੀਵਨ ਉਦੇਸ਼ ਨਿਰਧਾਰਿਤ ਅਤੇ ਹਾਸਲ ਕਰਨਾ ਹੈ। ਇਸ ਕਰਕੇ ਗੁਰਬਾਣੀ ਦੀ ਸੋਝੀ ਸਿੱਖ ਦੇ ਜੀਵਨ ਦਾ ਪ੍ਰਮੁਖ ਪਹਿਲੂ ਹੈ। ਗੁਰਬਾਣੀ ਨੂੰ ਅਧਿਆਤਮਿਕਤਾ ਦਾ ਗ੍ਰੰਥ ਮੰਨਦੇ ਹੋਏ ਇਸਨੂੰ 'ਇਹ ਬਾਣੀ ਮਹਾ ਪੁਰਖ ਕੀ' ਕਿਹਾ ਗਿਆ ਹੈ, ਜਿਸਦੀ ਵਿਚਾਰ ਉਹੀ ਕਰ ਸਕਦਾ ਹੈ 'ਜੇ ਕੋ ਗੁਰਮੁਖਿ ਹੋਇ'। ਗੁਰਬਾਣੀ ਨੂੰ 'ਖਸਮ ਕੀ ਬਾਣੀ', 'ਧੁਰ ਕੀ ਬਾਣੀ', ਆਦਿ ਵੀ ਕਿਹਾ ਗਿਆ ਹੈ। ਇਸ ਦੀ ਸੋਝੀ ਬੁਧੀ ਨਾਲ ਸੰਭਵ ਨਹੀਂ, ਆਤਮ-ਅਨੁਭਵ ਰਾਹੀਂ ਪਰਮਸਤਿ ਤੱਕ ਪਹੁੰਚਿਆ ਜਾ ਸਕਦਾ ਹੈ। ਆਤਮ-ਅਨੁਭਵ ਦੀ ਉਚਤਮ ਅਵਸਥਾ 'ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ' ਵਾਲੀ ਹੋ ਜਾਂਦੀ ਹੈ, ਜਿਸ ਵਿਚ ਅਨੁਭਵ ਅਵਸਥਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਦਾ ਭਾਵ ਇਹ ਨਹੀਂ ਲੈਣਾ ਚਾਹੀਦਾ ਕਿ ਗੁਰਬਾਣੀ ਮਨੁੱਖੀ ਸਮਝ ਤੋਂ ਪਰੇ ਦੀ ਗੱਲ ਹੈ। ਨਵੀਂ ਪੀੜ੍ਹੀ ਹਰ ਇਕ ਗੱਲ ਨੂੰ ਤਰਕ ਦੇ ਆਧਾਰ 'ਤੇ ਸਮਝ ਕੇ ਅਪਨਾਉਣਾ ਚਾਹੁੰਦੀ ਹੈ। ਇਸ ਕਰਕੇ ਜਦੋਂ ਤਰਕ-ਭਾਵਨਾ ਸਮਾਜ 'ਤੇ ਭਾਰੂ ਹੋ ਗਈ ਤਾਂ ਗੁਰਬਾਣੀ ਦੀ ਵਿਆਖਿਆ ਆਰੰਭ ਹੋਈ। ਕੁਝ ਕੁ ਵਿਆਖਿਆ ਤਾਂ ਗੁਰੂ ਸਾਹਿਬ ਨੇ ਗੁਰਬਾਣੀ ਵਿਚ ਹੀ ਕਰ ਦਿੱਤੀ ਸੀ, ਜਿਸ ਨੂੰ 'ਸਹਜ ਪ੍ਰਣਾਲੀ' ਦਾ ਨਾਮ ਦਿੱਤਾ ਗਿਆ ਹੈ। ਸਹਜ ਪ੍ਰਣਾਲੀ ਵਿਚ ਦੋ ਤਰ੍ਹਾਂ ਦੀ ਵਿਆਖਿਆ ਵੇਖਣ ਨੂੰ ਮਿਲਦੀ ਹੈ, ਇਕ ਉਹ ਵਿਆਖਿਆ ਜਿਹੜੀ ਇਕ ਗੁਰੂ ਸਾਹਿਬ ਦੀ ਬਾਣੀ ਦੀ ਦੂਜੇ ਗੁਰੂ ਸਾਹਿਬ ਦੀ ਬਾਣੀ ਨਾਲ ਅਤੇ ਭਗਤਾਂ ਦੀ ਬਾਣੀ ਦੀ ਗੁਰੂ ਸਾਹਿਬਾਨ ਦੀ ਬਾਣੀ ਦੁਆਰਾ ਕੀਤੀ ਵੇਖਣ ਨੂੰ ਮਿਲਦੀ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥**

---

* ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

[1] ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨਾ 417.

**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥**[1]

ਇਸ ਸਲੋਕ ਵਿਚ ਦਰਸਾਏ ਗੁਰੂ ਦੇ ਮਹੱਤਵ ਨੂੰ ਹੋਰ ਵਧੇਰੇ ਉਜਾਗਰ ਅਤੇ ਦ੍ਰਿੜ੍ਹ ਕਰਾਉਣ ਲਈ ਗੁਰੂ ਅੰਗਦ ਦੇਵ ਜੀ ਦਾ ਸਲੋਕ ਨਾਲ ਦਿੱਤਾ ਗਿਆ ਹੈ:

**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥**[2]

ਦੂਜੀ ਉਹ ਵਿਆਖਿਆ ਜਿਹੜੀ ਇਕ ਗੁਰੂ ਸਾਹਿਬ ਜਾਂ ਭਗਤ ਦੀ ਆਪਣੀ ਬਾਣੀ ਵਿਚੋਂ ਮਿਲਦੀ ਹੈ, ਜਿਵੇਂ ਭਗਤ ਕਬੀਰ ਜੀ ਰਾਗੁ ਸੋਰਠਿ ਵਿਚ ਕਹਿੰਦੇ ਹਨ:

**ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥**[3]

ਇਸ ਪੰਕਤੀ ਤੋਂ ਕੋਈ ਵੀ ਇਹ ਟਪਲਾ ਖਾ ਸਕਦਾ ਹੈ ਕਿ ਭਗਤ ਜੀ ਮਾਲਾ ਫੇਰਦੇ ਹੋਣਗੇ। ਭਗਤ ਕਬੀਰ ਜੀ ਦੇ ਜੀਵਨ ਵਿਚ ਮਾਲਾ ਦਾ ਅਸਲ ਸਰੂਪ ਕੀ ਸੀ ਇਹ ਸਲੋਕਾਂ ਦੇ ਰੂਪ ਵਿਚ ਦਿੱਤੀ ਉਨ੍ਹਾਂ ਦੀ ਬਾਣੀ ਤੋਂ ਸਪਸ਼ਟ ਹੁੰਦਾ ਹੈ:

**ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥**[4]

ਬਾਣੀ ਦੀ ਬਾਣੀ ਨਾਲ ਕੀਤੀ ਵਿਆਖਿਆ ਵੀ ਕੁਝ ਜਨ-ਸਾਧਾਰਨ ਬੁਧੀ ਵਾਲੇ ਲੋਕਾਂ ਦੀ ਬੋਧਿਕਤਾ ਤੋਂ ਪਰੇ ਦੀ ਗੱਲ ਸੀ ਅਤੇ ਇਹ ਸਮੱਸਿਆ ਗੁਰੂ ਸਾਹਿਬਾਨ ਦੇ ਸਮੇਂ ਹੀ ਮਹਿਸੂਸ ਹੋਣ ਲੱਗ ਪਈ ਸੀ। ਗੁਰੂ ਸਾਹਿਬਾਨ ਅਤੇ ਭਗਤਾਂ ਨੇ ਦਲੀਲ ਭਰਪੂਰ ਯਤਨਾਂ ਸਦਕਾ ਹੀ ਲੋਕਾਂ ਨੂੰ ਵਹਿਮਾਂ ਭਰਮਾਂ ਵਿਚੋਂ ਬਾਹਰ ਕੱਢਿਆ ਸੀ। ਗੁਰੂ ਘਰ ਆਉਣ ਵਾਲੀ ਜਨ-ਸਾਧਾਰਨ ਸੰਗਤ ਵੀ ਬਾਣੀ ਨਾਲ ਜੁੜ ਰਹੀ ਸੀ ਅਤੇ ਉਨ੍ਹਾਂ ਦੀ ਇਛਾ ਸੀ ਕਿ ਇਸ ਨੂੰ ਹੋਰ ਵਧੇਰੇ ਖੋਲ ਕੇ ਸਮਝਿਆ ਜਾਵੇ ਅਤੇ ਉਨ੍ਹਾਂ ਇਹ ਇਛਾ ਗੁਰੂ ਜੀ ਅੱਗੇ ਵੀ ਪ੍ਰਗਟ ਕਰ ਦਿੱਤੀ:

**ਇਕ ਦਿਨ ਸਿੱਖਨ ਇਹੁ ਬਿਨਤੀ ਥੀ ਗੁਰੂ ਅਰਜਨ ਢਿਗ ਕੀਨੀ।**
**ਗੁਰੁ ਗ੍ਰੰਥ ਕੀ ਬਾਨੀ ਕੇਰਾ ਪਾਠ ਜਬੈ ਹਮ ਕਰਹੈਂ।**
**ਮਨ ਪ੍ਰਸੰਨਯ ਹੋਤ ਨਹਿ ਤਹਿ ਜਹਿ ਅਰਥ ਸਮਝ ਨਾ ਪਰਹੈ।**
**ਤਾਂਤੇ ਆਪ ਦੀਜੀਏ ਕਰ ਅਬ ਗੁਰੂ ਬਾਨੀ ਪਰ ਟੀਕਾ।**
**ਜਾਤੈ ਅਰਥ ਸਮਝ ਕੈ ਸਿਖ ਸਬ ਸੁਖ ਹਮੇਸ਼ ਲਹਿ ਨੀਕਾ।**
**ਸੁਨ ਗੁਰੁ ਕਹਯੋ ਏਹੁ ਗੁਰੁ ਨਾਨਕ ਪਾਰ ਬ੍ਰਹਮ ਕੀ ਬਾਨੀ।**
**ਹਮ ਇਸ ਪਰ ਕਰ ਸਕੈਂ ਨ ਟੀਕਾ ਅਨਭਵ ਰੂਪ ਮਹਾਂਨੀ।**
**ਗੁਰੁ ਮੁਖ ਸਿੱਖਨ ਕੀ ਰਚਨਾ ਪਰ ਟੀਕਾ ਇਸ ਕਾ ਰੈਹੈ।**
**ਬਾਂਛਿਤ ਅਰਥ ਮਿਲੈਗੋ ਸਬ ਕੋ ਕਲਮ ਹੇਠ ਨਾ ਐਹੈ।**[5]

ਪੰਡਤ ਨਰੈਣ ਸਿੰਘ ਜੀ ਦਸਦੇ ਹਨ ਕਿ ਸਿੱਖਾਂ ਦੁਆਰਾ ਵਾਰ-ਵਾਰ ਕੀਤੀ ਬੇਨਤੀ ਨੂੰ ਗੁਰੂ ਜੀ ਨੇ ਪ੍ਰਵਾਨ ਕੀਤਾ ਅਤੇ ਨਾਲ ਹੀ ਭਾਈ ਗੁਰਦਾਸ ਜੀ ਨੂੰ ਹੁਕਮ ਦਿੱਤਾ, "ਭਾਈ ਜੀ ਤੁਸੀਂ ਰੋਜ ਮਹਾਰਾਜ ਜੀ ਦੀ ਕਥਾ ਕਰਕੇ ਸੁਣਾਯਾ ਕਰੋ। ਸਤਿਗੁਰੂ ਜੀ ਦੀ ਆਗਿਆ ਤੇ ਥਾਪੀ ਲੈ ਕੇ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਆਰੰਭੀ।"[6] ਗੁਰੂ ਗ੍ਰੰਥ ਸਾਹਿਬ ਦਾ ਪਾਠ ਸਿੱਖਾਂ ਵਿਚ ਹਮੇਸ਼ਾਂ ਕਿਸੇ ਨਾ ਕਿਸੇ ਰੂਪ ਵਿਚ ਚਲਦਾ ਰਹਿੰਦਾ ਹੈ। ਪਾਠ ਕਰਦੇ ਸਮੇਂ ਗੁਰਬਾਣੀ ਦੇ ਸ਼ਬਦਾਂ ਦੇ ਅਰਥ ਕਈ ਵਾਰ ਤਾਂ ਬਹੁਤ ਆਸਾਨੀ ਨਾਲ ਸਮਝ ਆ ਜਾਂਦੇ ਹਨ ਪਰ ਕਈ ਵਾਰ ਇਨ੍ਹਾਂ ਨੂੰ ਸਮਝਣ ਵਿਚ ਮੁਸ਼ਕਲ ਜਾਪਦੀ ਹੈ। ਇਸ ਦਾ ਇਕ ਕਾਰਨ ਇਹ ਲਗਦਾ ਹੈ ਕਿ ਜਿਹੜੇ ਸ਼ਬਦ ਰੋਜ਼ਾਨਾ ਜੀਵਨਜਾਚ ਦਾ ਹਿੱਸਾ ਹਨ, ਉਨ੍ਹਾਂ ਨੂੰ ਸਮਝਣ ਵਿਚ ਕੋਈ ਕਠਿਨਾਈ ਨਹੀਂ ਹੁੰਦੀ ਪਰ ਜਿਹੜੇ ਸ਼ਬਦ ਸਾਡੇ ਜੀਵਨ ਵਿਚੋਂ ਵਿਸਰ ਚੁੱਕੇ ਹਨ ਉਨ੍ਹਾਂ ਦੇ ਅਰਥ

---

[1] *ਗੁਰੂ ਗ੍ਰੰਥ ਸਾਹਿਬ,* ਪੰਨਾ 463.
[2] *-ਉਹੀ-।*
[3] *-ਉਹੀ-,* ਪੰਨਾ 656.
[4] *-ਉਹੀ-,* ਪੰਨਾ 1364.
[5] ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 687.
[6] ਪੰਡਤ ਨਰੈਣ ਸਿੰਘ ਗਿਆਨੀ, ਭੂਮਿਕਾ, *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ,* ਪੰਨਾ ੜ-ਵ.

ਕਰਨੇ ਔਖੇ ਹੋ ਜਾਂਦੇ ਹਨ। ਅੰਗਰੇਜ਼ਾਂ ਦੇ ਭਾਰਤ 'ਤੇ ਕਾਬਜ਼ ਹੋਣ ਤੋਂ ਪਹਿਲਾਂ ਇਥੇ ਮੁਗ਼ਲ ਹਕੂਮਤ ਕਾਇਮ ਸੀ, ਉਨ੍ਹਾਂ ਦੀ ਰਾਜਸੀ ਭਾਸ਼ਾ ਫ਼ਾਰਸੀ ਸੀ ਅਤੇ ਇਹ ਭਾਸ਼ਾ ਸਕੂਲਾਂ ਵਿਚ ਆਮ ਪੜ੍ਹਾਈ ਜਾਂਦੀ ਸੀ। ਅੰਗਰੇਜ਼ਾਂ ਨੇ ਅੰਗਰੇਜ਼ੀ ਨੂੰ ਰਾਜ ਭਾਸ਼ਾ ਬਣਾਇਆ ਤਾਂ ਲਿਖਤਾਂ ਵਿਚ ਅੰਗਰੇਜ਼ੀ ਸ਼ਬਦਾਂ ਦੀ ਭਰਮਾਰ ਹੋ ਗਈ। ਅੰਗਰੇਜ਼ਾਂ ਦੇ ਸਮੇਂ ਸਕੂਲਾਂ ਵਿਚ ਭਾਵੇਂ ਉਰਦੂ, ਫ਼ਾਰਸੀ ਅਤੇ ਸੰਸਕ੍ਰਿਤ ਭਾਸ਼ਾ ਪੜ੍ਹਾਈ ਤਾਂ ਜਾਂਦੀ ਰਹੀ ਪਰ ਆਮ ਲੋਕਾਂ ਦੇ ਮਨਾਂ ਉੱਤੇ ਅੰਗਰੇਜ਼ੀ ਹੀ ਵੱਸਣ ਲੱਗੀ। ਸਮੇਂ ਦੇ ਨਾਲ ਭਾਰਤ-ਪਾਕਿ ਵੰਡ ਸਮੇਂ ਉਰਦੂ ਜਾਂ ਫ਼ਾਰਸੀ ਭਾਸ਼ਾ ਦਾ ਸਿਲੇਬਸ ਹੌਲੀ-ਹੌਲੀ ਘਟਣ ਲੱਗਾ ਅਤੇ ਇਨ੍ਹਾਂ ਭਾਸ਼ਾਵਾਂ ਨੂੰ ਪੜ੍ਹਨ ਵਾਲੀ ਪੀੜ੍ਹੀ ਹੌਲੀ-ਹੌਲੀ ਖ਼ਤਮ ਹੋਣ ਲੱਗੀ। ਅਜੋਕੇ ਸਮੇਂ ਵਿਚ ਅੰਗਰੇਜ਼ੀ ਵਿਦੇਸ਼ੀ ਭਾਸ਼ਾ ਨਾ ਹੋ ਕੇ ਸਮੁੱਚੇ ਸੰਸਾਰ ਦੀ ਭਾਸ਼ਾ ਬਣ ਗਈ ਹੈ, ਅੰਤਰ-ਰਾਸ਼ਟਰੀ ਪੱਧਰ 'ਤੇ ਕੋਈ ਵੀ ਕੰਮ ਇਸ ਭਾਸ਼ਾ ਤੋਂ ਬਗ਼ੈਰ ਸੰਭਵ ਨਹੀਂ ਜਾਪਦਾ। ਜਿਥੇ-ਜਿਥੇ ਅਮਰੀਕਾ ਜਾਂ ਇੰਗਲੈਂਡ ਜਿਹੇ ਸ਼ਕਤੀਸ਼ਾਲੀ ਦੇਸ਼ਾਂ ਦਾ ਰਾਜ ਰਿਹਾ ਹੈ ਉਥੇ ਰਾਜ ਦੇ ਪ੍ਰਭਾਵ ਅਧੀਨ ਉਨ੍ਹਾਂ ਦੁਆਰਾ ਬੋਲੀ ਜਾਂਦੀ ਅੰਗਰੇਜ਼ੀ ਭਾਸ਼ਾ ਨੇ ਹੀ ਲੋਕਾਂ ਨੂੰ ਆਪਣੇ ਵੱਲ ਖਿਚਿਆ ਹੈ। ਪੰਜਾਬ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਤੋਂ ਬਾਅਦ ਇਥੇ ਵੀ ਅੰਗਰੇਜ਼ੀ ਦਾ ਬੋਲਬਾਲਾ ਹੋਣ ਲੱਗਿਆ ਅਤੇ ਇਸ ਭਾਸ਼ਾ ਵੱਲ ਵਧੇਰੇ ਰੁਝਾਨ ਹੋਣ ਕਰਕੇ ਗੁਰਮੁਖੀ ਸਿੱਖਾਂ ਦੇ ਮਨਾਂ ਤੋਂ ਦੂਰ ਹੋਣ ਲੱਗੀ। ਇਸ ਦੇ ਸਿੱਟੇ ਵਜੋਂ ਸਿੱਖਾਂ ਦੀ ਗੁਰੂ ਗ੍ਰੰਥ ਸਾਹਿਬ ਤੋਂ ਦੂਰੀ ਵੱਧਣ ਲੱਗੀ। ਸਮਾਜ ਵਿਚ ਰਹਿੰਦੇ ਹੋਏ ਜੋ ਸੰਸਕਾਰ ਕਰਨੇ ਪੈਂਦੇ ਹਨ, ਗੁਰੂ ਗ੍ਰੰਥ ਸਾਹਿਬ ਉਨ੍ਹਾਂ ਦਾ ਮੁੱਖ ਧੁਰਾ ਹੁੰਦਾ ਹੈ। ਉਸ ਸਮੇਂ ਗ੍ਰੰਥੀ ਸਿੰਘ ਜੋ ਪਾਠ ਕਰਦਾ ਸੀ ਉਹ ਜਨ-ਸਾਧਾਰਨ ਦੀ ਸਮਝ ਨਹੀਂ ਸੀ ਪੈਂਦਾ, ਲੋਕ ਵਹਿਮਾਂ-ਭਰਮਾਂ ਅਤੇ ਮਹੰਤਾਂ ਦੇ ਚੱਕਰ ਵਿਚ ਫਸੇ ਹੋਏ ਸਨ। ਸਿੰਘ ਸਭਾ ਲਹਿਰ ਨੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਪਰੰਪਰਾਵਾਂ ਨਾਲ ਜੋੜਨ ਦਾ ਭਰਪੂਰ ਯਤਨ ਕੀਤਾ ਸੀ ਤਾਂ ਕਿ ਸਿੱਖ ਆਪਣੇ ਵਿਰਸੇ ਅਤੇ ਧੁਰੇ ਨਾਲ ਜੁੜ ਕੇ ਸੁਚੱਜੀ ਜੀਵਨ-ਜਾਚ ਧਾਰਨ ਕਰ ਸਕਣ।

ਗੁਰੂ ਗ੍ਰੰਥ ਸਾਹਿਬ ਰਾਹੀਂ ਗੁਰੂ ਸਾਹਿਬਾਨ ਨੇ ਜਿਥੇ ਸਮਾਜ ਦੇ ਸਮੂਹ ਲੋਕਾਂ ਨੂੰ ਸਰਬ-ਸਾਂਝਾ ਉਪਦੇਸ਼ ਦਿੱਤਾ ਹੈ ਉਥੇ ਕਿਸੇ ਵਿਸ਼ੇਸ਼ ਭਾਸ਼ਾ ਦਾ ਗਲਬਾ ਵੀ ਇਸ ਗ੍ਰੰਥ 'ਤੇ ਨਹੀਂ ਪੈਣ ਦਿੱਤਾ। ਉਨ੍ਹਾਂ ਨੇ ਅਕਾਲ ਪੁਰਖ ਦੀ ਉਸਤਤਿ ਲਈ ਜਿਹੜੇ ਸ਼ਬਦ ਜਿਸ ਭਾਸ਼ਾ ਵਿਚੋਂ ਮਿਲੇ, ਖੁਲ੍ਹਦਿਲੀ ਨਾਲ ਉਨ੍ਹਾਂ ਨੂੰ ਗ੍ਰਹਿਣ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਵਿਭਿੰਨ ਭਾਸ਼ਾਵਾਂ ਦੇ ਸ਼ਬਦ ਮਿਲਦੇ ਹਨ ਜਿਨ੍ਹਾਂ ਦੇ ਸਹੀ ਅਰਥ ਉਨ੍ਹਾਂ ਭਾਸ਼ਾਵਾਂ ਨੂੰ ਜਾਣਨ ਵਾਲਾ ਹੀ ਕਰ ਸਕਦਾ ਹੈ। ਜ਼ਰੂਰੀ ਨਹੀਂ ਕਿ ਗੁਰਬਾਣੀ ਪੜ੍ਹਨ ਅਤੇ ਸਮਝਣ ਵਾਲੇ ਨੂੰ ਉਨ੍ਹਾਂ ਸਭ ਅੱਖਰਾਂ ਦਾ ਗਿਆਨ ਹੋਵੇ। ਜਦੋਂ ਅੱਖਰਾਂ ਦੇ ਅਰਥ ਗੁੱਝੇ ਹੋਣ ਤਾਂ ਉਨ੍ਹਾਂ ਦੀ ਸੋਝੀ ਹੋਰ ਵਧੇਰੇ ਔਖੀ ਹੋ ਜਾਂਦੀ ਹੈ। ਗੁਰਬਾਣੀ ਦੀ ਸੋਝੀ ਰੱਖਣ ਵਾਲੇ ਵਿਦਵਾਨਾਂ ਨੇ ਗੁਰਬਾਣੀ ਅਰਥਾਂ ਨੂੰ ਵਿਸਤਾਰ ਦੇਣ ਦਾ ਕਾਰਜ ਕੀਤਾ ਜਿਸ ਦੇ ਸਿੱਟੇ ਵਜੋਂ ਪ੍ਰਯਾਯ, ਕੋਸ਼, ਨਿਰੁਕਤ, ਭਾਸ਼, ਟੀਕੇ ਆਦਿ ਸਾਹਮਣੇ ਆਏ। ਕਈ ਵਾਰ ਗੁਰਬਾਣੀ ਵਿਆਖਿਆ ਲਈ ਇਨ੍ਹਾਂ ਵੱਖ-ਵੱਖ ਪੱਧਤੀਆਂ ਦੀ ਲੋੜ ਪੈਂਦੀ ਹੈ, ਇਸ ਕਰਕੇ ਇਨ੍ਹਾਂ ਸਭ ਦਾ ਦਰਸ਼ਨ ਕਈ ਵਾਰ ਇਕੋ ਰਚਨਾ ਵਿਚ ਵੀ ਹੋ ਜਾਂਦਾ ਹੈ। ਵਿਆਖਿਆਕਾਰ ਦਾ ਉਦੇਸ਼ ਗੁਰਬਾਣੀ ਦੇ ਸ਼ਬਦ ਨੂੰ ਸੌਖੇ ਤਰੀਕੇ ਨਾਲ ਲੋਕਾਂ ਤੱਕ ਲਿਜਾਣਾ ਹੁੰਦਾ ਹੈ। ਪਰ ਇਥੇ ਇਹ ਗੱਲ ਵਧੇਰੇ ਮਹੱਤਵਪੂਰਨ ਹੁੰਦੀ ਹੈ ਕਿ ਕਿਹੜਾ ਟੀਕਾਕਾਰ ਗੁਰਬਾਣੀ ਦੇ ਅਰਥਾਂ ਨੂੰ ਲੋਕਾਂ ਤੱਕ ਲੈ ਕੇ ਵੀ ਜਾਵੇ 'ਤੇ ਪਾਠਕ ਨੂੰ ਗੁਰਬਾਣੀ ਦੀ ਭਾਵਨਾ ਵਿਚ ਲਿਪਤ ਵੀ ਕਰ ਦੇਵੇ। ਇਸ ਸੰਦਰਭ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਉਹੀ ਵਿਆਖਿਆ ਉੱਤਮ ਹੈ ਜਿਹੜੀ ਕੇਵਲ ਸ਼ਬਦ ਦੇ ਭਾਵ ਨੂੰ ਖੋਲ੍ਹ ਕੇ ਸਮਝਾਉਣ ਦਾ ਕਾਰਜ ਹੀ ਨਾ ਕਰੇ ਬਲਕਿ ਬਾਣੀ ਦੇ ਅੰਮ੍ਰਿਤ ਰੂਪੀ ਸੰਦੇਸ਼ ਨੂੰ ਸਿੱਖ ਦੇ ਮਨ ਤੱਕ ਲੈ ਕੇ ਜਾਵੇ, ਤਾਂ ਹੀ ਜੀਵਨ ਬਦਲ ਸਕਦਾ ਹੈ। ਜਿਹੜੀ ਵਿਆਖਿਆ ਮਨ ਵਿਚ ਭਰਮ ਪੈਦਾ ਕਰੇ, ਗੁਰਬਾਣੀ ਦੀ ਭਾਵਨਾ ਨੂੰ ਸਿੱਖ ਦੇ ਹਿਰਦੇ ਤੱਕ ਲਿਜਾਣ ਦੀ ਬਜਾਏ ਤਰਕ-ਵਿਤਰਕ ਪੈਦਾ ਕਰਨ 'ਤੇ ਜ਼ੋਰ ਦੇਵੇ, ਉਹ ਸਹੀ ਨਹੀਂ ਮੰਨੀ ਜਾ ਸਕਦੀ। ਵਿਆਖਿਆ ਦਾ ਭਾਵ ਤਾਂ ਕੇਵਲ ਇੰਨਾ ਹੈ ਕਿ ਪ੍ਰਭੂ-ਪ੍ਰੀਤ ਪੈਦਾ ਕਰਨ ਵਾਲੇ ਸ਼ਬਦ ਦੀ ਗੰਢ ਨੂੰ ਖੋਲ੍ਹ ਕੇ ਹਿਰਦੇ ਨੂੰ ਸ਼ਾਂਤ ਕਰੇ, ਚਿੱਤ-ਬਿਰਤੀਆਂ ਨੂੰ ਪ੍ਰਭੂ-ਮੁਖੀ ਬਣਾਉਣ ਦਾ ਕਾਰਜ ਕਰੇ ਅਤੇ ਮਨ ਨੂੰ ਕਰਤਾਰ ਨਾਲ ਜੋੜਨ ਦਾ ਵਸੀਲਾ ਬਣੇ।

ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਨੂੰ ਖੋਲ੍ਹ ਕੇ ਲੋਕਾਂ ਤੱਕ ਲਿਜਾਣ ਦਾ ਕਾਰਜ ਵੱਖ-ਵੱਖ ਸਮੇਂ ਹੁੰਦਾ ਰਿਹਾ ਹੈ। ਪਹਿਲਾਂ ਪਹਿਲ ਇਹ ਕਾਰਜ ਵੱਖ-ਵੱਖ ਸੰਸਥਾਵਾਂ ਵਲੋਂ ਕੀਤਾ ਜਾਂਦਾ ਰਿਹਾ ਹੈ। ਭਾਈ, ਉਦਾਸੀ, ਨਿਰਮਲਾ ਅਤੇ ਸਿੰਘ ਸਭਾਈ ਪ੍ਰਣਾਲੀਆਂ ਨੇ ਇਸ ਕਾਰਜ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਥੇ ਨਿਰਮਲਾ ਪ੍ਰਣਾਲੀ ਦੁਆਰਾ ਗੁਰੂ ਗ੍ਰੰਥ ਸਾਹਿਬ ਜੀ ਦੀ ਕੀਤੀ ਵਿਆਖਿਆ ਬਾਰੇ ਜਾਣਨ ਦਾ ਯਤਨ ਕੀਤਾ ਜਾ ਰਿਹਾ ਹੈ।

ਉਦਾਸੀਆਂ ਵਾਂਗ ਨਿਰਮਲਾ ਪ੍ਰਣਾਲੀ ਆਰੰਭ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਮੌਖਿਕ ਪ੍ਰਚਾਰ ਵੱਲ ਕੇਂਦਰਿਤ ਸੀ, ਇਨ੍ਹਾਂ ਦੁਆਰਾ ਗੁਰਬਾਣੀ ਦੀ ਲਿਖਤ ਵਿਆਖਿਆ ਭਾਈ ਸੰਤੋਖ ਸਿੰਘ ਦੇ ਸਮੇਂ ਤੋਂ ਸਾਹਮਣੇ ਆਈ ਹੈ। ਭਾਈ ਸੰਤੋਖ ਸਿੰਘ

ਨੇ 'ਜਪੁ' ਬਾਣੀ ਦਾ ਟੀਕਾ ਕੀਤਾ ਸੀ, ਉਦਾਸੀ ਸੰਪਰਦਾ ਦੇ ਸੁਆਮੀ ਅਨੰਦਘਣ ਦੇ 'ਜਪੁ' ਬਾਣੀ ਦੇ ਟੀਕੇ ਵਿਚ ਕੁਝ ਖਾਮੀਆਂ ਨੂੰ ਮਹਿਸੂਸ ਕਰਦੇ ਹੋਏ ਉਨ੍ਹਾਂ ਨੇ ਇਹ ਟੀਕਾ ਕੈਥਲ ਦੇ ਰਾਜੇ ਉਦਯ ਸਿੰਘ ਦੇ ਕਹਿਣ 'ਤੇ ਕੀਤਾ ਸੀ। ਭਾਈ ਸੰਤੋਖ ਸਿੰਘ ਤੋਂ ਬਾਅਦ ਬਹੁਤ ਸਾਰੇ ਨਿਰਮਲੇ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵੱਖ-ਵੱਖ ਬਾਣੀਆਂ ਦੇ ਟੀਕੇ ਕੀਤੇ ਸਨ। ਸੰਸਕ੍ਰਿਤ, ਹਿੰਦੀ ਅਤੇ ਪੰਜਾਬੀ ਵਿਚ ਉਨ੍ਹਾਂ ਦੁਆਰਾ ਕੀਤੇ ਟੀਕੇ ਸਾਹਮਣੇ ਆਏ ਹਨ। ਸੰਸਕ੍ਰਿਤ ਅਤੇ ਹਿੰਦੀ ਤੋਂ ਇਲਾਵਾ ਪੰਜਾਬੀ ਵਿਚ ਨਿਰਮਲਿਆਂ ਦੁਆਰਾ ਗੁਰਬਾਣੀ ਦੇ ਕੀਤੇ ਜਿਹੜੇ ਟੀਕੇ ਸਾਹਮਣੇ ਆਏ ਹਨ ਉਨ੍ਹਾਂ ਵਿਚ ਪੰਡਿਤ ਤਾਰਾ ਸਿੰਘ ਨਰੋਤਮ ਦਾ ਭਗਤ ਬਾਣੀ ਅਤੇ ਸਿਰੀ ਰਾਗ ਦਾ ਟੀਕਾ, ਸੰਤ ਸੂਰਜ ਸਿੰਘ ਦਾ ਜਪੁਜੀ ਸਟੀਕ, ਸੰਤ ਦਲ ਸਿੰਘ ਦਾ ਗਉੜੀ ਰਾਗ, ਹਜਾਰੇ ਦੇ ਸ਼ਬਦਾਂ, ਸੁਖਮਨੀ ਸਾਹਿਬ ਅਤੇ ਬਾਵਨ ਅਖਰੀ ਦਾ ਟੀਕਾ ਆਦਿ ਸ਼ਾਮਲ ਹਨ।

ਭਾਈ ਸੰਤੋਖ ਸਿੰਘ ਤੋਂ ਬਾਅਦ ਪੰਡਿਤ ਤਾਰਾ ਸਿੰਘ ਨਰੋਤਮ ਦੇ ਸਮੇਂ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਸੰਭਾਲ ਦਾ ਬਹੁਤ ਸਾਰਾ ਕਾਰਜ ਸਾਹਮਣੇ ਆਇਆ ਹੈ। ਪੰਡਿਤ ਤਾਰਾ ਸਿੰਘ ਨਰੋਤਮ ਨੇ ਪਟਿਆਲਾ ਦੇ ਮਹਾਰਾਜਾ ਮਹਿੰਦਰ ਸਿੰਘ ਦੇ ਕਹਿਣ 'ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਆਰੰਭ ਕੀਤਾ ਸੀ। ਕਿਹਾ ਜਾਂਦਾ ਹੈ ਕਿ "ਇਕ ਦਿਨ ਮਹਾਰਾਜਾ ਮਹਿੰਦਰ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਣ ਰਹੇ ਸਨ ਤਾਂ ਉਨ੍ਹਾਂ ਨੇ ਗ੍ਰੰਥੀ ਤੋਂ ਇਕ ਤੁਕ ਦੇ ਅਰਥ ਪੁੱਛੇ। ਉਸ ਦੇ ਨਾ ਦੱਸ ਸਕਣ ਤੋਂ ਮਹਾਰਾਜਾ ਨੇ ਪੰਡਤ ਨਿਰੋਤਮ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਲਈ ਕਿਹਾ। ਨਿਰੋਤਮ ਸਿੰਘ ਨੇ ਗਿਆਨ ਸਿੰਘ ਜੀ ਨੂੰ ਅੰਮ੍ਰਿਤਸਰ ਭੇਜਿਆ ਤਾਂ ਜੋ ਉਥੋਂ ਦੀ ਗਿਆਨੀ ਸੰਪ੍ਰਦਾ ਤੋਂ ਵੀ ਅਰਥ ਸੁਣ ਕੇ ਲਿਖ ਭੇਜਣ। ਅੰਮ੍ਰਿਤਸਰ ਵਿਚ ਗਿਆਨੀ ਜੀ ਨੂੰ 25 ਰੁਪਏ ਮਹੀਨਾ ਖਰਚ ਭੇਜਦੇ ਰਹੇ ਤੇ ਉਹ ਉਥੋਂ ਰੋਜ਼ ਅਰਥ ਸੁਣ ਕੇ ਲਿਖ ਲੈਂਦੇ ਤੇ ਇਕ ਸਾਲ ਵਿਚ ਟੀਕੇ ਦੇ 27 ਦਸਤੇ ਕਾਗਜ਼ ਲਿਖ ਕੇ ਪੰਡਤ ਜੀ ਪਾਸ ਭੇਜੇ।"[1] ਇਹ ਟੀਕਾ ਕਿਥੇ ਤੱਕ ਪਹੁੰਚਿਆ ਇਸ ਦਾ ਵਰਨਨ ਕਰਦੇ ਹੋਏ ਮੁਨੀ ਅਰਜਨ ਸਿੰਘ ਦੱਸਦੇ ਹਨ, "ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ ਨਰੋਤਮ ਬਸੰਤ ਰਾਗ ਤਕ ਵਿਸਤਾਰ ਪੂਰਬਕ ਟੀਕਾ ਤਿਆਰ ਕਰ ਚੁੱਕੇ ਸਨ, ਪੂਰਾ ਕਰਣ ਦਾ ਉਦਮ ਕਰ ਹੀ ਰਹੇ ਸਨ ਕਿ ਆਪ ਦਾ ਸਰੀਰ ਸ਼ਾਂਤ ਹੋ ਗਿਆ। ਉਤ੍ਰਾਧਿਕਾਰੀ ਦੀ ਅਣਗਹਿਲੀ ਨਾਲ ਆਪ ਦੇ ਲਿਖੇ ਹੋਏ ਖਰੜੇ ਦੇਖਨ ਦੇ ਬਹਾਨੇ ਕੁਝ ਸਜਨ ਲੈ ਗਏ ਜੋ ਦੁਰਭਾਗ ਨਾਲ ਹੁਣ ਤੱਕ ਪ੍ਰਾਪਤ ਨਹੀਂ ਹੋ ਸਕੇ, ਆਪ ਦੇ ਲਿਖੇ ਹੋਏ ਖਰੜੇ ਵਿਚੋਂ ਕੇਵਲ ਸਿਰੀ ਰਾਗ ਦਾ ਹੀ ਟੀਕਾ ਪ੍ਰਕਾਸ਼ਿਤ ਹੋਇਆ ਹੈ ਜੋ ਅੱਜ ਕਲ ਕਿਸੀ-ਕਿਸੀ ਵਿਦਵਾਨ ਖੋਜੀ ਪਾਸੋਂ ਮਿਲਦਾ ਹੈ।"[2] ਭਾਵੇਂ ਕਿ ਪੰਡਿਤ ਜੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਟੀਕਾ ਨਹੀਂ ਕਰ ਸਕੇ ਪਰ ਗੁਰਬਾਣੀ ਅਰਥਾਂ ਨੂੰ ਪ੍ਰਗਟ ਕਰਦਾ ਉਨ੍ਹਾਂ ਦਾ 'ਸ੍ਰੀ ਗੁਰੁ ਭਾਵ ਦੀਪਿਕਾ ਟੀਕਾ' ਸੰਪੂਰਨ ਕੀਤਾ ਮਿਲਦਾ ਹੈ ਜਿਹੜਾ ਕਿ ਸੰਨ 1879 ਵਿਚ ਸੰਪੂਰਨ ਹੋਇਆ ਸੀ।[3]

ਨਿਰਮਲੇ ਵਿਦਵਾਨਾਂ ਨੇ ਸੰਸਕ੍ਰਿਤ ਗ੍ਰੰਥਾਂ ਦੀ ਵਿਦਿਆ ਬਨਾਰਸ ਤੋਂ ਹਾਸਲ ਕੀਤੀ ਸੀ ਇਸ ਕਰਕੇ ਇਨ੍ਹਾਂ ਦੀ ਉਸ ਇਲਾਕੇ ਨਾਲ ਕੁਝ ਵਧੇਰੇ ਰੁਚੀ ਵੇਖਣ ਨੂੰ ਮਿਲਦੀ ਹੈ। ਦੂਜਾ ਪੰਜਾਬ ਹਮਲਾਵਰਾਂ ਦਾ ਲਾਂਘਾ ਹੋਣ ਕਰਕੇ ਇਥੇ ਹਮੇਸ਼ਾਂ ਗੜਬੜ ਵਾਲਾ ਮਾਹੌਲ ਰਿਹਾ ਹੈ। ਪੜ੍ਹਨ ਲਿਖਣ ਦੀ ਰੁਚੀ ਇਸ ਤਰ੍ਹਾਂ ਦੇ ਮਾਹੌਲ ਦੇ ਅਨੁਕੂਲ ਨਹੀਂ ਹੁੰਦੀ। ਗੁਰੂ ਤੇਗ਼ ਬਹਾਦਰ ਜੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕੁਝ ਸਮਾਂ ਵਿਵਾਦਾਂ ਤੋਂ ਦੂਰ ਰਹਿ ਕੇ ਪਾਉਂਟਾ ਸਾਹਿਬ ਜਾਣ ਦਾ ਫੈਸਲਾ ਲਿਆ ਸੀ। ਪੰਜਾਬ ਤੋਂ ਬਾਹਰ ਉਹ ਇਲਾਕਾ ਨਿਰਮਲੇ ਵਿਦਵਾਨਾਂ ਦਾ ਕਾਰਜ-ਖੇਤਰ ਸੀ ਜਿਥੇ ਸੰਸਕ੍ਰਿਤ ਅਤੇ ਬ੍ਰਜ ਭਾਸ਼ਾ ਦਾ ਵਧੇਰੇ ਪ੍ਰਭਾਵ ਸੀ। ਭਾਈ ਗੁਰਦਾਸ ਜੀ ਨੇ ਵੀ ਜਦੋਂ ਬਨਾਰਸ ਦੇ ਇਲਾਕੇ ਵਿਚ ਸਿੱਖੀ ਪ੍ਰਚਾਰ ਕੀਤਾ ਸੀ ਤਾਂ ਉਥੇ ਦੀ ਪ੍ਰਮੁਖ ਬੋਲੀ ਨੂੰ ਆਪਣੇ ਪ੍ਰਚਾਰ ਦਾ ਅੰਗ ਬਣਾਇਆ ਸੀ। ਉਨ੍ਹਾਂ ਦੁਆਰਾ ਰਚੇ ਕਬਿੱਤ ਇਸ ਗੱਲ ਦੀ ਗਵਾਹੀ ਦਿੰਦੇ ਹਨ। ਨਿਰਮਲੇ ਵਿਦਵਾਨਾਂ ਦੇ ਪ੍ਰਚਾਰ ਖੇਤਰ ਵਿਚ ਬ੍ਰਾਹਮਣ ਵਿਦਵਾਨ ਸੰਸਕ੍ਰਿਤ ਭਾਸ਼ਾ ਰਾਹੀਂ ਵਿਦਵਤਾ ਦਾ ਪ੍ਰਗਟਾਵਾ ਕਰ ਰਹੇ ਸਨ ਅਤੇ ਆਮ ਲੋਕ ਕ੍ਰਿਸ਼ਨ ਲੀਲ੍ਹਾ ਰਾਹੀਂ ਮਨ ਪ੍ਰਚਾਵਾ ਕਰਨ ਵਿਚ ਰੁੱਝੇ ਹੋਏ ਸਨ। ਨਿਰਮਲਿਆਂ ਨੇ ਦੋਵਾਂ ਤਰ੍ਹਾਂ ਦੇ ਲੋਕਾਂ ਤਕ ਸਿੱਖੀ ਸੰਦੇਸ਼ ਪਹੁੰਚਾਉਣ ਦਾ ਕਾਰਜ ਕੀਤਾ। ਉਨ੍ਹਾਂ ਨੇ ਮੌਖਿਕਤਾ ਦੇ ਨਾਲ-ਨਾਲ ਜਦੋਂ ਲਿਖਤ ਸਾਧਨਾਂ ਰਾਹੀਂ ਸਿੱਖੀ ਪ੍ਰਚਾਰ ਕੀਤਾ ਤਾਂ ਉਨ੍ਹਾਂ ਦੇ ਪ੍ਰਚਾਰ ਵਿਚ ਉਥੋਂ ਦੀ ਸਥਾਨਕ ਪਰੰਪਰਾ ਅਤੇ ਵਿਦਵਤਾ ਨਾਲ ਜੁੜ ਗਈ। ਗੁਰਬਾਣੀ ਦਾ ਸੰਦੇਸ਼ ਲੋਕਾਂ ਤੱਕ ਪਹੁੰਚਾਉਣ ਲਈ ਉਨ੍ਹਾਂ ਸ਼ਬਦ ਦੀ ਵਿਆਖਿਆ ਦਾ ਕਾਰਜ ਆਰੰਭਿਆ। ਨਿਰਮਲੇ ਸੰਤਾਂ ਨੇ ਨਵੇਂ ਤਰੀਕੇ ਨਾਲ ਗੁਰਬਾਣੀ ਵਿਆਖਿਆ ਕੀਤੀ ਜਿਸ ਵਿਚ ਹਿੰਦੂ ਧਰਮ ਗ੍ਰੰਥਾਂ ਦੇ ਵਿਸਤ੍ਰਿਤ ਹਵਾਲੇ ਵੇਖਣ ਨੂੰ ਮਿਲਦੇ ਹਨ। ਸਮੇਂ ਦੇ ਪ੍ਰਭਾਵ

---

[1] ਡਾ. ਭਗਤ ਸਿੰਘ, *ਗਿਆਨੀ ਗਿਆਨ ਸਿੰਘ*, ਪੰਨਾ 10.

[2] ਮੁਨੀ ਅਰਜਨ ਸਿੰਘ ਕਨਖਲ, ਆਦਿ ਗ੍ਰੰਥ ਦੇ ਟੀਕੇ, *ਗੁਰਮਤ ਸਾਹਿਤ*, ਸੰਪਾਦਕ ਨਹੀਂ, ਪੰਨਾ 193.

[3] ਬਲਬੀਰ ਸਿੰਘ, ਭੂਮਿਕਾ, *ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 4.

ਅਧੀਨ ਗੁਰਬਾਣੀ ਦੀ ਵਿਆਖਿਆ ਕੀਤੇ ਜਾਣ ਦਾ ਕਾਰਨ ਦੱਸਦੇ ਹੋਏ ਟੀਕਾਕਾਰ ਦੱਸਦੇ ਹਨ ਕਿ, "ਜੋ ਸਨਾਤਨ ਸੰਪ੍ਰਦਾਯ ਅਰਥਾਂ ਦੀ ਸੀਨੇ ਬ ਸੀਨੇ ਚਲੀ ਆਉਂਦੀ ਸੀ, ਓਹ ਕਲਮਬੰਦ ਨ ਹੋਣੇ ਕਰਕੇ ਸਿੱਖਾਂ ਦੇ ਰਾਜ ਵੇਲੇ ਰੌਲੇ ਗੌਲੇ ਵਿਚ ਪੈ ਗਈ।"[1] ਨਿਰਮਲੇ ਸੰਤਾਂ 'ਤੇ ਗੁਰਬਾਣੀ ਦੀ ਵਿਆਖਿਆ ਕਰਨ ਸਮੇਂ ਕਿਹੜੀਆਂ ਬਿਰਤੀਆਂ ਭਾਰੂ ਸਨ, ਜਿਹੜੀਆਂ ਉਨ੍ਹਾਂ ਦੀ ਵਿਆਖਿਆ ਨੂੰ ਦੂਜਿਆਂ ਤੋਂ ਵੱਖ ਕਰਦੀਆਂ ਹਨ, ਇਸ ਪ੍ਰਕਾਰ ਵੇਖੀਆਂ ਜਾ ਸਕਦੀਆਂ ਹਨ :

1. ਸ਼ਾਬਦਿਕ ਅਰਥ ਵਿਆਖਿਆ ਨੂੰ ਸੀਮਿਤ ਕਰਦੇ ਹਨ ਅਤੇ ਭਾਵਾਰਥਕ ਅਰਥ ਵਿਆਖਿਆ ਨੂੰ ਸਮੇਂ ਦਾ ਹਾਣੀ ਬਣਾਉਣ ਵਿਚ ਸਹਾਇਤਾ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਸਮੇਂ ਸ਼ਬਦ ਦੇ ਅਰਥ ਨੂੰ ਸ਼ਬਦ ਦੀ ਭਾਵਨਾ ਦੇ ਅਨੁਕੂਲ ਬਣਾਉਣ ਅਤੇ ਸ਼ਬਦ ਦੇ ਸ਼ਾਬਦਿਕ ਅਰਥ ਕਰਨ ਦੀ ਬਜਾਏ ਭਾਵਾਰਥਕ ਅਰਥ ਕਰਨ 'ਤੇ ਜ਼ੋਰ ਦਿੰਦੇ ਹੋਏ ਪੰਡਿਤ ਤਾਰਾ ਸਿੰਘ ਨਰੋਤਮ ਕਹਿੰਦੇ ਹਨ, "ਬਾਣੀ ਕਾ ਸੀਧਾ ਅਰਥ ਕਰਨਾ ਹੀ ਸਾਰ ਹੈ॥ ਜੋ ਸਬਦ ਕੀ ਸਕਤੀ ਸੇ ਪ੍ਰਤੀਤ ਹੋਵੇ ਹੈ॥ ਜੋ ਔਰ ਬ੍ਰਿਤੀਯੋਂ ਸੇ ਪ੍ਰਤੀਤ ਹੋਵੇ ਸੋ ਸਾਰ ਨਹੀਂ॥ ਇਸੀ ਲੀਯੇ ਬਹੁਤ ਲੋਕ ਤਰਜਮਹ ਵ ਟੀਕਾ ਵੈਸੀ ਕਰਤੇ ਹੈਂ ਜਿਨ ਮੇਂ ਕੇਵਲ ਮੂਲ ਕੇ ਪਾਠੋਂ ਕੇ ਦੂਸਰੇ ਨਾਮ ਹੀ ਆਵੇਂ॥ ਮੂਲ ਕਾ ਭਾਵ ਨਾਸ ਹੀ ਹੋਵੇ॥ ਪਰੰਤੂ ਯਹ ਰੀਤੀ ਭਲੀ ਨਹੀਂ॥ ਕਾਹੇ ਤੇ ਜੇਕਰ ਸੀਧਾ ਅਰਥ ਕਰਨਾ ਹੀ ਸਾਰ ਹੋਵੇ ਤਬ ਜੋ ਲੋਗ ਸੰਸਕ੍ਰਿਤ ਮੇਂ ਭਾਵਾਰਥ ਕਹਤੇ ਹੈਂ ਅਰ ਪਾਰਸੀ ਮੇ ਮੁਰਾਦੀ ਮਾਯਨੇ ਕਰਤੇ ਹੈਂ ਸੋ ਨਾ ਕਰਨੇ ਹੋਂਗੇ ਔ ਕਰੇ ਹੈਂ॥ ਯਾਤੇ ਜਹਾਂ ਸੀਧਾ ਸੰਭਵੇ ਸੀਧਾ ਕਰੋ ਜਹਾਂ ਸੀਧੇ ਸੇ ਵਕਤਾ ਕਾ ਬਾਂਛਿਤ ਅਰਥ ਨਾ ਨਿਕਸੇ ਤਹਾਂ ਭਾਵਾਰਥ ਕਰੋ॥ ਕੋਈ ਲੋਕ ਕੇਵਲ ਭਾਵਾਰਥ ਹੀ ਲਿਖਤੇ ਹੈਂ॥ ਜੈਸੇ ਗੁਰ ਬਾਣੀ ਕੀ ਪਰਮਾਰਥ ਟੀਕਾ ਹੈ॥ ਸਯਾਣੇ ਪੁਰਖੋਂ ਕੋ ਪਦੋਂ ਕੇ ਅਰਥੋਂ ਕਾ ਲਾਭ ਉਨਸੇ ਭੀ ਨਹੀਂ ਹੋਵੇ॥ ਕਾਹੇ ਤੇ ਪਰਮਾਰਥ ਭਾਵਾਰਥ ਕਾ ਨਾਮ ਹੈ॥ ਭਾਵਾਰਥ ਮੈਂ ਅਖਰਾਰਥ ਹੋਵੇ ਨਹੀਂ॥"[2]

2. ਨਿਰਮਲੇ ਵਿਦਵਾਨਾਂ ਦਾ ਵਧੇਰੇ ਸੰਬੰਧ ਬਨਾਰਸ, ਹਰਿਦੁਆਰ, ਰਿਸ਼ੀਕੇਸ਼ ਆਦਿ ਖੇਤਰਾਂ ਨਾਲ ਰਿਹਾ ਹੈ। ਇਹ ਹਿੰਦੂ ਵਿਦਵਤਾ ਦੇ ਮੰਨੇ-ਪ੍ਰਮੰਨੇ ਖੇਤਰ ਸਨ ਅਤੇ ਇਥੋਂ ਦੇ ਵਿਦਵਾਨਾਂ ਦੀ ਭਾਸ਼ਾ ਪ੍ਰਮੁਖ ਤੌਰ 'ਤੇ ਸੰਸਕ੍ਰਿਤ ਸੀ, ਜਿਸ ਨੂੰ ਦੇਵ ਭਾਸ਼ਾ ਵੀ ਮੰਨਿਆ ਜਾਂਦਾ ਸੀ। ਗੁਰਬਾਣੀ ਦੀ ਭਾਵਨਾ ਨੂੰ ਉਸ ਸਮੇਂ ਦੀ ਸ੍ਰੇਸ਼ਟ ਮੰਨੀ ਜਾਂਦੀ ਧਾਰਮਿਕ ਅਤੇ ਵਿਦਿਅਤ ਸ਼੍ਰੇਣੀ ਤੱਕ ਪਹੁੰਚਾਉਣ ਲਈ ਨਿਰਮਲੇ ਵਿਦਵਾਨਾਂ ਨੇ ਸੰਸਕ੍ਰਿਤ ਭਾਸ਼ਾ ਦੀ ਵਰਤੋਂ ਕੀਤੀ। "ਨਿਰਮਲੇ ਸੰਤ ਹਿੰਦੂ ਧਰਮ ਗ੍ਰੰਥਾਂ ਤੋਂ ਜਾਣੂ ਸਨ ਇਸ ਕਰਕੇ ਉਨ੍ਹਾਂ ਦੀ ਵਿਆਖਿਆ ਉਤੇ ਵੇਦਾਂ ਸ਼ਾਸਤ੍ਰਾਂ ਦਾ ਪ੍ਰਭਾਵ ਸੀ। ਉਨ੍ਹਾਂ ਨੇ ਜੋ ਕਾਰਜ ਕੀਤਾ ਉਹ ਇਸੇ ਪ੍ਰਭਾਵ ਅਧੀਨ ਕੀਤਾ। ਉਹ ਵਿਆਖਿਆ ਸਮੇਂ ਵੇਦਾਂ ਵਿਚੋਂ ਪ੍ਰਮਾਣ ਦਿਆ ਕਰਦੇ ਸਨ। ਉਹ ਵਾਹਿਗੁਰੂ ਦੇ ਨਿਰਗੁਣ ਸਰੂਪ ਦਾ ਪ੍ਰਚਾਰ ਕਰਦੇ ਸਨ। ਉਹ ਵੇਦਾਂ ਦੇ ਗਿਆਤਾ ਹੋਣ ਕਰਕੇ ਗੁਰਬਾਣੀ ਵਿਆਖਿਆ ਸਮੇਂ ਵੇਦਾਂਤੀ ਸ਼ਬਦਾਵਲੀ ਦਾ ਪ੍ਰਯੋਗ ਕਰਦੇ ਸਨ। ਬ੍ਰਹਮ, ਮਾਇਆ, ਗਿਆਨ ਤੇ ਸੋਹੰ ਆਦਿ ਸ਼ਬਦ ਉਨ੍ਹਾਂ ਦੇ ਮੂੰਹ 'ਤੇ ਆਮ ਚੜ੍ਹੇ ਹੋਏ ਸਨ।"[3] ਨਿਰਮਲੇ ਟੀਕਾਕਾਰਾਂ ਨੇ ਗੁਰਬਾਣੀ ਨੂੰ ਸਮਝਾਉਣ ਲਈ ਹਿੰਦੂ ਗ੍ਰੰਥਾਂ ਦਾ ਸਹਾਰਾ ਲਿਆ। ਇਹ ਉਨ੍ਹਾਂ ਦਾ ਇਕ ਵਾਧੂ ਗੁਣ ਮੰਨਿਆ ਜਾ ਸਕਦਾ ਹੈ ਕਿਉਂਕਿ ਉਨ੍ਹਾਂ ਨੇ ਜਿਹੜੇ ਲੋਕਾਂ ਨੂੰ ਗੁਰਬਾਣੀ ਦਾ ਭਾਵ ਸਮਝਾਉਣਾ ਸੀ ਉਨ੍ਹਾਂ ਨੂੰ ਉਨ੍ਹਾਂ ਦੇ ਧਾਰਮਿਕ ਮੁਹਾਵਰੇ ਵਿਚ ਗੁਰਬਾਣੀ ਦਾ ਸੰਦੇਸ਼ ਪਹੁੰਚਾਇਆ। ਇਹ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਅੰਗਰੇਜ਼ੀ ਦੇ ਜਾਣਕਾਰਾਂ ਨੂੰ ਸਮਝਾਉਣ ਲਈ ਉਹੀ ਮੁਹਾਵਰਾ ਵਧੇਰੇ ਯੋਗ ਸਿੱਧ ਹੁੰਦਾ ਹੈ ਜਿਹੜਾ ਉਨ੍ਹਾਂ ਦੀ ਆਪਣੀ ਬੋਲੀ ਵਿਚ ਰਚਿਆ ਹੋਵੇ। ਅਖ਼ਬਾਰਾਂ ਅਤੇ ਟੈਲੀਵਿਜ਼ਨ ਦੇ ਬਹੁਤ ਸਾਰੇ ਇਸ਼ਤਿਹਾਰ ਦੂਜੀਆਂ ਭਾਸ਼ਾਵਾਂ ਵਿਚ ਬਣਦੇ ਹਨ ਪਰ ਜਦੋਂ ਉਹ ਪੰਜਾਬੀ ਦੇ ਕਿਸੇ ਚੈਨਲ 'ਤੇ ਦਿਖਾਈਆਂ ਜਾਂਦੀਆਂ ਹਨ ਤਾਂ ਉਨ੍ਹਾਂ ਦਾ ਮੁਹਾਵਰਾ ਪੰਜਾਬੀ ਵਾਲਾ ਪੇਸ਼ ਕੀਤਾ ਜਾਂਦਾ ਹੈ ਤਾਂ ਜੋ ਇਥੇ ਦੇ ਲੋਕਾਂ ਨੂੰ ਉਨ੍ਹਾਂ ਦੀ ਗੱਲ ਛੇਤੀ ਸਮਝ ਆ ਸਕੇ। ਨਿਰਮਲੇ ਟੀਕਾਕਾਰ ਗੁਰਬਾਣੀ ਵਿਆਖਿਆ ਲਈ ਪੰਜਾਬੀ ਦੇ ਨਾਲ ਸ਼ਾਸਤਰੀ ਬੋਲੀ ਦੇ ਮਿਸ਼ਰਣ ਹੋਣ ਦਾ ਕਾਰਨ ਦੱਸਦੇ ਹੋਏ ਸਪਸ਼ਟ ਕਰਦੇ ਹਨ ਕਿ "ਮੂਲ ਪਦ ਕੀ ਟੀਕਾ ਬਹੁਧਾ ਪੰਜਾਬ ਦੇਸ ਕੀ ਬੋਲੀ ਮੇ ਕਰਨੀ ਹੋਗੀ॥ ਮੂਲ ਪਦ ਚਾਹੇ ਕਿਸੇ ਦੇਸ ਕੀ ਭਾਖਾ ਮੇ ਹੋਵੇ॥ ਇਸ ਬਾਤ ਮੇ ਯਹ ਹੇਤੁ ਹੈ ਬਾਨੀ ਬਹੁਧਾ ਪੰਜਾਬੀ ਮੇ ਹੈ॥ ਯਾਤੇ ਅਰਥ ਭੀ ਉਸੀ ਮੇ ਹੋਂਗੇ॥ ਪਰੰਤੁ ਬਹੁਤ ਕਰ ਸ਼ਾਸਤ੍ਰੀ ਬੋਲੀ ਸੇ ਮਿਸ੍ਰਿਤ ਹੋਂਗੇ॥ ਕਿਉਂਕਿ ਵਹੁ ਗੁਰਮੁਖੀ ਕੀ ਮੂਲ ਵਿਦਿਆ ਹੈ॥"[4]

---

[1] ਬਦਨ ਸਿੰਘ ਗਯਾਨੀ ਅਤੇ ਲਧਾ ਸਿੰਘ ਹਜੂਰੀ ਰਾਗੀ, ਭੂਮਿਕਾ, *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ* (ਫਰੀਦਕੋਟ ਵਾਲਾ ਟੀਕਾ), ਪੰਨਾ ੳ.

[2] ਪੰਡਿਤ ਤਾਰਾ ਸਿੰਘ ਨਰੋਤਮ, *ਟੀਕਾ ਸਿਰੀ ਰਾਗ*, ਪੰਨਾ 7.

[3] ਕੁਲਦੀਪ ਸਿੰਘ ਹਉਰਾ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, *ਪੰਜਾਬੀ ਦੁਨੀਆ*, ਅਕਤੂਬਰ-ਦਸੰਬਰ 1984, ਪੰਨਾ 105.

[4] ਪੰਡਿਤ ਤਾਰਾ ਸਿੰਘ ਨਰੋਤਮ, *ਟੀਕਾ ਸਿਰੀ ਰਾਗ*, ਪੰਨਾ 10.

3. ਨਿਰਮਲੇ ਗੁਰਬਾਣੀ ਅਤੇ ਸੰਸਕ੍ਰਿਤ ਦੇ ਉੱਘੇ ਵਿਦਵਾਨ ਸਨ। ਜਦੋਂ ਇਨ੍ਹਾਂ ਦਾ ਵਾਹ ਉਸ ਸਮੇਂ ਦੀ ਵਿਦਵਾਨ ਮੰਨੀ ਜਾਂਦੀ ਸ਼੍ਰੇਣੀ ਨਾਲ ਪਿਆ ਤਾਂ ਇਨ੍ਹਾਂ ਨੇ ਗੁਰੂ ਸਾਹਿਬਾਨ ਦੀ ਉਸਤਤਿ ਅਤੇ ਗੁਰਬਾਣੀ ਦੀ ਵਿਆਖਿਆ ਕਰਕੇ ਉਨ੍ਹਾਂ ਦੀ ਸੰਤੁਸ਼ਟੀ ਕਰਾਈ ਸੀ। ਆਪਣੇ ਸਮੇਂ ਦੇ ਵਿਦਵਾਨ ਕਵੀਆਂ ਨਾਲ ਭਾਈ ਸੰਤੋਖ ਸਿੰਘ ਦਾ ਵਾਹ ਪਹਿਲੀ ਵਾਰ ਪਟਿਆਲੇ ਦੇ ਰਾਜ ਦਰਬਾਰ ਵਿਚ ਪਿਆ ਸੀ ਜਦੋਂ ਇਕ ਸਭਾ ਵਿਚ ਉਨ੍ਹਾਂ ਦਾ ਸਾਹਮਣਾ ਅਜਿਹੇ ਕਵੀਆਂ ਨਾਲ ਹੋਇਆ ਜੋ ਕਿ ਕ੍ਰਿਸ਼ਨ ਲੀਲ੍ਹਾ 'ਤੇ ਆਪਣੀ ਵਿਦਿਆ ਦਾ ਪ੍ਰਗਟਾਵਾ ਕਰ ਰਹੇ ਸਨ। ਜਦੋਂ ਭਾਈ ਸਾਹਿਬ ਨੂੰ ਆਪਣੇ ਵਿਚਾਰ ਪੇਸ਼ ਕਰਨ ਲਈ ਕਿਹਾ ਤਾਂ ਉਨ੍ਹਾਂ ਨੇ ਕਾਵਿ ਰਾਹੀਂ ਦਸਮੇਸ਼ ਪਿਤਾ ਦਾ ਜਸ-ਗਾਇਨ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ ਅਤੇ ਪਟਿਆਲਾ ਪਤੀ ਤੋਂ ਇਨਾਮ ਹਾਸਲ ਕੀਤਾ। ਦੂਜੀ ਵਾਰ ਉਨ੍ਹਾਂ ਦਾ ਵਾਹ ਵੱਡੇ-ਵੱਡੇ ਸੰਸਕ੍ਰਿਤ ਦੇ ਪੰਡਿਤਾਂ ਨਾਲ ਉਸ ਸਮੇਂ ਪਿਆ ਜਦੋਂ ਉਹ ਕੈਥਲ ਦੇ ਰਾਜੇ ਕੋਲ ਸੇਵਾ ਨਿਭਾ ਰਹੇ ਸਨ। ਸੰਸਕ੍ਰਿਤ ਅਤੇ ਬ੍ਰਜ ਭਾਸ਼ਾ ਦੇ ਇਹ ਵਿਦਵਾਨ ਪੰਡਿਤ ਦਰਬਾਰ ਵਿਚ ਔਖੀ ਤੋਂ ਔਖੀ ਕਾਵਿ-ਭਾਸ਼ਾ ਦੀ ਵਰਤੋਂ ਕਰਕੇ ਆਪਣੀ ਵਿਦਵਤਾ ਦਾ ਪ੍ਰਗਟਾਵਾ ਕਰਦੇ ਸਨ। ਜਦੋਂ ਉਨ੍ਹਾਂ ਦੇ ਮੁਕਾਬਲੇ ਭਾਈ ਸਾਹਿਬ ਨੇ ਕਾਵਿ ਵਿਚ ਆਪਣੀ ਗੱਲ ਰੱਖਣੀ ਸ਼ੁਰੂ ਕੀਤੀ ਤਾਂ ਉਹ ਦੰਗ ਰਹਿ ਗਏ ਸਨ। ਵੱਡੇ-ਵੱਡੇ ਪੰਡਿਤਾਂ ਨੂੰ ਉਨ੍ਹਾਂ ਦੀ ਵਿਦਵਤਾ ਦਾ ਲੋਹਾ ਮੰਨਣ ਨੂੰ ਮਜਬੂਰ ਹੋਣਾ ਪਿਆ ਸੀ ਅਤੇ ਬਹੁਤ ਸਾਰੇ ਉਨ੍ਹਾਂ ਨਾਲ ਈਰਖਾ ਵੀ ਕਰਨ ਲੱਗੇ ਜਿਸ ਦਾ ਵਰਣਨ ਕਰਦੇ ਹੋਏ ਭਾਈ ਵੀਰ ਸਿੰਘ ਜੀ ਦੱਸਦੇ ਹਨ ਕਿ "ਗੁ: ਪ੍ਰ: ਸੂਰਜ ਦੇ ਦਿਨਾਂ ਵਿਚ ਕਵੀ ਜੀ ਨੂੰ ਕੈਥਲ ਦੀ ਆਮ ਬ੍ਰਾਹਮਣੀ ਜਨਤਾ ਕੁਛ ਉਸੇ ਨਜ਼ਰ ਨਾਲ ਦੇਖਦੀ ਸੀ, ਜਿਸ ਨਾਲ ਸਿੰਘ ਸਭਾ ਦੇ ਸੇਵਕਾਂ ਨੂੰ ਸੁਧਾਰ ਆਰੰਭ ਕਰਨ ਵੇਲੇ ਪੰਜਾਬ ਦੀ ਸਨਾਤਨੀ ਜਨਤਾ ਦੇਖਦੀ ਹੁੰਦੀ ਸੀ।"[1] ਵਿਰੋਧ ਦੇ ਬਾਵਜੂਦ ਵੀ ਭਾਈ ਸਾਹਿਬ ਨੇ ਹੌਂਸਲਾ ਨਹੀਂ ਸੀ ਛੱਡਿਆ ਅਤੇ ਨਿਰੰਤਰ ਆਪਣੇ ਕਾਰਜ ਵਿਚ ਰੁਚਿਤ ਰਹੇ। ਉਨ੍ਹਾਂ ਦੀ ਵਿਦਵਤਾ ਨੂੰ ਮੁੱਖ ਰੱਖ ਕੇ ਹੀ ਕੈਥਲਪਤੀ ਰਾਜਾ ਉਦਯ ਸਿੰਘ ਨੇ ਉਨ੍ਹਾਂ ਨੂੰ ਜਪੁ ਬਾਣੀ ਦਾ ਟੀਕਾ ਕਰਨ ਲਈ ਕਿਹਾ ਸੀ। ਲਿਖਤ ਰੂਪ ਵਿਚ ਇਹ ਟੀਕਾ ਨਿਰਮਲੇ ਵਿਦਵਾਨਾਂ ਦੀ ਗੁਰਬਾਣੀ ਵਿਆਖਿਆ ਦਾ ਮੁੱਢਲਾ ਰੂਪ ਕਿਹਾ ਜਾ ਸਕਦਾ ਹੈ।

4. ਧਰਮਾਂ ਦਾ ਅਧਿਐਨ ਤਿੰਨ ਪੜਾਵਾਂ ਵਿਚੋਂ ਲੰਘਿਆ ਹੈ। ਪਹਿਲੇ ਪੜਾਅ ਵਿਚ ਦੂਜੇ ਧਰਮਾਂ ਦੇ ਧਰਮ ਗ੍ਰੰਥਾਂ ਦਾ ਅਨੁਵਾਦ ਮੰਨਿਆ ਗਿਆ ਹੈ। ਦੂਜੇ ਪੜਾਅ ਵਿਚ ਦੂਜੇ ਧਰਮਾਂ ਦੇ ਧਰਮ-ਗ੍ਰੰਥਾਂ ਦੇ ਇਤਿਹਾਸ ਅਤੇ ਦਰਸ਼ਨ ਬਾਰੇ ਜਾਣਕਾਰੀ ਹਾਸਲ ਕਰਨ ਲਈ ਰੁਚੀ ਪੈਦਾ ਹੋਈ। ਤੀਜੇ ਪੜਾਅ ਵਿਚ ਦੂਜੇ ਧਰਮਾਂ ਨਾਲ ਤੁਲਨਾਤਮਕ ਅਧਿਐਨ ਦੀ ਪਰੰਪਰਾ ਮੈਕਸ ਮੂਲਰ ਨੇ ਆਰੰਭ ਕੀਤੀ। ਉਸਨੇ ਦੂਜੇ ਧਰਮਾਂ ਦੇ ਅਧਿਐਨ ਪ੍ਰਤੀ ਰੁਚੀ ਪੈਦਾ ਕਰਦੇ ਹੋਏ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜਿਹੜਾ ਕੇਵਲ ਇਕ ਧਰਮ ਨੂੰ ਜਾਣਦਾ ਹੈ ਦਰਅਸਲ ਉਹ ਕਿਸੇ ਵੀ ਧਰਮ ਨੂੰ ਨਹੀਂ ਜਾਣਦਾ। ਧਰਮ-ਅਧਿਐਨ ਦੇ ਇਸ ਪ੍ਰਸਿੱਧ ਵਿਦਵਾਨ ਨੇ ਧਰਮਾਂ ਦੇ ਤੁਲਨਾਤਮਕ ਅਤੇ ਇਤਿਹਾਸਿਕ ਅਧਿਐਨ 'ਤੇ ਜ਼ੋਰ ਦਿੱਤਾ ਸੀ। ਉਸ ਦੁਆਰਾ ਨਿਰਧਾਰਿਤ ਕੀਤੀ ਧਰਮਾਂ ਦੇ ਅਧਿਐਨ ਦੀ ਇਹ ਵਿਧੀ ਦੂਜੇ ਧਰਮਾਂ ਪ੍ਰਤੀ ਸੁਚਾਰੂ ਸੋਚ ਪੈਦਾ ਕਰਨ 'ਤੇ ਜ਼ੋਰ ਦਿੰਦੀ ਹੈ। ਧਰਮ ਅਧਿਐਨ ਦੀ ਇਸ ਵਿਧੀ ਦੇ ਅੰਸ਼ ਨਿਰਮਲੇ ਵਿਦਵਾਨਾਂ ਦੁਆਰਾ ਕੀਤੀ ਗੁਰਬਾਣੀ ਟੀਕਾਕਾਰੀ ਵਿਚ ਵੀ ਵੇਖਣ ਨੂੰ ਮਿਲਦਾ ਹੈ। ਇਨ੍ਹਾਂ ਵਿਦਵਾਨਾਂ ਦੀ ਇਹ ਵਿਸ਼ੇਸ਼ਤਾ ਸੀ ਕਿ ਇਨ੍ਹਾਂ ਨੇ ਜਿਥੇ ਹਿੰਦੂ ਧਰਮ ਦੇ ਗ੍ਰੰਥਾਂ ਦੇ ਸੰਦਰਭ ਵਿਚ ਗੁਰਬਾਣੀ ਨੂੰ ਦੇਖਣ ਦਾ ਯਤਨ ਕੀਤਾ ਹੈ ਉਥੇ ਇਨ੍ਹਾਂ ਨੇ ਦੂਜੇ ਟੀਕਾਕਾਰਾਂ ਦੁਆਰਾ ਗੁਰਬਾਣੀ ਵਿਆਖਿਆ ਸਮੇਂ ਰਹਿ ਗਈਆਂ ਊਣਤਾਈਆਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਿਵੇਂ ਕਿ ਪੰਡਿਤ ਤਾਰਾ ਸਿੰਘ ਨਰੋਤਮ ਟਰੰਪ ਦੁਆਰਾ ਗੁਰਬਾਣੀ ਦੇ ਕੀਤੇ ਅੰਗਰਜ਼ੀ ਅਨੁਵਾਦ ਨਾਲ ਜਿਥੇ ਸਹਿਮਤ ਨਹੀਂ ਹੁੰਦੇ ਉੱਥੇ ਆਪਣੀ ਗੱਲ ਪੂਰੀ ਦ੍ਰਿੜ੍ਹਤਾ ਨਾਲ ਪੇਸ਼ ਕਰਦੇ ਹਨ। 'ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ' ਵਾਲੇ ਸ਼ਬਦ ਦੇ ਅੰਗਰੇਜ਼ੀ ਅਨੁਵਾਦ 'ਤੇ ਟਿੱਪਣੀ ਕਰਦੇ ਹੋਏ ਪੰਡਿਤ ਜੀ ਕਹਿੰਦੇ ਹਨ ਕਿ "ਇਸ ਸਬਦ ਕੀ ਪਹਿਲੀ ਦੂਜੀ ਤੁਕੋਂ ਕਾ ਤਰਜਮਾ ਟਰੰਪ ਸਾਹਿਬ ਨੇ ਐਸੇ ਕੀਆ ਹੈ॥ ਜੋ ਈਂਟ ਕੀ ਜਗਹ ਮੋਤੀਓਂ ਸੇ ਮੰਦਰ ਬਨੇ ਅਰ ਹੀਰੇ ਆਦਿ ਰਤਨੋਂ ਸੇ ਉਸ ਮੇ ਜੜਾਉ ਕੀਆ ਜਾਵੇ॥ ਔਰ ਕਸਤੂਰੀ ਕੇਸਰ ਅਗਰ ਚੰਦਨ ਕੇ ਲੇਪ ਸੇ ਵਹੁ ਲੀਪੇ ਜਾਵੇਂ ਤੌ ਭੀ ਉਨਕੋ ਦੇਖ ਕਰ ਮੈ ਮਤ ਭੂਲ ਜਾਵਾਂ॥ ਜੋ ਭੂਲੇ ਹੂਯੇ ਕੋ ਤੇਰਾ ਨਾਮ ਨਾ ਚਿਤ ਆਵੇ॥ ਸੋ ਯਹ ਉਸਕਾ ਤਰਜਮਾ ਸਹੀ ਨਹੀਂ॥"[2] ਪੰਡਿਤ ਜੀ ਅਨੁਵਾਦ ਦੀ ਗਲਤੀ 'ਤੇ ਕੇਵਲ ਟਿੱਪਣੀ ਹੀ ਨਹੀਂ ਕਰਦੇ ਬਲਕਿ ਸਹੀ ਅਨੁਵਾਦ ਵੀ ਪੇਸ਼ ਕਰਦੇ ਹਨ।

5. ਵਾਰਤਕ ਕਾਵਿ ਤੋਂ ਛੇਤੀ ਸਮਝ ਆਉਂਦੀ ਹੈ ਅਤੇ ਆਮ ਵਿਅਕਤੀ ਕਾਵਿ ਨਾਲੋਂ ਵਾਰਤਕ ਨੂੰ ਵਧੇਰੇ ਪਸੰਦ ਕਰਦਾ ਹੈ। ਨਿਰਮਲੇ ਵਿਦਵਾਨਾਂ ਨੇ ਗੁਰਬਾਣੀ ਕਾਵਿ ਨੂੰ ਵਾਰਤਕ ਵਿਚ ਪਰੋਣ ਦਾ ਭਰਪੂਰ ਯਤਨ ਕੀਤਾ ਹੈ। ਇਸ ਦਾ ਭਾਵ ਹੈ ਕਿ ਨਿਰਮਲੇ ਟੀਕਾਕਾਰਾਂ ਨੂੰ ਵਾਰਤਕ ਦੇ ਨਿਯਮਾਂ ਦਾ ਪੂਰਨ ਗਿਆਨ ਸੀ। ਵਾਰਤਕ ਰਾਹੀਂ ਗੁਰਬਾਣੀ ਅਰਥ ਸਮਝਾਉਂਦੇ ਹੋਏ

---

[1] ਭਾਈ ਵੀਰ ਸਿੰਘ, ਭੂਮਿਕਾ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਪੰਨਾ 148.

[2] ਪੰਡਿਤ ਤਾਰਾ ਸਿੰਘ ਨਰੋਤਮ, *ਟੀਕਾ ਸਿਰੀ ਰਾਗ*, ਪੰਨਾ 14.

ਉਨ੍ਹਾਂ ਦੇ "ਟੀਕਿਆਂ ਦੀ ਬੋਲੀ ਸਾਧੁਕੜੀ ਹੋ ਗਈ ਤੇ ਸੰਸਕ੍ਰਿਤ ਸ਼ਬਦਾਂ ਦੀ ਮਾਤਰਾ ਵਧ ਗਈ। ਗੁਰਬਾਣੀ ਦੇ ਪਦ-ਛੇਦ ਕਰਨ ਨਾਲ ਇਕੋ ਤੁਕ ਦੇ ਕਈ-ਕਈ ਪਾਠ ਹੋਣ ਲੱਗ ਪਏ ਤੇ ਇਸ ਤਰ੍ਹਾਂ ਪਾਠੰਤਰ ਭੇਦ ਹੋਣ ਨਾਲ ਅਰਥਾਂ ਵਿਚ ਸਥਿਰਤਾ ਨਾ ਰਹੀ ਸਗੋਂ ਅਨਿਸ਼ਚਤਤਾ ਵੱਧ ਗਈ, ਮਿਥਿਹਾਸ ਦੀਆਂ ਪੌਰਾਣਿਕ ਕਥਾਵਾਂ, ਪ੍ਰਸੰਗ ਆਦਿ ਸੁਣਾਏ ਜਾਣ ਲੱਗੇ, ਹਿੰਦੂ ਧਰਮ ਗ੍ਰੰਥਾਂ ਵਿਚੋਂ ਪ੍ਰਮਾਣ ਦਿੱਤੇ ਜਾਣ ਲੱਗੇ। ਫਲਸਰੂਪ ਵਿਆਖਿਆ-ਪ੍ਰਣਾਲੀ ਉਤੇ ਵੇਦਾਂਤੀ ਛਾਪ ਲੱਗਣ ਲੱਗੀ।"[1]

6. ਪੰਡਿਤ ਜੀ ਦਾ ਟੀਕਾ ਪ੍ਰਸ਼ਨ-ਉੱਤਰ ਰੂਪ ਵਿਚ ਹੈ ਜੋ ਕਿ ਪਹਿਲਾਂ ਪਾਠਕ ਦੇ ਮਨ ਵਿਚ ਸਵਾਲ ਪੈਦਾ ਕਰਦਾ ਹੈ ਫਿਰ ਉਸ ਸਵਾਲ ਦੇ ਜਵਾਬ ਵਿਚ ਸੰਬੰਧਿਤ ਸ਼ਬਦ ਦੇ ਅਰਥ ਪੇਸ਼ ਕੀਤੇ ਗਏ ਹਨ। ਆਪਣੀ ਗੱਲ ਨੂੰ ਦੂਜਿਆਂ ਤੱਕ ਲਿਜਾਣ ਲਈ ਇਹ ਇਕ ਸਰਬੋਤਮ ਵਿਧੀ ਹੈ। ਪੁਰਾਤਨ ਰਿਸ਼ੀਆਂ-ਮੁਨੀਆਂ ਦੇ ਸਮੇਂ ਇਹ ਵਿਧੀ ਪ੍ਰਚਲਿਤ ਰਹੀ ਹੈ ਪਰ ਸ਼ੰਕਰਾਚਾਰੀਆ ਦੇ ਸਮੇਂ ਇਹ ਵਿਧੀ ਪ੍ਰਚੰਡ ਰੂਪ ਵਿਚ ਦੇਖਣ ਨੂੰ ਮਿਲਦੀ ਹੈ। ਸੰਸਕ੍ਰਿਤ ਦੇ ਵਿਦਵਾਨ ਵੀ ਇਸ ਵਿਧੀ ਦੀ ਭਰਪੂਰ ਵਰਤੋਂ ਕਰਦੇ ਰਹੇ ਹਨ ਅਤੇ ਗੁਰੂ ਨਾਨਕ ਦੇਵ ਜੀ ਨੇ ਵੀ ਇਸੇ ਵਿਧੀ ਰਾਹੀਂ ਪਰਮਾਤਮਾ ਦਾ ਸੰਦੇਸ਼ ਲੋਕਾਂ ਤੱਕ ਪਹੁੰਚਾਇਆ। ਉਨ੍ਹਾਂ ਦੀ ਬਾਣੀ 'ਸਿਧ ਗੋਸਟਿ' ਇਸ ਵਿਧੀ ਨੂੰ ਪੇਸ਼ ਕਰਦੀ ਉੱਤਮ ਰਚਨਾ ਹੈ। ਨਿਰਮਲੇ ਵਿਦਵਾਨਾਂ ਨੇ ਗੁਰਬਾਣੀ ਦੀ ਟੀਕਾਕਾਰੀ ਕਰਦੇ ਸਮੇਂ ਇਸ ਵਿਧੀ ਦੀ ਵਰਤੋਂ ਕੀਤੀ ਹੈ। ਟੀਕਾਕਾਰੀ ਦੀ ਇਹ ਵਿਧੀ ਪਾਠਕ ਦੇ ਮਨ ਵਿਚ ਗੁਰਬਾਣੀ ਪੜ੍ਹਨ ਪ੍ਰਤੀ ਰੌਚਿਕਤਾ ਪ੍ਰਦਾਨ ਕਰਦੀ ਹੈ ਅਤੇ ਨਾਲ ਹੀ ਗੰਭੀਰ ਪ੍ਰਸ਼ਨਾਂ ਦੀ ਗੁੱਥੀ ਸੁਲਝਾਉਣ ਵਿਚ ਸਹਾਇਤਾ ਵੀ ਕਰਦੀ ਹੈ।

7. ਨਿਰਮਲੇ ਵਿਦਵਾਨਾਂ ਦੀ ਟੀਕਾਕਾਰੀ ਵਿਚ ਤਿੰਨ ਪੜਾਅ ਪ੍ਰਮੁੱਖ ਤੌਰ 'ਤੇ ਵੇਖਣ ਨੂੰ ਮਿਲਦੇ ਹਨ। ਪਹਿਲੇ ਪੜਾਅ ਵਿਚ ਉਨ੍ਹਾਂ ਦਾ ਮੁਹਾਵਰਾ ਬ੍ਰਜ ਅਤੇ ਸੰਸਕ੍ਰਿਤ ਲੱਦੀ ਵਿਆਖਿਆਕਾਰੀ ਵਾਲਾ ਪ੍ਰਤੀਤ ਹੁੰਦਾ ਹੈ, ਜਿਵੇਂ ਭਾਈ ਸੰਤੋਖ ਸਿੰਘ ਇਕ ਓਅੰਕਾਰ ਦੀ ਵਿਆਖਿਆ ਕਰਦੇ ਹੋਏ ਕਹਿੰਦੇ ਹਨ, "ਧਰਮ ਕੀ ਸਥਿਰਤਾ ਕੇ ਹਿਤ ਜਗਤ ਕੇ ਉਧਾਰਬੇ ਹਿਤ ਜੋ ਸ੍ਰੁਤੀ 'ਏਕ ਓਅੰਕਾਰ' ਮੇਂ ਰਾਖੀ ਹੈ, ਸੋਈ ਕਹਤ ਹੈਂ। ਜਥਾ ਸ੍ਰੁਤੀ:- 'ਏਕੋਹੰ ਬਹੁ ਸ਼ਯਾਮ: ।' ਜਬ ਮਾਯਾਸਵਲ ਬ੍ਰਹਮ ਭਯੋ, ਤਬ ਕਰਤਾ ਪੁਰਖ ਰੂਪ ਪ੍ਰਗਟਯੋ। 'ਏਕੋਹੰ' = ਏਕ ਜੋ ਮੈਂ ਸੋ ਬਹੁ ਹੋਵੌਂ। ਇਸ ਕਹਿਨ ਤੇ ਬਿਸਤਾਰ ਕੋ ਜਗਤ ਪ੍ਰਾਪਤਿ ਹੋਤ ਭਯੋ। 'ਏਕੋਹੰ', ਇਸ ਕਹਿਨ ਤੇ ਪ੍ਰਿਥਮ ਇਹ ਭੀ ਕਹਿਨਾ ਨਹੀ ਬਨਤ ਹੁਤੋ। 'ਏਕੋਹੰ' ਇਨ ਅਖਯਰਨ ਤੇ 'ਏਕ ਓਅੰਕਾਰ' 'ੴ ਬਨਯੋ ਸੋ ਕਹਿਤ ਹੈਂ।"[2] ਦੂਜਾ ਪੜਾਅ ਬ੍ਰਜ ਅਤੇ ਸੰਸਕ੍ਰਿਤ ਦੇ ਨਾਲ-ਨਾਲ ਪੰਜਾਬੀ ਭਾਸ਼ਾ ਦੀ ਵਰਤੋਂ ਦਾ ਪ੍ਰਭਾਵ ਵੀ ਵੇਖਣ ਨੂੰ ਮਿਲਦਾ ਹੈ ਜਿਵੇਂ ਪੰਡਿਤ ਤਾਰਾ ਸਿੰਘ ਨਰੋਤਮ 'ਮੋਤੀ ਤ ਮੰਦਰ ਊਸਰਹਿ...' ਵਾਲੀ ਪੰਕਤੀ ਦਾ ਅਰਥ ਕਰਦੇ ਹੋਏ ਦੱਸਦੇ ਹਨ "ਈਟੋਂ ਸੇ ਔ ਸੰਗਮਰਮਰ ਆਦਿ ਪੱਥਰੋਂ ਸੇ ਮੰਦਰ ਊਸਰੇ, ਮਹਲ ਬਨੇ ਅਰ ਤਿਨ ਮਹਲੋਂ ਮੈਂ॥ ਮੋਤੀ ਤ ਰਤਨੀ ਹੋਹ ਜੜਾਉ, ਮੋਤੀਯੋਂ ਸੇ ਅਰ ਮੋਤੀਯੋਂ ਸੇ ਭਿੰਨ॥ ਔਰ ਹੀਰੇ ਪੰਨੇ ਗੋਮੇਦ ਬੈਡੂਰਯ ਆਦਿ ਰਤਨੋਂ ਸੇ ਸੁਵਰਣ ਕੇ ਪਾਣੀ ਸਾਥ ਜੜਾਊ ਕਾਮ ਹੋਵੇ॥"[3] ਅਤੇ ਤੀਜੇ ਪੜਾਅ ਵਿਚ ਨਿਰੋਲ ਪੰਜਾਬੀ ਭਾਸ਼ਾ ਵਿਚ ਕੀਤੀ ਵਿਆਖਿਆਕਾਰੀ ਮਿਲਦੀ ਹੈ ਜੋ ਕਿ ਪੰਜਾਬ ਵਿਚ ਰਹਿਣ ਵਾਲੇ ਅਜੋਕੇ ਵਿਦਵਾਨ ਕਰ ਰਹੇ ਹਨ। ਸੰਸਕ੍ਰਿਤ ਦੇ ਵਿਦਵਾਨਾਂ ਕੋਲੋਂ ਵਿਦਿਆ ਹਾਸਲ ਕਰਕੇ ਪੰਜਾਬੀ ਵਿਚ ਗੱਲ ਸਮਝਾਉਣੀ ਔਖਾ ਕਾਰਜ ਸੀ ਪਰ ਨਿਰਮਲੇ ਵਿਦਵਾਨਾਂ ਨੇ ਇਹ ਕਾਰਜ ਕਰ ਦਿਖਾਇਆ। ਉਨ੍ਹਾਂ ਦੀ ਇਸ ਮੁਹਾਰਤ 'ਤੇ ਟਿੱਪਣੀ ਕਰਦੇ ਹੋਏ ਕਿਹਾ ਗਿਆ ਹੈ ਕਿ, "ਨਿਰਮਲੇ ਵਿਦਵਾਨ ਬ੍ਰਜੀ ਅਤੇ ਬ੍ਰਜੀ ਭਰਪੂਰ ਪੰਜਾਬੀ ਵਿਚ ਲਿਖਦੇ ਲਿਖਦੇ ਸ਼ੁੱਧ ਪੰਜਾਬੀ ਵਿਚ ਲਿਖਣ ਲਗ ਪਏ। ਇਸ ਦ੍ਰਿਸ਼ਟੀ ਤੋਂ ਵੇਖਿਆਂ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਨਿਰਮਲਿਆਂ ਦਾ ਮਿਸ਼ਰਤ ਭਾਸ਼ਾ ਵਿਚ ਰਚਿਆ ਸਾਹਿਤ ਅਤੇ ਬ੍ਰਜੀ ਅਤੇ ਸ਼ੁੱਧ ਪੰਜਾਬੀ ਵਿਚ ਇਨ੍ਹਾਂ ਦੇ ਰਚੇ ਗਏ ਸਾਹਿਤ ਵਿਚਾਲੇ ਇਕ ਪੁਲ ਹੈ। ਅੰਤ ਵਿਚ ਇਨ੍ਹਾਂ ਨੇ ਆਪਣੀਆਂ ਰਚਨਾਵਾਂ ਸ਼ੁੱਧ ਪੰਜਾਬੀ ਵਿਚ ਲਿਖਣੀਆਂ ਸ਼ੁਰੂ ਕਰ ਦਿੱਤੀਆਂ।"[4] ਪੰਜਾਬ ਦੇ ਇਕ ਪ੍ਰਸਿੱਧ ਨਿਰਮਲਾ ਵਿਦਵਾਨ ਗਿਆਨੀ ਬਲਵੰਤ ਸਿੰਘ ਕੋਠਾਗੁਰੂ 'ਘਰਿ ਘਰਿ ਮੀਆ ਸਭਨਾ ਜੀਆ ਬੋਲੀ ਅਵਰ ਤੁਮਾਰੀ॥' ਵਾਲੇ ਸ਼ਬਦ ਦਾ ਭਾਵ ਸ਼ੁੱਧ ਪੰਜਾਬੀ ਵਿਚ ਸਮਝਾਉਂਦੇ ਹੋਏ ਦੱਸਦੇ ਹਨ ਕਿ "ਮੁਸਲਮਾਨਾਂ ਨੂੰ ਪ੍ਰਸੰਨ ਕਰਨ ਵਾਸਤੇ ਘਰ ਦੇ ਦਰਵਾਜ਼ੇ ਵਿਚ ਬੈਠ ਕੇ ਇਸਲਾਮੀ ਕਿਤਾਬਾਂ ਪੜ੍ਹਦੇ ਸਨ। ਮਾਤ-ਭਾਸ਼ਾ ਤਿਆਗ ਕੇ ਫਾਰਸੀ ਬੋਲਦੇ ਸਨ। 'ਮੀਆ' ਅਖਵਾਉਣ ਵਿਚ ਮਾਣ ਸਮਝਦੇ ਹਨ।"[5]

---

[1] ਕੁਲਦੀਪ ਸਿੰਘ ਹਉਰਾ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, *ਪੰਜਾਬੀ ਦੁਨੀਆ*, ਅਕਤੂਬਰ-ਨਵੰਬਰ 1984, ਪੰਨਾ 105.

[2] ਭਾਈ ਸੰਤੋਖ ਸਿੰਘ, *ਗਰਬ ਗੰਜਨੀ ਟੀਕਾ*, ਪੰਨਾ 5.

[3] ਪੰਡਿਤ ਤਾਰਾ ਸਿੰਘ ਨਰੋਤਮ, *ਟੀਕਾ ਸਿਰੀ ਰਾਗ*, ਪੰਨਾ 14.

[4] ਸੁਰਿੰਦਰ ਸਿੰਘ ਸ਼ੇਰਗਿਲ, ਪ੍ਰਾਚੀਨ ਪੰਜਾਬੀ ਵਾਰਤਕ ਨੂੰ ਨਿਰਮਲਿਆਂ ਦੀ ਦੇਣ, *ਖੋਜ ਪਤ੍ਰਿਕਾ*, ਸੰਪਾਦਕ ਰਤਨ ਸਿੰਘ ਜੱਗੀ, ਮਾਰਚ 1983, ਪੰਨਾ 378.

[5] ਗਿਆਨੀ ਬਲਵੰਤ ਸਿੰਘ ਕੋਠਾਗੁਰੂ, ਸਭ ਤੇ ਵੱਡਾ ਸਤਿਗੁਰ ਨਾਨਕ, *ਨਿਰਮਲ ਦਰਸ਼ਨ*, ਸੰਪਾਦਕ ਸੰਤ ਸੁਖਵੰਤ ਸਿੰਘ, ਮਈ 2009, ਪੰਨਾ 13.

8. ਨਿਰਮਲਾ ਟੀਕਾਕਾਰੀ ਵਿਚ ਗੁਰਬਾਣੀ ਦੇ ਮਿਸ਼ਰਤ ਆਸ਼ੇ ਵਾਲੇ ਅਰਥ ਵੇਖਣ ਨੂੰ ਮਿਲਦੇ ਹਨ। ਮਿਸ਼ਰਤ ਆਸ਼ੇ ਵਾਲੇ ਅਰਥਾਂ ਦੀ ਪ੍ਰੋੜਤਾ ਕਰਦੇ ਹੋਏ ਪੰਡਿਤ ਤਾਰਾ ਸਿੰਘ ਨਰੋਤਮ ਦੱਸਦੇ ਹਨ, "ਮੂਲ ਪਦ ਕੀ ਟੀਕਾ ਬਹੁਧਾ ਪੰਜਾਬ ਦੇਸ ਕੀ ਬੋਲੀ ਮੇ ਕਰਨੀ ਹੋਗੀ॥ ਮੂਲ ਪਦ ਚਾਹੇ ਕਿਸੇ ਦੇਸ ਕੀ ਭਾਖਾ ਮੇ ਹੋਵੇ॥ ਇਸ ਬਾਤ ਮੇ ਯਹ ਹੇਤੁ ਹੈ ਬਾਨੀ ਬਹੁਧਾ ਪੰਜਾਬੀ ਮੇ ਹੈ॥ ਯਾਤੇ ਅਰਥ ਭੀ ਉਸੀ ਮੇ ਹੋਂਗੇ॥ ਪਰੰਤੂ ਬਹੁਤ ਕਰ ਸ਼ਾਸਤ੍ਰੀ ਬੋਲੀ ਸੇ ਮਿਸ੍ਰਿਤ ਹੋਂਗੇ॥ ਕਿਉਂਕਿ ਵਹੁ ਗੁਰਮੁਖੀ ਕੀ ਮੂਲ ਵਿਦਿਆ ਹੈ॥"[1]

9. ਇਕ ਸ਼ਬਦ ਦੇ ਇਕ ਤੋਂ ਵਧੇਰੇ ਅਰਥ ਕਰਨ ਨਾਲ ਭਾਵੇਂ ਅਰਥਾਂ ਦੀ ਸਪੱਸ਼ਟਤਾ ਨਹੀਂ ਰਹਿੰਦੀ ਪਰ ਅਜਿਹਾ ਕਰਨਾ ਉਸ ਸਮੇਂ ਵਿਦਵਤਾ ਦੀ ਨਿਸ਼ਾਨੀ ਸਮਝੀ ਜਾਂਦੀ ਰਹੀ ਹੈ ਜਿਸ ਦਾ ਵਰਨਨ ਕਰਦੇ ਹੋਏ ਕਿਹਾ ਗਿਆ ਹੈ, "ਇਤਰ ਮਤਾਂ ਦੇ ਔਹਦੇਦਾਰਾਂ ਵਲੋਂ ਸਿੱਖ ਸੰਪ੍ਰਦਾਈ ਮਹਾਤਮਾ ਦੀ 'ਨਕਦਰੀ' ਅਤੇ ਮਿਸ਼ਰਤ ਆਸ਼ੇ ਦੇ ਅਰਥ ਕਰਨੇ ਵਾਲਿਆਂ ਦੇ ਸਤਕਾਰ ਨੇ ਸਨਾਤਨ ਸੰਪ੍ਰਦਾਯ ਨਵੀਨ ਰੂਪਾਂ ਵਿਚ ਪ੍ਰਗਟ ਕਰ ਦਿੱਤੀ! ਤਦੋਂ ਤੋਂ ਜੋ ਇਕ ਤੁਕ ਦੇ ਬਾਹਲੇ ਅਰਥ ਕਰੇ ਸੁ ਵੱਡਾ ਗਯਾਨੀ ਮੰਨਿਆ ਜਾਣ ਲੱਗਾ।"[2]

10. ਨਿਰਮਲੇ ਵਿਦਵਾਨਾਂ ਨੇ ਭਾਵੇਂ ਗੁਰਬਾਣੀ ਵਿਆਖਿਆ ਲਈ ਹਿੰਦੂ ਧਰਮ ਗ੍ਰੰਥਾਂ ਦਾ ਸਹਾਰਾ ਲਿਆ ਅਤੇ ਵਿਆਖਿਆ ਕਰਦੇ ਸਮੇਂ ਹਿੰਦੂ ਦੇਵੀ ਦੇਵਤਿਆਂ ਦੀਆਂ ਕਥਾ ਕਹਾਣੀਆਂ ਦੀ ਭਰਪੂਰ ਵਰਤੋਂ ਕੀਤੀ। ਉਨ੍ਹਾਂ ਦੁਆਰਾ ਕੀਤੀ ਵਿਆਖਿਆਕਾਰੀ ਵਿਚੋਂ ਇਕ ਗੱਲ ਸਪੱਸ਼ਟ ਤੌਰ 'ਤੇ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਗੁਰਬਾਣੀ ਦੀ ਗੱਲ ਨੂੰ ਲੋਕਾਂ ਤੱਕ ਲਿਜਾਣ ਲਈ ਹਿੰਦੂ ਦੇਵੀ ਦੇਵਤਿਆਂ ਦਾ ਸਹਾਰਾ ਲਿਆ ਜ਼ਰੂਰ ਸੀ ਪਰ ਗੁਰਬਾਣੀ ਦੇ ਇਸ਼ਟ ਪਰਮਾਤਮਾ ਨੂੰ ਸਭ ਤੋਂ ਸਰਬੋਤਮ ਦਰਸਾਇਆ ਹੈ ਜਿਵੇਂ ਪੰਡਿਤ ਤਾਰਾ ਸਿੰਘ ਨਰੋਤਮ ਦੱਸਦੇ ਹਨ ਕਿ ਪਰਮਾਤਮਾ ਤੋਂ ਬਗ਼ੈਰ "ਜੋ ਆਨ ਕੋ ਰੱਛਾ ਕਰਨੇ ਵਾਲਾ ਸਮਝਤੇ ਹੈਂ ਵਹੁ ਭੂਲੇ ਹੁਯੇ ਹੈਂ॥ ਕਬੀ ਤਿਨ ਕੋ ਉਤਮ ਗਤੀ ਕੀ ਪ੍ਰਾਪਤੀ ਨਹੀ ਹੋਵੇਗੀ॥"[3]

ਨਿਰਮਲੇ ਵਿਦਵਾਨਾਂ ਨੇ ਟੀਕਾਕਾਰੀ ਦਾ ਜਿਹੜਾ ਕਾਰਜ ਆਰੰਭਿਆ ਉਸ ਨਾਲ ਗੁਰਬਾਣੀ ਦੀ ਵਿਆਖਿਆ ਦਾ ਇਕ ਨਵਾਂ ਅਧਿਆਇ ਸ਼ੁਰੂ ਹੋਇਆ ਸੀ। ਉਨ੍ਹਾਂ ਦੇ ਇਸ ਕਾਰਜ ਨੇ ਉਸ ਸਮੇਂ ਦੇ ਲੋਕਾਂ ਨੂੰ ਗੁਰਬਾਣੀ ਅਤੇ ਗੁਰੂ ਸਾਹਿਬਾਨ ਨਾਲ ਜੋੜਨ ਵਿਚ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਦੁਆਰਾ ਕੀਤੇ ਗਏ ਇਸ ਕਾਰਜ ਨਾਲ ਗੁਰਬਾਣੀ ਨੂੰ ਦੂਜੇ ਧਰਮਾਂ ਦੇ ਧਰਮ ਗ੍ਰੰਥਾਂ ਦੇ ਨਾਲ ਸਮਝਣ ਦਾ ਯਤਨ ਆਰੰਭ ਹੋਇਆ ਅਤੇ ਨਾਲ ਹੀ ਤੁਲਨਾਤਮਕ ਅਧਿਐਨ ਦੀ ਵਿਆਖਿਆਕਾਰੀ ਦਾ ਦੌਰ ਆਰੰਭ ਹੋਇਆ। ਨਿਰਮਲੇ ਵਿਦਵਾਨਾਂ ਦੁਆਰਾ ਸ਼ਬਦ ਦੀ ਵਿਆਖਿਆ ਸਮੇਂ ਉਥਾਨਕਾ ਦੇਣ ਨਾਲ ਸ਼ਬਦ ਦੇ ਅਰਥ ਨੂੰ ਸਮਝਣ ਤੋਂ ਪਹਿਲਾਂ ਉਸ ਸ਼ਬਦ ਨੂੰ ਸਮਝਣ ਦੀ ਭੂਮਿਕਾ ਤਿਆਰ ਕੀਤੀ ਜਿਸ ਨਾਲ ਸ਼ਬਦ ਦੀ ਸੋਝੀ ਗ੍ਰਹਿਣ ਕਰਨ ਪ੍ਰਤੀ ਰੁਚੀ ਪੈਦਾ ਹੋਣ ਲੱਗੀ।

[1] ਪੰਡਿਤ ਤਾਰਾ ਸਿੰਘ ਨਰੋਤਮ, *ਟੀਕਾ ਸਿਰੀ ਰਾਗ*, ਪੰਨਾ 10.

[2] ਬਦਨ ਸਿੰਘ ਗਯਾਨੀ ਅਤੇ ਲਧਾ ਸਿੰਘ ਹਜੂਰੀ ਰਾਗੀ, ਭੂਮਿਕਾ, *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ* (ਫਰੀਦਕੋਟ ਵਾਲਾ ਟੀਕਾ), ਪੰਨਾ ੳ.

[3] ਪੰਡਿਤ ਤਾਰਾ ਸਿੰਘ ਨਰੋਤਮ, *ਟੀਕਾ ਸਿਰੀ ਰਾਗ*, ਪੰਨਾ 17.

# ਪੰਡਿਤ ਤਾਰਾ ਸਿੰਘ ਨਰੋਤਮ ਦੀ ਗੁਰਬਾਣੀ ਵਿਆਖਿਆਕਾਰੀ : ਸਮੀਖਿਆਤਮਕ ਅਧਿਐਨ

**ਡਾ. ਸ਼ਮਸ਼ੇਰ ਸਿੰਘ***

ਪੰਡਿਤ ਤਾਰਾ ਸਿੰਘ ਨਰੋਤਮ ਜੀ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਦੀ ਲੜੀ ਵਿਚ ਇਕ ਮਹਾਨ ਵਿਦਵਾਨ ਹੋਏ ਹਨ। ਇਸ ਸੰਪ੍ਰਦਾਇ ਦੇ ਵਿਸ਼ੇਸ਼ ਕਾਰਜ ਭਾਰਤੀ ਧਾਰਮਿਕ ਪ੍ਰੰਪਰਾ, ਦਰਸ਼ਨ ਦਾ ਅਧਿਐਨ, ਵਿਆਖਿਆ ਅਤੇ ਗੁਰਮਤਿ ਦਾ ਪ੍ਰਚਾਰ ਅਤੇ ਪ੍ਰਸਾਰ ਰਿਹਾ ਹੈ। ਇਸ ਸੰਪ੍ਰਦਾਇ ਨੇ ਸਿਖ ਧਰਮ ਦੀਆਂ ਸਭ ਸੰਪ੍ਰਦਾਵਾਂ ਨਾਲੋਂ ਅਧਿਕ ਕਾਰਜ ਕੀਤਾ ਹੈ। ਭਾਵ ਗੁਰਮਤਿ ਸਿਧਾਂਤਾਂ, ਗੁਰਬਾਣੀ ਵਿਆਖਿਆ, ਕੋਸ਼, ਟੀਕੇ, ਗੁਰ-ਇਤਿਹਾਸ ਪ੍ਰਤਿ ਅਦੁੱਤੀ ਯੋਗਦਾਨ ਹੈ।

ਸੰਪ੍ਰਦਾਇ ਦੇ ਆਰੰਭ ਬਾਰੇ ਵੱਖੋ ਵੱਖਰੇ ਵਿਚਾਰ ਹਨ। ਨਿਰਮਲ ਸੰਪ੍ਰਦਾਇ ਦੇ ਵਿਦਵਾਨ ਇਸ ਦਾ ਆਰੰਭ ਗੁਰੂ ਨਾਨਕ ਤੋਂ ਮੰਨਦੇ ਹਨ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਗੁਰਬਾਣੀ ਵਿਚ ਆਏ 'ਨਿਰਮਲ' ਸ਼ਬਦ ਦੁਆਰਾ ਇਸ ਵਿਚਾਰ ਦੀ ਪੁਸ਼ਟੀ ਕਰਦੇ ਹੋਏ ਕਹਿੰਦੇ ਹਨ ਕਿ ਗੁਰੂ ਨਾਨਕ ਨੇ ਆਪਣੇ ਪੰਥ ਦਾ ਨਾਮ ਨਿਰਮਲ ਪੰਥ ਰਖਿਆ ਸੀ–

**ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ॥**[1]
**ਨਿਰਮਲੰ ਸੰਤ ਸੰਗੇਣ ਓਟ ਨਾਨਕ ਪਰਮੇਸੁਰਹ॥**[2]

ਗੁਰਬਾਣੀ ਵਿਚ 'ਨਿਰਮਲ' ਸ਼ਬਦ ਸੰਗਿਆ ਦੇ ਰੂਪ ਵਿਚ ਪ੍ਰਯੋਗ ਕੀਤਾ ਗਿਆ ਹੈ। ਸਿੱਖ ਪੰਥ ਦਾ ਘੇਰਾ ਬੜਾ ਵਿਸ਼ਾਲ ਹੈ, ਸਾਰੀ ਮਾਨਵਤਾ ਨੂੰ ਆਪਣੇ ਘੇਰੇ ਅੰਦਰ ਲੈ ਲੈਂਦਾ ਹੈ। ਇਸ ਨੂੰ ਇਕ ਸੰਪ੍ਰਦਾਇ ਤਕ ਸੀਮਤ ਨਹੀਂ ਕਰਨਾ ਚਾਹੀਦਾ। ਭਾਵ ਨਿਰਮਲ ਸੰਪ੍ਰਦਾਇ ਸੀਮਤ ਹੈ ਜਦ ਕਿ ਨਿਰਮਲ ਪੰਥ ਵਿਸ਼ਾਲ ਅਰਥਾਂ ਵਿਚ ਆਇਆ ਹੈ। ਨਿਰਮਲ ਸ਼ਬਦ ਦਾ ਅਧਿਆਤਮਕ ਪਰਿਪੇਖ ਬੜਾ ਸਪਸ਼ਟ ਹੈ।

ਸਿਖ ਪੰਥ ਦੇ ਵਿਦਵਾਨਾਂ ਨੇ ਨਿਰਮਲ ਸੰਪ੍ਰਦਾਇ ਦਾ ਆਰੰਭ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੋਇਆ ਮੰਨਿਆ ਹੈ। ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿਚ ਇਸ ਸੰਪ੍ਰਦਾਇ ਦੀ ਉਤਪਤੀ ਅਤੇ 'ਨਿਰਮਲ' ਸ਼ਬਦ ਦੇ ਅਰਥ ਸਪਸ਼ਟ ਕੀਤੇ ਹਨ : ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪੰਜ ਸਿਖ (ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਸੋਭਾ ਸਿੰਘ) ਨੂੰ ਬ੍ਰਹਮਚਾਰੀ ਭੇਸ ਵਿਚ ਸੰਸਕ੍ਰਿਤ ਪੜ੍ਹਨ ਲਈ ਕਾਸ਼ੀ ਭੇਜਿਆ, ਉਨ੍ਹਾਂ ਦੀ ਨਿਰਮਲ ਸੰਗਿਆ ਹੋਈ, ਇਨ੍ਹਾਂ ਪੰਜਾਂ ਦੇ ਚਾਟੜੇ ਜੋ ਨਿਰਮਲ ਬਸਤਰ ਪਹਿਨ ਕਰ ਸਾਂਤ ਚਿਤ ਰਹਿ ਕੇ ਵਿਦਿਆ ਅਰ ਨਾਮ ਦਾ ਅਭਿਆਸ ਅਤੇ ਧਰਮ ਪ੍ਰਚਾਰ ਕਰਦੇ ਰਹੇ ਹਨ, ਉਹ ਸਭ ਨਿਰਮਲੇ ਸੱਦੇ ਜਾਂਦੇ ਰਹੇ ਹਨ। ਸਿੱਖ ਪੰਥ ਵਿਚ ਨਿਰਮਲੇ ਸਾਧੂ ਵਿਦਿਆ ਦੇ ਪ੍ਰੇਮੀ ਅਰ ਵਿਦਵਾਨ ਹੋਏ।[3]

ਗਿਆਨੀ ਗਿਆਨ ਸਿੰਘ ਦੇ 'ਪੰਥ ਪ੍ਰਕਾਸ਼' ਅਨੁਸਾਰ ਵੀ ਉਪਰੋਕਤ ਤੱਤ ਦੀ ਪੁਸ਼ਟੀ ਹੁੰਦੀ ਹੈ–

**ਤਬ ਹੀ ਬਾਸਨ ਕਖਾਏ ਸਜਾ ਕੇ।**
**ਆਗਿਆ ਬਰਸਤ ਗੁਰ ਤੇ ਲੈ ਕੇ।**
**ਪਹੁੰਚੇ ਕਾਸ਼ੀ ਪੁਰ ਉਦਾਰੇ।**
**ਚੇਤਨ ਮਠ ਮੇ ਰਹੇ ਵਿਚਾਰੇ।**
**ਸਾਧੂ ਨਿਰਮਲੇ ਸੋ ਬਿਦਤਾਏ।**
**ਬਿਦਯ ਪਢੀ ਅਧਕ ਮਨ ਲਾਏ।**[4]

---

* ਰਿਟਾ. ਰੀਡਰ, ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

1 *ਵਾਰਾਂ ਭਾਈ ਗੁਰਦਾਸ,* 1-43.

2 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 709.

3 *ਮਹਾਨ ਕੋਸ਼,* ਪੰਨਾ 712.

4 *ਪੰਥ ਪ੍ਰਕਾਸ਼,* ਪੰਨਾ 250.

ਪ੍ਰਿੰ. ਤੇਜਾ ਸਿੰਘ ਨੇ ਨਿਰਮਲ ਸੰਪ੍ਰਦਾਇ ਨੂੰ ਖਾਲਸਾ ਪੰਥ ਦਾ ਅਟੁਟ ਅੰਗ ਮੰਨਿਆ ਹੈ। ਪੰਡਿਤਾਂ ਵਿਚ ਰਹਿ ਕੇ ਸੰਸਕ੍ਰਿਤ ਪੜ੍ਹਨ ਨਾਲ ਉਹ ਨਿਰਮਲੇ ਕਹਾਏ। ਨਿਰਮਲੇ- ਸੰਸਕ੍ਰਿਤ ਅਨੁਸਾਰ ਸ਼ੁਧ, ਖ਼ਾਲਸ ਅਰਥਾਂ ਵਿਚ ਵਰਤਿਆ ਜਾਂਦਾ ਹੈ-

The nucleus of those baptized missionaries was performed from those who had received a sanskrit education at Banaras and who by living among Pandits had the name Nirmala which is a Sanskrit synonym for Khalsa both meaning the purified.[1]

ਨਿਰਮਲ ਸੰਪ੍ਰਦਾਇ ਨੇ ਸੰਸਕ੍ਰਿਤ ਦੇ ਵਿਦਵਾਨ ਪੈਦਾ ਕੀਤੇ। ਇਨ੍ਹਾਂ ਦੀਆਂ ਰਚਨਾਵਾਂ ਵਿਚ ਵੇਦਾਂਤ ਦਾ ਪ੍ਰਭਾਵ ਸੀ, ਭਾਵੇਂ ਉਹ ਸਨਾਤਨੀਆਂ ਵਾਂਗ ਮੂਰਤੀ ਪੂਜਾ ਅਤੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਸਨ। ਪੁਰਾਤਨ ਦਾਰਸ਼ਨਿਕ ਵਿਚਾਰਾਂ ਨੇ ਇਨ੍ਹਾਂ ਦੇ ਮਨਾਂ ਵਿਚ ਐਨਾ ਪ੍ਰਭਾਵ ਪਾਇਆ ਕਿ ਇਨ੍ਹਾਂ ਨੇ ਸਿਖੀ-ਸਿਧਾਂਤਾਂ ਨੂੰ ਵੇਦਾਂਤਿਕ ਪੱਖ ਤੋਂ ਬਿਆਨਣ ਦਾ ਯਤਨ ਕੀਤਾ।

ਕਵੀ ਸੰਤ ਗੁਲਾਬ ਸਿੰਘ ਨਿਰਮਲੇ ਨੇ 'ਮੋਖ ਪੰਥ ਪ੍ਰਕਾਸ਼' ਵਿਚ 'ਨਿਰਮਲ ਭੇਖ' ਅਤੇ 'ਖਾਲਸਾ ਪੰਥ' ਦੀ ਵਿਆਖਿਆ ਆਪਣੇ ਢੰਗ ਨਾਲ ਕੀਤੀ ਹੈ। ਉਹ ਲਿਖਦੇ ਹਨ ਕਿ ਗੁਰੂ ਜੀ ਨੇ ਖਾਲਸੇ ਨੂੰ ਖੜਗਧਾਰੀ ਬਣਾ ਕੇ ਪੰਥ ਦੀ ਰਖਿਆ ਅਤੇ ਦੁਸ਼ਟਾਂ ਦਾ ਨਾਸ਼ ਕਰਨ ਵਾਸਤੇ ਸਾਜਿਆ ਅਤੇ ਨਿਰਮਲ ਭੇਖ ਨੂੰ ਗੁਰਮਤਿ ਦੇ ਪ੍ਰਚਾਰ ਹਿੱਤ ਸਾਜਿਆ-

**ਸ੍ਰੀ ਗੁਰੂ ਗੋਬਿੰਦ ਸੁ ਸਿੰਘ ਹੈ ਪੂਰਣ ਹਰ ਅਵਤਾਰ॥**
**ਰਚਯੋ ਪੰਥ ਭਾਵ ਮੈ ਪ੍ਰਗਟ ਦੋ ਵਿਧਿ ਕੋ ਵਿਸਥਾਰ॥੨੯॥**
**ਏਕਨ ਕੇ ਕਰ ਖੜਗ ਦੈ ਭੁਜ ਬਲ ਬਹੁ ਵਿਸਥਾਰ॥**
**ਪਾਲਨ ਭੂਮੀ ਕੋ ਕਰਯੋ ਦੁਸਟਨ ਮੂਲ ਉਖਾਰ॥੯੭॥**
**ਔਰਨ ਕੀ ਪਿਖ ਵਿਮਲ ਮਤਿ ਕੀਨੋ ਪਰਮ ਵਿਵੇਕ॥**
**ਨਿਰਮਲ ਭਾਖੈ ਜਗਤ ਤਿਹ ਹੇਰੈ ਬ੍ਰਹਮ ਸੁ ਏਕ॥੯੮॥**

ਪੰਡਿਤ ਤਾਰਾ ਸਿੰਘ ਜੀ ਨਰੋਤਮ ਦਾ ਜਨਮ ਸੰਨ 1882 ਈ. ਨੂੰ ਪਿੰਡ ਕਾਲਮਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਇਕ ਸਧਾਰਨ ਕਿਸਾਨ ਪਰਿਵਾਰ ਵਿਚ ਹੋਇਆ। ਮਾਤਾ-ਪਿਤਾ ਗੁਰਮਤ ਦੇ ਪ੍ਰੇਮੀ ਸਨ। ਪਹਿਲਾਂ ਗੁਰਮੁਖੀ ਗੁਰਦੁਆਰੇ ਦੇ ਭਾਈ ਪਾਸੋਂ ਪੜ੍ਹੀ। 15 ਸਾਲ ਦੀ ਉਮਰ ਵਿਚ ਗ੍ਰਿਵੜੀ ਨਦੀ ਦੇ ਕਿਨਾਰੇ ਪਿੰਡ ਕੁਰਾਲਾ (ਜਿਲ੍ਹਾ ਹੁਸ਼ਿਆਰਪੁਰ) ਪੰਡਿਤ ਗੁਲਾਬ ਸਿੰਘ ਦਾ ਆਸ਼ਰਮ ਸੀ, ਉਥੇ ਚਲੇ ਗਏ। ਉਥੇ 150 ਸੰਤ ਮਹਾਂਪੁਰਸ਼ਾਂ ਦਾ ਨਿਵਾਸ ਸੀ। ਨਰੋਤਮ ਜੀ ਦੀ ਸ਼ਰਧਾ, ਸੇਵਾ, ਗੁਰਸਿਖੀ ਜੀਵਨ ਦੇਖ ਕੇ, ਡੇਰੇ ਵਿਚ ਸ਼ਾਮਿਲ ਕਰ ਲਿਆ। ਉਥੋਂ ਉਹ ਅੰਮ੍ਰਿਤਸਰ ਚਲੇ ਗਏ ਅਤੇ ਚਾਰ ਸਾਲ ਰਹੇ। ਫਿਰ ਉਨ੍ਹਾਂ ਦਾ ਸੰਸਕ੍ਰਿਤ ਪੜ੍ਹਨ ਦਾ ਮਨ ਬਣਿਆ ਤਾਂ ਕਾਸ਼ੀ ਚਲੇ ਗਏ, ਸੰਸਕ੍ਰਿਤ ਦਾ ਗੂੜ੍ਹ ਗਿਆਨ ਪ੍ਰਾਪਤ ਕੀਤਾ। ਉਥੋਂ ਬੰਗਾਲ ਦੇ ਸ਼ਾਤੀਪੁਰ ਖੇਤਰ 'ਨਦੀਆਂ' ਪਿੰਡ ਪਹੁੰਚੇ। ਉਥੇ ਖਟ-ਦਰਸ਼ਨ, ਅਦਵੈਤ ਵੇਦਾਂਤ ਦੇ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ। 1861 ਈ. ਵਿਚ ਹਰਿਦੁਆਰ ਕੁੰਭ ਦੇ ਮੇਲੇ 'ਤੇ ਪਹੁੰਚੇ, ਇਥੇ ਗੁਰਮਤਿ ਦੇ ਹੋਰ ਗ੍ਰੰਥਾਂ ਦਾ ਡੂੰਘਾ ਅਧਿਐਨ ਅਤੇ ਗੁਰ-ਇਤਿਹਾਸ ਪੜ੍ਹਿਆ।

ਪੰਡਿਤ ਨਰੋਤਮ ਜੀ ਦੀ ਵਿਦਵਤਾ ਬਾਰੇ ਸੁਣ ਕੇ ਮਹਾਰਾਜਾ ਨਰਿੰਦਰ ਸਿੰਘ ਪਟਿਆਲਾ ਨੇ ਉਨ੍ਹਾਂ ਨੂੰ ਆਪਣੇ ਪਾਸ ਬੁਲਾ ਲਿਆ, ਉਹ ਵਿਦਵਾਨਾਂ ਦੇ ਕਦਰਦਾਨ ਸਨ। ਪਟਿਆਲਾ ਵਿਖੇ ਧਰਮ ਧੁਜਾ ਕੋਠੀ ਵਿਚ ਠਹਿਰਨ ਦਾ ਪ੍ਰਬੰਧ ਕੀਤਾ। ਸਰਕਾਰੀ ਰਸਦ ਲਗਾ ਦਿੱਤੀ। ਉਥੇ ਨਰੋਤਮ ਜੀ ਨੇ ਕੋਸ਼, ਗੁਰਮਤਿ-ਸਿਧਾਂਤ, ਵਿਆਖਿਆ ਅਤੇ ਗੁਰ-ਇਤਿਹਾਸ ਦਾ ਬਹੁਤ ਕੰਮ ਕੀਤਾ।

ਸੰਨ 1875 ਈ. ਵਿਚ ਨਿਰਮਲ ਸੰਪ੍ਰਦਾਇ ਦੇ ਸ੍ਰੀ ਮਹੰਤ ਰਾਮ ਸਿੰਘ ਕੁਬੇਰੀਆਂ ਦੇ ਨਾਲ ਆਪ ਜੀ ਨੂੰ ਉਪ ਸ੍ਰੀ ਮਹੰਤ ਦੀ ਪਦਵੀ ਦਿੱਤੀ ਗਈ, ਬਾਅਦ ਵਿਚ ਸ੍ਰੀ ਮਹੰਤ ਵੀ ਬਣੇ। 1881 ਈ. ਵਿਚ ਆਪ ਜੀ ਦਾ ਦੇਹਾਂਤ ਪਟਿਆਲਾ ਵਿਖੇ ਹੋਇਆ। ਉਨ੍ਹਾਂ ਦਾ ਸੰਸਕਾਰ ਸਰਕਾਰੀ ਸਨਮਾਨ ਨਾਲ ਕੀਤਾ ਗਿਆ। ਇਸ ਦਿਨ ਸਾਰਾ ਸ਼ਹਿਰ ਬੰਦ ਰਿਹਾ।

ਆਪ ਜੀ ਨੇ ਭਾਰਤੀ ਦਰਸ਼ਨ ਪ੍ਰੰਪਰਾ ਨੂੰ ਸਮਝਣ ਲਈ ਵੇਦ, ਸ਼ਾਸਤ੍ਰ, ਪੁਰਾਣ, ਉਪਨਿਸ਼ਦਾਂ, ਸਿਮ੍ਰਤੀਆਂ ਦਾ ਅਧਿਐਨ ਕੀਤਾ ਹੋਇਆ ਸੀ। ਆਪ ਜੀ ਦੇ ਸਮੇਂ ਨਿਰਮਲ ਅਖਾੜੇ ਵਿਚ ਹਰ ਪੱਖੋਂ ਤਰੱਕੀ ਹੋਈ। ਆਪ ਨਿਮਰ ਸੁਭਾਅ

[੧] Teja Singh, Principal, *Sikhism its Ideals and Insitutions,* p. 68.

ਅਤੇ ਬਿਬੇਕ ਬੁਧ ਵਾਲੇ ਗੁਰਬਾਣੀ ਦੇ ਪ੍ਰੇਮੀ ਸਨ। ਆਪ ਜੀ ਨੇ ਅੰਤਿਮ ਸਮੇਂ ਤਕ ਗੁਰਮਤਿ ਦੀ ਵਿਦਵਤਾ ਭਰਪੂਰ ਸੇਵਾ ਕੀਤੀ।

ਵਿਦਵਾਨਾਂ ਨੇ ਆਪ ਜੀ ਦੀ ਰਚਨਾ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ-

1. ਕੋਸ਼ : ਗੁਰੁ ਗਿਰਾਰਥ ਕੋਸ਼- I, II
2. ਟੀਕੇ : ਮੋਖ ਪੰਥ ਪ੍ਰਕਾਸ਼ ਟੀਕਾ, ਗੁਰ ਭਾਵ ਦੀਪਕਾ ਆਦਿ
3. ਸਿਧਾਂਤ : ਗੁਰਮਤਿ ਨਿਰਣੈ ਸਾਗਰ
4. ਗੁਰ ਇਤਿਹਾਸ : ਗੁਰੂ ਵੰਸ਼ ਤਰ ਦਰਪਣ, ਗੁਰੁ ਤੀਰਥ ਸੰਗ੍ਰਹਿ ਆਦਿ

ਇਸ ਹਥਲੇ ਖੋਜ-ਪੇਪਰ ਵਿਚ ਪੰਡਿਤ ਤਾਰਾ ਸਿੰਘ ਨਰੋਤਮ ਜੀ ਦੀ ਗੁਰਬਾਣੀ ਵਿਆਖਿਆ ਨੂੰ ਹੀ ਲਿਆ ਗਿਆ ਹੈ। ਨਰੋਤਮ ਜੀ ਨੇ ਗੁਰਮਤਿ ਦੀ ਵਿਆਖਿਆ ਦਾ ਮਹਾਤਮ ਦਸਦਿਆਂ ਕਿਹਾ ਹੈ ਕਿ ਇਸ ਦਾ ਮੂਲ ਮੰਤਵ ਅਤੇ ਮਨੋਰਥ ਅਸੁਰ ਭਾਵਾਂ ਦਾ ਤਿਆਗ ਅਤੇ ਦੈਵੀ ਗੁਣਾਂ ਨੂੰ ਗ੍ਰਹਿਣ ਕਰਨਾ ਹੈ। ਆਪ ਨੇ ਜ਼ਿਆਦਾ ਜ਼ੋਰ ਇਸ ਗੱਲ 'ਤੇ ਦਿਤਾ ਹੈ ਕਿ ਗੁਰਸਿਖਾਂ ਨੂੰ ਆਪਣਾ ਜੀਵਨ ਗੁਰਮਤਿ ਅਨੁਸਾਰ ਬਿਤਾਉਣਾ ਚਾਹੀਦਾ ਹੈ। ਉਨ੍ਹਾਂ ਨੇ ਭਗਤੀ ਉਤੇ ਜ਼ਿਆਦਾ ਜ਼ੋਰ ਦਿਤਾ ਹੈ ਅਤੇ ਨਾਲ ਹੀ ਵੇਦਾਂਤ ਦੇ ਅਸਰ ਕਾਰਨ ਗਿਆਨ ਨੂੰ ਮਹੱਤਤਾ ਦਿਤੀ ਹੈ। ਭਗਤੀ ਨਾਲ ਤਨ ਅਤੇ ਮਨ ਸ਼ੁਧ ਹੁੰਦਾ ਹੈ ਅਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਜਪੁਜੀ ਦਾ ਟੀਕਾ ਕਰਦਿਆਂ ਸੋਚ, ਚੁਪ, ਸਿਆਣਪ ਆਦਿ ਸਾਧਨਾਂ ਦਾ ਖੰਡਨ ਕਰਦਿਆਂ, ਆਪ ਜੀ ਨੇ ਇਹ ਵਿਚਾਰ ਸਿਧ ਕਰਨ ਦਾ ਯਤਨ ਕੀਤਾ ਹੈ ਕਿ ਇਨ੍ਹਾਂ ਸਾਧਨਾਂ ਨਾਲ ਮੁਕਤੀ ਨਹੀਂ ਮਿਲਦੀ, ਮੁਕਤੀ ਕੇਵਲ ਨਿਸ਼ਕਾਮ ਭਗਤੀ ਨਾਲ ਸੰਭਵ ਹੈ। ਨਿਸ਼ਕਾਮ ਭਗਤੀ ਹੀ ਜੀਵ ਦੀ ਚਿਤ ਸ਼ੁਧੀ (ਵਿਕਾਰਾਂ ਦਾ ਦਮਨ) ਕਰ ਸਕਦੀ ਹੈ।

ਭਗਤੀ ਮਨ ਦੀ ਪਵਿੱਤਰ ਦਸ਼ਾ ਦਾ ਨਾਂ ਹੈ। ਇਹ ਬਾਹਰਮੁਖੀ ਆਚਾਰ ਨਹੀਂ, ਨਿਸ਼ਕਾਮ ਭਗਤੀ ਵਿਹਾਰ (Conduct) ਨੂੰ ਸਹੀ ਬਣਾਉਂਦੀ ਹੈ ਅਤੇ ਭਗਤੀ ਲਈ ਸ਼ੁਧ ਅਹਾਰ (ਜੈਸਾ ਅੰਨ ਤੈਸਾ ਮਨ) ਜ਼ਰੂਰੀ ਹੈ। ਕਰਮਕਾਂਡੀ ਭਗਤੀ ਮਿਥਿਆ ਹੈ। ਅੱਖਾਂ ਮੂੰਦਣ ਨਾਲ ਮਨ ਚੁੱਪ ਨਹੀਂ ਹੁੰਦਾ, ਮਨ ਅੰਦਰ ਸੰਕਲਪ-ਵਿਕਲਪ ਉਠਦੇ ਰਹਿੰਦੇ ਹਨ। ਇਸ ਲਈ ਇਕਸੁਰਤਾ ਜ਼ਰੂਰੀ ਹੈ।

**ਮਨ ਬਚ ਕ੍ਰਮਿ ਰਾਮ ਨਾਮੁ ਚਿਤਾਰੀ॥**[1]

ਦੀ ਅਵਸਥਾ ਜ਼ਰੂਰੀ ਹੈ। ਕੀਰਤਨ ਵੀ ਭਗਤੀ ਦਾ ਰੂਪ ਮੰਨਿਆ, ਜਪ ਨੂੰ ਭਗਤੀ ਦਾ ਸ੍ਰੇਸ਼ਟ ਰੂਪ ਮੰਨਿਆ ਹੈ। ਜਪ ਸਾਰੀ ਬਾਣੀ ਦਾ ਵੀ ਹੈ। ਇਸ ਪ੍ਰਥਾਇ ਆਪ ਨੇ ਇਸ ਪ੍ਰਕਾਰ ਗੁਰਬਾਣੀ ਵਿਚੋਂ ਪੁਸ਼ਟੀ ਕੀਤੀ-

**ਹਰਿ ਕੀ ਭਗਤਿ ਕਰਹੁ ਮਨ ਮੀਤ ॥**

**ਨਿਰਮਲ ਹੋਇ ਤੁਮ੍ਾਰੋ ਚੀਤ ॥**[2]

ਨਰੋਤਮ ਜੀ ਨੇ ਜਪੁਜੀ ਦੇ ਟੀਕੇ ਅੰਦਰ ਕਿਹਾ ਹੈ, "ਜਿਸ ਪੁਰਖ ਕਾ ਭਗਤੀ ਸੇ ਚਿਤਿ ਸ਼ੁਧ ਹੋਵੈ ਹੈ ਤਿਸ ਉਪਰ ਈਸ਼ਵਰ ਪ੍ਰਸੰਨ ਹੋਵੈ ਹੈ ਔ ਤਿਸ ਕੇ ਚਿਤ ਮੈ ਬਿਬੇਕ ਵੈਰਾਗਯ ਵੀ ਹੋਵੈ ਹੈ।"[3]

ਆਪ ਜੀ ਨੇ ਨਿਰਗੁਣ ਅਤੇ ਸਰਗੁਣ ਦੋਨੋ ਪ੍ਰਕਾਰ ਦੀ ਭਗਤੀ ਦਾ ਜ਼ਿਕਰ ਕਰਦਿਆਂ ਆਪਣੇ ਪੱਖ ਨੂੰ ਸਰਗੁਣ ਭਗਤੀ ਲਈ ਇਸ ਪ੍ਰਕਾਰ ਸਪਸ਼ਟ ਕੀਤਾ ਹੈ, "ਹੇ ਸਿਖ੍ਯ ਯਹ ਪੁਰਖ ਸਰਗੁਣ ਕੇ ਉਪਦੇਸ ਯੋਗ੍ਯ ਹੈ ਅਰ ਯਹ ਨਿਰਗੁਣ ਕੇ ਉਪਦੇਸ ਯੋਗ ਹੈ ਐਸ ਗੁਰ ਆਪਣੇ ਚਿਤ ਮੈ ਵਿਚਾਰ। ਜਿਸ ਕੇ ਯੋਗ੍ਯ ਹੈ ਵੈਸ ਉਪਦੇਸ ਕਰ ਦੇਤੇ ਹੈਂ।"[4]

ਨਰੋਤਮ ਜੀ ਨੇ ਜਪੁਜੀ ਟੀਕੇ ਵਿਚ ਨਿਸ਼ਕਾਮ ਕਰਮ ਕਰਨ ਲਈ ਵਿਆਖਿਆ ਇਸ ਪ੍ਰਕਾਰ ਕੀਤੀ ਹੈ, "ਅੰਤਸਕਰਣ ਦੀ ਸੁਧੀ ਲਈ ਨਿਸਕਾਮ ਕਰਮ ਕਰ, ਗਿਆਨਾਰਥ ਗੁਰੂ ਕੇ ਸਮੀਪ ਜਾਨੇ ਸਾਧਨ ਸੰਪਤੀ ਕਰ।"[5]

---

[1] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ ੯੧੬.

[2] *-ਉਹੀ,* ਪੰਨਾ ੨੮੮.

[3] *ਜਪੁਜੀ ਟੀਕਾ,* ਪੰਨਾ ੩੭.

[4] *-ਉਹੀ-,* ਪੰਨਾ ੫੯.

[5] *-ਉਹੀ-,* ਪੰਨਾ ੭੬.

ਨਰੋਤਮ ਜੀ ਨੇ ਗੁਰਬਾਣੀ ਵਿਆਖਿਆ ਜਗਿਆਸੂਆਂ ਦੀ ਲੋੜ ਨੂੰ ਮੁਖ ਰਖ ਕੇ ਕੀਤੀ, ਕਿਤੇ-ਕਿਤੇ ਐਸੇ ਸੰਕੇਤ ਵੀ ਮਿਲਦੇ ਹਨ ਕਿ ਵਿਆਖਿਆਕਾਰ ਦੇ ਸਾਹਮਣੇ ਉਹ ਟੀਕੇ ਸਨ ਜਿਨ੍ਹਾਂ ਵਿਚ ਅਰਥਾਂ ਦਾ ਅਨਰਥ ਹੋਇਆ ਸੀ। ਸੁਆਮੀ ਆਨੰਦਘਨ ਉਦਾਸੀ ਨੇ ਜਪੁਜੀ ਟੀਕੇ ਵਿਚ ਗੁਰੂ ਨਾਨਕ ਬਾਰੇ ਇਸ ਪ੍ਰਕਾਰ ਕਿਹਾ ਹੈ, "ਗੁਰੂ ਨਿਸ਼ਚੇ ਤੇ ਹੀਨ ਹੈ, ਗੁਰੂ ਨਾਨਕ ਨੂੰ ਮੁਕਤੀ ਨਹੀਂ ਪ੍ਰਾਪਤ ਹੋਈ ਅਗਾਹੀ ਮੁਕਤ ਹੋਵੇਗਾ। ਗੁਰੂ ਨਾਨਕ ਕੇ ਛੇ ਗੁਰੂ ਥੇ ਇਤਿ ਆਦਿ ਆਖਹਿ ਮੰਗਹਿ ਦੇਹ ਦੇਹ…ਪਉੜੀ ਦੇ ਅਰਥ…ਮੈ ਕਹਿਤਾ ਹੂੰ ਔਰ ਆਖਤਾ ਹੂੰ ਮੁਝੇ ਦਾਨ ਕਰਨ ਦਾਤਾਰ।"

ਇਨ੍ਹਾਂ ਗਲਤ ਅਰਥਾਂ ਨੂੰ ਦੇਖ ਕੇ ਭਾਈ ਸੰਤੋਖ ਸਿੰਘ ਨੇ 'ਗਰਬ ਗੰਜਨੀ' ਟੀਕਾ ਉਨ੍ਹਾਂ ਦਾ ਗਰਬ ਤੋੜਨ ਲਈ ਕੀਤਾ, ਇੰਝ ਹੀ ਨਰੋਤਮ ਜੀ ਨੇ ਆਪਣੇ ਟੀਕੇ ਵਿਚ ਡਾ. ਟਰੰਪ ਦਾ ਜ਼ਿਕਰ ਕੀਤਾ ਹੈ। ਪੰਡਿਤ ਤਾਰਾ ਸਿੰਘ ਨਰੋਤਮ ਜੀ ਨੇ 'ਸਿਰੀ ਰਾਗ' ਦੇ ਟੀਕੇ ਦੀ ਭੂਮਿਕਾ ਵਿਚ ਦਸਿਆ ਹੈ ਕਿ ਉਹ ਅਰਨਸਟ ਟਰੰਪ ਵਾਲੇ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਤੋਂ ਸੰਤੁਸ਼ਟ ਨਹੀਂ ਹਨ। ਇਸੀ ਭਾਵਨਾ ਅਧੀਨ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਦਾ ਸੰਕਲਪ ਕੀਤਾ।[1] ਇਹ ਟੀਕਾ ਪੂਰਾ ਨਹੀਂ ਮਿਲਦਾ ਕੇਵਲ ਭਗਤ ਬਾਣੀ ਅਤੇ ਨਿਤਨੇਮ ਦਾ ਟੀਕਾ ਹੀ ਛਪਿਆ ਹੈ। ਨਰੋਤਮ ਜੀ ਨੇ 'ਸਿਰੀ ਰਾਗ' ਦੀ ਭੂਮਿਕਾ ਵਿਚ ਟੀਕੇ ਦੀ ਮਹੱਤਤਾ, ਭਗਤੀ ਲਈ ਬੁਨਿਆਦੀ ਤੱਤ ਗੁਰੂ-ਵਿਸ਼ਵਾਸ, ਗੁਰੂ-ਮਹਿਮਾ, ਮੂਰਤੀ-ਪੂਜਾ ਦਾ ਖੰਡਨ, ਨਾਮ ਦੀ ਮਹਿਮਾ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ ਹੈ-

**ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥**[2]

ਦੇ ਸੰਦਰਭ ਵਿਚ ਟਰੰਪ ਦੇ ਟੀਕੇ ਉਪਰ ਟਿਪਣੀ ਕਰਦਿਆਂ ਕਿਹਾ ਕਿ ਉਸ ਦੇ ਅਰਥ ਠੀਕ ਨਹੀਂ - ਜੈਸਾ ਕਿ ਟਰੰਪ ਨੇ ਇੱਟਾਂ ਦੀ ਥਾਂ ਮੋਤੀਆਂ ਦਾ ਮੰਦਰ, ਹੀਰੇ ਰਤਨਾਂ ਦਾ ਜੜਾਉ, ਕਸਤੂਰੀ ਆਦਿ ਦਾ ਲੇਪਨ ਹੀ ਵਰਣਨ ਕੀਤਾ ਹੈ। ਮਨੁੱਖ ਨੂੰ ਪਰਮਾਤਮਾ ਦੇ ਭੁੱਲ ਜਾਣ ਦਾ ਜ਼ਿਕਰ, ਨਰੋਤਮ ਜੀ ਕਲਜੁਗ ਦੀ ਸਾਖੀ ਜੋੜ ਕੇ ਅਵਤਾਰ (ਗੁਰੂ ਨਾਨਕ) ਦੀ ਪ੍ਰੀਖਿਆ ਲਈ ਕਲਯੁਗ ਨੇ ਲੋਭ ਦਿਖਾਇਆ। ਇਹ ਘਟਨਾ ਮੰਗੂ ਮਠ (ਉੜੀਸਾ) ਦੇ ਪਾਸ ਉਦਾਸੀਆਂ ਦੇ ਦੌਰਾਨ ਹੋਈ।

ਨਰੋਤਮ ਜੀ ਨੇ ਗੁਰਬਾਣੀ-ਵਿਆਖਿਆ ਸਮੇਂ ਭਾਵ-ਅਰਥਾਂ ਉਤੇ ਉਥੇ ਜ਼ੋਰ ਦਿਤਾ ਹੈ, ਜਿਥੇ ਸ਼ਬਦ-ਅਰਥ ਸਪਸ਼ਟ ਨ ਹੋਣ। ਵਿਆਖਿਆ ਕਰਨ ਸਮੇਂ ਅਧੁਨਿਕ ਢੰਗ ਦੀ ਵਰਤੋਂ ਕੀਤੀ ਹੈ ਭਾਵ ਜਪੁਜੀ ਦੀ ਸਮੁਚੀ ਬਾਣੀ ਨੂੰ ਮੁਖ ਰਖ ਕੇ ਟੀਕਾ ਕੀਤਾ ਗਿਆ ਹੈ। ਇਸ ਪ੍ਰਕਾਰ ਦੀ ਆਧੁਨਿਕ ਟੀਕਾ ਪੱਧਤੀ ਪ੍ਰਿੰ. ਤੇਜਾ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਦੀ ਹੈ।

ਨਰੋਤਮ ਜੀ ਨੇ ਟੀਕਾਕਾਰੀ ਬਾਰੇ ਜੋ ਕੁਝ ਬੁਨਿਆਦੀ ਨੁਕਤੇ ਉਠਾਏ, ਉਹ ਇਸ ਪ੍ਰਕਾਰ ਹਨ- "ਬਾਣੀ ਦਾ ਸੀਧਾ ਅਰਥ ਕਰਨਾ ਹੀ ਸਾਰ ਹੈ ਜੋ ਸ਼ਬਦ ਦਾ ਸ਼ਕਤੀ ਸੇ ਪ੍ਰਤੀਤ ਹੋਵੈ ਹੈ ਜਹਾ ਸੀਧੇ ਸੇ ਵਕਤਾ ਦਾ ਬਾਛਿਤ ਅਰਥ ਨ ਨਿਕਸੇ ਤਹਾ ਭਾਵਾਰਥ ਕਰੋ ਜੈਸੇ ਗੁਰੂ ਕੀ ਬਾਣੀ ਪਰਮਾਰਥ ਟੀਕਾ ਹੈ।" ਕਈ ਥਾਵਾਂ 'ਤੇ ਸ਼ਬਦੀ-ਅਰਥ ਨਾਲ ਟੇਢਾ ਅਰਥ ਨਿਕਲ ਆਉਂਦਾ ਹੈ ਤਾਂ ਭਾਵ-ਅਰਥ ਦੁਆਰਾ ਹੀ ਸਪਸ਼ਟ ਹੁੰਦਾ ਹੈ।

ਆਪ 'ਸਿਰੀ ਰਾਗ' ਉਥਾਨਕਾ ਵਿਚ ਲਿਖਦੇ ਹਨ, "ਜਿਸ ਦੇਸ਼ ਕੀ ਬੋਲੀ ਕੇ ਪਦ ਹੋਵੇਂਗੇ ਸੋ ਉਨ੍ਹਾਂ ਦਾ ਅਰਥ ਖੋਜ ਕੇ ਲਿਖਾ ਜਾਵੇਗਾ। ਜਹਾ ਅਖਰਾਂ ਦਾ ਅਰਥ ਕਠਨ ਹੋਵੇ ਉਨ੍ਹਾਂ ਦਾ ਭਾਵ ਅਰਥ ਲਿਖਾ ਜਾਵੇਗਾ। ਪ੍ਰੰਤੂ ਬਹੁਤ ਕਰ ਸ਼ਾਸਤ੍ਰੀ ਬੋਲੀ ਸੇ ਮਿਸ਼੍ਰਿਤ ਹੋਗੇ ਕਿਉਂਕਿ ਉਹ ਗੁਰਮੁਖੀ ਦੀ ਮੂਲ ਵਿਦਿਆ ਹੈ।"[3]

ਆਪ ਜੀ ਦੀ ਗੁਰਬਾਣੀ ਵਿਆਖਿਆਕਾਰੀ ਵਿਚ ਪਰਮਾਰਥ, ਮਹਾਤਮ, ਭਾਵਾਰਥ, ਸ਼ਬਦੀ ਅਰਥ ਆਦਿ ਸ਼ਾਮਿਲ ਹਨ। ਕਿਤੇ-ਕਿਤੇ ਪ੍ਰਮਾਣ ਵਜੋਂ ਸਾਖੀਆਂ ਵੀ ਦਿੰਦੇ ਹਨ, ਇਸ ਤੋਂ ਇਲਾਵਾ ਪ੍ਰਸ਼ਨ ਉਤਰ ਰੂਪ ਵੀ ਵਰਤਿਆ ਹੈ, ਬੁਨਿਆਦੀ ਤੌਰ 'ਤੇ ਵਿਆਖਿਆ ਵਿਚ ਵੇਦਾਂਤ ਦਾ ਅਸਰ ਦਿਸਦਾ ਹੈ, ਭਗਤੀ ਨਾਲ ਗਿਆਨ ਨੂੰ ਭੀ ਮੁਕਤੀ ਦਾ ਕਾਰਨ ਮੰਨਿਆ ਹੈ।

'ਸਿਰੀ ਰਾਗ' ਦੇ ਟੀਕੇ ਦੀ ਉਥਾਨਕਾ ਵਿਚ ਅਧਿਆਤਮਕ ਜੀਵਨ ਦੇ ਸੰਦਰਭ ਵਿਚ, ਮਨੁੱਖੀ ਸੁਭਾਅ ਚਾਰ ਪ੍ਰਕਾਰ ਦਾ ਦੱਸਿਆ ਹੈ-

1. ਪਾਮਰ : ਜੋ ਪਸ਼ੂਆਂ ਦੀ ਤਰ੍ਹਾਂ ਪੇਟ ਭਰਨ ਵਾਲੇ ਅਤੇ ਵੰਸ਼ ਵਧਾਉਣ ਵਾਲੇ ਹਨ।
2. ਵਿਖਈ : ਕਾਮਨਾ ਅਧੀਨ ਵਣਜ, ਨੌਕਰੀ, ਜਪ-ਤਪ ਅਤੇ ਦਾਨ ਕਰਦੇ ਹਨ।

---

[1] *ਟੀਕਾ ਸ੍ਰੀ ਰਾਗ,* ਪੰਨਾ ੮.

[2] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ ੧੪.

[3] *ਟੀਕਾ ਸ੍ਰੀ ਰਾਗ,* ਪੰਨਾ ੭.

3. ਜਗਿਆਸੂ : ਪਰਲੋਕ ਦੇ ਪਦਾਰਥਾਂ ਦੀ ਇੱਛਾ ਤਿਆਗ ਕੇ ਕੇਵਲ ਪਰਮੇਸ਼ਰ ਨੂੰ ਜਾਣਨ ਦੀ ਇੱਛਾ ਰੱਖਦੇ ਹਨ।
4. ਗਿਆਨੀ : ਜੋ ਪਰਮੇਸ਼ਰ ਨੂੰ ਜਾਣ ਚੁਕੇ ਹਨ।[1]

ਨਰੋਤਮ ਜੀ ਨੇ ਜਪੁਜੀ 'ਅਸੰਖ ਜਪੁ' ਵਾਲੀ ਪਉੜੀ ਦੀ ਵਿਆਖਿਆ ਵਿਚ ਮੁਕਤੀ ਦੇ ਚਾਹਵਾਨ ਦੈਵੀ ਸਤੋ ਗੁਣੀ ਜੀਵਾਂ ਦਾ ਨਿਰਣਾ ਕੀਤਾ ਹੈ। 'ਅਸੰਖ ਮੂਰਖ' ਵਾਲੀ ਪਉੜੀ ਵਿਚ ਤਿੰਨ ਗੁਣਾਂ (ਸਤੋ, ਰਜੋ, ਤਮੋ) ਦੇ ਧਾਰਨੀ ਲੋਕਾਂ ਦੇ ਨਾਮ-ਥਾਂ ਸੂਚਿਤ ਕੀਤੇ ਹਨ ਅਤੇ ਨਾਲ ਹੀ ਇਹ ਸਪਸ਼ਟ ਕੀਤਾ ਹੈ ਕਿ ਜਿਹੜੇ ਜੀਵਾਂ ਅੰਦਰ ਕਿਨਕਾ ਮਾਤ੍ਰ ਜਗਿਆਸਾ ਹੈ ਪ੍ਰੰਤੂ ਉਨ੍ਹਾਂ ਦਾ ਅੰਤਹਕਰਨ ਮੈਲਾ ਹੈ, ਉਹ ਪ੍ਰਭੂ ਸਰੂਪ ਨਿਰਣੈ ਕਰਨ ਵਿਚ ਅਸਮਰਥ ਹਨ, ਉਨ੍ਹਾਂ ਨੂੰ ਦ੍ਰਿਸ਼ਟਾਂਤ ਦੁਆਰਾ ਉਪਦੇਸ਼ ਦਿਤਾ ਹੈ।

ਇਸ ਉਪਰੋਕਤ ਵਰਣਨ ਤੋਂ ਨਰੋਤਮ ਜੀ ਦੇ ਟੀਕੇ ਸੰਬੰਧੀ ਡੂੰਘਾ ਗਿਆਨ, ਆਧੁਨਿਕ ਬੋਧਕ ਚੇਤਨਾ ਅਤੇ ਵਿਗਿਆਨਿਕ ਸੂਝ ਦਾ ਪਤਾ ਲਗਦਾ ਹੈ। ਸੁਰਿੰਦਰ ਸਿੰਘ ਸ਼ੇਰ ਗਿੱਲ ਨੇ 'ਪੰਡਿਤ ਤਾਰਾ ਸਿੰਘ ਜੀ ਨਰੋਤਮ ਜੀਵਨ ਤੇ ਰਚਨਾ' ਪੁਸਤਕ ਵਿਚ ਨਰੋਤਮ ਜੀ ਵਲੋਂ ਟੀਕਾ ਬਾਰੇ ਵਿਚਾਰ ਪ੍ਰਗਟ ਕਰਦਿਆਂ ਛੇ ਪ੍ਰਕਾਰ ਦੀਆਂ ਟੀਕਾਵਾਂ ਦਾ ਵਰਣਨ ਕੀਤਾ ਹੈ-

1. ਪਦ-ਛੇਦ 2. ਪਦਾਰਥ-ਉਕਤੀ 3. ਵਿਸ੍ਰਹ 4. ਵਾਕ-ਯੋਜਨਾ 5. ਆਪੇਖ 6. ਸਮਾਧਾਨ

ਪੰਡਿਤ ਤਾਰਾ ਸਿੰਘ ਦੇ ਰਚਿਤ ਟੀਕਿਆਂ ਵਿਚ ਕੁਝ ਭ੍ਰਾਂਤੀਆਂ ਵੀ ਪੈਦਾ ਹੋਈਆਂ ਹਨ, ਜਿਵੇਂ ਕਿ ਗੁਰਬਾਣੀ ਵੇਦਾਂ ਦੀ ਅਨੁਸਾਰੀ ਹੈ, ਕਿਤੇ ਵੇਦ ਖੰਡਨ ਨਹੀਂ ਕਰਦੀ, ਗੁਰੂ ਵੇਦ ਦਾ ਹੀ ਪ੍ਰਸਾਰ ਕਰਦਾ ਹੈ, ਵੇਦ ਦੀ ਰਖਿਆ ਕਰਦਾ ਹੈ। ਜਪੁਜੀ ਟੀਕਾ ਵਿਚ ਵੇਦ ਅਤੇ ਗੁਰਬਾਣੀ ਦਾ ਤਾਤਪਰਯ ਇਕ ਹੀ ਦੱਸਿਆ ਹੈ।[2]

ਵੇਦ ਵੀ ਹਰਿ ਆਗਿਆ ਅਨੁਸਾਰ ਹੋਏ ਅਤੇ ਸਤਿਨਾਮ ਵੀ ਪ੍ਰਭੂ ਅਨੁਸਾਰ ਹੋਇਆ[3], ਇਸ ਵਿਚਾਰ ਦੀ ਪੁਸ਼ਟੀ ਲਈ ਉਨ੍ਹਾਂ ਗੁਰਬਾਣੀ ਦਾ ਨਿਮਨ ਹਵਾਲਾ ਦਿਤਾ ਹੈ-

**ਹਰਿ ਆਗਿਆ ਹੋਏ ਬੇਦ ॥**[4]

"ਸੋ ਨਾਮ ਦੀ ਵੇਦ ਬਚਨੋ ਕਾ ਹੈ ਤਿਨ ਕੀ ਜੋ ਰਖਿਆ ਕਰੇ ਉਹ ਗੋਰਖ ਹੈ। ਵੇਦ ਯਥਾਰਥ ਗਿਆਨ ਦਾ ਸੋਮਾ ਹੈ।" ਪੰਡਿਤ ਤਾਰਾ ਸਿੰਘ ਨਰੋਤਮ ਜੀ ਨੇ ਗੁਰਬਾਣੀ ਨੂੰ ਪ੍ਰਮਾਣ ਮੰਨਿਆ ਹੈ, ਵੇਦਾਂ ਵਿਚ ਓਮ ਤੋਂ ਪਹਿਲਾਂ '੧' ਨਹੀਂ। ਗੁਰਬਾਣੀ ਵਿਚ ਹੈ ਭਾਵ ਸਿਧਾਂਤ ਵਸਤੂ ਅਦਵੈਤ ਹੈ, ਦਵੈਤ ਨਹੀਂ। ਜੀਵ ਅਤੇ ਈਸ਼ਵਰ ਇਕ ਹੀ ਹਨ, ਵੈਰਾਗਯ ਦੀ ਤਰ੍ਹਾਂ ਦੋ ਨਹੀਂ।

ਗੁਰਬਾਣੀ ਵਿਚ ਓ ਤੋਂ ਪਹਿਲਾਂ '੧' ਅੰਕ ਬਾਰੇ ਪੁਸ਼ਟੀ ਇਸ ਪ੍ਰਕਾਰ ਕੀਤੀ ਹੈ- "ਤਿਨ ਵਰਣ ਤਥਾ ਨਿਖਲ ਵਰਣੋਂ ਕੀ ਇਸਤਰੀਆਂ ਤੇ ਪੁਰਖਾਂ ਨੂੰ ਓਮ ਦੇ ਉਚਾਰਨ ਦੀ ਆਗਿਆ ਨਹੀਂ ਸੀ, ਗੁਰੂ ਜੀ ਓ ਤੋਂ ਪਹਿਲਾਂ ੧ ਲਾ ਕੇ ਇਸਨੂੰ ਅਦ੍ਵੈਤ ਸਾਬਤ ਕੀਤਾ ਤੇ ਨਾਲ ੧ ਦੇ ਪੜਦੇ ਨਾਲ ਉਸ ਦਾ ਉਚਾਰਨ ਚਹੁੰ ਵਰਣਾਂ ਲਈ ਸਾਂਝਾ ਬਣਾ ਦਿਤਾ ਵੇਦਾਂ ਵਿਚ ਸਚਿ ਚਿਤ ਅਨੰਦ ਇਕਠਾ ਵਰਤਿਆ ਗਿਆ ਹੈ। ਗੁਰਬਾਣੀ ਵਿਚ ਵੀ ਸਤਿ ਇਹਨਾਂ ਤੱਤਾਂ ਦਾ ਹੀ ਲਿਖਾਇਕ ਹੈ।"

ਗੁਰੂ ਪਦ ਦੀ ਵਿਆਖਿਆ ਕਰਦੇ ਸਮੇਂ ਨਰੋਤਮ ਜੀ ਨੇ ਭਾਰਤੀ ਧਰਮ ਪ੍ਰੰਪਰਾ ਅਨੁਸਾਰ ਗੁਰੂ ਨੂੰ ਅਵਤਾਰ ਸਿਧ ਕੀਤਾ ਹੈ ਅਤੇ ਇਸ ਦੀ ਪੁਸ਼ਟੀ ਲਈ ਭਾਈ ਗੁਰਦਾਸ (ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ) ਅਤੇ ਸਵਈਆਂ ਵਿਚੋਂ ਮਹਲੇ ਪਹਿਲੇ ਵਿਚ ਕਲ ਭਟ ਦੇ ਸਵੱਯੇ (ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ) ਨੂੰ ਪ੍ਰਸਤੁਤ ਕੀਤਾ ਹੈ।

ਨਰੋਤਮ ਜੀ ਨੇ ਵਿਸ਼ਨੂੰ ਨੂੰ ਸੰਪੂਰਨ ਬ੍ਰਹਮ ਮੰਨਿਆ ਹੈ। ਵੇਈਂ ਨਦੀ ਵਿਚ ਵਿਸ਼ਨੂੰ ਜੀ ਨੇ ਗੁਰੂ ਨਾਨਕ ਨੂੰ ਬੁਲਾ ਕੇ ਉਪਦੇਸ਼ ਕੀਤਾ। ਜਪੁਜੀ ਟੀਕਾ ਪੰਨਾ 9, 10 ਉਤੇ ਨਰੋਤਮ ਜੀ 'ਭਵਿਖਯਤ ਪੁਰਾਣ' ਦੇ ੩੫ਵੇਂ ਅਧਿਆਇ ਦਾ ਹਵਾਲਾ ਦਿੰਦਿਆਂ ਅਧਰਮ ਵਧਣ 'ਤੇ, ਬੇਦੀ ਵੰਸ਼, ਪਛਮਦੇਸ਼ (ਪੰਜਾਬ) ਖਤ੍ਰੀ ਕੁਲ ਵਿਖੇ ਨਾਨਕ ਨਾਮ ਵਾਲਾ ਵਿਸ਼ਨੂੰ ਦਾ ਅਵਤਾਰ ਹੋਵੇਗਾ। ਉਨ੍ਹਾਂ ਨੇ ਗੁਰੂ ਨਾਨਕ ਨੂੰ ਕਲਜੁਗ ਦਾ ਪੂਰਨ ਅਵਤਾਰ ਮੰਨਿਆ ਹੈ।

---

[1] *-ਉਹੀ-,* ਪੰਨਾ ੧੦.

[2] *ਜਪੁ ਟੀਕਾ,* ਪੰਨਾ 73.

[3] *ਜਪੁ ਟੀਕਾ,* ਪੰਨਾ 40.

[4] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1094.

ਇਥੇ ਭਾਈ ਜੋਧ ਸਿੰਘ ਦਾ ਵਿਚਾਰ ਦੇਣਾ ਬਣਦਾ ਹੈ, ਉਨ੍ਹਾਂ ਦਾ ਕਹਿਣਾ ਹੈ- 'ਗੁਰੂ ਪਦ' ਸਿਖ ਧਰਮ ਵਿਚ ਉਹ ਅਰਥ ਨਹੀਂ ਰਖਦਾ ਜਿਸ ਅਰਥ ਵਿਚ ਸਿਖੀ ਤੋਂ ਪਹਿਲਾਂ ਆਮ ਹਿੰਦੂ ਵਰਤਦੇ ਸਨ।[1]

ਗੁਰੂ ਨਾਨਕ ਨੇ ਆਪਣਾ ਗੁਰੂ (ਸ਼ਬਦ) ਅਕਾਲ ਪੁਰਖ ਨੂੰ ਚੁਣਿਆ ਹੈ- "ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ॥"[2] ਨਰੋਤਮ ਜੀ ਅਨੁਸਾਰ ਸਿੱਖ ਮਤ ਦਾ ਇਸ਼ਟ ਬਿਸ਼ਨੁ ਹੈ ਪ੍ਰੰਤੂ ਉਨ੍ਹਾਂ ਨੇ ਬਿਸ਼ਨੁ ਨੂੰ ਇਥੇ ਵਾਹਿਗੁਰੂ ਕਿਹਾ ਹੈ। ਨਰੋਤਮ ਜੀ ਗੁਰਮਤਿ ਸਿਧਾਂਤਾਂ ਦੀ ਵਿਲੱਖਣਤਾ ਤਾਂ ਸਥਾਪਤ ਕਰਨਾ ਚਾਹੁੰਦੇ ਹਨ ਪ੍ਰੰਤੂ ਵੇਦਾਂਤ ਦੇ ਪ੍ਰਭਾਵ ਕਾਰਨ ਇਸਦੀ ਮੌਲਿਕਤਾ ਤੋਂ ਪਰੇ ਚਲੇ ਜਾਂਦੇ ਹਨ। ਕਈ ਵਾਰ ਅਰਥ ਵੇਦਾਂਤਿਕ ਦ੍ਰਿਸ਼ਟੀ ਤੋਂ ਕਰਨ ਨਾਲ ਗੁਰਮਤਿ ਸਿਧਾਂਤਾਂ ਦੀ ਵਿਲੱਖਣਤਾ ਨਹੀਂ ਰਹਿੰਦੀ।

ਇਸ ਦਾ ਉਪਰੋਕਤ 'ਗੁਰੂ ਵਿਵਾਦ' ਦਾ ਉਤਰ ਸੰਤ ਦੇਵਾ ਸਿੰਘ ਨਿਰਮਲਾ ਨੇ 'ਜਪੁ ਭੂਮਿਕਾ' ਪੰਨਾ 24 ਵਿਚ ਦਿਤਾ ਹੈ-

ਗੁਰੂ ਤੀਨ ਪ੍ਰਕਾਰ ਕੇ ਹੋਵੈ ਵਿਵਹਾਰਕ ਗੁਰੂ, ਵੈਦਕ ਗੁਰੂ ਅਤੇ ਪਰਮਾਰਥ ਗੁਰੂ।

1. ਗੁਰੂ ਨਾਨਕ ਕੇ ਵਿਵਹਾਰਕ ਗੁਰੂ- ਉਨ ਕੇ ਪਿਤਾ ਜੀ ਥੇ।
2. ਵਿਦਿਆ ਗੁਰੂ- ਪੰਡਿਤ ਹਰਦਿਆਲ ਜੀ ਥੇ।
3. ਪਰਮਾਰਥ ਗੁਰੂ- ਜੋ ਆਤਮਾ ਕਾ ਬ੍ਰਹਮ ਰੂਪ ਸੇ ਸ਼ਾਖਸਾਤਕਾਰ ਕਰਾਵੇ।

ਗੁਰੂ ਨਾਨਕ ਦੇਵ ਜੀ ਸ੍ਵਯੰ ਗੁਰੂ ਹੈ, ਉਨ੍ਹਾਂ ਨੂੰ ਗੁਰੂ ਦੀ ਅਵਸਕਤਾ ਨਹੀਂ ਥੀ। ਗੁਰੂ ਨਾਨਕ ਜੀ ਬ੍ਰਹਮਾ ਤਥਾ ਬਿਸ਼ਨੁ ਮਹੇਸ਼ ਬਾਰੇ ਇਸ ਪ੍ਰਕਾਰ ਲਿਖਦੇ ਹਨ-

**ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥**[3]

ਗੁਰੂ ਰਾਮਦਾਸ ਜੀ ਲਿਖ ਰਹੇ ਹਨ-

**ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥**[4]

ਇਨ੍ਹਾਂ ਸ਼ਬਦਾਂ ਵਿਚ ਕਾਰਯਾ ਬ੍ਰਹਮ ਨੂਨਤਾ ਲਿਖੀ ਹੈ।

ਗੁਰੂ ਨਾਨਕ ਦੇਵ ਜੀ ਕੇ ਗੁਰੂ ਕਾਰਣ ਬ੍ਰਹਮ ਹੈ, ਗੁਰੂ ਨਾਨਕ ਕੇ ਪਾਰਬ੍ਰਹਮ ਗੁਰੂ ਹੈ, ਉਨ੍ਹਾਂ ਦਾ ਪਰਿਭਾਸ਼ਾ ਇਸ ਪ੍ਰਕਾਰ ਹੈ-

**ਸਤਿ ਪੁਰਖੁ ਸਤਿ ਅਸਥਾਨੁ ॥ ਊਚ ਤੇ ਊਚ ਨਿਰਮਲ ਨਿਰਬਾਨੁ ॥**
**ਅਪੁਨਾ ਕੀਆ ਜਾਨਹਿ ਆਪਿ ॥ ਆਪੇ ਘਟਿ ਘਟਿ ਰਹਿਓ ਬਿਆਪਿ ॥**
**ਕ੍ਰਿਪਾ ਨਿਧਾਨ ਨਾਨਕ ਦਇਆਲ ॥ ਜਿਨਿ ਜਪਿਆ ਨਾਨਕ ਤੇ ਭਏ ਨਿਹਾਲ ॥**[5]

ਗੁਰੂ ਨਾਨਕ ਕੇ ਗੁਰੂ ਇਸ ਪ੍ਰਕਾਰ ਸਪਸ਼ਟ ਹੈ-

**ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ ॥**[6]
**ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥**[7]

ਇਸੇ ਤਰ੍ਹਾਂ ਨਰੋਤਮ ਜੀ ਨੇ ਭਗਤਾਂ ਬਾਰੇ ਭੀ ਸ਼ੰਕਾ ਪੈਦਾ ਕਰ ਦਿਤਾ ਹੈ। 'ਭਗਤ ਬਾਣੀ ਸਟੀਕ' ਦੀ ਭੂਮਿਕਾ ਵਿਚ ਕਿਹਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਕਰਦੇ ਸਮੇਂ ਵਖ-ਵਖ ਭਗਤਾਂ ਦੇ ਭਾਵ ਅਨੁਕੂਲ ਬਾਣੀ ਲਿਖ ਕੇ ਉਨ੍ਹਾਂ ਦੇ ਨਾਂਵਾਂ ਹੇਠ ਦਰਜ਼ ਕਰ ਦਿੱਤੀ ਹੈ। ਭਗਤ ਬਾਣੀ ਸਟੀਕ ਅੰਦਰ ਨਿਰਗੁਣ ਅਤੇ ਸਰਗੁਣ ਵਿਚਾਰ ਪ੍ਰਣਾਲੀਆਂ ਨੂੰ ਸਾਹਮਣੇ ਰਖਿਆ ਗਿਆ ਹੈ। ਵਿਦਵਾਨਾਂ ਦਾ ਕਥਨ ਹੈ ਕਿ ਉਸ ਸਮੇਂ ਵਿਗਿਆਨਕ ਖੋਜ ਸਾਹਮਣੇ ਨਹੀਂ ਸੀ ਆਈ।

---

[1] ਭਾਈ ਜੋਧ ਸਿੰਘ, *ਗੁਰਮਤ ਨਿਰਣੈ*, ਪੰਨਾ 108.
[2] *ਗੁਰੂ ਗ੍ਰੰਥ ਸਾਹਿਬ*, ਪੰਨਾ 944.
[3] *-ਉਹੀ-*, ਪੰਨਾ 1153.
[4] *-ਉਹੀ-*, ਪੰਨਾ 735.
[5] *-ਉਹੀ-*, ਪੰਨਾ 1236.
[6] *-ਉਹੀ-*, ਪੰਨਾ 1043.
[7] *-ਉਹੀ-*, ਪੰਨਾ 599.

ਭਗਤ ਬਾਣੀ ਬਾਰੇ ਕੋਈ ਵਿਚਾਰ ਨਿਖਰ ਕੇ ਸਾਹਮਣੇ ਨਹੀਂ ਆਇਆ ਸੀ। ਸੁਰਿੰਦਰ ਸਿੰਘ ਸ਼ੇਰਗਿੱਲ ਨੇ ਇਸ ਉਪਰੋਕਤ ਤੱਥ ਦੀ ਪੁਸ਼ਟੀ ਇਸ ਪ੍ਰਕਾਰ ਕੀਤੀ ਹੈ, "ਨਰੋਤਮ ਜੀ ਨੇ ਆਪਣੇ ਅਨੁਮਾਨ ਅਨੁਸਾਰ ਇਹ ਵਿਚਾਰ ਪ੍ਰਗਟ ਕਰ ਦਿਤੇ। ਭਗਤ ਬਾਣੀ ਪੰਨਾ 1 ਉਤੇ ਅੰਕਿਤ ਹੈ– ਭਗਤੋਂ ਦਾ ਭਾਵ ਹਿਰਦੇ ਮੇ ਰਖ ਕਰ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਪ ਹੀ ਭਗਤੋਂ ਕੇ ਨਾਮ ਬਾਣੀ ਰਚ ਦੀ ਹੈ।"

ਨਰੋਤਮ ਜੀ ਭਾਸ਼ਾ ਅਤੇ ਕੋਸ਼ਕਾਰੀ ਦੇ ਮਹਾਨ ਵਿਦਵਾਨ ਸਨ। ਗੁਰਬਾਣੀ ਦੇ ਕੀਤੇ ਗਏ ਟੀਕਿਆਂ ਵਿਚੋਂ ਸਭ ਤੋਂ ਵਧ ਯੋਗਦਾਨ ਨਿਰਮਲੇ ਵਿਦਵਾਨਾਂ ਦਾ ਆਖਿਆ ਜਾ ਸਕਦਾ ਹੈ। ਜਪੁਜੀ ਦੇ 30 ਟੀਕੇ ਅਤੇ ਪ੍ਰਯਾਯ ਇਨ੍ਹਾਂ ਵਿਦਵਾਨਾਂ ਦੇ ਹਨ। ਫ਼ਰਕ ਸਿਰਫ਼ ਇਤਨਾ ਹੈ ਕਿ ਨਿਰਮਲ ਵਿਦਵਾਨ ਟੀਕਾ ਕਰਨ ਸਮੇਂ ਵੇਦਾਂ ਨੂੰ ਆਧਾਰ ਬਣਾਉਂਦੇ ਹਨ, ਗੁਰਮਤਿ ਨੂੰ ਵੈਦਿਕ ਵਿਚਾਰਧਾਰਾ ਦੀ ਨਿਰੰਤਰਤਾ ਵਿਚ ਦੇਖਦੇ ਹਨ, ਜਦ ਕਿ ਐਸਾ ਨਹੀਂ ਹੈ। ਗੁਰਮਤਿ ਦੀ ਵਿਚਾਰਧਾਰਾ ਮੌਲਿਕ ਅਤੇ ਸੁਤੰਤਰ ਹੈ। ਗੁਰਮਤਿ ਦੀ ਜੋਤਿ-ਜੁਗਤ ਨਿਵੇਕਲੀ ਅਤੇ ਸੁਤੰਤਰ ਹੈ। ਗੁਰਮਤਿ ਨਾ ਕਥਾ ਕਹਾਣੀ ਹੈ, ਨਾ ਮਿਥਿਹਾਸ ਹੈ ਅਤੇ ਨਾ ਹੀ ਇਤਿਹਾਸ ਹੈ, ਇਸਦੀ ਨੀਂਹ ਤਤ, ਸਤਿ ਬਿਬੇਕ ਉਪਰ ਹੈ। ਬਾਣੀ ਕਲਪਣਾ ਜਾਂ ਕਿਆਸਕਾਰੀ ਨਹੀਂ ਹੈ ਬਲਕਿ ਗੁਰਮਤਿ ਤੱਤ ਵਸਤੂ ਦੀ ਵਿਆਖਿਆ ਕਰਨ ਵਾਲੀ ਹੈ, ਜੈਸਾ ਕਿ–

**ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥**
**ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀਂ ਕਰਮਿ ਧਿਆਈ ॥**[1]

ਗੁਰਮਤਿ 'ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ' ਦੇ ਵਿਚਾਰ, ਉਤਮ-ਮਧਮ ਜਾਤੀ ਦੇ ਭਰਮ ਵਿਚ ਸੰਸਾਰ ਨੂੰ ਨਹੀਂ ਪਾਉਂਦੀ। ਭੂਤ ਅਤੇ ਭਵਿੱਖ ਨਾਲ ਵਰਤਮਾਨ ਦੀ ਮਹਾਨਤਾ ਦ੍ਰਿੜ੍ਹ ਕਰਉਂਦੀ ਹੈ। ਕਿਰਿਆਹੀਨ ਦੀ ਬਜਾਏ ਕਿਰਿਆਸ਼ੀਲ ਬਣਾਉਂਦੀ ਹੈ। ਉਦਮ ਅਤੇ ਆਹਰ ਦੀ ਸਿੱਖਿਆ ਦਿੰਦੀ ਹੈ। ਵਿਗਠਨ ਦੀ ਬਜਾਏ ਸੰਗਠਨ ਦੀ ਹਾਮੀ ਭਰਦੀ ਹੈ। ਗੁਰਮਤਿ ਹਉਂ ਮੁਖੀ ਨਹੀਂ, ਸਰਬ ਮੁਖੀ ਹੈ।

ਨਰੋਤਮ ਜੀ ਨੇ ਮੁਕਤੀ-ਸਿਧਾਂਤ ਦੀ ਵਿਆਖਿਆ ਵੀ ਵੇਦਾਂਤ ਦੇ ਪੱਖ ਤੋਂ ਕੀਤੀ ਹੈ, ਉਨ੍ਹਾਂ ਦਾ ਕਥਨ ਹੈ ਪੁੰਨ ਕਰਮਾਂ ਕਰਕੇ ਚੰਗਾ ਸਰੀਰ ਤਾਂ ਮਿਲ ਸਕਦਾ ਹੈ। ਮੁਕਤੀ, ਗਿਆਨ ਦੁਆਰਾ ਸੰਭਵ ਹੈ। ਇਹ ਮੁਕਤੀ ਭੀ ਜੀਵਨ-ਮੁਕਤੀ ਨਹੀਂ, ਬਿਦੇਹ-ਮੁਕਤੀ ਹੈ। ਗਿਆਨ ਦੀ ਪ੍ਰਾਪਤੀ ਲਈ ਭਗਤੀ ਦੀਆਂ ਗਿਆਰਾਂ ਭੂਮਿਕਾਵਾਂ ਸੇਵਾ, ਦਇਆ, ਸ਼ਰਧਾ, ਸੁਣਨ, ਮਨਣ ਆਦਿ ਨੂੰ ਧਾਰਣ ਕਰਨ ਅਤੇ ਦਸ ਅਪਰਾਧਾਂ ਤੋਂ ਬਚਣ ਲਈ ਕਿਹਾ ਹੈ।

ਵਿਦਵਾਨਾਂ ਦਾ ਕਥਨ ਹੈ ਕਿ ਨਰੋਤਮ ਜੀ ਅੰਗਰੇਜ਼ੀ ਦੇ ਵੀ ਗਿਆਤਾ ਸਨ। ਉਨ੍ਹਾਂ ਦੇ ਡੇਰੇ ਵਿਖੇ ਅੰਗਰੇਜ਼ੀ ਡਿਕਸ਼ਨਰੀ ਵੀ ਸੀ। ਪੰਡਿਤ ਜੀ ਫ਼ਾਰਸੀ ਜ਼ੁਬਾਨ ਵੀ ਜਾਣਦੇ ਸਨ।

ਸੁਰਿੰਦਰ ਸਿੰਘ ਜੀ ਸ਼ੇਰਗਿੱਲ ਅਨੁਸਾਰ ਉਨ੍ਹਾਂ ਦੀ ਵਿਦਵਤਾ ਦਾ ਅੰਦਾਜ਼ਾ ਇਥੋਂ ਲਾਇਆ ਜਾ ਸਕਦਾ ਹੈ ਕਿ 'ਵਾਹਿਗੁਰੂ' ਸ਼ਬਦ ਦੀ ਮਹੱਤਤਾ ਦਸਣ ਦੇ ਨਾਲ-ਨਾਲ ਇਸ ਸ਼ਬਦ ਦੀ ਵਿਉਤਪਤੀ ਦੇ 17 ਰੂਪ ਵੀ ਪੇਸ਼ ਕੀਤੇ ਹਨ। ਉਨ੍ਹਾਂ ਨੇ 'ਕਾਲ' ਸ਼ਬਦ ਦੇ ਗਿਆਰਾਂ ਅਰਥ ਕੀਤੇ ਹਨ।

ਭਾਰਤੀ ਪ੍ਰੰਪਰਾ ਦੇ ਪ੍ਰਭਾਵ ਅਧੀਨ ਗੁਰਮਤਿ ਵਿਚ ਅਵਤਾਰਵਾਦ ਦੇ ਸਿਧਾਂਤ ਦੀ ਪੁਸ਼ਟੀ ਲਈ 'ਭਵਿਸ਼ਪੁਰਾਣ' ਦੀ ਟੂਕ ਦਿਤੀ ਹੈ। ਅਸੀਂ ਪਹਿਲਾਂ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਗੁਰਮਤਿ ਵਿਚ ਅਵਤਾਰਵਾਦ (Incarnation Theory) ਦੀ ਬਜਾਏ 'ਗੁਰੂ' ਪਦ ਹੀ ਪ੍ਰਮਾਣਿਕ ਸਿਧਾਂਤ ਹੈ।

ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਸੰਸਕ੍ਰਿਤ ਵਿਦਿਆ ਪ੍ਰਾਪਤ ਕਰਕੇ ਗੁਰਮਤਿ ਸਿਧਾਂਤਾਂ ਨੂੰ ਬਹੁਤ ਲਗਨ ਅਤੇ ਡੂੰਘਾਈ ਨਾਲ ਘੋਖਿਆ, ਪ੍ਰਚਾਰਿਆ ਅਤੇ ਪ੍ਰਸਾਰਿਆ ਹੈ। ਇਸ ਯਤਨ ਨਾਲ ਗੁਰਮਤਿ ਵਿਚਾਰਧਾਰਾ ਉਨ੍ਹਾਂ ਵਿਦਵਾਨਾਂ ਦੀ ਦ੍ਰਿਸ਼ਟੀਗੋਚਰ ਹੋਈ ਜਿਹੜੇ ਗੁਰਮੁਖੀ ਨੂੰ ਨਹੀਂ ਸਨ ਜਾਣਦੇ, ਭਾਵ ਭਾਰਤੀ ਪ੍ਰੰਪਰਾ ਨਾਲ ਜੁੜੇ ਹੋਏ ਹਿੰਦੂ ਵਿਦਵਾਨਾਂ ਨੇ ਵੀ ਇਸ ਗਿਆਨ ਰਾਹੀਂ ਗੁਰਮਤਿ ਨੂੰ ਜਾਣਿਆ, ਸਲਾਹਿਆ ਅਤੇ ਅਪਣਾਇਆ। ਹਾਂ, ਇਹ ਗੱਲ ਜ਼ਰੂਰ ਵੱਖਰੀ ਹੈ ਕਿ ਨਿਰਮਲੇ ਵਿਦਵਾਨਾਂ ਨੇ ਵੇਦਾਂਤ ਦਾ ਅਧਿਐਨ ਕੀਤਾ, ਉਸ ਦੇ ਪ੍ਰਭਾਵ ਕਾਰਨ ਕਿਤੇ-ਕਿਤੇ ਉਕਾਈਆਂ ਵੀ ਜ਼ਰੂਰ ਹੋਈਆਂ ਹਨ, ਜਿਨ੍ਹਾਂ ਨੂੰ ਸੁਧਾਰਿਆ ਜਾ ਸਕਦਾ ਹੈ। ਕੁਲ ਮਿਲਾ ਕੇ ਇਨ੍ਹਾਂ ਵਿਦਵਾਨਾਂ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ।

---

[1] *-ਉਹੀ-*, ਪੰਨਾ 1243.

ਨਰੋਤਮ ਜੀ ਦੀ ਘਾਲਣਾ ਬਹੁਤ ਸ਼ਲਾਘਾਯੋਗ ਹੈ। ਉਨ੍ਹਾਂ ਦੀ ਸਾਰੀ ਰਚਨਾ ਦਾ ਮੁਲਾਂਕਣ ਕਰਕੇ ਗੁਰਮਤਿ ਦੇ ਗੂੜ੍ਹ-ਤੱਤਾਂ ਪ੍ਰਤਿ ਵਿਸਥਾਰ ਸਹਿਤ ਜਾਣਕਾਰੀ ਪ੍ਰਾਪਤ ਕਰਨ ਲਈ ਇਹ ਜ਼ਰੂਰੀ ਹੈ ਕਿ ਇਸ ਕਾਰਜ ਨੂੰ ਖੋਜ ਦੇ ਪ੍ਰਾਜੈਕਟਾਂ ਰਾਹੀਂ ਮੁੜ ਲਾਭ ਹਿਤ ਪ੍ਰਚਾਰਿਆ ਅਤੇ ਪ੍ਰਸਾਰਿਆ ਜਾਵੇ।

# ਗੁਰਬਾਣੀ ਵਿਆਖਿਆ-ਪਧਤੀ ਦੀ ਉਸਾਰੀ ਵਿਚ ਨਿਰਮਲਾ ਸਕੂਲ ਦਾ ਯੋਗਦਾਨ

ਡਾ. ਗੁਰਮੇਲ ਸਿੰਘ*

**ਸਮਸਿਆ ਦੀ ਪਛਾਣ**

ਸਿੱਖੀ ਜਾਂ ਬਾਣੀ-ਅਰਥਾਉਣ ਦੀ ਕੋਈ ਨਿਯਮਬਧ ਸੋਧ ਲਈ, ਇਕ ਅਕਾਦਮਿਕ-ਪਹੁੰਚ ਵਜੋਂ ਕੀਤੇ ਗਏ ਕਾਰਜ ਦੀ ਫ਼ਿਲਹਾਲ ਸਾਡੇ ਤਕ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ, ਭਾਵੇਂ ਮੁਢਲੇ ਜਿਹੇ ਤੌਰ 'ਤੇ ਬਾਣੀ-ਅਧਿਐਨ; ਅਧਿਆਪਨ; ਖੋਜ ਜਾਂ ਬਾਣੀ-ਅਰਥਾਉਣ ਦੇ ਢੰਗਾਂ ਬਾਰੇ ਕੁਝ 'ਵਿਚਾਰ; ਲਛਣ; ਤਰੀਕੇ ਜਾਂ ਮੁਖ ਸ਼ਰਤਾਂ' ਆਦਿ ਦੇ ਵੇਰਵੇ ਮਿਲ ਜਾਂਦੇ ਹਨ।[1] ਹਥਲੇ ਕਾਰਜ ਦੀ ਸਮਸਿਆ ਦਾ ਘੇਰਾ ਬਾਣੀ-ਵਿਆਖਿਆ ਦੇ ਅਕਾਦਮਿਕ ਅਨੁਸ਼ਾਸ਼ਨ (academic-discipline) ਦਾ ਨਾਮਕਰਨ/ਸਿਰਲੇਖ, ਉਸਦੀ ਪਰਿਭਾਸ਼ਾ ਅਤੇ ਵਿਆਖਿਆ ਦੇ ਨਿਰਮਲੇ-ਸਕੂਲ ਦੁਆਰਾ ਕੀਤੇ ਕਾਰਜਾਂ ਵਿਚ ਪ੍ਰਾਪਤ ਹੁੰਦੀਆਂ ਵਿਆਖਿਅਕ-ਜੁਗਤਾਂ, ਵਿਧੀਆਂ ਆਦਿ ਦੀ ਤਲਾਸ਼ ਕਰਕੇ, ਗੁਰਬਾਣੀ ਦੇ ਵਿਆਖਿਆ-ਅਨੁਸ਼ਾਸ਼ਨ ਵਿਚ ਪਾਏ ਸੁਚੇਤ/ਅਚੇਤ ਯੋਗਦਾਨ ਦਾ ਵੇਰਵਾ ਹਾਸਿਲ ਕਰਨਾ ਹੈ।

**ਨਾਮਕਰਨ**

ਬਾਣੀ ਅਰਥਾਉਣ ਦੀ ਨਿਯਮਬਧ-ਪ੍ਰਣਾਲੀ ਜਾਂ ਅਨੁਸ਼ਾਸ਼ਨ ਨੂੰ ਢੁਕਵਾਂ ਨਾਂ ਦੇਣ ਦੀ ਪ੍ਰਕ੍ਰਿਆ ਲਈ ਸਾਨੂੰ ਆਮ-ਸੂਝ ਵਿਚੋਂ ਕਈ ਸਿਧਾਂਤਕ/ਵਿਹਾਰਕ ਨਾਮ (noun) ਪ੍ਰਾਪਤ ਹੁੰਦੇ ਹਨ, ਜਿਵੇਂ: ਗੁਰਬਾਣੀ ਵਿਆਖਿਆ-ਵਿਧੀ; ਜੁਗਤ; ਸਿਧਾਂਤ; ਸ਼ਾਸਤਰ; ਵਿਗਿਆਨ ਜਾਂ ਪਧਤੀ ਆਦਿ। ਇਹ ਸਿਧਾਂਤਕ ਸ਼ਬਦ/ਸੰਕਲਪ, ਬਾਣੀ ਦੇ ਅਧਿਐਨ; ਅਧਿਆਪਨ; ਖੋਜ; ਸਿਧਾਂਤੀਕਰਨ ਆਦਿ ਦੀਆਂ ਵਿਭਿੰਨ ਵੰਨਗੀਆਂ ਨੂੰ ਸੂਚਿਤ ਕਰਦੇ ਹਨ, ਜਿਵੇਂ: 'ਵਿਧੀ', ਉਨ੍ਹਾਂ 'ਢੰਗਾਂ' ਨੂੰ ਸੰਕੇਤ ਕਰਦਾ ਹੈ ਜਿਹੜੇ 'ਸਰੂਪ' (nature), 'ਆਰੂਪ' (formation) ਨੂੰ ਵਧੇਰੇ ਸੰਬੋਧਨ ਹਨ। 'ਜੁਗਤ' ਵੀ 'ਵਿਧੀ' ਨਾਲ ਮਿਲਦਾ-ਜੁਲਦਾ ਸ਼ਬਦ ਹੈ। 'ਸਿਧਾਂਤ' ਧਰਮ-ਸ਼ਾਸਤਰੀ (theological) ਜਾਂ ਦਾਰਸ਼ਨਿਕ (philosophical) ਸੰਕਲਪਾਂ ਦੇ ਪ੍ਰਗਟਾਉਣ ਅਤੇ ਸੂਤਰੀ-ਕਰਣ (formulation) ਨੂੰ ਵਧੇਰੇ ਸੰਬੋਧਤ ਹੈ। ਵਿਆਖਿਆ-ਸ਼ਾਸਤਰ, ਪਛਮ ਦੇ Hermeneutics[2] ਅਨੁਸ਼ਾਸ਼ਤ-ਸ਼ਬਦ ਦਾ ਸਾਡੀਆਂ ਭਾਸ਼ਾਵਾਂ ਵਿਚ ਪਰਿਆਇਵਾਚੀ ਰੂਪ ਦੇ ਤੌਰ 'ਤੇ ਵਰਤੋਂ ਅਧੀਨ ਹੈ। ਵਿਗਿਆਨ, ਇਕ ਨਿਸ਼ਚਿਤ ਅਨੁਸ਼ਾਸ਼ਨ ਨਾਲੋਂ ਗਿਆਨ - ਵਿਗਿਆਨ ਦੀ ਦੁਨੀਆ ਵਿਚ ਵਰਤਿਆ ਜਾਂਦਾ ਵਿਸ਼ਾਲ ਘੇਰੇ ਅਤੇ ਅਰਥਾਂ ਦਾ ਲਖਾਇਕ ਹੈ। ਇਸ ਤਰ੍ਹਾਂ ਉਕਤ ਸ਼ਬਦ-ਸੰਕਲਪ ਬਾਣੀ-ਸਰੂਪ ਅਤੇ ਉਸ ਉਤੇ ਉਸਰੇ ਵਿਸ਼ਾਲ ਅਧਿਐਨ ਨੂੰ ਨਿਯਮਤ ਅਨੁਸ਼ਾਸ਼ਨ ਵਿਚ ਬੰਨ੍ਹਣ ਤੋਂ ਅਸਮਰਥ ਜਾਪਦੇ ਹਨ। ਇਥੇ ਅਸੀਂ ਫ਼ਿਲਹਾਲ ਕਿਸੇ ਹੋਰ ਸ਼ਬਦ/ਸਮਾਸ ਦੀ ਗ਼ੈਰ-ਹਾਜ਼ਰੀ/ਪਹੁੰਚ ਵਿਚ ਬਾਣੀ-ਅਰਥਾਉਣ ਦੇ ਨਿਯਮਾਂ ਦੀ ਨਿਯਮਬਧ-ਪ੍ਰਣਾਲੀ ਲਈ *ਗੁਰਬਾਣੀ ਵਿਆਖਿਆ-ਪਧਤੀ* ਨਾਮਕਰਨ ਅਪਣਾ ਰਹੇ ਹਾਂ। ਇਸ ਦੀ ਪੁਸ਼ਟੀ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਹੈ:

**ਜਗ ਅਉਰੁ ਨ ਜਾਹਿ...**<br>
**ਤਿਨ ਕੇ ਦੁਖ ਕੋਟਿਕ ਦੂਰਿ ਗਏ**<br>
**ਮਥੁਰਾ ਜਿਨੁ ਅੰਮ੍ਰਿਤ ਨਾਮੁ ਪੀਅਉ।।**<br>
**ਇਹ ਪਧਤਿ ਤੇ ਮਤ ਚੂਕਹਿ ਰੇ ਮਨ**<br>
**ਭੇਦੁ ਬਿਭੇਦੁ ਨ ਜਾਨ ਬੀਅਉ।।**<br>
**ਪਰਤਛਿ ਰਿਦੈ ਗੁਰ ਅਰਜੁਨ ਕੈ**

---

* ਐਡਹਾਕ ਲੈਕਚਰਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋਬਾ. ਨੰ. 98550-40384

[1] see: Daljeet Singh, 'Sikh Theory of Evolution : Haumain and Problem of Hermeneutics', in *Sikhism : Its Philosophy and History,* (eds.), Kharak Singh, Daljeet Singh, Chandigarh, 1997, pp.83-4.

[2] ਇਸ ਦੀ ਨਿਰੁਕਤੀ (etymology) ਗਰੀਕ ਦੇ god Hermes ਨਾਲ ਸੰਬੰਧਿਤ ਹੈ ਤੇ ਇਹ *theory of understanding ਹੈ।*

see: Mircea Eliade, *The Encyclopaedia of Religion,* vol. 6, p. 279; James Hestings(ed.) *Encyclopaedia of Religion and Ethics,* vol. vii, New York, 1964, p. 392.

**ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ।।**[1]

ਭਟ ਮਥਰਾ ਜੀ ਦੇ ਉਕਤ ਸਵਈਏ ਵਿਚੋਂ 'ਪਧਤਿ' ਦੇ ਅਰਥ, ਸ਼ਬਦਾਰਥ ਦੇ ਕਰਤਿਆਂ ਨੇ 'ਰਾਹ; ਨੇਮ' ਕੀਤੇ ਹਨ।[2] ਭਾਈ ਕਾਨ੍ਹ ਸਿੰਘ ਨਾਭਾ ਜੀ ਨੇ 'ਪਧਤਿ' ਦੇ ਕਈ ਅਰਥ (ਢੰਗ, ਤਰੀਕਾ, ਰੀਤੀ-ਰਿਵਾਜ ਆਦਿ) ਕਰਕੇ, ਇਕ ਅਰਥ 'ਧਰਮ ਦੇ ਸੰਸਕਾਰ; ਨਿਯਮਾਂ ਦੀ ਪੋਥੀ' ਵੀ ਕੀਤੇ ਹਨ।[3] ਭਟ ਮਥਰਾ ਜੀ ਗੁਰੂ ਅਰਜਨ ਦੇਵ ਜੀ ਦੁਆਰਾ ਸਥਾਪਿਤ ਮਾਰਗ; ਨੇਮ ਦੇ (ਬਾਣੀ/ਸ਼ਬਦ ਰੂਪ ਵਿਚ) ਦੈਵੀ 'ਨਿਯਮਾਂ ਦੀ ਪੋਥੀ' ਤੋਂ ਏਧਰ-ਓਧਰ ਜਾਣ ਤੋਂ ਵਰਜਦਿਆਂ, ਇਸ ਦੀ ਅਮਰ-ਅਟਲਤਾ ਦੀ ਦੈਵੀ-ਸ਼ਾਖ਼ ਭਰਦੇ ਹਨ, ਜਿਸ ਵਿਚ 'ਭੇਦ-ਵਿਭੇਦ' ਦੀ ਕੋਈ ਸਮਸਿਆ ਪੈਦਾ ਨਹੀਂ ਹੁੰਦੀ। *ਫਰੀਦਕੋਟੀ ਟੀਕੇ* ਨੇ 'ਗੁਰ ਪਧਤੀ' ਸਮਾਸ ਦੁਆਰਾ ਬਾਣੀ-ਸਿਧਾਂਤ ਵਲ ਇਸ਼ਾਰਾ ਕਰਕੇ[4], ਇਸ ਤਥ ਨੂੰ ਹੋਰ (ਅਵਚੇਤਨ) ਬਲ ਬਖਸ਼ਿਆ ਹੈ ਕਿ (ਗੁਰਬਾਣੀ ਵਿਆਖਿਆ) 'ਪਧਤੀ' ਇਕ ਅਜਿਹਾ (ਅਕਾਦਮਿਕ) ਅਨੁਸ਼ਾਸ਼ਨ ਹੈ, ਜਿਸ ਵਿਚ ਬਾਣੀ-ਅਰਥਾਉਣ ਦੀ 'ਗੁਰ-ਪਧਤੀ/ਸਿਧਾਂਤ' ਦੱਸੇ ਗਏ ਹਨ। ਜੋ ਸਾਰ ਵਜੋਂ ਅਸੀਂ ਬਾਣੀ-ਅਰਥਾਉਣ ਦੇ ਸਿਧਾਂਤਾਂ/ਜੁਗਤਾਂ ਨੂੰ ਦਸਣ/ਸਿਖਾਉਣ ਵਾਲੇ 'ਵਿਗਿਆਨ' ਲਈ ਫਿਲਹਾਲ ਗੁਰਬਾਣੀ **ਵਿਆਖਿਆ-ਪਧਤੀ** ਸਿਰਲੇਖ ਵਰਤ ਰਹੇ ਹਾਂ।

**ਪਰਿਭਾਸ਼ਾ**

ਗੁਰਬਾਣੀ ਵਿਆਖਿਆ-ਪਧਤੀ ਦੇ ਕੁਝ ਮੁਢਲੇ ਲਛਣਾਂ ਦਾ ਜ਼ਿਕਰ ਉਪਰ ਆ ਚੁਕਿਆ ਹੈ। ਇਥੇ ਅਸੀਂ ਇਸ ਦੇ ਸੰਕਲਪ; ਸਰੂਪ; ਘੇਰੇ ਤਥਾ ਸੀਮਾਵਾਂ ਆਦਿ ਨੂੰ ਧਿਆਨ ਵਿਚ ਰਖ ਕੇ, ਇਸ ਤਰ੍ਹਾਂ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ:

*ਗੁਰਬਾਣੀ ਵਿਆਖਿਆ-ਪਧਤੀ, (ਸਿੱਖ) ਵਿਚਾਰ-ਪ੍ਰਬੰਧ (the Sikh school of thought) ਨੂੰ ਸੰਕੇਤਕ/ਸੇਧਤ ਇਕ ਸਿਧਾਂਤਕ ਅਤੇ ਅਕਾਦਮਿਕ ਅਨੁਸ਼ਾਸ਼ਨ ਦਾ ਸੰਕਲਪ ਹੈ, ਜਿਹੜਾ ਕਿਸੇ ਵੀ ਢੰਗ (ਸ਼ਬਦਾਰਥ; ਭਾਵਾਰਥ; ਟੀਕਾ; ਭਾਸ਼; ਵਿਆਖਿਆ; ਸਿਧਾਂਤੀਕਰਣ; ਖੋਜ; ਅਧਿਐਨ ਆਦਿ) ਰਾਹੀਂ ਬਾਣੀ-ਅਰਥਾਉਣ ਦੇ ਨਿਯਮਾਂ; ਸਿਧਾਂਤਾਂ; ਜੁਗਤਾਂ; ਵਿਧੀਆਂ ਆਦਿ ਦੀ ਬਾਣੀ-ਸੰਦਰਭ ਵਿਚ ਸਿਰਜਣਾ ਕਰਦਾ ਹੈ।*

ਉਕਤ ਪਰਿਭਾਸ਼ਾ ਰਾਹੀਂ ਸੰਕੇਤਕ *ਗੁਰਬਾਣੀ ਵਿਆਖਿਆ-ਪਧਤੀ* ਦੀ ਸਿਰਜਣਾ ਵਿਚ ਨਿਰਮਲਾ ਸਕੂਲ ਦੀਆਂ ਰਚਨਾਵਾਂ ਵਿਚੋਂ ਪ੍ਰਾਪਤ ਸੇਧਾਂ ਦੀ ਤਲਾਸ਼ ਕਰਨਾ ਅਤੇ ਕੁਝ ਧਾਰਨਾਵਾਂ ਬਣਾਉਣੀਆਂ ਹੀ ਹਥਲੇ ਪਰਚੇ ਦਾ ਮੁਖ ਉਦੇਸ਼ ਹੈ।

**II**

ਵਿਆਖਿਆ ਦੇ ਨਿਰਮਲੇ ਸਕੂਲ ਦੀਆਂ ਅਨੇਕਾਂ ਲਘੂ ਅਤੇ ਵਡ-ਅਕਾਰੀ ਵਿਆਖਿਆਤਮਕ ਰਚਨਾਵਾਂ ਵਿਚ ਸਾਨੂੰ ਵਿਆਖਿਆ ਦੇ ਜਿਹੜੇ ਸਿਧਾਂਤ; ਢੰਗ ਜਾਂ ਜੁਗਤਾਂ ਪ੍ਰਾਪਤ ਹਨ, ਉਹ ਨਿਰਸੰਦੇਹ ਕਿਸੇ ਅਕਾਦਮਿਕ-ਸ਼ਾਸਤਰ ਦੀ ਸਿਰਜਣਾ ਦੇ ਸੁਚੇਤ ਜਤਨਾਂ ਦੀਆਂ ਲਖਾਇਕ ਨਹੀਂ ਅਤੇ ਨਾ ਹੀ ਉਹ ਕਿਸੇ ਵਿਧੀ-ਵਤ ਤਰੀਕੇ ਨਾਲ ਪ੍ਰਾਪਤ ਹਨ, ਬਲਕਿ ਉਹ ਪਰੰਪਰਿਕ ਤਰੀਕੇ ਨਾਲ ਟੀਕਿਆਂ ਦੀਆਂ ਭੂਮਿਕਾਵਾਂ/ਉਥਾਨਕਾਵਾਂ; ਕੋਸ਼-ਅੰਦਰਾਜ਼ਾਂ; ਟਿਪਣੀਆਂ; ਖੰਡਨ-ਮੰਡਲ ਵਿਸਤਾਰਾਂ; ਰਚਨਾਵਾਂ ਦੇ ਸਮੁਚੇ ਸਰੂਪ ਅਤੇ ਸੇਧਾਂ ਆਦਿ ਵਿਚੋਂ ਕਿਸੇ ਸੰਦਰਭ ਰਾਹੀਂ ਪ੍ਰਾਪਤ ਹੁੰਦੀਆਂ ਹਨ, ਪਰ ਇਨ੍ਹਾਂ ਦੀ ਮਹਤਾ ਤੋਂ ਕਦਾਚਿਤ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ, ਕਿਉਂਕਿ ਪ੍ਰਾਪਤ ਜੁਗਤਾਂ ਬਾਣੀ-ਅਰਥਾਉਣ ਲਈ ਸਿੱਖ-ਪਧਤੀ ਦੀ ਉਸਾਰੀ ਵਿਚ ਅਹਿਮ ਯੋਗਦਾਨ ਪਾਉਂਦੀਆਂ ਹਨ। ਬਾਣੀ ਵਿਆਖਿਆ-ਪਧਤੀ ਦੀ ਉਸਾਰੀ ਵਿਚ ਸਹਾਇਕ ਸਿਧਾਂਤਾਂ/ਵਿਧੀਆਂ ਦੀ ਨਿਸ਼ਾਨਦੇਹੀ ਲਈ ਅਸੀਂ ਕੁਝ ਚੋਣਵੀਆਂ ਰਚਨਾਵਾਂ ਉਤੇ ਹੀ ਧਿਆਨ ਕੇਂਦਰਿਤ ਹੈ, ਜਿਹੜੀਆਂ ਨਿਰਮਲਾ ਸਕੂਲ ਦੀ ਵਿਆਖਿਆਕਾਰੀ ਵਿਚ ਆਮ-ਵਿਖਿਆਤ ਹਨ ਅਤੇ ਪ੍ਰਤੀਨਿਧ ਕਹੀਆਂ ਜਾ ਸਕਦੀਆਂ ਹਨ।

ਸਰੂਪ ਅਤੇ ਵਰਗ ਦ੍ਰਿਸ਼ਟੀ ਤੋਂ ਅਰਥਾਉਣ-ਪ੍ਰਕ੍ਰਿਆ ਦੇ ਅਕਾਦਮਿਕ ਅਨੁਸ਼ਾਸ਼ਨ ਵਿਚ ਸਹਾਇਕ ਤਤਾਂ ਨੂੰ, ਜਿਹੜੇ ਨਿਰਮਲਾ-ਸਕੂਲ ਦੀਆਂ ਰਚਨਾਵਾਂ ਵਿਚੋਂ ਪ੍ਰਾਪਤ ਹੁੰਦੇ ਹਨ, ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:

***(1) ਅਰਥਾਉਣ ਦੇ ਅਕਾਦਮਿਕ-ਅਨੁਸ਼ਾਸ਼ਨ ਵਿਚ ਸਹਾਇਕ ਤਤ (ਸਿਧਾਂਤਕ)***

[1] *ਗੁਰੂ ਗ੍ਰੰਥ ਸਾਹਿਬ,* ਪੰਨਾ 1409.

[2] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਭਾਗ 4, ਪੰਨਾ 1409, ਨੋਟ 5.

[3] *ਮਹਾਨ ਕੋਸ਼, ਪੰਨਾ* 742, (ਨੈਸ਼ਨਲ ਬੁਕ ਸ਼ਾਪ ਦੀ 12ਵੀਂ ਐਡੀਸ਼ਨ, 2006)

[4] *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਟ ਵਾਲਾ ਟੀਕਾ),* ਜਿ. 4, ਪਟਿਆਲਾ, 1992 (ਚੌਥੀ ਵਾਰ), ਪੰਨਾ 2876.

(2) *ਵਿਅਕਤਿਤ੍ਵ ਵਿਗਾਸ ਲਈ ਜਾਂ ਅਰਥਾਉਣ-ਪ੍ਰਕ੍ਰਿਆ ਲਈ ਆਚਰਨਿਕ ਯੋਗਤਾ ਬਾਰੇ ਜੁਗਤਾਂ*

(3) *ਵਿਹਾਰਿਕ/ਵਿਧਾਗਤ ਜੁਗਤਾਂ*

ਅਗਲੇ ਪੰਨਿਆਂ ਉਤੇ ਅਸੀਂ ਉਕਤ ਪ੍ਰਕਾਰ ਦੀਆਂ ਵਿਧੀਆਂ/ਜੁਗਤਾਂ ਦੀ ਵਿਆਖਿਆ, ਉਦਾਹਰਨਾਂ ਸਮੇਤ ਕਰਨ ਦੀ ਕੋਸ਼ਿਸ਼, ਵਿਹਾਰਕ ਦ੍ਰਿਸ਼ਟੀ ਤੋਂ ਕਰ ਰਹੇ ਹਾਂ।

**I ਅਕਾਦਮਿਕ ਅਨੁਸ਼ਾਸ਼ਨ ਵਿਚ ਸਹਾਇਕ ਸਿਧਾਂਤਕ ਤਤ**

**(1)** ***ਮੁਲਮੰਤ੍ਰ ਗੁਰਮਤਿ ਧਾਰਾ ਦਾ ਕੇਂਦਰ***

ਨਿਰਮਲੇ ਸਕੂਲ ਨੇ ਸਮੁਚੀ ਗੁਰਮਤਿ ਧਾਰਾ ਦਾ ਕੇਂਦਰ ਮੂਲਮੰਤ੍ਰ ਨੂੰ ਮੰਨਿਆ ਹੈ। ਇਸ ਕਿਸਮ ਦੀ ਪੁਸ਼ਟੀ ਇਸ ਸਕੂਲ ਦੁਆਰਾ ਸਿਧੀਆਂ ਰਚਿਤ ਮੂਲਮੰਤ੍ਰ ਸੰਬੰਧੀ ਰਚਨਾਵਾਂ ਤੋਂ ਇਲਾਵਾ ਟੀਕਿਆਂ ਦੀਆਂ ਭੂਮਿਕਾਵਾਂ ਤੋਂ ਹੋ ਜਾਂਦੀ ਹੈ।[1] ਇਸ ਸਕੂਲ ਦੀ ਅਵਚੇਤਨ ਜਾਂ ਚੇਤਨ, ਇਹ ਧਾਰਨਾ ਬਣਦੀ ਹੈ ਕਿ ਗੁਰਬਾਣੀ-ਅਰਥਾਉਣ ਪ੍ਰਕ੍ਰਿਆ, ਮੂਲਮੰਤ੍ਰ ਦੇ ਸਿਧਾਂਤ ਦੀ ਪੈਰਵੀ ਕਰੇ। ਜਿਹੜੀ ਅਰਥ-ਪ੍ਰਕ੍ਰਿਆ/ਪ੍ਰਣਾਲੀ ਮੂਲਮੰਤ੍ਰ ਦੇ ਸਿਧਾਂਤ ਤੋਂ ਪਰ੍ਹੇ ਹੈ, ਉਹ ਗੁਰਮਤਿ ਅਨੁਸਾਰੀ ਨਹੀਂ। ਮੂਲਮੰਤ੍ਰ ਵਾਲੇ ਇਕ ਰੱਬਤਾ (ੴ) ਦੇ ਸਿਧਾਂਤ ਨੂੰ ਪੰਡਿਤ ਗੁਲਾਬ ਸਿੰਘ ਨਿਰਮਲਾ ਨੇ *ਮੋਕਸ਼ ਪੰਥ ਪ੍ਰਕਾਸ਼* (1777ਈ.) ਵਿਚ 'ਹੇਰੈ ਬ੍ਰਹਮ ਸੁ ਏਕ' ਰਾਹੀਂ ਪੁਸ਼ਟ ਕਰਕੇ ਉਕਤ ਤਥ ਦੀ ਹਾਮੀ ਭਰੀ ਹੈ, ਜਿਸ ਰਾਹੀਂ ਅਸੀਂ 'ਗੁਰਬਾਣੀ ਵਿਆਖਿਆ-ਪਧਤੀ' ਲਈ ਇਕ ਮੁਲਵਾਂਨ ਸਿਧਾਂਤ ਪ੍ਰਾਪਤ ਕਰ ਲੈਦੇ ਹਾਂ। ਭਾਵੇਂ ਇਹ ਪਹਿਲੂ ਵੀ ਦਿਲਚਸਪੀ ਤੋਂ ਖਾਲੀ ਨਹੀਂ ਕਿ ਇਸ ਸਕੂਲ ਦੀਆਂ ਬਹੁਤੀਆਂ ਟੀਕਾਵਾਂ/ਰਚਨਾਵਾਂ ਉਕਤ ਸਿਧਾਂਤ ਉਤੇ ਕੇਂਦਰਤ ਨਹੀਂ।[2] ਪਰ ਸਾਡਾ ਸਰੋਕਾਰ ਤਾਂ ਠੀਕ ਦਿਸ਼ਾ ਅਤੇ ਸਿਧਾਂਤ ਪ੍ਰਾਪਤ ਕਰਨ ਦਾ ਹੈ।

**(2)** ***ਜਪੁ ਜੀ, ਸਿੱਖ-ਸਿਧਾਂਤਾਂ ਦਾ ਕੇਂਦਰ***

ਨਿਰਮਲਾ ਸਕੂਲ ਦੇ ਹਰ ਕਹਿੰਦੇ-ਕਹਾਉਂਦੇ ਸਾਧੂ ਨੇ *ਜਪੁ ਜੀ* ਦਾ ਟੀਕਾ ਜ਼ਰੂਰ ਕੀਤਾ ਹੈ; ਸੈਂਕੜਿਆਂ ਦੀ ਗਿਣਤੀ ਵਿਚ ਪ੍ਰਾਪਤ ਜਪੁ-ਟੀਕੇ ਇਸ ਤਥ ਦਾ ਪ੍ਰਮਾਣ ਹਨ।[3] *ਜਪੁ ਜੀ* ਦਾ ਟੀਕਾ, ਸ਼ਾਇਦ ਨਿਰਮਲੇ ਜਾਂ ਹੋਰ ਸੰਪਰਦਾਈ-ਸਾਧੂਆਂ ਦਾ ਵਿਦਵਤਾ/ਪੰਡਿਤਾਈ-ਚਿੰਨ੍ਹ ਹੈ। ਉਕਤ ਤਥ ਤੋਂ ਇਹ ਧਾਰਨਾ ਬਣਦੀ ਹੈ ਕਿ ਨਿਰਮਲੇ ਵਿਦਵਾਨ *ਜਪੁ ਜੀ* ਨੂੰ ਸਿੱਖ ਦਾਰਸ਼ਨਿਕ ਦ੍ਰਿਸ਼ਟੀ ਤੋਂ ਕੇਂਦਰੀ ਮਹਤਾ ਦਿੰਦੇ ਰਹੇ ਹਨ ਅਤੇ ਇਸੇ ਰੋਸ਼ਨੀ ਵਿਚ *ਜਪੁ ਜੀ* ਦੀ ਦਾਰਸ਼ਨਿਕਤਾ ਸਮਝਣਾ; ਗੁਰਬਾਣੀ ਵਿਆਖਿਆ-ਪਧਤੀ ਦਾ ਇਕ ਅਹਿਮ ਅਸੂਲ ਬਣ ਜਾਂਦਾ ਹੈ।

**(3)** ***ਇਤਿਹਾਸ ਅਤੇ ਸਿਧਾਂਤ ਦਾ ਸੁਮੇਲ***

ਨਿਰਮਲੇ ਸਾਧੂਆਂ ਦੀਆਂ ਰਚਨਾਵਾਂ/ਟੀਕਾਵਾਂ ਵਿਚ ਇਤਿਹਾਸ ਅਤੇ ਸਿਧਾਂਤ ਦਾ ਸੁਮੇਲ ਮਿਲਦਾ ਹੈ। ਇਸ ਤਥ ਦਾ ਪੁਖਤਾ ਸਬੂਤ ਸਾਨੂੰ 'ਸਾਖੀ ਪ੍ਰਮਾਣ' ਜੁਗਤ ਵਿਚੋਂ ਮਿਲ ਜਾਂਦਾ ਹੈ। ਇਸ ਤੋਂ ਇਹ ਮਾਣਤਾ ਬਣਦੀ ਹੈ ਕਿ ਗੁਰਬਾਣੀ ਦੀ ਸਮਝ। (ਸਿੱਖ) ਇਤਿਹਾਸ ਬਿਨਾ ਸੰਭਵ ਨਹੀਂ। ਇਤਿਹਾਸ ਪਛਮੀ ਦ੍ਰਿਸ਼ਟੀਕੋਣ ਵਿਚ ਇਕ ਸ੍ਵੈ-ਸ਼ਾਸ਼ਤ ਅਨੁਸ਼ਾਸ਼ਨ (self discipline) ਹੈ, ਪਰ ਸਾਡੀ ਦ੍ਰਿਸ਼ਟੀ ਵਿਚ ਇਹ ਮੀਰੀ-ਪੀਰੀ ਦਾ ਦੋ-ਧਾਰਾ ਖੰਡਾ ਹੈ : ਇਕ ਸਿਧਾਂਤ ਦਾ ਅਤੇ ਦੂਸਰਾ ਇਤਿਹਾਸ ਦਾ। ਅੰਮ੍ਰਿਤਸਰ ਵਿਚ ਠਾਕੁਰਾਂ ਦੇ ਡੇਰੇ ਨਿਵਾਸ ਕਰਦੇ ਨਿਰਮਲੇ ਸਾਧੂ ਸੰਤ ਆਤਮਾ ਸਿੰਘ ਨੇ 1893 ਈ. ਵਿਚ *ਸਾਖੀ ਪ੍ਰਮਾਣ* ਵਡ-ਅਕਾਰੀ ਗ੍ਰੰਥ ਲਿਖ ਕੇ ਉਕਤ ਤਥ ਨੂੰ ਪ੍ਰਮਾਣਿਤ ਕੀਤਾ ਹੈ। ਸੰਤ ਵਸਾਖਾ ਸਿੰਘ ਜੀ ਦਾ ਤਿੰਨ ਭਾਗਾਂ ਵਿਚ ਵਡ-ਅਕਾਰੀ ਗ੍ਰੰਥ, *ਮਾਲਵਾ ਇਤਿਹਾਸ* (ਕਿਸ਼ਨਪੁਰ, 1954) ਇਸ ਤਥ ਦੀ ਹੋਰ ਪੁਸ਼ਟੀ ਹੈ।

**(4)** ***ਪਰੰਪਰਾ ਦੀ ਸਮਝ***

---

[1] ਜਿਵੇਂ ਉਦਾਹਰਣ ਲਈ ਗਿ. ਮੁਖਤਿਆਰ ਸਿੰਘ ਸਾਰੰਗ (ਰੋਪੜ) ਦੀ *ਮੁਲਮੰਤ੍ਰ ਤਤ ਨਿਰਣੈ* ਵੇਖੀ ਜਾ ਸਕਦੀ ਹੈ ਜਾਂ ਪੰਡਿਤ ਅਰਜਨ ਸਿੰਘ ਮੁਨੀ ਦੇ ਹਿੰਦੀ ਵਿਚ ਟੀਕੇ ਦੀ ਭੂਮਿਕਾ।

[2] ਇਹ ੴ ਦੇ ਅਰਥ ਅਕਸਰ ਪਰੰਪਰਾ ਦੇ 'ਤ੍ਰੈ-ਦੇਵੀ' ਕਰ ਦਿੰਦੇ ਹਨ। ਵਿਸਤਾਰ ਲਈ ਵੇਖੋ: Prof. Pritam Singh, 'The Interpretations of Mool Mantra', in *Exploring Some Sikh Themes,* Singh Bros., Amritsar, 2006, p. 37.

[3] ਵੇਖੋ : ਡਾ. ਜੋਗਿੰਦਰ ਸਿੰਘ, *ਜਪੁਜੀ ਦੇ ਟੀਕੇ : ਸਮੀਖਿਆਤਮਕ ਅਧਿਅਨ, ਪਟਿਆਲਾ,* 1981; Kirpal Singh, *Guru Nanak Japuji : A Descriptive Bibliography,* Pbi. Uni. Pta., 1990; ਨਰੇਂਦਰਪਾਲ ਸਿੰਘ ਕਪੂਰ, *ਸੰਤ ਕਾਵਯ ਜਪੁ ਜੀ ਔਰ ਟੀਕਾ ਪਰੰਪਰਾ,* ਕੁਰਕਸ਼ੇਤਰ, 2003 (ਹਿੰਦੀ) ਆਦਿ।

ਪਰੰਪਰਾ ਦੀ ਸਮਝ ਵਿਚ ਨਿਰਮਲਾ ਸਕੂਲ ਵਿਸ਼ੇਸ਼ ਕਰ ਭਾਰਤੀ ਅਤੇ ਇਸੇ ਸੰਦਰਭ ਵਿਚ ਵੇਦਿਕ ਪਰੰਪਰਾ ਨੂੰ ਸ਼ਾਮਿਲ ਕਰਦਾ ਹੈ। ਇਸ ਵਿਚ ਵੇਦ; ਉਪਨਿਸ਼ਦ; ਗੀਤਾ; ਖਟ-ਦਰਸ਼ਨ ਅਤੇ ਵਿਸ਼ੇਸ਼ ਕਰ ਵੇਦਾਂਤ ਇਸ ਸਕੂਲ ਦੀ ਮੁਖ-ਧਾਰਾ ਵਿਚ ਸ਼ਾਮਿਲ ਹੈ। ਇਸ ਸੰਦਰਭ ਵਿਚ ਇਹ ਸਿਧਾਂਤ 'ਗੁਰਬਾਣੀ ਵਿਆਖਿਆ-ਪਧਤੀ' ਦੀ ਸਿਰਜਣਾ ਦਾ ਹਿਸਾ ਬਣਦਾ ਹੈ ਕਿ ਪਰੰਪਰਾ ਦੇ ਅਧਿਐਨ ਬਿਨਾ ਗੁਰਬਾਣੀ-ਅਰਥਾਉਣ ਦੀ ਪ੍ਰਕ੍ਰਿਆ ਸੰਭਵ ਨਹੀਂ। ਇਸ ਵਿਚਾਰ ਦੀ ਉਦਾਹਰਣ ਇਸ ਸਕੂਲ ਦੀ ਕਿਸੇ ਰਚਨਾ ਵਿਚੋਂ ਵੀ ਆਸਾਨੀ ਨਾਲ ਖੋਜੀ ਜਾ ਸਕਦੀ ਹੈ ਅਤੇ ਸਿਧੇ ਰੂਪ ਵਿਚ ਵੀ ਵਿਦਵਾਨਾਂ ਦੁਆਰਾ ਅਜਿਹੀਆਂ ਰਚਨਾਵਾਂ ਕੀਤੀਆਂ ਮਿਲ ਜਾਂਦੀਆਂ ਹਨ, ਜਿਵੇਂ ਉਦਾਹਰਣ ਮਾਤਰ ਲਈ ਸੰਤ ਨਿਹਾਲ ਸਿੰਘ ਕਵੀਂਦ੍ਰ ਨੇ ਲਗਪਗ (12) ਗ੍ਰੰਥ ਰਚੇ, ਜਿਨ੍ਹਾਂ ਵਿਚੋਂ ਤਿੰਨ:

- ਖੋੜਸ ਤਿਥਾਂ ਵੇਦਾਂਤੀ (16 ਪਦਾਂ ਵਿਚ ਵੇਦਾਂਤ ਵਿਆਖਿਆ)
- ਸਤਵਾਰ ਵੇਦਾਂਤੀ (ਹਫਤੇ ਦੀ ਸਤ ਦਿਨਾਂ ਆਧਾਰਿਤ ਵੇਦਾਂਤ ਵਿਆਖਿਆ) ਤੇ
- ਸ੍ਰੀ ਭਵਸਾਗਰ ਸੇਤੁ

*ਸ੍ਰੀ ਭਵਸਾਗਰ ਸੇਤੁ (1847ਈ.)* ਦੀ ਰਚਨਾ ਤਾਂ ਗੁਰਬਾਣੀ ਦੀ ਪੜਚੋਲ, ਵੇਦਾਂਤ ਅਨੁਸਾਰ ਕਰਨ ਲਈ ਹੀ ਕੀਤੀ ਗਈ।

ਗੁਰਬਾਣੀ ਵਿਆਖਿਆ-ਪਧਤੀ ਦੀ ਉਸਾਰੀ ਵਿਚ ਨਿਰਮਲਾ ਸਕੂਲ ਦੀ ਉਕਤ ਮਾਨਤਾ (ਪਰੰਪਰਾ ਦੀ ਸਮਝ) ਬਹੁਤ ਮੁਲਵਾਨ ਦੇਣ ਹੈ, ਪਰ ਇਸ ਦੀਆਂ ਸੀਮਾਵਾਂ ਹਨ, ਇਹ ਧਾਰਾ ਕੇਵਲ ਵੇਦਿਕ ਅਤੇ ਅੱਗੇ ਖਟ-ਸਕੂਲਾਂ ਵਿਚੋਂ ਕੇਵਲ ਵੇਦਾਂਤ ਤਕ ਹੀ ਵਧੇਰੇ ਸੀਮਿਤ ਹੈ, ਜਦ ਕਿ ਪਰੰਪਰਾ ਦੀ ਸਮਝ ਵਿਚ ਜੈਨ; ਬੁਧ; ਸਿਧ; ਨਾਥ ਆਦਿ ਪਰੰਪਰਾਵਾਂ ਤੋਂ ਬਿਨਾ ਸਾਮੀ ਪਰੰਪਰਾਵਾਂ (ਖ਼ਾਸ ਕਰ ਸੂਫ਼ੀ, ਇਸਲਾਮ ਆਦਿ) ਦੀ ਸਮਝ ਵੀ ਸ਼ਾਮਿਲ ਹੈ; ਕਿਉਂਕਿ ਗੁਰਬਾਣੀ ਵਿਚ ਉਕਤ ਸਭ ਦੇ ਸੰਦਰਭ ਪ੍ਰਾਪਤ ਹਨ।

**(5) *ਬਾਣੀ ਸਰੂਪ***

ਨਿਰਮਲਾ ਸਕੂਲ ਦੀ ਵੱਡੀ ਮਾਨਤਾ ਬਾਣੀ ਦਾ ਸੁਭਾਅ ਜਾਂ ਪ੍ਰਕਿਰਤੀ ਦੀ ਸਮਝ ਹਾਸਿਲ ਕਰਨਾ ਹੈ। ਇਸ ਸਕੂਲ ਦੀ ਸੁਚੇਤ ਮਾਨਤਾ ਹੈ ਕਿ ਬਾਣੀ ਕੋਈ ਸਾਧਾਰਨ ਕਾਵਿ-ਰਚਨਾ ਨਹੀਂ, ਸਗੋਂ ਬ੍ਰਹਮ ਗਿਆਨ ਹੈ ਅਤੇ ਇਸ ਦੀ ਅਰਥਾਉਣ ਪ੍ਰਕ੍ਰਿਆ ਹਰ ਆਮ-ਖ਼ਾਸ ਦਾ ਕੰਮ/ਵੱਸ ਨਹੀਂ। ਇਸੇ ਸੰਦਰਭ ਵਿਚ ਹੀ ਉਹ ਕਈ ਪ੍ਰਕਾਰ ਦੀਆਂ ਵਿਅਕਤੀਗਤ ਸੰਸਥਾਈ ਮਾਨਤਾਵਾਂ (ਜਿੰਨ੍ਹਾਂ ਦਾ ਜ਼ਿਕਰ ਅਸੀਂ ਅੱਗੇ ਚਲ ਕੇ ਕਰਾਂਗੇ) ਦੀ ਨਿਯਮਾਵਲੀ ਨੂੰ ਅਮਲਾਉਣ ਦੀ ਸ਼ਰਤ ਲਾਉਂਦੇ ਹਨ। ਕਾਵਿ/ਵਾਰਤਕ ਵਿਚ ਪ੍ਰਕਾਸ਼ਿਤ ਵਡ-ਅਕਾਰੀ ਗ੍ਰੰਥ, *ਗ੍ਰੰਥ ਵਿਹਾਰ ਵ੍ਰਿੰਦਾਵਨ,* ਜਿਹੜਾ ੧੯੭੦ਈ. ਵਿਚ ਲਖਨਾਊ ਤੋਂ ਪ੍ਰਕਾਸ਼ਿਤ ਹੋਇਆ, ਵਿਚ ਸੰਤ ਵਿਹਾਰ ਵ੍ਰਿੰਦਾਵਨ ਸਿੰਘ ਜੀ ਅਤੇ ਸੰਤ ਅਟਲ ਸਿੰਘ ਜੀ ਦੇ ਅਜਿਹੇ ਵਿਚਾਰਾਂ ਨੂੰ ਵੇਖਿਆ ਜਾ ਸਕਦਾ ਹੈ।

**(6) *ਫੁਟਕਲ***

ਉਕਤ ਮੁਖ ਪ੍ਰਾਪਤ ਧਾਰਨਾਵਾਂ/ਸਿਧਾਂਤਾਂ ਤੋਂ ਬਿਨਾ ਇਸ ਸਕੂਲ ਨੇ ਬਾਣੀ-ਅਰਥਾਉਣ ਦੀ ਪ੍ਰਕ੍ਰਿਆ ਵਿਚ ***ਵਿਆਕਰਣ ਦੀ ਮਹਤਾ*** : ਜਿਵੇਂ ਪੰਡਿਤ ਅਰਜਨ ਸਿੰਘ ਜੀ ਮੁਨੀ, ਪ੍ਰੇਮਸਦਨ ਨਿਰਮਲ ਛਾਉਣੀ ਹਰਿਦ੍ਵਾਰ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਿੰਦੀ ਟੀਕੇ (ਅਧੂਰਾ, ਸਿਰਫ਼ 2 ਭਾਗ) ਦੀ ਭੂਮਿਕਾ ਵਿਚ 'ੴ' ਦਾ ਪਾਠ 'ਇਕ ਓਅੰਕਾਰ' (ਉਚਾਰਣ) ਸਿਧ ਕਰਨ ਲਈ ਵਿਆਕਰਣ ਦੀ ਖੁਲ੍ਹੀ ਸਹਾਇਤਾ ਲਈ; ਜਾਂ ਪੰਡਿਤ ਤਾਰਾ ਸਿੰਘ ਜੀ ਨਰੋਤਮ ਨੇ ਅੰਮ੍ਰਿਤਸਰ ਵਿਚ ਗੁਰਬਾਣੀ; ਗੁਰ-ਇਤਿਹਾਸ ਦੇ ਅਧਿਐਨ ਉਪਰੰਤ ਵਾਰਾਣਸੀ ਵਿਚ ਪਾਨਣੀ ਅਤੇ ਸਾਰਸੁਤ ਵਿਆਕਰਣ ਦੀ ਵਿਧੀ ਪੂਰਬਕ ਸਿਖਲਾਈ ਲਈ। ***ਪਿੰਗਲ ਦੀ ਮਹਤਾ*** : ਜਿਵੇਂ ਗਿ. ਤੇਜਾ ਸਿੰਘ ਜੀ (ਵੈਦ ਸ਼ਾਸਤਰੀ) ਨੇ ਰੂਪਦੀਪ *ਪਿੰਗਲ ਸਟੀਕ ਵਿਚ* ਇਸ ਮਾਨਤਾ ਨੂੰ ਦਰਸਇਆ ਹੈ। ***ਜੋਤਿਸ਼-ਵਿਦਿਆ ਦੀ ਮਹਤਾ*** : ਜਿਵੇਂ ਸੰਤ ਮੰਗਲ ਸਿੰਘ ਜੀ (ਪਟਿਆਲੇ ਵਾਲਿਆਂ) *ਮਹੂਰਤ ਚੰਦ੍ਰਿਕਾ,* ਲਗਪਗ 800 ਪੰਨਿਆਂ ਦਾ ਜੋਤਿਸ਼ ਗ੍ਰੰਥ ਲਿਖ ਕੇ ਉਕਤ ਮਤ ਦੀ ਪੁਸ਼ਟੀ ਕੀਤੀ। ਇਥੇ ਧਿਆਨ ਰਹੇ ਕਿ ਡਾ. ਬਲਬੀਰ ਸਿੰਘ ਜੀ (ਦੇਹਰਾਦੂਨ) ਨੇ ਜੋਤਿਸ਼-ਵਿਦਿਆ ਦੀ ਸਮਝ ਰਾਹੀਂ ਹੀ ਬਾਣੀ ਦੇ ਇਕ ਹਵਾਲੇ 'ਨਾਵਣੁ ਪੁਰਬੁ ਅਭੀਚੁ'[1] ਨਾਲ ਗੁਰੂ ਅਮਰਦਾਸ ਜੀ ਦੀ ਯਾਤਰਾ ਦਾ ਸੰਨ/ਸੰਮਤ ਲਭ ਲਿਆ ਸੀ।[1] ***ਬਾਣੀ ਉਚਾਰਣ; ਪਾਠ-ਕਰਨ ਦੀ***

---

[1] *ਗੁਰੂ ਗ੍ਰੰਥ ਸਾਹਿਬ,* 1116.

*ਜੁਗਤਿ; ਭੂਗੋਲ ਦੀ ਸਮਝ; ਪ੍ਰਮਾਣ-ਦ੍ਰਿਸ਼ਟਾਂਤ ਦੀ ਮਹਤਾ; ਮੂਲ ਭਾਸ਼ਾ ਅਤੇ ਲੋਕ ਭਾਸ਼ਾ ਦੀ ਸਮਝ; ਪੂਰਬ ਪ੍ਰਮਾਣਿਕ ਵਿਚਾਰਾਂ ਦੀ ਮਾਨਤਾ*[2] *; ਰਾਗ ਵਿਦਿਆ ਦੀ ਸਮਝ; ਸ਼ਾਸਤ੍ਰੀ ਗਿਆਨ; ਕਾਵਿ-ਸ਼ਾਸਤ੍ਰੀ ਗਿਆਨ*[3] *; ਭਾਸ਼ਾਵਾਂ (ਵਿਸ਼ੇਸ਼ ਕਰ ਸੰਸਕ੍ਰਿਤ) ਦੀ ਗਹਿਰੀ ਸਮਝ; ਮਿਥ/ਲੋਕਧਾਰਾ; ਸ਼ਬਦਾਰਥ/ਪ੍ਰਸੰਗਾਰਥ ਦੀਆਂ ਵਿਧੀਆਂ; ਸੰਵਾਦ*[4]*, ਸਿੱਖ ਪਰੰਪਰਾਵਾਂ/ਰੀਤਾਂ/ ਸੰਸਥਾਵਾਂ ਦੀ ਸਮਝ; ਦੰਦ ਕਥਾਵਾਂ; ਰਸ; ਸ਼ਬਦਾਂ ਦੀ ਪ੍ਰਕਿਰਤੀ; ਸੰਖਿਅਕ ਸ਼ਬਦਾਂ ਦੀ ਸਮਝ; ਗੁਰਬਾਣੀ ਸੰਪਾਦਨ ਦੇ ਇਤਿਹਾਸ ਅਤੇ ਕਲਾ ਦਾ ਗਿਆਨ; ਬਾਣੀਕਾਰਾਂ ਦੇ ਧਾਰਮਿਕ/ਸਮਾਜਿਕ ਪਿਛੋਕੜ* ਆਦਿ ਅਨੇਕਾਂ ਸਿਧਾਂਤਕ ਵਿਚਾਰ ਪ੍ਰਾਪਤ ਹਨ, ਜਿਨ੍ਹਾਂ ਬਾਰੇ ਅਨੇਕਾਂ ਵਿਚਾਰ ਨਿਰਮਲਾ-ਸਕੂਲ ਦੀਆਂ ਲਿਖਤਾਂ ਵਿਚੋਂ ਮਿਲ ਜਾਂਦੇ ਹਨ। ਇਹ ਸਭ 'ਗੁਰਬਾਣੀ ਵਿਆਖਿਆ-ਪਧਤੀ' ਦੇ ਸਕੂਲ ਨੂੰ ਸਿਰਜਣ ਲਈ ਲੋੜੀਂਦੀਆਂ ਅੰਤਰ-ਅਨੁਸ਼ਾਸ਼ਨੀ ਦ੍ਰਿਸ਼ਟੀਆਂ (inter-disciplinary approaches) ਸੰਦ ਹਨ।

**II ਆਚਰਣਿਕ ਜੁਗਤਾਂ**

ਨਿਰਮਲਾ ਸਕੂਲ ਬਾਣੀ-ਅਰਥਾਉਣ ਪ੍ਰਕ੍ਰਿਆ ਵਿਚ ਕੇਵਲ ਪੰਡਤਾਈ ਜਾਂ ਅਕਾਦਮਿਕ ਵਿਦਿਆ (ਭਾਸ਼ਾ; ਪਿੰਗਲ; ਵਿਆਕਰਣ; ਪਰੰਪਰਾ ਆਦਿ) ਨੂੰ ਹੀ ਮਾਨਤਾ ਨਹੀਂ ਦਿੰਦਾ, ਸਗੋਂ ਇਸ ਸਕੂਲ ਦੀ ਨਿਯਮਾਵਲੀ ਵਿਚ ਸਭ ਤੋਂ ਪਹਿਲਤਾ ਵਿਅਕਤੀਗਤ ਆਚਰਣ ਬਣਦਾ ਹੈ। ਜਿਵੇਂ ਕਿ ਪਹਿਲਾਂ ਸੰਕੇਤ ਆ ਚੁੱਕਿਆ ਹੈ ਕਿ ਨਿਰਮਲੇ ਸਾਧੂਆਂ ਅਨੁਸਾਰ ਬਾਣੀ ਬ੍ਰਹਮ ਗਿਆਨ ਹੈ, ਸਾਧਾਰਨ ਕਾਵਿ-ਰਚਨਾ ਨਹੀਂ, ਇਸ ਲਈ 'ਪ੍ਰਥਮੇ ਮਨ ਪ੍ਰਬੋਧ' ਕੇ ਹੀ ਇਧਰ ਪੈਰ ਪਾਇਆ ਜਾ ਸਕਦਾ ਹੈ। ਆਮ ਸੰਸਾਰੀ ਝੰਮੇਲਿਆਂ ਵਿਚ ਗ੍ਰਸਤ, ਹਉਮੈਵਾਦੀ, ਜ਼ਿੰਮੇਵਾਰੀਆਂ ਦੀ ਪੰਡ ਸਿਰ 'ਤੇ ਚੁੱਕੀ ਫਿਰਦੇ ਲੋਕ ਇਧਰ ਜੇਕਰ ਹੌਸਲਾ ਕਰਨਗੇ ਵੀ, ਤਾਂ ਬਹੁਤੀ ਸਫਲਤਾ ਹਾਸਿਲ ਨਹੀਂ ਕਰ ਸਕਣਗੇ। ਇਸ ਸੰਦਰਭ ਵਿਚ ਇਹ ਸਕੂਲ, ਬਾਣੀ-ਅਧਿਐਨ, ਅਧਿਆਪਨ ਕਰਨ ਵਾਲੇ ਜਾਂ ਵਿਆਖਿਆਕਾਰਾਂ ਤੋਂ ਇਕ ਵਿਸ਼ੇਸ਼ ਪ੍ਰਕਾਰ ਦੀ ਜੀਵਨ-ਜੁਗਤੀ ਤਥਾ ਵਿਹਾਰ ਦੀ ਮੰਗ ਕਰਦਾ ਹੈ। ਇਸ ਵਿਚ ਕੁਝ ਨਿਮਨ ਵਿਹਾਰ-ਜੁਗਤਾਂ ਸ਼ਾਮਿਲ ਹਨ:

(1) ਗਿ. ਗਿਆਨ ਸਿੰਘ ਜੀ, ਨਿਰਮਲਾ-ਸਾਧੂ ਦੇ ਲਛਣਾਂ ਅਤੇ ਆਚਰਣ ਦਾ ਮੁਖ ਗੁਣ ਉਸ ਦਾ 'ਤਿਆਗੀ' ਹੋਣਾ ਦਸਦੇ ਹਨ (ਤਯਾਗੀ ਸਿਖ ਨਿਰਮਲੇ ਗਾਏ)।[5] ਇਹ ਤਥ/ਨਿਯਮ ਬਾਣੀ-ਅਰਥਾਉਣ ਪ੍ਰਕ੍ਰਿਆ ਵਿਚ ਲੱਗੇ ਹਰ ਉਸ ਸ਼ਖਸ਼ ਲਈ ਲਾਜ਼ਮੀ ਹੈ ਜਿਹੜਾ ਇਸ ਖੇਤਰ ਵਿਚ ਪੈਰ ਪਾਉਣਾ ਚਾਹੁੰਦਾ ਹੈ, ਪਰ ਧਿਆਨ ਰਹੇ ਇਥੇ 'ਤਯਾਗ' ਗ੍ਰਹਿਸਥ ਜਾਂ ਸੰਸਾਰ ਦਾ ਨਹੀਂ, ਫਜ਼ੂਲ ਵਾਸ਼ਨਾਵਾਂ/ (ਮਾਇਆ/ਹਉਮੈ ਦੀਆਂ) ਪੰਡਾਂ ਦਾ ਹੈ।

(2) ਗਿ. ਗਿਆਨ ਸਿੰਘ ਜੀ ਹੀ ਦਸਮ ਪਾਤਸ਼ਾਹ ਹਜ਼ੂਰ ਦੇ ਮੁਖਾਰਬਿੰਦ ਰਾਹੀਂ (ਨਿਰਮਲੇ) ਵਿਦਵਾਨਾਂ ਦੇ ਹੋਰ ਗੁਣਾਂ ਵਿਚ ਸੰਤੋਖੀ; ਸਤੋਗੁਣੀ; ਸਬਰ; ਵਿਚਾਰਵਾਨ (ਸਵਿਚਾਰੇ) ਆਦਿ ਵਿਹਾਰ ਨੂੰ ਸ਼ਾਮਿਲ ਕਰਦੇ ਹਨ।[6]

(3) ਭਾਈ ਸੰਤੋਖ ਸਿੰਘ ਜੀ ਨੇ ਸਤ-ਸੰਗਤ ਅਤੇ ਸੇਵਾ ਕਰਨੀ, ਇਸ ਵਿਦਵਤ ਮੰਡਲੀ ਦਾ ਇਕ ਹੋਰ ਮਹਾਗੁਣ ਜ਼ਰੂਰੀ ਕਰਾਰ ਦਿਤਾ ਹੈ।[7]

---

[1] Dr. Balbir Singh ਨੇ L.D. Kannu Pillai ਦੀ *An Indian Ephimeris,* ਜਿਲਦ 5 ਦੇ ਆਧਾਰ 'ਤੇ 26 ਜਨਵਰੀ, 1553 ਈ. ਨੂੰ ਗੁਰੂ ਜੀ ਦਾ ਕੁਰਕਸ਼ੇਤਰ ਜਾਣਾ ਸਿਧ ਕੀਤਾ : ''Date of the visit of Guru Amardas to Kurukshetra' *The Punjab Past and Present*, vol. viii,Part-1. April, 1974, pp. 342-45; ਜਿਸ ਦੀ ਪੁਸ਼ਟੀ ਡਾ. ਫੌਜਾ ਸਿੰਘ ਜੀ ਨੇ ਕੀਤੀ, ਵੇਖੋ: Fauja Singh, *Guru Amar Das : Life and Teachings (Guru Amar Das Quin centenary memorial volume)* Sterling Pub., New Delhi, 1979.

[2] ਪੰਡਿਤ ਦੇਵਾ ਸਿੰਘ ਜੀ ਨੇ (ਦੇਵਪੁਰਾ ਆਸ਼ਰਮ, ਹਰਿਦੁਵਾਰ), *ਗੁਰਬਾਣੀ ਦੇ ਕਠਨ ਪਦਾਂ ਦੇ ਪਰਿਯਾਏ,* ਬਾਲਾ ਮੁਕੰਦ ਪ੍ਰੈਸ, ਲਾਹੌਰ, 1899, ਵਿਚ 'ਭਗਉਤੀ' ਦੇ 'ਪਾਰਬ੍ਰਹਮ', ਉਕਤ ਦ੍ਰਿਸ਼ਟੀ ਵਿਚ, ਅਰਥ ਕਰਦੇ ਹੋਏ ਸਿਧ ਕੀਤਾ ਕਿ ਪੰਥ ਵਿਚ ਪ੍ਰਚਲਿਤ ਤੇ ਪ੍ਰਵਾਨਿਤ ਪੂਰਬ ਵਿਚਾਰਾਂ ਅਨੁਸਾਰ ਹੀ ਅਰਥ ਕਰਨੇ ਚਾਹੀਦੇ ਹਨ ਤੇ ਸੰਬੰਧਤ ਪੰਥ ਦੀ ਮੁਖ-ਧਾਰਾ ਤੋਂ ਪਰ੍ਹੇ ਜਾਣਾ ਠੀਕ ਨਹੀਂ ਹੁੰਦਾ।

[3] ਇਸ ਤਥ ਦੀ ਖੂਬਸੂਰਤ ਮਿਸਾਲ ਭਾਈ ਸੰਤੋਖ ਸਿੰਘ ਜੀ ਦੇ ਗਰਬ *ਗੰਜਨੀ ਟੀਕਾ ਸ੍ਰੀ ਜਪੁ ਜੀ ਸਾਹਿਬ* ਵਿਚੋਂ ਵੇਖੀ ਜਾ ਸਕਦੀ ਹੈ।

[4] ਸਾਧੂ ਦੇਵਾ ਸਿੰਘ ਨਿਰਮਲੇ ਦਾ *ਸਿਧ ਗੋਸ੍ਟ ਸਟੀਕ, ਅਕਾਲ* ਪ੍ਰੈਸ ਲਾਹੌਰ, 1898; 'ਸੰਵਾਦ' ਲਈ ਵੇਖਿਆ ਜਾ ਸਕਦਾ ਹੈ।

[5] ਗਿਆਨੀ ਗਿਆਨ ਸਿੰਘ ਜੀ ਰਚਿਤ *ਨਿਰਮਲ ਪੰਥ ਪ੍ਰਦੀਪਕਾ,* ਨਿਰਮਲ ਪੰਚੈਤੀ ਅਖਾੜਾ, ਕਨਖਲ (ਸਹਾਰਨਪੁਰ), 1962 (ਦੂਜੀ ਵਾਰ, ਪਹਿਲੀ ਵਾਰ 1891 ਸਿਆਲਕੋਟ) ਵਿਚ ਅਖਾੜਿਆਂ ਵਿਚ ਰਹਿਣ ਵਾਲੇ ਸਾਧੂਆਂ ਬਾਬਤ, ਜਿਹੜੇ 12 ਮੁਖ ਨਿਯਮ ਦੱਸੇ ਹਨ (ਪੰਨੇ 75-8) ਉਨ੍ਹਾਂ ਵਿਚ ਉਕਤ ਨਿਯਮ ਆ ਜਾਂਦੇ ਹਨ।

[6] ਉਹੀ।

[7] ਉਧਰਿਤ: ਗਿ. ਬਲਵੰਤ ਸਿੰਘ ਕੋਠਾਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ,* ਕਨਖਲ, 2009, ਪੰਨਾ 34.

(4) ਲਗਪਗ ਹਰ ਪੁਰਾਤਨ ਅਤੇ ਵੱਡੇ ਸਾਧੂ ਦਾ ਜੇਕਰ ਜੀਵਨ-ਵਿਹਾਰ ਵੇਖਿਆ ਜਾਵੇ ਤਾਂ ਸਾਨੂੰ ਦੋ-ਤਿੰਨ ਗੱਲਾਂ ਸੂਰਜਵਤ ਰੌਸ਼ਨ ਹੁੰਦੀਆਂ ਹਨ : ਪਹਿਲੀ ਵਿਦਵਾਨ ਆਮ (ਫ਼ਜ਼ੂਲ) ਗਲਬਾਤਾਂ ਵਿਚ ਵਾਧੂ ਸਮਾਂ ਖਰਚ ਨਹੀਂ ਕਰਦੇ, ਉਹ ਜਾਂ ਤਾਂ ਸੇਵਾ ਕਰਦੇ ਹਨ[1] ਜਾਂ ਸਿਮਰਨ ਅਤੇ ਜਾਂ ਲਿਖਣ/ਪੜ੍ਹਨ ਵਿਚ ਰੁਚਿਤ ਹੁੰਦੇ ਹਨ। ਗੁਰਬਾਣੀ ਅਧਿਐਨ; ਅਧਿਅਪਨ ਅਤੇ ਖੋਜ ਵੱਲ ਜੁੜੇ ਵਿਦਵਾਨਾਂ ਲਈ ਇਸ ਤੋਂ ਉਪਰ ਹੋਰ ਕੋਈ ਸੁਨੈਹਿਰੀ ਅਸੂਲ ਸ਼ਾਇਦ ਹੀ ਹੋਵੇ।

(5) ਪੰਡਿਤ ਈਸ਼੍ਵਰ ਸਿੰਘ ਜੀ ਕਾਸ਼ੀ ਵਾਲੇ, ਜਿਨ੍ਹਾਂ ਪੰਜ ਦੇ ਕਰੀਬ ਅਤਿਅੰਤ ਮਹਤਾ ਵਾਲੇ ਗ੍ਰੰਥਾਂ ਦੀ ਰਚਨਾ ਕੀਤੀ[2], ਆਪਣੇ ਮਹਤਾਯੋਗ ਗ੍ਰੰਥ *ਵਾਹਿਗੁਰੂ ਮੰਤ੍ਰਾਰਥ* ਵਿਚ 'ਵਾਹਿਗੁਰੂ' ਪਦ ਦੇ ਅਰਥ ਕਰਦਿਆਂ ਇਕ ਬੜੇ ਹੀ ਨਿਗਰ ਸਿਧਾਂਤ ਵੱਲ ਸੰਕੇਤ ਕਰਦੇ ਹਨ, ਜਿਸ ਨੂੰ ਉਨ੍ਹਾਂ 'ਵ੍ਰਿਤੀਨਿਰੋਧ' ਸਮਾਸ ਰਾਹੀਂ ਪ੍ਰਗਟ ਕੀਤਾ ਹੈ। ਇਸ ਸਮਾਸ ਦਾ ਸਿਧਾ ਅਤੇ ਸੌਖਾ ਅਰਥ 'ਮਨ-ਚਿਤ ਦੀ ਇਕਾਗਰਤਾ' ਬਣਦਾ ਹੈ। ਇਸ ਤੋਂ ਇਹ ਨਿਯਮ ਬਣਦਾ ਹੈ ਕਿ ਬਾਣੀ-ਅਰਥਾਉਣ ਦੀ ਪ੍ਰਕ੍ਰਿਆ 'ਇਕਾਗਰ ਚਿਤ' ਵਾਲੇ ਪੁਰਸ਼ਾਂ ਦਾ ਕੰਮ ਹੈ, (ਮਾਇਆ/ਹਉਮੈ/ਬੈਂਕ ਅਕਾਉਂਟਾਂ ਵਿਚ) 'ਮਨ ਕੀ ਮਤੀ ਖਿੰਡੀਆ'[3] ਵਾਲੇ ਲੋਕਾਂ ਨੂੰ ਇਧਰ ਸੋਚ-ਵਿਚਾਰ ਕੇ ਹੀ ਪੈਰ ਪਾਉਣਾ ਚਾਹੀਦਾ ਹੈ। ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਸ਼ਾਸਤ੍ਰੀ ਨੇ 'ਧਯਾਨ ਪੂਰਵਕ ਅਧਿਐਨ' ਵਾਕਾਂਸ਼ ਵਰਤਿਆ ਹੈ।[4]

(6) ਪੰਡਿਤ ਤਾਰਾ ਸਿੰਘ ਜੀ ਨਰੋਤਮ ਉਕਤ ਸੰਦਰਭ ਵਿਚ ਹੀ ਦਿਸ਼ਾ-ਨਿਰਦੇਸ਼ ਦਿੰਦੇ ਹੋਏ ਬਾਣੀ-ਅਰਥਾਉਣ ਪ੍ਰਕ੍ਰਿਆ ਨੂੰ (ਟੀਕਾਕਾਰੀ ਦੇ ਵਿਸ਼ੇਸ਼ ਪ੍ਰਸੰਗ ਵਿਚ) ਇਕ ਬਹੁਤ ਹੀ ਜ਼ਿੰਮੇਵਾਰੀ ਅਤੇ ਦ੍ਰਿੜ੍ਹਤਾ ਵਾਲਾ ਸੰਕਲਪ ਤਥਾ ਕਾਰਜ ਦਸਦੇ ਹਨ।[5] ਇਹ ਕਾਰਜ ਕੋਈ ਗ਼ੈਰ-ਜ਼ਿੰਮੇਵਾਰਾਨਾਂ ਨਹੀਂ, ਦੂਜੇ ਸ਼ਬਦਾਂ ਵਿਚ (ਪੰਡਿਤ ਜੀ ਦੀ ਨਜ਼ਰ ਵਿਚ) ਇਸ ਕਾਰਜ ਵਿਚ ਇਕ ਪੰਥਕ ਭਾਵਨਾ ਅਤੇ ਜ਼ਿੰਮੇਵਾਰੀ ਹੈ, ਇਹ ਨਿਰੋਲ ਵਿਅਕਤੀਗਤ ਜਾਂ ਅਕਾਦਮਿਕ ਮਸਲਾ ਨਹੀਂ।

ਉਕਤ ਤੋਂ ਬਿਨਾ ਹੋਰ ਵੀ ਨਿਯਮ ਤਥਾ ਉਪਦੇਸ਼ ਪ੍ਰਾਪਤ ਹਨ, ਜਿਹੜੇ ਇਸ ਖੇਤਰ ਵਿਚ ਪੈਣ ਵਾਲਿਆਂ ਲਈ ਜ਼ਰੂਰੀ ਹਨ। ਇਨ੍ਹਾਂ ਵਿਚਾਰਾਂ ਦਾ ਸਾਰ-ਤਤ ਇਹ ਹੈ ਕਿ 'ਗੁਰਬਾਣੀ ਵਿਆਖਿਆ-ਪਧਤੀ' ਦਾ ਸਕੂਲ, ਕੇਵਲ ਅਕਾਦਮਿਕ ਯੋਗਤਾ ਦੀ ਮੰਗ ਹੀ ਨਹੀਂ ਕਰਦਾ, ਆਚਰਣਿਕ ਯੋਗਤਾ ਦੀ ਮੰਗ ਵੀ ਕਰਦਾ ਹੈ, ਜਿਵੇਂ ਕਿ ਨਿਰਮਲਾ ਸਕੂਲ ਨੇ ਦਿਸ਼ਾ ਨਿਰਦੇਸ਼ ਦਿਤਾ ਹੈ।

**III ਵਿਹਾਰਕ ਅਤੇ ਵਿਧਾਗਤ ਜੁਗਤਾਂ**

ਗੁਰਬਾਣੀ ਵਿਆਖਿਆ-ਪਧਤੀ ਦੇ ਨਿਰਮਾਣ ਲਈ ਨਿਰਮਲਾ ਸਕੂਲ ਵਲੋਂ ਵਰਤੋਂ ਅਧੀਨ ਕੀਤੀਆਂ ਵਿਚਾਰਾਧੀਨ ਜੁਗਤਾਂ ਵੀ ਮਹਤਾਯੋਗ ਹਨ। ਇਹ ਜਿਥੇ ਨਿਰਮਾਣ ਅਧੀਨ ਸੰਕਲਪ ਦਾ ਘੇਰਾ (scope) ਵਿਸਤਾਰਤ ਕਰਦੀਆਂ ਹਨ, ਉਥੇ ਬਾਣੀ-ਅਰਥਾਉਣ ਪ੍ਰਕ੍ਰਿਆ ਦੇ ਅਨੇਕ-ਮੁਖ ਢੰਗਾਂ ਵੱਲ ਵੀ ਸੰਕੇਤ ਕਰਦੀਆਂ ਹਨ। ਉਦਾਹਰਣ ਲਈ ਨਿਰਮਲਾ ਸਕੂਲ ਦੀ ਪ੍ਰਾਪਤ ਬਾਣੀ ਵਿਆਖਿਆਕਾਰੀ ਸਾਨੂੰ ਟੀਕਾ, ਭਾਸ਼, ਸ਼ਬਦਾਰਥ, ਕੋਸ਼, ਉਥਾਨਕਾ ਆਦਿ ਰੂਪਾਂ ਵਿਚ ਪ੍ਰਾਪਤ ਹੈ।[6] ਇਹ ਵਿਸਤਾਰ ਅਤੇ ਸੰਖੇਪ; ਗੂੜ੍ਹ ਅਤੇ ਸਰਲ, ਪੰਜਾਬੀ (ਗੁਰਮੁਖੀ) ਅਤੇ ਬ੍ਰਜ/ਸੰਸਕ੍ਰਿਤ ਆਦਿ ਭਾਸ਼ਾਵਾਂ/ਰੂਪਾਂ ਵਿਚ ਹੈ। ਉਦੇਸ਼ ਪਖੋਂ ਇਹ ਬਾਣੀ ਗੌਰਵ ਨੂੰ ਸਮਰਪਿਤ ਹੈ ਅਤੇ ਇਸ ਦੀ ਮੁਖ (ਸੁਚੇਤ/ਅਚੇਤ) ਪਹੁੰਚ ਤੁਲਨਾਤਮਿਕ ਹੈ।[7] ਕਥਾ-ਵਿਧੀ,

---

[1] ਸੰਤ ਦਿਆਲ ਸਿੰਘ ਜੀ (ਲਾਹੌਰ ਵਾਲਿਆਂ) ਦੀ ਲਗਪਗ 19 ਵਰ੍ਹੇ ਦੀ ਮਿਹਨਤ ਨਾਲ ਤਿਆਰ ਹੋਏ ਗ੍ਰੰਥ *ਨਿਰਮਲ ਪੰਥ ਦਾ ਇਤਿਹਾਸ* (ਦੋ ਭਾਗ), ਅੰਮ੍ਰਿਤਸਰ, 2009 (ਦੂਜੀ ਵਾਰ, ਪਹਿਲੀ ਵਾਰ 1951) ਵਿਚ ਸੈਂਕੜੇ ਸਾਧੂਆਂ ਦੇ ਜੀਵਨ-ਬਿਰਤਾਂਤ ਉਕਤ ਮਤ ਦੀ ਪੁਸ਼ਟੀ ਲਈ ਵੇਖੇ ਜਾ ਸਕਦੇ ਹਨ।

[2] (1) ਗੁਰਮਤਿ ਦਿਗਵਿਜਯ, (2) ਬੁਧੀ ਬਾਰਧਿ, (3) ਵਾਹਿਗੁਰੂ ਮੰਤ੍ਰਾਰਥ, (4) ਗੁਰੂ ਮੰਤ੍ਰਾਰਥ (ਸੰਸਕ੍ਰਿਤ), (5) ਸ੍ਵੈ ਸੁਪਨ ਨਾਟਕ। ਨੋਟ: ਇਹ ਗ੍ਰੰਥ 'ਪੰਡਿਤ ਈਸ਼੍ਵਰ ਸਿੰਘ ਗ੍ਰੰਥਾਵਲੀ' ਦੇ ਸਿਰਲੇਖ ਹੇਠ ਗਿ. ਬਲਵੰਤ ਸਿੰਘ ਕੋਠਾਗੁਰੂ ਜੀ ਨੇ ਛਾਪ ਦਿਤੇ ਹਨ।

[3] ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ।। ਗੁਰੂ *ਗ੍ਰੰਥ ਸਾਹਿਬ,* 145.

[4] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ* (ਹਿੰਦੀ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1966 ਦੀ ਭੂਮਿਕਾ।

[5] *ਸ੍ਰੀ ਗੁਰਮਤਿ ਨਿਰਣੈ ਸਾਗਰ,* ਕਨਖਲ, 1979 (ਦੁਬਾਰਾ), ਭੂਮਿਕਾ।

[6] ਜਿਵੇਂ: ਗਿ. ਅਤਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਯਾਯ,* ਸੰਗਰੂਰ 1909; ਸੰਤ ਸੁਤੇ ਪ੍ਰਕਾਸ਼, *ਪ੍ਰਯਾਯ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ* (2 ਭਾਗ), ਅੰਮ੍ਰਿਤਸਰ, 1898; ਗੁਰਮੁਖ ਸਿੰਘ ਨਿਰਮਲਾ, *ਸ੍ਰੀ ਗੁਰੂ ਗ੍ਰੰਥ ਸਾਹਿਬ ਅਰਥਮਾਲਾ,* ਅੰਮ੍ਰਿਤਸਰ, 1945; ਪ੍ਰਤਾਪ ਸਿੰਘ, ਅਨੇਕ *ਅਰਥੀ ਨਾਮਾਵਲੀ ਕੋਸ਼,* ਅੰਮ੍ਰਿਤਸਰ, 1916 ਆਦਿ।

[7] ਖ਼ਾਸ ਕਰ ਭਾਰਤੀ ਪਰੰਪਰਾ ਦੇ ਸੰਦਰਭ ਵਿਚ। ਪੰਡਿਤ ਤਾਰਾ ਸਿੰਘ ਨਰੋਤਮ ਦੀ ਰਚਨਾ *ਸ੍ਰੀ ਗੁਰਮਤਿ ਨਿਰਣੈ ਸਾਗਰ,* ਕਨਖਲ, 1979 (ਦੁਬਾਰਾ), ਇਸ ਤਥ ਦੀ ਖੂਬਸੂਰਤ ਉਦਾਹਰਨ ਹੈ।

ਲੋਕਾਂ ਤਕ ਲਿਜਾਣ ਲਈ ਮੁਖ ਸੰਚਾਰ-ਜੁਗਤ ਹੈ। ਅਜਿਹਾ ਕੁਝ 'ਗੁਰਬਾਣੀ ਵਿਆਖਿਆ-ਪਧਤੀ' ਦੀ ਉਸਾਰੀ ਲਈ ਅਤਿਅੰਤ ਸਮਝਗੋਚਰਾ ਅਤੇ ਲੋੜੀਂਦਾ ਹੈ।

ਸੰਸਥਾਈ ਵਿਹਾਰਕਤਾ ਵਿਚੋਂ ਮੰਡਲੀਆਂ, ਸੰਵਾਦ (ਜਿਵੇਂ ਆਧੁਨਿਕ ਸੈਮੀਨਾਰ; ਗੋਸ਼ਟੀਆਂ ਆਦਿ), ਅਖਾੜੇ, ਕਮੇਟੀਆਂ ਆਦਿ ਜਤਨਾਂ ਰਾਹੀਂ ਬਾਣੀ-ਅਰਥਾਉਣ ਪ੍ਰਕ੍ਰਿਆ ਵੀ ਇਕ ਅਹਿਮ ਜੁਗਤ ਹੈ[1], ਕਿਉਂਕਿ ਬਾਣੀ-ਅਧਿਐਨ ਕਿਸੇ 'ਕੱਲੇ-ਕਹਿਰੇ ਵਿਅਕਤੀ ਜਾਂ ਸੰਸਥਾ ਦਾ ਕੰਮ/ਹੌਂਸਲਾ ਨਹੀਂ। ਇਸ ਸੰਬੰਧੀ ਵੱਡੇ ਸੰਸਥਾਈ ਜਤਨਾਂ ਦੀ ਲੋੜ ਹੁੰਦੀ ਹੈ, ਜਿਵੇਂ ਨਿਰਮਲਾ ਸਕੂਲ ਉਪਰ ਵਰਣਿਤ ਸੰਸਥਾਈ ਜੁਗਤਾਂ ਨੇ ਸੰਗਠਿਤ ਹੋ ਕੇ ਕਾਰਜ ਕੀਤੇ।

**ਸਾਰ**

ਉਪਰੋਕਤ ਸੰਖੇਪ ਵਿਚਾਰ ਚਰਚਾ ਤੋਂ ਬਾਅਦ ਇਹ ਵਿਚਾਰ ਫਿਰ ਦੁਹਰਾਉਣਾ ਉਚਿਤ ਜਾਪਦਾ ਹੈ ਕਿ ਜਦੋਂ ਵੀ ਗੁਰਬਾਣੀ ਵਿਆਖਿਆ-ਪਧਤੀ ਦਾ ਇਕ ਮੌਲਿਕ ਅਤੇ ਸੁਤੰਤਰ ਸਕੂਲ ਸਿਰਜਿਆ ਗਿਆ ਤਾਂ ਉਸ ਦੀ ਉਸਾਰੀ ਵਿਚ ਨਿਰਮਲਾ-ਸਕੂਲ ਵਲੋਂ ਅਵਚੇਤਨ ਸੰਕੇਤਕ ਬਹੁ-ਅਨੁਸ਼ਾਸ਼ਨੀ ਸਿਧਾਂਤਕ/ਵਿਹਾਰਕ ਪਹੁੰਚ ਮਹਤਾਪੂਰਨ ਰੋਲ ਅਦਾ ਕਰੇਗੀ ਅਤੇ ਨਿਰਮਲਾ-ਸਕੂਲ ਵਲੋਂ ਚੇਤਨ/ਅਵਚੇਤਨ ਦਿਤੀਆਂ ਧਾਰਨਾਵਾਂ (ਜਿੰਨ੍ਹਾਂ ਵਿਚੋਂ ਕੁਝ ਕੁ ਦਾ ਜ਼ਿਕਰ ਹਥਲੇ ਪਰਚੇ ਵਿਚ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ) ਦਾ ਮਹਤਾਪੂਰਨ ਰੋਲ ਹੋਵੇਗਾ। ਇਸ ਗੱਲ ਨੂੰ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਨਿਰਮਲਾ ਜਾਂ ਬਾਣੀ-ਵਿਆਖਿਆ ਦੇ ਹੋਰ ਸਕੂਲਾਂ ਦੀ ਮਦਦ ਨਾਲ ਹੀ **ਗੁਰਬਾਣੀ ਵਿਆਖਿਆ-ਪਧਤੀ** ਦਾ ਸ੍ਵੈ-ਸ਼ਾਸ਼ਤ ਅਨੁਸਾਸ਼ਨ ਸਿਰਜਿਆ ਜਾ ਸਕਦਾ ਹੈ।

[1] ਅਰਜਨ ਸਿੰਘ ਮੁਨੀ ਦਾ *ਇਤਿਹਾਸ ਨਿਰਮਲ ਪੰਚਾਇਤੀ ਅਖਾੜਾ, ਕਨਖਲ,* 1952, ਅਖਾੜਿਆਂ ਲਈ ਵੇਖਿਆ ਜਾ ਸਕਦਾ ਹੈ। ਹੋਰ ਵੇਖੋ: ਰਾਜਿੰਦਰ ਸਿੰਘ ਸ਼ਾਸ਼ਤਰੀ, 'ਨਿਰਮਲੇ ਸੰਤਾਂ ਦੇ ਡੇਰੇ', *ਪੰਜਾਬੀ ਦੁਨੀਆ, ਮਈ,* 1977.

# ਪੰਡਿਤ ਤਾਰਾ ਸਿੰਘ ਨਰੋਤਮ ਦੀ ਗੁਰਬਾਣੀ ਵਿਆਖਿਆ ਨੂੰ ਦੇਣ

ਡਾ. ਪਰਮਜੀਤ ਸਿੰਘ 'ਮਾਨਸਾ'

ਪੰਡਿਤ ਤਾਰਾ ਸਿੰਘ ਨਰੋਤਮ ਨਿਰਮਲ ਭੇਖ ਦੇ ਇਕ ਮਹਾਨ ਵਿਦਵਾਨ ਹੋਏ ਹਨ। ਆਪ ਜੀ ਕ੍ਰਾਂਤੀਕਾਰੀ, ਦਲੇਰ ਅਤੇ ਵਿਦਵਾਨ ਲਿਖਾਰੀਆਂ ਵਿਚੋਂ ਸਨ। ਗੁਰਮਤਿ ਸੰਬੰਧੀ ਮੁਢਲੀ ਸਾਮਗਰੀ ਪੰਡਿਤ ਤਾਰਾ ਸਿੰਘ ਦੀਆਂ ਪੁਸਤਕਾਂ ਤੋਂ ਹੀ ਪ੍ਰਾਪਤ ਹੁੰਦੀ ਹੈ।

ਪੰਡਿਤ ਤਾਰਾ ਸਿੰਘ ਨਰੋਤਮ ਜੀ ਦਾ ਜਨਮ ਸੰਨ 1822 ਈ. (ਸੰਮਤ 1878 ਬਿ.) ਵਿਚ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ 'ਕਾਲਮਾਂ' ਵਿਚ ਹੋਇਆ। ਇਹ ਪਿੰਡ ਕਾਦੀਆਂ ਸਟੇਸ਼ਨ ਦੇ ਨੇੜੇ ਲਗਪਗ ਤਿੰਨ ਕੁ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ। ਆਪ ਜੀ ਨੂੰ ਗੁਰਮਤਿ ਸੰਬੰਧੀ ਲਾਗ ਆਪਣੇ ਮਾਤਾ-ਪਿਤਾ ਤੋਂ ਲੱਗੀ। ਆਪ ਜੀ ਦੇ ਪਿਤਾ ਜੀ ਧਾਰਮਿਕ ਖ਼ਿਆਲਾਂ ਦੇ ਗੁਰਸਿੱਖ ਵਿਅਕਤੀ ਸਨ। ਇਸ ਲਈ ਆਪ ਦੇ ਘਰੇ ਸੰਤ-ਮਹਾਪੁਰਸ਼ਾਂ ਦਾ ਆਉਣਾ-ਜਾਣਾ ਰਹਿੰਦਾ ਸੀ। ਮਹਾਪੁਰਸ਼ਾਂ ਦੀ ਸਤਿਸੰਗਤ ਦੇ ਕਾਰਣ ਆਪ ਜੀ ਦੇ ਮਨ 'ਤੇ ਗੁਰਮਤਿ ਦਾ ਗਹਿਰਾ ਪ੍ਰਭਾਵ ਪਿਆ। ਆਪ ਜੀ 19 ਕੁ ਵਰ੍ਹਿਆਂ ਦੀ ਆਯੂ ਵਿਚ ਘਰ-ਬਾਰ ਛੱਡ ਕੇ ਕੁਰਾਲੇ ਪਿੰਡ ਗਿੜਵੜੀ ਸੰਪ੍ਰਦਾ ਦੇ ਡੇਰੇ ਵਿਚ ਆ ਸ਼ਾਮਿਲ ਹੋਏ। ਉਥੇ ਆਪ ਨੇ ਪੰਡਿਤ ਗੁਲਾਬ ਸਿੰਘ ਜੀ ਹੋਰਾਂ ਪਾਸੋਂ ਗੁਰੂ ਦੀਖਿਆ ਅਤੇ ਸਿੱਖਿਆ ਪ੍ਰਾਪਤ ਕੀਤੀ। ਉਥੋਂ ਹੀ ਆਗਿਆ ਲੈ ਕੇ ਅੰਮ੍ਰਿਤਸਰ ਚਲੇ ਗਏ, ਉਥੇ ਸੰਸਕ੍ਰਿਤ ਦੀ ਵਿੱਦਿਆ ਪ੍ਰਾਪਤ ਕੀਤੀ। ਆਪ ਜੀ ਬੰਗਾਲ ਵਿਖੇ 'ਨਦੀਆਂ' ਨਗਰ ਪਹੁੰਚੇ, ਜਿਥੇ ਆਪ ਜੀ ਨੇ ਖਟ-ਸ਼ਾਸਤਰਾਂ ਸੰਬੰਧੀ ਭਰਪੂਰ ਜਾਣਕਾਰੀ ਪ੍ਰਾਪਤ ਕੀਤੀ। ਸੰਨ 1861 ਈ. ਨੂੰ ਆਪ ਜੀ ਹਰਿਦੁਆਰ ਵਿਖੇ ਅਰਧ ਕੁੰਭੀ ਦੇ ਅਵਸਰ 'ਤੇ ਪਹੁੰਚੇ। ਇਥੇ ਹੀ ਆਪ ਜੀ ਦਾ ਮਿਲਾਪ ਮਹਾਰਾਜਾ ਪਟਿਆਲਾ ਸ. ਨਰਿੰਦਰ ਸਿੰਘ ਜੀ ਨਾਲ ਹੋਇਆ ਜੋ ਆਪ ਜੀ ਨੂੰ ਬਹੁਤ ਸ਼ਾਨੋ-ਸ਼ੌਕਤ ਨਾਲ ਪਟਿਆਲੇ ਲੈ ਆਏ। ਇਥੇ ਹੀ ਆਪ ਜੀ ਨੇ ਗੁਰਬਾਣੀ ਦੀ ਵਿਆਖਿਆ ਦਾ ਕਾਰਜ ਆਰੰਭਿਆ। ਪਟਿਆਲਾ ਵਿਖੇ ਆਪ ਜੀ ਨੂੰ ਹਰ ਪ੍ਰਕਾਰ ਦੀ ਸੁੱਖ ਸਹੂਲਤ ਵੀ ਪ੍ਰਾਪਤ ਸੀ।

ਇਥੇ ਹੀ ਆਪ ਜੀ ਸੰਨ 1861 ਈ. ਤੋਂ ਲੈ ਕੇ ਸੰਨ 1891 ਤਕ ਗੁਰਬਾਣੀ ਵਿਆਖਿਆ ਦਾ ਕੰਮ ਕਰਦੇ ਰਹੇ। 'ਭਾਈ ਕਾਨ੍ਹ ਸਿੰਘ ਨਾਭਾ ਜੀ'[1] ਨੇ ਆਪ ਜੀ ਦੁਆਰਾ ਲਿਖੀਆਂ ਪੁਸਤਕਾਂ ਦੀ ਸੂਚੀ ਇਸ ਪ੍ਰਕਾਰ ਦਿੱਤੀ ਹੈ-

| | |
|---|---|
| 1. ਮੋਕਸ਼ ਪੰਥ ਪ੍ਰਕਾਸ਼ | ੧੯੨੨ ਬਿਕ੍ਰਮੀ (1865 ਈ.) |
| 2. ਸੁਰੁਤਰ ਕੋਸ਼ | ੧੯੨੩ ਬਿਕ੍ਰਮੀ (1866 ਈ.) |
| 3. ਗੁਰਮਤਿ ਨਿਰਣਯ ਸਾਗਰ | ੧੯੩੪ ਬਿਕ੍ਰਮੀ (1877 ਈ.) |
| 4. ਅਕਾਲ ਮੂਰਤਿ ਪ੍ਰਦਰਸ਼ਨ | ੧੯੩੫ ਬਿਕ੍ਰਮੀ (1878 ਈ.) |
| 5. ਗੁਰੂ ਵੰਸ਼ ਤਰ ਦਰਪਣ | ੧੯੩੫ ਬਿਕ੍ਰਮੀ (1878 ਈ.) |
| 6. ਟੀਕਾ ਜਪੁਜੀ, ਰਹਿਰਾਸ, ਸੋਹਿਲਾ ਅਤੇ ਸ਼ਬਦ ਹਜ਼ਾਰੇ | ੧੯੩੬ ਬਿਕ੍ਰਮੀ (1880 ਈ.) |
| 7. ਟੀਕਾ ਭਗਤ ਬਾਣੀ | ੧੯੩੯ ਬਿਕ੍ਰਮੀ (1882 ਈ.) |
| 8. ਗੁਰ ਤੀਰਥ ਸੰਗ੍ਰਹਿ | ੧੯੪੦ ਬਿਕ੍ਰਮੀ (1883 ਈ.) |
| 9. ਟੀਕਾ ਸ੍ਰੀ ਰਾਗ | ੧੯੪੨ ਬਿਕ੍ਰਮੀ (1885 ਈ.) |
| 10. ਗੁਰੁ ਗਿਰਾਰਥ ਕੋਸ਼ | ੧੯੪੬ ਬਿਕ੍ਰਮੀ (1889 ਈ.) |

ਡਾ. ਰਤਨ ਸਿੰਘ ਜੱਗੀ ਨੇ ਉਨ੍ਹਾਂ ਦੀਆਂ ਲਿਖਤਾਂ ਦੀ ਗਿਣਤੀ 13 ਦੱਸੀ ਹੈ। ਮਹੰਤ ਗੁਰਦੀਪ ਸਿੰਘ ਕੇਸਰੀ ਨੇ 19 ਦੱਸੀ ਹੈ। ਸ਼ਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ ਕਿ ਉਨ੍ਹਾਂ ਦੀਆਂ ਲਿਖਤਾਂ ਦੀ ਗਿਣਤੀ 21 ਸੀ। ਪੰਡਿਤ ਤਾਰਾ ਸਿੰਘ ਨਰੋਤਮ ਗੁਰ ਤੀਰਥ ਸੰਗ੍ਰਹਿ ਵਿਚ ਆਪਣੀਆਂ ਲਿਖਤਾਂ ਸੰਬੰਧੀ ਜਾਣਕਾਰੀ ਦਿੰਦੇ ਹਨ, "ਸੰਮਤ ੧੯੨੨ ਕੀ ਮੱਘਰ ਸੁਦੀ ਪੁੰਨਯਾਂ ਕੋ

---

[1] ਕਾਨ੍ਹ ਸਿੰਘ ਨਾਭਾ, ਭਾਈ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪੰਨਾ 585

ਦ੍ਵਾਦਸ ਸਹੰਸ੍ਰ **ਮੋਖ ਪੰਥ ਪ੍ਰਕਾਸ਼** ਕੇ ਤਿਲਕ ਕਾ ਪ੍ਰਕਾਸ਼ ਹੂਆ। ਪਸ਼ਚਾਤ ਅਮਰ ਮੇਦਨੀ ਕੋਸ਼ੋਂ ਸੇ ਦਸ ਸਹੰਸ੍ਰ ਨਾਮ ਸੰਗ੍ਰਹਿ ਕਰ ੧੯੨੩ ਕੀ ਕੱਤਕ ਸੁਦੀ ਪੁੰਨਿਆਂ ਕੋ ਚਾਰ ਸਹੰਸ੍ਰ ਸਲੋਕ ਕਾ **ਸਬਦ ਸੁਰਤਰ ਕੋਸ਼** ਬਣਾ। ਪਸ਼ਚਾਤ ਗ੍ਰੰਥ ਸਾਹਿਬ ਕੇ ਅਰਥ ਬਿਚਾਰ ਕਾ ਪਰਮ ਸਹਾਈ ਖੱਟ ਸਹੰਸ੍ਰ ਆਠ ਸੌ ਸੰਖਿਆ **ਗੁਰਮਤ ਨਿਰਣਯ ਸਾਗਰ** ਗ੍ਰੰਥ ਸੰਮਤ ੧੯੩੮ ਮੇਂ ਮਾਘ ਵਦੀ ਛਠ ਕੋ ਸਮਾਪਤ ਕੀਆ। ਇਸ ਪਸ਼ਚਾਤ ਬਾਣੀ ਕੇ ਅਰਥੋਂ ਮੇਂ ਪ੍ਰਮਾਣ ਦੇਣੇ ਹੇਤ ਪਾਂਚ ਸੌ ਪਝੱਤਰ ਸਲੋਕ ਸੰਖਿਆ **ਪਰੀਖਯਾ ਪਰਕਰਣ** ਚਾਰ ਸੌ ਬਾਈ ਸਲੋਕ **ਵਾਹਿਗੁਰੂ ਸ਼ਬਦਾਰਥ** ਦੋ ਸੌ ਅਠਾਸੀ ਸਲੋਕ ਸੰਖਿਆ **ਅਕਾਲ ਮੂਰਤ ਪ੍ਰਦਰਸ਼ਨ** ਗੁਰ ਬੰਸਾਵਲੀ ਅਰਥਾਤ **ਗੁਰੂ ਬੰਸ ਤਰ ਦਰਪਣ** ਯੇਹ ਚਾਰੋਂ ਸੰਮਤ ੧੯੩੫ ਮੇਂ ਸਮਾਪਤ ਕੀਯੇ। **ਜਪੁ, ਰਹਿਰਾਸ, ਆਰਤੀ, ਸੋਹਿਲਾ, ਹਜ਼ਾਰੇ ਸ਼ਬਦੋਂ ਕੀ ਟੀਕਾ** ਛੇ ਹਜ਼ਾਰ, ਛੇ ਸੌ ਸੋਲਾਂ ਸਲੋਕ ਸੰਖਿਆ ਸੰਮਤ ਜੇਠ ਸੁਦੀ ਤ੍ਰੌਦਸੀ ਕੋ ਸਮਾਪਤ ਕਰੀ। ਪਸ਼ਚਾਤ ਅਠਾਰਾਂ ਹਜ਼ਾਰ, ਨੌ ਸੌ ਸਾਢੇ ਸਤਵੰਜਾ ਸਲੋਕ ਸੰਖਿਆ **ਭਗਤ ਬਾਣੀ ਕੀ ਟੀਕਾ** ਸੰਮਤ ੧੯੩੯ ਕੀ ਫੱਗਣ ਵਦੀ ਸ਼ਿਵ ਚਤਰਦਸ਼ੀ ਕੋ ਸਮਾਪਤ ਕਰੀ। ਪਸ਼ਚਾਤ **ਸ੍ਰੀ ਗੁਰੂ ਤੀਰਥ ਸੰਗ੍ਰਹਿ** ਚਾਰ ਸਹੱਸ੍ਰ ਸਲੋਕ ਸੰਖਿਆ ਸੰਮਤ ੧੯੪੦ ਕੀ ਪੋਹ ਸੁਦੀ ਸਪਤਮੀ ਕੋ ਸਮਾਪਤ ਕਰੀ। **ਗ੍ਰੰਥ ਸਾਹਿਬ ਕੇ ਨਾਮੋਂ ਕਾ ਕੋਸ਼ ਤਥਾ ਟੀਕਾ ਭੀ**, ਅਲਪ ਰਹੇ ਪ੍ਰਮੇਸ਼ਰ ਕਿਰਪਾ ਸੇ ਪੂਰਨ ਸੰਖਿਆ ਸਹਿਤ ਪ੍ਰਕਾਸ਼ਿਤ ਹੋਂਗੇ।"[1]

ਗੁਰਬਾਣੀ ਵਿਆਖਿਆ ਕਰਨ ਦੀ ਰੀਤਿ ਗੁਰਬਾਣੀ ਦੀ ਰਚਨਾ ਦੇ ਨਾਲ ਹੀ ਪ੍ਰਾਰੰਭ ਹੋ ਗਈ ਸੀ। ਗੁਰੂ ਗ੍ਰੰਥ ਸਾਹਿਬ ਵਿਚ ਦੇਖਣ ਵਿਚ ਆਉਂਦਾ ਹੈ ਕਿ ਗੁਰਬਾਣੀ, ਗੁਰਬਾਣੀ ਦੀ ਵਿਆਖਿਆ ਕਰਦੀ ਹੈ। ਗੁਰੂ ਸਾਹਿਬ ਆਪਣੇ ਸਮੇਂ 'ਤੇ ਗੁਰਬਾਣੀ ਦੀ ਵਿਆਖਿਆ ਵੀ ਕਰਦੇ ਰਹੇ ਹਨ। ਗੁਰਬਾਣੀ ਦਾ ਟੀਕਾ ਕਰਨ ਦੀ ਪਰੰਪਰਾ ਭਾਈ ਗੁਰਦਾਸ ਅਤੇ ਸੋਢੀ ਮਿਹਰਵਾਨ ਤੋਂ ਚੱਲ ਪਈ ਸੀ। ਪਰ ਬਾਅਦ ਵਿਚ ਕਈ ਟੀਕਾਕਾਰਾਂ ਨੇ ਲਕੀਰ ਪਿੱਟਣ ਦੇ ਸਿਵਾ ਹੋਰ ਕਿਸੇ ਪ੍ਰਕਾਰ ਦੇ ਗੁਣ ਨਹੀਂ ਵਿਖਾਏ। ਕਈ ਵਾਰ ਅਰਥਾਂ ਦਾ ਅਨਰਥ ਵੀ ਵੇਖਿਆ ਗਿਆ ਹੈ। ਪਰ ਇਸ ਪੱਖੋਂ ਨਰੋਤਮ ਨੇ ਬੜੀ ਸਾਵਧਾਨੀ ਨਾਲ ਆਪਣੇ ਟੀਕੇ ਲਿਖੇ ਹਨ, ਜਿਨ੍ਹਾਂ ਦੀਆਂ ਉਥਾਨਿਕਾ, ਸੰਪ੍ਰਦਾਤਾ, ਵਿਚਾਰ ਨਿਸ਼ਠਤਾ ਬਹੁ ਗਯਤਾ ਆਦਿ ਵਿਸ਼ੇਸ਼ਤਾਵਾਂ ਹਨ।[2]

**ਵਿਆਖਿਆ–** ਪੰਡਿਤ ਤਾਰਾ ਸਿੰਘ ਨਰੋਤਮ 'ਗੁਰਮਤਿ ਨਿਰਣਯ ਸਾਗਰ' ਵਿਚ ਲਿਖਦੇ ਹਨ ਕਿ ਜਿਸ ਬਾਣੀ ਦਾ ਅਰਥ ਨਾ ਹੋਵੇ ਐਸੀ ਬਾਣੀ ਪੜ੍ਹਨ ਦਾ ਕੀ ਲਾਭ ਹੈ, ਜਿਵੇਂ ਬੇੜੀ ਨੂੰ ਚੱਪੂ ਨਾ ਹੋਵੇ, ਉਸ ਬੇੜੀ 'ਤੇ ਚੜ੍ਹਨਾ ਵੀ ਕੀ ਜੋ ਸਾਗਰ ਤੋਂ ਪਾਰ ਨਹੀਂ ਲਗਾ ਸਕਦੀ।[3] ਪੰਡਿਤ ਤਾਰਾ ਸਿੰਘ ਦੀ ਵਿਆਖਿਆਕਾਰੀ ਆਪ ਜੀ ਦੀ ਮਾਰਮਿਕਤਾ ਅਤੇ ਵਿਸ਼ੇਸ਼ ਦ੍ਰਿਸ਼ਟੀ ਕਰਕੇ ਅਤਿਅੰਤ ਮਹੱਤਵਪੂਰਨ ਹੈ। ਨਰੋਤਮ ਜੀ ਦੇ ਜੀਵਨ ਦਾ ਮੁੱਖ ਮਨੋਰਥ ਗੁਰਬਾਣੀ ਦੀ ਵਿਆਖਿਆ ਕਰਨਾ ਸੀ। ਅੰਗਰੇਜ਼ ਵਿਦਵਾਨ ਟਰੰਪ ਦੁਆਰਾ ਗੁਰਬਾਣੀ ਦੀ ਕੀਤੀ ਅਸ਼ੁੱਧ ਵਿਆਖਿਆ ਤੋਂ ਨਰੋਤਮ ਜੀ ਖ਼ੁਸ਼ ਨਹੀਂ ਹੋਏ ਬਲਕਿ ਮਨ ਦੇ ਵਿਚ ਗੁਰਬਾਣੀ ਦੀ ਵਿਆਖਿਆ ਕਰਨ ਦਾ ਸੰਕਲਪ ਧਾਰਣ ਕੀਤਾ ਤਾਂ ਕਿ ਗੁਰਬਾਣੀ ਦੀ ਸਹੀ ਅਤੇ ਸਪਸ਼ਟ ਵਿਆਖਿਆ ਹੋ ਸਕੇ। ਨਰੋਤਮ ਗੁਰਬਾਣੀ ਪ੍ਰਤੀ ਵੀ ਸੁਹਿਰਦਵਾਦੀ ਪਹੁੰਚ ਅਪਣਾਉਂਦਾ ਹੈ। ਜਦੋਂ ਉਹ ਗੁਰਬਾਣੀ ਦੀ ਟੀਕਾਕਾਰੀ ਦੀ ਗੱਲ ਕਰਦਾ ਹੈ ਅਤੇ ਗੁਰਬਾਣੀ ਦੀ ਟੀਕਾਕਾਰੀ ਦਾ ਵਿਰੋਧ ਕਰਨ ਵਾਲਿਆਂ ਦਾ ਵਿਰੋਧ ਕਰਦਾ ਹੈ। ਇੱਥੇ ਹੀ ਬਸ ਨਹੀਂ ਉਸ ਨੇ ਟਰੰਪ ਵੱਲੋਂ ਕੀਤੀ ਗੁਰਬਾਣੀ ਵਿਆਖਿਆ ਨੂੰ ਗੁਰਬਾਣੀ ਦੇ ਅਰਥ ਦੇ ਅਨਰਥ ਕਰਨਾ ਕਿਹਾ ਹੈ।

ਨਰੋਤਮ ਅਨੁਸਾਰ ਸ਼ਬਦਾਰਥ ਹੀ ਟੀਕਾ ਵਿਆਖਿਆ ਨਹੀਂ ਹੁੰਦਾ ਬਲਕਿ ਟੀਕਾ ਦਾ ਉਦੇਸ਼ ਸ਼ਬਦ ਦਾ ਭਾਵਾਰਥ ਪ੍ਰਗਟ ਕਰਨਾ ਹੁੰਦਾ ਹੈ। **ਗੁਰਮਤਿ ਨਿਰਣਯ ਸਾਗਰ** ਵਿਚ ਟੀਕਾਵਾਂ ਦੋ ਤਰ੍ਹਾਂ ਦੀਆਂ ਦਰਸਾਈਆਂ ਗਈਆਂ ਹਨ। ਇਕ ਪਿੰਜਕਾ, ਦੂਜੀ ਅਪਿੰਜਕਾ। ਗੁਰਬਾਣੀ ਦੇ ਸਾਰੇ ਪਦਾਂ ਦੀ ਵਿਆਖਿਆ ਨੂੰ ਪਿੰਜਕਾ ਕਿਹਾ ਗਿਆ ਹੈ ਅਤੇ ਅਪਿੰਜਕਾ ਤੋਂ ਭਾਵ ਹੈ ਕਿ ਕੁਝ ਕੁ ਹਿੱਸੇ ਦੀ ਕੀਤੀ ਗਈ ਵਿਆਖਿਆ। ਇਹ ਅੱਗੋਂ ਦੋ ਪ੍ਰਕਾਰ ਦੀਆਂ ਕਹੀਆਂ ਗਈਆਂ ਹਨ। ਇਕ ਅਵਤਰਣ ਵਾਲੀਆਂ, ਦੂਜੀ ਪ੍ਰਤੀਕ ਵਾਲੀਆਂ।[4]

---

[1] *ਗੁਰ ਤੀਰਥ ਸੰਗ੍ਰਹਿ,* ਪੰਨਾ 337, 338.

[2] ਗੁਰਦੀਪ ਸਿੰਘ ਦਰਸ਼ਨ ਕੇਸਰੀ, ਮਹੰਤ, ਗੁਰਮਤ ਨਿਰਣਯ ਸਾਗਰ ਦੀ ਸਮੀਖਿਸ਼ਾਤਮਕ ਭੂਮਿਕਾ, ਪੰਨਾ 22.
–ਸ਼ਮਸ਼ੇਰ ਸਿੰਘ ਅਸ਼ੋਕ, ਪੰਡਿਤ ਤਾਰਾ ਸਿੰਘ ਜੀ ਨਰੋਤਮ, ਗੁਰਮਤ ਨਿਰਣਯ ਸਾਗਰ, ਪੰਨਾ 35.

[3] ਜਿਸ ਬਾਣੀ ਦਾ ਅਰਥ ਨਾ ਜਾਪੇ ਤਿਸ ਬਾਣੀ ਦਾ ਪੜਨਾ ਕਿਯਾ।
ਜਿਸ ਬੇੜੀ ਨੂੰ ਵੰਝ ਨ ਚੱਪਾ ਤਿਸ ਬੇੜੀ ਦਾ ਚੜਨਾ ਕਿਆ। ਗੁਰਮਤ ਨਿਰਣਯ ਸਾਗਰ, ਪੰਨਾ 35.

[4] ਟੀਕਾ ਨਾਮ ਏਕ ਪਦ ਕਾ ਦੂਸਰੇ ਪਦੋਂ ਸੇ ਅਰਥ ਔ ਤਾਤਪਰਯ ਕਾ ਹੈ। ਸੋ ਜੋ ਦੋ ਪ੍ਰਕਾਰ ਕੀ ਹੋਵੇ। ਏਕ ਪਿੰਜਕਾ ਏਕ ਅਪਿੰਜਕਾ। ਗ੍ਰੰਥ ਕੇ ਸਰਬ ਪਦੋਂ ਕੋ ਪਿੰਜਕਾ ਕਹੇ ਹੈ। ਕਹੀਂ ਕਹੀਂ ਬਯਾਖਯਾ ਕੋ ਅਪਿੰਜਕਾ ਕਹੇ ਹੈ। ਵਹ ਦੋਨੋ ਆਗੇ ਦੋ ਦੋ ਪ੍ਰਕਾਰ ਕੀ ਹੋਵੇ ਹੋਵੇ। ਏਕ ਅਵਤਰਣ ਵਾਲੀ ਦੂਸਰੀ ਪ੍ਰਤੀਕ ਵਾਲੀ। ਅਵਤਰਣ ਵਾਲੀ ਮੇ ਅਵਤਰਣ ਨਾਮ ਉਥਾਨਿਕਾ ਕਾ ਹੈ।

ਪੰਡਿਤ ਤਾਰਾ ਸਿੰਘ ਨਰੋਤਮ ਨੇ ਛੇ ਪ੍ਰਕਾਰ ਦੀਆਂ ਟੀਕਾਵਾਂ ਦਾ ਵਰਣਨ ਕੀਤਾ ਹੈ-

1. ਪਦ-ਛੇਦ 2. ਪਦਾਰਥ-ਉਕਤੀ 3. ਵਿਗ੍ਰਹ 4. ਵਾਕ-ਯੋਜਨਾ 5. ਆਪੇਖ 6. ਸਮਾਧਾਨ

ਨਰੋਤਮ ਦਾ ਇਹ ਵਰਗੀਕਰਣ ਪ੍ਰਾਚੀਨ ਗ੍ਰੰਥਾਂ ਦੇ ਪ੍ਰੀਪੇਖ ਵਿਚ ਕੀਤਾ ਗਿਆ ਹੈ। ਪੰਡਿਤ ਤਾਰਾ ਸਿੰਘ ਨਰੋਤਮ ਜਿਥੇ ਗੁਰਬਾਣੀ ਦੀ ਵਿਆਖਿਆ ਕਰਨ ਨੂੰ ਕਹਿੰਦੇ ਹਨ ਉਥੇ ਬਾਣੀ ਦੇ ਸ਼ੁੱਧ ਪਾਠ ਉੱਤੇ ਵੀ ਬਹੁਤ ਜ਼ੋਰ ਦਿੰਦੇ ਹਨ। ਨਰੋਤਮ ਅਨੁਸਾਰ ਗੁਰਬਾਣੀ ਦਾ ਸ਼ੁੱਧ ਪਾਠ ਹੋਣਾ ਚਾਹੀਦਾ ਹੈ। ਗੁਰਬਾਣੀ ਦੇ ਅਰਥ ਕਰਨੇ ਜਾਂ ਵਿਆਖਿਆ ਕਰਨੀ ਸਤਿਗੁਰ ਪ੍ਰਥਾਏ ਸਾਡੀ ਇਕ ਜ਼ਿੰਮੇਵਾਰੀ ਹੈ।

**ਟੀਕਾ ਸ੍ਰੀ ਰਾਗ** : 'ਟੀਕਾ ਸ੍ਰੀ ਰਾਗ' ਵਿਆਖਿਆ ਦਾ ਸਭ ਤੋਂ ਸੁੰਦਰ ਰੂਪ ਹੈ। ਇਸ ਵਿਚ ਨਰੋਤਮ ਨੇ ਮਹੱਤਵਪੂਰਨ ਭੂਮਿਕਾ ਲਿਖੀ ਹੈ। ਜੋ ਟੀਕੇ ਦੀਆਂ ਵਿਸ਼ੇਸ਼ਤਾਵਾਂ ਹੋਣੀਆਂ ਚਾਹੀਦੀਆਂ ਹਨ, ਉਨ੍ਹਾਂ ਦਾ ਉਲੇਖ ਕੀਤਾ ਗਿਆ ਹੈ। ਟੀਕੇ ਵਿਚ ਪ੍ਰਸ਼ਨੋਤ੍ਰੀ ਸ਼ੈਲੀ ਨੂੰ ਅਪਨਾਇਆ ਗਿਆ ਹੈ। ਟੀਕੇ ਦੀ ਵਿਆਖਿਆ ਕਰਦੇ ਹੋਏ ਨਰੋਤਮ ਨੇ ਪੁਰਾਣਿਕ ਪਰਿਪੇਖ ਵਿਚ ਪੂਜਾ ਬਾਰੇ ਵਿਸ਼ਵਾਸ, ਗੁਰੂ ਦੀ ਵਡਿਆਈ, ਵਿਸ਼ਨੂੰ ਨੂੰ ਗੁਰੂ ਨਾਨਕ ਦੇਵ ਜੀ ਦਾ ਗੁਰੂ ਸਿੱਧ ਕਰਨਾ, ਮੂਰਤੀ ਪੂਜਾ ਦਾ ਖੰਡਨ, ਭਗਤੀ ਗਿਆਨ ਆਦਿ ਬਾਰੇ ਚਰਚਾ ਕੀਤੀ ਹੈ।

ਟੀਕਾ ਸ੍ਰੀ ਰਾਗ ਸੰਮਤ ਨਾਨਕਸ਼ਾਹੀ 430 ਸੰਨ 1855 ਈ. ਸੰਮਤ 1942 ਵਿਚ ਸ੍ਰੀਮਾਨ ਮਹੰਤ ਸਾਧੂ ਸਿੰਘ ਜੀ ਪਟਿਆਲਾ ਨਿਵਾਸੀ ਤੋਂ ਆਗਯਾ ਲੈ ਕੇ ਰਾਏ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼ ਨੇ ਮੁਫ਼ੀਦ ਆਮ ਪ੍ਰੈਸ ਲਾਹੌਰ ਤੋਂ ਛਪਵਾਇਆ।

ਟੀਕਾ ਸ੍ਰੀ ਰਾਗ ਦੇ ਆਰੰਭ ਵਿਚ ਬਾਰ੍ਹਾਂ ਕੁ ਸਫ਼ਿਆਂ ਦੀ ਪ੍ਰਭਾਵਸ਼ਾਲੀ ਭੂਮਿਕਾ ਅੰਕਿਤ ਕੀਤੀ ਗਈ ਹੈ, ਜਿਸ ਵਿਚ ਨਰੋਤਮ ਨੇ ਭਗਤੀ ਮਾਰਗ, ਗੁਰੂ ਦੀ ਉਪਮਾ, ਟੀਕੇ ਦੀ ਮਹੱਤਤਾ ਸ਼ਬਦਾਰਥ, ਭਾਵ-ਅਰਥ, ਨਾਮ ਦੀ ਵਡਿਆਈ, ਪਰਮਾਤਮਾ ਬਾਰੇ ਗਿਆਨ, ਵਿਸ਼ਨੂ ਦੇ ਸਰੂਪ ਦੀ ਜਾਣਕਾਰੀ, ਗੁਰੂ ਨਾਨਕ ਦੇਵ ਜੀ ਦੇ ਗੁਰੂ, ਵਰਗੇ ਮਹੱਤਵਪੂਰਨ ਵਿਸ਼ਿਆਂ ਸੰਬੰਧੀ ਜਾਣਕਾਰੀ ਪ੍ਰਸਤੁਤ ਕੀਤੀ ਗਈ ਹੈ। ਇਸ ਟੀਕੇ ਦੇ ਕੁਲ 460 ਸਫ਼ੇ ਹਨ। ਟੀਕਾ ਸ੍ਰੀ ਰਾਗ ਦਾ ਤਤਕਰਾ ਵੀ ਅੰਕਿਤ ਕੀਤਾ ਗਿਆ ਹੈ।

ਟੀਕਾ ਸ੍ਰੀ ਰਾਗ ਵਿਚ ਨਰੋਤਮ ਇਹ ਵਿਚਾਰ ਵਿਅਕਤ ਕਰਦਾ ਹੈ ਕਿ ਬਾਣੀ ਦਾ ਸਿੱਧਾ ਅਰਥ ਕਰਨਾ ਹੀ ਉਚਿਤ ਹੈ। ਜੋ ਕਿ ਸ਼ਬਦ ਦੀ ਸ਼ਕਤੀ ਤੋਂ ਹੀ ਪ੍ਰਤੀਤ ਹੋ ਜਾਂਦਾ ਹੈ। ਟੀਕਾ ਐਸਾ ਹੋਣਾ ਚਾਹੀਦਾ ਹੈ ਜਿਸ ਨਾਲ ਮੂਲ ਦਾ ਭਾਵ ਨਾਸ਼ ਨਾ ਹੋਵੇ। ਨਰੋਤਮ ਇਹ ਵੀ ਲਿਖਦਾ ਹੈ ਕਿ ਜੇਕਰ ਸਿੱਧਾ ਅਰਥ ਕਰਨ ਤੋਂ ਉਚਿਤ ਮਤਲਬ ਪ੍ਰਾਪਤ ਨਾ ਹੋਵੇ ਤਾਂ ਭਾਵ-ਅਰਥ ਕਰਨਾ ਉਚਿਤ ਹੈ। ਪਰੰਤੂ ਨਰੋਤਮ ਭਾਵ-ਅਰਥ ਦੀ ਲੋੜ ਸਮਝਦਾ ਹੈ। ਪਹਿਲੋਂ ਅੱਖਰਾਂ ਦਾ ਅਰਥ ਹੋਵੇ, ਫੇਰ ਉਸ ਦਾ ਭਾਵ-ਅਰਥ ਟੀਕਾ ਹੋਣਾ ਚਾਹੀਦਾ ਹੈ, ਇਹੀ ਸਾਰ ਹੈ। ਨਰੋਤਮ ਦਾ ਮੁੱਖ ਉਦੇਸ਼ ਭਾਵ-ਅਰਥ ਕਰਨਾ ਹੈ।[1]

ਨਰੋਤਮ ਇਹ ਵੀ ਲਿਖਦਾ ਹੈ ਕਿ ਕਈ ਵਾਰ ਟੇਢਾ ਅਰਥ ਵੀ ਕਰਨਾ ਪੈਂਦਾ ਹੈ। ਇਥੇ ਟਰੰਪ ਦਾ ਨਾਂ ਵਿਸ਼ੇਸ਼ ਤੌਰ 'ਤੇ ਲਿਆ ਗਿਆ ਹੈ। ਟਰੰਪ ਦੀ ਟੀਕਾਕਾਰੀ ਤੋਂ ਨਰੋਤਮ ਖ਼ੁਸ਼ ਨਹੀਂ ਹੋਇਆ ਬਲਕਿ ਲਿਖਦਾ ਹੈ ਕਿ ਟਰੰਪ ਗੁਰਬਾਣੀ ਦੇ ਅਰਥ ਕਰਨ ਲੱਗਿਆਂ ਥਿੜਕ ਗਿਆ ਹੈ, "ਜੈਸੇ ਸ੍ਰੀ ਰਾਗ ਮੇਂ ਪਹਿਲੇ ਸ਼ਬਦ ਕੇ ਤਰਜ਼ਮੇ ਮੇ ਮੋਤੀਯੋਂ ਕੋ ਈਂਟ ਅਰੁ ਅਗਰ ਚੰਦਨ ਕੋ ਚੂਨੇ ਕੀ ਲਿਪਾਈ ਕੀ ਜਗਹ ਲਿਖਤਾ ਹੈ ਅਰਨੈਸਟ ਟਰੰਪ ਅੰਗ੍ਰੇਜ਼ ਤਿਸਲਾ ਕਿਉਂਕਿ ਉਸਨੇ ਲਿਖਾ ਹੈ ਈਂਟ ਕੀ ਜਗੇ ਜੇਕਰ ਮੋਤੀਯੋਂ ਸੇ ਮੰਦਰ ਉਸਾਰੇ ਰਤਨੋਂ ਸੇ ਉਸ ਕਾ ਜੜਾਊ ਹੋਵੇ। ਕਸਤੂਰੀ ਕੁੰਗੂ ਅਗਰ ਚੰਦਨ ਸੇ ਵਹੁ ਲੀਪੇ ਜਾਵੇ। ਤਬ ਐਸੇ ਮੰਦਰੋਂ ਕੋ ਦੇਖ ਕਰ ਮੈ ਮਤ ਭੁਲ ਜਾਵਾਂ। ਭੁਲੇ ਹੁਏ ਕੋ ਨਾਮ ਨਾ ਚਿਤ ਆਵੇ। ਸੋ ਉਸ ਕਾ ਯਹ ਅਰਥ ਨਹੀਂ ਉਸ ਕਾ ਅਰਥ ਐਸੇ ਹੈ। ਈਂਟ ਪੱਥਰ ਸੇ ਚੂਨਾ ਲਗਾ ਕਰ ਮੰਦਰ ਉਸਰੇ। ਅਰ ਕਲੀ ਕਾ ਲੇਪ ਕਰ ਤਿਨ ਮੇਂ ਸ੍ਵਰਣ ਕੋ ਪਾਣੀ ਸਾਥ ਮੋਤੀ ਤ ਰਤਨੀ ਹੋਹ ਜੜਾਉ ਹੋਵੇ। ਅਰ ਐਸੇ ਮੰਦਰ ਮੈਂ ਬੈਠਨੇ ਵਾਲੇ ਮੁਝ ਕੋ ਕਸਤੂਰੀ ਕੁੰਗੂ ਅਗਰ ਚੰਦਨ ਕਾ ਲੇਪ ਸਰੀਰ ਮੇਂ ਲਗਾਵਨੇ ਹੇਤ ਆਵੇ ਚਾਉ। ਆਪਣੇ ਚਿਤ ਕੀ ਖੁਸ਼ੀ ਅਨੁਸਾਰ ਤੋ ਭੀ ਮੈ ਭੁਲ ਨਾ ਜਾਵਾ।"[2]

---

[1] "ਬਾਣੀ ਕਾ ਸਿਧਾ ਅਰਥ ਕਰਨਾ ਹੀ ਸਾਰ ਹੈ। ਸੋ ਸ਼ਬਦ ਕੀ ਸ਼ਕਤੀ ਸੇ ਪ੍ਰਤੀਤ ਹੋਵੇ ਹੈ। ਜੋ ਔਰ ਬ੍ਰਿਤੀਯੋਂ ਸੇ ਪ੍ਰਤੀਤ ਹੋਵੇ ਸੋ ਸਾਰ ਨਹੀਂ। ਇਸ ਲਿਯੇ ਬਹੁਤ ਲੋਕ ਤਰਜਮਾਨ ਵ ਟੀਕਾ ਵੈਸੀ ਕਰਤੇ ਹੈਂ। ਜਿਨ ਮੇ ਕੇਵਲ ਮੂਲ ਪਾਠੋਂ ਕੇ ਦੂਸਰੇ ਨਾਮ ਹੀ ਆਵੇਂ। ਮੂਲ ਕਾ ਭਾਵ ਨਾਸ਼ ਹੀ ਹੋਵੇ। ਪਰੰਤੂ ਯਹ ਰੀਤ ਭਲੀ ਨਹੀਂ ਕਾਹੇ ਤੇ ਜੇਕਰ ਸੀਧਾ ਅਰਥ ਕਰਨਾ ਹੀ ਸਾਰ ਹੋਵੇ। ਤਬ ਜੋ ਲੋਕ ਸੰਸਕ੍ਰਿਤ ਮੇਂ ਭਾਵਾਰਥ ਕਰਤੇ ਹੈ। ਅਰ ਪਾਰਸੀ ਮੇਂ ਮੁਰਾਦੀ ਮਾਯਨੇ ਕਰਤੇ ਹੈਂ ਸੋ ਨਾ ਕਰਨੇ ਹੋਂਗੇ ਔਰ ਕਰੇ ਹੈਂ। ਯਾਤੇ ਜਹਾਂ ਸੀਧਾ ਸੰਭਵੇ ਸੀਧਾ ਕਰੇ ਜਹਾਂ ਸੀਧੇ ਸੇ ਵਕਤਾ ਕਾ ਬਾਂਛਿਤ ਅਰਥ ਨਾ ਨਿਕਲੇ ਤਹਾਂ ਪਰਮਾਰਥ ਟੀਕਾ ਹੈ। ਸਯਾਣੇ ਪੁਰਖੋਂ ਕੇ ਪਦੋਂ ਕੇ ਅਰਥ ਕਾ ਲਾਭ ਉਸ ਸੇ ਭੀ ਨਹੀਂ ਹੋਵੇ। ਕਾਹੇ ਤੇ ਪਰਮਾਰਥ ਭਾਵਾਰਥ ਕਾ ਨਾਮ ਹੈ। ਭਾਵ ਅਰਥ ਮੇ ਅਖਰਾਰਥ ਹੋਵੇ ਨਹੀਂ ਚਾਹੀਯੇ ਪਹਿਲੇ ਅਖਰੋਂ ਕਾ ਅਰਥ ਯਾਤੇ ਉਤੇ ਟੀਕਾ ਸਾਰ ਹੈ।" *ਟੀਕਾ ਸ੍ਰੀ ਰਾਗ,* ਉਥਾਨਕਾ, ਪੰਨਾ 7.

[2] *-ਉਹੀ-,* ਪੰਨਾ 6.

**ਬਾਣੀ ਭਗਤਾਂ ਸਟੀਕ** : ਪੰਡਿਤ ਤਾਰਾ ਸਿੰਘ ਨਰੋਤਮ ਦੀ ਪ੍ਰਬਲ ਇੱਛਾ ਸੀ ਕਿ ਗੁਰਬਾਣੀ ਦਾ ਸੰਪੂਰਨ ਟੀਕਾ ਤਿਆਰ ਕੀਤਾ ਜਾਵੇ। ਪਰੰਤੂ ਉਨ੍ਹਾਂ ਦੀ ਇਹ ਕਾਮਨਾ ਪੂਰਨ ਨਾ ਹੋ ਸਕੀ। ਬਾਣੀ ਭਗਤਾਂ ਸਟੀਕ ਵਿਚ ਪੰਡਿਤ ਜੀ ਨੇ ਭਗਤਾਂ ਦੀ ਬਾਣੀ ਦੇ ਨਾਲ-ਨਾਲ ਬਾਬਾ ਫ਼ਰੀਦ ਜੀ ਦੀ ਬਾਣੀ ਨੂੰ ਵੀ ਲਿਆ ਹੈ। ਇਸ ਟੀਕਾ ਦੀ ਰਚਨਾ ਸੰਮਤ ਨਾਨਕਸ਼ਾਹੀ 429 ਨੂੰ ਹੋਈ ਹੈ। ਇਸ ਗ੍ਰੰਥ ਨੂੰ ਵੀ ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸੰਨਜ਼ ਨੇ ਲਾਹੌਰ ਪ੍ਰੈੱਸ ਤੋਂ ਛਾਪਿਆ ਹੈ। ਇਸ ਦੇ ਦੋ ਭਾਗ ਹਨ। ਪਹਿਲੇ ਭਾਗ ਦੇ ਕੁਲ ਸਫ਼ੇ 466 ਹਨ ਅਤੇ ਦੂਸਰੇ ਭਾਗ ਦੇ 520 ਸਫ਼ੇ ਹਨ। ਇਨ੍ਹਾਂ ਦੋਵਾਂ ਭਾਗਾਂ ਦੇ 986 ਸਫ਼ੇ ਹਨ। ਇਸ ਟੀਕੇ ਵਿਚ ਨਰੋਤਮ ਨੇ ਇਕ ਭੁਲੇਖਾ ਪਾਊ ਸਥਾਪਨਾ ਇਹ ਕੀਤੀ ਹੈ ਕਿ ਜੋ ਭਗਤ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ ਹੈ, ਉਹ ਆਪਣੇ ਅਸਲੀ ਸਰੂਪ ਵਿਚ ਨਹੀਂ ਬਲਕਿ ਗੁਰੂ ਅਰਜਨ ਦੇਵ ਜੀ ਨੇ ਭਗਤਾਂ ਦੇ ਭਾਵ ਨੂੰ ਮੁੱਖ ਰੱਖ ਕੇ ਆਪ ਆਪਣੇ ਵੱਲੋਂ ਉਨ੍ਹਾਂ ਦੇ ਨਾਮ 'ਤੇ ਰਚੀ ਹੈ। ਐਸੇ ਵਿਚਾਰ ਗੁਰਮਤਿ ਨਿਰਣਯ ਸਾਗਰ ਵਿਚ ਵੀ ਵਿਅਕਤ ਕੀਤੇ ਗਏ ਹਨ। ਇਨ੍ਹਾਂ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਐਸੇ ਵਿਚਾਰ ਪ੍ਰਦਾਨ ਕਰਕੇ ਨਰੋਤਮ ਨੇ ਗੁਰਬਾਣੀ ਅਤੇ ਭਗਤ ਬਾਣੀ ਵਿਚ ਵੱਖਰਤਾ ਸਥਾਪਿਤ ਕੀਤੀ ਹੈ। ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼ ਦੇ ਸਫ਼ਾ 316 'ਤੇ ਇਹ ਵਿਚਾਰ ਵਿਅਕਤ ਕਰਦੇ ਹਨ ਕਿ 'ਭਗਤਾਂ ਦੀ ਬਾਣੀ' ਗੁਰੂ ਅਰਜਨ ਜੀ ਤਕ ਕਿਵੇਂ ਪਹੁੰਚੀ ? ਇਸ ਸੰਬੰਧੀ ਚਾਰ ਸੰਕੇਤ ਮਿਲਦੇ ਹਨ, 1. ਭਾਈ ਗੁਰਦਾਸ ਜੀ ਦੀ ਪਹਿਲੀ ਵਾਰ (32) ਜਿਸ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਆਪਣੇ ਕੋਲ ਇਕ ਕਿਤਾਬ/ਪੋਥੀ ਰੱਖਦੇ ਸਨ-ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ। ਸੰਭਵ ਹੈ ਇਸ ਵਿਚ ਉਨ੍ਹਾਂ ਭਗਤਾਂ ਦੀ ਬਾਣੀ ਵੀ ਸੰਕਲਿਤ ਹੋਵੇ ਜੋ ਉਦਾਸੀਆਂ ਦੌਰਾਨ ਗੁਰੂ ਜੀ ਨੂੰ ਮਿਲਦੇ ਰਹੇ ਸਨ। ਉਹ ਪੋਥੀ ਉਤਰੋਤਰੀ ਗੁਰਗੱਦੀ ਪਾਸ ਚਲਦੀ ਆਈ ਹੋਵੇ। 2. ਪੁਰਾਤਨ ਜਨਮ ਸਾਖੀ (ਸਾਖੀ 57) ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਨੂੰ ਗੁਰਗੱਦੀ ਦੇਣ ਸਮੇਂ ਜੋ ਬਾਣੀ ਦੀ ਪੋਥੀ ('ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ') ਦਿਤੀ ਸੀ, ਉਸ ਵਿਚ ਭਗਤਾਂ ਦੀ ਬਾਣੀ ਸੰਕਲਿਤ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਇਸ ਤੱਥ ਦੀ ਸਥਿਤੀ ਵੀ ਪਹਿਲੇ ਤੱਥ ਅਨੁਸਾਰ ਹੈ। 3. ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਭਗਤ ਬਾਣੀ ਸੰਕਲਿਤ ਹੈ। ਮੁੱਖ ਤੌਰ 'ਤੇ ਜੈਦੇਵ, ਰਵਿਦਾਸ, ਕਬੀਰ, ਨਾਮਦੇਵ, ਤ੍ਰਿਲੋਚਨ, ਸੈਣ, ਭੀਖਨ ਆਦਿ। 4. ਗੁਰੂ ਅਰਜਨ ਦੇਵ ਜੀ ਨੇ ਆਪਣੇ ਸਾਧਨਾਂ ਰਾਹੀਂ ਵੀ ਭਗਤ ਬਾਣੀ ਇਕੱਠੀ ਕਰਵਾਈ ਸੀ।

ਇਹ ਗੱਲ ਵਿਵਾਦਪੂਰਣ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਭਗਤ ਬਾਣੀ ਨੂੰ ਇੰਨ-ਬਿੰਨ ਸ਼ਾਮਿਲ ਕੀਤਾ ਜਾਂ ਉਸ ਦਾ ਵਿਧੀਵਤ ਸੰਪਾਦਨ ਕੀਤਾ। ਇਸ ਸੰਬੰਧੀ ਇਕ ਗੱਲ ਬਿਲਕੁਲ ਸਪਸ਼ਟ ਹੈ ਕਿ ਗੁਰੂ ਅਰਜਨ ਦੇਵ ਨੇ ਕੇਵਲ ਉਸੇ ਭਗਤ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤਾ ਜੋ ਸਰੂਪ ਭਾਵਨਾ ਦ੍ਰਿਸ਼ਟੀ ਪੱਖੋਂ ਗੁਰਬਾਣੀ ਨਾਲ ਮੇਲ ਖਾਂਦੀ ਸੀ, ਜਿਥੇ ਕਿਤੇ ਕੋਈ ਅੰਤਰ ਨਜ਼ਰ ਆਇਆ, ਉਥੇ ਗੁਰੂ ਸਾਹਿਬ ਨੇ ਗੁਰਮਤਿ ਆਸ਼ਾ ਸਪਸ਼ਟ ਕਰਦਿਆਂ ਆਪਣਾ ਜਾਂ ਕਿਸੇ ਹੋਰ ਗੁਰੂ ਦਾ ਸਲੋਕ ਜਾਂ ਸ਼ਬਦ, ਟਿੱਪਣੀ ਵਜੋਂ ਅੰਕਿਤ ਕਰ ਦਿੱਤਾ। ਅਜਿਹਾ ਕਰਨ ਨਾਲ ਭਾਵਨਾ ਸੰਬੰਧੀ ਸਮਾਨਤਾ ਕਾਇਮ ਰਹਿ ਸਕੀ।[1]

ਇਸੇ ਟੀਕੇ ਵਿਚ ਨਰੋਤਮ ਨੇ ਇਕ ਹੋਰ ਸ਼ੰਕਾ ਉਤਪੰਨ ਕੀਤਾ ਹੈ ਕਿ ਲਾਹੌਰ ਦੇ ਚਾਰ ਭਗਤ ਛੱਜੂ, ਕਾਨ੍ਹਾਂ, ਸ਼ਾਹ ਹੁਸੈਨ, ਪੀਲੂ ਇਨ੍ਹਾਂ ਦੀ ਬਾਣੀ ਨੂੰ ਗੁਰੂ ਜੀ ਨੇ ਪ੍ਰਵਾਨ ਨਹੀਂ ਕੀਤਾ ਕਿਉਂਕਿ ਉਨ੍ਹਾਂ ਨੇ ਗੁਰੂ ਦੇ ਸਨਮੁਖ ਗੁਰੂ ਜੀ ਦੀ ਉਪਮਾ ਨਹੀਂ ਕੀਤੀ ਸੀ। ਬਲਕਿ ਆਪਣੀ ਬਾਣੀ ਸੁਣਾਈ। ਇਸ ਲਈ ਉਨ੍ਹਾਂ ਦੀ ਰਚਨਾ ਪ੍ਰਵਾਨ ਨਹੀਂ ਕੀਤੀ ਗਈ।[2]

ਗੁਰੂ ਅਰਜਨ ਦੇਵ ਜੀ ਨੇ ਧਾਰਮਿਕ ਸੰਕੀਰਣਤਾ ਤੋਂ ਉਪਰ ਉਠਦੇ ਹੋਏ ਸਾਰੇ ਧਰਮਾਂ ਦੇ ਉੱਚ ਵਿਚਾਰਾਂ ਨੂੰ ਉਹੀ ਥਾਂ ਦਿੱਤੀ ਹੈ ਜੋ ਉਨ੍ਹਾਂ ਦੇ ਆਪਣੇ ਧਰਮ ਵਿਚ ਹੈ। ਉੱਚੀ ਅਤੇ ਨੀਵੀਂ ਜਾਤ ਦੇ ਭਗਤਾਂ ਦੀ ਬਾਣੀ ਨੂੰ ਮਿਲਾਉਣਾ ਹੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਾਲ ਮਹਾਨਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦੀ ਇਤਨੀ ਰਚਨਾ ਹੈ, ਉਨ੍ਹਾਂ ਨੂੰ ਭਗਤਾਂ ਦੀ ਬਾਣੀ ਦੇ ਨਾਂ 'ਤੇ ਬਾਣੀ ਰਚਨਾ ਕਰਨ ਦੀ ਕੀ ਲੋੜ ਸੀ। ਜੇਕਰ ਗੁਰੂ ਸਾਹਿਬ ਜੀ ਚਾਹੁੰਦੇ ਤਾਂ ਹੋਰ ਬਾਣੀ ਦੀ ਰਚਨਾ ਕਰ ਸਕਦੇ ਸਨ।

ਪੰਡਿਤ ਤਾਰਾ ਸਿੰਘ ਨਰੋਤਮ ਨੇ ਭਗਤਾਂ ਦੀ ਸਗੁਣ ਅਤੇ ਨਿਰਗੁਣ ਵਿਚਾਰਧਾਰਾ ਨੂੰ ਸਾਹਮਣੇ ਰੱਖ ਕੇ ਭਗਤਾਂ ਦੀ ਬਾਣੀ ਦੀ ਵਿਸਤ੍ਰਿਤ ਵਿਆਖਿਆ ਕੀਤੀ ਹੈ। ਜਿੱਥੋਂ ਤਕ ਹੋ ਸਕਿਆ ਹੈ ਇਨ੍ਹਾਂ ਨੇ ਦੋ-ਦੋ ਅਤੇ ਕਿਤੇ-ਕਿਤੇ ਤਿੰਨ ਤਰ੍ਹਾਂ ਦੀ ਵਿਆਖਿਆ ਕਰ ਕੇ ਭਗਤ ਦੇ ਭਾਵ ਦੀ ਪੁਸ਼ਟੀ ਕੀਤੀ ਹੈ।

---

[1] ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼,* ਭਾਗ ਦੂਜਾ, ਪੰਨਾ 316

[2] ਹਰਜੀਤ ਕੌਰ ਮਦਾਨ, *ਪੰਡਿਤ ਤਾਰਾ ਸਿੰਘ ਨਰੋਤਮ : ਗੁਰਬਾਣੀ ਮੁਲਾਂਕਣ* , ਨਿਰਮਲ ਸੰਪ੍ਰਦਾਇ, ਪੰਨਾ 368.

**ਟੀਕਾ ਗੁਰੁ ਭਾਵ ਦੀਪਿਕਾ** : ਪੰਡਿਤ ਤਾਰਾ ਸਿੰਘ ਨਰੋਤਮ ਨੇ ਨਿਰਮਲੇ ਵਿਦਵਾਨਾਂ ਵਿਚੋਂ ਗੁਰਮੁਖੀ ਅੱਖਰਾਂ ਦਾ ਪ੍ਰਯੋਗ ਕਰਦੇ ਹੋਏ ਜਪੁਜੀ ਦਾ ਸਭ ਤੋਂ ਪਹਿਲਾਂ ਟੀਕਾ ਤਿਆਰ ਕੀਤਾ। ਮੁੱਖ ਪੰਨੇ 'ਤੇ ਟੀਕੇ ਦਾ ਆਰੰਭ ਦਸਾਂ ਗੁਰੂਆਂ ਦੀ ਉਸਤਤ, ਗੁਰੂ ਗ੍ਰੰਥ ਸਾਹਿਬ ਅਤੇ ਆਪਣੇ ਵਿਦਿਆ-ਗੁਰੂ ਪੰਡਿਤ ਗੁਲਾਬ ਸਿੰਘ ਦੀ ਮਹਿਮਾ ਇਕ ਕਬਿੱਤ ਰਾਹੀਂ ਲਿਖੀ ਗਈ ਹੈ। ਇਸ ਦਾ ਰਚਨਾ ਕਾਲ ਸੰਨ 1881 ਈ. ਹੈ। ਭਾਈ ਹੀਰਾ ਸਿੰਘ ਖੁਸਨਵੀਸ ਦਮਦਮਾ ਸਾਹਿਬ ਵਾਲਾ ਇਸ ਦਾ ਲਿਖਾਰੀ ਹੈ। ਇਸ ਦੇ ਕੁਲ 272 ਸਫ਼ੇ ਹਨ। ਸਾਰੀ ਛਪਾਈ ਲਿਥੋਗ੍ਰਾਫ਼ੀ ਦੀ ਹੈ ਗਿਆਰਾਂ ਸਫ਼ਿਆਂ ਦੀ ਭੂਮਿਕਾ ਜਪੁਜੀ ਅਤੇ ਸ਼ਬਦ ਹਜ਼ਾਰੇ ਸੰਬੰਧੀ ਲਿਖੀ ਹੈ। ਰਹਿਰਾਸ ਅਤੇ ਸੋਹਿਲਾ ਬਾਣੀ ਦੇ ਅਰਥ ਸਿੱਧੇ ਕੀਤੇ ਗਏ ਹਨ। ਗੁਰੂ ਨਾਨਕ ਦੇਵ ਜੀ ਦੇ ਅਵਤਾਰ ਸੰਬੰਧੀ ਸੰਖੇਪ ਪਰ ਭਾਵ ਪੂਰਤ ਵਿਚਾਰ ਦਰਸਾਏ ਗਏ ਹਨ।

ਗੁਰੁ ਭਾਵ ਦੀਪਿਕਾ ਵਿਚ ਨਰੋਤਮ ਨੇ ਦਸ ਗੁਰੂ ਸਾਹਿਬਾਨ ਦੀ ਉਸਤਤ ਕੀਤੀ ਹੈ। ਇਸ ਤੋਂ ਇਲਾਵਾ ੧ੳੰ ਦੀ ਉਪਮਾ ਕੀਤੀ ਗਈ ਹੈ। ਇਸ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਅਤੇ ਪੰਥ ਦੀ ਉਸਤਤ ਕੀਤੀ ਗਈ ਹੈ।[1]

ਨਰੋਤਮ ਦੀ ਟੀਕਾਕਾਰੀ ਦਾ ਦ੍ਰਿਸ਼ਟੀਕੋਣ ਅਦ੍ਵੈਤਵਾਦੀ ਹੈ। ਜਪੁਜੀ ਦੇ ਪਹਿਲੇ ਸਲੋਕ ਦੀ ਵਿਸਤਾਰ ਸਹਿਤ ਵਿਆਖਿਆ ਕੀਤੀ ਗਈ ਹੈ। ਨਰੋਤਮ ਨੇ ਵਿਆਖਿਆ ਵਿਚ ਵਿਸ਼ਨੂੰ ਦਾ ਵਿਸ਼ੇਸ਼ ਤੌਰ 'ਤੇ ਵਰਣਨ ਕੀਤਾ ਹੈ। ਨਰੋਤਮ 'ਤੇ ਪੁਰਾਣਿਕ ਵਿਚਾਰਧਾਰਾ ਦਾ ਡੂੰਘਾ ਅਸਰ ਦਿਖਾਈ ਦਿੰਦਾ ਹੈ। ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਭਾਰਤੀ ਪਰੰਪਰਾ ਨੂੰ ਅਪਨਾਇਆ ਗਿਆ ਹੈ। ਥਾਂ-ਥਾਂ 'ਤੇ ਵੇਦਾਂਤ, ਨਯਾਯ, ਵੇਦਾਂ, ਸ਼ਾਸਤਰਾਂ ਦਾ ਆਸਰਾ ਲੈ ਕੇ ਉਦਾਹਰਣਾਂ ਦਿੱਤੀਆਂ ਗਈਆ ਹਨ।

ਜਪੁਜੀ ਦੀ ਵਿਆਖਿਆ ਵਿਚ ਨਰੋਤਮ ਨੇ ਨਿਮਿਤ ਉਪਾਦਾਨ ਕਾਰਣ, ਕ੍ਰਿਤਿਮ ਅਕ੍ਰਿਤਮ ਰੂਪ, ਕਾਰਣ-ਅਕਾਰਣ ਸਰੂਪ ਨਿਖੇਧ ਵਚਨਾਂ ਅਤੇ ਤਟਸਥ ਲਛਣਾਂ ਰਾਹੀਂ ਜਪੁਜੀ ਦੀ ਵਿਆਖਿਆ ਕੀਤੀ ਹੈ।[2]

ਟੀਕਾ ਗੁਰੁ ਭਾਵ ਦੀਪਿਕਾ ਵਿਚ ਵੀ ਨਰੋਤਮ ਨੇ ਜਪੁਜੀ ਦੇ ਪ੍ਰਾਰੰਭ ਵਿਚ ਅੰਕਿਤ ਮੂਲ ਮੰਤਰ ਨੂੰ ਗੁਰੂ ਨਾਨਕ ਦੇਵ ਜੀ ਕ੍ਰਿਤ ਸਵੀਕਾਰ ਕਰਨ ਦੀ ਬਜਾਏ ਵਿਸ਼ਨੂ ਦੀ ਕ੍ਰਿਤ ਮੰਨਿਆ ਹੈ। ਇਸ ਪ੍ਰਕਾਰ ਨਰੋਤਮ ਗੁਰੂ ਸਾਹਿਬ ਦੀ ਕ੍ਰਿਤ ਨੂੰ ਵੇਦਾਂ ਦੇ ਤੁਲ ਮੰਨਦਾ ਹੈ। ਡਾ. ਰਤਨ ਸਿੰਘ ਜੱਗੀ ਇਸ ਕਥਨ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ ਕਿ ਇਸ ਪ੍ਰਕਾਰ ਨਰੋਤਮ ਨੇ ਗੁਰੂ ਗ੍ਰੰਥ ਸਾਹਿਬ ਨੂੰ ਵੇਦਾਂ ਤੋਂ ਉੱਪਰ ਮਹੱਤਤਾ ਦਿੱਤੀ ਹੈ। ਕਿਉਂਕਿ ਵੇਦ ਬ੍ਰਹਮਾ ਦੇ ਉਚਾਰੇ ਹੋਏ ਮੰਨੇ ਜਾਂਦੇ ਹਨ ਅਤੇ ਜਪੁ ਦਾ ਮੰਤ੍ਰ ਵਿਸ਼ਨੂ ਦੁਆਰਾ ਮੰਨ ਕੇ ਉਸ ਨੇ ਬ੍ਰਹਮਾ ਨਾਲੋਂ ਸ੍ਰੇਸ਼ਟ ਦੇਵ ਨਾਲ ਸੰਬੰਧਿਤ ਕੀਤਾ ਹੈ।[3]

ਭਾਵੇਂ ਕੁਝ ਵੀ ਹੋਵੇ ਨਰੋਤਮ ਦੀਆਂ ਐਸੀਆਂ ਸਥਾਪਨਾਵਾਂ ਨਾਲ ਟੀਕੇ ਦਾ ਮਹੱਤਵ ਘਟਦਾ ਹੈ ਅਤੇ ਪਾਠਕਾਂ ਵਿਚ ਲੋਕਪ੍ਰਿਯਤਾ ਘਟੀ ਹੈ। ਜਿਨ੍ਹਾਂ ਪਾਠਕਾਂ ਲਈ ਟੀਕਾ ਕੀਤਾ ਗਿਆ ਹੈ ਉਨ੍ਹਾਂ ਦੇ ਇਸ਼ਟ ਗੁਰੂ ਸੰਬੰਧੀ ਅਤੇ ਬਾਣੀ ਨੂੰ ਵਿਸ਼ਨੂੰ ਨਾਲ ਜੋੜਨਾ ਇਹ ਪ੍ਰਵਾਨ ਕਰਨਾ ਪਾਠਕਾਂ ਲਈ ਅਸਹਿਣਸ਼ੀਲ ਹੈ।

ਨਰੋਤਮ ਦੀ ਟੀਕਾਕਾਰੀ ਦੀ ਸ਼ੈਲੀ ਲਗਪਗ ਸਾਰੇ ਟੀਕਿਆਂ ਵਿਚ ਇਕੋ ਜਿਹੀ ਹੈ।

**ਨਿਸ਼ਕਰਸ਼** : ਪੰਡਿਤ ਤਾਰਾ ਸਿੰਘ ਨਰੋਤਮ ਨੇ ਗੁਰਬਾਣੀ ਦੀ ਵਿਆਖਿਆ ਭਾਵ-ਅਰਥ ਰੂਪ ਵਿਚ ਕੀਤੀ ਹੈ। ਕਿਤੇ-ਕਿਤੇ ਸ਼ਬਦਾਰਥ ਨੂੰ ਵੀ ਅਪਨਾਇਆ ਗਿਆ ਹੈ। ਨਰੋਤਮ ਨੇ ਵਿਸਤ੍ਰਿਤ ਰੂਪ ਵਿਚ ਵਿਆਖਿਆ ਕੀਤੀ ਹੈ। ਨਰੋਤਮ ਕੋਲ ਗਿਆਨ ਦਾ ਭੰਡਾਰ ਹੈ। ਆਪਣੀ ਵਿਦਵਤਾ ਦੀ ਛਾਪ ਉਹ ਥਾਂ ਪੁਰ ਥਾਂ ਛੱਡਦਾ ਹੈ। ਇਸ ਲਈ ਹਰ ਇਕ ਗਹਿਰ ਗੰਭੀਰ ਮੁੱਦੇ ਨੂੰ ਉਠਾਉਂਦਾ ਹੈ। ਕਈ ਵਾਰ ਨਰੋਤਮ ਸ਼ੰਕੇ ਨਵਿਰਤ ਕਰਦਾ-ਕਰਦਾ ਉਨ੍ਹਾਂ ਵਿਚ ਆਪ ਜੀ ਗੁਆਚ ਜਾਂਦਾ ਹੈ। ਨਰੋਤਮ ਕੋਲ ਜਿਤਨਾ ਗਿਆਨ ਸੀ ਉਸ ਦੇ ਅਨੁਸਾਰ ਉਹ ਗੁਰਬਾਣੀ ਵਿਆਖਿਆ ਨੂੰ ਸੁਖੈਨ ਅਤੇ ਸਰਲ ਬਣਾਉਣ ਵਿਚ ਸਫ਼ਲ ਨਾ ਹੋ

---

[1] ਸਵਵੇ ਸਿਧ ਬੁਧ ਨਿਯਤ ਨਿਰਵਿਕਾਰ ਰੂਪ ਨਿਰਜੁਰ ਨਿਰੀਹ ਨਿਰਦੋਸ ਨਿਰਾਕਾਰ ਹੈ। ਅਜੇ ਅਬਿਨਾਸੀ ਆਦਿ ਅਖੰਤ ਸੇ ਵਿਹੀਨ ਰੂਪ ਅਲਖ ਅਪਾਰ ਪਾਰ ਨਿਸ਼ਿਲ ਪਸਾਰ ਹੈ। ਏਕ ਰੂਪ ਏਕ ਜੋਤਿ ਏਕ ਸੁਸ਼, ਏਕ ਉਤ, ਏਕ ਨਿਧਾ, ਏਕ ਦੇਵ, ਏਕ ਏਕੰਕਾਰ ਹੈ। ਵਾਹੀ ਨਿਜ ਆਯ ਸੇ ਪਸਾਰ ਜੀਤ, ਤੀਨ ਰੂਪ ਧਾਰ ਕੇ ਬਹਾਯੋ ਗਿਰਾਸਰ ਉਂਕਾਰ ਹੈ। *ਗੁਰੁ ਭਾਵ ਦੀਪਿਕਾ,* ਪੰਨਾ 2.
ਤਾਹੀ ਉਪਦੇਸ ਕੀ ਪ੍ਰਕਾਸ ਪੁੰਜ ਗ੍ਰੰਥ ਗੁਰੂ ਬੋਧਿਕ ਤ੍ਰਿਕਾਂਨਨ ਮੈ ਭਗਤਿ ਗਯਾਨ ਅਤਿ ਹੀ।
ਸਾਧਨ ਸਮੂਹ ਔਰ ਮੋਹ ਮਾਸਤ ਸੰਮਤ ਈਸਿ ਭਕਤਿ ਗੁਰੂ ਅਕਿਤ ਸਾਸਤ੍ਰ ਮਨ ਸਤਈ।
ਮਾਨੁਸ ਜਨਮ ਦੁਲੰਭ ਸਮ ਜੀਵਨ ਮੈ ਪਾਇ ਮਤ ਸ਼ੇਵੋ ਮਨ ਲਾਇ ਜਤ ਕਤ ਹੀ।
ਏਕ ਈਸ ਦਸੋ ਗੁਰ ਬਾਰਏ ਗ੍ਰੰਥ ਪੰਥ ਤੈਥੋਂ ਵਿਸ਼ੇਸ਼ ਬੰਦੇ ਸਭੀ ਦਾਯ ਗਤਿ ਕੀ। *-ਉਹੀ-,* ਪੰਨਾ 4, 5.

[2] ਹਰਜੀਤ ਕੌਰ ਮਦਾਨ, *ਪੰਡਿਤ ਤਾਰਾ ਸਿੰਘ ਨਰੋਤਮ : ਗੁਰਬਾਣੀ ਮੁਲਾਂਕਣ* , ਨਿਰਮਲ ਸੰਪ੍ਰਦਾਇ, ਪੰਨਾ 367.

[3] ਤਾਰਾ ਸਿੰਘ ਨਰੋਤਮ, *ਗੁਰਮਤ ਨਿਰਣਯ ਸਾਗਰ,* ਪੰਨਾ 19 (ਭੂਮਿਕਾ).

ਸਕਿਆ। ਬਲਕਿ ਨਰੋਤਮ ਦੀ ਟੀਕਾਕਾਰੀ ਕੇਵਲ ਗਿਆਨਵਾਨ ਪਾਠਕਾਂ ਤਕ ਹੀ ਸੀਮਿਤ ਹੋ ਕੇ ਰਹਿ ਗਈ। ਗੁਰਬਾਣੀ ਦੀ ਵਿਆਖਿਆ ਲਈ ਉਨ੍ਹਾਂ ਨੇ ਪੌਰਾਣਿਕ ਗ੍ਰੰਥਾਂ ਦਾ ਸਹਾਰਾ ਲਿਆ ਹੈ। ਨਰੋਤਮ ਨੇ ਆਪਣੇ ਟੀਕਿਆਂ ਵਿਚ ਭਗਤੀ, ਗਿਆਨ, ਮੁਕਤੀ, ਬ੍ਰਹਮ, ਸ੍ਰਿਸ਼ਟੀ ਰਚਨਾ ਜੀਵ ਆਤਮਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੈ।

ਪੰਡਿਤ ਤਾਰਾ ਸਿੰਘ ਜੀ ਦਾ ਕਾਰਜ ਭੁਲਾਇਆ ਨਹੀਂ ਜਾ ਸਕਦਾ। ਜੋ ਚਮਤਕਾਰੀ ਵਿਆਖਿਆ ਪੰਡਿਤ ਜੀ ਨੇ ਅਪਣਾਈ ਉਸਦੀ ਸ਼ਾਨ ਨਿਰਾਲੀ ਹੈ। ਆਪ ਜੀ ਨੇ ਸਖ਼ਤ ਮਿਹਨਤ ਕਰਕੇ ਗੁਰਮਤ ਗ੍ਰੰਥਾਂ ਦੀ ਰਚਨਾ ਦੁਆਰਾ ਸਾਹਿਤ ਖੇਤਰ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ ਹੈ।

**ਪੁਸਤਕ ਸੂਚੀ**


1. ਸੁਰਿੰਦਰ ਸਿੰਘ ਸ਼ੇਰਗਿੱਲ, *ਪੰਡਿਤ ਤਾਰਾ ਸਿੰਘ ਜੀ ਨਰੋਤਮ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.
2. ਕਾਨ੍ਹ ਸਿੰਘ ਨਾਭਾ, ਭਾਈ, *ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990 (ਪੰਜਵੀਂ ਵਾਰ).
3. ਤਾਰਾ ਸਿੰਘ ਨਰੋਤਮ, *ਗੁਰਮਤ ਨਿਰਣਯ ਸਾਗਰ,* ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ ਹਰਿਦੁਆਰ, 1979 (ਦੂਜੀ ਵਾਰ).
4. -ਉਹੀ-, *ਗੁਰ ਤੀਰਥ ਸੰਗ੍ਰਹਿ,* ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ ਹਰਿਦੁਆਰ, 1975 (ਦੂਜੀ ਵਾਰ).
5. -ਉਹੀ-, *ਗੁਰੁ ਭਾਵ ਦੀਪਿਕਾ,* ਦੀਵਾਨ ਬੂਟਾ ਸਿੰਘ, ਲਾਹੌਰ, 1881.
6. -ਉਹੀ-, *ਟੀਕਾ ਸ੍ਰੀ ਰਾਗ,* ਮੁਨਸ਼ੀ ਗੁਲਾਬ ਐਂਡ ਸਨਜ਼, ਲਾਹੌਰ, 1882.
7. -ਉਹੀ-, *ਬਾਣੀ ਭਗਤਾਂ ਸਟੀਕ,* ਮੁਨਸ਼ੀ ਗੁਲਾਬ ਐਂਡ ਸਨਜ਼, ਲਾਹੌਰ, 1882
8. -ਉਹੀ-, *ਗੁਰੁ ਗਿਰਾਰਥ ਕੋਸ਼,* ਮੁਨਸ਼ੀ ਗੁਲਾਬ ਐਂਡ ਸਨਜ਼, ਲਾਹੌਰ, ਭਾਗ-I, 1882, ਭਾਗ-II, 1896.
9. ਪ੍ਰੀਤਮ ਸਿੰਘ (ਸੰਪਾਦਕ), *ਨਿਰਮਲ ਸੰਪ੍ਰਦਾਇ,* ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ.

# ਨਿਰਮਲੇ ਸੰਤਾਂ ਦੀ ਸੰਸਕ੍ਰਿਤ ਸਾਹਿਤਯ ਨੂੰ ਦੇਨ

**ਜ਼ੈਲ ਸਿੰਘ ਸ਼ਾਸਤਰੀ***

**ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ॥**

ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪਗ-ਚਿੰਨ੍ਹਾਂ 'ਤੇ ਚਲਣ ਵਾਲੇ ਅਪਾਰ ਜਨ ਸ਼ਰਧਾਲੂਆਂ ਦਾ ਸੰਪ੍ਰਦਾਈ ਨਾਮ ਨਿਰਮਲ ਪੰਥ ਹੈ। ਨਿਰਮਲ ਭੇਖ ਦੀ ਪ੍ਰਾਰੰਭਤਾ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਹੋਈ। ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਲਗਾਏ ਹੋਏ ਇਸ ਪੌਦੇ ਨੂੰ ਸਾਰੇ ਹੀ ਗੁਰੂ ਸਹਿਬਾਨ ਨੇ ਸਿੰਚਿਆ। ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਨਿਰਮਲ ਪੰਥ ਸੂਰਜ ਦੀ ਤਰ੍ਹਾਂ ਆਪਣੇ ਪ੍ਰਕਾਸ਼ ਦੁਆਰਾ ਵਿਸ਼ਵ ਨੂੰ ਪ੍ਰਕਾਸ਼ਿਤ ਕਰ ਰਿਹਾ ਸੀ, ਉਨ੍ਹਾਂ ਦੇ ਸਮੇਂ ਨਿਰਮਲ ਪੰਥ ਦੀ ਪ੍ਰਸਿਧੀ ਬਹੁਤ ਵੇਖਣ ਵਿਚ ਆਉਂਦੀ ਹੈ-

**ਗੁਰ ਅਰਜਨ ਜਹਿ ਬੈਠ ਕਰ ਬਾਂਧੀ ਬੀੜ ਸੁ ਗ੍ਰੰਥ।**
**ਜਹਿ ਪ੍ਰਸਾਦ ਸਭ ਜਗਤ ਮੇਂ ਚਲਹੈ ਨਿਰਮਲ ਪੰਥ।**

ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਮਥਰਾ ਭੱਟ ਜਸ ਵਰਣਨ ਕਰਦਾ ਹੋਇਆ ਕਹਿੰਦਾ ਹੈ-

**ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ॥** (ਪੰਨਾ 1409)

ਵਿਆਕਰਣ ਅਨੁਸਾਰ ਨਿਰਮਲ ਦਾ ਅਰਥ ਹੈ ਨਿਰਗਤ: ਮਲ: ਯਸਯ ਸ ਨਿਰਮਲ ਜਿਸ ਵਿਚੋਂ ਮਲ (ਪਾਪ ਪ੍ਰਵ੍ਰਿਤੀ) ਨਿਕਲ ਚੁਕੀ ਹੈ ਸੋ ਸੁਧ ਹੈ, ਜਿਸ ਤਰ੍ਹਾਂ ਸੋਨਾ ਅਗਨੀ ਦੇ ਸੰਯੋਗ ਨਾਲ ਸ਼ੁਧ ਹੋ ਜਾਂਦਾ ਹੈ, ਉਸੇ ਤਰ੍ਹਾਂ ਹੀ ਜੋ ਗੁਰੂ ਉਪਦੇਸ਼, ਸੇਵਾ, ਸਿਮਰਨ, ਸਤ-ਸੰਗਤਿ ਦੁਆਰਾ ਸ਼ੁਧ ਹੋ ਚੁੱਕਾ ਹੈ, ਜਿਸ ਦੀ ਅਵਿਦਿਆ ਰੂਪੀ ਮਲ ਦਾ ਨਾਸ ਹੋ ਚੁੱਕਾ ਹੈ, ਉਸਨੂੰ ਨਿਰਮਲ ਆਖਦੇ ਹਨ।

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ ਇਸ ਤਰ੍ਹਾਂ ਲਿਖਿਆ ਹੈ : ਨਿਰਮਲ- ਮੈਲ ਰਹਿਤ, ਪ੍ਰਕਾਸ਼ ਉਜਾਲਾ, ਰੌਸ਼ਨ, ਕਲੰਕ ਰਹਿਤ, ਸ੍ਰੇਸ਼ਟਾਚਾਰੀ ਨਿਰਵੈਰ, ਅਵਿਦਿਆ ਮੈਲ ਤੋਂ ਰਹਿਤ। ਨਿਰਮਲ ਧਰਮ- ਖਾਲਿਸ ਧਰਮ, ਸਿਖ ਧਰਮ। ਨਿਰਮਲ ਪੰਥ- ਸਿਖ ਸੰਪ੍ਰਦਾਯ '**ਅਹਿਨਿਸਿ ਨਵਤਨ ਨਿਰਮਲਾ ਮੈਲਾ ਕਬਹੂੰ ਨ ਹੋਇ॥**'

ਇਸ ਬਾਰੇ ਸਤਿਗੁਰੂ ਜੀ ਫ਼ਰਮਾਉਂਦੇ ਹਨ '**ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ॥**'

(ਪੰਨਾ 297)

ਸੰਸਕ੍ਰਿਤ ਵਿਚ ਵਿਦਿਵਾਨਾਂ ਨੇ

**नाम्मेन य: साधुगणो चितेन दधात्यसौनिर्मलतां गुणेन।**
**गुरुपदेश-प्रतिरूद्ध दोषो विरजते निर्मल सम्प्रदाय:।।**

ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਦੇਸ਼ ਵਾਸੀਆਂ ਉਤੇ ਅਨੇਕ ਉਪਕਾਰ ਕੀਤੇ ਹਨ, ਉਥੇ ਵਿਦਿਆ ਦੁਆਰਾ ਵੀ ਸਾਨੂੰ ਚਾਨਣ ਕੀਤਾ। ਵਿਦਿਆ ਦੇ ਪ੍ਰਚਾਰ ਪ੍ਰਸਾਰ ਵਾਸਤੇ ਇਕ ਵੱਖਰਾ ਵਿਭਾਗ ਸਥਾਪਿਤ ਕਰ ਦਿਤਾ ਹੈ। ਗੁਰੂ ਜੀ ਸੰਸਾਰ ਵਿਚ ਸਰਵ ਪਦਾਰਥਾਂ ਤੋਂ ਵਿਦਿਆ ਨੂੰ ਉਤਮ ਮੰਨਦੇ ਸਨ।

ਵਿਦਵਾਨਾਂ ਦਾ ਪਹਿਲ ਦੇ ਆਧਾਰ 'ਤੇ ਸਤਿਕਾਰ ਕਰਦੇ ਸਨ। ਗੁਰੂ ਜੀ ਦੇ ਦਰਬਾਰ ਵਿਚ 52 ਕਵੀਆਂ ਦਾ ਹੋਣਾ ਪ੍ਰਸਿਧ ਹੈ ਪਰ 52 ਹੀ ਕਿਉਂ ਗੁਰੂ ਜੀ ਦੀ ਹਜ਼ੂਰੀ ਵਿਚ ਸੰਸਕ੍ਰਿਤ, ਬ੍ਰਜ, ਫ਼ਾਰਸੀ, ਅਰਬੀ ਅਤੇ ਪੰਜਾਬੀ ਆਦਿਕ ਭਾਸ਼ਾਵਾਂ ਦੇ ਅਨੇਕ ਕਵੀ, ਵਾਰਤਿਕਕਾਰ, ਅਨੁਵਾਦਕ, ਲਿਖਾਰੀ, ਸਾਹਿਤਕਾਰ ਅਤੇ ਕਥਾਕਾਰ ਨਿਵਾਸ ਰਖਦੇ ਸਨ। ਸਰਬ ਸਮਰਥ ਗੁਰੂ ਜੀ ਸਾਰੇ ਸਿੱਖਾਂ ਨੂੰ ਸੰਸਕ੍ਰਿਤ ਵਿਦਿਆ ਵੀ ਬਖਸ਼ ਸਕਦੇ ਸਨ ਪਰ ਸਤਿਗੁਰੂ ਜੀ ਨੇ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਲਾਏ ਹੋਏ ਬੂਟੇ ਨੂੰ ਪਿਉਂਦ ਕੀਤੀ ਕਿ ਨਿਰਮਲ ਭੇਖ ਬਖਸ਼ਿਸ਼ ਕੀਤਾ। ਪੰਜ ਸਿੱਖਾਂ ਦੀ ਚੋਣ ਕਰਕੇ ਉਨ੍ਹਾਂ ਦੇ ਨਾਮ ਲੈ ਕੇ ਨਾਲ ਪੁਕਾਰਿਆ-

---

* ਨਿਰਮਲਾ ਅਖਾੜਾ ਮਹੰਤ ਮੂਲ ਸਿੰਘ (ਰਜਿ.), K2/1, ਸੰਤ ਐਵੀਨਿਊ, ਜੀ. ਟੀ. ਰੋਡ, ਅਮ੍ਰਿਤਸਰ-143006.
ਫੋਨ : 94172-73070, 094121-57698

**ਗੁਰ ਪਾਂਚ ਸਿੰਘ ਚੁਣ ਲੀਏ। ਗੰਡਾ ਸਿੰਘ, ਕਰਮ ਸਿੰਘ ਜੀਏ॥**
**ਵੀਰ ਮਿਰਗੇਸ਼, ਰਾਮ ਸਿੰਘ ਸੈਣਾ, ਇਨ ਪਾਂਚੋਂ ਕੋ ਪਿਖ ਬੁਧੀ ਐਨਾ॥**

ਉਨ੍ਹਾਂ ਨੂੰ ਕਖਾਏ ਵਸਤਰ ਦੇ ਕੇ ਕਾਸ਼ੀ ਵਿਚ ਸੰਸਕ੍ਰਿਤ ਭਾਸ਼ਾ ਵੇਦ, ਵੇਦਾਂਗ, ਦਰਸ਼ਨ, ਸਮ੍ਰਿਤੀਆਂ, ਪੁਰਾਣਾਂ ਆਦਿ ਦਾ ਅਧਿਐਨ ਕਰਕੇ ਅਗੇ ਵਿਦਿਆ ਨੂੰ ਪ੍ਰਚਾਰਨ ਦੀ ਆਗਿਆ ਕੀਤੀ। ਇਹ ਪੰਜੇ- ਸੰਤ ਕਰਮ ਸਿੰਘ, ਸੰਤ ਰਾਮ ਸਿੰਘ, ਸੰਤ ਗੰਡਾ ਸਿੰਘ, ਸੰਤ ਬੀਰ ਸਿੰਘ ਅਤੇ ਸੰਤ ਸੈਣਾ ਸਿੰਘ ਨੂੰ ਆਪਣਾ ਆਸ਼ੀਰਵਾਦ ਦੇ ਕੇ ਭੇਜਿਆ-

**ਜਾਓ ! ਮੇਰੇ ਲਾਲ ਪਾਲ ਕਰਹੈ ਅਕਾਲ ਥਾਰੀ, ਸਾਰੀ ਸੁਖ ਸੰਪਦਾ ਮੈਂ ਵਾਰੀ ਸਿਰ ਥਾਰੇ ਪੈ।**
**ਕਾਮ ਕ੍ਰੋਧ ਲੋਭ ਤਜਾਗ ਸਾਗ ਪਾਤ ਖਾਇ ਬਹ, ਬਟ ਹੂੰ ਕੀ ਛਾਯਾ ਅਥਾ ਸੁੰਨੇ ਘਰ ਢਾਰੇ ਪੈ।**
**ਬ੍ਰਹਮਚਾਰੀ ਰੀਤਿ ਜੋਈ ਹੋਈ ਵਿਪ੍ਰੀਤ ਸੋਈ, ਸੋਈ ਅਬ ਪ੍ਰਗਟੀ ਯੋ ਦੇਸ ਇਸ ਸਾਰੇ ਪੈ।**
**ਵਰਣ ਤੁਮਾਰੇ ਅਬ ਆਸ਼੍ਰਮ ਸੰਨਜਾਸ ਭਯੋ, ਲਯੋ ਹੈ ਅਰੂਜ ਪਦ ਉਚ ਚੰਦ ਤਾਰੇ ਪੈ।**

ਨਿਰਮਲੇ ਸੰਤਾਂ ਨੇ ਅਨੇਕ ਕਠਿਨਾਈਆਂ ਦਾ ਸਾਹਮਣਾ ਕਰਦਿਆਂ ਹੋਇਆਂ ਵੀ ਸਤਿਗੁਰੂ ਜੀ ਦੇ ਆਸ਼ੀਰਵਾਦ ਸਦਕਾ ਬਹੁਤ ਹੀ ਘਟ ਸਮੇਂ ਵਿਚ ਸਾਰੀ ਵਿਦਿਆ ਪ੍ਰਾਪਤ ਕਰ ਲਈ।

ਇਨ੍ਹਾਂ ਨਿਰਮਲੇ ਸੰਤਾਂ ਨੂੰ ਖਾਲਸਾ ਪੰਥ ਸਾਜਨ ਤੋਂ 13 ਵਰਸ਼ ਪਹਿਲਾਂ 1686 ਈ. ਨੂੰ ਪਾਉਂਟਾ ਸਾਹਿਬ ਤੋਂ ਚੋਣ ਕਰਕੇ ਕਾਸ਼ੀ ਨੂੰ ਭੇਜਿਆ ਸੀ। ਜਦ ਸੰਨ 1699 ਈ. ਨੂੰ ਨਿਰਮਲੇ ਮਹਾਪੁਰਖ ਵਾਪਸ ਆਏ ਤਾਂ ਖਾਲਸਾ ਪੰਥ ਦੀ ਸਿਰਜਨਾ ਹੋ ਚੁੱਕੀ ਸੀ।

ਗੁਰੂ ਜੀ ਦੇ ਚਰਨਾਂ ਵਿਚ ਸ੍ਰੀ ਅਨੰਦਪੁਰ ਪੁਜ ਕੇ ਪੰਜੇ ਨਿਰਮਲੇ ਸੰਤਾਂ ਨੇ ਪ੍ਰਸੰਨ ਮੁਖ ਸਤਿਗੁਰ ਜੀ ਨੂੰ ਡੰਡਵਤ ਪ੍ਰਣਾਮ ਕਰਕੇ ਹੇਠ ਲਿਖੀ ਉਸਤਤੀ ਸੰਸਕ੍ਰਿਤ ਸਲੋਕਾਂ ਵਿਚ ਉਚਾਰਨ ਕੀਤੀ-

**शुद्धाय बुद्धाय निरंजनाय संसारमायापरिवर्जिताय।**
**संचिन्तनाय स्वहृदि स्थिताय गोबिन्दसिंहाय नमोस्त्वजाय।१।**
**आधाय चान्त्याय च मध्यगाय आद्यन्तहीनाय निरंकुशाय।**
**ज्योतिस्स्वरूपाय शुभप्रदाय गोविन्दसिंहाय नमोस्त्वजाय।२।**
**आदित्यवंशाय पुरंदराय संसारसाराय स्वयं प्रभाय।**
**रत्यादिहीनाय जनप्रियाय गोविन्दसंहाय नमोस्त्वजाय।३।**
**वेदान्तवेद्याय महेश्वराय सोऽहं स्वरूपाय जनेश्वराय ।**
**शेषादिगीताय कृताखिलाय गोविन्दसिंहाय नमोस्त्वजाय।४।**
**चिच्छक्तिरूपाय मनोरमाय संसारवारानिधितारणाय।**
**आनन्दकन्दाय शुचिप्रभाय गोविन्दसिंहाय नमोस्त्वजाय।५।**
**कैवल्यभुताय परात्पराय भोग्याय भोगाय भवाभवाय।**
**प्रह्लादसिंहाय सुखंकराय गोविन्दसिंहाय नमोस्त्वजाय।६।**
**ताराय पाराय परायणाय कालाय पालाय जगद्धिताय।**
**शान्ताय कान्ताय नमोंतकाय गोविन्दसिंहाय नमोस्त्वजाय।७।**
**सांख्यादितत्वप्रविवेचकाय वैकुंठनाथाय रमारमाय।**
**श्रौताय सत्याय सुदैशिकाय गोविन्दसिंहाय नमोस्त्वजाय।८।**

ਪੰਜਾਂ ਸੰਤਾਂ ਦੀ ਇਕ ਸਵਰ ਸਾਂਸਕ੍ਰਿਤਮਈ ਉਸਤਤੀ ਸੁਨ ਕਰ ਗੁਰੂ ਜੀ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੂੰ ਪ੍ਰਸੰਨ ਮੁਖ ਦੇਖ ਕਰ ਪੰਜਾਂ ਸੰਤਾਂ ਨੇ ਆਪਣੇ ਅੰਦਰ ਦੀ ਇੱਛਾ ਨੂੰ ਪ੍ਰਗਟ ਕੀਤਾ ਅਤੇ ਕਿਹਾ ਕਿ ਗੁਰੂ ਜੀ ਅਸੀਂ ਆਪ ਜੀ ਦਾ ਅਮ੍ਰਿਤ ਪਾਨ ਕਰਨਾ ਚਾਹੁੰਦੇ ਹਾਂ, ਇਹ ਸੁਣ ਕੇ ਗੁਰੂ ਜੀ ਹੋਰ ਵੀ ਪ੍ਰਸੰਨ ਹੋ ਗਏ।

ਭਾਈ ਦਇਆ ਸਿੰਘ ਜੀ ਪਿਆਰੇ ਅਤੇ ਭਾਈ ਧਰਮ ਸਿੰਘ ਜੀ ਪਿਆਰੇ ਦੁਆਰਾ ਪੰਜਾਂ ਸੰਤਾਂ ਨੇ ਅਮ੍ਰਿਤ ਪਾਨ ਕੀਤਾ। ਉਸ ਸਮੇਂ ਵਿਦਵਾਨ ਨਾਮ-ਅਭਿਆਸੀ ਸਿਮਰਨ ਵਾਲੇ ਪਾਵਨ ਪਵਿਤ੍ਰ ਸ੍ਰੇਸ਼ਟ ਜੀਵਨ ਵਾਲੇ ਹੋਣ ਕਰਕੇ ਪੰਜਾਂ ਸੰਤਾਂ ਨੂੰ ਖੁਸ਼ੀਆਂ ਬਖਸ਼ੀਆਂ। ਸਮੇਂ-ਸਮੇਂ 'ਤੇ ਗੁਰੂ ਜੀ ਨੇ ਨਿਰਮਲੇ ਸੰਤਾਂ ਨੂੰ ਅਨੇਕਾਂ ਬਖਸ਼ਿਸ਼ਾਂ ਬਖਸ਼ੀਆਂ, ਜਿਸ ਤਰ੍ਹਾਂ ਇਕ ਵਾਰੀ ਦਸਮ ਸਤਿਗੁਰੂ ਜੀ ਨੇ ਸ੍ਰੀ ਅਨੰਦਪੁਰ ਦੇ ਸਾਰੇ ਡੇਰਿਆਂ ਦੇ ਲੰਗਰਾਂ ਦੀ ਪ੍ਰੀਖਿਆ ਵਾਸਤੇ ਭਗਵੇ ਵਸਤਰ ਪਹਿਨ ਕੇ, ਗਾਤੀ ਲਾ ਕੇ ਹੱਥ ਵਿਚ ਚਿੱਪੀ ਫੜ ਕੇ, ਸਾਧੂ ਦਾ ਰੂਪ ਧਾਰਨ ਕੀਤਾ। ਸਾਰੇ ਲੰਗਰਾਂ ਵਿਚ ਜਾ ਕੇ ਭੋਜਨ ਛਕਣ ਦੀ ਮੰਗ ਕੀਤੀ।

ਲੰਗਰਾਂ ਵਾਲਿਆਂ ਨੇ ਜਵਾਬ ਦਿੰਦਿਆਂ, ਕਿਸੇ ਆਖਿਆ ਲੰਗਰ ਤਿਆਰ ਨਹੀਂ ਹੋਇਆ, ਕਿਸੇ ਆਖਿਆ ਲੰਗਰ ਵਰਤ ਚੁਕਾ ਹੈ, ਕਿਸੇ ਆਖਿਆ ਲੰਗਰ ਤਿਆਰ ਕਰਨ ਵਿਚ ਸਮਾਂ ਲਗੇਗਾ। ਇਸ ਤਰ੍ਹਾਂ ਸਤਿਗੁਰੂ ਜੀ ਸਭ ਦੀ ਪ੍ਰੀਖਿਆ ਕਰਦੇ ਹੋਏ, ਭਾਈ ਨੰਦ ਲਾਲ ਜੀ ਦੇ ਲੰਗਰ ਵਿਚ ਪੁਜੇ। ਲੰਗਰ ਅਗੇ ਰੱਖ ਕੇ ਹੱਥ ਜੋੜ ਕੇ ਕਿਹਾ ਮਹਾਰਾਜ ! ਇਹ ਚੀਜ਼ ਤਿਆਰ ਹੈ, ਆਪ ਪਰਵਾਨ ਕਰੋ। ਸਤਿਗੁਰੂ ਸੁਣ ਕੇ ਅਤਿ ਪ੍ਰਸੰਨ ਹੋਏ। ਫ਼ਰਮਾਇਆ 'ਭਾਈ ਨੰਦ ਲਾਲ ਜੀ ਦੀ ਸੇਵਾ ਸਫ਼ਲ ਹੈ। ਜੋ ਕੁਝ ਲੰਗਰ ਵਿਚ ਤਿਆਰ ਹੈ, ਉਹ ਭਾਈ ਜੀ ਵਲੋਂ ਹਾਜ਼ਿਰ ਹੈ। ਧੰਨ ਸਿੱਖੀ !' ਇਸ ਤਰ੍ਹਾਂ ਲੰਗਰਾਂ ਦੀ ਪਰਖ ਕਰਕੇ, ਭਾਈ ਨੰਦ ਲਾਲ ਜੀ ਨੂੰ ਖੁਸ਼ੀਆਂ ਬਖਸ਼ ਕੇ, ਭਗਵੇਂ ਵਸਤ੍ਰ ਉਤਾਰ ਕੇ ਨਿਰਮਲੇ ਸੰਤਾਂ ਨੂੰ ਬਖਸ਼ ਦਿਤੇ ਅਤੇ ਆਖਿਆ, 'ਇਨ੍ਹਾਂ ਵਸਤ੍ਰਾਂ ਦੇ ਅਧਿਕਾਰੀ ਨਿਰਮਲੇ ਸੰਤ ਸਨ।' ਸੰਗਤ ਅਤੇ ਲੰਗਰਾਂ ਵਾਲਿਆਂ ਨੂੰ ਫਿਰ ਪਤਾ ਲਗਾ ਕਿ ਭਗਵੇਂ ਵਸਤ੍ਰਾਂ ਵਾਲਾ ਸਾਧੂ ਤਾਂ ਵਾਸਤਵ ਵਿਚ ਸਤਿਗੁਰੂ ਜੀ ਸਨ।

ਉਸ ਸਮੇਂ ਗੁਰੂ ਜੀ ਨੇ ਨਿਰਮਲੇ ਸੰਤਾਂ ਨੂੰ 10 ਪ੍ਰਮੁਖ ਬਖਸ਼ਿਸ਼ਾਂ ਕੀਤੀਆਂ, ਜਿਨ੍ਹਾਂ ਦਾ ਗਿ. ਬਲਵੰਤ ਸਿੰਘ ਜੀ ਨੇ 'ਸ੍ਰੀ ਨਿਰਮਲ ਪੰਥ ਬੋਧ' ਪੰਨਾ 17 'ਤੇ ਵਿਸਤਾਰ ਨਾਲ ਕਥਨ ਕੀਤਾ ਹੈ।

ਅਨੰਦਪੁਰ ਦੀ ਧਰਤੀ 'ਤੇ ਹੀ ਸਤਿਗੁਰੂ ਜੀ ਨੇ ਨਿਰਮਲੇ ਸੰਤਾਂ ਦੇ ਬਾਰੇ ਇੰਝ ਕਿਹਾ–

**ਨਿਰਮਲ ਪਦਵੀ ਸਾਧੂ ਵੇਸ਼, ਬਖਸ਼ਿਓ ਗੁਰੂ ਜਿਓ ਇਨੇ ਵਿਸ਼ੇਸ਼।**
**ਨਿਰਮਲ ਪੁਰ ਇਹੁ ਸਹ ਨਿਰਮਲੇ, ਹਰ ਗੁਰ ਭਗਤ ਵਿਰਕਤ ਪਿਰਮਿਲੇ।**
**ਸਭ ਕੇ ਮਨਨ ਪੂਜਨ ਯੋਗ, ਪੰਥ ਨਿਰਮਲਾ ਇਹ ਮਮ ਹੋਗ।**
**ਭਜਨ ਰਤ ਗਿਆਨ ਧਿਆਨ ਜੋ ਕਰਤ ਹੇਰੇ।**
**ਵਚਨ ਗੁਰੂ ਜੀ ਟੇਰੇ, ਐ ਹੈ ਮੇਰੇ ਨਿਰਮਲੇ।** (ਗਿ. ਗਿਆਨ ਸਿੰਘ, ਪੰਥ ਪ੍ਰਕਾਸ਼)

ਸਤਿਗੁਰੂ ਜੀ ਉਸ ਸਮੇਂ ਇਸ ਤਰ੍ਹਾਂ ਪ੍ਰਸੰਨ ਹੋਏ ਕਿ ਜਿਵੇਂ ਕਿਸੇ ਮਾਂ ਦੇ ਦੋ ਜਦੋਂ ਪੁੱਤਰ ਉਸਦੇ ਸਾਹਮਣੇ ਖੜੇ ਹੁੰਦੇ ਹਨ ਤਾਂ ਮਾਂ ਆਪਣੇ ਪੁੱਤਰਾਂ ਦੀ ਜੋੜੀ ਨੂੰ ਦੇਖ ਕੇ ਪ੍ਰਸੰਨ ਹੁੰਦੀ ਹੈ, ਇਸੇ ਤਰ੍ਹਾਂ ਹੀ ਗੁਰੂ ਜੀ ਆਪਣੇ ਦੋਨੋਂ ਪ੍ਰਕਾਰ ਦੇ ਸ਼ਿਸ਼ਾਂ ਨੂੰ ਦੇਖ ਕੇ ਪ੍ਰਸੰਨ ਹੋ ਰਹੇ ਹਨ, ਜਿਥੇ ਸ਼ਸਤਰਧਾਰੀ ਯੁੱਧ ਵਿਚ ਕੁਸ਼ਲ ਹਨ, ਉਥੇ ਨਿਰਮਲੇ ਸੰਤ ਸ਼ਾਸਤਰ ਵਿਦਿਆ ਵਿਚ ਪ੍ਰਵੀਨ ਹਨ। ਜਿਸ ਦੇ ਬਾਰੇ ਪੰਡਿਤ ਗੁਲਾਬ ਸਿੰਘ ਜੀ ਮੋਖਸ਼ ਪੰਥ ਪ੍ਰਕਾਸ਼ ਵਿਚ ਲਿਖਦੇ ਹਨ–

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੂਰਣ ਹਰੀ ਅਵਤਾਰ।**
**ਰਚਯੋ ਪੰਥ ਭਵ ਮੈ ਪ੍ਰਗਟ ਦੋ ਬਿਧਿ ਕੋ ਵਿਸਤਾਰ।**
**ਏਕਨ ਕੇ ਕਰ ਖੜਗ ਦੈ, ਭੁਜਬਲ ਬਹੁ ਵਿਸਤਾਰ।**
**ਪਾਲਨ ਭੂਮੀ ਕੋ ਕਰਯੋ ਦੁਸ਼ਟਨ ਮੂਲ ਉਖਾਰ।**
**ਔਰਨ ਕੀ ਪਿਖ ਵਿਮਲ ਮਤਿ, ਕੀਨੋ ਪਰਮ ਵਿਵੇਕ।**
**ਨਿਰਮਲੇ ਭਾਖੇ ਜਗਤ ਤਿਹ, ਹੇਰੈ ਬ੍ਰਹਮ ਜੁ ਏਕ।**

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ–

**ਸਿੱਖ ਦ੍ਵੈ ਬਿਧਿ ਸਭਿ ਤਿਨ ਕੇ ਥੀਏ। ਏਕ ਗ੍ਰਿਹਸਥੀ ਤਯਾਗੀ ਬੀਏ।**
**ਗ੍ਰੇਹੀ ਕੇਵਲ ਸਿੱਖ ਬਿਦਤਾਏ। ਤਯਾਗੀ ਸਿੱਖ ਨਿਰਮਲੇ ਗਾਏ॥** (ਪੰਥ ਪ੍ਰਕਾਸ਼, ਪੰਨਾ 2785)

ਇਸ ਤਰ੍ਹਾਂ ਸਤਿਗੁਰੂ ਜੀ ਨੇ ਅਨੇਕਾਂ ਬਖਸ਼ਿਸ਼ਾਂ ਬਖਸ਼ੀਆਂ। ਸੰਤਾਂ ਨੂੰ ਧਰਮ ਪ੍ਰਚਾਰ, ਵਿਦਿਆ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਕਰਨ ਦੀ ਸੇਵਾ ਵੀ ਨਿਰਮਲੇ ਮਹਾਪੁਰਖਾਂ ਨੂੰ ਬਖਸ਼ੀ। ਖਾਲਸਾ ਪੰਥ ਦੀ ਸਿਰਜਨਾ ਅਤੇ ਨਿਰਮਲ ਪੰਥ ਦੀ ਸਿਰਜਨਾ 'ਤੇ ਗੁਰੂ ਜੀ ਪ੍ਰਸੰਨ ਹੋਏ ਖਾਲਸਾ ਫ਼ਾਰਸੀ ਦਾ ਸ਼ਬਦ ਹੈ ਜੋ ਗੁਰੂ ਜੀ ਦੇ ਕਥਨ ਅਨੁਸਾਰ–

**ਖਾਲਸ ਤਾਹੇ ਨਿਖਾਲਸ ਜਾਨੋ**

ਤੋਂ ਸਪਸ਼ਟ ਹੁੰਦਾ ਹੈ ਅਤੇ ਨਿਰਮਲ ਸੰਸਕ੍ਰਿਤ ਦਾ ਸ਼ਬਦ ਹੈ, ਭਾਸ਼ਾ ਭੇਦ ਕਰਕੇ ਦੋ ਸ਼ਬਦ ਪ੍ਰਤੀਤ ਹੁੰਦੇ ਹਨ, ਵਾਸਤਵ ਵਿਚ ਅਰਥ ਇਕੋ ਹੈ।

ਗੁਰੂ ਜੀ ਨੇ ਮੁਕਤਿ-ਭੁਗਤਿ, ਸ਼ਕਤੀ-ਭਗਤੀ, ਦੇਗ-ਤੇਗ, ਗਿਆਨ-ਵਿਗਿਆਨ, ਆਤਮ ਗਿਆਨ, ਬ੍ਰਹਮ ਵਿਦਿਆ ਸਭ ਕੁਝ ਪ੍ਰਸੰਨਤਾ ਪੂਰਵਕ ਪੰਥ ਨੂੰ ਬਖਸ਼ਿਆ ਅਤੇ ਫ਼ਰਮਾਇਆ ਕਿ ਮੈਂ ਆਪਣੇ ਸਿੱਖਾਂ ਦੀ ਕ੍ਰਿਪਾ ਨਾਲ ਮਾਣ ਸਤਿਕਾਰ ਧਨ ਸੰਪਤੀ ਸ਼ਕਤੀ ਵਿਜੈ ਵਿਦਿਆ ਗੁਣ ਗਿਆਨ ਪ੍ਰਾਪਤ ਕੀਤਾ ਹੈ।

ਇਹ ਗੁਰੂ ਜੀ ਦੀ ਨਿਮਰਤਾ ਦੀ ਸੀਮਾ ਹੈ। ਗੁਰੂ ਜੀ ਆਪਣੀ ਪਵਿਤਰ ਕਲਮ ਦੁਆਰਾ ਲਿਖਦੇ ਹਨ–

**ਇਨਹੀ ਕੇ ਪ੍ਰਸਾਦਿ ਸੁਵਿਦਿਆ ਲਈ, ਇਨਹੀ ਕ੍ਰਿਪਾ ਸੇ ਸਭ ਸ਼ਤ੍ਰੁ ਮਰੇ।**
**ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹਿ ਮੋ ਸੋ ਗਰੀਬ ਕਰੋਰ ਪਰੇ॥**

(ਪਾ: ੧੦ਵੀਂ, ਖਾਲਸਾ ਮਹਿਮਾ)

ਗੁਰੂ ਜੀ ਦੇ ਇਸ ਕਥਨ ਤੋਂ ਵੀ ਸਿੱਧ ਹੋ ਗਿਆ ਕਿ ਨਿਰਮਲ ਪੰਥ ਅਤੇ ਖਾਲਸਾ ਪੰਥ ਇਕ ਰੂਪ ਇਕ ਜੋਤਿ ਹੈ। ਇਹ ਵੀ ਸਿੱਧ ਹੋ ਗਿਆ, ਗੁਰੂ ਜੀ ਨੇ ਸ਼ਾਸਤਰ ਅਤੇ ਸ਼ਸਤਰ ਦੀ ਇਕੋ ਜਿਹੀ ਜ਼ਰੂਰਤ ਸਮਝਦੇ ਸਨ। ਭਾਵ ਨਿਰਮਲ ਪੰਥ ਸਿੱਖ ਪੰਥ ਦਾ ਪ੍ਰਮੁਖ ਅੰਗ ਹੈ। ਇਸ ਸਾਰੇ ਕਥਨ ਨੂੰ ਸ. ਸ਼ਮਸ਼ੇਰ ਸਿੰਘ ਜੀ ਅਸ਼ੋਕ ਪ੍ਰੌੜ੍ਹਤਾ ਸਹਿਤ ਸਪਸ਼ਟ ਕਰਦੇ ਹਨ–

"ਨਿਰਮਲੇ ਸਾਧੂਆਂ ਦੇ ਭਗਵੇਂ ਜਾਂ ਚਿੱਟੇ ਭੇਸ ਨੂੰ ਦੇਖ ਕੇ ਕਿਸੇ ਤਰ੍ਹਾਂ ਦੀ ਨੁਕਤਾਚੀਨੀ ਕਰਨੀ ਮੁਨਾਸਿਬ ਨਹੀਂ ਜਾਪਦੀ ਅਤੇ ਉਨ੍ਹਾਂ ਦਾ ਇਹ ਭੇਖ ਅਸੂਲੀ ਤੌਰ ਉਤੇ ਨਿੰਦਣ ਯੋਗ ਨਹੀਂ ਮੰਨਿਆਂ ਜਾ ਸਕਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਖ ਧਰਮ ਪ੍ਰਚਾਰ ਸਿਰਫ਼ ਪੰਜਾਬ ਤਕ ਹੀ ਸੀਮਿਤ ਨਹੀਂ ਸੀ ਰਖਣਾ, ਇਸ ਲਈ ਨਿਰਮਲੇ ਸੰਤਾਂ ਨੂੰ ਅਤੀਤ ਭੇਸ ਧਾਰਨ ਦੀ ਖੁਲ੍ਹ ਦੇ ਕੇ ਉਨ੍ਹਾਂ ਨੇ ਸਿੰਘਾਂ ਦੇ ਬਨਾਰਸੋਂ ਪੜ੍ਹਨ ਤੋਂ ਬਾਅਦ ਦੇਸ਼ ਦੇ ਹਰੇਕ ਇਲਾਕੇ ਵਿਚ ਭੇਜਿਆ"

(ਨਿਰਮਲ ਸੰਪ੍ਰਦਾਇ, ਸੰਪਾ. ਪ੍ਰੋ. ਪ੍ਰੀਤਮ ਸਿੰਘ, ਪੰਨਾ 145)

ਪ੍ਰੋ. ਪਿਆਰਾ ਸਿੰਘ ਜੀ ਪਦਮ ਦਾ ਕਥਨ ਵੀ ਵਿਚਾਰਨ ਯੋਗ ਹੈ, "ਨਿਰਮਲੇ ਕਿਸ ਕਿਸਮ ਦੇ ਸਿੱਖ ਮਿਸ਼ਨਰੀ ਸਨ ਜੋ ਕੇਸਾਧਾਰੀ ਹੋ ਕੇ ਆਪਣਾ ਵਿਲੱਖਣ ਸਥਾਨ ਬਣਾਉਂਦੇ ਗਏ। ਦੂਜੇ ਸ਼ਬਦਾਂ ਵਿਚ ਇਨ੍ਹਾਂ ਨੇ ਸਿੱਖੀ ਦਾ ਹੀ ਪ੍ਰਚਾਰ ਨਹੀਂ ਕੀਤਾ ਬਲਕਿ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾਈ ਆਦਰਸ਼ਾਂ ਨੂੰ ਪ੍ਰਚਾਰ ਕੇ ਸਿੰਘ ਮਤ ਦਾ ਪ੍ਰਸਾਰ ਕੀਤਾ ਅਤੇ ਨਾਲ ਹੀ ਪੁਰਾਤਨ ਸ਼ਾਸਤਰ ਪ੍ਰਣਾਲੀ ਅਨੁਸਾਰ ਗੁਰਮਤਿ ਸਿਧਾਂਤ ਦੀ ਵਡਿਆਈ ਦਰਸਾ ਕੇ ਪੰਡਿਤਗਣ ਵਿਚ ਆਪਣਾ ਸਿੱਕਾ ਜਮਾਇਆ।" (ਸਿਖ ਸੰਪ੍ਰਦਾਵਲੀ, ਪੰਨਾ 61)

ਨਿਰਮਲ ਭੇਖ ਦੇ ਮਹਾਪੁਰਖਾਂ ਨੇ ਭਾਰਤ ਵਿਚ ਆਪਣਾ ਵਿਸ਼ੇਸ਼ ਸਤਿਕਾਰਤ ਸਥਾਨ ਬਣਾਇਆ ਹੈ ਜੋ ਧਰਮ ਸੰਚਾਰ, ਅਮ੍ਰਿਤ ਸੰਚਾਰ, ਵਿਦਿਆ ਪੜ੍ਹਨ ਪੜ੍ਹਾਉਣ ਦਾ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ ਨਿਰਮਲ ਭੇਖ ਨੂੰ ਸੌਂਪਿਆ ਹੈ। ਉਸ 'ਤੇ ਨਿਰਮਲ ਭੇਖ ਹਰ ਤਰ੍ਹਾਂ ਪਹਿਰਾ ਦੇ ਰਿਹਾ ਹੈ।

ਨਿਰਮਲ ਭੇਖ ਦੇ ਮਹਾਪਰਖਾਂ ਨੇ ਬ੍ਰਜ, ਸਾਧਭਾਸ਼ਾ, ਪੰਜਾਬੀ, ਹਿੰਦੀ, ਖੜੀ ਬੋਲੀ ਅਤੇ ਸੰਸਕ੍ਰਿਤ ਵਿਚ ਭਿੰਨ-ਭਿੰਨ ਵਿਸ਼ਿਆਂ ਉਪਰ ਅਨੇਕ ਗ੍ਰੰਥਾਂ ਦੀ ਰਚਨਾ ਕੀਤੀ। ਵਿਸ਼ੇ ਅਨੁਸਾਰ ਅਸੀਂ ਇਥੇ ਕੇਵਲ ਸੰਸਕ੍ਰਿਤ ਵਿਚ ਨਿਰਮਲੇ ਮਹਾਪੁਰਖਾਂ ਵਲੋਂ ਕੀਤੀ ਸਾਹਿਤ ਸੇਵਾ ਦਾ ਵਰਨਣ ਕਰਾਂਗੇ।

ਪੰਜਾਂ ਸੰਤਾਂ ਦੇ ਅਨੰਦਪੁਰ ਪਹੁੰਚਣ 'ਤੇ ਸਤਿਗੁਰ ਜੀ ਨੇ ਜਿਸ ਵਾਸਤੇ ਪੰਜਾਂ ਸੰਤਾਂ ਨੂੰ ਪੜ੍ਹਨ ਭੇਜਿਆ ਸੀ, ਉਹ ਹੁਣ ਰੁਖ ਫਲੀਭੂਤ ਹੋ ਕੇ ਫਲਾਂ ਦਾ ਰਸ ਆਨੰਦਪੁਰ ਤੋਂ ਹੀ ਚਖਾਉਣ ਲੱਗਾ, ਜਿਥੇ ਗੰਗਾ ਯਮਨਾ ਦਾ ਪ੍ਰਵਾਹ ਆਨੰਦਪੁਰ ਵਿਚ ਚਲ ਰਿਹਾ ਸੀ, ਉਥੇ ਹੁਣ ਨਾਲ ਹੀ ਸਰਸਵਤੀ ਦੇ ਮਿਲਣ ਨਾਲ ਸੰਗਮ ਦਾ ਰੂਪ ਧਾਰਨ ਕਰ ਗਿਆ। ਜਿਸ ਤਰ੍ਹਾਂ ਸਰਸਵਤੀ ਮਾਨਾ ਪਿੰਡ ਤੋਂ ਪ੍ਰਗਟ ਹੋ ਕੇ ਅਲਕਨੰਦਾ ਦੇ ਵਿਚ ਜਾ ਕੇ ਗੁਪਤ ਹੋ ਜਾਂਦੀ ਹੈ। ਫਿਰ ਪ੍ਰਯਾਗ ਵਿਚ ਆ ਕੇ ਪ੍ਰਗਟ ਹੋਈ, ਇਸੇ ਤਰ੍ਹਾਂ ਹੀ ਕਾਸ਼ੀ ਤੋਂ ਆ ਕੇ ਸਰਸਵਤੀ ਆਨੰਦਪੁਰ ਸਤਿਗੁਰ ਜੀ ਨੇ ਪ੍ਰਗਟ ਕਰ ਦਿਤੀ। ਇੱਥੇ ਵਿਦਿਆ ਦਾ ਪ੍ਰਵਾਹ ਚੱਲਣ ਲਗਾ, ਪੰਡਿਤ ਭਾਈ ਗੰਡਾ ਸਿੰਘ ਜੀ ਮਹਾਂ ਭਾਰਤ ਦੀ ਕਥਾ ਸੁਨਾਉਣ ਲੱਗੇ। ਇੰਜ ਜਾਪਦਾ ਸੀ ਕਿ (ਧਰਮ) ਕਰਮ ਆਪ ਖੁਦ ਸੇਵਾ ਦਾ ਰੂਪ ਧਾਰਨ ਕਰਕੇ ਖੜਾ ਹੋਵੇ। ਇਸ ਦਾ ਇਹ ਪ੍ਰਭਾਵ ਹੋਇਆ ਕਿ ਸਿੱਖਾਂ ਨੇ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਕੇ ਆਪਣੇ ਧਰਮ ਨੂੰ ਆਪਣੀ ਜਾਨ ਤੋਂ ਵੀ ਪਿਆਰਾ ਸਮਝ ਕੇ ਧਰਮ ਦੀ ਖਾਤਿਰ ਆਪਣੀਆਂ ਜਾਨਾਂ ਕੁਰਬਾਨ ਕਰ ਦਿਤੀਆਂ। ਪੰਡਿਤ ਭਾਈ ਰਾਮ ਸਿੰਘ ਜੀ ਰਾਮਾਇਣ ਦੀ ਕਥਾ ਕਰਨ ਲੱਗੇ। ਜਿਵੇਂ ਭਗਤੀ ਭਾਗਵਤ ਪੁਰਾਣ ਦੇ ਅਨੁਸਾਰ ਵਰਿੰਦਾਵਨ ਦੇ ਵਿੱਚ ਆ ਕੇ ਬਿਰਧ ਤੋਂ ਜਵਾਨ ਹੋ ਗਈ ਸੀ। ਪਰ ਉਥੇ ਉਹ ਦੁਖੀ ਰਹਿੰਦੀ ਸੀ ਕਿਉਂਕਿ ਉਸਦੇ ਪੁਤਰ ਗਿਆਨ ਅਤੇ ਵੈਰਾਗ ਬਿਰਧ ਸਨ। ਉਨ੍ਹਾਂ ਨੂੰ ਦੇਖ-ਦੇਖ ਕੇ ਉਹ ਦੁਖੀ ਹੁੰਦੀ ਰਹਿੰਦੀ ਸੀ। ਪਰ ਸ੍ਰੀ ਆਨੰਦਪੁਰ ਸਾਹਿਬ ਦੇ ਵਿਚ ਭਗਤੀ ਆਪਣੇ ਜਵਾਨ ਪੁੱਤਰਾਂ ਨੂੰ ਦੇਖ ਕਰਕੇ ਕਿਸੇ ਵੀ ਪ੍ਰਕਾਰ ਦੇ ਸ਼ੋਕ ਤੋਂ ਰਹਿਤ ਪ੍ਰਸੰਨ ਮੁਦਰਾ ਦੇ ਵਿਚ ਦਿਖਾਈ ਦਿੰਦੀ ਸੀ। ਜਿਸ ਦਾ ਪ੍ਰਮਾਣ ਹੈ ਕਿ ਸਾਰੇ ਹੀ ਸ਼ਰਧਾਲੂ ਆਪਣੇ ਜੀਵਨ ਦੀਆਂ ਸਾਰੀਆਂ ਕਾਮਨਾਵਾਂ ਛਡ ਕਰਕੇ ਆਪਣੇ ਗੁਰੂ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਬੈਠ ਕਰਕੇ ਕੇਵਲ ਆਪਣੇ ਮਨ ਦੇ ਵਿਚ ਇਹੀ ਇੱਛਾ ਰਖਦੇ ਸਨ ਕਿ ਹਮੇਸ਼ਾ ਸਾਨੂੰ

ਆਪ ਜੀ ਦੇ ਚਰਨਾਂ ਵਿਚ ਨਿਵਾਸ ਮਿਲੇ। ਇਸ ਪ੍ਰਕਾਰ ਭਗਤਾਂ ਦੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਤੀ ਅਨਨਯ ਭਗਤੀ ਸੀ। ਜੋ ਕਿਸੇ ਪ੍ਰਕਾਰ ਦੀ ਕਾਮਨਾ ਤੋਂ ਰਹਿਤ ਸੀ। ਪੰਡਿਤ ਕਰਮ ਸਿੰਘ ਜੀ ਨੇ ਉਪਨਿਸ਼ਦਾਂ ਦੀ ਕਥਾ ਕਰਨੀ ਸ਼ੁਰੂ ਕੀਤੀ। ਉਸ ਸਮੇਂ ਜੋ ਸੰਸਾਰੀ ਜੀਵਾਂ ਦੇ ਹਿਰਦੇ ਵਿਚ ਅਗਿਆਨ ਦਾ ਅੰਧੇਰਾ ਛਾਇਆ ਹੋਇਆ ਸੀ, ਜਿਸ ਕਾਰਨ ਜੀਵ ਇਕ ਦੂਸਰੇ ਦੇ ਨਾਲ ਵੈਰ ਵਿਰੋਧ, ਰਾਗ ਦ੍ਵੈਸ਼ ਰਖਦੇ ਸਨ, ਉਸਦੇ ਨਾਸ਼ ਹੋਣ ਦਾ ਪ੍ਰਮਾਣ ਹੈ ਭਾਈ ਅੱਡਣ ਸ਼ਾਹ ਜੀ, ਜਿਨ੍ਹਾਂ ਨੂੰ ਉਸ ਗਿਆਨ ਦੇ ਪ੍ਰਕਾਸ਼ ਦੁਆਰਾ ਆਪਣੇ ਦੁਸ਼ਮਣਾਂ ਦੇ ਅੰਦਰ ਅਤੇ ਆਪਣੇ ਮਿਤਰਾਂ ਦੇ ਵਿਚ ਇਕ ਹੀ ਮਾਤਰ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋ ਰਹੇ ਸਨ, ਜਿਸ ਦਾ ਸਿੱਖ ਇਤਿਹਾਸ ਪ੍ਰਮਾਣ ਹੈ।

**ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥**
**ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥**

ਗਿਆਨ ਦਾ ਸਦਕਾ ਉਨ੍ਹਾਂ ਨੂੰ ਇਸ ਪ੍ਰਕਾਰ ਦੀ ਦ੍ਰਿਸ਼ਟੀ ਪ੍ਰਾਪਤ ਹੋਈ।

ਪ੍ਰਯਾਗ ਰਾਗ ਵਿਚ ਤਾਂ ਜਿਵੇਂ ਗੰਗਾ-ਯਮਨਾ-ਸਰਸਵਤੀ ਵਖਰੋ-ਵਖਰੀ ਦਿਸਦੀ ਹੈ ਪਰ ਮਿਲ ਕੇ ਇਕ ਹੋ ਜਾਂਦੀਆਂ ਹਨ, ਪਰ ਆਨੰਦਪੁਰ ਵਿਚ ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਕਿ ਤਿੰਨਾਂ ਦਾ ਆਪਣਾ-ਆਪਣਾ ਵੱਖਰਾ-ਵੱਖਰਾ ਰੂਪ ਸਪਸ਼ਟ ਨਜ਼ਰ ਆਉਂਦਾ ਸੀ ਅਤੇ ਸਪਸ਼ਟ ਕਰਮ-ਭਗਤੀ-ਗਿਆਨ ਇਕਦਮ ਤਿੰਨਾਂ ਦੇ ਵਿਸ਼ੇ ਸਪਸ਼ਟ ਸੀ। ਕਿਸੇ ਨੂੰ ਕਿਸੇ ਵੀ ਵਿਸ਼ੇ 'ਤੇ ਭਰਮ ਨਹੀਂ ਰਿਹਾ। ਜੋ ਜੀਵ ਜਿਸ-ਜਿਸ ਵਸਤੂ ਦਾ ਅਧਿਕਾਰੀ ਸੀ, ਉਹ ਉਹੀ-ਉਹੀ ਪ੍ਰਾਪਤ ਕਰਕੇ ਆਪਣੇ ਮਾਰਗ 'ਤੇ ਨਿਰਸੰਕੋਚ ਚੱਲਣ ਵਾਸਤੇ ਅਗਰਸਰ ਹੋ ਗਿਆ। ਇੰਜ ਜਾਪਦਾ ਸੀ ਕਿ ਜਿਵੇਂ ਸੰਸਾਰ ਉਤੇ ਕਾਲੀ ਘਟਾ ਵਾਲਾ ਬੱਦਲ ਭਰਮ ਰੂਪ ਵਿਚ ਛਾਇਆ ਸੀ। ਉਹ ਹਨ੍ਹੇਰੀ ਦੇ ਆਉਣ ਨਾਲ ਜਿਵੇਂ ਉਡ ਜਾਂਦਾ ਹੈ, ਇਸੇ ਤਰ੍ਹਾਂ ਹੀ ਜੋ ਲੋਕ ਭਰਮ ਭੁਲੇਖਿਆਂ ਵਿਚ ਪਏ ਸਨ, ਸਾਰਿਆਂ ਦੇ ਭੁਲੇਖਿਆਂ ਦਾ ਨਾਸ ਹੋ ਗਿਆ ਅਤੇ ਸਾਰਿਆਂ ਨੂੰ ਸਾਫ਼ ਅਧਿਆਤਮ ਦਾ ਮਾਰਗ ਸਪਸ਼ਟ ਨਜ਼ਰ ਆਉਣ ਲਗਾ। ਇਸ ਪ੍ਰਯਾਗ ਵਿਚ ਇਸ਼ਨਾਨ ਕਰਕੇ ਹਜ਼ਾਰਾਂ ਲੱਖਾਂ ਹੀ ਜੀਵਾਂ ਨੇ ਆਪਣਾ ਜੀਵਨ ਸਫ਼ਲ ਕੀਤਾ। ਗੁਰੂ ਜੀ ਦੀ ਆਗਿਆ ਨਾਲ ਇਥੇ ਹੀ ਸੰਤਾਂ ਨੇ ਗ੍ਰੰਥਾਂ ਦੇ ਟੀਕੇ, ਅਨੁਵਾਦ ਸ਼ੁਰੂ ਕੀਤੇ।

1. ਪੰਡਿਤ ਸੱਦਾ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਕੇਵਲ 59 ਸਾਲ ਮਗਰੋਂ ਸੰਮਤ 1824 ਬਿ. ਵਿਚ ਅਦ੍ਵੈਤ ਸਿੱਧੀ ਦਾ ਸੁਗਮਸਾਰ ਚੰਦ੍ਰਿਕਾ ਟੀਕਾ ਕੀਤਾ ਹੈ। ਪੰਡਿਤ ਸੱਦਾ ਸਿੰਘ ਜੀ ਸੰਸਕ੍ਰਿਤ ਦੇ ਧੁਰੰਧਰ ਵਿਦਵਾਨ ਸਨ।

2. ਪੰਡਿਤ ਨਿਹਾਲ ਸਿੰਘ ਜੀ ਕਾਸ਼ੀ ਵਾਲਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ 87 ਸਾਲ ਮਗਰੋਂ ਬਿ. 1852 ਵਿਚ ਸੰਸਕ੍ਰਿਤ ਵਿਚ ਜਪੁਜੀ ਸਾਹਿਬ ਦਾ ਟੀਕਾ ਕੀਤਾ।

3. ਪੰਡਿਤ ਈਸ਼ਵਰ ਸਿੰਘ ਜੀ ਕਾਸ਼ੀ ਵਾਲਿਆਂ ਨੇ ਵਾਹਿਗੁਰੂ ਮੰਤ੍ਰਾਰਥ ਸੰਸਕ੍ਰਿਤ ਦਾ ਅਪੂਰਵ ਗ੍ਰੰਥ ਲਿਖਿਆ ਜੋ ਬਾਂਬੇ ਮਸ਼ੀਨ ਪ੍ਰੈਸ ਲਾਹੌਰ ਵਿਚ 1910 ਬਿ. ਨੂੰ ਪ੍ਰਕਾਸ਼ਿਤ ਹੋਇਆ ਸੀ। ਹੁਣ ਇਸ ਗ੍ਰੰਥ ਨੂੰ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਨੇ ਸੰਪਾਦਨ ਕਰਕੇ ਪ੍ਰਕਾਸ਼ਿਤ ਕੀਤਾ ਹੈ।

4. ਪੰਡਿਤ ਗੋਬਿੰਦ ਸਿੰਘ ਜੀ ਕਾਸ਼ੀ ਵਾਲਿਆਂ ਨੇ ਨਯਾਯ ਮੁਕਤਾਵਲੀ ਸੰਸਕ੍ਰਿਤ ਦੀ ਅਤੇ ਵੇਦਾਂਤ ਪਰਿਭਾਸ਼ਾ ਦਾ ਹਿੰਦੀ ਵਿਚ ਟੀਕੇ ਕੀਤੇ ਹਨ। ਵੇਦਾਂਤ ਪਰਿਭਾਸ਼ਾ 1979 ਬਿ. ਵਿਚ ਲਕਸ਼ਮੀ ਵੈਂਕਟੇਸ਼੍ਵਰ ਕਲਿਆਣ ਬੰਬਈ ਤੋਂ ਪ੍ਰਕਾਸ਼ਿਤ ਹੋਈ। ਆਪ ਜੀ ਗੁਰੂ ਨਾਨਕ ਦੇਵ ਜੀ ਦੇ ਅਨਨਯ ਭਗਤ ਸਨ। ਵੇਦਾਂਤ ਪਰਿਭਾਸ਼ਾ ਵਿਚ 8 ਪਰਿਸ਼ੇਦ ਹਨ ਅਤੇ ਇਨ੍ਹਾਂ ਨੇ ਅੱਠਾਂ ਹੀ ਪਰਿਸ਼ੇਦਾਂ ਦੇ ਆਰੰਭ ਵਿਚ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ ਕੀਤਾ-

**कुर्वत: सत्कृतिं सन्त: संस्मरन्ति यमव्ययम्।**
**येन केनामिधानेन वन्द्योऽसौ नानकोगुरु:।।**
**शब्द् मानं समुत्सृज्य नाहित यत्र प्रर्वतना।**
**मुख्यतोऽपरमानानां मेयोऽसौ नानकोगुरु:।।**

ਵੈਰਾਗ ਸ਼ਤਕ ਉਪਰ ਵੀ ਆਪ ਜੀ ਨੇ ਟਿਪਣੀ ਕੀਤੀ ਅਤੇ 'ਇਤਿਹਾਸ ਗੁਰੂ ਖਾਲਸਾ' (ਹਿੰਦੀ) ਅਪੂਰਵ ਗ੍ਰੰਥ ਲਿਖਿਆ।

5. ਪੰਡਿਤ ਗੁਰਦਿਤ ਸਿੰਘ ਜੀ ਨੇ (ੳ) ਗੁਰੂ ਤੇਗ ਬਹਾਦਰ ਜੀ ਦੇ ਨੌਵੇਂ ਮਹਲੇ ਦੇ ਸ਼ਲੋਕਾਂ ਦਾ ਸੰਸਕ੍ਰਿਤ ਅਨੁਵਾਦ 'ਸ੍ਰੀ ਗੁਰੂ ਗਿਰਾ ਰੁਪਾਂਤਰ' ਨਾਮਕ ਕਾਵਯ ਗ੍ਰੰਥ ਵਿਚ ਕੀਤਾ, ਯਥਾ-

**ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥**

**ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥**

ਸੰਸਕ੍ਰਿਤ ਰੂਪ

**हेशिष्य जानीहि पवित्र शिक्षां पचैव भूतानी शरीर हेतु:।**
**यत: समुत्पन्न मदोऽन्त काले तत्रैव लीन भवतीत सत्यम्।।**

ਇਹ ਗ੍ਰੰਥ 1916 ਈ. ਵਿਚ ਲਾਹੌਰ ਪ੍ਰਿੰਟਿੰਗ ਵਰਕਸ ਲਾਹੌਰ ਤੋਂ ਛਪਿਆ ਹੈ।

(ਅ) ਵੇਦਾਂਤ ਸਿਧਾਂਤ ਮੁਕਤਾਵਲੀ ਦਾ ਹਿੰਦੀ ਵਿਚ ਟੀਕਾ ਕੀਤਾ ਹੈ।

(ੲ) ਨੈਸ਼ਕਰਮ ਸਿੱਧੀ (ਵੇਦਾਂਤ ਦਾ ਪੁਰਾਤਨ ਗ੍ਰੰਥ) ਜੋ ਆਦਯ ਸ਼ੰਕਰਾਚਾਰਯ ਦੇ ਸ਼ਿਸ਼ ਸੁਰੇਸ਼ਵਰਾਚਾਰਯ ਨੇ ਲਿਖਿਆ ਹੈ। ਉਸ ਦਾ ਟੀਕਾ 1925 ਈ. ਵਿਚ ਬਾਂਬੇ ਮਸ਼ੀਨ ਪ੍ਰੈਸ ਲਾਹੌਰ ਤੋਂ ਛਪਿਆ ਹੈ।

(ਸ) ਗੁਰੂ ਨਾਨਕ ਅਸਟਕ ਅਤੇ ਗੁਰੂ ਗੋਬਿੰਦ ਸਿੰਘ ਜੀ ਅਸਟਕ ਸੰਸਕ੍ਰਿਤ ਵਿਚ ੩ ਹੋਰ ਲਘੂ ਗ੍ਰੰਥ ਹਨ।

6. ਪੰਡਿਤ ਬੁਧ ਸਿੰਘ ਜੀ (ਚੰਦਰ ਸਿੰਘ ਜੀ) ਨੇ ਤਰਕ ਸੰਗ੍ਰਹਿ ਦਾ ਪਦਕ੍ਰਿਤਯ ਟੀਕਾ ਸੰਸਕ੍ਰਿਤ ਵਿਚ ਲਿਖਿਆ ਹੈ। ਜੋ ਚੰਦਰ ਸਿੰਘ ਦੇ ਟੀਕੇ ਦੇ ਨਾਮ ਨਾਲ ਪ੍ਰਸਿੱਧ ਹੈ। ਇਸ ਗ੍ਰੰਥ ਵਿਚ ਦੋ ਦਰਸ਼ਨਾਂ ਦਾ ਸੁਮੇਲ ਹੈ। ਇਸ ਗ੍ਰੰਥ ਦਾ ਅਧਿਐਨ ਕਰਨ ਵਾਲਾ ਵਿਦਿਆਰਥੀ ਦੋ ਦਰਸ਼ਨਾਂ ਵਿਚ ਯੋਗਤਾ ਪ੍ਰਾਪਤ ਕਰ ਜਾਂਦਾ ਹੈ। ਨਯਾਯ ਅਤੇ ਵਿਸ਼ੇਸ਼ਕ ਵਿਚ ਪੰਡਿਤ ਜੀ ਗ੍ਰੰਥ ਦਾ ਮੰਗਲ ਇਸ ਪ੍ਰਕਾਰ ਕਰਦੇ ਹਨ–

**श्रीगणेशं नमस्कृत्य पार्वतीशङ्करं परम्।**
**मया चन्द्रजसिंहेन क्रियते पदकृत्यकम्।।**
**यस्मादिदमहं मन्ये बालानामुपकारकम्।**
**तस्माद्धितकरं वाक्यं वक्तव्यं विदुषा सदा।।**

ਉਨ੍ਹਾਂ ਦੇ ਨਾਮ ਨੂੰ ਆਮ ਆਦਮੀ ਨਹੀਂ ਸਮਝ ਸਕਦਾ। ਉਨ੍ਹਾਂ ਨੇ ਆਪਣੇ ਨਾਮ ਨੂੰ ਵਿਦਵਤਾ ਪੂਰਵਕ ਆਪਣੇ ਪਿਤਾ ਦੇ ਨਾਮ ਦੇ ਨਾਲ ਜੋੜ ਦਿਤਾ 'ਚੰਦ੍ਰਸਯ ਜਾਤ: ਚੰਦਰਜ' ਚੰਦਰ ਸਿੰਘ ਦਾ ਪੁੱਤਰ ਚੰਦਰਜ ਇਹ ਉਨ੍ਹਾਂ ਦੀ ਵਿਦਵਤਾ ਦੀ ਮਹਾਨਤਾ ਹੈ।

7. ਸੁਆਮੀ ਪ੍ਰੇਮ ਸਿੰਘ ਜੀ ਰਿਸ਼ੀਕੇਸ਼ ਝਾੜੀ ਵਾਲਿਆਂ ਨੇ ਗੁਰੂ ਉਪਮਾ ਵਿਚ 3 ਸਤੋਤ੍ਰ– 1. ਵਾਹਿਗੁਰੂ ਮੰਤਰ ਸਤੋਤ੍ਰ 2. ਗੁਰੂ ਸਤੁਤੀ ਦਸ਼ਕਮ 3. ਸ੍ਰੀ ਗੁਰੂ ਸਤੁਤਿਸਾਰ ਸਤੋਤ੍ਰਮ, ਸੰਸਕ੍ਰਿਤ ਵਿਚ ਲਿਖੇ ਹਨ। ਨਿਰਮਲ ਪੰਚਾਇਤੀ ਅਖਾੜਾ ਕਨਖਲ ਵਿਚ ਰਹਿਰਾਸ ਦੀ ਅਰਦਾਸ ਉਪਰੰਤ ਜੋ ਸਲੋਕ ਬੋਲੇ ਜਾਂਦੇ ਹਨ, ਇਹ ਸੁਆਮੀ ਪ੍ਰੇਮ ਸਿੰਘ ਜੀ ਦੇ ਉਚਾਰਨ ਕੀਤੇ ਹਨ।

ਸ੍ਰੀ ਵਾਹਿਗੁਰੂ ਮੰਤਰਸਤੋਤਰਮ

**कृत्वा द्वादश वर्ण मन्त्र मथनं वाकार वर्णशुभम्।**
**धृत्वा षोडश वर्ण मन्त्रमथनं कृत्वा हवर्णञ्च तौ।।**
**मेलित्वा सुखदं सतां त्रिभुवने वाहेति निष्पादितम्।**
**मन्त्रार्द्धं मनसा जपन्ति हृदये ये ते न संसारिण:।।२।।**

**गोविंदं हरिनाम पावन तरङ्कण्ठे च धृत्वायत:।**
**संसारार्णव पारतीर गमनङ्कुर्वन्ति सर्वे तत:।।**
**गो वर्ण कुषितञ्च राक्षर शुभं रामस्य धामादिदम्।**
**आनीतं गुरुणाप्रमोद भवनं रामाख्य मन्त्रस्य वै।।३।।**

**हस्वं मोदकरं पृषोदरगणे सूत्वं हि कृत्वा शुभम्।**
**मेलित्वा यमलोक मोचन करं रूपं गुरूं साधितम्।**
**तैर्वर्णै र्जपतां हि गाढतमसाँ मार्तण्ड तीव्र: कृत:।**
**हानौ वाहगुरूश्च सर्वफलदो नो वाऽस्य तुल्योऽपर:।**

ਗੁਰੂ ਸਤੁਤਿ ਦਸ਼ਕਮ

**कृते घृत्वा वै योऽछलयत बलिं वामन तनुम्।**
**दशास्यन्त्रेतायां सकुल मवधीद्योही कृपया।**
**अथो कंसं हत्वा दिवमगमयद्द्वापर युगे।**
**महाशान्तं वन्दे जनि मृति हरन्नानक गुरुम्।।१।।**

**गृहीत्वा नाराचं यवन कुलहन्ता गुरू रहो।**
**स्वधर्म सर्वेषामकथयत शिष्यैः परिवृतः।**
**कृताः कीटाः सिंहा भुवन विदिता येन वलिनः।**
**सुगोबिन्दं सिंहञ्जनिमृति हरन्नौमि शिरसा।।१०।।**

ਸ੍ਰੀ ਗੁਰੂ ਸਤੁਤਿਸਾਰ ਸਤੋਤਰਮ

**यो वन्दाः खलु पापानाशन परो ध्येयो जनैः सर्वदा।**
**श्लाध्यो वै भुविपण्डितैश्च सुखदो धीदोषहा धर्मदः।।**
**भक्तानामपि वाच्छितादिफलदः श्रद्धावतां धीमताम ।**
**वन्देतं गुरू नानकादि रचितं ग्रन्थं परं पावनम्।।२।।**

**यो माया भव बीज भर्जन करो दाता च नः सम्पदाम्।**
**मुढानामपि बोधकारक परः कामादि निस्तर्जकः।**
**यं श्रुत्वा मनसा लभेत कुशलो मोहादि हानं परम्।**
**वन्दे तं गुरु नानकादि रचितं ग्रन्थं परं पावनम्।।३।।**

ਜਿਸ ਨੂੰ ਸ੍ਰੀਮਾਨ 108 ਮਹੰਤ ਆਤਮਾ ਸਿੰਘ ਜੀ ਨਿਰਮਲ ਆਸ਼ਰਮ ਰਿਸ਼ੀਕੇਸ਼ ਵਾਲਿਆਂ ਨੇ ਛਾਪਿਆ ਅਤੇ ਇਸੇ ਸਥਾਨ ਦੇ ਵਰਤਮਾਨ ਮਹਾਪੁਰਸ਼ ਸੰਤ ਬਾਬਾ ਰਾਮ ਸਿੰਘ ਜੀ ਜੋ ਸੇਵਾ ਸਿਮਰਨ ਸਤਿਸੰਗ ਦੁਆਰਾ ਪਰਉਪਕਾਰ ਦੇ ਕਾਰਜ ਦੁਆਰਾ ਸੰਗਤ ਨੂੰ ਪ੍ਰਭੂ ਦੇ ਨਾਲ ਜੋੜਦੇ ਹਨ ਅਤੇ ਸੰਤ ਬਾਬਾ ਜੋਧ ਸਿੰਘ ਜੀ ਮਹਾਰਾਜ ਜਿਹੜੇ ਹਮੇਸ਼ਾ ਸੇਵਾ ਸਿਮਰਨ ਸਤਸੰਗ ਅਤੇ ਪਰਉਪਕਾਰ ਦੇ ਕੰਮ ਕਰਦੇ ਹਨ, ਜਿਨ੍ਹਾਂ ਦੇ ਸੇਵਾ ਪਰਉਪਕਾਰ ਦਾ ਆਕਾਰ ਨਿਰਮਲ ਆਸ਼ਰਮ ਦੀਆਂ ਅਨੇਕ ਸੇਵਾਵਾਂ ਜੋ ਭੇਖ ਅਤੇ ਸਮਾਜ ਨੂੰ ਦੇ ਰਹੇ ਹਨ।

8. ਪੰਡਿਤ ਹਰੀ ਸਿੰਘ ਜੀ ਕਾਸ਼ੀ ਵਾਲਿਆਂ ਨੇ 'ਗੁਰੂ ਸਿਧਾਂਤ ਪਾਰਿਜਾਤ' ਦਸ ਗੁਰੂਆਂ ਅਤੇ ਗੁਰਮਤਿ ਸਿਧਾਂਤ ਬਾਰੇ ਗ੍ਰੰਥ ਲਿਖਿਆ ਹੈ।

**यद्ब्रह्म प्रणवात्मकं कृतयुगे सार्द्धत्रिमात्रात्मकं, त्रेतायां**
**च युगे तदेव समभृद् वेदत्रयीरूपधृक । भूयोऽभूत् च पुराणमारतवपुर्,**
**व्यासाद् युगे द्वापरे, त्रदं श्रीग्रन्थवपुर् गुरोः कलिजनोद्धाराय तिष्ये युगे।।१।**

9. ਪੰਡਿਤ ਨਿਹਾਲ ਸਿੰਘ ਜੀ ਪਿੰਡ ਥੋਹਾ ਖਾਲਸਾ ਨੇ ਸੰਸਕ੍ਰਿਤ ਵਿਚ ਖਾਲਸਾ ਸ਼ਤਕ ਅਪੂਰਵ ਗ੍ਰੰਥ ਲਿਖਿਆ ਜਿਸ ਦੀ ਅਸੀਂ ਚਰਚਾ ਸ਼ਾਸਤ੍ਰਾਰਥ ਪ੍ਰਕਰਨ ਵਿਚ ਕਰਾਂਗੇ।

10. ਪੰਡਿਤ ਤਾਰਾ ਸਿੰਘ ਜੀ ਤਰਨਤਾਰਨ ਵਾਲਿਆਂ ਨੇ 'ਮੁਮੁਖਸ਼ੁ ਬੋਧਨ' ਗ੍ਰੰਥ ਲਿਖਿਆ।

11. ਇਕ ਗ੍ਰੰਥ 'ਗੁਰੂ ਨਾਨਕ ਰਤਨਾਕਰ' 1933 ਈ. ਵਿਚ ਗੁਟਕੇ ਦੇ ਆਕਾਰ ਵਿਚ ਪ੍ਰਕਾਸ਼ਿਤ ਹੋਇਆ ਹੈ। ਜਿਸ ਵਿਚ ਦੇਸ਼ ਦੇ ਵਿਦਵਾਨਾਂ ਉਦਾਸੀਆਂ ਪੰਡਿਤਾਂ ਦੇ ਅਨੇਕ ਸਤੋਤ੍ਰ ਹਨ ਪਰ ਨਿਰਮਲ ਭੇਖ ਦੇ ਮਹਾਪੁਰਖਾਂ ਦੇ ਬਹੁਤ ਗਿਣਤੀ ਵਿਚ ਸਤੋਤ੍ਰ ਅਸ਼ਟਕ ਅੰਕਿਤ ਹਨ, ਜਿਸ ਵਿਚ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ ਦੂਸਰੇ ਸਾਰੇ ਸਾਹਿਬਾਨਾਂ ਦੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਉਸਤਤੀ ਵਿਚ ਕਿੰਨੇ ਹੀ ਸਤੋਤ੍ਰ ਅੰਕਿਤ ਹਨ। ਜਿਨ੍ਹਾਂ ਤੋਂ ਨਿਰਮਲੇ ਮਹਾਪੁਰਖਾਂ ਦੀ ਵਿਦਵਤਾ ਭਗਤੀ ਅਤੇ ਪ੍ਰੇਮ ਦਾ ਪਤਾ ਲਗਦਾ ਹੈ।

12. ਪੰਡਿਤ ਕੌਰ ਸਿੰਘ ਜੀ ਨੇ ਪੰਜਾਬ ਤੋਂ ਬਾਹਰ ਗੁਰਮਤਿ ਦੀ ਵਿਸ਼ੇਸ਼ਤਾ ਦਰਸਾਉਣ ਵਾਸਤੇ 'ਗੁਰੂ ਕੌਮੁਦੀ' ਨਾਮਕ ਸੰਸਕ੍ਰਿਤ ਗ੍ਰੰਥ ਲਿਖਿਆ ਹੈ।

13. ਸਵਾਮੀ ਮੰਗਲ ਹਰੀ ਜੀ (ਵਿਰੱਕਤ) ਨੇ ਪੰਚਮਾਸ਼ਰਮ ਨਾਮ ਦਾ ਗ੍ਰੰਥ ਲਿਖਿਆ।

ਪੂਜਯ ਸਵਾਮੀ ਜੀ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਖਸ਼ਿਸ਼ ਕੀਤੇ ਹੋਏ ਆਸ਼ੀਰਵਾਦ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਦਿਤਾ ਸੀ ਕਿ ਨਿਰਮਲੇ ਸੰਤ ਅਗੇ ਚਲ ਕੇ ਬ੍ਰਾਹਮਣਾਂ ਨੂੰ ਵਿਦਿਆ ਪੜ੍ਹਾਉਣਗੇ। ਉਸ ਨੂੰ ਨਿਰਮਲੇ ਸੰਤਾਂ ਨੇ ਸਮੇਂ-ਸਮੇਂ ਸਿਰ ਪੂਰਾ ਕੀਤਾ। ਜਿਸਦੀ ਉਦਾਹਰਨ ਸਵਾਮੀ ਮੰਗਲ ਹਰੀ ਜੀ ਹਨ ਜੋ ਦਾਸ ਦੇ ਖਾਨਦਾਨ ਵਿਚੋਂ ਪੜਦਾਦਾ ਜੀ ਲਗਦੇ ਸਨ। ਜਿਨ੍ਹਾਂ ਪਾਸੋਂ ਅਨੇਕਾਂ ਹੀ ਬ੍ਰਹਮਣਾਂ ਨੇ ਅਨਯ ਮਤ ਦੇ ਵਿਦਵਾਨਾਂ ਨੇ ਵਿਦਿਆ ਪ੍ਰਾਪਤ ਕੀਤੀ। ਜਿਸ ਤਰ੍ਹਾਂ ਵਿਸ਼ਵ ਵਿਖਿਆਤ ਵਿਰੱਕਤ ਸ਼੍ਰੋਮਣੀ ਸਵਾਮੀ ਵਾਮਦੇਵ ਜੀ ਨੇ ਪੂਜਯ ਸਵਾਮੀ ਜੀ ਨੇ ਉਨ੍ਹਾਂ ਦੀ ਮੰਡਲੀ ਵਿਚ ਰਹਿ ਕਰਕੇ ਉਨ੍ਹਾਂ ਕੋਲੋਂ ਵਿਦਿਆ ਅਧਿਐਨ ਕੀਤਾ। ਉਨ੍ਹਾਂ ਪਾਸੋਂ ਹੀ ਨਿਰਮਲ ਭੇਖ ਭੂਸ਼ਣ ਵਰਤਮਾਨ ਸ੍ਰੀ ਮਹੰਤ ਪੰਡਿਤ ਗਿਆਨ ਦੇਵ ਸਿੰਘ ਜੀ ਵੇਦਾਂਤਾਚਾਰਯ ਜੀ ਨੇ ਵਿਦਿਆ ਪ੍ਰਾਪਤ ਕੀਤੀ। ਦਾਸ ਦੇ ਵਿਦਿਆ ਗੁਰੂ ਸ਼੍ਰੋਮਣੀ ਸੁਵਾਮੀ ਰਵੀਪੁਰੀ ਮੋਨੀ ਜੀ ਮਹਾਰਾਜ ਅਤੇ ਜਗਨਨਾਥ ਪੁਰੀ ਦੇ ਵਰਤਮਾਨ ਸ਼ੰਕਰਾਚਾਰਯ ਪੂਜਯ ਸਵਾਮੀ ਨਿਸਚਲਾਨੰਦ ਜੀ ਆਦਿ ਅਨੇਕਾਂ ਵਿਦਵਾਨਾਂ ਨੇ ਵੀ ਉਨ੍ਹਾਂ ਕੋਲੋਂ ਹੀ ਵਿਦਿਆ ਪ੍ਰਾਪਤ ਕੀਤੀ। ਸਵਾਮੀ ਮੰਗਲ ਹਰੀ ਜੀ ਦੇ ਨਿਮਨ ਗ੍ਰੰਥ ਦਾਸ ਨੂੰ ਬ੍ਰਿੰਦਾਬਨ ਦੇ ਇਕ ਡੰਡੀ ਸੁਆਮੀ ਕੈਵਲਿਆ ਨੰਦ ਜੀ ਤੋਂ ਪ੍ਰਾਪਤ ਹੋਏ- (ੳ) ਪੰਚਮ ਆਸ਼ਰਮ (ਅ) ਸਵਰਾਜਯ ਸਿਧੀ (ੲ) ਮੂਰਤੀ ਪੂਜਾ।

ਸੁਆਮੀ ਵਾਮਦੇਵ ਜੀ ਨੇ ਇਕ ਲੇਖ ਵਿਚ ਲਿਖਿਆ ਹੈ ਸੁਆਮੀ ਮੰਗਲ ਹਰੀ ਜੀ ਦੀਆਂ ਨਿਮਨਲਿਖਿਤ ਸਾਹਿਤਯਕ ਰਚਨਾਵਾਂ ਸਨ-

ੳ) ਬ੍ਰਹਮ ਅਭਿਆਸ ਸੰਸਕ੍ਰਿਤ ਸ਼ਲੋਕ ਵਾਲਾ
ਅ) ਪੈਂਤੀਸ ਅਖਰੀ ਕਵਿਤਾ ਮੂਲ ਟੀਕਾ ਦੇਵਨਾਗਰੀ
ੲ) ਪੰਚਮ ਆਸ਼ਰਮ ਸੰਸਕ੍ਰਿਤ ਭਾਸ਼ਾ ਟੀਕਾ
ਸ) ਸਵਰਾਜਯ ਸਿਧੀ ਭਾਸ਼ਾ ਟੀਕਾ ਹਿੰਦੀ
ਹ) ਵਿਵੇਕਵਤੀ ਭਾਸ਼ਾ ਟੀਕਾ
ਕ) ਗੀਤਾ ਭਾਸ਼ ਟੀਕਾ ਹਿੰਦੀ

ਜਗਤ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਅਪਾਰ ਬਖਸ਼ਿਸ਼ਾਂ ਦਾ ਭੰਡਾਰ ਪ੍ਰਾਪਤ ਨਿਰਮਲ ਪੰਥ ਦੇ ਕਰਮ ਯੋਗੀ ਸੰਤ ਪੁਰਖਾਂ ਨੇ ਕਹਿਣੀ, ਕਰਨੀ, ਕਥਨੀ ਦੇ ਸੁਮੇਲ ਨੂੰ ਸਾਖਸ਼ਾਤ ਕਿਰਿਆਤਮਿਕ ਕਰ ਵਿਖਾਇਆ ਹੈ। ਸੇਵਾ ਸਿਮਰਨ ਵਿਚ ਰੰਗੇ, ਜਤ ਸਤ ਵਾਲੇ, ਸੰਤੋਖੀ, ਗੁਰੂ ਨਿਸ਼ਚਾ ਆਗਿਆਕਾਰੀ, ਗੁਰਬਾਣੀ/ਗੁਰਮਤਿ, ਗੁਰਇਤਿਹਾਸ ਦੇ ਧੁਰੰਧਰ ਗਿਆਤਾ, ਗੁਰਦੁਵਾਰਿਆਂ ਦੀ ਕਾਰ ਸੇਵਾ, ਪ੍ਰਬੰਧ ਵਿਚ ਮੋਹਰੀ ਨਿਪੁੰਨ, ਪੰਥ ਦੇਸ਼ ਦੀ ਰਾਜਨੀਤੀ ਵਿਚ ਨਿਪੁੰਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੋਹਰੀ ਅਹੁਦੇਦਾਰ, ਅਕਾਲੀ ਲਹਿਰ ਵੇਲੇ ਸਾਂਤ ਚਿੱਤ ਜੇਲ੍ਹਾਂ ਕਟਣ ਵਾਲੇ, ਤੇਗ ਦੇ ਧਨੀ, ਦੇਸ਼ ਸੇਵਾ ਵਿਚ ਮੋਹਰੀ, ਸ਼ਹੀਦਾਂ ਦੀ ਕਤਾਰ ਵਿਚ ਲੱਗਣ ਵਾਲੇ ਸਾਹਿਤਕ ਸੇਵਾ ਵਿਚ ਸਭ ਤੋਂ ਅੱਵਲ, ਨਿਰਮਲੇ ਸੰਤਾਂ ਨੇ ਆਪਣੇ ਮਨੋਹਰ ਬਚਨਾਂ ਰਾਹੀਂ ਕਥਾ ਵਖਿਆਨਾਂ ਰਾਹੀਂ ਸਮਾਜ ਅੰਦਰ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਦੇ ਹੋਏ ਆਪ ਇਸ ਮਿਥਿਆ ਸੰਸਾਰ ਤੋਂ ਵਿਰਕਤ ਰਹਿ ਕੇ ਸੰਸਾਰ ਤੋਂ ਵਿਰੱਕਤ ਰਹਿ ਕੇ ਸੰਸਾਰ ਦਾ ਸਮਾਜ ਦਾ ਪਦ ਦਰਸ਼ਨ ਬਣੇ। ਉਥੇ ਸਤਿਗੁਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਵਿਸ਼ੇਸ਼ ਵਰਦਾਨ ਦੁਆਰਾ ਸੰਸਕ੍ਰਿਤ ਭਾਸ਼ੀ ਵੇਦ ਵੇਦਾਂਗ, ਦਰਸ਼ਨ, ਪੁਰਾਣਾਂ, ਸਮ੍ਰਿਤੀਆਂ ਦਾ ਉੱਚ ਕੋਟੀ ਦਾ ਅਧਿਐਨ ਕਰਕੇ ਪ੍ਰਕਾਂਡ ਪੰਡਿਤਾਂ ਦੀ ਮੋਹਰੀ ਸ਼੍ਰੰਖਲਾ ਵਿਚ ਸਥਾਨ ਬਣਾਇਆ।

ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ਼੍ਰੀ ਕਲਗੀਧਰ ਦਸਮੇਸ਼ ਜੀ ਤਕ ਅਤੇ ਕਲਯੁਗ ਵਿਚ ਸ਼ਾਖਸਾਤ ਸਤਿਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਸੰਸਕ੍ਰਿਤ ਭਾਸ਼ਾ, ਗੁਰਮੁਖੀ ਲਿਪੀ ਰਾਹੀਂ ਸਾਰੇ ਸੰਸਾਰ ਵਿਚ ਪਹੁੰਚਾਇਆ ਅਤੇ ਵਿਸ਼ੇਸ਼ ਕਰਕੇ ਹੋਰ ਅਨਯ ਮਤਾਂ ਦੇ ਵਿਦਵਾਨਾਂ ਨਾਲ ਉੱਚ ਕੋਟੀ ਦੇ ਸ਼ਾਸਤ੍ਰਾਰਥ ਕਰਕੇ ਵਿਜੈ ਪ੍ਰਾਪਤ ਕੀਤੀ ਅਤੇ ਹਰੇਕ ਗੋਸ਼ਟੀ ਚਰਚਾ ਵਿਚ ਸਤਿਗੁਰਾਂ ਦੇ ਉਪਦੇਸ਼ ਨੂੰ ਸਰਵੋਪਰੀ ਕਥਨ ਕੀਤਾ। ਇਸ ਤਰ੍ਹਾਂ ਨਿਰਮਲ ਪੰਥ ਦੇ ਇਨ੍ਹਾਂ ਮਹਾਨ ਵਿਦਵਾਨਾਂ ਦੀ ਸ਼੍ਰੰਖਲਾ ਬਹੁਤ ਲੰਮੀ ਹੈ, ਜਿਨ੍ਹਾਂ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ਼੍ਰੀ ਕਲਗੀਧਰ ਦਸ਼ਮੇਸ਼ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਈਸ਼ਵਰੀ ਉਪਦੇਸ਼ਾਂ ਦਾ ਧ੍ਵਜ ਸ਼ਾਸਤ੍ਰਾਰਥ ਦੁਆਰਾ ਸਾਰੇ ਸੰਸਾਰ ਅੰਦਰ ਬੁਲੰਦ ਕੀਤਾ। ਪ੍ਰਮੁਖ ਸ਼ਾਸਤ੍ਰਾਰਥ ਕਰਨ ਵਾਲੇ ਸਤਪੁਰਖਾਂ ਦੀ ਸ਼੍ਰੰਖਲਾ ਇਸ ਤਰ੍ਹਾਂ ਹੈ-

1. ਸ੍ਰੀਮਾਨ ੧੦੮ ਪੰਡਿਤ ਸਦਾ ਸਿੰਘ ਜੀ ਕਾਸ਼ੀ ਵਾਲੇ
2. ਸ੍ਰੀਮਾਨ ੧੦੮ ਪੰਡਿਤ ਦੀਵਾਨ ਸਿੰਘ ਜੀ ਠੀਕਰੀਵਾਲ ਵਾਲੇ
3. ਸ੍ਰੀਮਾਨ ੧੦੮ ਪੰਡਿਤ ਠਾਕਰ ਨਿਹਾਲ ਸਿੰਘ ਜੀ ਯੋਗ ਖਾਲਸਾ ਵਾਲੇ
4. ਸ੍ਰੀਮਾਨ ੧੦੮ ਪੰਡਿਤ ਈਸ਼ਰ ਸਿੰਘ ਜੀ ਬਾੜੀਆਂ ਕਲਾਂ ਵਾਲੇ
5. ਸ੍ਰੀਮਾਨ ੧੦੮ ਪੰਡਿਤ ਮਹੇਸਰਾ ਸਿੰਘ ਜੀ
6. ਸ੍ਰੀਮਾਨ ੧੦੮ ਪੰਡਿਤ ਗਿਆਨੀ ਗਿਆਨ ਸਿੰਘ ਜੀ ਮਹਾਰਾਜ ਬਰਨਾਲੇ ਵਾਲੇ ਮਹਾਨ ਇਤਿਹਾਸਕਾਰ
7. ਸ੍ਰੀਮਾਨ ੧੦੮ ਸੰਤ ਮਹਾਂ ਕਵੀ ਗਿਆਨੀ ਸੰਤੋਖ ਸਿੰਘ ਜੀ ਕਵੇਂਦਰ

**1. ਸ੍ਰੀਮਾਨ ੧੦੮ ਪੰਡਿਤ ਸਦਾ ਸਿੰਘ ਜੀ ਕਾਸ਼ੀ ਵਾਲੇ 'ਸ਼ਾਸਤ੍ਰਾਰਥ ਨਰੇਸ਼'-**

ਵਿਆਕਰਣ, ਨਯਾਯ, ਵੇਦਾਂਤ ਸੰਸਕ੍ਰਿਤ ਦੇ ਪ੍ਰਕਾਂਡ ਵਿਦਵਾਨ ਭਾਵੇਂ ਥਾਨੇਸਰ (ਕੁਰੁਕਸ਼ੇਤਰ) ਕੈਥਲ ਵਿਚ ਵੀ ਬਹੁਤ ਹੋਏ ਹਨ ਪਰੰਤੂ ਕਾਸ਼ੀ ਵਿਚ ਪ੍ਰਾਚੀਨ ਸਮੇਂ ਤੋਂ ਨਯਾਯ, ਵੇਦਾਂਤ, ਸੰਸਕ੍ਰਿਤ ਭਾਸ਼ੀ ਵਿਦਵਾਨਾਂ ਦਾ ਸਥਾਨ ਸਰਵੋਪਰੀ ਹੈ। ਕਾਸ਼ੀ ਵਿਚ ਚੇਤਨ ਮੱਠ ਪੰਜਾਬੀ ਨਿਰਮਲੇ ਸਤਪੁਰਖਾਂ ਦਾ ਪ੍ਰਸਿਧ ਮੁਖ ਸਥਾਨ ਹੈ ਜੋ ਸੰਸਕ੍ਰਿਤ ਭਾਸ਼ੀ ਵਿਦਿਆ ਦਾ ਕੇਂਦਰ ਹੈ।

ਕਾਸ਼ੀ ਵਿਚ ਸ੍ਰੀ ਸਵਾਮੀ ਪੰਡਿਤ ਸਦਾ ਸਿੰਘ ਜੀ ਆਪਣੇ ਸਮੇਂ ਦੇ ਗੁਰਬਾਣੀ/ਗੁਰਮਤਿ/ਗੁਰਇਤਿਹਾਸ, ਵਿਆਕਰਣ, ਨਯਾਯ, ਵੇਦਾਂਤ ਦੇ ਅਪੂਰਵ ਵਿਦਵਾਨ ਸਨ। ਇਕ ਵੇਰ ਇਕ ਦਿਗ ਵਿਜਈ ਪੰਡਿਤ ਨੇ ਕਾਸ਼ੀ ਦੇ ਵਿਦਵਾਨਾਂ ਨੂੰ ਸ਼ਾਸਤ੍ਰਾਰਥ ਕਰਨ ਵਾਸਤੇ ਵੰਗਾਰਿਆ। ਕਾਸ਼ੀ ਦੇ ਸਾਰੇ ਵਿਦਵਾਨਾਂ ਨੇ ਇਕ ਇਕੱਠ ਕਰਕੇ ਸਭ ਦੀ ਰਾਇ ਮੰਗੀ। ਸਾਰੇ ਵਿਦਵਾਨ ਇਕੱਠ ਵਿਚ ਸ਼ਾਂਤ ਚਿਤ ਬੈਠੇ ਰਹੇ। ਅਕਸਮਾਤ ਸ੍ਰੀ ਸਵਾਮੀ ਸਦਾ ਸਿੰਘ ਜੀ ਨੇ ਸਭਾ ਵਿਚ ਉਠ ਕੇ ਉਸ ਦਿਗ ਵਿਜਈ ਪੰਡਿਤ ਦੀ ਵੰਗਾਰ ਨੂੰ ਸਵੀਕਾਰ ਕੀਤਾ। ਸ਼ਾਸਤ੍ਰਾਰਥ ਆਰੰਭ ਹੋਇਆ। ਸਵਾਮੀ ਸਦਾ ਸਿੰਘ ਜੀ ਨੇ ਅਨੇਕ ਪ੍ਰਮਾਣਾਂ/ਦ੍ਰਿਸ਼ਟਾਤਾਂ ਦੁਆਰਾ ਵਿਜੈ ਪ੍ਰਾਪਤ ਕੀਤੀ। ਸਾਰੀ ਕਾਸ਼ੀ ਵਿਚ ਪੰਡਿਤ ਸਦਾ ਸਿੰਘ ਜੀ ਦੀ ਜੈ ਜੈ/ਯਸ ਹੋ ਗਿਆ। ਸਵਾਮੀ ਜੀ ਨੂੰ ਸਨਮਾਨਿਤ ਕਰਨ ਦਾ ਫੈਸਲਾ ਹੋਇਆ। ਵਿਚਾਰ ਵਿਮਰਸ਼ ਤੋਂ ਬਾਅਦ ਨਿਰਨਯ ਹੋਇਆ ਕਿ ਪੰਡਿਤ ਜੀ ਦੀ ਸ਼ੁਭ ਰਾਇ ਲਈ ਜਾਵੇ ਕਿ ਉਨ੍ਹਾਂ ਨੂੰ ਕਿਸ ਉਪਾਧੀ (ਸਨਮਾਨ) ਨਾਲ ਵਿਭੂਸ਼ਿਤ ਕੀਤਾ ਜਾਵੇ। ਸਵਾਮੀ ਜੀ ਨੇ ਆਪਣੀ ਤੀਕਸ਼ਣ ਬੁਧੀ ਦੁਆਰਾ ਦੰਡੀ ਪਦ ਦੀ ਯਾਚਨਾ ਕੀਤੀ। (ਦੰਡੀ ਦਾ ਅਰਥ ਹੈ ਤਾਕਤਵਰ ਸੋਟੀ ਵਾਲਾ) ਇਸ ਤਰ੍ਹਾਂ ਸਵਾਮੀ ਜੀ ਦੇ ਅਨੁਸਾਰ ਉਨ੍ਹਾਂ ਨੂੰ ਦੰਡੀ ਸਨਮਾਨ ਨਾਲ ਵਿਭੂਸ਼ਿਤ ਕੀਤਾ ਗਿਆ। ਕਾਸ਼ੀ ਵਿਖੇ ਪੰਡਿਤ ਸਦਾ ਸਿੰਘ ਸ਼ਾਸਤ੍ਰਾਥਾਚਾਰਯ ਪ੍ਰਸਿਧ ਹੋਏ। ਪੰਡਿਤ ਜੀ ਨੇ 1776 ਈ. ਵਿਚ 'ਅਦ੍ਵੈਤ ਸਿਧੀ' ਦੀ 'ਸੁਗਮਸਾਰ ਚੰਦ੍ਰਕਾ' ਟੀਕਾ ਕੀਤਾ ਹੈ ਜੋ ਵੇਦਾਂਤ ਦਾ ਅਪੂਰਵ ਗ੍ਰੰਥ ਹੈ।

**2. ਸ੍ਰੀਮਾਨ ੧੦੮ ਪੰਡਿਤ ਦੀਵਾਨ ਸਿੰਘ ਜੀ-**

ਮਹਾਰਾਸ਼ਟਰ ਦੇ ਨਾਸਿਕ ਸ਼ਹਿਰ ਵਿਖੇ ਗੋਦਾਵਰੀ ਨਦੀ ਦੀ ਨਿਰਮਾਣ ਧਾਰਾ ਦੇ ਤੱਟ ਉਪਰ ਕੁਸਾਵ੍ਰਤ ਸਰੋਵਰ ਸਥਿਤ ਹੈ ਅਤੇ ਨਾਲ ਹੀ ਤ੍ਰਯੰਬਕੇਸ਼ਵਰ ਜੋਤ੍ਰਿਲਿੰਗ ਮੰਦਰ ਸੁਭਾਇਮਾਨ ਹੈ। ਹਰ ਕੁੰਭ ਪਰਵ ਉਪਰ ਇਸ ਕੁਸਾਵ੍ਰਤ ਸਰੋਵਰ ਵਿਚ ਇਸ਼ਨਾਨ ਅਤੇ ਜੋਤ੍ਰਿਲਿੰਗ ਮੰਦਰ ਵਿਖੇ ਦਰਸ਼ਨ ਪੂਜਾ ਹੀ ਕੁੰਭ ਪਰਵ ਦਾ ਮੁਖ ਮਹਾਤਮ ਹੈ। ਇਸ ਮੰਦਰ ਵਿਚ ਦਰਸ਼ਨ ਪੂਜਾ ਵੇਲੇ ਹਰ ਭਗਤ ਅਣਸੀਤੇ ਰੇਸ਼ਮੀ ਵਸਤ੍ਰ ਪਹਿਨ ਕੇ ਜਾਂਦਾ ਹੈ ਇਹ ਉਥੋਂ ਦਾ ਵਿਧਾਨ ਹੈ ਨਿਯਮ ਹੈ।

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼, ਧਰਮ, ਬਾਣੀ ਦੇ ਪ੍ਰਚਾਰ ਹਿਤ ਸਰਬ ਭਾਰਤ ਅਤੇ ਸੰਸਾਰ ਅੰਦਰ ਭਰਮਣ ਕਰਕੇ ਸਤਿਗੁਰੂ ਜੀ ਦਾ ਸਾਜਿਆ ਨਿਰਮਲ ਪੰਥ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ ਹਰੀਦੁਆਰ ਦੀ ਸਰਪ੍ਰਸਤੀ ਹੇਠ ਪਹਿਲੀ ਵੇਰ ਸੰਮਤ ਬਿਕ੍ਰਮੀ 1919 (ਸੰਨ 1862 ਈ.) ਵਿਚ ਨਾਸਿਕ ਵਿਖੇ ਕੁੰਭ ਪਰਵ 'ਤੇ ਨਾਮ ਬਾਣੀ ਦੇ ਪ੍ਰਚਾਰ ਵਾਸਤੇ ਪੰਜਾਹ ਦੇ ਕਰੀਬ ਸੰਸਕ੍ਰਿਤ ਵੇਦਾਂਤ ਗੁਰਮਤਿ ਗੁਰਬਾਣੀ ਦੇ ਧੁਰੰਧਰ ਵਿਦਵਾਨ ਨਿਰਮਲੇ ਮਹਾਂਪੁਰਖਾਂ ਨੇ ਬੜੀ ਸਜ-ਧਜ ਨਾਲ ਪ੍ਰਵੇਸ਼ ਕੀਤਾ।

ਸ੍ਰੀ ਮਾਨ ਪੰਡਿਤ ਰਾਮ ਸਿੰਘ ਜੀ ਕੁਬੇਰੀਏ ਦੀ ਅਧਿਅਕਸ਼ਤਾ ਹੇਠ ਕੁਸਾਵ੍ਰਤ ਸਰੋਵਰ ਵਿਖੇ ਇਸ਼ਨਾਨ ਤੋਂ ਬਾਅਦ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਸਤਪੁਰਖਾਂ ਸਮੇਤ ਮਹਾਂਦੇਵ ਜੋਤ੍ਰਿਲਿੰਗ ਮੰਦਰ ਵਿਖੇ ਪੂਜਾ ਅਰਚਨਾ ਨੂੰ ਪਹੁੰਚਿਆ ਪਰੰਤੂ ਉਥੋਂ ਦੇ ਪੁਜਾਰੀ ਪੰਡਿਤਾਂ ਨੇ ਇਹ ਕਹਿ ਕੇ ਰੋਕ ਦਿਤਾ ਕਿ ਨਾਨਕ ਪੰਥੀ ਮੱਤ ਕੋਈ ਵਿਦਵਾਨ ਨਹੀਂ ਹੈ ਅਤੇ ਜਾਤੀ ਭੇਦ ਨੂੰ ਵੀ ਨਹੀਂ ਮੰਨਦਾ ਅਤੇ ਇਸ ਤੋਂ ਪਹਿਲਾਂ ਕਦੀ ਪੂਜਾ ਵਾਸਤੇ ਇਹ ਪੰਥ ਨਹੀਂ ਪਹੁੰਚਿਆ, ਇਸ ਕਰਕੇ ਪੂਜਾ

ਅਰਚਨਾ ਨਹੀਂ ਕਰ ਸਕਦੇ। ਨਿਰਮਲੇ ਸੰਤ ਮਹਾਤਮਾ ਅਤੇ ਪੁਜਾਰੀ ਬ੍ਰਾਹਮਣਾਂ ਵਿਚ ਕਸ਼ ਮਕਸ਼ ਹੋ ਗਈ, ਬਸ ਫੇਰ ਕੀ ਸੀ, ਸਾਰੇ ਮੇਲੇ ਵਿਖੇ ਇਹ ਖ਼ਬਰ ਫੈਲ ਗਈ, ਰੌਲਾ ਪੈ ਗਿਆ। ਵੱਡੇ-ਵੱਡੇ ਵਿਦਵਾਨ ਬ੍ਰਾਹਮਣ ਪੁਜਾਰੀ ਅਤੇ ਪ੍ਰਬੰਧਕ ਮੇਲਾ ਅਫ਼ਸਰ ਭਾਰੀ ਨਫ਼ਰੀ ਸਮੇਤ ਪਹੁੰਚ ਗਿਆ। ਮੇਲਾ ਅਫ਼ਸਰ ਨਾਲ ਵਿਚਾਰ ਤੋਂ ਬਾਅਦ ਨਿਰਮਲੇ ਸੰਤਾਂ ਮਹਾਤਮਾ ਆਖਿਆ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਪੂਰਨ ਈਸ਼ਵਰ ਅਵਤਾਰ ਸਨ। ਉਹ ਸ੍ਰਿਸ਼ਟੀ ਦੇ ਉਧਾਰ ਹਿਤ ਪ੍ਰਗਟ ਹੋਏ ਸਨ ਅਤੇ ਉਨ੍ਹਾਂ ਦੇ ਹੀ ਪਾਵਨ ਉਪਦੇਸ਼ਾਂ ਨੂੰ ਨਿਰਮਲਾ ਪੰਥ ਸਰਵ ਭਾਰਤ ਵਿਚ ਭ੍ਰਮਣ ਕਰਕੇ ਪ੍ਰਚਾਰ ਕਰ ਰਿਹਾ ਹੈ। ਵੇਦ ਸ਼ਾਸਤ੍ਰਾਂ, ਪੁਰਾਣਾਂ, ਉਪਨਿਸ਼ਦਾਂ ਦਾ ਸਤਿਕਾਰ ਅਤੇ ਪ੍ਰਚਾਰ ਅਤੀ ਉਤਮ ਰੀਤੀ ਦੁਆਰਾ ਮੋਹਰੀ ਸ਼੍ਰੰਖਲਾ ਵਿਚ ਕਰ ਰਿਹਾ ਹੈ। ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਈਸ਼ਵਰੀ ਬਾਣੀ ਸਾਡਾ ਈਸ਼ਟ ਹੈ ਜੇਕਰ ਕਿਸੇ ਪੁਜਾਰੀ ਬ੍ਰਾਹਮਣ ਨੂੰ ਆਪਣੀ ਵਿਦਵਤਾ ਉਪਰ ਅਭਿਮਾਨ ਹੈ ਤਾਂ ਇਨ੍ਹਾਂ ਸਾਰੇ ਬੈਠੇ ਨਿਰਮਲੇ ਮਹਾਪੁਰਖਾਂ ਵਿਚੋਂ ਕਿਸੇ ਇਕ ਮਹਾਤਮਾ ਨਾਲ ਵਿਚਾਰ/ਸ਼ਾਸਤ੍ਰਾਰਥ ਕਰ ਸਕਦਾ ਹੈ।

ਬ੍ਰਾਹਮਣ ਪੁਜਾਰੀ ਵਰਗ ਅਤੇ ਮੇਲਾ ਅਫ਼ਸਰ ਸਹਿਮਤ ਹੋ ਗਏ। ਪੰਦਰਾਂ-ਪੰਦਰਾਂ ਮਹਾਤਮਾ ਦੀ ਵਿਚਾਰ ਹਿੱਤ ਸਹਿਮਤੀ ਹੋਈ। ਨਿਰਮਲੇ ਸਤਪੁਰਖਾਂ ਨੇ ਕਿਹਾ ਅਸੀਂ ਆਪਣੇ ਕਿਸੇ ਸੰਤ ਨੂੰ ਸ਼ਾਸਤ੍ਰਾਰਥ ਵਾਸਤੇ ਨੀਯਤ ਨਹੀਂ ਕਰਾਂਗੇ। ਪੁਜਾਰੀ ਸਾਡੇ ਵਿਚੋਂ ਕਿਸੇ ਵੀ ਸੰਤ ਉਪਰ ਹੱਥ ਰੱਖਣਗੇ ਉਹੋ ਹੀ ਮਹਾਪੁਰਖ ਵਿਚਾਰ ਕਰੇਗਾ। ਇਨ੍ਹਾਂ ਪੰਦਰਾਂ ਸਤਪੁਰਖਾਂ ਵਿਚ ਸਭ ਤੋਂ ਪਿਛੇ ਸਾਦੀ ਜਿਹੀ ਵੇਸ-ਭੂਸ਼ਾ ਵਿਚ ਸ੍ਰੀ ਮਾਨ ਪੰਡਿਤ ਦੀਵਾਨ ਸਿੰਘ ਜੀ ਮਹਾਰਾਜ ਬੈਠੇ ਸਨ। ਪੰਡਿਤਾਂ ਸੋਚਿਆ ਜੋ ਪੰਜਾਬੀ ਸਾਧੂ ਪਿਛੇ ਬੈਠੇ ਹਨ, ਸਾਧਾਰਨ ਹੀ ਲਗਦੇ ਹਨ, ਉਨ੍ਹਾਂ ਉਪਰ ਹੱਥ ਰਖ ਕੇ ਕਿਹਾ ਇਹ ਮਹਾਂਪੁਰਖ ਗੋਸ਼ਟੀ ਕਰਨ। ਮੇਲਾ ਅਫ਼ਸਰ ਦੀ ਅਤੇ ਦੋਹਾਂ ਪਾਸਿਆਂ ਦੀ ਸਹਿਮਤੀ ਨਾਲ ਸਮਾਂ ਨੀਯਤ ਹੋਇਆ।

ਸ਼ਾਸਤ੍ਰਾਰਥ ਸਮੇਂ ਅਗਲੇ ਦਿਨ ਰਾਜੇ ਮਹਾਰਾਜੇ ਵਿਦਵਾਨ ਪੰਡਿਤ ਅਤੇ ਨਿਰਮਲੇ ਸਤਪੁਰਖਾਂ ਦੀ ਸਭਾ ਲਗ ਗਈ। ਭਾਰੀ ਇਕੱਠ ਹੋਇਆ। ਸ੍ਰੀਮਾਨ ਪੰਡਿਤ ਦੀਵਾਨ ਸਿੰਘ ਜੀ ਉਠੇ ਅਤੇ ਸ਼ੇਰ ਦੀ ਗਰਜਣਾ ਦੁਆਰਾ ਸੰਸਕ੍ਰਿਤ ਭਾਸ਼ਾ ਵਿਚ ਵਖਿਆਨ ਆਰੰਭ ਕੀਤਾ ਅਤੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸ੍ਵੈ ਈਸ਼ਵਰ ਅਵਤਾਰ ਸਨ।

ਦੂਸਰੇ ਪੁਰਾਣਾਂ ਦੇ ਵਿਚ ਅਵਤਾਰਾਂ ਦੀਆਂ ਕਥਾਵਾਂ ਹਨ। ਇਸ ਕਰਕੇ ਗੁਰੂ ਜੀ ਦੇ ਅਵਤਾਰਾਂ ਦੀ ਕਥਾ ਪੁਰਾਣਾਂ ਦੇ ਵਿਚ ਹੈ। ਸ੍ਰੀਮਦ ਭਾਗਵਤ ਦੇ ਪਹਿਲੇ ਸਕੰਦ ਵਿਚ ਗੁਰੂ ਨਾਨਕ ਦਾ ਕਲਜੁਗ ਅੰਦਰ ਅਵਤਾਰ ਹੋਣਾ ਲਿਖਿਆ ਹੈ।

**अथासौयुगसन्ध्यायां दस्युप्राषुराजसु।**
**जनिताविष्णुयसोनाम्नाकल्किर्जगत्पति:।।१।।**

ਬੁਧ ਅਵਤਾਰ ਤੋਂ ਬਾਅਦ ਜੁਗ ਦੀ ਸੰਧੀ ਕਾਲ ਵਿਚ ਰਾਜਾ ਲੋਕ ਜਦੋਂ ਵਰਨ ਆਸ਼ਰਮਾਂ ਦੀ ਮਰਿਯਾਦਾ ਨੂੰ ਛੱਡ ਚੁਕੇ ਸਨ। ਉਸ ਸਮੇਂ ਜਗਤ ਪਤੀ ਪ੍ਰਮਾਤਮਾ ਨਾਨਕ ਰੂਪ ਅਵਤਾਰ ਧਾਰਨ ਕਰਕੇ ਕਲਜੁਗ ਦੇ ਦੋਸ਼ਾਂ ਨੂੰ ਦੂਰ ਕਰਨ ਉਪਦੇਸ਼ ਕਰਨਗੇ।

**कले: सन्ध्यांशकाले कल्क्यवतारइतिस्थिति:।**
**कलेरंते म्लेच्छगणानाशक: स भविष्यति।।१।।**

ਭਵਿਸ਼ਤ ਪੁਰਾਣ ਦੇ ਵਿਚ ਵੀ ਗੁਰੂ ਨਾਨਕ ਦੇ ਅਵਤਾਰ ਹੋਣ ਦੀ ਕਥਾ ਹੈ ਜੋ ਹੇਠ ਲਿਖੀ ਹੈ :

**ब्रह्माणांजनक:प्राह सन्देहोमेमहानभूत्।**
**कलौलोका भविष्यन्ति दुराचारा:सुपापिन:।।२।।**
**निष्कृतिश्च कथं तेषां नरकान्मेवद प्रभो।।३।।**

ਇਕ ਵਾਰ ਜਨਕ ਜੀ ਨੇ ਬ੍ਰਹਮਾ ਜੀ ਕੋਲੋਂ ਪੁਛਿਆ ਕਿ ਸਾਨੂੰ ਇਕ ਬਹੁਤ ਵੱਡੀ ਸ਼ੰਕਾ ਹੋ ਰਹੀ ਹੈ। ਉਹ ਇਹ ਕਲਜੁਗ ਦੇ ਲੋਕ ਬਹੁਤ ਦੁਰਾਚਾਰੀ ਹੋਣਗੇ। ਉਨ੍ਹਾਂ ਦਾ ਨਰਕਾਂ ਤੋਂ ਛੁਟਕਾਰਾ ਕਿਸ ਤਰ੍ਹਾਂ ਹੋਵੇਗਾ ? ਕ੍ਰਿਪਾ ਕਰਕੇ ਆਪ ਜੀ ਦਸੋ।

**जनकस्य वच:श्रुत्वा ब्रह्मा प्रोवाच सादरं।**
**शृणुराजन्कथांदिव्यां कलिपापप्रणाशिनीम्।।४।।**

ਜਨਕ ਜੀ ਦੀ ਇਹ ਗੱਲ ਸੁਣਕੇ ਬ੍ਰਹਮਾ ਜੀ ਬੜੇ ਸਤਿਕਾਰ ਨਾਲ ਬੋਲੇ ਹੇ ਰਾਜਨ ! ਕਲਜੁਗ ਦੇ ਪਾਪਾਂ ਦਾ ਨਾਸ਼ ਕਰਨ ਵਾਲੀ ਦਿਵਯ ਕਥਾ ਹੈ। ਉਸ ਨੂੰ ਤੁਸੀਂ ਸੁਣੋ।

**पूर्व द्रष्टुं विष्णुलोकं वैकुण्ठाख्यं गतं मया।**

**विष्णु:सकाशादाश्चर्य्य राजन्नेतन्मया श्रुतम्।।५।।**

ਬ੍ਰਹਮਾ ਜੀ ਕਹਿਣ ਲੱਗੇ ਹੇ ਰਾਜਨ ! ਇਕ ਵਾਰੀ ਮੈਂ ਵਿਸ਼ਨੂੰ ਦੇ ਦਰਸ਼ਨ ਕਰਨ ਲਈ ਬੈਕੁੰਠ ਧਾਮ ਗਿਆ ਸੀ, ਉਥੇ ਵਿਸ਼ਨੂੰ ਨੇ ਜੋ ਅਸਚਰਜ ਮੈਨੂੰ ਸੁਣਾਇਆ, ਉਸ ਨੂੰ ਤੁਸੀਂ ਸੁਣੋ।

**विष्णोर्लोकेमहाप्रज्ञो राज्ञातत्रस्थितेमयि।**
**स्तुत्वाम्बरीष:पप्रच्छ विष्णुसान्निध्यग:प्रभुम्।।६।।**

ਵਿਸ਼ਨੂੰ ਲੋਕ ਵਿਚ ਮੈਂ ਵਿਸ਼ਨੂੰ ਦੇ ਕੋਲ ਬੈਠਾ ਸੀ। ਇਤਨੇ ਨੂੰ ਮਹਾਨ ਬੁਧੀਮਾਨ ਅੰਬਰੀਸ਼ ਰਾਜਾ ਉਥੇ ਆਇਆ ਅਤੇ ਸਤੁਤੀ ਕਰਕੇ ਵਿਸ਼ਨੂੰ ਕੋਲੋਂ ਪੁੱਛਣ ਲਗਾ।

**विष्णुर्महाख्यानंश्रुतं भूलोकवासिनामया।**
**तत्रावतारा बहुशोमायिनस्त्वेवधारिता:।।७।।**

ਰਾਜਾ ਅੰਬਰੀਸ਼ ਨੇ ਵਿਸ਼ਨੂੰ ਨੂੰ ਕਿਹਾ ਕਿ ਭੂਲੋਕ ਵਾਸੀਆਂ ਦੇ ਕਥਨ ਤੋਂ ਮੈਨੂੰ ਪਤਾ ਲਗਾ ਹੈ ਕਿ ਤੁਸੀਂ ਭੂਲੋਕ ਦੇ ਵਿਚ ਬਹੁਤ ਸਾਰੇ ਅਵਤਾਰ ਧਾਰਨ ਕੀਤੇ ਹਨ।

**नामावतारश्चश्रुत: कदायास्यतितद्वद।**
**इतिपृष्टोमहा विष्णुर्विहस्याहाम्बरीषकम्।।८।।**

ਉਨ੍ਹਾਂ ਦੇ ਵਿਚੋਂ ਨਾਮਾ ਅਵਤਾਰ ਵੀ ਇਕ ਹੈ। ਉਸ ਨੂੰ ਤੁਸੀਂ ਕਦੋਂ ਧਾਰਨ ਕਰੋਗੇ ? ਜਦੋਂ ਅੰਬਰੀਸ਼ ਰਾਜਾ ਨੇ ਇਸ ਤਰ੍ਹਾਂ ਪੁਛਿਆ, ਉਸ ਸਮੇਂ ਵਿਸ਼ਨੂੰ ਨੇ ਹਸ ਕੇ ਅੰਬਰੀਸ਼ ਨੂੰ ਕਿਹਾ।

**राजर्षेत्वंप्रियतमो ममभक्तिपरायणं:।**
**अत:श्रृणुकथांदिव्यां कथयामितवप्रियाम्।।९।।**

ਹੇ ਰਾਜਰਿਸ਼ੀ ! ਤੁਸੀ ਮੇਰੇ ਅਨਨਯ ਭਗਤ ਹੋ। ਇਸ ਵਾਸਤੇ ਮੈਂ ਤੁਹਾਨੂੰ ਇਕ ਦਿਵਯ ਕਥਾ ਸੁਣਾਉਂਦਾ ਹਾਂ।

**गतेचतु:सहस्त्राब्दे राजन्यंचशतेतथा।**
**कलौसन्तप्तिकेचापि दुराचार: प्रवर्तते।।१०।।**

ਹੇ ਰਾਜਨ ! ਜਦੋਂ ਕਿ ਚਾਰ ਹਜ਼ਾਰ ਪੰਜ ਸੌ ਸਾਲ ਕਲਜੁਗ ਦੇ ਬੀਤ ਜਾਣਗੇ, ਉਸ ਸਮੇਂ ਲੋਕ ਅਤਿਅੰਤ ਦੁਰਚਾਰੀ ਹੋਣਗੇ।

**तदानामावतारोमे पांचालेयास्यतिध्रुवं।**
**कलिदोषहतज्ञानलोकस्योद्धारहेतवे।।११।।**

ਉਸ ਸਮੇਂ ਪੰਜਾਬ ਨਾਮ ਦੇ ਪ੍ਰਾਂਤ ਵਿਚ ਮੇਰਾ ਨਾਮ ਅਵਤਾਰ ਹੋਵੇਗਾ। ਜਿਹੜਾ ਕਲਯੁਗ ਦੇ ਦੋਸ਼ਾਂ ਕਾਰਨ, ਜਿਨ੍ਹਾਂ ਦਾ ਗਿਆਨ ਨਸ਼ਟ ਹੋ ਗਿਆ ਸੀ, ਐਸੇ ਪ੍ਰਾਣੀਆਂ ਦੇ ਉਧਾਰ ਵਾਸਤੇ ਉਨ੍ਹਾਂ ਨੂੰ ਨਾਮ ਜਪਾਏਗਾ।

**क्षत्रियस्यकुलेभूत्वा नानाकेतिनामत:।**
**लोकसंरक्षणार्थायवक्ष्येसिद्धपथंनृणाम्।।१२।।**

ਸੂਰਯਵੰਸ਼ੀ ਖਤ੍ਰੀਆਂ ਦੇ ਘਰ ਦੇ ਵਿਚ ਨਾਨਕ ਨਾਮ ਦਾ ਪੁਰਸ਼ ਅਵਤਾਰ ਧਾਰਨ ਕਰਕੇ ਸੰਸਾਰ ਦੇ ਜੀਵਾਂ ਨੂੰ ਸਿਧਾ ਮਾਰਗ ਦਸੇਗਾ।

**शिष्या:प्रापयन्नितपदवी ममध्यानपरायणा:।**
**इमंनामावतारं मे विद्धिविष्णुपरायणाम्।।१३।।**

ਜੋ ਸ਼ਿਸ਼ ਲੋਕ ਮੇਰੇ ਅਨਨਯ ਭਗਤ ਹੋਣਗੇ, ਉਹ ਮੋਕਸ਼ ਰੂਪੀ ਪਦਵੀ ਨੂੰ ਪ੍ਰਾਪਤ ਹੋਣਗੇ। ਉਸਨੂੰ ਤੁਸੀਂ ਮੇਰਾ ਨਾਮ ਅਵਤਾਰ ਜਾਣੋ।

**मामेवमनसाध्यात्वा मागामिष्यन्तिचाव्ययं।**
**तस्यमार्गंप्रवक्ष्यन्ति सोमपान: सदैवते।।१४।।**

ਮੇਰਾ ਹੀ ਧਿਆਨ ਕਰਨ ਵਾਲੇ ਮੇਰੇ ਅਵਿਨਾਸ਼ੀ ਸਰੂਪ ਨੂੰ ਪ੍ਰਾਪਤ ਹੋਣਗੇ। ਮੇਰੇ ਹੀ ਮਾਰਗ ਨੂੰ ਕਹਿਣਗੇ ਅਤੇ ਸਦਾ ਹੀ ਨਾਮ ਰੂਪੀ ਅੰਮ੍ਰਿਤ ਦਾ ਪਾਨ ਕਰਨਗੇ।

**मर्त्यलोके वदिष्यन्ति ते भक्ताश्च मयासह।**
**इतिनामावतारस्य कथितातेकथाशुभा।।१५।।**

ਭਗਵਾਨ ਜੀ ਕਹਿੰਦੇ ਹਨ ਮ੍ਰਿਤੂ ਲੋਕ ਦੇ ਵਿਚ ਮੇਰੇ ਭਗਤ ਨਾਮ ਦੇ ਮਹਾਤਮ ਨੂੰ ਕਹਿਣਗੇ। ਹੇ ਰਾਜਨ ! ਇਹ ਨਾਮ ਅਵਤਾਰ ਦੀ ਸ਼ੁਭ ਕਥਾ ਮੈਂ ਤੁਹਾਨੂੰ ਸੁਣਾਈ ਹੈ।

ਭਵਿਸ਼ ਪੁਰਾਣ ਦੇ ਵਾਕਿਆਂ ਤੋਂ ਵੀ ਗੁਰੂ ਨਾਨਕ ਜੀ ਦੇ ਅਵਤਾਰ ਦੀ ਸਿੱਧੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੇ ਅਵਤਾਰ ਹੋਣ ਦੇ ਵਿਚ ਕੋਈ ਸੰਦੇਹ ਨਹੀਂ।

**यद्यद्विभुतिमत्सत्त्वं श्रीमदूर्जितमेव वा।**
**तत्तदेवागच्छत्वं ममतेजोंशसम्भवम्।।१।।**

ਭਗਵਾਨ ਕ੍ਰਿਸ਼ਨ ਨੇ ਗੀਤਾ (ਸਮ੍ਰਿਤੀ) ਦੇ ਵਿਚ ਕਿਹਾ ਹੈ ਜੋ ਪ੍ਰਾਣੀ ਵਿਭੂਤੀ ਵਾਲਾ ਹੈ, ਜੋ ਐਸ਼ਵਰਯਾ ਵਾਲਾ ਹੈ, ਸ਼ੋਭਾ ਵਾਲਾ ਹੈ ਅਤੇ ਬਲ ਵਾਲਾ ਹੈ ਸੰਸਾਰ ਵਿਚ ਉਤਪੰਨ ਹੁੰਦਾ ਹੈ। ਉਸ ਨੂੰ ਮੇਰੇ ਹੀ ਤੇਜ ਦੇ ਅੰਸ਼ ਤੋਂ ਉਤਪੰਨ ਹੋਇਆ ਜਾਣੋ।

**यदा यदा हि धर्मस्य ग्लानिर्भवति भारत।**
**अभ्युत्थानमधर्मस्य तदात्मानं सृजाम्यहम्।।२।।**
**परित्राणाय साधूनां विनाशाय च दुष्कृतां।**
**धर्मसंस्थापनार्थाय सम्भवामि युगे युगे।।३।।**

ਜਦੋਂ-ਜਦੋਂ ਵੀ ਧਰਮ ਦੀ ਹਾਨੀ ਹੁੰਦੀ ਹੈ ਅਤੇ ਅਧਰਮ ਵਧਦਾ ਹੈ, ਉਸ ਸਮੇਂ ਮੈਂ ਸਾਧੂਆਂ ਦੀ ਰਖਿਆ, ਦੁਸ਼ਟਾਂ ਦੇ ਨਾਸ਼ ਅਤੇ ਧਰਮ ਦੀ ਮਰਿਯਾਦਾ ਨੂੰ ਸਥਿਰ ਕਰਨ ਵਾਸਤੇ ਜੁਗਾਂ-ਜੁਗਾਂ ਵਿਚ ਅਵਤਾਰ ਲੈਂਦਾ ਹਾਂ। ਇਨ੍ਹਾਂ ਗੀਤਾ ਦੇ ਵਾਕਿਆਂ ਤੋਂ ਸਾਬਤ ਹੁੰਦਾ ਹੈ ਕਿ ਪਰਮੇਸ਼ੁਰ ਦੇ ਅਵਤਾਰ ਅਨੰਤ ਹੋਏ ਹਨ ਅਤੇ ਅਨੰਤ ਹੋਣਗੇ।

ਜਿਸ ਤਰ੍ਹਾਂ ਸ੍ਰੀ ਰਾਮ ਚੰਦਰ ਅਤੇ ਸ੍ਰੀ ਕ੍ਰਿਸ਼ਨ ਦੇ ਵਿਚ ਅਵਤਾਰਾਂ ਦੇ ਲਛਣ ਘਟਦੇ ਹਨ, ਉਸੇ ਤਰ੍ਹਾਂ ਹੀ ਗੁਰੂ ਨਾਨਕ ਦੇਵ ਜੀ ਦੇ ਵਿਚ ਵੀ ਘਟਦੇ ਹਨ-

**अवति स्वभक्तान् दुष्टेभ्यो रक्षति।**
**संसारसागरात् तारयतीतिअवतार:।।१।।**

'ਅਵਤਿ' ਮਾਅਨੇ ਆਪਣੇ ਭਗਤਾਂ ਦੀ ਦੁਸ਼ਟਾਂ ਤੋਂ ਰਕਸ਼ਾ ਕਰਦਾ ਹੈ ਅਤੇ ਜੋ ਆਪਣੇ ਭਗਤਾਂ ਨੂੰ ਸੰਸਾਰ ਸਮੁੰਦਰ ਤੋਂ ਤਾਰ ਦਿੰਦਾ ਹੈ, ਉਸੇ ਦਾ ਨਾਮ ਅਵਤਾਰ ਹੈ।

ਸਾਰੀ ਸ੍ਰਿਸ਼ਟੀ ਦੇ ਕਲਿਆਣ ਵਾਸਤੇ ਸਤਿਗੁਰੂ ਜੀ ਨੇ ਸਾਰੇ ਸੰਸਾਰ ਦਾ ਭ੍ਰਮਣ ਕੀਤਾ। ਬਿਨਾ ਜਾਤੀ ਵਰਣ ਭੇਦ ਦੇ ਸੰਸਾਰ ਦੀ ਮਨੁਖਤਾ ਨੂੰ ਈਸ਼ਵਰ ਪ੍ਰਭੂ ਦਾ ਅੰਸ ਕ੍ਰਿਤ ਮੰਨਦੇ ਹੋਏ ਉਪਦੇਸ਼ ਕੀਤਾ ਅਰ ਸਮਾਜ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਦਾ ਉਪਦੇਸ਼ ਕੀਤਾ।

ਪੰਡਿਤ ਦੀਵਾਨ ਸਿੰਘ ਜੀ ਨੇ ਵੇਦਾਂ, ਸ਼ਾਸਤਰਾਂ, ਪੁਰਾਣਾਂ, ਉਪਨਿਸ਼ਦਾਂ, ਸਮ੍ਰਿਤੀਆਂ, ਰਾਮਾਇਣ, ਗੀਤਾ, ਮਹਾਭਾਰਤ ਦੇ ਅਨੇਕ ਪ੍ਰਮਾਣਾਂ/ਦ੍ਰਿਸ਼ਟਾਤਾਂ ਸਮੇਤ ਇਸ਼ਟ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ (ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ, ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ) ਦੇ ਪੰਥ ਨਿਰਮਲੇ ਦੀ ਜੈ ਜੈ ਕਾਰ ਕਰਾਈ। ਧੰਨ ਹਨ ਧੰਨ ਹਨ ਨਿਰਮਲੇ ਮਹਾਪੁਰਖ, ਠਾਕਰ ਦੀਵਾਨ ਸਿੰਘ ਜੀ ਦੀ ਧੁਨੀ ਸਾਰੇ ਕੁੰਭ ਮੇਲੇ ਉਪਰ ਗੂੰਜ ਗਈ ਅਤੇ ਇਸੇ ਤਰ੍ਹਾਂ ਬ੍ਰਾਹਮਣ ਪੁਜਾਰੀਆਂ ਦੇ ਖੋਖਲੇ ਕਰਮ-ਕਾਂਡਾਂ ਦਾ ਖੰਡਨ ਕਰਕੇ ਸ੍ਰੀ ਗੁਰੂ ਨਾਨਕ ਦੇਵ ਦੇ ਉਪਦੇਸ਼ ਨੂੰ ਸਰਵੋਪਰੀ ਸਿੱਧ ਕੀਤਾ ਅਤੇ ਕਿਹਾ ਕਿ ਮੰਦਰ ਦੇ ਅੰਦਰ ਨੰਗੇ ਸਿਰ ਸਿਰਫ਼ ਇਕ ਹੀ ਵਸਤ੍ਰ ਪਹਿਨ ਕੇ ਪੂਜਾ ਕਰਨ ਨਾਲ ਇਸ਼ਟ ਦੇਵ ਦਾ ਭਾਰੀ ਅਪਮਾਨ ਹੁੰਦਾ ਹੈ।

ਸ਼੍ਰੀਮਾਨ ਪੰਡਿਤ ਠਾਕਰ ਦੀਵਾਨ ਸਿੰਘ ਜੀ ਦੀ ਭਾਰੀ ਜਿੱਤ ਹੋਈ। ਇਸ ਸਮੇਂ ਪੁਜਾਰੀ ਬ੍ਰਾਹਮਣਾਂ ਰਾਜਿਆਂ ਮਹਾਰਾਜਿਆਂ, ਮੇਲਾ ਅਫ਼ਸਰ ਅਤੇ ਹੋਰ ਅਨਯਮਤਾਂ ਦੇ ਵਿਦਵਾਨਾਂ ਨੇ ਨਿਰਮਲ ਪੰਥ, ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਅਤੇ ਠਾਕਰ ਦੀਵਾਨ ਸਿੰਘ ਜੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਪ੍ਰਵਾਨ ਕੀਤਾ ਕਿ ਗੁਰੂ ਨਾਨਕ ਦੇਵ ਜੀ ਪੂਰਨ ਹਰੀ ਦਾ ਅਵਤਾਰ ਸਨ ਅਰ ਨਿਰਮਲ ਪੰਥ ਧਰਮ ਦੇ ਤਤਵ ਨੂੰ ਜਾਨਣ ਵਾਲਾ ਸਤਿਵਾਦੀ ਹੈ। ਉਸ ਦਿਨ ਤੋਂ ਇਹ ਨਿਸ਼ਚਾ ਹੋਇਆ ਕਿ ਨਿਰਮਲ ਪੰਥ ਪੱਗਾਂ ਬੰਨ ਕੇ ਸੀਤੇ ਵਸਤ੍ਰਾਂ ਸਮੇਤ ਤ੍ਰਯੰਬਕੇਸ਼ਵਰ ਜੋਤ੍ਰਿਲਿੰਗ ਮੰਦਰ ਵਿਚ ਪੂਜਾ ਅਰਚਨਾ ਦਾ ਅਧਿਕਾਰੀ ਹੈ।

**3. ਸ਼੍ਰੀਮਾਨ ੧੦੮ ਪੰਡਿਤ ਠਾਕਰ ਨਿਹਾਲ ਸਿੰਘ ਜੀ**

ਠਾਕਰ ਨਿਹਾਲ ਸਿੰਘ ਸੰਸਕ੍ਰਿਤ ਨਿਆਏ, ਵੇਦਾਂਤ, ਗੁਰਬਾਣੀ, ਗੁਰਮਤਿ, ਗੁਰਇਤਿਹਾਸ ਦੇ ਪ੍ਰਕਾਂਡ ਪੰਡਿਤ ਸਨ। ਸ੍ਰੀ ਅੰਮ੍ਰਿਤਸਰ ਵਿਖੇ ਹਰ ਸਾਲ ਦੀਵਾਲੀ ਤੋਂ ਪਹਿਲਾਂ ਦੇਸ਼ ਭਰ ਦੇ ਵੱਡੇ-ਵੱਡੇ ਵਿਦਵਾਨ ਆ ਕੇ ਹਰਿਮੰਦਰ ਸਾਹਿਬ ਦਰਸ਼ਨ ਕਰਦੇ ਅਤੇ ਮਨੋਹਰ ਵਖਿਆਨਾਂ ਦੁਆਰਾ ਸੰਗਤਾਂ ਨੂੰ ਸਦ ਉਪਦੇਸ਼ ਕਰਦੇ ਰਹਿੰਦੇ ਸਨ।

ਇਕ ਵੇਰ ਦਯਾ ਨੰਦ ਆਰੀਆ ਸਮਾਜੀ ਨੇ ਅੰਮ੍ਰਿਤਸਰ ਆ ਕੇ ਹੰਕਾਰਮਈ ਘੋਸ਼ਣਾ ਕੀਤੀ ਕਿ 'ਖਾਲਸਾ' ਸ਼ਬਦ ਦਾ ਕੋਈ 'ਯਥਾਰਥ ਅਰਥ' ਨਹੀਂ ਹੈ। ਜੇ ਕੋਈ ਸਿੱਖ ਖਾਲਸਾ ਸ਼ਬਦ ਦੀ ਵਿਆਖਿਆ ਕਰ ਸਕਦਾ ਹੈ ਤਾਂ ਕਲ ਨੂੰ ਇਸੇ ਮੰਚ ਉਪਰ ਮੇਰੇ ਨਾਲ ਵਿਚਾਰ ਅਰਥ ਗੋਸ਼ਟੀ ਕਰ ਲਵੇ। ਇਸ ਦੇ ਨਾਲ ਹੀ ਹੰਕਾਰ ਵਸ ਕਹਿ ਦਿਤਾ ਕਿ ਮੈਨੂੰ ਯਕੀਨ ਹੈ ਕਿ ਕੋਈ ਵੀ ਸਿਖ ਇਸ ਵਿਸ਼ੇ ਉਪਰ ਮੇਰੇ ਨਾਲ ਅਰਥ ਵਿਚਾਰ ਨਹੀਂ ਕਰ ਸਕਦਾ ਅਤੇ ਨਾ ਹੀ ਕਿਸੇ ਨੇ ਆਉਣਾ ਹੈ।

ਇਤਫਾਕ ਨਾਲ ਇਸੇ ਇਕੱਠ (ਸਭਾ) ਵਿਚ ਪੰਡਿਤ ਠਾਕਰ ਸਿੰਘ ਜੀ ਥੋਹਾ ਖਾਲਸਾ ਵਾਲੇ ਬਿਰਾਜਮਾਨ ਸਨ। ਉਨ੍ਹਾਂ ਨੇ ਦਯਾ ਨੰਦ ਦੀ ਬਾਤ ਸੁਣ ਕੇ ਸੋਚਿਆ ਇਸ ਦਾ ਹੰਕਾਰ ਤੋੜਨਾ ਚਾਹੀਦਾ ਹੈ। ਪੰਡਿਤ ਠਾਕਰ ਨਿਹਾਲ ਸਿੰਘ ਜੀ ਨੇ ਰਾਤ੍ਰੀ ਸਮੇਂ ਵਿਚ 'ਖਾਲਸਾ ਸ਼ਬਦ' ਦੇ ਅਰਥ ਸਹਿਤ ਸੰਸਕ੍ਰਿਤ ਵਿਚ ਪ੍ਰਮਾਣ ਦੇ ਕੇ ਇਕ ਸੌ ਸਲੋਕਾਂ ਦਾ ਗ੍ਰੰਥ ਤਿਆਰ ਕਰ ਲਿਆ। ਜਿਸ ਦਾ ਨਾਂ 'ਖਾਲਸਾ ਸ਼ਤਕ' ਰੱਖਿਆ।

ਨਿਯਤ ਸਮੇਂ ਉਪਰ ਪੰਡਿਤ ਜੀ ਦਯਾ ਨੰਦ ਨਾਲ ਉਸੇ ਮੰਚ ਉਪਰ ਚਰਚਾ ਕਰਨ ਵਾਸਤੇ ਪਹੁੰਚ ਗਏ। ਦਯਾ ਨੰਦ ਨੇ ਸੋਚਿਆ ਕਿ ਪੰਜਾਬੀ ਸੰਤ ਹੈ ਇਹ ਕੀ ਜਾਣਦਾ ਹੋਵੇਗਾ ਇਕ ਦੋ ਪ੍ਰਮਾਣ ਦੇਵੇਗਾ, ਮੇਰੀ ਇਕ ਗੱਲ ਨਾਲ ਹੀ ਨਿਰਉਤਰ ਹੋ ਜਾਵੇਗਾ। ਦਯਾ ਨੰਦ ਹੰਕਾਰ ਨਾਲ ਬੋਲਿਆ ਦਸੋ ਖਾਲਸੇ ਦਾ ਕੀ ਅਰਥ ਹੈ ? ਠਾਕਰ ਨਿਹਾਲ ਸਿੰਘ ਜੀ ਉਠੇ ਸ੍ਰੀ ਕਲਗੀਧਰ ਸਵਾਮੀ ਜੀ ਦਾ ਧਿਆਨ ਧਰਿਆ ਅਤੇ ਸ਼ੇਰ ਦੀ ਗਰਜਣਾ ਦੁਆਰਾ ਸੰਸਕ੍ਰਿਤ ਵਿਚ 'ਖਾਲਸਾ ਸ਼ਤਕ' ਬੋਲਣਾ ਸ਼ੁਰੂ ਕੀਤਾ। ਨਦੀ ਦੀ ਤੀਬਰ ਧਾਰਾ ਵਾਂਗ ਸੰਸਕ੍ਰਿਤ ਵਿਚ ਵਿਆਖਿਆ ਚਲ ਰਹੀ ਸੀ, ਸੌ ਸਲੋਕਾਂ ਦੇ ਪ੍ਰਮਾਣ ਜਾਰੀ ਸਨ।

ਦਯਾ ਨੰਦ ਆਰੀਆ ਸਮਾਜੀ ਪੰਡਿਤ ਠਾਕਰ ਸਿੰਘ ਜੀ ਦੇ ਚਰਨਾਂ ਉਪਰ ਦੋਵੇਂ ਹੱਥ ਜੋੜ ਕੇ ਨਤਮਸਤਕ ਹੋ ਗਿਆ। ਕਹਿਣ ਲੱਗਾ ਮੈਨੂੰ ਕੀ ਪਤਾ ਸੀ ਕਿ ਸਿੱਖਾਂ ਵਿਚ ਵੀ ਇਤਨੇ ਵੱਡੇ-ਵੱਡੇ ਵਿਦਵਾਨ ਹਨ। ਇਸ ਤਰ੍ਹਾਂ ਪੰਡਿਤ ਠਾਕਰ ਨਿਹਾਲ ਸਿੰਘ ਜੀ ਦੀ ਜਿੱਤ ਦਰਜ਼ ਹੋਈ। 'ਖਾਲਸਾ ਸ਼ਤਕ' ਗ੍ਰੰਥ ਹੋਂਦ ਵਿਚ (ਪ੍ਰਗਟ ਹੋਇਆ) ਆਇਆ ਜੋ ਭਰਪੂਰ ਅਰਥ ਬੋਧ ਗ੍ਰੰਥ ਹੈ। ਇਸ ਤਰ੍ਹਾਂ ਨਿਰਮਲ ਪੰਥ ਦੀ ਜੈ ਜੈ ਕਾਰ ਹੋਈ।

**4. ਸ਼੍ਰੀਮਾਨ ੧੦੮ ਪੰਡਿਤ ਈਸ਼ਰ ਸਿੰਘ ਜੀ ਭਯੰਕਰਾਚਾਰਯ :**

ਸਤਿਗੁਰੂ ਸ੍ਰੀ ਕਲਗੀਧਰ ਦਸ਼ਮੇਸ਼ ਪਿਤਾ ਜੀ ਦੀ ਮਹਾਨ ਕ੍ਰਿਪਾ ਦ੍ਰਿਸ਼ਟੀ ਦੁਆਰਾ ਨਿਰਮਲਾ ਪੰਥ ਦੇ ਮਹਾਨ ਧੁਰੰਧਰ ਵਿਦਵਾਨਾਂ ਦੀ ਲੰਬੀ ਸ਼੍ਰੰਖਲਾ ਵਿਚ ਸ਼੍ਰੀਮਾਨ ਈਸ਼ਰ ਸਿੰਘ ਜੀ ਦਾ ਵਿਸ਼ੇਸ਼ ਸਥਾਨ ਹੈ ਜੋ ਸ਼ਾਸਤ੍ਰਾਰਥ ਕਰਨ ਵਿਚ ਵਿਸ਼ੇਸ਼ ਪ੍ਰਸਿਧਤਾ ਰਖਦੇ ਸਨ।

ਆਪ ਜੀ ਦੀ ਸ਼ਾਸਤ੍ਰਾਰਥ ਕਰਨ ਦੀ ਪ੍ਰਮਾਣ-ਸ਼ਕਤੀ, ਬਲ-ਸ਼ਕਤੀ ਅਤੇ ਬੁਧੀ ਅਪੂਰਵ ਸੀ। ਹਾਜ਼ਰ ਜਵਾਬੀ ਕਮਾਲ ਦੀ ਸੀ। ਆਪ ਜੀ ਦਾ ਨਾਮ ਸੁਣਦੇ ਹੀ ਵਿਚਾਰ ਗੋਸ਼ਟੀ ਕਰਨ ਵਾਲੇ ਵਿਦਵਾਨ ਪੰਡਿਤ ਕੰਬ ਉਠਦੇ ਸਨ। ਪ੍ਰਮਾਣ ਕੱਟਣ ਦੀ ਵਿਧੀ ਕਮਾਲ ਦੀ ਸੀ। ਆਪ ਜੀ ਦਾ ਸਵੈ-ਆਤਮ ਬਲ, ਸਵੈਮਾਨ, ਦ੍ਰਿੜ੍ਹਤਾ ਅਤੇ ਸ਼ਾਸਤ੍ਰਾਰਥ ਕਰਨ ਦੀ ਅਨੋਖੀ ਕਲਾ ਵੇਖ ਕੇ ਵਿਦਵਾਨਾਂ ਵਿਚ ਆਪ ਜੀ ਦਾ ਤਖ਼ਲਸ 'ਕਲਯੁਗ' ਪ੍ਰਚਲਿਤ ਹੋ ਗਿਆ ਸੀ। ਨਿਰਮਲ ਭੇਖ ਵਿਚ ਆਪ ਜੀ ਨੂੰ 'ਕਲਯੁਗ ਦੇ ਉਧਾਰਕ' ਕਹਿ ਕੇ ਸਨਮਾਨਿਆ ਜਾਂਦਾ ਸੀ। ਆਪ ਜੀ ਦੇ ਪ੍ਰਸਿਧ ਸ਼ਾਸਤ੍ਰਾਰਥ ਦੀ ਸ਼੍ਰੰਖਲਾ ਲੰਬੀ ਹੈ ਜਿਨ੍ਹਾਂ ਵਿਚ ਆਪ ਜੀ ਨੂੰ ਭਾਰੀ ਜਿੱਤ ਦਾ ਸਨਮਾਨ ਮਿਲਿਆ-

1. ਸੰਮਤ 1936 ਬਿਕਰਮੀ ਨੂੰ ਕਾਸ਼ੀ ਵਿਚ 'ਖਟ ਦਰਸ਼ਨ ਸਾਧੂ ਸਮਾਜ' ਨਾਲ ਲਗਾਤਾਰ ਤਿੰਨ ਦਿਨ ਸ਼ਾਸਤ੍ਰਾਰਥ ਕਰਕੇ ਵਿਜੈ ਪ੍ਰਾਪਤ ਕੀਤੀ।
2. ਬੰਬਈ ਸ਼ਹਿਰ ਵਿਖੇ ਲਗਾਤਾਰ ਦੋ-ਦਿਨਾਂ ਗੋਸ਼ਟੀ ਵਿਚ ਜਿੱਤ ਹਾਸਲ ਕਰਕੇ ਪ੍ਰਸਿਧੀ ਪਾਈ।
3. ਤ੍ਰਯੰਬਕ ਕੁੰਭ ਉਪਰ ਲਗਾਤਾਰ ਤਿੰਨਾਂ ਗੋਸ਼ਟੀਆਂ ਵਿਚ ਆਪ ਸਰਵੋਪਰੀ ਰਹੇ।
4. ਨਾਸਿਕ ਸ਼ਹਿਰ ਵਿਚ ਦੋ-ਦਿਨਾਂ ਸ਼ਾਸਤ੍ਰਾਰਥ ਵਿਚ ਵਿਜੈ ਦਾ ਡੰਕਾ ਪੰਡਿਤ ਈਸ਼ਰ ਸਿੰਘ ਜੀ ਨੇ ਵਜਾਇਆ।
5. ਰਿਆਸਤ ਦਰਭੰਗਾ ਵਿਚ ਇਕ-ਦਿਨਾਂ ਗਿਆਨ ਚਰਚਾ ਵਿਚ ਜਿੱਤ ਆਪ ਜੀ ਦੇ ਨਾਮ ਹੋਈ।
6. ਰਿਆਸਤ ਡੁਮਰਾ ਵਿਚ ਜਨਮ ਅਸ਼ਟਮੀ ਅਤੇ ਰਾਮਨੌਮੀ ਉਪਰ ਸ਼ਾਸਤ੍ਰਾਰਥ ਕਰਕੇ ਵਿਜੈ ਪ੍ਰਾਪਤ ਕੀਤੀ।

7. ਇਸੇ ਤਰ੍ਹਾਂ ਸੁਰਜਪੁਰ, ਬਖਰਾ, ਮੰਡੀ, ਨਾਭਾ, ਪਟਿਆਲਾ, ਜੀਂਦ ਰਿਆਸਤਾਂ ਵਿਚ ਵੀ ਅਨੇਕਾਂ ਵੇਰ ਸ਼ਾਸਤ੍ਰਾਰਥ ਕਰਕੇ ਪੰਡਿਤ ਜੀ ਨੇ ਨਿਰਮਲ ਭੇਖ ਦਾ ਧ੍ਵਜ ਬੁਲੰਦ ਕੀਤਾ ਹੈ।

**5. ਸ਼੍ਰੀਮਾਨ ੧੦੮ ਪੰਡਿਤ ਗਿਆਨੀ ਗਿਆਨ ਸਿੰਘ ਜੀ : ਵਿਦਿਆ ਮਾਰਤੰਡ**

ਗਿਆਨੀ ਗਿਆਨ ਸਿੰਘ ਜੀ ਨਿਰਮਲ ਪੰਥ ਦੇ ਹੀ ਨਹੀਂ, ਸਿੱਖ ਪੰਥ ਦੀ ਮਹਾਨ ਹਸਤੀ ਹੋਏ ਹਨ। ਜਿਨ੍ਹਾਂ ਦਾ ਨਾਮ ਇਤਿਹਾਸ ਅੰਦਰ ਸੁਨਹਿਰੀ ਅੱਖਰਾਂ ਵਿਚ ਉਕਰਿਆ ਹੈ। ਉਹ ਉਚ ਕੋਟੀ ਦੇ ਇਤਿਹਾਸਕਾਰ ਹੋਏ ਹਨ, ਜਿਨ੍ਹਾਂ ਦੇ ਗ੍ਰੰਥਾਂ ਦੀ ਲੜੀ ਲੰਮੀ ਹੈ। ਪ੍ਰਸਿਧ ਗ੍ਰੰਥ ਤਵਾਰੀਖ਼ ਗੁਰੂ ਖਾਲਸਾ, ਪੰਥ ਪ੍ਰਕਾਸ਼ ਹਨ। ਜਿਥੇ ਆਪ ਜੀ ਕਲਮ ਦੇ ਧਨੀ ਸਨ, ਉਥੇ ਗਿਆਨ ਚਰਚਾ ਵਿਚ ਵੀ ਵਿਸ਼ੇਸ਼ ਮੁਹਾਰਤ ਰਖਦੇ ਸਨ–

1. ਸ਼ਹਿਰ ਮੋਰਧੁਜ ਦੇ ਰਾਜੇ ਸੈਨਪਾਲ ਨਾਲ ਗਿਆਨੀ ਜੀ ਦੀ ਗਿਆਨ ਚਰਚਾ 'ਸ਼ਾਸਤ੍ਰਾਰਥ' ਕਈ ਦਿਨ ਹੁੰਦਾ ਰਿਹਾ ਅੰਤ ਵਿਜੈ ਗਿਆਨੀ ਜੀ ਦੀ ਹੋਈ। ਭਾਰੀ ਪ੍ਰਸਿਧਤਾ ਵਧੀ ਰਾਜੇ ਸੈਨਪਾਲ ਨੇ ਬਹੁਤ ਸਤਿਕਾਰ ਕਰਕੇ ਵਿਦਾਇਗੀ ਦਿੱਤੀ।
2. ਗਿਆਨੀ ਜੀ ਦਾ ਰਾਧਾ ਸੁਆਮੀ ਮਤ ਦੇ ਸ਼ਿਵ ਦਿਆਲ ਸਿੰਘ ਨਾਲ ਵੀ ਆਗਰੇ ਵਿਚ ਸ਼ਾਸਤ੍ਰਾਰਥ ਪ੍ਰਸਿਧ ਹੈ। ਸ਼ਿਵ ਦਿਆਲ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਉਚੀ ਗੱਦੀ ਲੱਗਾ ਕੇ ਬੈਠਦਾ ਸੀ ਅਤੇ ਆਪਣੇ ਸੇਵਕਾਂ ਨੂੰ ਆਪਣੇ ਮੂੰਹ ਦੀ ਪੀਕ ਦਾ ਪ੍ਰਸ਼ਾਦ ਵੰਡਦਾ ਸੀ। ਰੋਜ਼ਾਨਾ ਹੁੱਕਾ ਵੀ ਪੀਂਦਾ ਸੀ। ਇਸ ਤਰ੍ਹਾਂ ਸ਼ਿਵ ਦਿਆਲ ਸਿੰਘ ਭਾਰੂ ਕੁਰੈਹਤਾਂ ਦਾ ਧਾਰਨੀ ਸੀ। ਗਿਆਨੀ ਗਿਆਨ ਸਿੰਘ ਜੀ ਮਹਾਰਾਜ ਨੇ ਸ਼ਾਸਤਰਾਂ ਦੇ ਪ੍ਰਮਾਣ ਸੰਸਕ੍ਰਿਤ ਵਿਚ ਦੱਸ ਕੇ ਗੁਰਮਤਿ/ਗੁਰਬਾਣੀ ਦਾ ਉਚਾ ਆਦਰਸ਼ ਜਾਣੂ ਕਰਵਾਇਆ। ਉਸ ਨੇ ਸਾਰੀਆਂ ਕੁਰੈਹਤਾਂ ਛੱਡ ਕੇ ਪ੍ਰਣ ਕੀਤਾ ਅਤੇ ਸਤਿਗੁਰੂ ਜੀ ਦੇ ਉਪਦੇਸ਼ਾਂ ਦਾ ਸਤਿਕਾਰ ਕਰਨ ਲੱਗਾ। ਇਸ ਤਰ੍ਹਾਂ ਉਸ ਦੇ ਇਸ ਪਰਿਵਰਤਨ ਨਾਲ ਜੀਵਨ ਉਚਾ ਹੋਇਆ ਅਤੇ ਸਾਰੇ ਆਗਰੇ ਸ਼ਹਿਰ ਵਿਚ ਗਿਆਨੀ ਜੀ ਦਾ ਭਾਰੀ ਸਤਿਕਾਰ ਹੋਇਆ।

**6. ਸ਼੍ਰੀ ਮਾਨ ੧੦੮ ਸੰਤ ਮਹਾਕਵੀ ਗਿਆਨੀ ਸੰਤੋਖ ਸਿੰਘ ਜੀ ਕਵੇਂਦਰ**

ਕੈਂਥਲ ਰਿਆਸਤ ਦੇ ਰਾਜਾ ਭਾਈ ਉਦੈ ਸਿੰਘ ਜੀ ਪਾਸ ਫ਼ਾਰਸੀ/ਉਰਦੂ/ਸੰਸਕ੍ਰਿਤ/ਗੁਰਬਾਣੀ/ਗੁਰਮਤਿ/ਗੁਰ-ਇਤਿਹਾਸ ਦੇ ਧੁਰੰਧਰ ਵਿਦਵਾਨ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਹੋਰ ਅਨੇਕਾਂ ਗ੍ਰੰਥਾਂ ਦੇ ਕਰਤਾ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਕਵੇਂਦਰ ਦਾ ਕੈਂਥਲ ਵਿਖੇ ਕਈ ਵੇਰ ਦਿਗਵਿਜਈ ਹੰਕਾਰੀ ਪੰਡਿਤਾਂ ਨਾਲ ਸ਼ਾਸਤ੍ਰਾਰਥ (ਗਿਆਨ ਚਰਚਾ) ਕਰਨ ਦਾ ਸੰਸਾਰ ਪ੍ਰਸਿਧ ਇਤਿਹਾਸ ਹੈ। ਜਿਨ੍ਹਾਂ ਉਪਰ ਭਾਈ ਸੰਤੋਖ ਸਿੰਘ ਨੇ ਭਾਰੀ ਵਿਜੈ ਪ੍ਰਾਪਤ ਕੀਤੀ, ਨਿਰਮਲ ਪੰਥ ਦਾ ਗੌਰਵ ਉਚਾ ਕੀਤਾ।

ਇਸ ਤਰ੍ਹਾਂ ਸ੍ਰੀ ਕਲਗੀਧਰ ਜੀ ਦੇ ਮਹਾਨ ਆਸ਼ੀਰਵਾਦ ਪ੍ਰਾਪਤ ਨਿਰਮਲੇ ਮਹਾਪੁਰਖਾਂ ਨੇ ਆਪਣੇ ਤਪ/ਤੇਜ, ਆਤਮਿਕ-ਸ਼ਕਤੀ/ ਵਿਦਿਆ-ਸ਼ਕਤੀ ਦ੍ਰਿੜ੍ਹ ਬਲ ਦੁਆਰਾ ਸਭ ਵਿਪਕਸ਼ੀਆਂ ਉਪਰ ਵਿਜੈ ਪ੍ਰਾਪਤ ਕਰਕੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਦੇ ਸਦ ਉਪਦੇਸ਼ ਨੂੰ ਸੰਸਾਰ ਵਿਖੇ ਸਰਵੋਪਰੀ ਕਾਇਮ ਕਰ ਵਿਖਾਇਆ।

ਇਸ ਤਰ੍ਹਾਂ ਨਿਰਮਲ ਪੰਥ ਆਪਣੇ ਤਪ ਤੇਜ ਪ੍ਰਤਾਪ ਨਾਲ ਨਵੇਂ ਮੀਲ ਪੱਥਰ ਗੱਡਦਾ ਰਿਹਾ ਹੈ। ਪੰਡਿਤ ਅਰਜਨ ਸਿੰਘ ਜੀ ਮੁਨੀ ਸ਼ਾਸਤ੍ਰੀ ਵਿਆਕਰਣਾਚਾਰਯ, ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਵੇਦਾਂਤਚਾਰਯ ਸੰਸਕ੍ਰਿਤ ਦੇ ਮਹਾਨ ਵਿਦਵਾਨ ਹੋਏ ਹਨ। ਵਰਤਮਾਨ ਸ਼੍ਰੀ ਮਹੰਤ ਸੁਆਮੀ ਗਿਆਨ ਦੇਵ ਸਿੰਘ ਜੀ ਵੇਦਾਂਤਚਾਰਯ ਸੰਸਕ੍ਰਿਤ ਭਾਸ਼ਾ ਅਤੇ ਸ਼ਾਸਤ੍ਰਾਂ ਦੇ ਧੁਰੰਧਰ ਵਿਦਵਾਨ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨਿਰਮਲ ਪੰਥ ਨੂੰ ਵਿਦਿਆ ਪ੍ਰਾਪਤੀ ਦੇ ਬਖਸ਼ੇ ਹੋਏ ਆਸ਼ੀਰਵਾਦ ਕਿਰਿਆਤਮਕ ਰੂਪ ਵਿਚ ਫਲੀਭੂਤ ਹੋ ਰਹੇ ਹਨ।

**स्तोत्रांक: ।।२२।।**

**।।ॐ श्रीगणेशाय नम: ।। अथ श्रीमन्निर्मिलसाधुस्तोत्रम् ।।ॐ श्रीगुरूनानकपरब्रह्मणे नम: ।। स्थित्वा कल्पतरोरधोऽच्युतमथो ध्यायन्तमीशं परं बालेनाथ सुचारुचामरकरेणाऽऽसेवितं पृष्टत: । मर्दानेन च गायता हरियश: संसेवितं स्वाग्रतो वन्देऽहं करूणार्णवं भयहरं श्रीमद्गुरूं नानकम् ।।१।। शान्तानात्मरतान्विवेकजलधौ स्न्नातान् परे पावने नित्यं वेदविचारतत्परधियो भावप्रियान्नित्यश: । सत्सङ्गैकनिपेविणोऽनवरतं कामादिभीत्या च ये वन्दे तान्नरपुङ्गवान्नहरह: साधून्सदा निर्मलान् ।।२।। ये तीर्थेप्वनिशं दयालुहृदया ह्यभ्यागतान् कोटिश: मिष्टान्नादिभिरादरेण निखिलान् सम्प्रीणयन्त्यागतान्। येभ्यो यान्ति न कर्हिचिद्विमनस: कामानलब्ध्वा नरा वन्दे**

तान्नरपुङ्गवान्नहरह: साधून्सदानिर्मलान् ।।३।। येपां दर्शनमावमेव हि शुभं पुण्यैकहेतुर्नृणां संस्पर्शश्च निहंति पादरजसो येपां मन:किल्विपम्। पूताञ्जह्नुसुतामिवोत्तमतमांश्चैवात्मतृप्तांस्तथा वन्दे तान्नरपुङ्गवान्नहरह: साधून्सदा निर्मलान् ।।४।। आरण्यादिगुहासरिद्द्रुमतलाऽऽराभेपु ये सर्वदा चिच्चित्ता निवसन्त्यनन्यमनसो सोहं विमुच्यात्मन: । संतुष्टाश्च यद्दच्छयातवसनैर्भिक्षाऽन्नपानादिना वन्दे तान्नरपुङ्गवान्नहरह: साधून्सदा निर्मलान् ।।५।। यै: कालो हरिकीर्तनेन कथया वा नीयते नित्यदा तद्ध्यानेन सुबोधनेन च मिथस्तस्यैव संचिन्तया। ब्रह्मैकं प्रविहाय द्वैतमखिलं किञ्चद्य जानन्ति ये वन्दे तान्नरपुङ्गवान्नहरह: साधून्सदा निर्मलान् ।।६।। त्राता वै जगदीश्वरे प्रकुपिते कोपात्तदीयाद्गुरु: नेशोऽपि क्षमते गुरौ प्रकुपिते त्रातुं क्षितौ सर्वथा । मत्वैतद्गुरुमेव ये सुमतयो जानन्ति सर्वोत्तमं वन्दे तान्नरपुङ्गवान्नहरह: साधून्सदा निर्मलान् ।।७।। सत्यं ये सरसं मितं हिततमं वाक्यं गृणन्ति क्षितौ युक्ताहारविहारशीतलयशस्तृप्ता: परे ब्रह्मणि । सौम्यान्साधुशिरोमणीनविरतं शार्दूलविक्रीडितान् वन्दे तान्नरपुङ्गवान्नहरह: साधून्सदा निर्मलान् ।।८।। येपामात्ममनोऽमलं वपुरिवं ब्राह्मं तथा निर्सलं वासांत्यप्यथ निर्मलानि विमलं स्थानं तथैवात्मन: । दानं ध्यानमुपासनादिकमिदं यैपां सदा निर्मलं वन्दे तान्नरपुङ्गवान्नहरह: साधून्सदा निर्मलान् ।।९।। एतन्निर्मलचेतसां सुविमलं स्तोत्रं परं पावनं भक्तया मोहनलालसाधुरचितं शश्वत्पटेद्यो नर: । रागद्वूषमलं विधूय विर्मलां । ळब्ध्वात्मभक्तिं हरौ विध्वस्ताऽखिलकल्मषोऽनवरतं ब्रह्मात्मना मोदते ।।१०।।

(ਗੁਰੂ ਨਾਨਕ ਰਤਨਾਕਰ)

# ਨਿਰਮਲ ਸੰਪ੍ਰਦਾਇ ਦੀ ਆਰੰਭਤਾ ਅਤੇ ਵਿਕਾਸ

**(ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ)**

**ਜ਼ੈਲ ਸਿੰਘ ਸ਼ਾਸਤਰੀ***

ਨਿਰਮਲ – **ਨਿ-ਵਿਸ਼ੇਸ਼ਣ ਉਪਦੇਸ਼ ਰਹਿਤਾ ਸਰਬ ਹਿਤਕਾਰੀ ਪਰਮੋਪਦੇਸ ਸਮੁਦਾਯ: ਸ:ਨਿਰਮਲ ਪੰਥ॥**

ਜਿਸ ਸਮੇਂ ਧਰਮ ਅਤੇ ਪਰਮਾਤਮਾ ਦੇ ਨਾਮ ਦੇ ਵਿਰੁਧ ਜਨ-ਸਮੁਦਾਯ ਪੈਦਾ ਹੋ ਜਾਂਦੇ ਹਨ। ਉਸ ਸਮੇਂ ਲੋਕਾਈ ਦੀ ਦੁਖ ਭਰੀ ਪੁਕਾਰ ਸੁਣ ਕੇ ਪਰਮਾਤਮਾ ਦਿਵਯ ਸਰੀਰ ਧਾਰਨ ਕਰਕੇ ਧਰਮ ਦੀ ਮਰਿਯਾਦਾ ਨੂੰ ਸਥਾਪਨ ਕਰਨ ਵਾਸਤੇ ਅਵਤਾਰ ਧਾਰਨ ਕਰਦੇ ਹਨ।

**ਜਬ ਜਬ ਹੋਤ ਅਰਿਸ੍ਰਿ ਅਪਾਰਾ ॥**
**ਤਬ ਤਬ ਦੇਹ ਧਰਤ ਅਵਤਾਰਾ ॥** (ਬਚਿਤ੍ਰ ਨਾਟਕ)

**यदा यदा हि धर्मस्य ग्लानिर्भवति भारत।**
**अभ्युत्थानमधर्मस्य तदाऽऽत्मानं सृजाम्यहम्।।२।।**
**परित्राणाय साधूनां विनाशाय च दुष्कृतां।**
**धर्मसंस्थापनार्थाय सम्भवामि युगे युगे।।३।।** (ਸ੍ਰੀਮਦ ਭਗਵਤ ਗੀਤਾ)

ਜਦੋਂ-ਜਦੋਂ ਧਰਮ ਦੇ ਵਿਰੁਧ ਆਸੁਰੀ ਪ੍ਰਭਾਵ ਵਧਦਾ ਹੈ, ਉਦੋਂ ਹੀ ਮੈਂ ਅਧਰਮ ਦੇ ਨਾਸ਼ ਵਾਸਤੇ ਧਰਮ ਨੂੰ ਸਥਿਰ ਰੱਖਣ ਵਾਸਤੇ ਆਪ ਪੈਦਾ ਹੁੰਦਾ ਹਾਂ। ਮੈਂ ਦੁਸ਼ਟਾਂ ਦਾ ਨਾਸ਼ ਕਰਨ ਅਤੇ ਸਾਧੂਆਂ ਦੀ ਰਖਿਆ ਕਰਨ ਵਾਸਤੇ ਜੁਗ-ਜੁਗ ਵਿਚ ਅਵਤਾਰ ਧਾਰਨ ਕਰਦਾ ਹਾਂ। ਜਦੋਂ ਤੁਰਕ ਬਾਦਸ਼ਾਹ ਦੁਆਰਾ ਕੀਤੇ ਅਤਿਆਚਾਰਾਂ ਦੀ ਹੱਦ ਟੱਪ ਗਈ ਅਤੇ ਸਨਾਤਨ ਸਮਾਜ ਦੇ ਧਾਰਮਿਕ ਚਿੰਨ੍ਹ ਤਕ ਮਿਟਾਉਣੇ ਸ਼ੁਰੂ ਕਰ ਦਿਤੇ ਗਏ, ਐਸੀ ਸਥਿਤੀ ਬਣ ਗਈ-

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥** (ਵਾਰ ਮਾਝ)

ਸਮੇਂ ਦੇ ਬਾਦਸ਼ਾਹ ਆਪਣੇ ਧਰਮ ਨਯਾਯ ਨੂੰ ਛੱਡ ਕੇ ਸਵਾਰਥ ਪੂਰਤੀ ਵਿਚ ਅੰਧੇ ਹੋਏ ਸਨ, ਗਰੀਬ ਅਤੇ ਦੁਖੀ ਦੀ ਪੁਕਾਰ ਸੁਣਨ ਵਾਲਾ ਨਯਾਯਕਾਰੀ ਹਾਕਮ ਨਜ਼ਰ ਨਹੀਂ ਸੀ ਆਉਂਦਾ ਅਤੇ ਸੰਸਾਰ ਅੰਧਕਾਰ ਦੇ ਬੇੜੇ ਵਿਚ ਡੁਬ ਰਿਹਾ ਸੀ। ਐਸੇ ਸਮੇਂ (ਅਕਾਲ ਪੁਰਖ) ਨੇ ਸਨਾਤਨ ਸਮਾਜ ਦੀ ਦੁਖ ਭਰੀ ਸਾਮੂਹਿਕ ਆਵਾਜ਼ ਨੂੰ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨਨਕਾਣਾ ਸਾਹਿਬ (ਰਾਇ ਭੋਇ ਦੀ ਤਲਵੰਡੀ) ਕੱਤਕ ਦੀ ਪੂਰਨਮਾਸ਼ੀ ਸੰਮਤ 1526 ਨੂੰ ਪ੍ਰਗਟ ਹੋਏ-

**ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਯਾ ॥** (ਵਾਰਾਂ ਭਾਈ ਗੁਰਦਾਸ)

ਇਸ ਦਾ ਵਰਣਨ ਭਵਿਖ ਪੁਰਾਣ ਵਿਚ ਮਿਲਦਾ ਹੈ-

**एवं वैधर्म्य प्राचुर्य भविष्यति यदा कलौ**
**तदा वै लोक रक्षार्थ म्लेच्छानां नाश हेतवे।**
**पश्चिमेतु शुभे देशे वेदि वंशी च नानक:।**

ਕਲਿਜੁਗ ਵਿਚ ਜਿਸ ਸਮੇਂ ਅਧਰਮ ਦਾ ਪ੍ਰਚਾਰ ਵਧ ਜਾਵੇਗਾ, ਉਸ ਸਮੇਂ ਸਾਧੂਆਂ ਦੀ ਰਖਿਆ ਵਾਸਤੇ ਅਤੇ ਮਲੇਛਾਂ ਦਾ ਨਾਸ਼ ਕਰਨ ਵਾਸਤੇ ਪੱਛਮ ਦੇਸ਼, ਵੇਦੀ ਵੰਸ਼ ਵਿਖੇ ਪਰਮੇਸ਼ਰ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰੂ ਰੂਪ ਵਿਚ ਪ੍ਰਗਟ ਹੋਣਗੇ।

**ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥**
**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥**

* ਨਿਰਮਲਾ ਅਖਾੜਾ ਮਹੰਤ ਮੂਲ ਸਿੰਘ (ਰਜਿ.), K2/1, ਸੰਤ ਐਵੀਨਿਊ, ਜੀ. ਟੀ. ਰੋਡ, ਅਮ੍ਰਿਤਸਰ-143006.
ਫੋਨ : 94172-73070, 094121-57698

ਸੋ ਗੁਰੂ ਜੀ ਨਨਕਾਣਾ ਸਾਹਿਬ ਵਿਚ ਪ੍ਰਗਟ ਹੋ ਕੇ ਅਨੇਕ ਪ੍ਰਕਾਰ ਦੇ ਚਮਤਕਾਰੀ ਕਾਰਜ ਕਰਦੇ ਰਹੇ। ਫਿਰ ਸੁਲਤਾਨਪੁਰ ਲੋਧੀ ਰਿਆਸਤ ਕਪੂਰਥਲਾ ਅੰਦਰ 12 ਸਾਲ ਤਕ ਧਰਮ ਦੇ ਬੀਜ ਰੂਪ ਅਸਚਰਯ ਜਨਕ ਕੰਮ ਕੀਤੇ ਅਤੇ ਜਦੋਂ ਧਰਮ ਦੀ ਮਰਿਯਾਦਾ ਕਾਇਮ ਕਰਨ ਦਾ ਸਮਾਂ ਆਇਆ ਤਾਂ ਆਪ ਵੇਈਂ ਨਦੀ ਵਿਚ ਸ਼ਨਾਨ ਕਰਕੇ ਆਲੋਪ ਹੋ ਕੇ ਸੱਚਖੰਡ ਜਾ ਪੁੱਜੇ। ਜਿਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਵੇਈਂ ਨਦੀ 'ਚੋਂ ਤਿੰਨ ਦਿਨ ਬਾਅਦ ਬਾਹਰ ਆਏ ਤਾਂ ਸੰਸਾਰੀ ਜੀਵਾਂ ਨੂੰ ਕਾਮ, ਕ੍ਰੋਧ, ਲੋਭ, ਰਾਗ ਦਵੈਸ਼ ਦੀ ਅੱਗ ਵਿਚ ਸੜਦਿਆਂ ਤਕਿਆ ਅਤੇ ਪਰਮੇਸ਼ੁਰ ਦੀ ਆਗਿਆ ਅਨੁਸਾਰ ਕਲਿਜੁਗ ਦੇ ਜੀਵਾਂ ਨੂੰ 'ਸਤਿਨਾਮ ਸ੍ਰੀ ਵਾਹਿਗੁਰੂ' ਦਾ ਨਾਮ ਜਪਾ ਕੇ ਭਗਤੀ ਗਿਆਨ ਦਾ ਉਪਦੇਸ਼ ਦਿਤਾ, ਜਿਸ ਦੇ ਨਾਲ ਉਹ ਸਹਿਜ ਹੀ ਪਾਪਾਂ ਤੋਂ ਮੁਕਤ ਹੋ ਜਾਣ। ਉਸ ਸਮੇਂ ਸਾਰੇ ਲੋਕ ਆਪਣੇ ਮਤਾਂ-ਮਤਾਂਤਰਾਂ ਦੇ ਹੰਕਾਰ ਵਿਚ ਪੈ ਕੇ ਪਰਮੇਸ਼ੁਰ ਨੂੰ ਭੁਲੀ ਬੈਠੇ ਸਨ। ਸੰਸਾਰ ਅੰਦਰ ਰਾਗ ਦਵੈਸ਼ ਦਾ ਕਾਰਨ ਅਧਿਕ ਮਤ ਮਤਾਂਤਰ ਸਨ। ਕਿਸੇ ਵਿਚ ਤਿਲਕ ਦਾ ਅਤੇ ਕਿਸੇ ਵਿਚ ਕੰਠੀ ਦਾ ਭੇਦ ਸੀ। ਭੇਦ ਕਾਰਨ ਲੋਕ ਆਪਣੇ ਮੁੱਖ ਉਦੇਸ਼ ਨੂੰ ਛੱਡ ਕੇ ਉਪਰਲੇ-ਉਪਰਲੇ ਚਿੰਨ੍ਹਾਂ ਨਾਲ ਅਧਿਕ ਪਿਆਰ ਰਖਦੇ ਸਨ, ਇਸ ਕਰਕੇ ਇਕ-ਇਕ ਮਜ਼ਹਬ ਵਿਚ ਅਨੇਕਾਂ ਮਤ ਭੇਦ ਪ੍ਰਗਟ ਹੋ ਗਏ।

ਪਰਮਾਤਮਾ ਦੇ ਅਸਲੀ ਮਾਰਗ ਸਤਿ, ਧਰਮ, ਧੀਰਜ ਅਤੇ ਸਤਿ ਉਪਦੇਸ਼ ਨੂੰ ਤਿਆਗ ਕੇ ਪਾਖੰਡ, ਕਪਟ ਆਦਿ ਅਧਰਮਾਂ ਵਿਚ ਪ੍ਰਵਿਰਤ ਹੋ ਰਹੇ ਸਨ। ਭਜਨ ਬੰਦਗੀ ਦੀ ਜਗ੍ਹਾ ਬਾਹਰੀ ਦਿਖਾਵਾ ਜਿਆਦਾ ਹੋ ਗਿਆ, ਮਤ ਆਲੋਪ ਜਿਹਾ ਹੋ ਗਿਆ ਅਤੇ ਪਾਖੰਡ ਵਧ ਗਿਆ। ਸੋ ਐਸੇ ਸਮੇਂ ਵਿਚ 'ਚੜਿਆ ਸੋਧਨ ਧਰਤ ਲੋਕਾਈ' ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਾਣੀ ਮਾਤਰ ਨੂੰ ਸੰਸਾਰ ਸਾਗਰ ਤੋਂ ਪਾਰ ਕਰਨ ਲਈ ਨਿਰੋਲ ਪਰਮਾਤਮਾ ਦੀ ਭਗਤੀ, ਸੇਵਾ, ਸਿਮਰਨ, ਸਤਿਸੰਗ ਰੂਪ ਨਿਰਮਲ ਪੰਥ ਸਥਾਪਨ ਕੀਤਾ। ਜਿਸ ਮਾਰਗ 'ਤੇ ਚਲ ਕੇ ਸੰਸਾਰੀ ਜੀਵ ਸਰਲਤਾ ਨਾਲ ਪਾਰ ਹੋ ਸਕੇ ਅਤੇ ਭਰਮ ਭੁਲੇਖਿਆਂ ਨੂੰ ਛੱਡ ਕੇ ਅਕਾਲ ਪੁਰਖ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰ ਸਕੇ। ਇਸ ਤੋਂ ਬਿਨਾ ਹੋਰ ਸਾਰੇ ਕਾਰਜ ਸੰਸਾਰ ਵਿਚ ਭਰਮਾਉਣ ਵਾਲੇ ਹਨ। ਈਸ਼ਵਰ ਦੀ ਭਗਤੀ ਦੁਆਰਾ ਨਾਮ ਸਿਮਰਨ ਰੂਪ 'ਨਿਰਮਲ ਪੰਥ' ਕਲਜੁਗ ਵਿਚ ਮਨੁੱਖ ਨੂੰ ਸੰਸਾਰ ਤੋਂ ਪਾਰ ਕਰ ਦਿੰਦਾ ਹੈ।

**ਨਾਨਕ ਨਾਮ ਜਹਾਜ ਹੈ ਚੜੇ ਸੋ ਉਤਰੇ ਪਾਰ ॥**
**ਜੋ ਸ਼ਰਧਾ ਕਰ ਸੇਵਦੇ ਗੁਰ ਪਾਰ ਉਤਰਨ ਹਾਰ ॥**

ਪਰਮਾਤਮਾ ਦੀ ਭਗਤੀ, ਸੇਵਾ, ਸਿਮਰਨ ਰੂਪ 'ਨਿਰਮਲ ਪੰਥ' ਕਲਿਜੁਗ ਵਿਚ ਗਿਆਨ ਦੁਆਰਾ ਮੁਕਤੀ ਦਾ ਸਾਧਨ ਹੈ। ਗੁਰੂ ਜੀ ਦਾ ਨਿਰਮਲ ਉਪਦੇਸ਼ ਸੁਣ ਕੇ ਬੇਅੰਤ ਜਗਿਆਸੂ ਨਿਰਮਲ ਮਾਰਗ ਵਿਚ ਆਏ, ਸ਼ਿਸ਼ਾਂ ਦੇ ਸਾਰੇ ਸਮੂਹ ਦਾ ਨਾਮ ਵੀ ਹੌਲੀ-ਹੌਲੀ ਨਿਰਮਲ ਪੰਥ ਪ੍ਰਸਿਧ ਹੋ ਗਿਆ। ਇਕ ਅੰਗਰੇਜ਼ ਲੇਖਕ ਲਿਖਦਾ ਹੈ, 'ਜਦੋਂ ਭਾਰਤ ਵਿਚ ਅਨੇਕ ਮਤ-ਮਤਾਂਤਰ ਪੈਦਾ ਹੋ ਗਏ, ਸਭ ਨੇ ਆਪਣੇ-ਆਪਣੇ ਭਿੰਨ-ਭਿੰਨ ਮਤ ਚਲਾਏ, ਜਿਸ ਕਾਰਣ ਉਨ੍ਹਾਂ ਦੇ ਅਨੁਆਈ ਇਕ ਦੂਜੇ ਦਾ ਖੰਡਨ-ਮੰਡਨ ਕਰਨ ਲਗੇ। ਲੋਕਾਂ ਨੂੰ ਭੁਲੇਖਿਆਂ ਵਿਚ ਪਾ ਕੇ ਆਪਣੇ ਜਾਲ ਵਿਚ ਫਸਾਉਂਦੇ ਰਹੇ, ਪਰਮਾਤਮਾ ਦੇ ਰਸਤੇ 'ਤੇ ਕਿਸੇ ਨੇ ਨਹੀਂ ਲਗਾਇਆ ਅਤੇ ਸਿਰਫ਼ ਆਪਣਾ ਹੀ ਮਤ ਸ੍ਰੇਸ਼ਟ ਦਸ ਕੇ ਆਪਣੇ ਹੀ ਮਤ ਵਿਚ ਲਿਆਉਣ ਲਈ ਪ੍ਰੇਰਦੇ ਰਹੇ। ਪਰਮਾਤਮਾ ਨੇ ਸੇਵਾ-ਸਿਮਰਨ, ਸਤਿਸੰਗ ਰੂਪੀ ਭਗਤੀ ਦਾ ਹਿਸਾ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਵਾਸਤੇ ਰਖਿਆ ਸੀ, ਗੁਰੂ ਜੀ ਨੂੰ ਬਖਸ਼ਿਆ। ਗੁਰੂ ਜੀ ਨੇ ਪਿਛਲੇ ਆਚਾਰੀਆਂ ਦੀਆਂ ਜੋ ਗੱਲਾਂ ਲਾਭ ਵਾਲੀਆਂ ਸਨ, ਉਹ ਵੀ ਆਪਣੇ ਸਿੱਖਾਂ ਨੂੰ ਦੱਸੀਆਂ। ਪਰਮਾਤਮਾ ਦੀ ਨਿਰੋਲ ਭਗਤੀ-ਗਿਆਨ ਦੁਆਰਾ ਮੁਕਤੀ ਦਾ ਮਾਰਗ ਵੀ ਦਸਿਆ।'

ਸਤਿਗੁਰੂ ਦੇ 'ਨਿਰਮਲ ਪੰਥ' ਦੀ ਐਸੀ ਪ੍ਰਸ਼ੰਸਾ ਅਨੇਕ ਤਵਾਰੀਖ਼ਾਂ ਵਾਲਿਆਂ ਨੇ ਕੀਤੀ ਹੈ। ਭਾਈ ਗੁਰਦਾਸ ਜੀ ਜਿਨ੍ਹਾਂ ਨੂੰ ਗੁਰਮਤਿ ਵਿਚ 'ਵਿਆਸ' ਕਿਹਾ ਜਾਂਦਾ ਹੈ, ਉਹ ਕਥਨ ਕਰਦੇ ਹਨ-

**ਥਾਪਿਓ ਲਹਿਣਾ ਜੀਵਦੈ ਗੁਰਆਈ ਸਿਰ ਛਤ੍ਰ ਫਿਰਾਇਆ ॥**
**ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ ॥**

ਜਿਸ ਸਮੇਂ ਗੁਰੂ ਜੀ ਦੇਸ਼-ਦੇਸ਼ਾਂਤਰ ਦਾ ਰਟਨ ਕਰਦੇ ਹੋਏ ਮੱਕੇ ਗਏ ਤਾਂ ਰੁਕਨ ਦੀਨ ਨੇ ਪੁਛਿਆ ਕਿ ਆਪ ਦੇ ਮਤ ਦਾ ਨਾਮ ਕੀ ਹੈ ? ਗੁਰੂ ਜੀ ਨੇ ਕਿਹਾ-

**ਕਲਿਜੁਗ ਨਾਨਕ ਨਿਰਮਲਾ ਪੰਥ ਚਲਾਯੋ ਆਏ ॥**
**ਬੇਦ ਕਤੇਬੋ ਬਾਹਰਾ ਜਪਦੇ ਏਕ ਖੁਦਾਏ ॥**

(ਮਕੇ ਦੀ ਗੋਸਟ)

ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ 'ਨਿਰਮਲ ਪੰਥ ਬੋਧ' ਵਿਚ ਲਿਖਦੇ ਹਨ ਕਿ ਉਤਰੀ ਭਾਰਤ ਦੀਆਂ ਸੰਪ੍ਰਦਾਵਾਂ ਵਿਚ ਨਿਰਮਲ ਸੰਪ੍ਰਦਾਇ ਦਾ ਵਿਸ਼ੇਸ਼ ਸਥਾਨ ਹੈ। ਇਸ ਸੰਪ੍ਰਦਾਇ ਦੇ ਪ੍ਰਵਰਤਕ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਗੁਰੂ ਜੀ ਵੇਈਂ ਵਿਚ ਇਸ਼ਨਾਨ ਕਰਨ ਸਮੇਂ ਚੁਭੀ ਲਾ ਕੇ ਸਚਖੰਡ ਵਿਚ ਪਹੁੰਚ ਗਏ। ਉਸ ਸਮੇਂ ਅਕਾਲ ਪੁਰਖ ਨੇ ਮੂਲ-ਮੰਤਰ ਬਖਸ਼ ਕੇ ਆਗਿਆ ਕੀਤੀ ਕਿ 'ਤਪ' ਰਹੇ ਸੰਸਾਰ ਨੂੰ ਪਰਮੇਸ਼ੁਰ ਦਾ ਨਾਮ ਜਪਾਉ। ਸਤਿਗੁਰੂ ਜੀ ਨੇ ਸਤਿ ਦੇ ਨਾਮ ਨੂੰ ਜੋ ਤਿੰਨਾਂ ਕਾਲਾ ਵਿਚ ਇਕ ਰਸ ਰਹਿੰਦਾ ਹੈ- **ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥** ਉਸ ਸਤਿ ਰੂਪੀ ਸਿੱਕੇ ਨੂੰ ਕਾਇਮ ਕੀਤਾ। ਜਿਸ ਸਿੱਕੇ ਨੂੰ ਰਾਜੇ ਲੋਕ ਕਾਇਮ ਕਰਦੇ ਸਨ, ਉਹ ਉਨ੍ਹਾਂ ਦੇ ਮਰਨ ਤੋਂ ਬਾਅਦ ਖ਼ਤਮ ਹੋ ਜਾਂਦਾ ਸੀ। ਪਰ ਸਤਿਗੁਰ ਜੀ ਨੇ ਸਚਿ ਦੇ ਰਾਜ ਦਾ ਨਿਰਮਲ ਸਿੱਕਾ ਚਲਾਇਆ, ਜਿਸ ਬਾਰੇ ਭਾਈ ਗੁਰਦਾਸ ਜੀ ਕਥਨ ਕਰਦੇ ਹਨ-

**ਵਿਣ ਨਾਵੈ ਹੋਰ ਮੰਗਣਾ ਸਿਰ ਦੁਖਾਂ ਦੇ ਦੁਖ ਸਬਾਯਾ ॥**
**ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ ॥**

ਜਦੋਂ ਗੁਰੂ ਜੀ ਅਕਾਲ ਪੁਰਖ ਦੇ ਦਰ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਤਿੰਨ ਦਿਨਾਂ ਬਾਅਦ ਵੇਈਂ ਨਦੀ ਵਿਚੋਂ ਬਾਹਰ ਆਏ ਤਾਂ ਸਤਿਗੁਰੂ ਜੀ ਦਾ ਭਗਤ ਭਾਈ ਭਗੀਰਥ ਦ੍ਰਿੜ੍ਹ ਸ਼ਰਧਾ ਸਹਿਤ ਤਿੰਨ ਦਿਨ ਤੋਂ ਸਤਿਗੁਰੂ ਜੀ ਦੇ ਦਰਸ਼ਨ ਲਈ ਇਕਾਗਰ ਚਿਤ ਨਦੀ ਦੇ ਕਿਨਾਰੇ ਖੜ੍ਹਾ ਸੀ। ਗੁਰੂ ਜੀ ਨੇ ਪ੍ਰਸੰਨ ਚਿਤ ਸਹਿਤ ਭਾਈ ਭਗੀਰਥ ਦੇ ਭਗਤੀ-ਭਾਵ ਅਤੇ ਸ਼ਰਧਾ ਨੂੰ ਦੇਖਦਿਆਂ ਹੋਇਆਂ ਭਾਈ ਭਾਗੀਰਥ ਨੂੰ ਮੂਲ ਮੰਤ੍ਰ ਅਤੇ ਨਿਰਮਲ ਭੇਖ (ਭਗਵਾਂ ਭੇਸ) ਬਖਸ਼ਿਸ਼ ਕੀਤਾ। ਇਸ ਪ੍ਰਕਾਰ ਪਹਿਲਾ ਨਿਰਮਲਾ ਸੰਤ ਭਾਈ ਭਗੀਰਥ ਹੋਇਆ ਹੈ। ਇਸ ਤਰ੍ਹਾਂ ਇਤਿਹਾਸਕ ਘਟਨਾਵਾਂ ਤੋਂ ਸਿਧ ਹੁੰਦਾ ਹੈ ਕਿ 'ਨਿਰਮਲ ਪੰਥ' ਦੇ ਪ੍ਰਵਰਤਕ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਹਨ। ਜਿਸ ਬਾਰੇ ਭਾਈ ਭਗੀਰਥ ਜੀ ਦੀ ਵਾਰ ਹੈ-

**'ਨਿਰਮਲ ਪੰਥ' ਚਲਾਇਆ, ਏਕ ਵਿਵੇਕ ਭਗਤ ਦ੍ਰਿੜਾਈ ॥**
**ਸਾਧਨ ਕਠਿਨ ਛਡਾਇ ਕੇ ਗੁਰ ਚੇਲੇ ਕੀ ਰੀਤ ਚਲਾਈ ॥**
**ਕਲਿਯੁਗ ਨਾਨਕ ਕਲਾ ਦਿਖਾਈ ॥** (ਵਾਰ ਭਾਈ ਭਾਗੀਰਥ)

ਇਸ ਤਰ੍ਹਾਂ 'ਨਿਰਮਲ ਪੰਥ' ਗੁਰੂ ਨਾਨਕ ਦੇਵ ਜੀ ਤੋਂ ਚਲ ਕੇ ਸਮੇਂ-ਸਮੇਂ ਸਾਰੇ ਗੁਰੂਆਂ ਦੇ ਸਮੇਂ ਵਿਖਿਆਤ ਹੁੰਦਾ ਰਿਹਾ ਹੈ ਜਿਵੇਂ ਪੰਚਮ ਪਾਤਸ਼ਾਹ ਦੇ ਸਮੇਂ ਨਿਰਮਲ ਪੰਥ ਦੀ ਵਿਖਿਆਤਤਾ ਗੁਰੂ ਜੀ ਖੁਦ ਕਥਨ ਕਰਦੇ ਹਨ-

**ਗੁਰ ਅਰਜਨ ਜਹਿ ਬੈਠ ਕਰ, ਬਾਂਧੀ ਬੀੜ ਸੁ ਗ੍ਰੰਥ ॥**
**ਜਹਿ ਪ੍ਰਸਾਦਿ ਸਭ ਜਗਤ ਮੇ, ਚਲਹੈ ਨਿਰਮਲਾ ਪੰਥ ॥**

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫ਼ਰਮਾਇਆ-

**ਸੇਵੇ ਉਹ ਨਿਰਮਲ ਬਨ ਜਾਇ। ਭਗਤ ਗਯਾਨ ਗੁਰਸਿੱਖੀ ਭਾਇ।**

ਰਾਸ 9 ਅੰਸੂ 39 'ਗੁਰ ਪ੍ਰਤਾਪ ਸੂਰਜ' ਵਿਚ ਲਿਖਿਆ ਹੈ ਕਿ ਜਨ ਸਾਧਾਰਨ 'ਜੰਤਾ' ਸਤਿਗੁਰ ਜੀ ਨੂੰ ਨਿਰਮਲੇ ਕਹਿ ਕੇ ਯਾਦ ਕਰਦੇ ਸਨ-

**ਨਿਰਮਲੇ ਗੁਰ ਗੁਰ ਦਰਸਹਿ ਸਿਖਨ, ਪ੍ਰਮੇਸਵਰ ਕੋ ਪ੍ਰੇਮ ਸੁਜਾਨ ॥**

ਗੁਰੂਆਂ ਦੇ ਆਸ਼ੀਰਵਾਦ ਸਦਕਾ ਨਿਰਮਲ ਪੰਥ ਸਮੇਂ-ਸਮੇਂ ਵਿਸਥਾਰ ਨੂੰ ਧਾਰਨ ਕਰਦਾ ਗਿਆ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਸ ਸਮੇਂ ਜਮਨਾ ਨਦੀ ਦੇ ਤੱਟ ਉਪਰ ਪਾਉਂਟਾ ਸਾਹਿਬ ਦੀ ਧਰਤੀ 'ਤੇ ਵਿਰਾਜਮਾਨ ਸਨ, ਉਸ ਸਮੇਂ ਉਹ ਹਰੇਕ ਸਿੱਖ ਨੂੰ ਵਿਦਵਾਨ ਬਣਾਉਣਾ ਚਾਹੁੰਦੇ ਸਨ। ਗੁਰਸਿੱਖਾਂ ਦੇ ਅਧਿਐਨ ਵਾਸਤੇ ਅਨੇਕਾਂ ਸਾਹਿਤ ਦੇ ਗ੍ਰੰਥਾਂ ਦੀ ਰਚਨਾ ਦਾ ਕਾਰਜ ਆਰੰਭ ਕੀਤਾ ਸੀ। ਇਸ ਕਾਰਜ ਵਾਸਤੇ ਅਨੇਕਾਂ ਵਿਦਵਾਨ ਸਤਿਗੁਰੂ ਜੀ ਦੇ ਦਰਬਾਰ ਵਿਚ ਰਹਿੰਦੇ ਸਨ। ਜਿਵੇਂ ਕਿ 52 ਕਵੀਆਂ ਅਤੇ 36 ਲਿਖਾਰੀਆਂ ਦਾ ਹਰ ਸਮੇਂ ਸਤਿਗੁਰ ਜੀ ਦੇ ਦਰਬਾਰ ਵਿਚ ਰਹਿਣਾ ਪ੍ਰਸਿਧ ਹੈ। ਵਿਦਿਆ ਪੜ੍ਹਨ ਦਾ ਆਦੇਸ਼ ਦਿੰਦੇ ਹੋਏ ਸਤਿਗੁਰੂ ਜੀ ਰਹਿਤਨਾਮਿਆਂ ਵਿਚ ਫ਼ਰਮਾਉਂਦੇ ਹਨ-

**ਗੁਰਮੁਖੀ ਅੱਖਰ ਜੋ ਹੈ ਭਾਈ। ਸਿਖ ਸਿਖ ਤੇ ਸੀਖੇ ਜਾਈ।**
**ਔਰ ਭੀ ਵਿਦਿਆ ਜਹਿ ਤਹਿ ਹੋਈ। ਅਵਰਨ ਤੇ ਭੀ ਲੇਵੇ ਸੋਈ।**

ਸਤਿਗੁਰੂ ਜੀ ਦੇ ਹੁਕਮ ਅਨੁਸਾਰ ਉਸ ਸਮੇਂ ਅਨੇਕਾਂ ਸਿਖ ਗੁਰਮੁਖੀ, ਗੁਰਬਾਣੀ, ਇਤਿਹਾਸ, ਰਾਗੁ, ਕਾਵਿ, ਬ੍ਰਜ ਭਾਸ਼ਾ ਆਦਿਕ ਪੂਰੀ ਲਗਨ ਨਾਲ ਪੜ੍ਹ ਰਹੇ ਸਨ। ਸਤਿਗੁਰੂ ਜੀ ਦੇ ਦਰਬਾਰ ਵਿਚ ਪੰਡਿਤ ਰਘੁਨਾਥ ਮਹਾਭਾਰਤ ਆਦਿਕ

ਗ੍ਰੰਥਾਂ ਦੀ ਕਥਾ ਕਰਨ ਆਉਂਦਾ ਸੀ। ਸਤਿਗੁਰੂ ਜੀ ਨੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣ ਵਾਸਤੇ ਪੰਡਿਤ ਰਘੁਨਾਥ ਨਿਯੁਕਤ ਕੀਤਾ। ਪੰਡਿਤ ਜੀ ਨੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣੀ ਸ਼ੁਰੂ ਕਰ ਦਿਤੀ। ਕੁਝ ਦਿਨਾਂ ਬਾਅਦ ਪੰਡਿਤ ਰਘੁਨਾਥ ਨੇ ਸਿੱਖਾਂ ਨੂੰ ਉਨ੍ਹਾਂ ਦੇ ਵਰਣ-ਆਸ਼੍ਰਮ ਬਾਰੇ ਪੁਛਿਆ ਤਾਂ ਸਾਰੇ ਸਿੱਖਾਂ ਨੇ ਆਪਣੀ-ਆਪਣੀ ਜਾਤੀ ਦਸ ਦਿਤੀ। ਪੰਡਿਤ ਜੀ ਨੇ ਜਦੋਂ ਸੁਣਿਆ ਕਿ ਇਹ ਨਾ ਬ੍ਰਾਹਮਣ ਹਨ ਅਤੇ ਨਾ ਹੀ ਕਸ਼ਤਰੀ, ਤਾਂ ਮਨ ਵਿਚ ਸੋਚਿਆ ਕਿ ਇਹ ਦੇਵ ਬਾਣੀ ਪੜ੍ਹਨ ਦੇ ਅਧਿਕਾਰੀ ਨਹੀਂ ਹਨ। ਪੰਡਿਤ ਜੀ ਨੇ ਜਦੋਂ 'ਬ੍ਰਾਹਮਣ ਵਰਗ' ਦੇ ਨਾਲ ਇਸ ਵਿਸ਼ੇ ਉੱਪਰ ਚਰਚਾ ਕੀਤੀ ਤਾਂ ਸਾਰਿਆਂ ਨੇ ਵਿਦਿਆ ਪੜ੍ਹਾਉਣ ਤੋਂ ਇਨਕਾਰ ਕਰ ਦਿਤਾ। ਪੰਡਿਤ ਜੀ ਨੇ ਸਤਿਗੁਰੂ ਜੀ ਨੂੰ ਕਿਹਾ ਕਿ ਆਪ ਜੀ ਦੇ ਸਿੱਖ ਸ਼ੂਦਰ ਹਨ, ਇਸ ਵਾਸਤੇ ਮੈਂ ਇਨ੍ਹਾਂ ਨੂੰ ਦੇਵ ਬਾਣੀ ਨਹੀਂ ਪੜ੍ਹਾ ਸਕਦਾ। ਸਤਿਗੁਰੂ ਜੀ ਨੇ ਕਿਹਾ ਪੰਡਿਤ ਜੀ ਸਿੱਖਾਂ ਦੇ ਚਰਨਾਂ ਵਿਚ ਬੈਠ ਕੇ ਵਡੇ-ਵਡੇ ਬ੍ਰਾਹਮਣ ਵੇਦ-ਸ਼ਾਸਤਰ ਆਦਿਕ ਵਿਦਿਆ ਪੜ੍ਹਨਗੇ। ਇਹ ਸਿੱਖ ਬ੍ਰਾਹਮਣਾਂ ਦੇ ਵਿਦਿਆ ਗੁਰੂ ਹੋਣਗੇ ਅਤੇ ਗੁਰੂ ਜੀ ਨੇ ਜੋਸ਼ ਵਿਚ ਆ ਕੇ ਹੇਠ ਲਿਖੇ ਸ਼ਬਦ ਕਹੇ-

**ਬੋਲੇ ਗੁਰ ਸੁਨ ਦ੍ਵਿਜ ਕੀ ਬਾਨੀ ॥ ਸ਼ੂਦਰ ਕਹਿਤ ਜਿਨੈ ਤੂੰ ਅਭਿਮਾਨੀ ॥**
**ਇਨ ਹੀ ਮੇਰੇ ਸਿਖਨ ਤੇ ਲਖ ॥ ਵਿਦਯਾ ਬੇਦ ਪੜ੍ਹੇਂਗੇ ਦ੍ਵਿਜ ਦੱਖ ॥**
**ਨਿਰਮਾਗਮ ਲੌ ਚੌਦਸ ਵਿਦਿਯਾ ॥ ਮੈਂ ਬਖਸ਼ੀ ਸਿਖਹਿ ਪਰ ਸਿਧਯਾ ॥**
**ਜਿਸ ਨੋ ਤੂੰ ਸ਼ੂਦਰ ਬਤਰੈ ਹੈਂ ॥ ਇਹ ਵਿਦਯਾ ਗੁਰ ਤੁਮਰੇ ਥੈਂ ਹੈਂ ॥**

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1686 ਈ. ਨੂੰ ਭਰੇ ਇਕੱਠ ਵਿਚ ਜਮੁਨਾ ਦੇ ਕਿਨਾਰੇ, ਇਕ ਸ਼ੁਧ ਸ਼ਿਲਾ ਉਪਰ ਬੈਠ ਕੇ ਭਾਸ਼ਾ, ਗੁਰਬਾਣੀ ਅਤੇ ਇਤਿਹਾਸ ਆਦਿਕ ਦੇ ਪੰਜ ਪ੍ਰਸਿੱਧ ਵਿਦਵਾਨਾਂ ਨੂੰ ਉਨ੍ਹਾਂ ਦੇ ਨਾਮ ਲੈ ਕੇ ਪੁਕਾਰਿਆ। ਸੰਤ ਕਰਮ ਸਿੰਘ, ਸੰਤ ਰਾਮ ਸਿੰਘ, ਸੰਤ ਗੰਡਾ ਸਿੰਘ, ਸੰਤ ਸੈਣਾ ਸਿੰਘ, ਸੰਤ ਵੀਰ ਸਿੰਘ, ਪੰਜਾਂ ਸਿਖਾਂ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਨਮਸਕਾਰ ਕੀਤੀ, ਅਗੋਂ ਗੁਰੂ ਜੀ ਨੇ ਆਗਿਆ ਕੀਤੀ ਕਿ ਅਸੀਂ ਤੁਹਾਨੂੰ ਸੰਸਕ੍ਰਿਤ ਪੜ੍ਹਨ ਵਾਸਤੇ ਕਾਸ਼ੀ ਨੂੰ ਭੇਜ ਰਹੇ ਹਾਂ। ਸਤਿਗੁਰੂ ਜੀ ਨੇ ਪੰਜਾਂ ਨੂੰ ਭਗਵੇਂ ਵਸਤ੍ਰਾਂ ਦੀਆਂ ਗਾਤੀਆਂ ਲਵਾ ਕੇ ਹੱਥ ਵਿੱਚ ਚਿੱਪੀਆਂ ਦੇ ਕੇ ਵੇਦਾਂ, ਸ਼ਾਸਤਰਾਂ, ਦਰਸ਼ਨਾਂ ਆਦਿ ਦੀ ਵਿਦਿਆ ਪ੍ਰਾਪਤੀ ਦਾ ਆਸ਼ੀਰਵਾਦ ਦਿੰਦਿਆਂ ਕਿਹਾ ਕਿ ਜਿਸ ਵਿਦਿਆ ਨੂੰ ਆਮ ਆਦਮੀ ਇਕ ਸਾਲ ਵਿਚ ਪੜ੍ਹਦਾ ਹੈ, ਉਸ ਨੂੰ ਤੁਸੀਂ ਇਕ ਮਹੀਨੇ ਵਿਚ ਹੀ ਪ੍ਰਾਪਤ ਕਰ ਲਵੋਗੇ। ਸਤਿਗੁਰੂ ਤੁਹਾਡੇ ਅੰਗ-ਸੰਗ ਰਹਿਣਗੇ। ਸਤਿਗੁਰੂ ਜੀ ਦੀ ਆਗਿਆ ਅਨੁਸਾਰ ਇਨ੍ਹਾਂ ਨੇ ਕਾਸ਼ੀ ਵਿਚ ਮਨ ਲਗਾ ਕੇ ਵਿਦਿਆ ਪੜ੍ਹਨੀ ਆਰੰਭ ਕੀਤੀ ਅਤੇ ੧੩ ਕੁ ਸਾਲ ਵਿਚ ਪੰਡਿਤ ਸਦਾ ਨੰਦ ਤੋਂ ਵੇਦਾਂ, ਸ਼ਾਸਤਰਾਂ, ਦਰਸ਼ਨਾਂ, ਸਮ੍ਰਿਤੀਆਂ ਦੀ ਵਿਦਿਆ ਪ੍ਰਾਪਤ ਕਰ ਲਈ-

**ਗੁਰੁ ਕ੍ਰਿਪਾ ਤੇ ਸੀਘਰ ਬਿਦੱਯਾ ॥**
**ਤਿਹ ਕੋ ਕਰ ਤਲ ਭਈ ਪ੍ਰਸਿੱਧਯਾ ॥**

ਪਾਉਂਟਾ ਸਾਹਿਬ ਦੀ ਚੋਣ ਤੋਂ 13 ਸਾਲ ਮਗਰੋਂ ਗੁਰੂ ਜੀ ਨੇ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਸੰਨ 1699 ਈ. ਨੂੰ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਪੰਜ ਪਿਆਰਿਆਂ ਦੀ ਚੋਣ ਕਰਕੇ 'ਖਾਲਸਾ ਪੰਥ' ਦੀ ਸਿਰਜਨਾ ਕੀਤੀ। ਭਾਈ ਕਾਨ੍ਹ ਸਿੰਘ ਨਾਭਾ 'ਗੁਰਮਤਿ ਪ੍ਰਭਾਕਰ' ਵਿਚ ਲਿਖਦੇ ਹਨ ਕਿ ਨਿਰਮਲ ਪੰਥ ਦਾ ਨਾਮ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਰੱਖਿਆ ਹੈ। ਗੁਰੂ ਜੀ ਨੇ ਇਕਨਾ ਨੂੰ ਸ਼ਸਤ੍ਰ ਵਿਦਿਆ ਅਤੇ ਇਕਨਾ ਨੂੰ ਸ਼ਾਸਤ੍ਰ ਵਿਦਿਆ ਬਖਸ਼ੀ। ਪੰਡਿਤ ਗੁਲਾਬ ਸਿੰਘ ਜੀ ਦੇ ਕਥਨ ਅਨੁਸਾਰ-

**ਸ੍ਰੀ ਗੁਰੁ ਗੋਬਿੰਦ ਸਿੰਘ ਸੁ ਪੂਰਣ ਹਰਿ ਅਵਤਾਰ ॥**
**ਰਚਯੋ ਪੰਥ ਭਵ ਮੈਂ ਪ੍ਰਗਟ ਦੋ ਬਿਧ ਕੋ ਬਿਸਤਾਰ ॥**
**ਏਕਨ ਕੇ ਕਰ ਖੜਗ ਦੈ, ਭੁਜਬਲ ਬਹੁ ਵਿਸਤਾਰ ॥**
**ਪਾਲਨ ਭੂਮੀ ਕੋ ਕਰਯੋ ਦੁਸ਼ਟਨ ਮੂਲ ਉਖਾਰ ॥**
**ਔਰਨ ਕੀ ਪਿਖ ਵਿਮਲ ਮਤਿ, ਕੀਨੋ ਪਰਮ ਵਿਵੇਕ ॥**
**ਨਿਰਮਲੇ ਭਾਖੇ ਜਗਤ ਤਿਹ, ਹੇਰੈ ਬ੍ਰਹਮ ਸੁ ਏਕ ॥**

ਉਧਰ ਪੰਜੇ ਨਿਰਮਲੇ ਸੰਤ ਆਪਣੀ ਵਿਦਿਆ ਦਾ ਅਧਿਐਨ ਪੂਰਾ ਕਰਕੇ ਆਪਣੇ ਵਿਦਿਆ ਗੁਰੂ ਪੰਡਿਤ ਸਦਾ ਨੰਦ ਜੀ ਤੋਂ ਆਗਿਆ ਲੈ ਕੇ ਪੰਜਾਬ ਵੱਲ ਨੂੰ ਚੱਲ ਪਏ। ਚਲਦੇ-ਚਲਦੇ ਸ਼੍ਰੀ ਆਨੰਦਪੁਰ ਸਾਹਿਬ ਪਹੁੰਚੇ। ਉਸ ਸਮੇਂ ਸਤਿਗੁਰੂ ਜੀ ਦਾ ਦਰਬਾਰ ਸਜਿਆ ਹੋਇਆ ਸੀ। ਪੰਜੇ ਸੰਤ ਭਗਵੀਆਂ ਗਾਤੀਆਂ ਧਾਰੀਂ ਹੱਥ ਵਿਚ ਚਿਪੀਆਂ ਅਤੇ ਗ੍ਰੰਥ ਲਈਂ ਗੁਰੂ

ਕਲਗੀਧਰ ਦੇ ਦਰਬਾਰ ਵਿਚ ਹਾਜ਼ਿਰ ਹੋਏ। ਪਤਰ-ਪੁਸ਼ਪ ਭੇਟ ਰਖ ਕੇ ਚਰਨਾਂ ਉਪਰ ਡੰਡਵਤ ਨਮਸਕਾਰ ਕੀਤੀ ਅਤੇ ਸੰਸਕ੍ਰਿਤ ਵਿਚ ਸਤਿਗੁਰੂ ਜੀ ਦੀ ਉਸਤਤੀ ਉਚਾਰਨ ਕੀਤੀ-

**शुद्धाय बुद्धाय निरंजनाय संसारमायापरिवर्जिताय।**
**संचिन्तनाय स्वहृदि स्थिताय गोबिन्दसिंहाय नमोस्त्वजाय।१।**
**आधाय चान्त्याय च मध्यगाय आद्यन्तहीनाय निरंकुशाय।**
**ज्योतिस्स्वरूपाय शुभप्रदाय गोविन्दसिंहाय नमोस्त्वजाय।२।**
**आदित्यवंशाय पुरंदराय संसारसाराय स्वयं प्रभाय।**
**रत्यादिहीनाय जनप्रियाय गोविन्दसंहाय नमोस्त्वजाय।३।**
**वेदान्तवेद्याय महेश्वराय सोऽहं स्वरूपाय जनेश्वराय ।**
**शेषादिगीताय कृताखिलाय गोविन्दसिंहाय नमोस्त्वजाय।४।**
**चिच्छक्तिरूपाय मनोरमाय संसारवारानिधितारणाय।**
**आनन्दकन्दाय शुचिप्रभाय गोविन्दसिंहाय नमोस्त्वजाय।५।**
**कैवल्यभुताय परात्पराय भोग्याय भोगाय भवाभवाय।**
**प्रह्लादसिंहाय सुखंकराय गोविन्दसिंहाय नमोस्त्वजाय।६।**
**ताराय पाराय परायणाय कालाय पालाय जगद्धिताय।**
**शान्ताय कान्ताय नमोंतकाय गोविन्दसिंहाय नमोस्त्वजाय।७।**
**सांख्यादितत्वप्रविवेचकाय वैकुंठनाथाय रमारमाय।**
**श्रौताय सत्याय सुदैशिकाय गोविन्दसिंहाय नमोस्त्वजाय।८।**

ਸੰਸਕ੍ਰਿਤ ਵਿਚ ਉਸਤਤੀ ਸੁਣ ਕੇ ਅਤੇ ਕਾਸ਼ੀ ਵਿਚੋਂ ਸਫਲਤਾ ਸਹਿਤ ਵਿਦਿਆ ਹਾਸਿਲ ਕਰਕੇ ਵਾਪਿਸ ਆਏ ਸਿਖਾਂ ਨੂੰ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਇਨ੍ਹਾਂ ਪੰਜਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਅਸੀਂ ਵੀ ਆਪ ਜੀ ਦਾ ਅੰਮ੍ਰਿਤ ਪਾਨ ਕਰਨਾ ਚਾਹੁੰਦੇ ਹਾਂ। ਗੁਰੂ ਜੀ ਨੇ ਪ੍ਰਸੰਨ ਹੋ ਕੇ ਭਾਈ ਧਰਮ ਸਿੰਘ, ਭਾਈ ਦਇਆ ਸਿੰਘ ਪਿਆਰਿਆਂ ਨੂੰ ਅੰਮ੍ਰਿਤ ਪਾਨ ਕਰਵਾਉਣ ਲਈ ਕਿਹਾ ਅਤੇ ਇਨ੍ਹਾਂ ਨੂੰ ਅੰਮ੍ਰਿਤ ਪਾਨ ਕਰਵਾਇਆ ਗਿਆ। ਇਨ੍ਹਾਂ ਦੀ ਰਹਿਣੀ, ਬਹਿਣੀ, ਬਿਰਤੀ, ਸੰਤੋਖ ਦੇਖ ਕੇ ਸਤਿਗੁਰੂ ਜੀ ਨੇ ਅਨੇਕਾਂ ਬਖਸ਼ਿਸ਼ਾਂ ਕੀਤੀਆਂ, ਜਿਨ੍ਹਾਂ ਵਿਚੋਂ 10 ਬਖਸ਼ਿਸ਼ਾਂ ਪ੍ਰਮੁੱਖ ਹਨ।

**ਕਾਹੂ ਸੇ ਨ ਰਾਖੇ ਰਾਗ, ਦਵੈਖ ਹੂੰ ਨ ਕਾਹੂੰ ਸੰਗ,**
**ਲੋਕ ਕੁਲ ਲਾਜ ਖਟ ਖਟੋ ਜਿਨ ਨਾ ਕੋ ਹੈ।**
**ਨਿਮ੍ਰਤਾ ਸੋ ਭਰੇ ਰਿਦੇ ਨਿਪੁੰਨਤਾ ਧਰੇ ਰਰੇ,**
**ਰਾਮ ਕ੍ਰਿਸ਼ਨ ਹਰੇ ਪਾਰਬ੍ਰਹਮ ਬੋਧ ਜਾ ਕੋ ਹੈ।**
**ਨਿਗਮ ਪ੍ਰਵਾਹ ਨਿਤਯ ਜਿਨ ਕੇ ਨਿਹਾਲ ਸਿੰਘ,**
**ਗਿਰਾ ਗੁਰੁ ਗ੍ਰੰਥ ਕੀ ਮੈਂ ਜਾਂ ਕੋ ਪ੍ਰੇਮ ਬਾਕੋ ਹੈ।**
**ਨਿਤਾਪ੍ਰਤਿ ਨਿਰੋਪਾਧਿ ਅਹੰਬ੍ਰਹਮ ਬੋਧ ਜਾ ਕੇ,**
**ਦ੍ਵੈਤ ਮਲ ਕਟੀ ਨਿਰਮਲੇ ਨਾਮ ਯਾ ਕੋ ਹੈ।**

ਸਿਖ ਪੰਥ ਦੋ ਰੂਪਾਂ ਵਿਚ ਪ੍ਰਸਿਧ ਰਹੇਗਾ। ਨਿਰਮਲ ਪੰਥ ਭਗਤੀ ਅਤੇ ਗਿਆਨ ਦੁਆਰਾ ਅੰਤ੍ਰੀਵ ਵੈਰਾਗ-ਖੜਗ ਨਾਲ ਕਾਮ, ਕ੍ਰੋਧ, ਲੋਭ ਆਦਿਕ ਆਸੁਰੀ ਸੰਪਦਾ ਦਾ ਨਾਸ਼ ਕਰੇਗਾ ਅਤੇ ਖਾਲਸਾ ਪੰਥ ਸਰੀਰਕ ਬਲ ਸਦਕਾ ਸਰਬ ਲੋਹ ਦੀ ਖੜਗ ਨਾਲ ਅਤਿਆਚਾਰੀ, ਕਪਟੀ ਆਦਿ ਦਾ ਨਾਸ਼ ਕਰੇਗਾ। ਗਿਆਨ ਮਾਰਗ ਅਤੇ ਸੰਸਾਰ ਮਾਰਗ ਦੋ ਪਦਵੀਆਂ ਦਾ ਵਰਦਾਨ ਗੁਰੂ ਜੀ ਨੇ ਵਰਣਨ ਕੀਤਾ ਹੈ-

**ਧੰਨਿ ਜੀਉ ਤਿਹ ਕੋ ਜਗ ਮਹਿ ਮੁਖ ਤੇ ਹਰਿ ਚਿਤ ਮਹਿ ਜੁਧੁ ਬੀਚਾਰੈ ॥**
**ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ ॥**
**ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜਯਾਰੈ ॥**
**ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥** (ਕ੍ਰਿਸ਼ਨਾਵਤਾਰ)

ਲੰਗਰਾਂ ਦੀ ਪਰਖ ਕਰਕੇ ਭਾਈ ਨੰਦ ਲਾਲ ਜੀ ਨੂੰ ਖੁਸ਼ੀਆਂ ਬਖਸ਼ਕੇ ਭਗਵੇਂ ਵਸਤ੍ਰ ਨਿਰਮਲੇ ਸੰਤਾਂ ਨੂੰ ਬਖਸ਼ ਦਿਤੇ ਅਤੇ ਕਿਹਾ ਇਨ੍ਹਾਂ ਵਸਤ੍ਰਾਂ ਦੇ ਅਧਿਕਾਰੀ ਨਿਰਮਲੇ ਸੰਤ ਹਨ।

ਕੜਾਹ ਪ੍ਰਸਾਦ ਦੀ ਲੁਟ ਦੁਆਰਾ ਨਿਰਮਲੇ ਸੰਤ ਦੀ ਪ੍ਰੀਖਿਆ ਲਈ ਤਾਂ ਉਨ੍ਹਾਂ ਨੂੰ ਸੰਤੋਖੀ ਪਾਇਆ। ਫਿਰ ਵਰਦਾਨ ਦਿਤਾ ਕਿ ਨਿਰਮਲੇ ਸੰਤਾਂ ਨੇ ਪੰਥ ਵਿਚ ਸੰਤੋਖ ਦਾ ਬੀਜ ਰਖ ਲਿਆ ਹੈ।

ਇਕ ਦਿਨ ਗੁਰੂ ਜੀ ਚੌਥੇ ਪਹਿਰ ਭਾਈ ਨੰਦ ਲਾਲ ਨੂੰ ਨਾਲ ਲੈ ਕੇ ਸਾਰਿਆਂ ਡੇਰਿਆਂ ਵਿਚ ਗਏ ਤਾਂ ਕੋਈ ਸੁਤੇ ਸਨ, ਕੋਈ ਗੱਪਾਂ ਮਾਰ ਰਹੇ ਸਨ। ਪਰ ਇਕ ਡੇਰੇ ਵਿਚ ਗਏ ਤਾਂ ਉਥੇ ਸਾਰੇ ਇਕਾਗਰ ਚਿਤ ਸਿਮਰਨ ਵਿਚ ਲਗੇ ਹੋਏ ਸਨ। ਇਨ੍ਹਾਂ ਪ੍ਰਤੀ ਗੁਰੂ ਜੀ ਨੇ ਕਿਹਾ ਆਲਸ ਰਹਿਤ ਸ੍ਰੋਤ੍ਰੀਆ ਬ੍ਰਹਮਨਿਸਠ ਨਿਰਮਲੇ ਸੰਤ ਹਨ। ਸਿੱਖੀ ਦੇ ਤਤ੍ਵ ਗੁਰਬਾਣੀ ਦੇ ਚਿੰਤਨ ਵਿਚ ਲੱਗੇ ਹੋਏ ਹਨ।

ਇਕ ਦਿਨ ਆਨੰਦਪੁਰ ਵਿਚ ਨਾਟਕ ਹੋ ਰਿਹਾ ਸੀ, ਸਾਰੇ ਲੋਕ ਨਾਟਕ ਵੇਖਣ ਗਏ। ਗੁਰੂ ਜੀ ਨੇ ਦੇਖਿਆ ਕਿ ਕੇਵਲ 17 ਨਿਰਮਲੇ ਸਿਖ ਇਸ ਸਮੇਂ ਵੀ ਇਕਾਗਰ ਚਿਤ ਸਿਮਰਨ ਵਿਚ ਲਗੇ ਸਨ। ਗੁਰੂ ਜੀ ਨੇ ਆਸ਼ੀਰਵਾਦ ਦਿਤਾ 'ਨਿਰਮਲੇ ਸੰਤਾਂ ਦੇ ਕਾਰਨ ਪੰਥ ਦੀ ਸਦਾ ਸ਼ੋਭਾ ਬਨੀ ਰਹੇਗੀ'।

ਦਸਮ ਗੁਰੂ ਜੀ ਦਾ ਨਿਜੀ ਸੇਵਕ ਭਾਈ ਚੰਦਨ ਜੀ ਸੀ। ਉਸ ਨੂੰ ਗੁਰੂ ਜੀ ਅਨੇਕ ਤਰ੍ਹਾਂ ਦੇ ਪਦਾਰਥ, ਜ਼ੇਵਰ ਆਦਿ ਦਿੰਦੇ ਰਹਿੰਦੇ ਸਨ। ਕੁਝ ਵਿਅਕਤੀਆਂ ਨੇ ਈਰਖਾ ਵਸ ਇਨ੍ਹਾਂ ਦਾ ਸਮਾਨ ਚੋਰੀ ਕਰ ਲਿਆ। ਫਿਰ ਚੋਰ ਪਕੜਿਆ ਗਿਆ। ਗੁਰੂ ਜੀ ਨੇ ਭਾਈ ਜੀ ਤੋਂ ਪੁਛਿਆ ਕਿ ਇਸ ਨੂੰ ਕੀ ਸਜ਼ਾ ਦਿਤੀ ਜਾਵੇ ? ਭਾਈ ਚੰਦਨ ਜੀ ਨੇ ਕਿਹਾ ਇਸ ਨੂੰ ਜ਼ਰੂਰਤ ਹੋਵੇਗੀ ਅਗਰ ਹੋਰ ਲੋੜ ਹੈ ਤਾਂ ਮੈਂ ਹੋਰ ਸਮਾਨ ਦੇਵਾਂਗਾ। ਇਹ ਸੁਣ ਕੇ ਗੁਰੂ ਜੀ ਨੇ ਪ੍ਰਸੰਨ ਹੋ ਕੇ ਭਾਈ ਚੰਦਨ ਸਿੰਘ ਨੂੰ ਕਿਹਾ ਤੂੰ ਤਾਂ ਬ੍ਰਹਮ ਗਿਆਨੀ ਨਿਰਮਲਾ ਸੰਤ ਹੈ। ਆਸ਼ੀਰਵਾਦ ਦਿਤਾ- ਚੰਦਨ ਤੋਂ ਵਧ ਸੀਤਲਤਾ ਵਾਲੇ ਸ਼ੁਭ ਗੁਣ, ਨਿਰਮਲ ਭੇਖ ਦੇ ਚਿੰਨ੍ਹ ਬਣਨਗੇ।

ਇਕ ਦਿਨ ਭਾਈ ਚੌਪਾ ਸਿੰਘ, ਨਿਰਮਲੇ ਸੰਤ ਭਾਈ ਸੰਤ ਸਿੰਘ ਨੂੰ ਫੜ ਕੇ ਗੁਰੂ ਜੀ ਕੋਲ ਲਿਆਏ ਕਿ ਇਸ ਨੇ ਕਛ-ਕ੍ਰਿਪਾਨ ਆਦਿਕ ਕਕਾਰ ਤਿਆਗ ਦਿਤੇ ਹਨ। ਸਤਿਗੁਰੂ ਜੀ ਨੇ ਪੁਛਿਆ ਤਾਂ ਉਸ ਨੇ ਅਗੋਂ ਕਿਹਾ ਆਪ ਦੇ ਉਪਦੇਸ਼ ਨੂੰ ਧਾਰਨ ਕਰਕੇ ਮੈਂ ਪੰਜ ਕੋਸ਼ਾਂ ਤੋਂ ਨਿਆਰਾ ਆਤਮਾ ਹਾਂ। ਆਪ ਦੀ ਮਰਿਯਾਦਾ ਤਾਂ ਦੇਹ ਅਭਿਮਾਨੀ ਅਤੇ ਕਰਮ-ਕਾਂਡੀ ਵਾਸਤੇ ਹੈ। ਜੇ ਆਪ ਦਾ ਸਿਖ ਬਣ ਕੇ ਅਸਥੂਲ ਕਰਮ-ਕਾਂਡ ਦੇ ਬੰਧਨ ਨ ਟੁਟੇ ਤਾਂ ਯਮ ਦੇ ਬੰਧਨਾਂ ਤੋਂ ਜੀਵ ਮੁਕਤ ਕਿਵੇਂ ਹੋਵੇਗਾ ? ਸਤਿਗੁਰੂ ਜੀ ਨੇ ਮੁਸਕਰਾ ਕੇ ਭਾਈ ਚੌਪਾ ਸਿੰਘ ਨੂੰ ਕਿਹਾ ਤੁਸੀਂ ਤਾਂ ਨਿਰਮਲਾ ਸੰਤ ਫੜ ਲਿਆਂਦਾ ਹੈ। ਅਜੇਹੇ ਬ੍ਰਹਮਗਿਆਨੀ ਉਪਰ ਕਰਮ-ਕਾਂਡ ਦਾ ਬੰਧਨ ਨਹੀਂ ਹੈ।

ਸਤਿਗੁਰੂ ਮੁਕਤਿਸਰ ਨੂੰ ਜਾਂਦੇ ਹੋਏ ਪਿੰਡ 'ਮਾਗਵਾਂ ਬਹਿਬਲ' ਵਿਚ ਇਕ ਰਾਤ ਰੁਕੇ। ਇਸ ਇਲਾਕੇ ਵਿਚ ਕਾਲ ਪਿਆ ਹੋਇਆ ਸੀ। ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਇਕੱਠੇ ਲੰਗਰ ਛਕਣ ਦੀ ਬਜਾਏ ਦੋ-ਦੋ ਸਿਖ ਘਰ-ਘਰ ਜਾ ਕੇ ਪ੍ਰਸ਼ਾਦਾ ਛਕ ਆਉ ਤਾਂ ਸਾਰੇ ਛਕ ਆਏ। ਸਾਰਿਆਂ ਤੋਂ ਪੁਛਿਆ ਕੀ-ਕੀ ਛਕਿਆ, ਸਾਰਿਆਂ ਨੇ ਦਸਿਆ। ਫਿਰ ਜਦੋਂ ਭਾਈ ਮੈਲਾਗਰ ਸਿੰਘ ਅਤੇ ਭਾਈ ਗਜਾ ਸਿੰਘ ਨੂੰ ਪੁਛਿਆ ਤਾਂ ਉਨ੍ਹਾਂ ਨੇ ਕਿਹਾ ਬਹੁਤ ਸਵਾਦਿਸ਼ਟ ਭੋਜਨ ਛਕ ਕੇ ਆਏ ਹਾਂ। ਲਾਗੋਂ ਸਿੱਖਾਂ ਨੇ ਕਿਹਾ, ਜਿਸਦੇ ਘਰ ਇਹ ਗਏ ਸੀ, ਉਸਦੇ ਘਰ ਤਾਂ ਖਾਣ ਲਈ ਕੁਝ ਵੀ ਨਹੀਂ ਸੀ। ਉਸ ਸਿੱਖ ਨੇ ਪੁਛਣ 'ਤੇ ਦਸਿਆ ਕਿ ਉਸ ਘਰ ਵਾਲਿਆਂ ਨੇ ਇਨ੍ਹਾਂ ਦੇ ਅੱਗੇ ਸੁਕੀਆਂ ਪੀਲਕਾਂ ਰਖ ਦਿਤੀਆਂ, ਜਿਨ੍ਹਾਂ ਨੂੰ ਖਾ ਕੇ ਅਤੇ ਅਰਦਾਸ ਕਰ ਕੇ ਇਹ ਆ ਗਏ ਹਨ। ਸਤਿਗੁਰ ਜੀ ਪ੍ਰਸੰਨ ਹੋ ਕੇ ਤਿੰਨ ਵਾਰੀ ਕਿਹਾ ਧੰਨ ਸਿਖੀ-

**ਗੁਰੁ ਕਹਯੋ ਸਿਖੀ ਧੰਨ ਧੰਨ। ਦੇਖਿ ਭਾਉ ਕੋ ਭਏ ਪ੍ਰਸੰਨ।**
**ਅਸ ਸਿਖ ਭੀ ਬਿਚ ਪੰਥ ਸੁਹਾਇ। ਸਤੀ ਦੇਹਿ ਸੰਤੋਖੀ ਖਾਇ।**

(ਸੂਰਜ ਪ੍ਰਕਾਸ਼)

**ਸੁਨ ਗੱਜਾ ਹਰਿ ਬਰ ਭਵ ਭਵ ਬਰ, ਭਰਿ ਕਰਿ ਸੁਨ ਕਰ ਧਾਰੋ ॥**
**ਤੁਸ਼ਟ ਤੁਸ਼ਟ ਮੈਂ ਤੁਸ਼ਟ ਤੋਹਿਪਰ, ਤੁਸ਼ਟ ਆਦਿ ਗੁਨ ਭਾਰ ॥**
**ਭਵ ਭਵ ਭੇਖ ਭੇਖ ਗੁਨ ਧਰਨੀ, ਧੀਰਜ ਨਿਰਮਲ ਨਾਮਾ ॥**
**ਨਿਰਮਲ ਬਾਨੀ ਪਠਠਤ ਨਿਰਮਲ, ਨਿਰਮਲ ਪਟ ਗੁਨ ਧਾਮਾ ॥**

(ਸਰਬ ਲੋਹ ਪ੍ਰਕਾਸ਼)

ਸਤਿਗੁਰੂ ਜੀ ਨੇ ਸਾਬੋ ਕੀ ਤਲਵੰਡੀ ਦੀਵਾਨ ਵਿਚ ਬੈਠਿਆਂ ਕਿਹਾ, ਜਿਸ ਨੂੰ ਜੋ ਕੁਝ ਚਾਹੀਦਾ ਹੈ ਮੰਗ ਲਉ। ਕੋਈ ਪੁਤਰ ਮੰਗੇ, ਕੋਈ ਕੁਝ ਕੋਈ ਕੁਝ ਪਰ ਕੁਝ ਸਿਖ ਸ਼ਾਂਤ ਬੈਠੇ ਰਹੇ। ਸਾਰਿਆਂ ਦੀਆਂ ਮੰਗਾਂ ਪੂਰੀਆਂ ਕਰਕੇ ਸਤਿਗੁਰੂ ਜੀ ਨੇ ਇਨ੍ਹਾਂ ਤੋਂ ਪੁਛਿਆ ਤਾਂ ਇਨ੍ਹਾਂ ਨੇ ਕਿਹਾ ਸਾਡੇ 'ਤੇ ਆਪ ਜੀ ਦੀ ਕ੍ਰਿਪਾ ਹੈ ਜੋ ਸਾਨੂੰ ਆਪ ਜੀ ਨੇ ਬਾਣੀ ਬ੍ਰਹਮ ਵਿਦਿਆ ਬਖਸ਼ੀ ਹੈ। ਸਾਨੂੰ ਸੰਸਾਰੀ ਪਦਾਰਥਾਂ ਦੀ ਰੁਚੀ ਨਹੀਂ ਹੈ। ਸਤਿਗੁਰੂ ਜੀ ਨੇ ਫ਼ਰਮਾਇਆ– ਸੰਸਾਰੀ ਪਦਾਰਥਾਂ ਦਾ ਤਿਆਗ ਕੇਵਲ ਸੰਤ ਹੀ ਕਰ ਸਕਦੇ ਹਨ। ਬ੍ਰਹਮ ਵਿਦਿਆ ਦਾ ਆਨੰਦ ਵੀ ਨਿਰਮਲੇ ਸੰਤ ਹੀ ਲੈ ਸਕਦੇ ਹਨ–

**ਸ੍ਰੀ ਗੁਰੂ ਲਗਾਯੋ ਏਕ ਦਿਨ ਮੈ ਦੀਵਾਨ ਐਸੋ,**
**ਸਭ ਕੋ ਬੁਲਾਇ ਕਹਯੋ ਮਾਂਗੋ ਜੋ ਰਿਦੇ ਭਲੇ ॥**
**ਕਾਹੂ ਧਨ ਕਾਹੂੰ ਧਾਮ ਕਾਹੂੰ ਅਸਵ ਅਭਿਰਾਮ ਕਾਹੂ,**
**ਕਹਯੋ ਭੂਖਨ ਜਗਉਂ ਜੋ ਸਜੇ ਗਲੇ ॥**
**ਕਾਹੂ ਸ਼ਸਤ੍ਰ ਕਾਹੂ ਬਸਤ੍ਰ ਸੰਤ ਖੁਸ਼ੀ ਮ੍ਰਿਗਰਾਜ,**
**ਸਭ ਕੋ ਦਵਾਯੋ ਜੋ ਜੋ ਭਾਯੋ ਪ੍ਰੇਮ ਮੈ ਢਲੇ ॥**
**ਸੁਪਨ ਜਯੋ ਜਾਨਿ ਕੇ ਪਦਾਰਥ ਨ ਮਾਂਗੇ ਜਿਨੋਂ,**
**ਨਾਮ ਧਨ ਮਾਂਗਯੋ ਤਾਂ ਕੋ ਕਹਯੋ ਯੇ ਨਿਰਮਲੇ ॥**

ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਵਿਚ ਲਿਖਦੇ ਹਨ–

**ਸੁਪਨ ਸਮਾਨ ਜਗ ਜਾਨ ਜਿਨੇ ਨਾਮ ਮਾਂਗਿਓ,**
**ਖੁਸ਼ੀ ਹੁਏ ਬੋਲੇ ਗੁਰ ਏਹੀ ਮੇਰੇ ਨਿਰਮਲੇ ॥**

ਇਥੇ ਹੀ ਸਤਿਗੁਰੂ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਅਰਥਾਂ ਸਹਿਤ ਸੰਥਿਆ ਸਵੈਯਮ ਸਿਖਾਂ ਨੂੰ ਕਰਵਾ ਕੇ ਟਕਸਾਲ ਦੀ ਪ੍ਰੰਪਰਾ ਨੂੰ ਕਾਇਮ ਕੀਤਾ। ਇਨ੍ਹਾਂ ਸਿੱਖਾਂ ਨੂੰ ਵੀ ਬ੍ਰਹਮ ਗਿਆਨੀ ਕਿਹਾ ਜਾਂਦਾ ਹੈ, ਇਸੇ ਪ੍ਰੰਪਰਾ ਨੂੰ ਨਿਰਮਲੇ ਸੰਤ ਸੰਭਾਲੀ ਬੈਠੇ ਹਨ।

ਜਿਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਜ਼ੂਰ ਸਾਹਿਬ ਵਿਖੇ ਜੋਤੀ-ਜੋਤਿ ਸਮਾਉਣ ਦਾ ਸੰਕਲਪ ਕੀਤਾ ਓਦੋਂ ਗੁਰੂ ਜੀ ਨੇ ਦੁਸ਼ਟਾਂ ਨੂੰ ਕੀਤੇ ਦੀ ਸਜ਼ਾ ਦੇਣ ਵਾਸਤੇ ਸ਼ਸਤ੍ਰਧਾਰੀ ਖਾਲਸੇ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਜਥੇਦਾਰੀ ਹੇਠ ਜ਼ਾਲਮਾਂ ਦੇ ਖ਼ਾਤਮੇ ਵਾਸਤੇ ਪੰਜਾਬ ਭੇਜਿਆ। ਉਸੇ ਸਮੇਂ ਸੰਤ ਕਰਮ ਸਿੰਘ, ਸੰਤ ਰਾਮ ਸਿੰਘ, ਸੰਤ ਗੰਡਾ ਸਿੰਘ ਆਦਿ ੨੫ ਨਾਮ ਅਭਿਆਸੀ ਵਿਦਵਾਨ ਨਿਰਮਲੇ ਸੰਤਾਂ ਨੂੰ ਆਗਿਆ ਕੀਤੀ ਕਿ ਸਿੰਘੋ ਹੁਣ ਤੁਸੀਂ ਦੇਸ਼ ਦੇ ਕੋਨੇ-ਕੋਨੇ ਵਿਚ ਚਲੇ ਜਾਉ ਅਤੇ ਨਾਮ-ਸਿਮਰਨ, ਸੇਵਾ, ਸਤਿਸੰਗ, ਕੀਰਤਨ, ਗੁਰਬਾਣੀ ਦਾ ਪ੍ਰਵਾਹ ਚਲਾ ਕੇ ਗੁਰਸਿਖੀ ਦਾ ਪਿੰਡ-ਪਿੰਡ ਸੰਦੇਸ਼ ਪਹੁੰਚਾਉ। ਸਿੰਘ ਧਰਮ ਯੁਧ ਕਰਨਗੇ ਅਤੇ ਤੁਸੀਂ ਧਰਮ ਪ੍ਰਚਾਰ ਕਰੋ। ਅੰਮ੍ਰਿਤ ਦਾ ਸੰਚਾਰ ਕਰੋ ਅਤੇ ਵਿਦਿਆ ਦਾ ਪ੍ਰਸਾਰ ਕਰੋ, ਗੁਰੂ ਨਾਨਕ ਸਦਾ ਤੁਹਾਡੇ ਅੰਗ-ਸੰਗ ਰਹੇਗਾ।

ਸ. ਸ਼ਮਸ਼ੇਰ ਸਿੰਘ ਜੀ ਅਸ਼ੋਕ 'ਨਿਰਮਲ ਸੰਪ੍ਰਦਾਇ' ਵਿਚ ਲਿਖਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਖ ਧਰਮ ਦਾ ਪ੍ਰਚਾਰ ਸਿਰਫ਼ ਪੰਜਾਬ ਤਕ ਹੀ ਸੀਮਿਤ ਨਹੀਂ ਸੀ ਰਖਣਾ, ਇਸ ਲਈ ਨਿਰਮਲੇ ਸਾਧੂਆਂ ਨੂੰ ਅਤੀਤ ਭੇਖ ਧਾਰਨ ਦੀ ਖੁਲ੍ਹ ਦੇ ਕੇ ਉਨ੍ਹਾਂ ਨੇ ਸਿੰਘਾਂ ਦੇ ਬਨਾਰਸੋਂ ਪੜ੍ਹਨ ਸਾਰ ਦੇਸ਼ ਦੇ ਹਰੇਕ ਇਲਾਕੇ ਵਿਚ ਭੇਜਿਆ।

**ਡੇਰਾ ਬਾਬਾ ਦਰਗਾਹ ਸਿੰਘ ਕਨਖਲ (ਹਰਿਦਵਾਰ) :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਸਿਰ ਮੱਥੇ ਧਾਰਨ ਕਰਕੇ ਬਾਬਾ ਦਰਗਾਹ ਸਿੰਘ ਜੀ ਨੇ ਗੰਗਾ ਕਿਨਾਰੇ ਕਨਖਲ ਵਿਖੇ ਗੁਰੂ ਅਮਰਦਾਸ ਜੀ ਦੇ ਸਥਾਨ ਦੀ ਨਿਸ਼ਾਨਦੇਹੀ ਕਰਕੇ ਉਥੇ ਡੇਰਾ ਲਾ ਲਿਆ, ਜਿਸ ਸਥਾਨ 'ਤੇ ਸ੍ਰੀ ਗੁਰੂ ਅਮਰਦਾਸ ਜੀ 21 ਵਾਰ ਗੰਗਾ ਸ਼ਨਾਨ ਕਰਕੇ ਠਹਿਰੇ ਸਨ ਅਤੇ 22ਵੀਂ ਵਾਰ ਗੁਰੂ ਬਣਨ ਤੋਂ ਬਾਅਦ ਗਏ ਸਨ। ਬਾਬਾ ਜੀ ਦੇ ਨਾਲ 5-7 ਸਿੰਘ ਹੋਰ ਵੀ ਸਨ, ਉਨ੍ਹਾਂ ਨੇ ਵੀ ਉਥੇ ਡੇਰੇ ਲਾ ਲਏ। ਉਸ ਸਮੇਂ ਕਨਖਲ ਬੀਆਬਾਨ ਜੰਗਲ ਸੀ, ਜਿਸ ਵਿਚ ਸ਼ੇਰ, ਹਾਥੀ, ਰਿਛ ਆਦਿ ਫਿਰਦੇ ਰਹਿੰਦੇ ਸਨ। ਉਸ ਸਮੇਂ ਉਸ ਸਥਾਨ 'ਤੇ ਕਿਤੇ-ਕਿਤੇ ਹੀ ਵਿਰਲੇ ਸੰਤ, ਮਹਾਤਮਾ, ਤਪਸਵੀ ਆਦਿ ਰਹਿੰਦੇ ਸਨ। ਬਾਬਾ ਦਰਗਾਹ ਸਿੰਘ ਜੀ ਨੇ ਬ੍ਰਿਧ ਮਹਾਤਮਾਵਾਂ ਤੋਂ ਪੁੱਛ-ਗਿੱਛ ਕਰਕੇ ਗੁਰੂ ਅਮਰਦਾਸ ਜੀ ਦਾ ਪਾਵਨ-ਸਥਾਨ ਲਭਿਆ ਅਤੇ ਸਥਾਨ ਨੂੰ ਨਮਸਕਾਰ ਕੀਤਾ। ਇਹ ਸਥਾਨ ਬਾਬਾ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਕੇਵਲ ਦੋ ਵਰਸ਼ ਮਗਰੋਂ ਸੰਨ 1710 ਈ. ਨੂੰ ਕਾਇਮ ਕਰ ਦਿਤਾ ਸੀ। ਬਾਬਾ ਜੀ ਜਿਥੇ ਸ਼ਾਸਤ੍ਰ ਵਿਦਿਆ ਦੇ ਗਿਆਤਾ ਸਨ ਉਥੇ ਸ਼ਸਤ੍ਰ ਵਿਦਿਆ ਵਿਚ ਵੀ ਪ੍ਰਬੀਨ ਸਨ। ਇਕ ਵਾਰ ਨਜੀਮਾਂਬਾਦ ਦੇ ਰੁਹੇਲਿਆਂ ਨੇ

ਜਵਾਲਾਪੁਰ ਦੇ ਨਬਾਬ ਰਾਏ ਅਹਿਮਦ ਰਾਜਪੂਤ ਉਪਰ ਹਮਲਾ ਕਰ ਦਿਤਾ। ਹਮਲਾ ਸੁਣ ਕੇ ਨਵਾਬ ਘਬਰਾ ਗਿਆ। ਬਾਬਾ ਦਰਗਾਹ ਸਿੰਘ ਜੀ ਦੀ ਸ਼ਰਣ ਵਿਚ ਆਇਆ ਅਤੇ ਸਹਾਇਤਾ ਮੰਗੀ। ਬਾਬਾ ਜੀ ਸਹਾਇਤਾ ਕਰਨ ਲਈ ਤਿਆਰ ਹੋ ਗਏ ਅਤੇ ਮੋਰਚਾ ਸੰਭਾਲ ਕੇ ਬੈਠ ਗਏ। ਬਾਬਾ ਜੀ ਗੰਗਾ ਪਾਰ ਤੋਂ ਹੀ ਅੱਧੀ ਰਾਤ ਤਕ ਉਨ੍ਹਾਂ ਦਾ ਮੁਕਾਬਲਾ ਕਰਦੇ ਰਹੇ। ਆਪ ਜੀ ਦੇ ਤੀਰਾਂ ਦੀ ਵਾਛੜ ਨੇ ਰੁਹੇਲੇ ਪਿੱਛੇ ਨੂੰ ਪੁੱਠੇ ਮੋੜ ਦਿਤੇ ਅਤੇ ਨਵਾਬ ਬਾਬਾ ਜੀ ਦੀ ਬਲ-ਸ਼ਕਤੀ ਦੇਖ ਕੇ ਅਸਚਰਜ ਹੋ ਗਿਆ। ਸਹਾਇਤਾ ਦਾ ਧੰਨਵਾਦ ਕਰਕੇ ਨਬਾਬ ਨੇ ਗੁਰੂ ਅਮਰਦਾਸ ਜੀ ਦੇ ਗੁਰਦੁਵਾਰੇ ਦੇ ਚੁਫੇਰੇ ਦੀ ਜ਼ਮੀਨ ਦਾ ਪਟਾ ਬਾਬਾ ਜੀ ਦੇ ਨਾਉਂ ਲਿਖ ਕੇ ਪੇਸ਼ ਕੀਤਾ ਅਤੇ ਬਾਬਾ ਜੀ ਦਾ ਭਗਤ ਬਣ ਗਿਆ। ਪੰਚਪੁਰੀ ਸਾਧੂ ਸਮਾਜ ਵਿਚ ਬਾਬਾ ਜੀ ਦਾ ਸਿਕਾ ਜੰਮ ਗਿਆ। ਅੱਜ ਵੀ ਇਹ ਸਥਾਨ ਉਸੇ ਤਰ੍ਹਾਂ ਕਾਇਮ ਹੈ। ਕਥਾ, ਕੀਰਤਨ ਅਤੇ ਗੁਰਮਤਿ ਪ੍ਰਚਾਰ ਕਰ ਰਿਹਾ ਹੈ, ਇਸ ਡੇਰੇ ਦੀਆਂ ਸ਼ਾਖਾਵਾਂ ਦਾ ਇਤਿਹਾਸ ਬਹੁਤ ਲੰਬਾ ਹੈ।

**ਡੇਰਾ ਕੁਰੁਕਸ਼ੇਤਰ** : ਇਸ ਡੇਰੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਨਾਲ ਪੰਡਿਤ ਦਿੱਗਵਜਈ ਨੇ ਸਥਾਪਿਤ ਕੀਤਾ। ਆਪ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਮੁੱਖ ਹਜ਼ੂਰੀ ਸਿੱਖਾਂ ਵਿਚੋਂ ਸਨ ਅਤੇ ਆਨੰਦਪੁਰ ਵਿਖੇ ਵੀ ਗੁਰੂ ਜੀ ਦੀ ਹਜ਼ੂਰੀ ਵਿਚ ਸ਼ਾਸਤਰਾਂ ਦਾ ਪਠਨ-ਪਾਠਨ ਕਰਦੇ ਰਹੇ ਸਨ। ਗੁਰੂ ਜੀ ਨੇ ਜੋਤਿ-ਜੋਤਿ ਸਮਾਉਣ ਸਮੇਂ ਪੰਡਿਤ ਮਾਨ ਸਿੰਘ ਜੀ ਨੂੰ ਕੁਰੁਕਸ਼ੇਤਰ ਵਿਖੇ ਡੇਰਾ ਕਾਇਮ ਕਰਕੇ ਧਰਮ ਪ੍ਰਚਾਰ ਕਰਨ ਦੀ ਆਗਿਆ ਕੀਤੀ। ਪੰਡਿਤ ਜੀ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਕੁਰੁਕਸ਼ੇਤਰ ਸਰਸਵਤੀ ਦੇ ਕਿਨਾਰੇ 'ਫੂਲ ਪ੍ਰਾਚੀ' ਨਾਮ ਦਾ ਸੁੰਦਰ ਆਸ਼੍ਰਮ ਬਣਾਇਆ। ਇਸ ਆਸ਼੍ਰਮ ਵਿਚ ਆਪ ਕੇਵਲ ਨਾਮ-ਸਿਮਰਨ ਅਤੇ ਵਿਦਿਆ ਦਾਨ ਕਰਦੇ ਸਨ, ਜਿਸਦੇ ਵਿਚ ਅਨੇਕਾਂ ਸਾਧੂ, ਵਿਦਵਾਨ, ਸੰਸਕ੍ਰਿਤ ਦੇ ਧੁਰੰਧਰ ਪੰਡਿਤ ਹੋਏ ਸਨ, ਜਿਨ੍ਹਾਂ ਨੇ ਭਾਸ਼ਾ ਵਿਚ ਅਨੇਕਾਂ ਗ੍ਰੰਥਾਂ ਦੀ ਰਚਨਾ ਕੀਤੀ। ਇਹ ਗੁਰੂ ਜੀ ਦੀ ਆਗਿਆ ਦੁਆਰਾ ਸਥਾਪਨ ਕੀਤਾ ਹੋਇਆ ਦੂਸਰਾ ਆਸ਼੍ਰਮ ਹੈ।

**ਡੇਰਾ ਕੁਬੇਰ ਵਾਲਾ** : ਇਹ ਸਥਾਨ ਵੀ ਦਸਮ ਗੁਰੂ ਜੀ ਦੇ ਸਮੇਂ ਵਿਚ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ ਸੰਤ ਨਿਹਾਲ ਸਿੰਘ ਜੀ ਨੇ ਸਥਾਪਿਤ ਕੀਤਾ ਸੀ। ਇਸ ਡੇਰੇ ਦਾ ਬਹੁਤ ਮਾਣ ਭਰਿਆ ਇਤਿਹਾਸ ਹੈ। ਪੰਡਿਤ ਨਿਹਾਲ ਸਿੰਘ ਜੀ ਦੇ ਦੂਸਰੇ ਗੁਰਭਾਈ ਪੰਡਿਤ ਮਾਨ ਸਿੰਘ ਜੀ ਕੁਬੇਰੀਏ ਵੀ ਪ੍ਰਸਿਧ ਮਹਾਪੁਰਖ ਹੋਏ ਹਨ। ਪੰਡਿਤ ਮਾਨ ਸਿੰਘ ਜੀ ਦੇ ਸ਼ਿਸ਼ ਪੰਡਿਤ ਰਾਮ ਸਿੰਘ ਜੀ ਕੁਬੇਰੀਏ ਵੀ ਆਪਣੇ ਪੂਰਬ ਮਹਾਪੁਰਖਾਂ ਦੀ ਤਰ੍ਹਾਂ ਉਚੇ ਜੀਵਨ ਵਾਲੇ, ਸਤਵਾਦੀ, ਜਪੀ-ਤਪੀ, ਜਿਤੇਦ੍ਰਿਯ ਮਹਾਪੁਰਖ ਹੋਏ ਹਨ। ਪੰਡਿਤ ਰਾਮ ਸਿੰਘ ਜੀ ਨੂੰ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ ਦੇ ਦੂਸਰੇ ਸ੍ਰੀ ਮਹੰਤ ਹੋਣ ਦਾ ਮਾਣ ਵੀ ਪ੍ਰਾਪਤ ਹੈ ਅਤੇ ਆਪ ਜੀ ਨੇ ਅਖਾੜੇ ਦੇ ਵਿਕਾਸ/ਵ੍ਰਿਧੀ ਵਾਸਤੇ ਦ੍ਰਿੜ੍ਹਤਾ ਪੂਰਬਕ ਸੇਵਾ ਕੀਤੀ।

**ਬੁੰਗਾ ਨਿਰਮਲਿਆਂ (ਨਿਰਮਲ ਅਖਾੜਾ ਮਹੰਤ ਮੂਲ ਸਿੰਘ ਰਜਿ.) ਅੰਮ੍ਰਿਤਸਰ** : ਜਿਸ ਸਮੇਂ ਮੁਗ਼ਲ ਸਿੱਖੀ ਨੂੰ ਮਿਟਾਉਣ ਵਾਸਤੇ ਤੁਲੇ ਹੋਏ ਸਨ, ਉਸ ਸਮੇਂ ਸੰਤ ਕੋਇਰ ਸਿੰਘ ਅਤੇ ਹੋਰ ਸਿਖ, ਸਾਧੂ, ਵਿਹੰਗਮ, ਇਸ ਗੁਰੂ ਕੇ ਬਾਗ ਦੇ ਜੰਗਲ ਵਿਚ ਹੀ ਬ੍ਰਿਛਾਂ ਹੇਠ ਰਿਹਾ ਕਰਦੇ ਸਨ। ਮਧੂਕਰੀ ਕਰਕੇ ਆਏ ਗਏ ਨੂੰ ਲੰਗਰ ਛਕਾਉਂਦੇ ਸਨ। ਖਾਲਸਾ ਪੰਥ ਨੂੰ ਮੁਗ਼ਲਾਂ ਦੁਰਾਨੀਆਂ ਅਬਦਾਲੀਆਂ ਦੇ ਹਮਲਿਆਂ ਦੀ ਜਾਣਕਾਰੀ ਬਾਰੇ ਸਾਵਧਾਨ ਕਰਦੇ ਸਨ। ਐਸੇ ਕਠਿਨ ਸਮੇਂ ਵਿਚ ਵੀ ਨਿਰਮਲੇ ਸੰਤਾਂ ਨੇ ਗੁਰਬਾਣੀ ਅਤੇ ਗੁਰ-ਇਤਿਹਾਸ ਨੂੰ ਸੰਭਾਲ ਕੇ ਰਖਿਆ। ਗੁਰੂ ਗੋਬਿੰਦ ਸਿੰਘ ਜੀ ਦੇ 42 ਵਰਸ਼ ਮਗਰੋਂ ਬਿ. 1807 ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਬੁੰਗਾ ਕਾਇਮ ਕੀਤਾ। ਸੰਤ ਕੋਇਰ ਸਿੰਘ ਬਿ. 1879 ਵਿਚ ਸਚਖੰਡ ਸਿਧਾਰ ਗਏ। ਇਸ ਬੁੰਗੇ ਵਿਚ ਸਾਰੇ ਮਹਾਪੁਰਖ ਬੜੇ ਤਪ-ਤੇਜ ਪ੍ਰਤਾਪ ਵਾਲੇ ਨਾਮ ਅਭਿਆਸੀ ਗੁਰਮਤਿ ਗੁਰਬਾਣੀ ਦੇ ਪ੍ਰਚਾਰਕ ਹੋਏ ਹਨ।

20ਵੀਂ ਸਦੀ ਵਿਚ ਸ਼੍ਰੀਮਾਨ ਮਹੰਤ ਮੂਲ ਸਿੰਘ ਜੀ ਪ੍ਰਸਿੱਧ ਮਹਾਪੁਰਖ ਹੋਏ ਹਨ। ਜਿਨ੍ਹਾਂ ਨੇ ਗੁਰਦੁਵਾਰਾ ਸੁਧਾਰ ਲਹਿਰ ਵਿਚ ਅਕਹਿ ਸੇਵਾ ਕੀਤੀ, ਛੇ ਮਹੀਨੇ ਜੇਲ੍ਹ ਵਿਚ ਰਹੇ। ਦੋ ਸਾਲ ਮੁਲਤਾਨ ਦੀ ਜੇਲ੍ਹ ਵਿਚ ਰਹੇ। ਮਗਰੋਂ ਸ੍ਰੀ ਹਰਿਮੰਦਰ ਜੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਆਨਰੇਰੀ ਹੈਡ ਗ੍ਰੰਥੀ ਦੀ ਪਦਵੀ 'ਤੇ ਸੁਸ਼ੋਭਿਤ ਹੋਏ। ਨਿਰਮਲ ਪੰਚਾਇਤੀ ਅਖਾੜੇ ਦੇ ਕੋਠਾਰੀ ਅਤੇ ਸਰਬ ਭਾਰਤ ਨਿਰਮਲ ਮਹਾਮੰਡਲ ਦੇ ਪ੍ਰਧਾਨ ਰਹੇ। ਜਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਕਰਮਾ ਖੁਲ੍ਹੀ ਕਰਨ ਦਾ ਮਤਾ ਪਾਸ ਕੀਤਾ ਤਾਂ ਸਭ ਤੋਂ ਪਹਿਲਾਂ ਸ਼੍ਰੀਮਾਨ ਮਹੰਤ ਮੂਲ ਸਿੰਘ ਜੀ ਨੇ ਆਪਣਾ ਬੁੰਗਾ ਪ੍ਰਕਰਮਾ ਖੁਲ੍ਹੀ ਕਰਨ ਲਈ ਦਿਤਾ। ਇਵਜਾਨੇ ਵਿਚ ਸ਼੍ਰੋਮਣੀ ਕਮੇਟੀ ਨੇ ਆਪ ਜੀ ਨੂੰ ਦਰਬਾਰ ਸਾਹਿਬ ਦੇ ਨਾਲ ਇਕ ਇਮਾਰਤ ਦੇ ਕੇ ਬੁੰਗਾ ਕਾਇਮ ਰੱਖਣ ਲਈ ਧੰਨਵਾਦ ਕੀਤਾ। ਆਪ ਜੀ ਦੇ ਸ਼ਿਸ਼ ਸ਼੍ਰੀਮਾਨ ਮਹੰਤ ਨਿਰੰਜਨ ਸਿੰਘ ਜੀ ਉੱਚ ਆਤਮਾ ਮਹਾਪੁਰਖ ਸਨ ਜੋ ਨਿਰਮਲ ਅਖਾੜੇ ਦੇ ਕੋਠਾਰੀ ਅਤੇ ਸਰਬ ਭਾਰਤ ਨਿਰਮਲ ਮਹਾਮੰਡਲ ਦੇ ਜਨਰਲ ਸੈਕਟਰੀ ਰਹੇ। ਇਸ ਤਰ੍ਹਾਂ ਇਹ

ਸਥਾਨ ਪ੍ਰਚਾਰ ਪੰਥਕ ਸੇਵਾ ਵਿਚ ਯੋਗਦਾਨ ਪਾਉਂਦਾ ਆ ਰਿਹਾ ਹੈ। ਸ਼੍ਰੀਮਾਨ ਮਹੰਤ ਨਿਰੰਜਨ ਸਿੰਘ ਜੀ ਦੇ ਸਮੇਂ ਦੂਸਰਾ ਸਥਾਨ ਵੀ ਗਲਿਆਰਾ ਸਕੀਮ ਵਿਚ ਆ ਗਿਆ। ਸ਼੍ਰੀਮਾਨ ਮਹੰਤ ਨਿਰੰਜਨ ਸਿੰਘ ਜੀ ਅਤੇ ਸੰਤ ਗੋਪਾਲ ਸਿੰਘ ਜੀ ਦੇ ਪਰਿਸ਼੍ਰਮ ਨਾਲ ਇਹ ਸਥਾਨ ਤੀਸਰੇ ਥਾਂ 'ਤੇ ਨਿਰਮਲ ਅਖਾੜਾ ਮਹੰਤ ਮੂਲ ਸਿੰਘ ਰਜਿ: ਦੇ ਨਾਮ 'ਤੇ ਸੰਤ ਐਵੀਨਿਊ, ਜੀ. ਟੀ. ਰੋਡ (ਜਲੰਧਰ ਵਲ) ਆਪਣੀ ਪ੍ਰੰਪਰਾ ਅਨੁਸਾਰ ਬਾਣੀ ਦਾ ਪਰਵਾਹ ਚਲਾ ਰਿਹਾ ਹੈ। ਵਰਤਮਾਨ ਦੇ ਵਿਚ ਦਾਸ ਦੇ ਗੁਰਦੇਵ ਸ਼੍ਰੀਮਾਨ ਮਹੰਤ ਗੋਪਾਲ ਸਿੰਘ ਜੀ ਅਤੇ ਦਾਸ (ਮਹੰਤ ਜੈਲ ਸਿੰਘ ਸ਼ਾਸਤਰੀ) ਅਤੇ ਦਾਸ ਦੇ ਗੁਰਭਾਈ ਮਹੰਤ ਗਿਆਨੀ ਸੁਖਚੈਨ ਸਿੰਘ ਡੇਰੇ ਦੀ ਸੇਵਾ ਸੰਭਾਲ ਅਤੇ ਗੁਰਮਤਿ/ਗੁਰਬਾਣੀ ਪ੍ਰਚਾਰ ਦਾ ਸੁਭਾਗ ਪ੍ਰਾਪਤ ਕਰ ਰਹੇ ਹਾਂ।

**ਡੇਰਾ ਬਾਬਾ ਗਾਂਧਾ ਸਿੰਘ ਬਰਨਾਲਾ** : ਬਾਬਾ ਕੇਸਰ ਸਿੰਘ ਜੀ ਜਿਨ੍ਹਾਂ ਉਤੇ ਕਲਗੀਧਰ ਪਿਤਾ ਜੀ ਦੀ ਅਪਾਰ ਬਖਸ਼ਿਸ਼ ਸੀ। ਸ੍ਰੀ ਆਨੰਦਪੁਰ ਗੁਰੂ ਕੇ ਲੰਗਰ ਵਿਚ ਸੇਵਾ ਕਰਨ ਵਾਲਿਆਂ ਵਿਚੋਂ ਇਕ ਸਨ। ਅਗੇ ਬਾਬਾ ਕੇਸਰ ਸਿੰਘ ਜੀ ਦੇ ਸੇਵਕ ਬਾਬਾ ਲੰਗਰ ਸਿੰਘ ਜੀ ਸਨ, ਜਿਨ੍ਹਾਂ ਨੇ ਪਿੰਡ ਹਰੀਕੇ ਜਿਲ੍ਹਾ ਮੁਕਤਸਰ ਵਿਚ ਗੁਰੂ ਜੀ ਤੋਂ ਕੇਵਲ ਪੰਜ ਵਰਸ਼ ਮਗਰੋਂ ਡੇਰਾ ਕਾਇਮ ਕਰਕੇ ਇਲਾਕਾ ਨਿਵਾਸੀਆਂ ਨੂੰ ਸਿੱਖੀ ਨਾਲ ਜੋੜਿਆ। ਚਾਲੀ ਮੁਕਤਿਆਂ ਦੀ ਯਾਦ ਵਿਚ ਮੁਕਤਿਸਰ ਦਾ ਮੇਲਾ ਵੀ ਬਾਬਾ ਲੰਗਰ ਸਿੰਘ ਜੀ ਨੇ ਆਰੰਭ ਕੀਤਾ ਸੀ।

**ਡੇਰਾ ਖਾਰਾ ਬਰਨਾਲਾ (ਜ਼ਿਲ੍ਹਾ ਮਾਨਸਾ)** : ਇਤਿਹਾਸ ਦੀ ਇਕ ਬਹੁਤ ਪ੍ਰਸਿੱਧ ਵਾਰਤਾ ਹੈ ਕਿ ਗੁਰੂ ਜੀ ਨੇ ਇਕ ਵਾਰ ਭਗਵੇਂ ਵਸਤ੍ਰ ਪਹਿਨ ਕੇ ਸਾਧੂ ਦੇ ਰੂਪ ਵਿਚ ਆਨੰਦਪੁਰ ਦੇ ਲੰਗਰਾਂ ਦੀ ਪਰਖ ਕੀਤੀ ਸੀ। 'ਤਵਾਰੀਖ਼ ਗੁਰੂ ਖਾਲਸਾ' ਵਿਚ ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਗੁਰੂ ਜੀ ਨੇ ਭਗਵੇਂ ਵਸਤ੍ਰ ਸੰਤ ਸੇਵਾ ਸਿੰਘ ਜੀ ਨੂੰ ਬਖਸ਼ ਦਿਤੇ ਸਨ। ਸੰਤ ਸੇਵਾ ਸਿੰਘ ਜੀ ਦੇ ਦੋ ਸ਼ਿਸ਼ ਸੰਤ ਮਿਲਾਪ ਸਿੰਘ ਅਤੇ ਸੰਤ ਹਮੀਰ ਸਿੰਘ ਜੀ ਸਨ। ਸੰਤ ਮਿਲਾਪ ਸਿੰਘ ਤੋਂ ਪੰਡੋਰੀ ਨਿੱਝਰਾਂ ਸੰਪ੍ਰਦਾਇ ਪ੍ਰਸਿੱਧ ਹੋਈ ਅਤੇ ਗੁਰੂ ਜੀ ਦੀ ਆਗਿਆ ਅਨੁਸਾਰ ਸੰਤ ਹਮੀਰ ਸਿੰਘ ਮਾਲਵੇ ਦੇ ਜੰਗਲੀ ਇਲਾਕੇ ਪਿੰਡ ਖਾਰੇ-ਬਰਨਾਲੇ ਵਿਚ ਆ ਕੇ ਨਾਮ-ਸਿਮਰਨ ਕਰਨ ਲੱਗੇ। ਆਪ ਜੀ ਦੇ ਤਪ ਤੇਜ, ਪ੍ਰਤਾਪ, ਪ੍ਰਭਾਵ ਦੇ ਕਾਰਣ ਪਿੰਡ ਨਿਵਾਸੀ ਆਪ ਜੀ ਦੀ ਅਤਿਅੰਤ ਸ਼ਰਧਾ ਨਾਲ ਸੇਵਾ ਕਰਦੇ ਸਨ। ਜਿਥੇ ਆਪ ਜੀ ਨੇ ਨਿਵਾਸ ਕੀਤਾ ਸੀ। ਇਹ ਪਿੰਡ ਪਹਿਲਾਂ ਕਈ ਵਾਰ ਉੱਜੜ ਚੁਕਾ ਸੀ। ਆਪ ਜੀ ਦੇ ਤਪ-ਪ੍ਰਭਾਵ ਨਾਲ ਦੁਬਾਰਾ ਆਬਾਦ ਹੋ ਗਿਆ। ਇਹ ਡੇਰਾ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਤੋਂ ਕੇਵਲ ੩੫ ਵਰਸ਼ ਮਗਰੋਂ ਆਬਾਦ ਹੋ ਗਿਆ ਸੀ।

**ਨਿਰਮਲ ਪੰਥ ਦੀ ਰਹਿਤ ਮਰਿਯਾਦਾ** : ਇਕ ਦਿਨ ਭਾਈ ਦਰਬਾਰਾ ਸਿੰਘ ਜੀ ਨੇ ਭਾਈ ਰਾਮ ਕੋਇਰ ਜੀ ਨੂੰ ਪ੍ਰਸ਼ਨ ਕੀਤਾ ਕਿ ਜੇਕਰ ਗੁਰੂ ਕੇ ਸਿੱਖ ਸੰਸਾਰ ਤੋਂ ਉਪਰਾਮ ਹੋ ਕੇ ਸਾਧੂ ਬਣਨਾ ਚਾਹੁਣ ਤਾਂ ਕਿਸ ਸੰਪ੍ਰਦਾਇ ਦਾ ਭੇਖ ਧਾਰਨ ਕਰਨ, ਜਿਸ ਨਾਲ ਗੁਰੂ ਕੇ ਸਿੱਖਾਂ ਦਾ ਸਿੱਖੀ ਸਿਦਕ ਵੀ ਬਣਿਆ ਰਹੇ। ਉਤਰ ਵਿਚ ਭਾਈ ਸਾਹਿਬ ਜੀ ਨੇ ਫ਼ਰਮਾਇਆ ਕਿ ਗੁਰੂ ਕੇ ਸਿੱਖਾਂ ਨੂੰ ਨਿਰਮਲ ਸੰਪ੍ਰਦਾਇ ਦੇ ਸਾਧੂ ਬਣਨਾ ਚਾਹੀਦਾ ਹੈ। ਨਿਰਮਲ ਪੰਥ ਦਸਾਂ ਸਤਿਗੁਰਾਂ ਨੂੰ ਈਸ਼ਵਰ ਦੀ ਜੋਤਿ ਮੰਨਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਮੰਨਦਾ ਹੈ ਅਤੇ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਪਾਨ ਕਰਨਾ ਜ਼ਰੂਰੀ ਮੰਨਦਾ ਹੈ। ਅੰਮ੍ਰਿਤ ਪਾਨ ਤੋਂ ਬਿਨਾ ਨਿਰਮਲਾ ਸੰਤ ਬਣ ਹੀ ਨਹੀਂ ਸਕਦਾ। ਗੁਰੂ ਕੇ ਗੁਰਦੁਵਾਰਿਆ, ਤੀਰਥਾਂ, ਬੁੰਗਿਆਂ, ਸ਼ਹੀਦ-ਗੰਜਾਂ, ਅੰਗੀਠਿਆਂ, ਸਮਾਧਾਂ, ਤਖ਼ਤਾਂ, ਗੁਰਮਤਿਆਂ, ਹੁਕਮਨਾਮਿਆਂ ਦਾ ਪੂਰਣ ਸਤਿਕਾਰ ਕਰਦਾ ਹੈ। ਗੁਰਬਾਣੀ, ਕਥਾ, ਕੀਰਤਨ ਦਾ ਪ੍ਰਚਾਰ ਕਰਦਾ ਹੈ। ਜਨ ਸਾਧਾਰਨ ਨੂੰ ਗੁਰੂ ਸਾਹਿਬਾਨ ਅਤੇ ਗੁਰੂ ਘਰ ਤੋਂ ਜਾਣੂ ਕਰਕੇ ਗੁਰੂ ਦੇ ਲੜ ਲਾਉਂਦਾ ਹੈ। ਮਾਸ, ਮਦਰਾ (ਸ਼ਰਾਬ, ਅਫੀਮ, ਸੁਖਾ/ਭੰਗ) ਆਦਿਕ ਮਾਦਕ ਪਦਾਰਥਾਂ ਦਾ ਅਤੇ ਪਰ-ਇਸਤ੍ਰੀ ਦਾ ਨਿਸ਼ੇਧ ਕਰਦਾ ਹੈ। ਹੋਰ ਭੇਖਾਂ ਦੀ ਤਰ੍ਹਾਂ ਨਿਰਮਲ ਪੰਥ ਵਿਚ ਅਗਿਆਨ ਅਤੇ ਅੰਧ ਵਿਸ਼ਵਾਸ ਨਹੀਂ ਹੈ। ਨਿਰਮਲੇ ਸੰਤ ਸੁਭਾਵਿਕ ਰੂਪ ਵਿਚ ਰਹਿੰਦੇ ਹਨ, ਸੁੰਦਰ ਵਸਤ੍ਰ ਪਹਿਨਦੇ ਹਨ, ਭਗਵੇਂ ਜਾਂ ਸੁਫੈਦ ਦਸਤਾਰ ਸਜਾਉਂਦੇ ਹਨ ਅਤੇ ਬਾਕੀ ਵਸਤ੍ਰ ਵੀ ਭਗਵੇਂ ਜਾਂ ਚਿੱਟੇ ਹੀ ਪਹਿਨਦੇ ਹਨ, ਇਸ ਵਾਸਤੇ ਗੁਰੂ ਕੇ ਸਿੱਖ ਨਿਰਮਲ ਭੇਖ ਨੂੰ ਧਾਰਨ ਕਰਨ। ਇਸ ਵਿਚ ਵਿਦਿਆ ਪੜ੍ਹਨ ਦਾ ਅਭਿਆਸ, ਨਾਮ-ਸਿਮਰਨ ਅਤੇ ਬ੍ਰਹਮ ਚਿੰਤਨ ਕਰਨ ਦਾ ਹੀ ਨਿਯਮ ਹੈ।

**ਨਿਰਮਲੇ ਮਹਾਪੁਰਖਾਂ ਦੀ ਸਮਾਜ ਸੇਵਾ** : ਨਿਰਮਲੇ ਸਤਪੁਰਸ਼ ਮੰਡਲੀਆਂ ਦੁਆਰਾ ਪਿੰਡ-ਪਿੰਡ ਧਰਮ ਪ੍ਰਚਾਰ ਕਰਨ ਲਗੇ। ਛੋਟੇ-ਛੋਟੇ ਵੱਡੇ-ਵੱਡੇ ਪਿੰਡਾਂ ਵਿਚ ਡੇਰੇ ਕਾਇਮ ਕਰਕੇ ਗਿਆਨ ਦਾ ਦੀਪਕ ਜਗਾਉਣ ਲਗੇ, ਪੇਂਡੂ ਬੱਚਿਆਂ ਨੂੰ ਗੁਰਮਤਿ ਦੀ ਸਿਖਿਆ ਦੇਣ ਲਗੇ, ਗੁਰਮੁਖੀ ਵਿਦਿਆ ਪੜ੍ਹਾ ਕੇ ਗੁਰਬਾਣੀ ਦੇ ਪਾਠੀ ਅਤੇ ਗਿਆਨੀ ਬਣਾਉਣ ਲਗੇ, ਚਕਿਤਸਾ ਦੁਆਰਾ ਰੋਗਾਂ ਦਾ ਇਲਾਜ ਵੀ ਕਰਨ ਲਗੇ ਅਤੇ ਪੜ੍ਹਾਉਣ ਵੀ ਲਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਅਨਯ ਗ੍ਰੰਥ ਲਿਖ ਕੇ

ਡੇਰਿਆਂ/ਧਰਮਸ਼ਾਲਾਵਾਂ ਵਿਚ ਸਥਾਪਨ ਕਰਨ ਲਗੇ। ਵਡੇ ਤੀਰਥਾਂ/ਮੇਲਿਆਂ 'ਤੇ ਕਥਾ ਕੀਰਤਨ ਅਤੇ ਸ਼ਾਸਤ੍ਰਾਰਥ ਕਰਕੇ ਗੁਰਮਤਿ-ਗੁਰਬਾਣੀ ਨੂੰ ਸਰਵੋਪਰੀ ਪ੍ਰਸਿਧ ਕਰਨ ਲਗੇ। ਵਿਦਿਆਲਯ ਖੋਲ੍ਹ ਕੇ ਵਿਦਿਆ ਦਾਨ ਕਰਨ ਲਗੇ।

ਨਿਰਮਲੇ ਸਤਪੁਰਸ਼ ਹਰ ਪੰਥਕ ਕਾਰਜ ਵਿਚ ਅਗੇ ਹੋ ਕੇ ਹਿੱਸਾ ਪਾਉਂਦੇ ਰਹੇ ਹਨ। ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਆਰੰਭ ਕਰਨ ਵਾਲੇ ਨਿਰਮਲੇ ਸੰਤ ਹੀ ਸਨ। ਗੁਰਦੁਆਰਾ ਸੁਧਾਰ ਲਹਿਰ ਅਤੇ ਸੁਤੰਤਰਤਾ ਅੰਦੋਲਨ ਵਿਚ ਇਹ ਸਭ ਤੋਂ ਅਗੇ ਰਹੇ ਹਨ। ਦੇਸ਼-ਸੇਵਾ, ਧਰਮ-ਪ੍ਰਚਾਰ, ਵਿਦਿਆ-ਪ੍ਰਚਾਰ ਵਿਚ ਵੀ ਉਲੇਖਣੀਯ ਸੇਵਾ ਕਰ ਰਹੇ ਹਨ। ਨਿਰਮਲ ਭੇਖ ਵਿਚ ਬੜੇ-ਬੜੇ ਵਿਦਵਾਨ ਕਥਾਕਾਰ ਵਿਖਿਆਨ ਦਾਤਾ ਮਹਾਪੁਰਖ ਹੋਏ ਹਨ। ਜਿਨ੍ਹਾਂ ਨੇ ਕਥਾ ਵਿਖਿਆਨ ਨਾਲ ਹਜ਼ਾਰਾਂ ਪ੍ਰਾਣੀਆਂ ਨੂੰ ਸਦ-ਮਾਰਗ ਪਾਇਆ। ਗੁਰਬਾਣੀ, ਗੁਰਸਿੱਖੀ ਨਾਲ ਜੋੜ ਕੇ ਲੋਕ-ਪ੍ਰਲੋਕ ਸਫ਼ਲੇ ਕੀਤੇ।

ਪੰਡਿਤ ਹਰੀ ਸਿੰਘ ਜੀ ਕਥਾ ਵਾਲੇ, ਪੰਡਿਤ ਦੀਵਾਨ ਸਿੰਘ ਜੀ ਠੀਕਰੀਵਾਲ ਵਾਲੇ, ਪੰਡਿਤ ਨਾਰਾਇਣ ਸਿੰਘ ਜੀ ਵਿਰਕਤ ਰਿਸ਼ੀਕੇਸ਼, ਪੰਡਿਤ ਫੌਜਾ ਸਿੰਘ ਜੀ ਮੰਡਲੀ ਵਾਲੇ, ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀ ਕੇ, ਪੰਡਿਤ ਕਲਿਆਣ ਸਿੰਘ ਜੀ, ਬਾਬਾ ਸਾਹਿਬ ਸਿੰਘ ਜੀ ਬੇਦੀ, ਸੰਤ ਭਾਗ ਸਿੰਘ ਜੀ ਵਰਗੇ ਭਾਰਤ ਦੀ ਆਜ਼ਾਦੀ ਦੇ ਪਹਿਲੇ ਸੰਗਰਾਮੀਏ, ਸੰਤ ਖੁਦਾ ਸਿੰਘ ਜੀ ਵਰਗੇ ਅਣਖੀਲੇ ਸਤਪੁਰਸ਼, ਸੰਤ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਵਰਗੇ ਸਿਮਰਨ ਵਾਲੇ ਤਪਸਵੀ, ਗੁਰਮਤਿ ਦੀ ਸੇਧ ਦੇਣ ਵਾਲੇ, ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ, ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ, ਅੰਮ੍ਰਿਤ-ਸੰਚਾਰ ਅਤੇ ਕੀਰਤਨ ਦੁਆਰਾ ਦੇਸ਼ਾਂ-ਵਿਦੇਸ਼ਾਂ ਵਿਚ ਗੁਰਮਤਿ ਦਾ ਪ੍ਰਚਾਰ ਕਰਨ ਵਾਲੇ ਸੰਤ ਹਰੀ ਸਿੰਘ ਜੀ ਕਹਾਰਪੁਰ ਵਾਲੇ, ਸੰਤ ਬਾਬਾ ਜੈਮਲ ਸਿੰਘ ਜੀ ਸੇਵਾ ਦੇ ਪੁੰਜ, ਪੰਡਿਤ ਅਰਜਨ ਸਿੰਘ ਜੀ ਮੁਨੀ ਸੰਸਕ੍ਰਿਤ ਦੇ ਧੁਰੰਧਰ ਵਿਦਵਾਨ, ਗਿਆਨੀ ਨਰੈਣ ਸਿੰਘ ਜੀ ਵਰਗੇ ਪਰਉਪਕਾਰੀ, ਪੰਡਿਤ ਈਸ਼ਰ ਸਿੰਘ ਜੀ ਕਲਯੁਗ, ਪੰਡਿਤ ਹੀਰਾ ਲਾਲ ਜੀ ਵਿਰਕਤ, ਬਾਬਾ ਜਵੰਦ ਸਿੰਘ ਜੀ ਆਯੁਰਵੈਦਿਕ ਦੇ ਧੁਰੰਧਰ ਵਿਦਵਾਨ, ਸੰਤ ਧਿਆਨ ਸਿੰਘ ਜੀ, ਸੰਤ ਮਲੂਕ ਸਿੰਘ ਜੀ, ਪੰਡਿਤ ਤਰਲੋਕ ਸਿੰਘ ਜੀ ਗੋਦੜੀ ਵਾਲੇ, ਸੰਤ ਬਾਬਾ ਖੜਕ ਸਿੰਘ ਜੀ, ਸੰਤ ਬਾਬਾ ਸਾਧੂ ਸਿੰਘ, ਸੰਤ ਬਾਬਾ ਗੁਰਮੁਖ ਸਿੰਘ ਸੇਵਾ ਦੇ ਪੁੰਜ, ਪੰਡਿਤ ਸਦਾ ਸਿੰਘ ਜੀ ਦੰਡੀ ਸੰਸਕ੍ਰਿਤ ਸ਼ਾਸਤ੍ਰਾਰਥ ਦੇ ਧਨੀ, ਪੰਡਿਤ ਗੁਲਾਬ ਸਿੰਘ ਜੀ, ਪੰਡਿਤ ਨਿਹਾਲ ਸਿੰਘ ਜੀ, ਪੰਡਿਤ ਰਾਮ ਸਿੰਘ ਜੀ ਕੁਬੇਰੀਏ, ਸੰਤ ਬਾਬਾ ਘਨਈਆ ਸਿੰਘ ਜੀ ਪਠਲਾਵੇ ਵਾਲਿਆਂ ਨੇ ਇਕ ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਇਆ, ਸੰਤ ਬਾਬਾ ਤਾਰਾ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਨੇ ਅਨੇਕਾਂ ਵਿਦਿਆਰਥੀਆਂ ਨੂੰ ਗੁਰਮਤਿ ਗੁਰ-ਇਤਿਹਾਸ, ਆਯੁਰਵੈਦਿਕ ਅਤੇ ਸ਼ਾਸਤਰਾਂ ਦੇ ਵਿਦਵਾਨ ਬਣਾਇਆ। ਸੰਤ ਬਾਬਾ ਮੇਲਾ ਸਿੰਘ ਜੀ ਬੰਗਿਆਂ ਵਾਲਿਆਂ ਨੇ ੩੯ ਕਥਾ ਅਰਥਾਂ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸੰਪੂਰਨ ਕੀਤੀਆਂ ਅਤੇ 40 ਵੀਂ ਕਥਾ 'ਛਿਅ ਘਰ ਛਿਅ ਗੁਰ ਛਿਅ ਉਪਦੇਸ਼' ਤਕ ਕਰਕੇ ਬ੍ਰਹਮਲੀਨ ਹੋ ਗਏ। ਅਗੋਂ ਸੰਤ ਬਾਬਾ ਮਲਕੀਤ ਸਿੰਘ ਨੇ ਕਥਾ ਸੰਪੂਰਨ ਕੀਤੀ ਅਤੇ 10 ਕਥਾ ਅਰਥਾਂ ਸਹਿਤ ਸੰਪੂਰਨ ਕੀਤੀਆਂ। ਸਵਾਮੀ ਮੰਗਲ ਹਰੀ ਜੀ ਵਿਰਕਤ ਸ਼੍ਰੋਮਣੀ ਸਵਾਮੀ ਵਾਮਦੇਵ ਜੀ ਆਦਿ ਵਿਦਵਾਨਾਂ ਨੂੰ ਸ਼ਾਸਤਰ ਵਿਦਿਆ ਪੜ੍ਹਾਈ ਅਤੇ ਦਸਮ ਪਾਤਸ਼ਾਹ ਜੀ ਦਾ ਜੋ ਵਾਕ ਸੀ ਉਸਨੂੰ ਸਫ਼ਲ ਕੀਤਾ ਕਿ ਨਿਰਮਲੇ ਸੰਤ ਬ੍ਰਾਹਮਣਾਂ ਨੂੰ ਸ਼ਾਸਤਰ ਵਿਦਿਆ ਪੜ੍ਹਾਉਣਗੇ। ਸ਼੍ਰੀਮਾਨ ਮਹੰਤ ਮੂਲ ਸਿੰਘ ਜੀ ਗੁਰਮਤਿ ਦੇ ਮਹਾਨ ਵਿਦਵਾਨ ਅਤੇ ਗੁਰਦੁਆਰਾ ਸੁਧਾਰ ਲਹਿਰ ਦੇ ਮੋਹਰੀ ਜਥੇਦਾਰ ਹੋ ਕੇ ਪੰਥ ਦੀ ਖਾਤਰ ਜੇਲ੍ਹ ਕੱਟਣ ਵਾਲੇ ਬਾਬਾ ਠਾਕਰ ਦਿਆਲ ਸਿੰਘ ਜੀ ਵਰਗੇ ਬੀਤਰਾਗੁ ਬ੍ਰਹਮ ਗਿਆਨੀ, ਬਾਬਾ ਮਿਸ਼ਰਾ ਸਿੰਘ ਜੀ ਵਰਗੇ ਮਹਾਨ ਕੀਰਤਨੀਏ, ਸੁਆਮੀ ਭਗਤ ਸਿੰਘ ਜੀ ਵਰਗੇ ਤਪਸਵੀ, ਮਹੰਤ ਬੁਢਾ ਸਿੰਘ ਜੀ ਰਿਸ਼ੀਕੇਸ਼ ਵਰਗੇ ਨਾਮ-ਬਾਣੀ ਦਾ ਪ੍ਰਵਾਹ ਚਲਾਉਣ ਵਾਲੇ, ਸ੍ਰੀ ਮਹੰਤ ਪੰਡਿਤ ਸੁਚਾ ਸਿੰਘ ਜੀ ਵਰਗੇ ਮਰਿਯਾਦਾ ਪ੍ਰਸ਼ੋਤਮ, ਸੰਤ ਬਾਬਾ ਨਿੱਕਾ ਸਿੰਘ ਜੀ ਰਿਸ਼ੀਕੇਸ਼ ਵਾਲਿਆ ਵਰਗੇ ਮਹਾਨ ਤਿਆਗੀ ਆਪ ਜੀ ਗੁਰਮਤਿ ਦੀ ਅਦੁੱਤੀ ਵਿਆਖਿਆ ਕਰਦੇ ਸਨ। ਆਪ ਜੀ ਦੀ 'ਸਹਿਜ ਕਥਾ' ਪੜ੍ਹਨ ਤੋਂ ਪਤਾ ਚਲਦਾ ਹੈ ਕਿ ਆਪ ਜੀ ਦੀ ਵਿਆਖਿਆਕਾਰੀ ਕਿਤਨੀ ਮਹਾਨ ਸੀ। ਇਸੇ ਤਰ੍ਹਾਂ ਨਿਰਮਲੇ ਮਹਾਪੁਰਸ਼ ਗੁਰਬਾਣੀ ਅਤੇ ਸ਼ਾਸਤਰਾਂ ਦੀ ਸਮਨਵੈ ਆਤਮਿਕ ਵਿਆਖਿਆ ਕਰਦੇ ਸਨ। ਜਿਸ ਤਰ੍ਹਾਂ ਉਦਾਹਰਣ ਵਜੋਂ ਸਤਪੁਰਸ਼ਾਂ ਦਾ ਕਥਨ ਹੈ-

**ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥**
**ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ॥**

ॐ पूर्णमदः पूर्णमिदं पूर्णात् पूर्णमुदच्यते।
पूर्णस्य पूर्णमादाय पूर्णमेववशिष्यते।।

**ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥**

**ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥**
त्वमेव माता च पिता त्वमेव,
त्वमेव बन्धुश्च सखा त्वमेव।
त्वमेव विद्या द्राविणं त्वमेव,
त्वमेव सर्वं मम देव देव:।।

**ਮੂਕ ਉਚਰੈ ਸਾਸਤ੍ਰ ਖਟਿ ਪਿੰਗ ਗਿਰਨ ਚੜਿ ਜਾਇ॥**
**ਅੰਧ ਲਖੈ ਬਦਰੋ ਸੁਨੈ ਜੋ ਕਾਲ ਕ੍ਰਿਪਾ ਕਰਾਇ ॥**
मूक करोति वाचालं पंगुं लघ्ंयते गिरिम्।
यत्कृपा तमहं वन्दे परमानन्द माधावम्।।

ਇਸ ਤਰ੍ਹਾਂ ਹੀ ਦਾਸ ਦੇ ਵਿਦਿਆ ਗੁਰੂ ਵਿਰਕਤ ਸ਼੍ਰੋਮਣੀ ਸੁਵਾਮੀ ਰਵੀ ਪੁਰੀ ਜੀ ਦੀ ਕ੍ਰਿਪਾ ਸਦਕਾ ਇਸ ਹੇਠ ਲਿਖੀ ਪੰਗਤੀ ਦਾ ਛੇਆਂ ਸ਼ਾਸਤਰਾਂ ਦੁਆਰਾ ਅਰਥ ਲਗਾਇਆ ਹੈ।

**ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥**

1. **सांख्य शास्त्र- पुरुषस्तु न प्रकृति: न विकृति:** (ਥਾਪਿਆ ਨ ਜਾਇ ਕੀਤਾ ਨ ਹੋਇ)
   **सत्वरजस्तमोगुणानाँ साम्यवस्था प्रकृति:।** (ਆਪੇ ਆਪਿ) **पुरुषस्तु असङ्ग** (ਨਿਰੰਜਨੁ ਸੋਇ)
2. **योग शास्त्र- स पूवेषमपि गुरू: कालेनानवच्छेदात्।** (ਥਾਪਿਆ ਨ ਜਾਇ ਕੀਤਾ ਨ ਹੋਇ)
   **क्लेशकर्मविपाकाशयैरपरामृष्ट: पुरूषविशेष:।** (ਆਪੇ ਆਪਿ ਨਿਰੰਜਨੁ ਸੋਇ)
3., 4. **न्याय, वैशेषिक- आत्मा न स्थाप्य** (ਥਾਪਿਆ ਨ ਜਾਇ) **न कार्य** (ਕੀਤਾ ਨ ਹੋਇ)
   **सर्वाधारत्वात् (सर्वाधिष्ठानत्वात्- यन्नैवम् तन्नैवम् यथा आत्मा**
   **असङ्गत्वात्** (ਆਪੇ ਆਪਿ) **आत्मा निर्मल:** (ਨਿਰੰਜਨੁ ਸੋਇ)
5. **मीमांसा शास्त्र- सर्वाधारं** (ਥਾਪਿਆ ਨ ਜਾਇ) **अकार्य** (ਕੀਤਾ ਨ ਹੋਇ)
   **निष्कलं** (ਆਪੇ ਆਪਿ) **निरञ्जनं** (ਨਿਰੰਜਨੁ ਸੋਇ)
   **आत्मानं भजेत मुक्तिकामो (अपूर्वविधि:)**
6. **वेदांत शास्त्र- सर्वव्यापिनमात्मनं क्षीरे सर्पिरिवार्पितम्** (ਥਾਪਿਆ ਨ ਜਾਇ)
   **न वर्धते कर्मणा नो कनीयान्** (ਕੀਤਾ ਨ ਹੋਇ)
   **निष्कलं निष्क्रियं शान्तनिरवद्यं निरञ्जनम्** (ਆਪੇ ਆਪਿ ਨਿਰੰਜਨੁ ਸੋਇ)

ਸ਼੍ਰੀਮਾਨ ਸੰਤ ਗੋਪਾਲ ਸਿੰਘ ਜੀ ਮਹਾਰਾਜ ਨਿਰਮਲ ਆਸ਼੍ਰਮ ਰਿਸ਼ੀਕੇਸ਼ ਗੁਰਮਤਿ ਦੇ ਧੁਰੰਧਰ ਵਿਦਵਾਨ ਅਤੇ ਨਾਮ-ਬਾਣੀ ਦੇ ਅਭਿਆਸੀ, ਸੰਤ ਬਾਬਾ ਦਲੇਲ ਸਿੰਘ ਜੀ ਵਿਰਕਤ ਆਤਮਾ, ਪੰਡਿਤ ਹਰਦੇਵ ਸਿੰਘ ਜੀ, ਵਿਰਕਤ ਕੁਟੀਆ ਕਨਖਲ, ਪੰਡਿਤ ਨਰੋਤਮ ਸਿੰਘ ਜੀ ਨਿਰਮਲ ਛੇਤ੍ਰ ਅੰਮ੍ਰਿਤਸਰ, ਪ੍ਰਸਿਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਆਦਿਕ ਪ੍ਰਸਿਧ ਹੋਏ ਹਨ। ਜਿਨ੍ਹਾਂ ਦਾ ਪ੍ਰਭਾਵ ਅਜੇ ਤਕ ਵੀ ਸਰੋਤਿਆਂ ਦੇ ਮਨਾਂ ਉਤੇ ਸਮਾਇਆ ਹੋਇਆ ਹੈ। ਪੰਡਿਤ ਹਰੀ ਸਿੰਘ ਜੀ (ਪੰਜਾਬ ਸਿੰਧ ਛੇਤ੍ਰ) ਪ੍ਰਸਿਧ ਕਥਾ ਵਾਲੇ ਸੰਤ ਮੰਡਲੀ ਸਹਿਤ ਨੇਪਾਲ ਦੀ ਯਾਤਰਾ 'ਤੇ ਗਏ। ਇਕ ਦਿਨ ਨੇਪਾਲ ਸਮਰਾਟ ਨੇ ਖਟ ਦਰਸ਼ਨ ਸਾਧੂ ਸਮਾਜ ਨੂੰ ਦਰਬਾਰ ਵਿਚ ਬੁਲਾਇਆ। ਨੇਪਾਲ ਨਰੇਸ਼ ਨੇ ਉਪਦੇਸ਼ ਸ਼੍ਰਵਨ ਕਰਨ ਦੀ ਇਛਾ ਪ੍ਰਗਟ ਕੀਤੀ। ਪੰਡਿਤ ਜੀ ਨੇ ਪ੍ਰਵਾਨ ਕੀਤੀ। ਅੰਮ੍ਰਿਤ ਬਾਣੀ ਨੂੰ ਸੁਣ ਕੇ ਮਹਾਰਾਜਾ ਪਰਮ ਪ੍ਰਸੰਨ ਹੋਇਆ। ਗੁਰਬਾਣੀ, ਵੇਦ, ਉਪਨਿਸ਼ਦਾਂ, ਪੁਰਾਣਾਂ, ਸਮ੍ਰਿਤੀਆਂ ਦੇ ਪ੍ਰਮਾਣ/ਵਾਕਾਂ ਦੁਆਰਾ ਅੰਮ੍ਰਿਤ ਪਾਠ ਕਰਕੇ ਆਪ ਜੀ ਦਾ ਭਗਤ ਬਣ ਗਿਆ। ਆਪ ਜੀ ਨੇ ਰਾਜਧਾਨੀ ਕਠਮੰਡੂ ਵਿਚ ਗੁਰਦੁਆਰਾ ਸਾਹਿਬ ਕਾਇਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਥਾਪਨ ਕੀਤੇ।

ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲੇ ਵੀ ਮਹਾਨ ਵਿਆਖਿਆਨ ਵਾਚਸਪਤੀ ਸਨ। ਉਜੈਨ ਕੁੰਭ ਪਰਵ 'ਤੇ ਸ੍ਰੀ ਮਹੰਤ ਜੀ ਨੇ ਯੋਗ ਸਮਾਂ ਵੇਖ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਦਾ ਗਵਾਲੀਅਰ ਦੇ ਕਿਲ੍ਹੇ ਵਿਚ

ਕਾਰਾਵਾਸ ਵਾਲਾ ਪ੍ਰਕਰਣ ਸੁਣਾਇਆ। ਆਪ ਜੀ ਦਾ ਪ੍ਰਵਚਨ ਸੁਣ ਕੇ ਮਹਾਰਾਜਾ ਗਵਾਲੀਅਰ ਅਤਿਅੰਤ ਪ੍ਰਭਾਵਿਤ ਹੋਇਆ ਅਤੇ ਫੂਲ ਬਾਗ ਵਿਚ ਗੁਰਦੁਆਰਾ ਸਥਾਪਨ ਕਰ ਦਿਤਾ।

ਪੰਡਿਤ ਨਾਰਾਇਣ ਸਿੰਘ ਜੀ ਦੀ ਕਥਾ ਸ਼੍ਰਵਣ ਕਰਨ ਵਾਸਤੇ ਹਜ਼ਾਰਾਂ ਵਿਅਕਤੀ ਪਹਿਲਾਂ ਹੀ ਆ ਕੇ ਬੈਠ ਜਾਂਦੇ ਸਨ। ਜੋ ਵੀ ਕਥਾ ਉਪਦੇਸ਼ ਸੁਣਦਾ ਸੀ ਨਾਮ ਬਾਣੀ ਨਾਲ ਜੁੜ ਜਾਂਦਾ ਸੀ। ਸਵਾਮੀ ਲਾਲ ਸਿੰਘ ਜੀ (ਪ੍ਰਸਿਧ ਨਿਰਮਲ ਸਵਾਮੀ) ਜਦ ਵੇਦਾਂਤ ਉਪਰ ਪ੍ਰਵਚਨ ਕਰਦੇ ਸਨ, ਹਜ਼ਾਰਾਂ ਵਿਅਕਤੀਆਂ ਦੇ ਮਨ ਇਕਾਗਰ ਚਿਤ ਹੋ ਜਾਂਦੇ ਸਨ। ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ, ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ, ਪੰਡਿਤ ਹਕੀਕਤ ਸਿੰਘ ਜੀ ਅਰਵਿੰਦ ਰਤੋਵਾਲ, ਸੰਤ ਗਿਆਨੀ ਸੁੰਦਰ ਸਿੰਘ ਜੀ ਕਥਾ ਵਾਲੇ ਪੰਥ ਦੇ ਮਹਾਨ ਵਿਆਖਿਆਕਾਰ ਹੋ ਚੁਕੇ ਹਨ।

**ਰਾਗ ਕੀਰਤਨ** : ਸੰਗੀਤ, ਰਾਗ ਅਤੇ ਕੀਰਤਨ ਵਿਚ ਅਕਹਿ ਯੋਗਤਾ ਰਖਣ ਵਾਲੇ ਮਹਾਪੁਰਖ ਹੋਏ ਹਨ। ਸ਼੍ਰੀਮਾਨ ਸੰਤ ਬਾਬਾ ਮਿਸ਼ਰਾ ਸਿੰਘ ਜੀ (ਅੰਮ੍ਰਿਤਸਰ ਵਾਲੇ), ਸ਼੍ਰੀਮਾਨ ਪੰਡਿਤ ਨਿਹਾਲ ਸਿੰਘ ਜੀ ਥੋਹਾ ਖਾਲਸਾ ਵਾਲੇ, ਸ਼੍ਰੀਮਾਨ ਮਹੰਤ ਗੱਜਾ ਸਿੰਘ ਜੀ ਗੁਰੂ ਸਰ (ਮਰਾਝ) ਵਾਲੇ, ਸ਼੍ਰੀਮਾਨ ਪੂਜਯ ਅਤਰ ਸਿੰਘ ਜੀ ਮਸਤੂਆਣੇ ਵਾਲੇ, ਸ਼੍ਰੀਮਾਨ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ, ਸ਼੍ਰੀਮਾਨ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ, ਸ਼੍ਰੀਮਾਨ ਸੰਤ ਬਾਬਾ ਦਲੀਪ ਸਿੰਘ ਜੀ ਡੁਮੇਲੀ ਵਾਲੇ, ਸੰਤ ਬਾਬਾ ਸ਼ਾਮ ਸਿੰਘ ਜੀ ਆਦਿ ਸਾਰੇ ਮਹਾਂਪੁਰਸ਼ ਕੀਰਤਨ ਵਿਚ ਅਕਥਨੀਯ ਪ੍ਰਭਾਵ ਰਖਦੇ ਸਨ।

**ਮੰਡਲੀਆਂ** : ਨਿਰਮਲ ਭੇਖ ਦੇ ਮਹਾਪੁਰਖਾਂ ਨੇ ਵਿਦਿਆ, ਗੁਰਬਾਣੀ, ਧਰਮ-ਪ੍ਰਚਾਰ ਦੇ ਵਾਸਤੇ ਮੰਡਲੀਆਂ ਦਾ ਨਿਰਮਾਣ ਕੀਤਾ। ਜੋ ਉਚ-ਜੀਵਨ, ਤਪ-ਤੇਜ ਵਾਲੇ, ਤਿਆਗੀ ਵੀਤਰਾਗ ਵਿਦਵਾਨ ਮਹਾਪੁਰਖਾਂ ਦਾ ਚਲਦਾ-ਫਿਰਦਾ ਵਹੀਰ (ਧਰਮ ਪ੍ਰਚਾਰ ਜਥਾ) ਹੁੰਦਾ ਹੈ। ਆਪ ਤਤਿਖਸ਼ਾ ਸਹਿ ਕੇ ਮਨੁੱਖਤਾ 'ਤੇ ਉਪਕਾਰ ਕਰਦੇ ਹਨ। ਪਦ-ਯਾਤਰਾ ਦੁਆਰਾ ਪਿੰਡਾਂ, ਸ਼ਹਿਰਾਂ ਵਿਚ ਧਰਮ ਪ੍ਰਚਾਰ ਕਰਦੇ ਹਨ। ਜਨ ਸਧਾਰਣ ਨੂੰ ਗੁਰੂ ਘਰ, ਨਾਮ-ਬਾਣੀ ਨਾਲ ਜੋੜਦੇ ਹਨ। ਮੰਡਲੀਆਂ ਵਿਚ ਬੜੇ-ਬੜੇ ਵਿਦਵਾਨ ਮਹਾਪੁਰਖ ਰਿਹਾ ਕਰਦੇ ਸਨ। ਸੰਤ ਬਾਬਾ ਮੇਜਰ ਸਿੰਘ ਜੀ ਦੀ ਮੰਡਲੀ, ਸੰਤ ਬਾਬਾ ਸਵਾਮੀ ਮੰਗਲ ਹਰੀ ਜੀ ਦੀ ਮੰਡਲੀ, ਸ਼੍ਰੀਮਾਨ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਤਥਾ ਸੰਤ ਗੁਰਬਚਨ ਸਿੰਘ ਜੀ ਖਾਲਸਾ ਦੀਆਂ ਮੰਡਲੀਆਂ ਪ੍ਰਸਿਧ ਹਨ।

**ਧਾਰਮਿਕ ਵਿਦਿਆ** : ਨਿਰਮਲੇ ਮਹਾਪੁਰਖਾਂ ਨੂੰ ਸਤਿਗੁਰੂ ਕਲਗੀਧਰ ਪਿਤਾ ਜੀ ਨੇ ਵਿਦਿਆ ਦਾ ਵਰਦਾਨ ਬਖਸ਼ਿਆ ਹੈ। ਇਸ ਵਾਸਤੇ ਇਹ ਮਹਾਪੁਰਖ ਆਪ ਵਿਦਿਆ ਦਾ ਅਧਿਐਨ ਕਰਦੇ ਅਤੇ ਮਨੁਖਤਾ ਨੂੰ ਵਿਦਿਆ ਦਾਨ ਕਰਦੇ ਹਨ। ਜਿਥੇ ਹਰ ਡੇਰੇ ਵਿਚ ਵਿਦਿਆ ਪੜ੍ਹਾਈ ਜਾਂਦੀ ਹੈ, ਉਥੇ ਉਚ-ਵਿਦਿਆ ਦੇ ਵਾਸਤੇ ਵਿਦਿਆਲਯ ਵੀ ਸਥਾਪਨ ਕੀਤੇ ਜਾਂਦੇ ਹਨ, ਜਿਵੇਂ ਬੁੰਗਾ ਮਸਤੂਆਣਾ, ਤਲਵੰਡੀ ਸਾਬੋ, ਨਿਰਮਲ ਆਸ਼੍ਰਮ ਖਡੂਰ ਸਾਹਿਬ, ਗੁਰਦੁਆਰਾ ਗੁਰੂ ਸਰ, ਧਨੌਲਾ, ਪਿੰਡ ਧੂੜਕੋਟ, ਜ਼ਿਲ੍ਹਾ ਸੰਗਰੂਰ, ਡਗਿਆਨਾ ਆਸ਼੍ਰਮ ਜੰਮੂ, ਭਿੰਡਰ ਕਲਾਂ, ਗੁਰਦੁਆਰਾ ਕੀਰਤਪੁਰ ਪਿੰਡ ਸ਼ੇਖਪੁਰਾ (ਜ਼ਿਲ੍ਹਾ ਬਠਿੰਡਾ), ਬੁੰਗਾ ਭਿੰਡਰਾਂ ਵਾਲਾ (ਅੰਮ੍ਰਿਤਸਰ), ਡੇਰਾ ਪੰਜ ਗਰਾਈ ਕਲਾਂ, ਪਿੰਡ ਸਰ (ਜ਼ਿਲ੍ਹਾ ਫ਼ਰੀਦਕੋਟ)। ਸ਼੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਵਲੋਂ ਸੰਸਕ੍ਰਿਤ ਦੇ ਦੋ ਵਿਦਿਆਲਯ ਚਲਾਏ ਜਾ ਰਹੇ ਹਨ। ਜਿਨ੍ਹਾਂ ਵਿਚ ਸੰਸਕ੍ਰਿਤ ਦੀ ਉਚ ਵਿਦਿਆ ਦਿਤੀ ਜਾਂਦੀ ਹੈ। ਇਕ ਵਿਦਿਆਲਯ ਕਨਖਲ (ਹਰਿਦੁਵਾਰ) ਵਿਚ ਹੈ। ਦੂਜਾ ਸੰਗਤ ਲਾਹੌਰੀ ਟੋਲਾ ਵਾਰਾਣਸੀ ਹੈ। ਇਸ ਤਰ੍ਹਾਂ ਨਿਰਮਲ ਭੇਖ ਗੁਰਮਤਿ ਦੀ ਧਾਰਮਿਕ ਵਿਦਿਆ ਅਤੇ ਸੰਸਕ੍ਰਿਤ ਪੜ੍ਹਾ ਕੇ ਮਹਾਨ ਪਰਉਪਕਾਰ ਕਰ ਰਹੇ ਹਨ।

**ਨਿਰਮਲੇ ਸੰਤਾਂ ਦੀ ਸਾਹਿਤਕ ਸੇਵਾ** : ਨਿਰਮਲੇ ਮਹਾਪੁਰਖਾਂ ਨੇ ਜੋ ਸਾਹਿਤ ਵਿਚ ਯੋਗਦਾਨ ਪਾਇਆ ਹੈ, ਉਸਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ, ਓਨੀ ਥੋੜ੍ਹੀ ਹੈ। ਨਿਰਮਲੇ ਮਹਾਪੁਰਖਾਂ ਨੇ ਸੈਂਕੜੇ ਗ੍ਰੰਥਾਂ ਦੀ ਰਚਨਾ ਕੀਤੀ। ਫਿਰ ਧਰਮ, ਕਰਮ-ਕਾਂਡ, ਵੇਦਾਂਤ, ਨਯਾਯ, ਇਤਿਹਾਸ, ਮਿਥਿਹਾਸ, ਟੀਕੇ, ਕੋਸ਼, ਛੰਦ-ਸ਼ਾਸਤਰ, ਆਯੁਰਵੈਦਿਕ ਆਦਿਕ ਅਨੇਕਾਂ ਹੀ ਵਿਸ਼ਿਆਂ ਉਪਰ ਗ੍ਰੰਥਾਂ ਦੀ ਰਚਨਾ ਕੀਤੀ। ਇਨ੍ਹਾਂ ਮਹਾਪਰਖਾਂ ਦਾ ਮਨ ਕਿਸੇ ਭਾਸ਼ਾ ਜਾਂ ਵਿਸ਼ੇ ਪ੍ਰਤੀ ਸੰਕੀਰਣ ਨਹੀਂ ਸੀ। ਇਸ ਵਾਸਤੇ ਹਿੰਦੀ, ਬ੍ਰਜ ਭਾਸ਼ਾ, ਸੰਸਕ੍ਰਿਤ ਅਤੇ ਪੰਜਾਬੀ ਵਿਚ ਸਮਰੂਪ ਲਿਖਦੇ ਰਹੇ। ਨਿਰਮਲੇ ਮਹਾਪੁਰਖਾਂ ਨੇ ਗੁਰਮਤਿ ਦੀ ਵਿਆਖਿਆ ਨੂੰ ਹੀ ਮੁਖ ਰਖਿਆ ਹੈ, ਜਿਸ ਨਾਲ ਸਾਰੇ ਭਾਰਤ ਵਿਚ ਗੁਰਮਤਿ-ਗਿਆਨ ਦਾ ਪ੍ਰਚਾਰ ਹੋਇਆ ਹੈ। ਦਸਾਂ ਗੁਰੂਆਂ ਦੇ ਸਿਧਾਂਤ/ਉਪਕਾਰਾਂ ਨੂੰ ਘਰ-ਘਰ ਪਹੁੰਚਾਇਆ ਹੈ। ਮਹਾਨ ਲੇਖਕਾਂ ਵਿਚ ਪੰਡਿਤ ਗੁਲਾਬ ਸਿੰਘ ਜੀ, ਪੰਡਿਤ ਤਾਰਾ ਸਿੰਘ ਜੀ ਨਰੋਤਮ, ਮਹਾਂ ਕਵੀ ਭਾਈ ਸੰਤੋਖ ਸਿੰਘ ਜੀ, ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ, ਗਿਆਨੀ ਬਦਨ ਸਿੰਘ ਜੀ ਸੇਖਵਾਂ ਵਾਲੇ, ਪੰਡਿਤ ਸਦਾ ਸਿੰਘ ਜੀ, ਪੰਡਿਤ ਈਸ਼ਰ ਸਿੰਘ ਜੀ ਕਲਜੁਗ, ਪੰਡਿਤ ਗੋਬਿੰਦ ਸਿੰਘ ਜੀ ਕਾਸ਼ੀ ਵਾਲੇ, ਸੰਤ ਨਿਹਾਲ ਸਿੰਘ ਜੀ ਕਵੇਂਦ੍ਰ, ਸਵਾਮੀ ਮੰਗਲ ਹਰੀ ਜੀ, ਸੰਤ ਸੰਪੂਰਨ ਸਿੰਘ ਜੀ ਪੀਐਚ. ਡੀ., ਪੰਡਿਤ ਦੇਵਾ ਸਿੰਘ ਜੀ, ਠਾਕੁਰ ਨਿਹਾਲ ਸਿੰਘ ਜੀ, ਸੰਤ ਖੁਸ਼ਹਾਲ ਸਿੰਘ ਜੀ, ਸੰਤ ਹਰਭਜਨ ਸਿੰਘ ਜੀ, ਮਹੰਤ ਦਿਆਲ ਸਿੰਘ ਜੀ ਲਾਹੌਰ ਵਾਲੇ, ਮਹੰਤ

ਗਨੇਸ਼ਾ ਸਿੰਘ ਜੀ, ਸ਼੍ਰੀਮਾਨ ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ, ਮਹੰਤ ਬਿਸ਼ਨ ਸਿੰਘ ਜੀ ਕ੍ਰੀਟ, ਪੰਡਿਤ ਸ਼ੇਰ ਸਿੰਘ ਜੀ ਨੌਰੰਗਾਬਾਦ ਵਾਲੇ, ਸੰਤ ਬੀਰ ਸਿੰਘ ਜੀ ਜਲਾਲ ਵਾਲੇ, ਪੰਡਿਤ ਹਰਦੇਵ ਸਿੰਘ ਜੀ ਰਿਸ਼ੀਕੇਸ਼ ਵਾਲੇ, ਸਵਾਮੀ ਹਰੀ ਸਿੰਘ ਜੀ, ਪੰਡਿਤ ਗੋਬਿੰਦ ਸਿੰਘ ਜੀ, ਪੰਡਿਤ ਗੁਰਦਿਤ ਸਿੰਘ ਜੀ, ਪੰਡਿਤ ਅਰਜੁਨ ਸਿੰਘ ਮੁਨੀ ਜੀ, ਸਵਾਮੀ ਹਜ਼ਾਰਾ ਸਿੰਘ ਜੀ ਆਤਮ ਦਰਸ਼ੀ, ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਸ਼ਾਸਤਰੀ, ਸੁਆਮੀ ਚੰਦਾ ਸਿੰਘ ਜੀ ਆਦਿ ਪ੍ਰਸਿਧ ਮਹਾਪੁਰਖ ਹੋਏ ਹਨ।

**ਗੁਰਦੁਆਰਿਆਂ ਦੀ ਕਾਰ ਸੇਵਾ** : ਸੇਵਾ ਸਿਮਰਨ ਨੂੰ ਸਿਖੀ ਵਿਚ ਸਰਵੋਪਰੀ ਮੰਨਿਆ ਜਾਂਦਾ ਹੈ। ਸਿਮਰਨ ਤੋਂ ਬਾਅਦ ਸੇਵਾ ਉਤਮ ਸਮਝੀ ਗਈ ਹੈ। ਮਹਾਪੁਰਖ ਗੁਰਦੁਆਰਿਆਂ ਦੀ ਸੇਵਾ ਸਦੀਆਂ ਤੋਂ ਕਰਦੇ ਆ ਰਹੇ ਹਨ। ਗੁਰਦੁਆਰਿਆਂ ਦੀਆਂ ਸੁੰਦਰ ਇਮਾਰਤਾਂ ਦੀ ਉਸਾਰੀ ਵੀ ਸੰਤਾਂ ਨੇ ਹੀ ਕਰਵਾਈ ਹੈ। ਸ਼੍ਰੀਮਾਨ ਸੰਤ ਹਰੀ ਸਿੰਘ ਜੀ ਕਹਾਰਪੁਰ ਵਾਲਿਆਂ ਨੇ ਤਖ਼ਤ ਕੇਸਗੜ੍ਹ ਸਾਹਿਬ (ਸ੍ਰੀ ਆਨੰਦਪੁਰ) ਦੀ ਸੇਵਾ ਕਰਵਾਈ। ਸ਼੍ਰੀਮਾਨ ਸੰਤ ਜੈਮਲ ਸਿੰਘ ਜੀ (ਤਪੋ ਬਨ ਅੰਮ੍ਰਿਤਸਰ) ਭੂਰੀ ਵਾਲਿਆਂ ਨੇ ਕਿੰਨੇ ਹੀ ਗੁਰਦੁਆਰਿਆਂ ਦੀ ਸੇਵਾ ਕਰਵਾਈ ਹੈ। ਦਰਸ਼ਨੀ ਇਮਾਰਤਾਂ ਅਤੇ ਸਰੋਵਰ ਬਣਵਾਉਣ ਤੋਂ ਇਲਾਵਾ ਕਈ ਇਮਾਰਤਾਂ ਦੀ ਮੁਰੰਮਤ ਵੀ ਕਰਵਾਈ। ਆਪ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ ਦੀ ਪਰਿਕ੍ਰਮਾ ਵਿਚ ਹਰ ਸਮੇਂ ਝਾੜੂ ਫੇਰਨ ਦੀ ਅਣਥੱਕ ਸੇਵਾ ਕਰਦੇ ਸਨ। ਸੰਤ ਗੁਰਮੁਖ ਸਿੰਘ ਜੀ ਨੇ ਘੰਟਾ ਘਰ ਦੀ ਪਰਿਕ੍ਰਮਾ ਤਿਆਰ ਕਰਵਾਈ ਹੈ। ਆਪ ਜੀ ਨੇ ਬਾਬਾ ਦੀਪ ਸਿੰਘ ਜੀ ਦੇ ਸ਼ਹੀਦ-ਗੰਜ ਵਾਲਾ ਪਾਸਾ ਤਿਆਰ ਕੀਤਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਧਾਮ ਦੀ ਦਰਸ਼ਨੀ ਪਰਿਕ੍ਰਮਾ ਬਣਾ ਕੇ ਆਪ ਜੀ ਵੀ ਅਮਰ ਹੋ ਗਏ।

ਸ਼੍ਰੀਮਾਨ ਸੰਤ ਕਰਤਾਰ ਸਿੰਘ ਜੀ ਠੱਟੇ ਟਿੱਬੇ ਵਾਲਿਆਂ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਵਿਚ ਉਪਰਲੀ ਛੱਤ ’ਤੇ ਸੋਨਾ ਲਗਾਉਣ ਦੀ ਅਤੇ ਸ੍ਰੀ ਪਟਨਾ ਸਾਹਿਬ, ਗੋਇੰਦਵਾਲ ਆਦਿਕ ਅਨੇਕ ਗੁਰ ਸਥਾਨਾਂ ਦੀ ਕਾਰ ਸੇਵਾ ਕਰਵਾਈ। ਸ਼੍ਰੀਮਾਨ ੧੦੮ ਸ੍ਰੀ ਮਹੰਤ ਬਲਬੀਰ ਸਿੰਘ ਜੀ ਸ਼ਾਸਤਰੀ ਨੇ ਗੁਰਦੁਆਰਾ ਬਾਲ ਲੀਲ੍ਹਾ ਦੀ ਕਾਰ ਸੇਵਾ ਕਰਵਾਈ। ਸ਼੍ਰੀਮਾਨ ਮਹੰਤ ਨਿਰੰਜਨ ਸਿੰਘ ਜੀ ਨੇ ਪੀਲੀ ਕੋਠੀ ਇਲਾਹਾਬਾਦ, ਉਜੈਨ ਅਤੇ ਨਾਸਿਕ ਵਿਚ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਵਲੋਂ ਸੁੰਦਰ ਇਮਾਰਤਾਂ ਬਣਵਾਈਆਂ। ਸ਼੍ਰੀਮਾਨ ਮਹੰਤ ਦੀਦਾਰ ਸਿੰਘ ਜੀ ਨੇ ਗੁਰਦੁਆਰਾ ੯ਵੀਂ ਪਾਤਸ਼ਾਹੀ ਦੀ ਇਲਾਹਾਬਾਦ ਵਿਚ ਦਰਸ਼ਨੀ ਇਮਾਰਤ ਦਾ ਨਿਰਮਾਣ ਕੀਤਾ।

ਸ਼੍ਰੀਮਾਨ ਮਹੰਤ ਦੇਵਾ ਸਿੰਘ ਜੀ ਨਿਰਮਲ ਬਾਗ ਹਰਿਦੁਆਰ ਵਾਲਿਆਂ ਨੇ ਅੰਮ੍ਰਿਤਸਰ ਸ੍ਰੀ ਹਰਿਮੰਦਰ ਜੀ ਵਿਚ ਉਪਰਲੀ ਛੱਤ ਦੇ ਜੰਗਲਿਆਂ (ਜਿਨ੍ਹਾਂ ਵਿਚ ਪ੍ਰੇਮੀ ਬੈਠ ਕੇ ਕੀਰਤਨ ਦਾ ਆਨੰਦ ਪ੍ਰਾਪਤ ਕਰਦੇ ਹਨ) ਵਿਚ ਸੋਨਾ ਲਵਾਉਣ ਦੀ ਉਲੇਖਨੀਯ ਸੇਵਾ ਕੀਤੀ ਹੈ।

ਮਹੰਤ ਦੇਵਾ ਸਿੰਘ ਜੀ ਨੇ ਸ੍ਰੀ ਅਕਾਲ ਤਖ਼ਤ ਦੀ ਪਹਿਲੀ ਇਮਾਰਤ ਵਿਚ (ਜੋ 1984 ਈ. ਦੇ ਆਕ੍ਰਮਣ ਸਮੇਂ ਢਹਿ ਗਈ) ਦੇ ਕੋਠਾ ਸਾਹਿਬ ਅਤੇ ਮੂਹਰੇ ਬਰਾਮਦੇ ਵਿਚ ਸੋਨੇ ਦੀ ਮਨੋਹਰ ਚਿਤ੍ਰਕਾਰੀ ਕਰਵਾਈ ਸੀ। ਆਪ ਜੀ ਦੇ ਸਹਾਇਕ ਮੇਜਰ ਹਰਬੰਸ ਸਿੰਘ ਜੀ ਚੀਮਾ ਜਲੰਧਰ ਵਾਲੇ ਸਿਮਰਨ ਕਰਦੇ ਹੋਏ ਹਰ ਸਮੇਂ ਸੋਨੇ ਦੀ ਸੇਵਾ ਦੀ ਨਿਗਰਾਨੀ ਵਿਚ ਤਤਪਰ ਰਹਿੰਦੇ ਸਨ। ਆਗਰੇ ਅਤੇ ਮਥਰਾ ਵਿਚ ਸ਼੍ਰੀਮਾਨ ਸੰਤ ਸਾਧੂ ਸਿੰਘ ਜੀ ਮੋਨੀ ਨੇ ਇਤਿਹਾਸਕ ਗੁਰਦੁਆਰਿਆਂ ਦੀਆਂ ਸੁੰਦਰ ਇਮਾਰਤਾਂ ਬਣਾਈਆਂ ਹਨ। ‘ਸੰਤ ਸੇਵਕ ਜਥਾ’ ਬੁੰਗਾ ਮਸਤੂਆਣਾ, ਤਲਵੰਡੀ ਸਾਬ੍ਹੋ ਨੇ ਗੁਰੂਸਰ ਸਰੋਵਰ ਕਿਨਾਰੇ ਮੰਜੀ ਸਾਹਿਬ ਗੁਰਦੁਆਰੇ ਦੀ ਅਦਭੁਤ ਇਮਾਰਤ ਬਣਾਈ ਹੈ। ਇਸ ਤਰ੍ਹਾਂ ਨਿਰਮਲੇ ਭੇਖ ਦੇ ਮਹਾਪੁਰਖ ਗੁਰੂ ਘਰ ਦੀ ਕਾਰ ਸੇਵਾ ਕਰਕੇ ਗੁਰੂਆਂ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ।

**ਅਕਾਲੀ ਲਹਿਰ ਵਿਚ ਸੇਵਾ** : ਸੰਨ 1920 ਤੋਂ 1925 ਤਕ ਗੁਰਦੁਆਰਾ ਸੁਧਾਰ ਲਹਿਰ ਚਲੀ। ਇਸ ਸਮੇਂ ਹਰ ਮੋਰਚੇ ਵਿਚ ਨਿਰਮਲੇ ਸੰਤਾਂ ਨੇ ਵਧ ਚੜ੍ਹ ਕੇ ਹਿਸਾ ਲਿਆ। ਦੁਖ ਤਸੀਹੇ ਝੱਲੇ ਅਤੇ ਜਲਾਵਤਨ ਹੋਏ। ਗੁਰਦੁਆਰਾ ਸੁਧਾਰ ਲਹਿਰ ਦੌਰਾਨ ਮਹੰਤ ਮੂਲ ਸਿੰਘ ਜੀ ਛੇ ਮਹੀਨੇ ਕੈਦ ਰਹੇ ਅਤੇ ਮਗਰੋਂ ਦੋ ਸਾਲ ਮੁਲਤਾਨ ਵਿਚ ਵੀ ਜੇਲ੍ਹ ਕਟੀ। ਬਾਅਦ ਵਿਚ ਆਪ ਸ਼੍ਰੋ. ਗੁ. ਪ੍ਰ. ਕਮੇਟੀ ਦੇ ਮੈਂਬਰ ਚੁਣੇ ਗਏ। ਸੰਤ ਗੁਰਬਖਸ਼ ਸਿੰਘ ਜੀ ਗਿਆਨੀ ਲਿਖਾਰੀ ਬੁੰਗਾ ਤਲਵੰਡੀ ਸਾਬੋ, ਸੰਤ ਬਲਬੀਰ ਸਿੰਘ ਜੀ ‘ਵਿਯੋਗੀ’ ਸੰਤਪੁਰਾ ਮਾਡਲ ਟਾਊਨ (ਦਿੱਲੀ), ਸੰਤ ਗੁਰਦਿਆਲ ਸਿੰਘ ਜੀ ਬੋਪਾਰਾਏ, ਸੰਤ ਗਿਆਨੀ ਜਗਤ ਸਿੰਘ ਜੀ ਅੰਬਾਲਾ, ਸੰਤ ਪ੍ਰੀਤਮ ਸਿੰਘ ਜੀ ਕੋਟ ਫਤੋਹੀ ਆਦਿਕ ਮਹਾਪੁਰਸ਼ਾਂ ਨੇ ਪੂਰੇ ਮਨੋਯੋਗ ਨਾਲ ਇਸ ਲਹਿਰ ਦੀ ਸਫ਼ਲਤਾ ਲਈ ਪੰਥ ਦਾ ਸਾਥ ਦਿਤਾ।

**ਸ੍ਰੀ ਨਿਰਮਲ ਪੰਚਾਇਤੀ ਅਖਾੜਾ** : ਨਿਰਮਲੇ ਸੰਤ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ, ਸਤਿਗੁਰੂਆਂ ਦੀ ਸੇਵਾ ਵਿਚ ਉਪਸਥਿਤ ਰਹੇ। ਸਤਿਗੁਰਾਂ ਦੇ ਉਪਦੇਸ਼ ਹਿਰਦੇ ਵਿਚ ਧਾਰਨ ਕੀਤੇ ਅਤੇ ਕ੍ਰਿਆਤਮਿਕ ਰੂਪ

ਵਿਚ ਕਮਾਉਂਦੇ ਰਹੇ। ਨਾਮ ਸਿਮਰਨ ਬ੍ਰਹਮ ਚਿੰਤਨ ਕਰਦੇ ਰਹੇ। ਸੰਸਾਰ ਦੇ ਪਦਾਰਥਾਂ ਨਾਲ ਕਦੀ ਲਗਾਉ ਰਖਣ ਦਾ ਵਿਚਾਰ ਹੀ ਨਹੀਂ ਬਣਾਇਆ। ਕੇਵਲ ਵਿਦਿਆ ਅਧਿਐਨ ਕਰਨਾ ਅਤੇ ਕਰਵਾਉਣਾ, ਨਾਮ ਜਪਣਾ ਅਤੇ ਜਪਾਉਣਾ ਸਾਰੇ ਮਹਾਪੁਰਖਾਂ ਦਾ ਕੰਮ ਸੀ। ਵੀਤਰਾਗ ਵਿਰਕਤ ਮਹਾਤਮਾ ਤੀਰਥਾਂ ਅਤੇ ਕੁੰਭ ਮੇਲਿਆਂ 'ਤੇ ਜਾਂਦੇ ਤਾਂ ਜਿਥੇ-ਜਿਥੇ ਮਨ ਕਰਦਾ ਠਹਿਰ ਜਾਂਦੇ ਸਨ। ਅੰਨ-ਛੇਤਰਾਂ ਵਿਚੋਂ ਭੋਜਨ ਛਕ ਲੈਂਦੇ ਸਨ। ਨਿਰਮਲੇ ਸੰਤਾਂ ਦਾ ਪੁਰਾਤਨ ਤੀਰਥਾਂ (ਹਰਿਦੁਵਾਰ, ਨਾਸਿਕ, ਪ੍ਰਯਾਗ ਰਾਜ, ਉਜੈਨ, ਕੁਰੁਕਸ਼ੇਤਰ ਆਦਿਕ) ਉਪਰ ਆਪਣਾ ਕੋਈ ਆਸ਼੍ਰਮ ਨਹੀਂ ਸੀ। ਇਸ ਵਾਸਤੇ ਇਨ੍ਹਾਂ ਤੀਰਥਾਂ ਉਪਰ ਸਮੇਂ ਦੇ ਪਰਿਵਰਤਨ ਨਾਲ ਡੇਰੇ ਵੀ ਕਾਇਮ ਕਰਨੇ ਪਏ ਅਤੇ ਨਿਰਮਲ ਪੰਚਾਇਤੀ ਅਖਾੜਾ ਵੀ ਕਾਇਮ ਕਰਨਾ ਪਿਆ।

ਸਮੇਂ ਅਨੁਸਾਰ ਸਾਰੇ ਭੇਖਾਂ ਵਿਚੋਂ ਸਮਦ੍ਰਿਸ਼ਟੀ ਵਾਲੀ ਭਾਵਨਾ ਖ਼ਤਮ ਹੋਣ ਲਗੀ। ਦਿਨੋ-ਦਿਨ ਨਫ਼ਰਤ, ਈਰਖਾ, ਦ੍ਵੈਸ਼ ਵਧਣ ਲਗੀ। ਇਸ ਵਾਸਤੇ ਅਨਯ ਭੇਖਾਂ ਦੇ ਸਾਧੂ ਨਿਰਮਲੇ ਵਿਰਕਤ ਮਹਾਪੁਰਖਾਂ ਨਾਲ ਈਰਖਾ ਕਰਨ ਲਗੇ। ਕੁਵਾਕ ਬੋਲਣ ਲਗੇ। ਇਥੋਂ ਤਕ ਜਦੋਂ ਕੋਈ ਨਿਰਮਲਾ ਸੰਤ ਇਨ੍ਹਾਂ ਦੇ ਆਸ਼ਰਮ ਵਿਚ ਭੋਜਨ ਪਾਉਣ ਜਾਂਦਾ ਤਾਂ ਉਂਗਲਾਂ ਦੀ ਕੈਂਚੀ ਬਣਾ ਕੇ ਕਹਿੰਦੇ 'ਚੋਟੀ ਦਿਉ, ਰੋਟੀ ਲਉ'।

**ਕੈਂਚੀ ਦਿਖਰਾ ਐਸੇ ਕਹਿ ਹੈ ॥**
**ਰੋਟੀ ਤਬ ਦਿਹ ਚੋਟੀ ਲੈ ਹੈ ॥**

ਸੰਮਤ 1906 (1849 ਈ.) ਵਿਚ ਹਰਿਦੁਵਾਰ ਦੀ ਅਰਧ ਕੁੰਭੀ ਹੋਈ। ਇਸ ਅਰਧ ਕੁੰਭੀ 'ਤੇ ਭੇਖ ਵਲੋਂ ਨਿਰਮਲੇ ਸੰਤਾਂ ਨੇ ਰਿਹਾਇਸ਼ ਕਥਾ-ਕੀਰਤਨ ਲੰਗਰ ਦਾ ਕੋਈ ਪ੍ਰਬੰਧ ਨਾ ਕੀਤਾ। ਇਸ ਵਾਸਤੇ ਕਈ ਚੰਗੇ-ਚੰਗੇ ਮਹਾਪੁਰਖਾਂ ਨੂੰ ਵੀ ਅਪਮਾਨ ਸਹਿਨ ਕਰਨਾ ਪਿਆ। ਇਸ ਅਰਧ ਕੁੰਭੀ ਨੇ ਤਾਂ ਨਿਸ਼ਚੈ ਕਰਵਾ ਦਿਤਾ ਕਿ ਹਰਿਦੁਵਾਰ ਆਦਿਕ ਤੀਰਥਾਂ 'ਤੇ ਆਪਣੇ ਸਥਾਨ ਅਤੇ ਲੰਗਰ ਦਾ ਕੋਈ ਸਤਿਕਾਰਯੋਗ ਪ੍ਰਬੰਧ ਹੋਣਾ ਚਾਹੀਦਾ ਹੈ।

ਇਸ ਵਾਸਤੇ ਹਰਿਦੁਵਾਰ ਇਕ ਵਿਸ਼ੇਸ਼ ਇਕੱਠ ਬੁਲਾਇਆ ਗਿਆ, ਜਿਸ ਵਿਚ ਨਿਰਮਲ ਭੇਖ ਦੇ ਸਾਧੂ, ਸੰਤ, ਵਿਦਵਾਨ, ਮੁਖੀ, ਨਿਰਮਲੇ ਮਹਾਪੁਰਖ ਇਕਤਰ ਹੋਏ। ਸ਼੍ਰੀਮਾਨ ਬਾਬਾ ਮਹਿਤਾਬ ਸਿੰਘ ਜੀ ਵਿਰਕਤ, ਸੰਤ ਧਿਆਨ ਸਿੰਘ ਜੀ ਮਹਾਰਾਜ ਝਾੜੀਵਾਲੇ, ਸੰਤ ਗੁਲਾਬ ਸਿੰਘ ਜੀ, ਸੰਤ ਸਾਹਿਬ ਸਿੰਘ ਜੀ ਵਿਰਕਤ, ਠਾਕਰ ਨਿਹਾਲ ਸਿੰਘ ਜੀ ਅੰਮ੍ਰਿਤਸਰ, ਸੰਤ ਮਸਤਾਨ ਸਿੰਘ ਜੀ ਮੁਕਤਸਰ, ਮਹੰਤ ਗਾਂਧਾ ਸਿੰਘ ਜੀ ਬਰਨਾਲਾ, ਮਹੰਤ ਰਾਮ ਸਿੰਘ ਜੀ ਕੁਬੇਰੀਏ ਆਦਿਕ ਸੈਂਕੜੇ ਮਹਾਪੁਰਖਾਂ ਨੇ ਪਰਸਪਰ ਦੀਰਘ ਵਿਚਾਰ ਦੁਆਰਾ ਚਾਰੇ ਕੁੰਭ ਮੇਲਿਆਂ ਅਤੇ ਅਨਯ ਤੀਰਥਾਂ ਉਤੇ ਸਿਖ ਧਰਮ ਦੇ ਪ੍ਰਚਾਰ ਵਾਸਤੇ ਰਿਹਾਇਸ਼/ਲੰਗਰ ਦੇ ਪ੍ਰਬੰਧ ਵਾਸਤੇ 'ਸ਼੍ਰੀ ਨਿਰਮਲ ਪੰਚਾਇਤੀ ਅਖਾੜਾ' ਸਥਾਪਨ ਕਰਨ ਦਾ ਪ੍ਰਸਤਾਵ ਪਾਸ ਕੀਤਾ। ਇਹ ਪ੍ਰਸਤਾਵ ਵੀ ਪਾਸ ਕੀਤਾ ਕਿ ਆ ਰਹੇ ਹਰਿਦੁਵਾਰ ਦੇ ਕੁੰਭ ਮਹਾਪੁਰਵ 'ਤੇ ਵਿਧੀਵਤ 'ਸ਼੍ਰੀਮਹੰਤ' ਨੀਯਤ ਕਰਕੇ ਛਾਉਣੀ ਬਣਾਈ ਜਾਵੇ। ਆਏ ਮਹੰਤਾਂ, ਸੰਤਾਂ, ਗੁਰਸਿਖਾਂ, ਸਦ ਗ੍ਰਹਿਸਥੀਆਂ ਵਾਸਤੇ ਹਰ ਤਰ੍ਹਾਂ ਦੀ ਸੁਖ ਸੁਵਿਧਾ ਬਣਾਈ ਜਾਵੇ ਅਤੇ ਸ਼ਾਹੀ ਕਢੀ ਜਾਵੇ।

ਸੰਮਤ 1855 ਈ. ਵਿਚ ਹਰਿਦਵਾਰ ਦਾ ਕੁੰਭ ਆ ਗਿਆ, ਜਿਸ 'ਤੇ ਨਿਰਮਲ ਭੇਖ ਦੇ ਮਹਾਪੁਰਖ ਉਤਸ਼ਾਹ ਨਾਲ ਪੁਜੇ। ਇਕ ਦਿਨ ਸ਼੍ਰੀ ਨਿਰਮਲ ਪੰਚਾਇਤੀ ਅਖਾੜਾ ਬਣਾਉਣ ਅਤੇ 'ਸ਼੍ਰੀ ਮਹੰਤ' ਕਾਇਮ ਕਰਨ ਵਾਸਤੇ ਵਿਸ਼ੇਸ਼ ਇਕਤਰਤਾ ਦਾ ਸਮਾਂ ਨੀਯਤ ਕੀਤਾ ਗਿਆ, ਜਿਸ ਵਿਚ ਦੇਸ਼ ਭਰ 'ਚੋਂ ਮੁਖੀ, ਮਹੰਤ, ਸੰਤ, ਵਿਰਕਤ, ਇਕਤਰ ਹੋਏ। ਕਾਫ਼ੀ ਸੋਚ ਵਿਚਾਰ ਤੋਂ ਉਪਰੰਤ ਵਿਰਕਤ ਸ਼੍ਰੋਮਣੀ, ਸ਼੍ਰੀਮਾਨ 108 ਬਾਬਾ ਮਹਿਤਾਬ ਸਿੰਘ ਜੀ ਦਾ ਨਾਉਂ 'ਸ਼੍ਰੀ ਮਹੰਤ' ਲਈ ਬੋਲਿਆ ਗਿਆ। ਬਸ ਨਾਮ ਬੋਲਣ ਦੀ ਦੇਰ ਸੀ, ਪ੍ਰਵਾਨਗੀ ਵਿਚ ਸਤਿ ਸ਼੍ਰੀ ਅਕਾਲ ਦੇ ਜੈਕਾਰਿਆਂ, ਨਗਾਰਿਆਂ ਅਤੇ ਰਣਸਿੰਗਿਆਂ ਦੀ ਘਨਘੋਰ ਨੇ ਆਕਾਸ਼ ਗੂੰਜਾ ਦਿਤਾ।

ਨਿਰਮਲ ਪੰਥ ਵਲੋਂ ਸ਼੍ਰੀਮਾਨ 108 ਬਾਬਾ ਮਹਿਤਾਬ ਸਿੰਘ ਜੀ ਨੂੰ 'ਸ਼੍ਰੀ ਮਹੰਤ' ਦੀ ਪੱਗ ਦਿਤੀ ਗਈ। ਸਾਰੇ ਸੰਤਾਂ, ਮਹੰਤਾਂ, ਵਿਦਵਾਨਾਂ, ਵਿਰਕਤਾਂ ਨੇ ਸ਼੍ਰੀ ਮਹੰਤ ਜੀ ਨੂੰ ਨਮਸਕਾਰਾਂ ਕੀਤੀਆਂ ਅਤੇ ਪੂਜਾ ਕੀਤੀ। ਅਖਾੜੇ ਦਾ ਨਾਉ 'ਸ਼੍ਰੀ ਨਿਰਮਲ ਪੰਚਾਇਤੀ ਅਖਾੜਾ' ਰਖਿਆ ਗਿਆ। ਨਿਯਮ ਇਹ ਬਣਾਇਆ ਗਿਆ ਕਿ ਸਾਰੇ ਕੁੰਭ ਮੇਲਿਆਂ, ਕੁਰੁਕਸ਼ੇਤਰ, ਫਲਗੂ, ਪਿਹੋਵਾ, ਅੰਮ੍ਰਿਤਸਰ, ਆਨੰਦਪੁਰ, ਮੁਕਤਸਰ, ਸ਼੍ਰੀ ਦਮਦਮਾ ਸਾਹਿਬ ਗੁਰੂ ਕਾਸ਼ੀ ਤੀਰਥਾਂ 'ਤੇ ਗੁਰੂ ਨਾਨਕ ਦੇ ਮਤਿ ਦਾ ਪ੍ਰਚਾਰ ਕਰਨਾ ਗੁਰਸਿਖਾਂ ਵਾਸਤੇ ਰਿਹਾਇਸ਼/ਲੰਗਰ ਦਾ ਪ੍ਰਬੰਧ ਕਰਨਾ। ਇਸ ਖੁਸ਼ੀ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕੀਤਾ ਗਿਆ ਅਤੇ ਖਟ ਦਰਸ਼ਨ ਸਾਧੂ ਸਮਾਜ ਨੂੰ ਪੱਕਾ ਭੰਡਾਰਾ ਦਿਤਾ ਗਿਆ। ਇਸ ਤਰ੍ਹਾਂ ਆਪ ਭੇਖ ਵਿਚ ਪੂਰਨ ਮਹਾਤਮਾ ਪ੍ਰਸਿਧ ਹੋ ਚੁਕੇ ਸਨ, ਜਿਸ ਕਰਕੇ ਪੂਰੇ ਸਨਮਾਨ ਨਾਲ ਇਸ ਕੁੰਭ ਵਿਚ ਆਪ ਭੇਖ ਦੇ ਸ਼੍ਰੀ ਮਹੰਤ ਸਾਹਿਬ

ਥਾਪੇ ਗਏ। ਉਪਰੰਤ ਸਤਿਸੰਗ ਕਥਾ ਕੀਰਤਨ ਦਾ ਇਕ ਰਸ ਪ੍ਰਵਾਹ ਚਲਾ ਦਿਤਾ ਅਤੇ ਗੁਰੂ ਜੀ ਦਾ ਅਤੁਟ ਲੰਗਰ ਪ੍ਰਾਣੀ ਮਾਤ੍ਰ ਲਈ ਖੋਲ੍ਹ ਦਿਤਾ। ਨਿਰਮਲੇ ਸੰਤਾਂ ਦਾ ਵਡਾ ਜਸ ਹੋਇਆ। ਇਸ ਸਮੇਂ ਨਿਰਮਲੇ ਸੰਤਾਂ ਦੀ ਮਹਾਨਤਾ ਸੁਣ ਕੇ ਮਹਾਰਾਜਾ ਨਰਿੰਦਰ ਸਿੰਘ ਸਾਹਿਬ ਪਟਿਆਲਾ ਨੇ ਅਤੇ ਸਰਦਾਰ ਭਰਪੂਰ ਸਿੰਘ ਸਾਹਿਬ ਨਾਭਾ ਨੇ ਆਪ ਆ ਕੇ ਦਰਸ਼ਨ ਕੀਤੇ, ਭੰਡਾਰਾ ਦਿਤਾ ਅਤੇ ਬੇਅੰਤ ਪੂਜਾ ਕੀਤੀ। ਇਸ ਕੁੰਭ 'ਤੇ ਅਟਾਰੀ ਵਾਲੇ ਸਰਦਾਰ ਕਾਹਨ ਸਿੰਘ ਜੀ ਅਤੇ ਸੰਧਾਵਾਲੀਏ ਸਰਦਾਰ ਸ਼ਮਸ਼ੇਰ ਸਿੰਘ ਜੀ ਭੀ ਆਏ ਹੋਏ ਸਨ, ਜਿਨ੍ਹਾਂ ਨੇ ਪ੍ਰੇਮ ਨਾਲ ਪੂਜਾ ਭੰਡਾਰੇ ਕੀਤੇ। ਸਭਨਾਂ ਅਖਾੜਿਆਂ ਨਾਲੋਂ ਵਧ ਕੇ ਇਸ ਕੁੰਭ 'ਤੇ ਖਰਚ ਕੀਤਾ ਗਿਆ।

ਇਕ ਦਿਨ ਮਹਾਰਾਜਾ ਪਟਿਆਲਾ ਨੇ ਸ੍ਰੀ ਮਹੰਤ ਸਾਹਿਬ ਅਗੇ ਇਹ ਤਜਵੀਜ਼ ਪੇਸ਼ ਕੀਤੀ ਜੋ ਤਿੰਨਾਂ ਮਹਾਰਾਜਿਆਂ ਨੇ ਪਾਸ ਕੀਤੀ ਸੀ ਕਿ ਪਟਿਆਲੇ ਵਿਚ ਪੰਚਾਇਤੀ ਨਿਰਮਲ ਅਖਾੜਾ ਪਕੇ ਪੈਰਾਂ 'ਤੇ ਸਥਾਪਿਤ ਕੀਤਾ ਜਾਏ। ਜੋ ਇਖਰਾਜਾਤ ਮੁਕਰਰ ਹੋਣ ਉਹ ਸਭ ਰਿਆਸਤਾਂ ਵਲੋਂ ਪੂਰੇ ਕੀਤੇ ਜਾਇਆ ਕਰਨ। ਸੰਤ ਮਹਾਤਮਾ ਇਨ੍ਹਾਂ ਗੱਲਾਂ ਵਲੋਂ ਭਾਵੇਂ ਬਹੁਤ ਉਚੇ ਸਨ ਪਰ ਵਰਤਮਾਨ ਦੂਸਰੇ ਭੇਖਾਂ ਵਲੋਂ ਕੁਛ ਅਯੋਗ ਜਿਹਾ ਵਰਤਾਉ ਹੁੰਦਾ ਸਾਹਮਣੇ ਰਖ ਕੇ ਆਪ ਨੇ ਇਹ ਬੇਨਤੀ ਪ੍ਰਵਾਨ ਕਰ ਲਈ। ਕੁਲਵੰਤ ਰਾਏ, ਮੀਰ ਮੁਨਸ਼ੀ ਅਬਦੁਲ ਨਬੀ ਖਾਂ, ਖਲੀਫ਼ਾ ਮੁਹੰਮਦ ਹਸਨ ਖਾਂ, ਸਰਦਾਰ ਵਸਾਵਾ ਸਿੰਘ ਬਖਸ਼ੀ ਆਦਿਕ ਮਹਿਲਕਾਰਾਂ ਨਾਲ ਸਲਾਹ ਕਰ ਕੇ ਇਕ ਦਿਨ ਮਹਾਰਾਜਾ ਸਾਹਿਬ ਨੇ ਚਨਾਰਥਲੀਆਂ ਵਾਲੀ ਹਵੇਲੀ ਸੰਤਾਂ ਨੂੰ ਦਿਖਾਈ ਜੋ ਸਭਨਾਂ ਨੇ ਪਸੰਦ ਕੀਤੀ।

ਸੰਮਤ 1918 ਸਾਵਣ ਸੁਦੀ ਦੁਆਦਸੀ ਵੀਰਵਾਰ ਨੂੰ ਸ਼ੁਭ ਮਹੂਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨਾਲ ਨਿਰਮਲ ਸੰਤ ਮੰਡਲੀ ਨੇ ਪ੍ਰਵੇਸ਼ ਕੀਤਾ। ਵਡਾ ਦੀਵਾਨ ਸਜਾਯਾ ਗਿਆ ਅਤੇ ਕਥਾ ਪ੍ਰਸੰਗ ਹੋਇਆ। ਉਸ ਸਮੇਂ ਨਾਭਾ ਅਤੇ ਜੀਂਦ ਦੇ ਅਹਿਲਕਾਰ ਅਤੇ ਭਦੌੜ, ਮਲੌਦ, ਖਮਾਣੋ, ਛਛਰੌਲੀ ਆਦਿਕਾਂ ਦੇ ਸਭ ਸਰਦਾਰ ਹਾਜ਼ਰ ਸਨ। ਸਭ ਦੀ ਮੌਜੂਦਗੀ ਵਿਚ ਮਹਾਰਾਜਾ ਸਾਹਿਬ ਪਟਿਆਲਾ ਨੇ ਪਹਿਲਾਂ ਨਿਰਮਲ ਅਖਾੜੇ ਵਾਸਤੇ ਇਖਰਾਜਾਤ ਦੇ 82000 ਨਕਦ ਅਤੇ ਭੈਣੀ, ਝੰਡੀ ਦੋ ਗ੍ਰਾਮਾ ਦੀ 4100 ਸਾਲਾਨਾ ਮਾਫ਼ੀ ਆਪਣੇ ਵਲੋਂ ਅਰਦਾਸ ਕਰਾਈ। ਇਸੇ ਤਰ੍ਹਾਂ ਮਹਾਰਾਜਾ ਮਾਫ਼ੀ ਭਰਪੂਰ ਸਿੰਘ ਸਾਹਿਬ ਨਾਭਾ ਵਲੋਂ 16000 ਨਕਦ ਅਤੇ ਹਰੀ ਕੇ ਪਿੰਡ ਦੀ ਮਾਫ਼ੀ 575, ਮਹਾਰਾਜਾ ਸਰੂਪ ਸਿੰਘ ਸਾਹਿਬ ਜੀਂਦ ਵਲੋਂ 20000 ਨਕਦ ਅਤੇ ਮੰਡਲਾਂ ਵਾਲਾ, ਬਲਮਗੜ੍ਹ ਦੋ ਪਿੰਡਾਂ ਦੀ ਮਾਫ਼ੀ 1300, ਮਹਾਰਾਜਾ ਵਜ਼ੀਰ ਸਿੰਘ ਫ਼ਰੀਦਕੋਟ ਵਲੋਂ 500 ਦੀ ਸਾਲਾਨਾ ਆਮਦਨੀ ਵਾਲਾ ਚੰਬੇਲੀ ਗ੍ਰਾਮ ਅਰਦਾਸਾ ਕਰਾਯਾ ਗਿਆ। ਇਸ ਤੋਂ ਇਲਾਵਾ ਹੋਰਨਾਂ ਸਭਨਾਂ ਸਰਦਾਰਾਂ ਨੇ ਆਪਣੇ-ਆਪਣੇ ਵਿਤ ਮੂਜਬ ਅਰਦਾਸੇ ਕਰਵਾਏ। ਨਾਲ ਹੀ ਇਹ ਦਸਿਆ ਗਿਆ ਕਿ ਮਕਾਨਾਂ ਦੇ ਖਰਚ ਲਈ ਅਲਗ-ਅਲਗ ਰਸਦਾਂ ਆਪਣੀ-ਆਪਣੀ ਰਿਆਸਤ ਵਲੋਂ ਮਿਲਿਆ ਕਰਨਗੀਆਂ। ਪਿੰਡਾਂ ਦੀ ਆਮਦਨ ਕੁੰਭ ਆਦਿਕ ਮੇਲਿਆਂ ਉਪਰ ਖਰਚ ਕੀਤੀ ਜਾਇਆ ਕਰੇਗੀ। ਫਿਰ ਸਮੇਂ ਦੇ ਅਨੁਸਾਰ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਹਰੀਦੁਆਰ ਸਿਫ਼ਟ ਹੋ ਗਿਆ ਅਤੇ ਅਖਾੜਾ ਪ੍ਰੀਸ਼ਦ ਵਿਚ ਆਪਣਾ ਮਹਾਨ ਸਥਾਨ ਬਣਾਇਆ। ਇਸ ਤਰ੍ਹਾਂ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰਕੇ ਗੁਰਮਤਿ, ਗੁਰ ਇਤਿਹਾਸ, ਵੇਦਾਂ, ਸ਼ਾਸਤਰਾਂ ਦਾ ਪ੍ਰਚਾਰ ਕਰਦਾ ਆ ਰਿਹਾ ਹੈ ਅਤੇ ਵਰਤਮਾਨ ਦੇ ਵਿਚ ਵੀ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਹਰਿਦੁਵਾਰ ਸੰਸਕ੍ਰਿਤ ਵਿਦਿਆਲਿਆਂ ਦੁਆਰਾ ਅਤੇ ਕੁੰਭ ਮੇਲਿਆਂ ਉਪਰ ਆਪਣੀ ਛਾਉਣੀ ਲਗਾ ਕੇ ਗੁਰਮਤਿ ਪ੍ਰਚਾਰ ਦੁਆਰਾ ਆਈਆਂ ਸੰਗਤਾਂ ਨੂੰ ਸਤਿ ਦਾ ਮਾਰਗ ਦ੍ਰਿੜ੍ਹਾ ਕੇ ਵਾਹਿਗੁਰੂ ਦੇ ਲੜ ਲਾ ਰਿਹਾ ਹੈ।

ਨਿਰਮਲ ਸਤਪੁਰਸ਼ ਆਪਣੇ ਤਪ-ਤੇਜ ਸੇਵਾ ਸਿਮਰਨ ਦੁਆਰਾ ਇਕ ਮਨ ਹੋ ਕੇ ਨਿਰਮਲ ਭੇਖ ਦੀ ਅਥਾਹ ਸੇਵਾ ਕਰਦੇ ਰਹੇ। ਹੁਣ ਵਰਤਮਾਨ ਵਿਚ ਵੀ ਨਿਰਮਲ ਆਸ਼੍ਰਮ ਰਿਸ਼ੀਕੇਸ਼ ਦੇ ਸੰਤ ਬਾਬਾ ਰਾਮ ਸਿੰਘ ਜੀ ਅਤੇ ਸੰਤ ਬਾਬਾ ਜੋਧ ਸਿੰਘ ਜੀ ਸਮਰਪਣ ਭਾਵ ਦੇ ਨਾਲ ਨਿਰਮਲ ਭੇਖ ਅਤੇ ਸਮਾਜ ਦੀ ਸੇਵਾ ਵਿਚ 'ਕਹਿਬੇ ਕੋ ਸੋਭਾ ਨਹੀ ਦੇਖਾ ਹੀ ਪ੍ਰਵਾਨ' ਅਦੁਤੀ ਯੋਗਦਾਨ ਪਾ ਰਹੇ ਹਨ।

**निर्मलस्य उपदेष्टा तथैव कर्म निर्मलम्।**
**निर्मल: संप्रदायोहि निर्मलमपि आश्रम च।**

ਜਿਸ ਤਰ੍ਹਾਂ- ਨਿਰਮਲ ਆਸ਼੍ਰਮ ਹਸਪਤਾਲ ਰਿਸ਼ੀਕੇਸ਼, ਨਿਰਮਲ ਆਸ਼੍ਰਮ ਦੀਪਮਾਲਾ ਪਗਾਰਾਨੀ ਪਬਲਿਕ ਸਕੂਲ, ਨਿਰਮਲ ਆਸ਼੍ਰਮ ਗਿਆਨ-ਦਾਨ ਅਕੈਡਮੀ ਖੈਰੀ ਕਲਾਂ (ਰਿਸ਼ੀਕੇਸ਼), ਹਰੀ ਕ੍ਰਿਪਾ ਸਿਲਾਈ ਕੇਂਦਰ ਰਿਸ਼ੀਕੇਸ਼ ਆਦਿਕ ਲੋਕ ਭਲਾਈ ਦੇ ਕਾਰਜ ਕਰ ਰਹੇ ਹਨ। ਅੰਨ-ਛੇਤ੍ਰ ਦੁਆਰਾ ਹਜ਼ਾਰਾਂ ਹੀ ਭਿਖਸ਼ੂਆਂ ਨੂੰ ਰੋਜ਼ਾਨਾ ਭੋਜਨ ਦਿੰਦੇ ਹਨ। ਹੇਮਕੁੰਟ,

ਹਰਿਦੁਆਰ ਅਤੇ ਰਿਸ਼ੀਕੇਸ਼ ਨੂੰ ਆਈਆਂ ਯਾਤਰੂ ਸੰਗਤਾਂ ਦੀ ਰਿਹਾਇਸ਼ ਅਤੇ ਲੰਗਰ ਦਾ ਬਹੁਤ ਸੁੰਦਰ ਪ੍ਰਬੰਧ ਹੈ। ਕਰਨਾਲ ਦੇ ਵਿਚ ਹਜ਼ਾਰਾਂ ਬੱਚਿਆਂ ਨੂੰ ਫ੍ਰੀ ਵਿਦਿਆ ਦੇ ਰਹੇ ਹਨ। ਸ਼ਤਾਬਦੀ ਸਮਾਗਮ ਅਤੇ 29-30 ਅਕਤੂਬਰ 2009 ਨੂੰ ਨਿਰਮਲ ਸੰਪ੍ਰਦਾਇ ਦਾ ਸੈਮੀਨਾਰ ਪੰਜਾਬੀ ਯੂਨੀਵਰਸਿਟੀ ਵਿਚ ਕਰਵਾ ਕੇ ਅਤੇ ਵਰਤਮਾਨ ਦੇ ਸੈਮੀਨਾਰ ਵਿਚ ਪੂਰਨ ਸਹਿਯੋਗ ਦੇ ਰਹੇ ਹਨ। ਐਸੀਆਂ ਉਤਮ ਦਰਜ਼ੇ ਦੀਆਂ ਸੰਸਥਾਵਾਂ ਦੀ ਸਥਾਪਨਾ ਕਰਕੇ ਆਪਣਾ ਯੋਗਦਾਨ ਪਾ ਰਹੇ ਹਨ।

ਸੰਤ ਬਾਬਾ ਮਲਕੀਤ ਸਿੰਘ ਜੀ ਜਬੜ ਵਾਲੇ 'ਸੰਤ ਬਾਬਾ ਭਾਗ ਸਿੰਘ ਡਿਗਰੀ ਕਾਲਜ' ਦੀ ਸਥਾਪਨਾ ਕਰਕੇ ਅਤੇ ਇਲਾਕੇ ਦੀਆਂ ਸੜਕਾਂ ਅਤੇ ਪੁਲਾਂ ਦਾ ਉਚ ਦਰਜ਼ੇ ਦਾ ਨਿਰਮਾਣ ਕਰਵਾ ਕੇ, ਇਲਾਕੇ ਵਿਚ ਜਿਥੇ ਸਮਾਜ ਦੀ ਸੇਵਾ ਕਰ ਰਹੇ ਹਨ, ਉਥੇ ਨਾਮ-ਬਾਣੀ ਸੇਵਾ ਸਿਮਰਨ ਦਾ ਵੀ ਪ੍ਰਵਾਹ ਚਲਾ ਰਹੇ ਹਨ।

ਸੰਤ ਬਾਬਾ ਸਾਧੂ ਸਿੰਘ ਜੀ ਸ਼ਾਸਤਰੀ ਪ੍ਰਧਾਨ ਸਰਵ ਭਾਰਤੀਯ ਨਿਰਮਲ ਮਹਾਮੰਡਲ ਚਕ ਵਿਹਡਲ ਵਾਲੇ ਗੁਰਮਤਿ ਦੇ ਮਹਾਨ ਵਿਦਵਾਨ ਅਤੇ ਸੰਸਕ੍ਰਿਤ ਦੇ ਪੰਡਿਤ ਜੋ ਵਿਦਿਆਰਥੀਆਂ ਨੂੰ ਗੁਰਮਤਿ ਅਤੇ ਸੰਸਕ੍ਰਿਤ ਦੀ ਵਿਦਿਆ ਦਾਨ ਕਰ ਰਹੇ ਹਨ ਅਤੇ ਡਿਸਪੈਂਸਰੀ ਦੁਆਰਾ ਆਏ ਰੋਗੀਆਂ ਦੀ ਮੁਫ਼ਤ ਸੇਵਾ ਕਰ ਰਹੇ ਹਨ। ਆਪ ਬ੍ਰਜ ਭਾਸ਼ਾ ਦੇ ਮਹਾਨ ਕਵੀ ਹਨ ਅਤੇ ਅਦੁਤੀ ਵਕਤਾ ਹਨ। ਨਾਮ-ਬਾਣੀ ਦੁਆਰਾ ਸੰਗਤਾਂ ਨੂੰ ਗੁਰੂ ਨਾਲ ਜੋੜਦੇ ਹਨ।

ਸੰਤ ਬਾਬਾ ਭਾਗ ਸਿੰਘ ਜੀ ਪ੍ਰਧਾਨ ਦੁਆਬਾ ਨਿਰਮਲ ਮੰਡਲ ਬੰਗਿਆਂ ਵਾਲੇ ਜੋ ਗੁਰਮਤਿ ਅਤੇ ਗੁਰ-ਇਤਿਹਾਸ ਦੇ ਮਹਾਨ ਵਿਦਵਾਨ ਹਨ। ਸਾਲ ਵਿਚ ਕਈ ਵਾਰ ਅੱਖਾਂ ਦਾ ਫ੍ਰੀ ਕੈਂਪ ਲਗਵਾ ਕੇ ਸੰਗਤਾਂ ਦੀ ਸੇਵਾ ਕਰਦੇ ਹਨ। ਆਪ ਜੀ ਨਾਮ-ਬਾਣੀ ਦੇ ਰਸੀਏ, ਬਹੁਤ ਨਿਮਰਤਾ ਵਾਲੇ ਆਪਣੇ ਪੂਰਵ ਮਹਾਪੁਰਸ਼ਾਂ ਵਾਂਗ ਨਾਮ-ਬਾਣੀ ਦਾ ਪ੍ਰਵਾਹ ਚਲਾ ਕੇ ਸੰਗਤਾਂ ਨੂੰ ਵਾਹਿਗੁਰੂ ਦੇ ਨਾਲ ਜੋੜਦੇ ਹਨ। ਆਪ ਹੋਲੇ-ਮਹੱਲੇ ਉਪਰ ਸ੍ਰੀ ਆਨੰਦਪੁਰ ਸਾਹਿਬ ਵਿਖੇ ਦੁਆਬਾ ਨਿਰਮਲ ਮੰਡਲ ਵਲੋਂ ਨਗਰ ਕੀਰਤਨ ਅਤੇ ਨਿਰਮਲ ਭੇਖ ਵਲੋਂ ਸਟੇਜ ਲਗਾ ਕੇ ਸੰਗਤਾਂ ਨੂੰ ਵਾਹਿਗੁਰੂ ਨਾਲ ਜੋੜਦੇ ਹਨ ਅਤੇ ਆਈਆਂ ਸਰਬਤ ਸੰਗਤਾਂ ਅਤੇ ਸੰਤਾਂ ਮਹਾਪੁਰਸ਼ਾਂ ਦੀ ਰਿਹਾਇਸ਼ ਦਾ ਪੂਰਾ ਪ੍ਰਬੰਧ ਵੀ ਕਰਦੇ ਹਨ ਅਤੇ ਤਰ੍ਹਾਂ-ਤਰ੍ਹਾਂ ਦੇ ਪਦਾਰਥਾਂ ਦੁਆਰਾ ਚੌਵੀ ਘੰਟੇ ਲੰਗਰ-ਭੰਡਾਰੇ ਚਲਾਉਂਦੇ ਹਨ।

ਸੰਤ ਗੁਰਬਚਨ ਸਿੰਘ ਜੀ ਪਠਲਾਵਾਂ (ਸੈਕਟਰੀ ਨਿਰਮਲਾ ਦੁਆਬਾ ਮੰਡਲ) ਸੰਗਤਾਂ ਵਾਸਤੇ ਫ੍ਰੀ ਹਸਪਤਾਲ ਚਲਾ ਰਹੇ ਹਨ। ਇਲਾਕੇ ਦੀਆਂ ਸੰਗਤਾਂ ਵਾਸਤੇ ਦਿਨ ਰਾਤ ਐਂਬੂਲੈਂਸ ਦੁਆਰਾ ਫ੍ਰੀ ਸੇਵਾ ਚਲ ਰਹੀ ਹੈ ਅਤੇ ਸਾਲ ਵਿਚ ਦੋ-ਤਿੰਨ ਅੱਖਾਂ ਅਤੇ ਖੂਨਦਾਨ ਦੇ ਕੈਂਪ ਲਗਵਾ ਕੇ ਸੰਗਤਾਂ ਦੀ ਮੁਫ਼ਤ ਸੇਵਾ ਕਰ ਰਹੇ ਹਨ। ਇਸੇ ਤਰ੍ਹਾਂ ਵਿਦਿਆਰਥੀਆਂ ਨੂੰ ਗੁਰਮਤਿ ਅਤੇ ਰਾਗ-ਵਿਦਿਆ ਦਾਨ ਕਰ ਰਹੇ ਹਨ। ਹਰ ਸਾਲ ਸੰਗਤਾਂ ਨੂੰ ਆਪਣੇ ਪੂਰਵ ਸਤਪੁਰਸ਼ਾਂ ਦੀ ਤਰ੍ਹਾਂ ਪ੍ਰੇਰਨਾ ਦੇ ਕੇ ਅੰਮ੍ਰਿਤ ਪਾਨ ਕਰਵਾਉਂਦੇ ਹਨ। ਆਪ ਜੀ ਸ਼ਾਂਤ-ਚਿਤ ਆਤਮਾ ਹਨ।

ਪੰਡਿਤ ਜਗਜੀਤ ਸਿੰਘ ਜੀ ਹਰਖੋਵਾਲ ਸੁਲਤਾਨਪੁਰ ਲੋਧੀ ਵਾਲੇ ਜੋ ਗੁਰਮਤਿ, ਭਾਸ਼ਾ, ਗੁਰ-ਇਤਿਹਾਸ, ਸ਼ਾਸਤਰਾਂ ਅਤੇ ਆਯੁਰਵੈਦਿਕ ਦੁਆਰਾ ਅਨੇਕਾਂ ਵਿਦਿਆਰਥੀਆਂ ਨੂੰ ਵਿਦਿਆ ਦੇ ਰਹੇ ਹਨ। ਆਪ ਗੁਰਮਤਿ ਦੇ ਨਿਧੜਕ ਵਕਤਾ ਹਨ। ਸਾਧਿਕਾਂ ਦੀ ਸਾਧਨਾ ਵਾਸਤੇ ਆਪ ਜੀ ਨੇ ਹਰ ਸਹੂਲਤ ਸਮੇਤ ਅਨੇਕ ਕੁਟੀਆ ਤਿਆਰ ਕਰਵਾਈਆਂ ਹਨ। ਆਪ ਨਾਮ-ਬਾਣੀ ਦੇ ਅਭਿਆਸੀ ਹਨ, ਇਲਾਕੇ ਦੀਆਂ ਸੰਗਤਾਂ ਨੂੰ ਸਤਿਗੁਰੂ ਜੀ ਦੀ ਬਾਣੀ ਨਾਲ ਜੋੜਦੇ ਹਨ। ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅਰਥਾਂ ਸਹਿਤ ਕਥਾ ਦੁਆਰਾ ਅਨੇਕਾਂ ਵਿਦਵਾਨ ਤਿਆਰ ਕੀਤੇ ਹਨ।

ਸੰਤ ਬਾਬਾ ਭਗਵੰਤ ਭਜਨ ਸਿੰਘ ਜੀ ਆਤਮ ਦਰਸ਼ੀ ਸਤਿਸੰਗ ਦਕੋਹਾ ਵਾਲੇ ਸਾਰੇ ਭਾਰਤ ਵਰਸ਼ ਅਤੇ ਵਿਦੇਸ਼ਾਂ ਵਿਚ ਵਿਚਰ ਕੇ ਆਤਮ ਦਰਸ਼ੀ ਸਤਿਸੰਗ ਦੁਆਰਾ ਨਾਮ-ਬਾਣੀ ਦਾ ਪ੍ਰਵਾਹ ਚਲਾ ਰਹੇ ਹਨ। ਆਯੁਰਵੈਦਿਕ ਹਸਪਤਾਲ ਦੀ ਸਥਾਪਨਾ ਕਰਕੇ ਸੰਗਤਾਂ ਦਾ ਇਲਾਜ ਕਰ ਰਹੇ ਹਨ ਜੋ ਸਾਰੇ ਪੰਜਾਬ ਵਿਚੋਂ ਪਹਿਲੇ ਨੰਬਰ ਉਪਰ ਆਇਆ ਹੈ।

ਗਿਆਨੀ ਬਲਵੰਤ ਸਿੰਘ ਕੋਠਾਗੁਰੂ (ਸੈਕਟਰੀ ਸਰਵ-ਭਾਰਤੀ ਨਿਰਮਲ ਮਹਾਮੰਡਲ) ਭੇਖ ਦੇ ਮਹਾਨ ਵਿਦਵਾਨ ਸਾਹਿਤਯ ਸ਼ਾਸਤਰੀ ਹਨ। ਜਿਨ੍ਹਾਂ ਨੇ ਅਨੇਕਾਂ ਹੀ ਗ੍ਰੰਥ ਲਿਖੇ। ਜਿਨ੍ਹਾਂ ਨੂੰ ਨਿਰਮਲ ਭੇਖ ਦੇ ਵਿਚ ਚਲਦੀ-ਫਿਰਦੀ ਲਾਇਬ੍ਰੇਰੀ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ। ਆਪ ਬਹੁਤ ਹੀ ਨਿਮਰਤਾ ਵਾਲੇ ਨਾਮ ਬਾਣੀ ਦੇ ਅਭਿਆਸੀ ਸਤਪੁਰਸ਼ ਹਨ।

ਸੰਤ ਪ੍ਰੀਤਮ ਸਿੰਘ ਜੀ ਡੁਮੇਲੀ ਵਾਲੇ ਜੋ ਰਾਗ-ਵਿਦਿਆ ਦੇ ਆਪਣੇ ਪੂਰਵ ਮਹਾਪੁਰਸ਼ ਸੰਤ ਬਾਬਾ ਦਲੀਪ ਸਿੰਘ ਜੀ ਗੰਧਰਵ ਦੀ ਤਰ੍ਹਾਂ ਰਾਗ ਵਿਦਿਆ ਦਾ ਵਿਦਿਆਲਾ ਚਲਾ ਕੇ ਖੁਦ ਆਪ ਰਾਗ ਵਿਦਿਆ ਪ੍ਰਦਾਨ ਕਰ ਰਹੇ ਹਨ। ਆਪ ਜੀ ਮੱਘਰ ਦਾ ਸਾਰਾ ਹੀ ਮਹੀਨਾ ਸੰਗਤਾਂ ਨੂੰ ਨਾਮ ਅਭਿਆਸ ਕਰਵਾਉਂਦੇ ਹਨ। ਆਪ ਡੇਰੇ ਤੋਂ ਬਾਹਰ ਨਹੀਂ ਜਾਂਦੇ। ਸ੍ਰੀ

ਆਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਉਪਰ ਨਗਰ ਕੀਰਤਨ ਇਨ੍ਹਾਂ ਦੇ ਡੇਰੇ ਤੋਂ ਹੀ ਆਰੰਭ ਹੁੰਦਾ ਹੈ। ਬੈਂਡ-ਵਾਜਾ ਅਤੇ ਫੁਲਾਂ ਦੀ ਸੇਵਾ ਦੁਆਰਾ ਸਾਰੇ ਰਸਤੇ ਵਿਚ ਅਕਥਨੀਯ ਸੇਵਾ ਨਿਭਾਉਂਦੇ ਹਨ। ਆਈਆਂ ਸੰਗਤਾਂ ਅਤੇ ਮਹਾਪੁਰਸ਼ਾਂ ਵਾਸਤੇ ਅਤੁਟ ਲੰਗਰ ਦੀ ਸੇਵਾ ਕਰਦੇ ਹਨ।

ਸੰਤ ਮਹਿੰਦਰ ਸਿੰਘ ਜੀ ਹਰਿਦੁਵਾਰ ਵਾਲੇ ਬੱਚਿਆਂ ਵਾਸਤੇ ਸਕੂਲ ਅਤੇ ਫ੍ਰੀ ਡਿਸਪੈਂਸਰੀ ਚਲਾ ਰਹੇ ਹਨ। ਆਪਣੇ ਪੂਰਵ ਮਹਾਪੁਰਸ਼ਾਂ ਦੀ ਤਰ੍ਹਾਂ ਪੂਰੇ ਦੇਸ਼ ਦੇ ਵਿਚ ਭ੍ਰਮਣ ਕਰਕੇ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ। ਆਪ ਬਹੁਤ ਹੀ ਮਿਲਣਸਾਰ ਮਹਾਪੁਰਸ਼ ਹਨ।

ਸੰਤ ਬਾਬਾ ਜਸਵੰਤ ਸਿੰਘ ਜੀ ਅਤੇ ਸੰਤ ਬਲਬੀਰ ਸਿੰਘ ਜੀ ਮੰਨਣਹਾਣੇ ਵਾਲੇ ਬਹੁਤ ਵਿਸ਼ਾਲ ਕਾਲਜ ਦੁਆਰਾ ਇਲਾਕੇ ਦੀਆਂ ਸੰਗਤਾਂ ਨੂੰ ਸਿਖਿਆ ਪ੍ਰਾਪਤ ਕਰਵਾ ਰਹੇ ਹਨ ਅਤੇ ਆਪਣੇ ਪੂਰਵ ਮਹਾਪੁਰਸ਼ਾਂ ਦੀ ਤਰ੍ਹਾਂ ਨਾਮ ਬਾਣੀ ਦਾ ਪ੍ਰਵਾਹ ਚਲਾ ਕੇ ਆਈਆਂ ਸੰਗਤਾਂ ਨੂੰ ਗੁਰੂ ਘਰ ਨਾਲ ਜੋੜ ਰਹੇ ਹਨ।

ਇਸੇ ਤਰ੍ਹਾਂ ਹੀ ਨਿਰਮਲ ਭੇਖ ਦੇ ਸਾਰੇ ਹੀ ਸੰਤ, ਮਹੰਤ, ਮਹਾਪੁਰਸ਼ ਸਕੂਲਾਂ, ਕਾਲਜਾਂ, ਵਿਦਿਆਲਿਆਂ, ਹਸਪਤਾਲਾਂ, ਡਿਸਪੈਂਸਰੀਆਂ, ਕਥਾ-ਕੀਰਤਨ, ਗੁਰਮਤਿ ਸਮਾਗਮਾਂ, ਸੈਮੀਨਾਰਾਂ, ਸਾਹਿਤਕ ਸੇਵਾਵਾਂ, ਪਰਉਪਕਾਰ ਸੇਵਾ, ਗੁਰਮਤਿ-ਵਿਦਿਆ, ਸੰਗੀਤ-ਵਿਦਿਆ ਦੁਆਰਾ ਅਕਥਨੀਯ ਸੇਵਾ ਕਰ ਰਹੇ ਹਨ। ਵਿਸਥਾਰ ਦੇ ਭਯ ਤੋਂ ਜਿਆਦਾ ਵਿਸਥਾਰ ਨਹੀਂ ਕੀਤਾ ਜਾ ਸਕਦਾ।

**ਸਹਾਇਕ ਗ੍ਰੰਥਾਂ ਦੀ ਸੂਚੀ**


| | |
|---|---|
| 1. ਵਾਰਾਂ ਭਾਈ ਗੁਰਦਾਸ ਜੀ | |
| 2. ਗੁਰਪ੍ਰਤਾਪ ਸੂਰਜ | ਭਾਈ ਸੰਤੋਖ ਸਿੰਘ ਜੀ |
| 3. ਮਹਾਨ ਕੋਸ਼ | ਭਾਈ ਕਾਨ੍ਹ ਸਿੰਘ ਜੀ ਨਾਭਾ |
| 4. ਨਿਰਮਲ ਪੰਥ ਪ੍ਰਦੀਪਕਾ | ਗਿਆਨੀ ਗਿਆਨ ਸਿੰਘ |
| 5. ਪੰਥ ਪ੍ਰਕਾਸ਼ | ,, |
| 6. ਤਵਾਰੀਖ ਗੁਰੂ ਖਾਲਸਾ | ,, |
| 7. ਗੁਰਧਾਮ ਸੰਗ੍ਰਹਿ | ,, |
| 8. ਗੁਰਮਤਿ ਨਿਰਣਯ ਸਾਗਰ | ਪੰਡਿਤ ਤਾਰਾ ਸਿੰਘ ਜੀ ਨਰੋਤਮ |
| 9. ਮੋਕਸ਼ ਪੰਥ ਪ੍ਰਕਾਸ਼ | ,, |
| 10. ਗੁਰੂ ਤੀਰਥ ਸੰਗ੍ਰਹਿ | ,, |
| 11. ਨਿਰਮਲ ਦਰਸ਼ਨ | ਮਹੰਤ ਦਿਆਲ ਸਿੰਘ ਜੀ |
| 12. ਨਿਰਮਲ ਭੂਸ਼ਨ | ਮਹੰਤ ਗਨੇਸ਼ਾ ਸਿੰਘ ਜੀ |
| 13. ਨਿਰਮਲ ਪੰਥ ਬੋਧ | ਗਿ. ਬਲਵੰਤ ਸਿੰਘ ਕੋਠਾਗੁਰੂ |
| 14. ਨਿਰਮਲ ਪੰਥ ਦੀ ਗੌਰਵ ਗਾਥਾ | ,, |
| 15. ਨਿਰਮਲ ਭੇਖ ਭਾਸਕਰ | ,, |
| 16. ਗੁਰੂ ਵੰਸ ਖਾਲਸਾ ਪੰਥ (ਹਿੰਦੀ) | ,, |
| 17. ਦਮਦਮਾ ਗੁਰੂ ਕੀ ਕਾਸ਼ੀ | ,, |
| 18. ਅਗਮ ਅਗਾਦ ਪੁਰਖ | ,, |
| 19. ਕੋਠਾ ਗੁਰੂ ਦੀ ਗੌਰਵ ਗਾਥਾ | ,, |
| 20. ਨਿਰਮਲ ਪੰਥ ਦਾ ਇਤਿਹਾਸ | ਡਾ. ਪਰਮਜੀਤ ਸਿੰਘ |
| 21. ਨਿਰਮਲ ਸੰਪ੍ਰਦਾਇ | ਪ੍ਰੋ. ਪ੍ਰੀਤਮ ਸਿੰਘ ਜੀ |
| 22. ਨਾਨਕ ਪ੍ਰਕਾਸ਼ ਪਤ੍ਰਿਕਾ (ਦਸੰਬਰ 2005) | |
| 23. ਕਲਮ ਦੇ ਚਮਤਕਾਰ | ਪ੍ਰੋ. ਪਿਆਰਾ ਸਿੰਘ ਪਦਮ |

| | |
|---|---|
| 24. ਸੰਪ੍ਰਦਾਵਲੀ | ,, |
| 25. ਨਿਰਮਲ ਸੰਪ੍ਰਦਾਇ (ਹਿੰਦੀ) | ਪੰਡਿਤ ਅਰਜਨ ਸਿੰਘ ਜੀ ਮੁਨੀ |
| 26. ਅਨੁਭਵ ਸ਼ਤਕ | ਸੰਤ ਗਿ. ਸੁਖਚੈਨ ਸਿੰਘ ਜੀ ਅੰਮ੍ਰਿਤਸਰ |
| 27. ਸੰਪ੍ਰਦਾਇ ਜਲਾਲਾ ਦਾ ਇਤਿਹਾਸ | ਮਹੰਤ ਪ੍ਰਤਾਪ ਸਿੰਘ |
| 28. ਬਾਬਾ ਨਾਨਕ ਦਾ ਨਿਰਮਲ ਪੰਥ | ਮਹੰਤ ਦਿਆਲ ਸਿੰਘ ਲਾਹੌਰ |
| 29. ਸ੍ਰੀ ਗੁਰੂ ਗੋਬਿੰਦ ਸਿੰਘ ਔਰ ਨਿਰਮਲ ਸੰਤ ਪਰੰਪਰਾ | ,, |
| 30. ਜਪੁ ਸੰਹਿਤਾ | ਹਰੀਪ੍ਰਸ਼ਾਦ ਵੈਦਿਕ ਮੁਨੀ |
| 31. ਸ੍ਰੀ ਜਪੁਜੀ ਸਾਹਿਬ ਸਟੀਕ | ਸਵਾਮੀ ਸ੍ਰੀ ਪਰਮਾਨੰਦ |
| 32. ਜਪੁ ਸੰਸਕ੍ਰਿਤ ਟੀਕਾ | ਪੰਡਿਤ ਨਿਹਾਲ ਸਿੰਘ ਜੀ ਕਾਸ਼ੀ ਵਾਲੇ |
| 33. ਅਦ੍ਵੈਤ ਸਿਧੀ ਟੀਕਾ | ਪੰਡਿਤ ਸਦਾ ਸਿੰਘ ਜੀ ਕਾਸ਼ੀ ਵਾਲੇ |
| 34. ਵੇਦਾਂਤ ਪਰਿਭਾਸ਼ਾ | ਪੰਡਿਤ ਗੋਬਿੰਦ ਸਿੰਘ ਜੀ |
| 35. ਨਯਾਯ ਸਿਧਾਂਤ ਮੁਕਤਾਵਲੀ | ,, |
| 36. ਸ੍ਰੀ ਗੁਰੂ ਗਿਰਾ ਰੁਪਾਂਤਰ | ਪੰਡਿਤ ਗੁਰਦਿਤ ਸਿੰਘ ਜੀ |
| 37. ਵਾਹਿਗੁਰੂ ਮੰਤ੍ਰਾਰਥ ਪ੍ਰਕਾਸ਼ | ਪੰਡਿਤ ਈਸ਼ਵਰ ਸਿੰਘ ਜੀ ਕਾਸ਼ੀ ਵਾਲੇ |
| 38. ਗੁਰਮਤਿ ਦਿਗਵਿਜੈ | ,, |
| 39. ਜਾਪ ਸਾਹਿਬ ਟੀਕਾ | ਪੰਡਿਤ ਨਿਹਾਲ ਸਿੰਘ ਥੋਹਾ ਵਾਲੇ |
| 40. ਤਰਕ ਸੰਗ੍ਰਹਿ ਪਦਕ੍ਰਿਤਯ ਟੀਕਾ | ਚੰਦਰ ਸਿੰਘ (ਬੁਧ ਸਿੰਘ ਜੀ) |
| 41. ਗੁਰੂ ਸਿਧਾਂਤ ਪਾਰਜਾਤ | ਪੰਡਿਤ ਹਰੀ ਸਿੰਘ ਜੀ ਕਾਸ਼ੀ ਵਾਲੇ |
| 42. ਪੰਚਮਾਸ਼ਰਮ | ਸੁਆਮੀ ਮੰਗਲ ਹਰੀ ਜੀ |

# ਨਿਰਮਲ ਪੰਥ ਅਤੇ ਜਾਇਦਾਦ

**ਡਾ. ਰਾਏ ਜਸਬੀਰ ਸਿੰਘ***

ਨਿਰਮਲ ਪੰਥ ਪ੍ਰਦੀਪਕਾ, ਸੰਤ ਗਣੇਸ਼ਾ ਸਿੰਘ ਅਤੇ ਸੰਤ ਦਿਆਲ ਸਿੰਘ ਵਾਲੇ ਇਤਿਹਾਸਾਂ ਤੋਂ ਪਤਾ ਲਗਦਾ ਹੈ ਕਿ ਨਿਰਮਲ ਪੰਥ ਅਤੇ ਖ਼ਾਲਸਾ ਪੰਥ ਦੋਵੇਂ ਸ਼ਬਦ ਪਰਿਆਇਵਾਚੀ ਹਨ। ਗੁਰੂ ਗੋਬਿੰਦ ਸਿੰਘ ਨੇ ਗੁਰਮਤ ਅਤੇ ਪੰਥ ਦੀ ਬਿਹਤਰੀ ਵਾਸਤੇ ਪੰਜ ਚੋਣਵੇਂ ਸਿੱਖਾਂ ਨੂੰ ਸੰਸਕ੍ਰਿਤ ਅਤੇ ਦਰਸ਼ਨ ਦੇ ਅਧਿਐਨ ਲਈ ਵਾਰਾਣਸੀ ਭੇਜਿਆ ਅਤੇ ਉਹ ਵਿਦਿਆ ਪ੍ਰਾਪਤ ਕਰਕੇ ਖ਼ਾਲਸਾ ਸਿਰਜਣਾ ਦੇ ਮੌਕੇ ਵਾਪਸ ਆਏ ਅਤੇ ਅੰਮ੍ਰਿਤ ਛਕਿਆ।[1] ਇਸ ਤੋਂ ਬਾਅਦ ਮਿਸਲਾਂ ਦੇ ਸਮੇਂ ਨਿਰਮਲ ਪੰਥ ਦਾ ਵਿਕਾਸ ਹੁੰਦਾ ਰਿਹਾ। ਹੌਲੀ-ਹੌਲੀ ਇਸ ਵਿਚ ਵੱਖ-ਵੱਖ ਸੰਪ੍ਰਦਾਵਾਂ ਬਣ ਗਈਆਂ ਅਤੇ ਸੰਤ ਜਨ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਕੁਲ ਹਿੰਦ ਪੱਧਰ 'ਤੇ ਡੇਰੇ ਬਣਾਉਣ ਲਗੇ ਅਤੇ ਇਕ ਸਮੇਂ ਨਿਰਮਲ ਪੰਚਾਇਤੀ ਅਖਾੜਾ ਦੇ ਰੂਪ ਵਿਚ ਇਨ੍ਹਾਂ ਦਾ ਸੰਗਠਨ ਹੋ ਗਿਆ। ਹੱਥਲੇ ਪਰਚੇ ਵਿਚ ਇਨ੍ਹਾਂ ਦੇ ਜਾਇਦਾਦ ਵੱਲ ਰਵਈਏ ਦਾ ਅਧਿਐਨ ਕੀਤਾ ਜਾ ਰਿਹਾ ਹੈ। ਇਸ ਦੇ ਆਧਾਰਿਤ ਸੋਮੇਂ ਅਸੀਂ ਉਪਰੋਕਤ ਤਿੰਨਾਂ ਪੁਸਤਕਾਂ ਨੂੰ ਬਣਾਇਆ ਹੈ।

ਇਹ ਤਾਂ ਠੀਕ ਹੈ ਕਿ ਮੁਢਲੇ ਨਿਰਮਲੇ ਆਗੂ ਕਿਸੇ ਨਾ ਕਿਸੇ ਥਾਂ ਦੇ ਵਾਸੀ ਸਨ। ਜਿਥੋ ਤਕ ਜਾਇਦਾਦ/ਧਰਮ ਅਰਥ ਜਾਗੀਰਾਂ ਪ੍ਰਤੀ ਇਨ੍ਹਾਂ ਦਾ ਰਵੱਈਆ ਨਿਰਮਾਣਤਾ ਨਾਲ ਠੁਕਰਾਉਣ ਦਾ ਸੀ ਮਸਲਨ ਲੱਖਾ ਸਿੰਘ ਨਿਰਮਲੇ ਨੇ 1821 ਬਿ. ਨੂੰ ਅਮਰ ਸਿੰਘ ਬਘਾ ਤੋਂ ਮਿਲਦਾ ਸੁਜਾਨਪੁਰ ਦਾ ਪਟਾ ਅਪ੍ਰਵਾਨ ਕਰ ਦਿੱਤਾ।[2] ਇਉਂ ਹੀ ਭਗਤ ਸਿੰਘ ਨਿਰਮਲੇ ਨੇ ਮਹਾਭਾਰਤ ਦੀ ਕਥਾ ਸੁਣਨ ਦੇ ਇਵਜ਼ ਵਿਚ (1823 ਬਿ.) ਸਦਾ ਸਿੰਘ ਨਕਈ ਤੋਂ ਮਿਲਦੀ ਸਤ ਪਿੰਡਾਂ ਦੀ ਜਾਗੀਰ ਲੈਣੀ ਪ੍ਰਵਾਨ ਨਹੀਂ ਕੀਤੀ।[3] ਇਉਂ ਹੀ ਗੁਜਰ ਸਿੰਘ ਭੰਗੀ ਗੁਜਰਾਤ ਵਾਲੇ ਤੋਂ ਮਿਲਦਾ ਪਰਗਨਾ ਮੀਰਪੁਰ ਭਾਈ ਸੂਬਾ ਸਿੰਘ ਨੇ ਨਹੀਂ ਲਿਆ। ਪੰ. ਨਿਹਾਲ ਸਿੰਘ (ਜਪੁ ਸਾਹਿਬ ਦੇ ਟੀਕਾਕਾਰ) ਨੇ 1853 ਬਿ. ਵਿਚ ਮਹਾਰਾਜਾ ਰਣਜੀਤ ਸਿੰਘ ਤੋਂ ਮਿਲ ਰਹੀ ਜਾਗੀਰ ਪ੍ਰਵਾਨ ਨਹੀਂ ਕੀਤੀ। ਜੈ ਸਿੰਘ ਕਨ੍ਹਈਏ ਰਾਹੀਂ ਮਿਲ ਰਹੇ (1846 ਬਿ.) ਚਾਰ ਪਿੰਡ ਭਾਈ ਦਰਗਾਹਾ ਸਿੰਘ ਨੇ ਨਹੀਂ ਲਏ ਸਨ। ਪਰ ਫਿਰ ਰਾਣੀ ਸਦਾ ਕੌਰ ਨੇ ਬੰਦਾ ਸਿੰਘ ਨੂੰ ਪਿੰਡਾਂ ਦੀ ਸਨਦ ਬਦੋਬਦੀ ਦੇ ਦਿੱਤੀ। 1809 ਬਿ. ਵਿਚ ਬਾਬਾ ਆਲਾ ਸਿੰਘ ਦੀ ਬੇਟੀ ਬੀਬੀ ਪ੍ਰਧਾਨ ਕੌਰ ਨੇ 30 ਪਿੰਡਾਂ ਦਾ ਪਟਾ ਨਿੱਕਾ ਸਿੰਘ ਨਿਰਮਲੇ ਨੂੰ ਦਿਤਾ ਪਰ ਉਨ੍ਹਾਂ ਨੇ ਇਕੋ ਪਿੰਡ, ਖੁਡਾ ਹੀ ਮਨਜ਼ੂਰ ਕੀਤਾ।[4] ਧਿਆਨ ਸਿੰਘ ਸ਼ਾਹਬਾਦੀਆ ਨੇ ਆਪਣੇ ਸਾਰੇ ਇਲਾਕੇ ਦਾ ਮਾਲਿਕ ਭਾਈ ਕਰਮ ਸਿੰਘ ਨਿਰਮਲੇ ਨੂੰ ਬਣਾ ਦਿਤਾ। ਇਉਂ ਪਤਾ ਲਗਦਾ ਹੈ ਕਿ ਨਿਰਮਲੇ ਸੰਤਾਂ ਨੇ ਜਾਗੀਰਾਂ ਲੈਣੀਆਂ ਪ੍ਰਵਾਨ ਕਰ ਲਈਆਂ। ਅਸੀਂ ਅਗੇ ਜਾ ਕੇ ਵੇਖਾਂਗੇ ਕਿ ਇਹ ਜਾਗੀਰਾਂ ਵਿਅਕਤੀਗਤ ਮੁਫ਼ਾਦ ਵਾਸਤੇ ਨਹੀਂ ਸਗੋਂ ਲੋਕ ਸੇਵਾ ਲਈ ਵਰਤੀਆਂ ਗਈਆਂ।

ਪ੍ਰਮਾਣਿਕ ਦਸਤਾਵੇਜ ਮਸੌਦਾ ਦਸਤੂਰੁਲ ਅਮਲ ਵਿਚ ਜਾਇਦਾਦ ਪ੍ਰਾਪਤੀ ਅਤੇ ਇਸ ਦੀ ਸੰਭਾਲ ਬਾਰੇ ਮੱਦਾਂ ਹਨ।[5] ਇਹ ਇਸ ਦੀ ਸਰਵਜਨਕ ਵਰਤੋਂ ਬਾਰੇ ਦੱਸਦੀਆਂ ਹਨ। ਵਿਅਕਤੀਗਤ ਤੌਰ 'ਤੇ ਧਨ-ਦੌਲਤ ਦੀ ਵਰਤੋਂ ਦੀ ਸਖ਼ਤ ਮਨਾਹੀ ਕੀਤੀ ਗਈ ਹੈ। (ਦਫ਼ਾ 5)

ਦਸਤੂਰਲ ਅਮਲ 1919 ਬਿ. ਵਿਚ ਲਾਗੂ ਹੋਇਆ। ਇਸ ਤੋਂ ਬਾਅਦ ਹੋਰ ਜਾਗੀਰਾਂ ਮਿਲੀਆਂ। 1921 ਬਿ. ਵਿਚ (15-07-1864) ਵਿਚ ਛਛਰੌਲੀ ਵਾਲੇ ਲਹਿਣਾ ਸਿੰਘ ਨੇ ਅਖਾੜੇ ਦੇ ਖ਼ਰਚ ਲਈ 200 ਰੁ. ਸਾਲ-ਦੋ ਸਾਲ ਲਈ ਪਟਾ ਲਿਖ ਦਿੱਤਾ। 1890 ਵਿਚ ਰਿਖੀਕੇਸ਼ ਦੀਆਂ ਦੁਕਾਨਾਂ ਵਾਲੀ ਜ਼ਮੀਨ ਅਖਾੜੇ ਦੇ ਨਾਂ ਬੈ ਕਰਵਾਈ ਗਈ। 1926 ਵਿਚ ਫ਼ਰੀਦਕੋਟ ਦੇ ਰਾਜੇ ਵਜ਼ੀਰ ਸਿੰਘ ਨੇ 500 ਰੁ. ਦੀ ਮਾਫ਼ੀ ਦਾ ਪਟਾ ਦਿੱਤਾ। 1928 ਨੂੰ ਬਾਬਾ ਮਹਤਾਬ ਸਿੰਘ ਸ਼੍ਰੀ ਮਹੰਤ ਵਜੋਂ

---

* ਰੀਟਾਇਰਡ ਪ੍ਰੋਫ਼ੈਸਰ, 33 ਮੋਹਨੀ ਪਾਰਕ, ਡਾਕ. ਖਾਲਸਾ ਕਾਲਜ, ਅਮ੍ਰਿਤਸਰ-143003. ਮੋਬਾ. 9915466012

[1] ਗਿਆਨ ਸਿੰਘ, ਗਿਆਨੀ, *ਨਿਰਮਲ ਪੰਥ ਪ੍ਰਦੀਪਕਾ,* ਨਿਰਮਲ ਪੰਚੈਤੀ ਅਖਾੜਾ, ਕਨਖਲ, ਹਰਿਦ੍ਵਾਰ, 1962, ਪੰਨੇ 21-22.

[2] ਗਣੇਸ਼ਾ ਸਿੰਘ, *ਨਿਰਮਲ ਭੂਸ਼ਣ ਅਰਥਾਤ ਇਤਿਹਾਸ ਨਿਰਮਲ ਭੇਖ,* ਪ੍ਰਕਾਸ਼ਕ ਹਰੀ ਸਿੰਘ ਵੈਦਯਰਾਜ ਗਲੀ ਬਾਗ ਵਾਲੀ, ਅਮ੍ਰਿਤਸਰ, 1937, ਪੰਨਾ 81.

[3] *-ਉਹੀ-,* ਪੰਨਾ 82.

[4] *-ਉਹੀ-,* ਪੰਨਾ 81.

[5] *ਨਿਰਮਲ ਪੰਥ ਦਾ ਇਤਿਹਾਸ,* ਡਾ. ਪਰਮਜੀਤ ਸਿੰਘ ਮਾਨਸਾ (ਸੰਪਾ.), ਭਾਈ ਚਤਰ ਸਿੰਘ ਜੀਵਨ ਸਿੰਘ, ਅਮ੍ਰਿਤਸਰ, 2009, ਪੰਨਾ 191.

ਨਿਯੁਕਤ ਕੀਤੇ ਗਏ। ਇਸ ਸਮੇਂ ਸੰਬੰਧਿਤ ਨਿਯਮਾਂ ਬਾਰੇ ਵਿਚਾਰ ਹੋਈ, ਧਨ-ਦੌਲਤ ਅਤੇ ਜਾਗੀਰਾਂ ਦੇ ਪ੍ਰਬੰਧ ਨੂੰ ਪਾਰਦਰਸ਼ੀ ਬਣਾ ਦਿੱਤਾ ਗਿਆ।[1]

ਹੁਣ ਸੰਪ੍ਰਦਾਵਾਂ ਵਾਲੇ ਚੀਦਾ ਚੀਦਾ ਮਹੰਤਾਂ ਦੇ ਜਾਇਦਾਦ ਸੰਬੰਧੀ ਸਰੋਕਾਰ ਦੀ ਗੱਲ ਕੀਤੀ ਜਾਵੇਗੀ। ਗਣੇਸ਼ਾ ਸਿੰਘ ਅਨੁਸਾਰ ਨਿਰਮਲ ਪੰਥ ਦੀਆਂ 17 ਅਤੇ ਦਿਆਲ ਸਿੰਘ ਅਨੁਸਾਰ 33 ਸੰਪ੍ਰਦਾਵਾਂ ਹਨ। ਠਾਕੁਰ ਸਿੰਘ ਨੇ ਆਪਣੇ ਗੁਰੂ ਵਾਸਤੇ ਕੱਚੀ ਕੁਟੀਆ ਪਾਈ ਅਤੇ ਫਿਰ ਆਪ ਵੀ ਉਸ ਵਿਚ ਰਹਿੰਦੇ ਰਹੇ।[2]

ਤਰਨ ਤਾਰਨ ਇਕ ਵਾਰ ਇਨ੍ਹਾਂ ਨੂੰ ਲਹਿਣਾ ਸਿੰਘ ਮਜੀਠੀਏ ਦੇ ਬੁੰਗੇ ਵਿਚੋਂ ਕਿਸੇ ਕਾਰਨ ਪ੍ਰਬੰਧਕਾਂ ਨੇ ਛੱਡ ਜਾਣ ਲਈ ਆਖਿਆ। ਆਪ ਚਲੇ ਗਏ ਪਰ 1904 ਬਿ. ਵਿਚ ਆਪਣਾ ਬੁੰਗਾ ਤਿਆਰ ਕਰਵਾਇਆ।[3] ਠਾਕੁਰ ਭਗਤ ਸਿੰਘ ਨੇ ਫ਼ਤਹਿ ਚੱਕ ਵਿਚ 24 ਵਿਘੇ ਜ਼ਮੀਨ ਖ਼ਰੀਦ ਕੇ ਮਕਾਨ ਬਣਾ ਲਿਆ।[4] ਅਤੇ ਜੀਵਨ ਸਿੰਘ ਨੇ ਪਾਕਿਸਤਾਨ ਬਣਨ ਕਰਕੇ ਦੁਖੀ ਹੋਏ ਮਹੰਤ ਗੁਲਾਬ ਸਿੰਘ ਨੂੰ ਰਿਖੀਕੇਸ਼ ਵਾਲਾ ਡੇਰਾ ਦੇ ਦਿਤਾ।[5] ਇਨ੍ਹਾਂ ਨੇ ਮਹੰਤ ਜਵਾਲਾ ਸਿੰਘ ਦੀ ਮੌਤ ਬਾਅਦ ਉਸ ਦੀ ਜਾਇਦਾਦ ਮੁਕੱਦਮਾ ਕਰਕੇ ਅਖ਼ੀਰ ਹਾਸਲ ਕਰ ਲਈ। ਪਾਕਿਸਤਾਨ ਕਰਕੇ ਹੀ ਸੰਤ ਤੇਜਾ ਸਿੰਘ ਦੇ ਚੇਲੇ ਸਰਦਾਰਾ ਸਿੰਘ ਅਤੇ ਲੱਧਾ ਸਿੰਘ ਇਨ੍ਹਾਂ ਪਾਸ ਹੀ ਆ ਟਿਕੇ ਹਨ। ਮਹੰਤ ਕਰਤਾਰ ਸਿੰਘ ਨੂੰ ਆਪਣਾ ਡੇਰਾ (ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਨ ਹੋਣ ਦੀ ਲਿਖਤ ਦੇ ਬਾਵਜੂਦ ਵੀ) ਸਿੱਖਾਂ ਦੇ ਹੱਕ ਛੱਡਣਾ ਪਿਆ।[6] ਸੰਤ ਉੱਤਮ ਸਿੰਘ ਮਲ੍ਹੀਆਂ (ਅੰਮ੍ਰਿਤਸਰ) (ਸੰਪ੍ਰਦਾਇ ਠਾਕੁਰ ਦਿਆਲ ਸਿੰਘ) ਨੇ ਪਿੰਡੋਂ ਬਾਹਰ ਦੋ ਕੁਟੀਆਂ ਹੀ ਬਣਾਈਆਂ।[7] ਭਾਈ ਮੱਖਣ ਸਿੰਘ (ਮੱਛਲ) ਆਪਣੀ ਜੱਦੀ ਜਾਇਦਾਦ ਵਿਚੋਂ ਹਿੱਸੇ ਦੇ ਮਕਾਨ ’ਤੇ ਸੰਤੁਸ਼ਟ ਰਹੇ।[8] ਅੰਤ ਬੁੱਢਾ ਸਿੰਘ ਨੇ ਸਕੱਤਰੀ ਤੋਂ ਅਸਤੀਫ਼ਾ ਦੇ ਕੇ ਨਿਰਮਲ ਆਸ਼ਰਮ ਆਸ਼ਰਮ ਰਿਸ਼ੀਕੇਸ਼ ਵੱਲ ਧਿਆਨ ਦਿੱਤਾ, ਕਨਖਲ ਅਤੇ ਬਨਾਰਸ ਵਿਚ ਮਕਾਨ ਪਾਏ ਅਤੇ ਲੰਗਰ ਜਾਰੀ ਕੀਤੇ।[9]

ਪੰਡਿਤ ਮਹੰਤ ਮੂਲ ਸਿੰਘ ਨੇ ਖੈਰਾਬਾਦ ਵਾਲਾ ਸਥਾਨ ਤਿਆਰ ਕਰਵਾਇਆ ਜੋ ਰਿਸ਼ੀਕੇਸ਼ ਝਾੜੀ ਵਾਲੇ ਨਮੂਨੇ ’ਤੇ ਹੈ। ਕੁਟੀਆ ਅਤੇ ਥੜੇ ਅਲੱਗ-ਅਲੱਗ ਬਣੇ ਹੋਏ ਹਨ। ਇਨ੍ਹਾਂ ਦੀ ਸੇਵਿਕਾ ਮਾਈ ਚੰਦ੍ਰਾਣੀ ਨੇ ਪੰਜ ਸੌ ਵਿਘਾ ਜ਼ਮੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ ਲਗਵਾਈ।[10]

ਪੰ. ਹਰੀ ਸਿੰਘ ਦੇ ਉੱਦਮ ਨਾਲ 1960 ਬਿ. ਨੂੰ ਸਾਧੂਆਂ ਅਤੇ ਸੰਗਤਾਂ ਦੇ ਸਰੋਕਾਰ ਵਾਸਤੇ ਜ਼ਮੀਨ ਮੁੱਲ ਲੈ ਕੇ ਪੰਜਾਬ ਸਿੰਧ ਛੇਤਰ ਤਿਆਰ ਕੀਤਾ ਗਿਆ।[11] ਨਾਲ ਹੀ 1962 ਵਿਚ ਗੁਰਦੁਆਰੇ ਦੀ ਉਸਾਰੀ ਵੀ ਸੰਪੂਰਣ ਹੋ ਗਈ।

ਸੰ. ਨੌਰੰਗਾਬਾਦ ਦੇ ਮ. ਨਰੈਣ ਸਿੰਘ ਬੰਡਾਲਾ (ਅੰਮ੍ਰਿਤਸਰ) ਨੇ ਡੇਰੇ ਦੀਆਂ ਇਮਾਰਤਾਂ ਪੱਕੀਆਂ ਬਣਵਾਈਆਂ ਪਰ ਅਕਾਲੀ ਲਹਿਰ ਵਿਚ ਇਹ (ਸਵਾਏ ਕੋਠੀ) ਦੇ ਖੁੱਸ ਗਈਆਂ ਅਤੇ ਆਪ ਨੂੰ ਦੋ ਸੌ ਰੁਪਏ ਮਾਸਕ ਇਵਜਾਨਾ ਮਿਲਿਆ। ਇਨ੍ਹਾਂ ਨੇ ਏਨੇ ਵਿਚ ਵੀ ਸਬਰ ਕਰ ਛਡਿਆ।[12]

ਨੌਰੰਗਾਬਾਦ ਸੰਪ੍ਰਦਾਇ ਦੇ ਮਹੰਤ ਪ੍ਰੇਮ ਸਿੰਘ ਨੇ (1949) ਡੇਰੇ ਦੀਆਂ ਕਈ ਇਮਾਰਤਾਂ ਬਣਵਾਈਆਂ ਅਤੇ ਸਾਧੂਆਂ ਦੇ ਆਰਾਮ ਵਾਸਤੇ ਕਈ ਕੁਟੀਆਂ ਅਤੇ ਮਕਾਨ ਬਣਵਾਏ।[13] ਇਉਂ ਹੀ ਸੰਤ ਸੰਪੂਰਣ ਸਿੰਘ (ਬਿਲਾਸਪੁਰ,

---

[1] *-ਉਹੀ-*, ਪੰਨਾ 187.
[2] *-ਉਹੀ-*, ਪੰਨਾ 276.
[3] *-ਉਹੀ-*, ਪੰਨਾ 280.
[4] *-ਉਹੀ-*, ਪੰਨਾ 281.
[5] *-ਉਹੀ-*, ਪੰਨਾ 283.
[6] *-ਉਹੀ-*, ਪੰਨਾ 287.
[7] *-ਉਹੀ-*, ਪੰਨਾ 312.
[8] *-ਉਹੀ-*, ਪੰਨਾ 322.
[9] *-ਉਹੀ-*, ਪੰਨਾ 324.
[10] *-ਉਹੀ-*, ਪੰਨਾ 348.
[11] *-ਉਹੀ-*, ਪੰਨਾ 370.
[12] *-ਉਹੀ-*, ਪੰਨਾ 403.
[13] *-ਉਹੀ-*, ਪੰਨਾ 424.

ਹੁਸ਼ਿਆਰਪੁਰ) 1988 ਵਿਚ ਚੌਮਾਸੇ ਵਾਸਤੇ ਸ਼ਰਧਾਲੂਆਂ/ਸੰਤਾਂ ਲਈ ਹੋਰ ਕੁਟੀਆ ਤਿਆਰ ਕੀਤੀਆਂ।[1] ਡੁਮੇਲੀ ਦੇ ਸੰਤ ਕਪੂਰ ਸਿੰਘ ਨੂੰ ਚੱਕ ਨੰ. ੫੫ ਤਹਿ ਚੜ੍ਹਾਂ ਵਾਲਾ ਵਿਚਲੀ ਜ਼ਮੀਨ ਦੇ ਇਵਜ ਵਿਚ ਜਗਰਾਵਾਂ ਵਿਚ ਅਲਾਟਮੈਂਟ ਹੋਈ।[2]

ਲੇਖਕ ਸੰਤ ਈਸ਼ਰ ਸਿੰਘ ਰਾੜੇਵਾਲਾ ਦੇ ਡੇਰੇ ਬਾਰੇ ਦੱਸਦਾ ਹੈ ਕਿ ਇਥੇ ਬਾਗ਼ ਬਗ਼ੀਚਾ ਹੈ। ਡੇਰਾ ਨਹਿਰ ਦੇ ਕਿਨਾਰੇ 50-60 ਵਿਘਿਆਂ ਵਿਚ ਹੈ। ਅੰਦਰ ਕਈ ਸੁੰਦਰ ਇਮਾਰਤਾਂ ਹਨ। ਵਿਚਕਾਹੇ ਗੁਰੂ ਗ੍ਰੰਥ ਸਾਹਿਬ ਵਾਸਤੇ ਵੱਡਾ ਹਾਲ ਅਤੇ ਆਸ-ਪਾਸ ਬਰਾਂਡੇ ਹਨ। ਦੀਵਾਨ ਆਦਿਕ ਵਾਸਤੇ ਖੁਲ੍ਹਾ ਵਿਹੜਾ ਹੈ। ਗੁਰਦੁਆਰੇ ਦੇ ਗਿਰਦ ਸੰਤਾਂ ਦੇ ਰਹਿਣ ਵਾਸਤੇ ਕੋਠੀ ਨੁਮਾ ਸੁੰਦਰ ਕੁਟੀਆਂ ਬਣੀਆਂ ਹੋਈਆਂ ਹਨ। ਹਰਟ ਵਾਲਾ ਖੂਹ ਹੈ। ਘੋੜੇ, ਗਊਆਂ ਵਾਸਤੇ ਵੀ ਥਾਂ ਹੈ ਅਤੇ ਲੰਗਰ ਪੰਗਤ ਵਾਸਤੇ ਵੀ ਸੁੰਦਰ ਬਿਲਡਿੰਗ ਹੈ।[3]

ਮਹੰਤ ਨਿਰੰਜਨ ਸਿੰਘ ਡੇਰਾ ਜਲਵੇੜਾ (ਹੁਸ਼ਿਆਰਪੁਰ) ਪਾਸੋਂ ਅਕਾਲੀ ਸਿੰਘਾਂ ਨੇ ਮੁਕੱਦਮਾ ਕਰਕੇ ਡੇਰਾ ਖੋਹ ਲਿਆ ਅਤੇ ਉਹ ਅਕਾਲੀਆਂ ਦੇ ਮਤਹਿਤ ਹੋ ਕੇ ਰਹਿੰਦੇ ਹਨ।[4] ਦੌਧਰ ਸੰਪ੍ਰਦਾ ਦੇ ਮਹੰਤ ਹਰਨਾਮ ਸਿੰਘ (ਡੇਰਾ ਚੱਕਰ) ਤੋਂ ਗੁਰਦੁਆਰਾ ਖੁੱਸ ਗਿਆ ਅਤੇ ਅਕਾਲੀਆਂ ਦੇ ਕਬਜ਼ੇ ਵਿਚ ਆ ਗਿਆ ਤਾਂ ਇਨ੍ਹਾਂ ਨਵੀਂ ਕੁਟੀਆ ਪਾ ਲਈ।[5] ਬਰਨਾਲਾ ਸੰਪ੍ਰਦਾਇ ਦੇ ਮਹੰਤ ਹੀਰਾ ਸਿੰਘ ਦੇ ਕੋਈ ਸ਼ਿਸ਼ ਨਾ ਹੋਣ ਕਰਕੇ ਇਹ ਡੇਰਾ ਦੂਜਿਆਂ ਪਾਸ ਚਲਾ ਗਿਆ ਜੋ ਮਹੰਤ ਨਿਹਾਲ ਸਿੰਘ ਨੇ ਮੁਕੱਦਮੇ ਕਰਕੇ ਇਸ ਨੂੰ ਮੁੜ ਪ੍ਰਾਪਤ ਕਰ ਲਿਆ।[6] ਮਹੰਤ ਚੰਨਣ ਸਿੰਘ ਬਰਨਾਲਾ ਨੂੰ ਡੇਰੇ ਦੇ ਉਤਰਾਧਿਕਾਰ ਦੇ ਸਿਲਸਲੇ ਵਿਚ ਵਿਰੋਧੀ ਧਿਰ ਦੀ ਮਜ਼ਬੂਤੀ ਕਰਕੇ ਛੇ ਸਾਲ ਜਿਹਲ (ਪਟਿਆਲਾ) ਰਹਿਣਾ ਪਿਆ। ਅਖ਼ੀਰ ਬਾਹਰ ਆ ਕੇ ਦੂਜੀ ਧਿਰ ਨਾਲ ਸਮਝੌਤਾ ਕਰਨਾ ਪਿਆ।[7] ਮਹੰਤ ਗੰਗਾ ਸਿੰਘ ਨੇ ਜ਼ਮੀਨ ਅਤੇ ਜਾਗੀਰ ਉੱਤੇ ਮੁਜਾਰਿਆਂ ਨੂੰ ਯੋਗਤਾ ਅਨੁਸਾਰ ਵਸਾਇਆ ਅਤੇ ਨਾਜਾਇਜ਼ ਕਬਜ਼ੇ ਛੁਡਾ ਲਏ। ਇਨ੍ਹਾਂ ਨੇ ਪੰਜਾਬ ਸਰਕਾਰ ਦੇ ਗੁਰਦੁਆਰਾ ਬਿਲ ਵਿਚ ਸੰਭਵ ਹੱਦ ਤਕ ਸੰਪ੍ਰਦਾਈ ਅਤੇ ਹੋਰ ਡੇਰੇ ਕਢਵਾ ਲਏ।[8] ਡਰੌਲੀ ਸੰਪ੍ਰਦਾਇ ਦੇ ਮਹੰਤ ਹਰਭਜਨ ਸਿੰਘ (ਡੇਰਾ ਨੱਥੂਵਾਲ, ਫਿਰੋਜ਼ਪੁਰ) ਨੇ ਹਿਕਮਤ ਅਮਲੀ ਨਾਲ 50 ਘੁਮਾ ਜ਼ਮੀਨ ’ਤੇ ਮਾਫ਼ੀ (31 ਰੁ. ਫੀ ਸਾਲ) ਪ੍ਰਾਪਤ ਕੀਤੀ।[9] ਇਉਂ ਹੀ ਮੋਗਾ ਡੇਰਾ ਦੇ ਮਹੰਤ ਹਰਭਜਨ ਸਿੰਘ ਨੇ ਸ਼ਾਮਲਾਟ ਵਿਚੋਂ ਪ੍ਰਾਪਤ ਜ਼ਮੀਨ ਵਿਚ ਖੂਹੀ ਅਤੇ ਪੱਕੇ ਮਕਾਨ ਬਣਾਏ ਅਤੇ ਲੰਗਰ ਚਾਲੂ ਕਰ ਦਿਤਾ।[10] ਦਸਿਆ ਗਿਆ ਹੈ ਕਿ ਪਿੰਡ ਖੰਜਰਵਾਲ (ਲੁਧਿਆਣਾ) ਦੇ ਮਹੰਤ ਨੰਦ ਸਿੰਘ ਨੇ ਸੁਬ੍ਹਾ ਸ਼ਾਮ ਲੰਗਰ ਅਤੇ ਵਿਦਿਆ ਪ੍ਰਵਾਹ ਚਾਲੂ ਕੀਤੇ, ਹੋਰ ਜ਼ਮੀਨ ਖ਼ਰੀਦੀ, ਕਈ ਬੈਰਕਾਂ ਅਤੇ ਕਮਰੇ ਤਿਆਰ ਕਰਵਾਏ ਅਤੇ ਟੈਕਸ ਵੀ ਮੁਆਫ਼ ਕਰਵਾ ਲਿਆ।[11]

ਮੁਕਤਸਰੀਆ ਸੰਪ੍ਰਦਾਇ ਦੇ ਪੰਡਿਤ ਹਰਦੇਵ ਸਿੰਘ ਨੇ (1925 ਈ.) ਡੇਰੇ ਵਾਸਤੇ ਸਫ਼ੈਦ ਜ਼ਮੀਨ ਖ਼ਰੀਦੀ।[12] ਬਧਣੀ ਕਲਾਂ ਦੇ ਮਹੰਤ ਵਰਿਆਮ ਸਿੰਘ (ਮਹਿਮਾਸ਼ਾਹੀ) ਨੂੰ ਡੇਰੇ ਵਾਸਤੇ ਪਿੰਡ ਦੀ ਕਮੇਟੀ ਨਾਲ ਮਕੱਦਮਾਬਾਜ਼ੀ ਕਰਨੀ ਪਈ ਅਤੇ ਇਹ ਜਿੱਤ ਗਏ।[13] ਅਜਿਹਾ ਹੀ ਡੇਰਾ ਗਾਲਬ ਰਣ ਸਿੰਘ ਦੇ ਮਹੰਤ ਨਰੈਣ ਸਿੰਘ ਨੇ ਕੀਤਾ।[14]

ਮਹੰਤ ਕੇਹਰ ਸਿੰਘ ਜਲਾਲ ਨੇ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨਾਲ ਨੇੜ ਪੈਦਾ ਕਰਕੇ ਡੇਰੇ ਦੇ ਨਾਲ ਕਈ ਰਸਦਾਂ ਲਵਾ ਲਈਆਂ।[15] ਮਹੰਤ ਪਾਖਰ ਸਿੰਘ (ਸੇਖਵਾਂ ਸੰਪ੍ਰਦਾਇ) ਨੂੰ ਆਪਣੀ ਹੀ ਚੇਲੇ ਅਤੇ ਸਥਾਪਤ ਉਤਰਾਧਿਕਾਰੀ ਮਹੰਤ

---

[1] *-ਉਹੀ-,* ਪੰਨਾ 433.
[2] *-ਉਹੀ-,* ਪੰਨਾ 434.
[3] *-ਉਹੀ-,* ਪੰਨਾ 467.
[4] *-ਉਹੀ-,* ਪੰਨਾ 480.
[5] *-ਉਹੀ-,* ਭਾਗ-II, ਪੰਨਾ 187.
[6] *-ਉਹੀ-,* ਪੰਨਾ 47.
[7] *-ਉਹੀ-,* ਪੰਨਾ 53.
[8] *-ਉਹੀ-,* ਪੰਨਾ 55.
[9] *-ਉਹੀ-,* ਪੰਨਾ 74.
[10] *-ਉਹੀ-,* ਪੰਨਾ 75.
[11] *-ਉਹੀ-,* ਪੰਨਾ 79.
[12] *-ਉਹੀ-,* ਪੰਨਾ 93.
[13] *-ਉਹੀ-,* ਪੰਨਾ 118.
[14] *-ਉਹੀ-,* ਪੰਨਾ 135.
[15] *-ਉਹੀ-,* ਪੰਨਾ 129.

ਭਗਵਾਨ ਸਿੰਘ ਨਾਲ ਮੁਕੱਦਮੇਬਾਜ਼ੀ ਵਿਚ ਪੈਣਾ ਪੈ ਗਿਆ। ਇਨ੍ਹਾਂ ਬਾਰੇ ਲੇਖਕ ਦੱਸਦਾ ਹੈ ਕਿ ਮਹੰਤੀ ਮਿਲਣ ਤੋਂ ਬਾਅਦ ਇਹ ਡੇਰਾਦਾਰੀ ਵਿਚ ਪੈ ਗਏ ਹਨ।[1] ਦੂਜੇ ਪਾਸੇ ਡੇਰਾ ਵੱਡੇ ਹਰੀਕੇ ਦੇ ਬਾਬਾ ਰਣ ਸਿੰਘ ਨੇ ਨਿਜੀ ਘਰ ਦਾ ਡੇਰਾ ਬਣਾ ਦਿਤਾ, ਦਿਤਾ, ਲੰਗਰ ਅਤੇ ਸਤਿਸੰਗ ਦਾ ਪ੍ਰਵਾਹ ਚਾਲੂ ਕਰ ਦਿਤਾ।[2] ਇਸੇ ਸੰਪ੍ਰਦਾ ਦੇ ਮਹੰਤ ਗੁਰਮੁਖ ਸਿੰਘ ਨੂੰ ਸ੍ਰੀ ਮਹੰਤ ਰਾਮ ਸਿੰਘ ਨਾਲ ਮੁਕੱਦਮੇਬਾਜ਼ੀ ਵਿਚ ਪੈਣਾ ਪਿਆ। ਅਖ਼ੀਰ ਸ੍ਰੀ ਮਹੰਤ ਜੀ ਦੀ ਜਿੱਤ ਹੋ ਗਈ।[3]

ਇਸੇ ਦੇ ਮਹੰਤ ਹਜ਼ਾਰਾ ਸਿੰਘ ਨੇ ਆਪਣੇ ਡੇਰੇ ਨੂੰ ਇਤਿਹਾਸਕ ਗੁਰਦੁਆਰਾ ਦਸ ਕੇ ਗੁਰਦੁਆਰਾ ਟ੍ਰਿਬਿਊਨਲ ਅਦਾਲਤ ਵਿਚ ਬਿਆਨ ਦਿਤੇ। ਸੰਗਤਾਂ ਦੇ ਜ਼ੋਰ ਪਾਉਣ ਉੱਤੇ ਇਸ ਦਾ ਚਾਰਜ ਇਸੇ ਕੋਲ ਹੀ ਰਹਿਣ ਦਿਤਾ।[4] ਠੀਕਰੀਵਾਲ ਸੰਪ੍ਰਦਾਇ ਦੇ ਮਹੰਤ ਦੀਪ ਸਿੰਘ ਤੋਲਾਵਾਲੀਏ ਨੂੰ ਸਫ਼ੀਪੁਰ ਵਾਲੀ ਬੀਬੀ ਸਾਹਿਬਾਂ ਨੇ 18 ਹਜ਼ਾਰ ਰੁਪਏ ਅਰਦਾਸ ਕਰਾਏ। ਇਸ ਨਾਲ ਏਕੜ ਪਿੰਡ ਦਾ ਤੀਜਾ ਹਿੱਸਾ ਖ਼ਰੀਦਿਆ ਗਿਆ।[5]

56 ਦੇ ਕਾਲ ਸਮੇਂ ਪੰਜਾਬ ਵਿਚ ਆਏ ਬਾਂਗਰ ਲੋਕਾਂ ਦੀ ਲੰਗਰ ਅਤੇ ਬਿਸਤਰਿਆਂ ਨਾਲ ਸੰਤ ਬਾਬਾ ਬਚਨ ਸਿੰਘ ਨੇ ਬਹੁਤ ਸੇਵਾ ਕੀਤੀ।[6] ਪਿੰਡੋਰੀ ਨਿੱਝਰਾਂ ਸੰਪ੍ਰਦਾਇ ਦੇ ਸੰਤ ਪ੍ਰੇਮ ਸਿੰਘ ਨੇ ਜਾਇਦਾਦ ਪਿੱਛੇ ਉਦਾਸੀ ਸੰਤ ਬਣਨਾ ਠੁਕਰਾ ਦਿੱਤਾ।[7]

ਸੰਪ੍ਰਦਾਇ ਰਾਮਤੀਰਥੀਆਂ ਦੇ ਸੰਤ ਗੁਲਾਬ ਸਿੰਘ ਡੇਰਾ ਡਫਰਵਾਲ ਨੂੰ ਖੁੱਡਾ ਨਿਵਾਸੀ ਸਰਦਾਰ ਜੈਮਲ ਸਿੰਘ ਨੇ ਤਰਕ ਮਾਰੀ ਕਿ ਤੁਹਾਡੇ ਅਤੇ ਸਾਡੇ ਵਿਚ ਕੀ ਫ਼ਰਕ ਰਹਿ ਗਿਆ। ਜੇ ਅਸੀਂ ਘਰਾਂ ਵਿਚ ਮੋਹ ਜਾਲ ਦੇ ਵੱਸ ਰਹਿੰਦੇ ਹਾਂ ਤਾਂ ਤੁਸੀਂ ਸੰਤ ਲੋਕ ਵੀ ਗਊਆਂ ਮਹੀਆਂ ਦੇ ਜਾਲ ਵਿਚ ਫਸੇ ਬੈਠੇ ਹੋ। ਇਸ ਕਰਕੇ ਫ਼ਰਕ ਦੱਸਣ ਲਈ ਆਪ ਤੂੰਬੀ ਫੜ ਕੇ ਹਰਿਦੁਵਾਰ ਵਲ ਚੱਲ ਪਏ ਅਤੇ ਕਿਸੇ ਦੇ ਰੋਕਿਆਂ ਵੀ ਨਾ ਰੁਕੇ।[8]

ਸੰਪ੍ਰਦਾਇ ਗਿੜਵੜੀ ਦੇ ਮਹੰਤ ਪ੍ਰੇਮ ਸਿੰਘ ਨੇ 1970 ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਆਲੀਸ਼ਾਨ ਬਿਲਡਿੰਗ ਬਣਵਾਈ। ਪਰਦੇਸੀਆਂ ਦੇ ਆਰਾਮ ਲਈ ਪੱਕਾ ਮਕਾਨ ਬਣਵਾਇਆ। ਕਈ ਸਕੂਲ ਬਣਾਏ।[9] ਪਤਾ ਲਗਦਾ ਹੈ ਕਿ ਕਿ ਸਾਰਵਜਨਕ ਸਥਾਨਾਂ ਲਈ ਕਾਫ਼ੀ ਤਰਜੀਹ ਦਿੱਤੀ ਗਈ।

ਇਉਂ ਇਸ ਭੇਖ ਨੇ ਜਾਇਦਾਦ ਜ਼ਿਆਦਾਤਰ ਅਜਿਹੀਆਂ ਸੰਸਥਾਨਾਂ ਦੇ ਰੂਪ ਵਿਚ ਬਣਾਈ ਹੈ ਜੋ ਲੋਕ ਸੇਵਾ, ਵਿਦਿਆ ਪ੍ਰਾਪਤੀ ਅਤੇ ਇਸ ਦੇ ਪ੍ਰਸਾਰਣ, ਮਾਨਸਿਕ ਅਤੇ ਹੋਰ ਰੋਗਾਂ ਦੇ ਨਿਵਾਰਣ ਵਾਸਤੇ ਹਸਪਤਾਲਾਂ ਦੇ ਰੂਪ ਵਿਚ ਸਾਹਮਣੇ ਆਈ ਹੈ। ਉਹ ਨਿਜੀ ਜਾਇਦਾਦ ਦੇ ਹੱਕ ਵਿਚ ਨਹੀਂ। ਉਨ੍ਹਾਂ ਦਾ ਮਕਸਦ ਅਖੌਤੀ ਨੀਵੀਂ ਧਿਰ ਨੂੰ ਉਚਿਆਉਣ ਅਤੇ ਸਿੱਖੀ ਦੇ ਪ੍ਰਸਾਰਣ ਦਾ ਜਤਨ ਕਰਨਾ ਸੀ। ਉਨ੍ਹਾਂ ਨੇ ਇਹ ਸੇਵਾ ਗਿਆਨ ਪ੍ਰਸਾਰਣ ਦੇ ਲੰਗਰ ਜਾਰੀ ਕਰਕੇ ਕੀਤੀ ਹੈ।

---

1 *-ਉਹੀ-*, ਪੰਨਾ 143.
2 *-ਉਹੀ-*, ਪੰਨਾ 144.
3 *-ਉਹੀ-*, ਪੰਨਾ 146.
4 *-ਉਹੀ-*, ਪੰਨਾ 149.
5 *-ਉਹੀ-*, ਪੰਨਾ 160.
6 *-ਉਹੀ-*, ਪੰਨਾ 161.
7 *-ਉਹੀ-*, ਪੰਨਾ 472.
8 *-ਉਹੀ-*, ਪੰਨਾ 310.
9 *-ਉਹੀ-*, ਪੰਨਾ 352.

# ਨਿਰਮਲ ਪੰਥ ਅਤੇ ਮਹੰਤ ਬੀਬੀਆਂ

**ਸਵਿੰਦਰ ਕੌਰ***

ਨਿਰਮਲ ਪੰਥ, ਖ਼ਾਲਸਾ ਪੰਥ ਦਾ ਪਰਿਆਇਵਾਚੀ ਹੈ। ਇਸ ਵਿਚ ਜ਼ਿਆਦਾਤਰ ਪੜ੍ਹਨ-ਪੜ੍ਹਾਉਣ ਵਾਲੇ ਵਿਅਕਤੀ ਸ਼ਾਮਿਲ ਹਨ। ਗੁਰੂ ਗੋਬਿੰਦ ਸਿੰਘ ਨੇ ਪੰਜ ਸਿੱਖਾਂ ਨੂੰ ਸੰਸਕ੍ਰਿਤ ਅਤੇ ਦਰਸ਼ਨ ਦੀ ਸਿੱਖਿਆ ਹਾਸਲ ਕਰਨ ਲਈ ਬਨਾਰਸ ਭੇਜਿਆ।[1] ਉਹ ਸਿੱਖਿਆ ਪ੍ਰਾਪਤ ਕਰਕੇ ਵਾਪਸ ਆਏ ਅਤੇ ਪਾਹੁਲ ਛਕ ਕੇ ਗੁਰੂ ਜੀ ਦੇ ਸ਼ੁੱਧ ਵਿਹਾਰ ਵਾਲੇ ਨਿਰਮਲੇ ਸਿੱਖ ਅਖਵਾਏ।

ਨਿਰਮਲ ਪੰਥ ਦੀਆਂ, ਮਹੰਤ ਗਣੇਸ਼ਾ ਸਿੰਘ ਅਨੁਸਾਰ 17 ਸੰਪ੍ਰਦਾਵਾਂ ਹਨ। ਮਹੰਤ ਦਿਆਲ ਸਿੰਘ ਨੇ 33 ਸੰਪ੍ਰਦਾਵਾਂ ਦਾ ਉੱਲੇਖ ਕੀਤਾ ਹੈ। ਨਿਰਮਲੇ ਸੰਤਾਂ ਦੇ ਡੇਰੇ ਹਨ ਜੋ ਕਿ ਇਨ੍ਹਾਂ ਸੰਪ੍ਰਦਾਵਾਂ ਦੇ ਅੰਤਰਗਤ ਆਉਂਦੇ ਹਨ। ਨਿਰਮਲੇ ਸੰਤਾਂ ਦੇ ਡੇਰੇ ਸਰਵਜਨਕ ਸਿੱਖਿਆ ਕੇਂਦਰ ਹਨ। ਇਨ੍ਹਾਂ ਦੇ ਪ੍ਰਬੰਧ ਲਈ ਜਾਇਦਾਦ ਦੀ ਵੀ ਲੋੜ ਪਈ ਜੋ ਕਿ ਕਿਸੇ ਵਿਅਕਤੀਗਤ ਦੀ ਨਾ ਹੋ ਕੇ ਪੰਥ ਸਮੁੱਚ ਦੀ ਅਖਵਾਉਂਦੀ ਹੈ।

ਨਿਰਮਲ ਪੰਥੀ ਸੰਤ ਜ਼ਿਆਦਾਤਰ ਸ਼ਾਦੀ ਨਹੀਂ ਕਰਾਉਂਦੇ ਪਰ ਕੁਝ-ਕੁਝ ਡੇਰੇਦਾਰ ਸ਼ਾਦੀਸ਼ੁਦਾ ਵੀ ਹੁੰਦੇ ਹਨ। ਇਨ੍ਹਾਂ ਡੇਰਿਆਂ ਦੇ ਪ੍ਰਬੰਧ ਲਈ ਭੇਖ ਵਲੋਂ ਮਹੰਤ ਨਿਯੁਕਤ ਕੀਤੇ ਜਾਂਦੇ ਹਨ। ਕੁਝ ਡੇਰਿਆਂ ਦਾ ਪ੍ਰਬੰਧ ਸਮੇਂ-ਸਮੇਂ ਔਰਤਾਂ ਦੇ ਹੱਥ ਵੀ ਰਿਹਾ ਹੈ। ਇਥੇ ਅਸੀਂ ਡੇਰੇਦਾਰ ਬੀਬੀਆਂ ਦਾ ਉੱਲੇਖ ਕਰਾਂਗੇ। ਇਨ੍ਹਾਂ ਨੇ ਪੂਰੀ ਸਿਆਣਪ ਨਾਲ ਡੇਰਿਆਂ ਦਾ ਪ੍ਰਬੰਧ ਕੀਤਾ। ਵਿੱਦਿਆਦਾਨ ਅਤੇ ਹੋਰ ਵਿਹਾਰਕ ਕਾਰਜਾਂ ਵਿਚ ਵੀ ਯੋਗਦਾਨ ਪਾਇਆ।

ਸੇਖਵਾਂ ਸੰਪ੍ਰਦਾਇ ਦੇ ਡੇਰਾ ਕੌਣੀ ਦੇ ਮਹੰਤ ਲਹਿਣਾ ਸਿੰਘ 1916 ਈ. ਵਿਚ ਸਮਾ ਗਏ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੀ ਪਤਨੀ ਤੁਲਸਾਂ ਮਹੰਤਣੀ ਰਹੀ। ਇਸ ਨੇ 1932 ਵਿਚ ਆਪਣੇ ਦੇਹਾਂਤ ਤਕ ਡੇਰੇ ਦਾ ਪ੍ਰਬੰਧ ਸੰਭਾਲਿਆ।[2]

ਮਾਈ ਪਰਮੇਸ਼ਵਰੀ ਖਡੂਰੀਆ ਸੰਪ੍ਰਦਾਇ ਦੇ ਮਹੰਤ ਦਰਬਾਰਾ ਸਿੰਘ ਦੀ ਦੁਹਤਰੀ ਸੀ। ਇਨ੍ਹਾਂ ਦੀ ਯਾਦ ਵਿਚ ਇਸ ਨੇ ਹੰਸਲੀ ਦੇ ਕਿਨਾਰੇ ਬੜੀ ਵੱਡੀ ਧਰਮਸ਼ਾਲਾ (ਅੰਮ੍ਰਿਤਸਰ) ਬਣਾਈ। ਹਰ ਪੰਚਮੀ ਨੂੰ ਬੀਬੀ ਜੀ ਭੰਡਾਰਾ ਕਰਦੇ ਹਨ।[3] ਹਨ।[3] ਇਸੇ ਸੰਪਰਦਾਇ ਦੇ ਮਹੰਤ ਸ਼ਰਮ ਸਿੰਘ ਦੀ ਸੇਵਿਕਾ ਮਾਤਾ ਰਾਮ ਕੌਰ ਜੀ ਦਾ ਜਨਮ ਮਲਕਪੁਰ (ਰਾਵਲਪਿੰਡੀ) ਦਾ ਹੈ। ਇਹ ਸੰਤ ਜੀ ਦੀ ਸ਼ਰਣ ਵਿਚ 40-50 ਸਾਲ ਪਹਿਲਾਂ ਆਏ। ਖੁਦ ਵਿਦਿਆ ਹਾਸਲ ਕੀਤੀ ਅਤੇ ਖੰਨੀ ਪੋਠੋਹਾਰ ਦੇ ਇਲਾਕਿਆਂ ਵਿਚ ਸਿੱਖੀ ਦਾ ਪ੍ਰਚਾਰ ਵੀ ਕੀਤਾ। ਆਸ਼ਰਮ ਦਾ ਕੰਮ ਵਧੀਆ ਤਰੀਕੇ ਨਾਲ ਸੰਭਾਲਿਆ। ਆਏ ਗਏ ਸਾਧੂ ਦਾ ਸਤਿਕਾਰ ਕਰਦੇ ਹਨ ਅਤੇ ਆਪਣੇ ਹੱਥੀਂ ਅੰਨ ਜਲ ਛਕਾਉਂਦੇ ਹਨ। ਇਨ੍ਹਾਂ ਦੀ ਚੇਲੀ ਬੀਬੀ ਸੰਤ ਕੌਰ ਸਾਧੂ ਬ੍ਰਿਤੀ ਵਿਚ ਰਿਸ਼ੀਕੇਸ਼ ਰਹਿੰਦੇ ਰਹੇ।[4] ਬੀਬੀ ਜੀ ਦਾ ਜਨਮ ਪਿੰਡੀ ਦਾਦਨ ਖ਼ਾਂ ਜ਼ਿਲ੍ਹਾ ਜੇਹਲਮ ਦਾ ਹੈ। ਇਨ੍ਹਾਂ ਨੂੰ ਮਾਤਾ ਰਾਮ ਕੌਰ ਦੀ ਸ਼ਰਣ ਵਿਚ ਆਇਆਂ 34 ਸਾਲ ਹੋ ਗਏ ਹਨ। ਪੰਡਿਤ ਗੁਪਾਲ ਸਿੰਘ ਦੀ ਸੰਤਣੀ ਇੰਦ੍ਰਾਵਤੀ ਵੀ ਕਥਾ ਵਾਰਤਾ ਵਿਚ ਸਿਆਣੇ ਸਨ।[5]

ਇਸੇ ਸੰਪ੍ਰਦਾਇ ਦੇ ਮਹੰਤ ਸੇਵਾ ਸਿੰਘ ਨੇ ਸੰਨ 1935 ਵਿਚ ਆਪਣੀ ਸੁਪਤਨੀ ਸੰਤ ਬਸੰਤ ਕੌਰ ਨੂੰ ਡੇਰੇ ਦੀ ਵਸੀਅਤ ਕਰ ਦਿੱਤੀ। ਇਹ ਬਸੰਤ ਕੌਰ ਫੁੰਮਣ ਸਿੰਘ ਦੀ ਚੇਲੀ ਸੀ। ਇਨ੍ਹਾਂ ਦਾ ਜਨਮ ਧਨੌਲਾ ਰਿਆਸਤ ਨਾਭਾ ਦਾ ਸੀ।[6]

---

*33 ਮੋਹਨੀ ਪਾਰਕ, ਡਾਕ. ਖਾਲਸਾ ਕਾਲਜ, ਅਮ੍ਰਿਤਸਰ-143003. ਮੋਬਾ. 9915466012

[1] ਗਣੇਸ਼ਾ ਸਿੰਘ, *ਨਿਰਮਲ ਭੂਸ਼ਣ ਅਰਥਾਤ ਇਤਿਹਾਸ ਨਿਰਮਲ ਭੇਖ,* ਪ੍ਰਕਾਸ਼ਕ ਹਰੀ ਸਿੰਘ ਵੈਦਯਰਾਜ ਗਲੀ ਬਾਗ ਵਾਲੀ, ਅਮ੍ਰਿਤਸਰ, 1937, ਪੰਨੇ 40-44.

[2] *ਨਿਰਮਲ ਪੰਥ ਦਾ ਇਤਿਹਾਸ,* ਡਾ. ਪਰਮਜੀਤ ਸਿੰਘ ਮਾਨਸਾ (ਸੰਪਾ.), ਭਾਈ ਚਤਰ ਸਿੰਘ ਜੀਵਨ ਸਿੰਘ, ਅਮ੍ਰਿਤਸਰ, 2009, ਪੰਨਾ 149.

[3] *-ਉਹੀ-,* ਪੰਨਾ 234.

[4] *-ਉਹੀ-,* ਪੰਨਾ 247.

[5] *-ਉਹੀ-,* ਪੰਨਾ 248.

[6] *-ਉਹੀ-,* ਪੰਨਾ 261.

ਸੰਪ੍ਰਦਾਇ ਠਾਕਰ ਮੱਲਾ ਸਿੰਘ ਮੰਗਵਾਲ ਵਿਚੋਂ ਸੰਤ ਸੇਵਕ ਸਿੰਘ ਪਿਆਵਰ ਇਲਾਕੇ ਦੇ ਡੇਰੇ ਵਿਚ, ਸੰਤਾਂ ਦੇ ਪ੍ਰਚਾਰ ਵਾਸਤੇ ਜਾਣ ਸਮੇਂ ਮਾਈ ਵਜ਼ੀਰ ਦੇਈ ਨੇ ਰੋਜ਼ਾਨਾ ਝਾੜੂ ਬੁਹਾਰੀ ਅਤੇ ਧੂਪ ਦੀਪ ਦੀ ਸੇਵਾ ਚਾਲੂ ਰਖੀ।[1]

ਸੰਪ੍ਰਦਾਇ ਪਿੰਡੋਰੀ ਨਿੱਝਰਾਂ ਵਿਚੋਂ ਸ੍ਰੀ ਸੰਤ ਚਰਨ ਸਿੰਘ ਰਾਜਗਿਰੀ (ਪਟਨਾ), ਪੱਟੀ (ਅੰਮ੍ਰਿਤਸਰ) ਵਿਚ ਜਨਮੇ। ਕੁਦਰਤੀ ਹੀ ਜਿਸ ਨਾਲ ਵਿਆਹ ਹੋਣਾ ਸੀ, ਮਰ ਗਿਆ। ਫਿਰ ਇਕ ਹੋਰ ਨਾਲ ਮੰਗਣੀ ਹੋਈ, ਉਹ ਵੀ ਮਰ ਗਿਆ। ਇਸ ਕਾਰਨ ਇਹ ਉਪਰਾਮ ਹੋ ਗਏ। ਅੰਮ੍ਰਿਤਸਰ ਵਿਚ ਆਪਣੀ ਭੂਆ ਪਾਸ ਆ ਕੇ ਵੇਦਾਂਤ, ਯੋਗ ਵਿਸ਼ਿਸ਼ਟ ਪੜ੍ਹਨਾ ਆਰੰਭ ਕਰ ਦਿਤਾ। ਇਨ੍ਹਾਂ ਨੇ ਭੂਆ ਦੀ ਸਲਾਹ ਨਾਲ ਸੰਤ ਦੇਵਾ ਸਿੰਘ ਪਿੰਡੋਰੀ ਨਿੱਝਰਾਂ ਪਾਸੋਂ ਗੁਰੂ ਦੀਖਿਆ ਲਈ ਅਤੇ ਨਾਮ ਸਾਧਨਾ ਦਾ ਅਭਿਆਸ ਕਰਦੇ ਹੋਰ ਉਦਾਸ ਹੋ ਗਏ। ਫਿਰ ਇਹ ਜੰਗਲਾਂ ਵਿਚ ਤਪ ਕਰਨ ਲਗ ਪਏ ਅਤੇ ਰਾਜਗਿਰੀ (ਪਟਨਾ) ਦੇ ਨੇੜੇ ਤੇੜੇ ਰਹਿਣ ਲੱਗੇ। ਇਨ੍ਹਾਂ 18 ਸਾਲ ਤਪੱਸਿਆ ਕੀਤੀ ਅਤੇ ਸਿੱਖੀ ਦਾ ਪ੍ਰਚਾਰ ਵੀ ਕੀਤਾ। ਇਨ੍ਹਾਂ ਦੇ ਦੇਹਾਂਤ ਤੋਂ ਬਾਅਦ ਮਾਈ ਵਿਰਕਤ ਕੌਰ ਸੇਵਾ ਕਰਦੇ ਰਹੇ।[2]

ਇਸੇ ਸੰਪ੍ਰਦਾਇ ਦੇ ਬੀਬੀ ਈਸ਼ਰ ਕੌਰ (ਡੇਰਾ ਕਮਾਲਪੁਰ) ਨੇ ਆਪਣੇ ਮਕਾਨ ਵਿਚ ਲੜਕੀਆਂ ਦਾ ਸਕੂਲ ਖੋਲ੍ਹਿਆ ਅਤੇ ਉਹ ਬੜਾ ਚਿਰ ਸਤਸੰਗ ਕਰਦੇ ਰਹੇ।[3]

ਸੰਤ ਵਜ਼ੀਰ ਸਿੰਘ ਦੀ ਸੇਵਿਕਾ ਬੀਬੀ ਧਨਦੇਈ ਜੀ ਪੜ੍ਹੇ ਲਿਖੇ ਹਨ। ਇਨ੍ਹਾਂ ਕਈ ਵਰ੍ਹੇ ਸਤਿਸੰਗ ਰਖਿਆ ਅਤੇ 1987 ਵਿਚ ਚੜ੍ਹਾਈ ਕਰ ਗਏ।[4] ਬੀਬੀ ਲਛਮੀ (ਸੇਵਿਕਾ ਬੀਬੀ ਧਨਦੇਈ ਜੀ) ਗੁਜਰਾਤ ਜ਼ਿਲ੍ਹੇ ਦੇ ਸਨ। ਛੋਟੀ ਉਮਰ ਵਿਚ ਹੀ ਬੀਬੀ ਜੀ ਪਾਸ ਆ ਗਏ ਸੇਵਾ ਕਰਦੇ ਅਤੇ ਪੜ੍ਹਦੇ ਰਹੇ। ਸੰਨ 1931 ਵਿਚ ਬੀਬੀ ਜੀ ਨੇ ਮਕਾਨ ਦੀ ਵਸੀਅਤ ਇਨ੍ਹਾਂ ਦੇ ਨਾਂ ਕਰ ਦਿੱਤੀ। ਇਹ ਫਿਰ ਇਥੇ ਹੀ ਰਹਿੰਦੇ ਰਹੇ ਅਤੇ ਨਿਰਮਲ ਭੇਖ ਦੇ ਅੰਤਰਗਤ ਸਿੱਖੀ ਦਾ ਪ੍ਰਚਾਰ ਕਰਦੇ ਰਹੇ।[5]

ਇਸ ਤਰ੍ਹਾਂ ਬੀਬੀਆਂ ਨੇ ਵੀ ਡੇਰਿਆਂ ਦਾ ਪ੍ਰਬੰਧ ਕਰਕੇ ਨਿਸ਼ਕਾਮ ਸੇਵਾ ਦਾ ਰਸਤਾ ਦਰਸਾਇਆ ਹੈ। ਉਹ ਵੀ ਪੰਥ ਦੇ ਵਿਹਾਰਕ ਸਦਾਚਾਰਕ ਪੱਖ ਉੱਪਰ ਕਾਇਮ ਰਹੀਆਂ ਹਨ। ਇਸ ਭੇਖ ਦੇ ਅੰਤਰਗਤ ਉਹ ਕਿਸੇ ਤੋਂ ਵੀ ਪਿੱਛੇ ਨਹੀਂ ਰਹੀਆਂ ਅਤੇ ਉਨ੍ਹਾਂ ਗੁਰਮਤ ਅਨੁਸਾਰ ਜੀਵਨ ਬਤੀਤ ਕਰਨ ਦੀ ਸੰਗਤਾਂ ਨੂੰ ਪ੍ਰੇਰਨਾ ਦਿੱਤੀ ਹੈ।

---

[1] *-ਉਹੀ-*, ਪੰਨਾ 359.
[2] *-ਉਹੀ-*, ਪੰਨਾ 427.
[3] *-ਉਹੀ-*, ਪੰਨਾ 455.
[4] *-ਉਹੀ-*, ਪੰਨਾ 455.
[5] *-ਉਹੀ-*, ਪੰਨਾ 455.

# निर्मल सम्प्रदाय द्वारा रचित संस्कृत में सिख साहित्य

**आचार्य सतप्रीत हरि***

साहित्य मानव संस्कृति की आत्मा है जिसमें ह्रदय के अन्तः स्थल में स्थित सौन्दर्यपरक भावों की अभिव्यक्ति का परिवर्तित, परिष्कृत एवं परिवर्धित रूप मिलता है। साहित्य भी मानव संस्कृति जितना ही प्राचीन है। भारत वर्ष में वैदिक साहित्य से भारतीय साहित्य का आरम्भ होता है। वैदिक साहित्य के दार्शनिक तथा आध्यात्मिक विवेचन के पश्चात् लौकिक संस्कृत साहित्य के प्रथम महाकाव्य रामायण में काव्य इतिहास का सम्मिश्रण हुआ है। परवर्ती काल में अनेक नई काव्य परम्पराओं का विकास हुआए जिस में गद्य, पद्य, चम्पू, नाटक इत्यादि काव्य ग्रंथ प्रकाशित हुए। इसी परम्परा में गुरु गोविंद सिंह जी की प्रेरणा से सिक्ख गुरुओं, सिक्ख चिन्तन, अन्यान्य दर्शन इत्यादि से जुड़ कर गद्य, पद्य, से सम्बन्धित अनेकानेक ग्रंथ संप्रदाय के संतों ने लिखे। निर्मल सम्प्रदाय के कवियों द्वारा रचित कुछ ग्रंथों का उल्लेख इस प्रकार है :

**महाकाव्य**

| | |
|---|---|
| साधु हर सिंह विरचित | श्री गुरु सिद्धांत पारिजात |

**खण्डकाव्य**

| | |
|---|---|
| साधु नारायण सिंह | श्री गुरु नानकावतार नाटकम् |
| साधु प्रेम सिंह | गुरु स्तोत्र त्रयम् |

**अनुवाद काव्य**

| | |
|---|---|
| साधु गुरुदित्त सिंह | गुरु गिरा रूपान्तरम् |

**स्तोत्रकाव्य**

| | |
|---|---|
| साधु गंडा सिंह | श्री गुरुगोबिंदसिंहाष्टकम्, श्री गुरु नानकादि दशावतार स्तोत्रम् |
| साधु गुरुदित्त सिंह | श्री गुर्वेकश्लोकी स्तोत्र |
| साधु निहाल सिंह | श्री गुरु गोविन्द सिंह स्तोत्रम्, श्री गुरु नानक माधवयोस्तोत्रम् |
| साधु हर सिंह | श्री गुरु नानकादि दशावतार स्तोत्रम्, श्री गुरु स्तवराज स्तोत्रम्, श्री गुरु गोबिंद सिंहाष्टकम्, श्री गुरु पारिजात सिद्धांत स्तोत्रम् |

**गद्यकाव्य**

| | |
|---|---|
| साधु ईश्वर सिंह | गुरु मन्त्रार्थ प्रकाश |
| साधु बुद्ध सिंह | न्याय दर्शन के ग्रंथ तर्क संग्रह पर पद–कृत्य टीका |

**अप्रकाशित काव्य**

| | |
|---|---|
| साधु जगदीश हरि | आत्म तत्व विमर्शः |
| साधु निहाल सिंह | जपुजी पर संस्कृत टीका |
| संत प्रीतम हरि | मनोदशकम्, आत्म–स्वरूपोऽस्मि, नामस्मरणम्, स्वामी ज्योति प्रीतम हरिः मानस्रोवरे मराल द्वयम् |

निर्मल सम्प्रदाय द्वारा रचित कुछ अन्य ग्रंथ जो बहुत महत्वपूर्ण हैं किन्तु अप्राप्त हैं :

| | |
|---|---|
| साधु कौर सिंह | गुरु कौमुदी |
| साधु गुरुदित्त सिंह | रामाष्टकम् |
| साधु निहाल सिंह | खालसा शतकम् |

* आत्म अनुभव आश्रम चैरीटेबल ट्रस्ट (रजि.), शरीफपुरा, अमृतसर।

| | |
|---|---|
| साधु पं. उध्व सिंह | अभाव रहस्य, आश्रम धर्म रहस्य |
| साधु सदा सिंह | अद्वैत सिद्धि पर सुगम सार चन्द्रिका टीका |

**श्रीगुरुसिद्धांतपारिजातः**

इस महाकाव्य का प्रणयन निर्मल सम्प्रदाय के प्रसिद्ध कवि साधु हर सिंह ने किया है। इसका प्रकाशन राम प्रकाशन, रघुनाथपुरा, जम्मू ने 1974 में किया है। साधु हरसिंह जी अत्यन्त धार्मिक स्वभाव वाले और सिक्ख धर्म के इतिहास और दर्शन के कर्म को सूक्ष्मता से समझने वाले विद्वान् थे। आप ने काशी में निवास करते हुए ही व्याकरण, काव्यशास्त्र, और दर्शनों का अध्ययन भी किया और संस्कृत के प्रसिद्ध महाकाव्य श्रीगुरुसिद्धांतपारिजात का रचना कार्य भी किया, जो सम्वत् 1941 अर्थात् 1884 ई. में शिवरात्रि के शुभ अवसर पर सम्पन्न हुआ। इस ग्रंथ के 1846 श्लोकों को 15 विरामों में विभक्त किया है। इसमें 10 सिक्ख गुरुओं का इतिहास वर्णन है। प्रथम विराम में गुरु नानक देव जी का जन्म, बाल क्रीड़ाएं, यज्ञोपवीत निषेध, पाणि–ग्रहण संस्कार, गोचारण, सर्पच्छाया और 2 पुत्रों का जन्म घटनाएं वर्णित हैं। द्वितीय विराम में गुरु नानक देव जी का, बहन नानकी के घर सुलतानपुर लोधी जाना, मोदी खाना वर्णन एवं पूर्व दिशा में भ्रमण का वर्णन है, जिसमें कुरुक्षेत्र का उपदेश, गोरखनाथ से ज्ञान चर्चा, तान्त्रिक नारियों से मरदाने की रक्षा का वर्णन है। तृतीय विराम में दक्षिण की यात्रा में कलयुग का गुरु नानक देव जी की शरण में आना और कौडे राक्षस का उद्धार वर्णन है। चतुर्थ विराम में उत्तर की यात्रा काल में सुमेरु पर्वत पर सिद्धों से गोष्टी, भाई लालो का भोजन स्वीकार और मलिक भागो का अस्वीकार, बाबर आक्रमण, माता पिता को आश्वासन देना वर्णित है। पंचम विराम में पश्चिम दिशा की यात्रा में शेख ब्राह्मण के साथ गुरु जी की वार्ता, मक्का उपदेश, अचल बटाले के सिद्धों से गोष्टी वर्णित है। षष्ठ विराम में गुरु नानक देव जी के उपदेश, लहणा की परीक्षा उपरान्त उन्हें गुरगद्दी और गुरु नानक देव जी का देहावसान वर्णित है। सप्तम विराम में गुरु अंगद देव जी द्वारा बाला के मुख से वर्णित गुरु नानक देव जी का जीवन लिपिबद्ध करना, हुमांयू का गुरु जी के पास आना, गुरु अंगददेव जी की अमरदास की सेवा से प्रसन्नता, गोइन्दवाल ग्राम स्थापना और अंगद देव जी का देहावसान। अष्टम विराम में रामदास का गुरु अमरदास की सेवा में आना, गुरु पुत्री भानी का रामदास से विवाह, रामदास की गुरु भक्ति, रामदासपुर स्थापना, गुरु अमरदास का देहावसान। नवस विराम में अुर्जन देव का गुरु रामदास से वियोग, पृथ्वी चन्द्र की धृष्टता, गुरु अर्जुन जी को गुरगद्दी तथा गुरु रामदास जी का स्वर्गवास। दशम विराम में गुरु अर्जुन देव जी द्वारा गुरु ग्रंथ जी की सम्पादना, गुरु हरिगोबिंद जी का जन्म, चन्दु द्वारा दिल्लीश्वर को भडकवा कर गुरु अर्जुन देव जी को यातनाएं और गुरु जी का देहावसान। ग्यारहवें विराम में गुरु हरिगोबिंद साहिब जी द्वारा सिक्खों को स्व रक्षा हेतु शस्त्र प्रयोग शिक्षण, चन्दु की प्रेरणा से गुरु जी को ग्वालियर के किले में बंधन और मुक्ति, माता कौलां को अमृतसर लाना, कौलसर निर्माण, यवन सेवा से युद्ध, हरिराय जी को गद्दी सौंपना और गुरु हरगोबिंद जी का देहावसान। बाहरवें में गुरु हरिराय द्वारा अपने पुत्र को सम्राट के पास दिल्ली भेजना, वहां गुरुबाणी में किये परिवर्तन से रामराय का त्याग और हरिकृष्ण को गुरुगद्दी और गुरु हरिराय जी का देहावसान। तेहरवें विराम में रामराय द्वारा अष्टम गुरु जी के विरुद्ध सम्राट के पास शिकायत, गुरु जी का दिल्ली गमन, शीतला रोग से देहावसान। चौहदवें मे मक्खन शाह लुबाणा व्यापारी द्वारा नवम गुरु की खोज, आनन्दपुर स्थापना, बालक गोबिंदराय का जन्म, कश्मीरी पंडितों की रक्षा हेतु दिल्ली प्रस्थान और महाप्रस्थान। पन्द्रहवें विराम में गुरु गोबिंद सिंह जी द्वारा सिक्खों को शस्त्र विद्या का अभ्यास, शत्रु द्वारा आनन्दपुर पर आक्रमण और चमकौर में गुरु जी का प्रवेश, पुत्रों को वीरगति, छोटे पुत्रों और माता जी का दुःखद समाचार, खिदराणा युद्ध, गुरु ग्रंथ जी की पुनः संपादना, और वाणी गुरु के रूप में मान्यता प्रदान उपरान्त महाप्रस्थान की घटना का वर्णन है।

**श्री गुरु पारिजात सिद्धांत स्तोत्रम्**

श्री गुरु पारिजात सिद्धांत स्तोत्रम् में साधु हर सिंह ने 39 श्लोकों के माध्यम से दस गुरुओं की स्तुति की है। गुरु नानक देव जी का जन्म स्थान, कुल, माता–पिता, जन्म समय, राशि, तिथि, और जन्म सम्वत् के विषय में बताया है। गुरु जी के जन्म होने पर देव किन्नर, राग, रागनियां ने मंगल गाया। देवताओं द्वारा गुरु जी के आगमन का प्रयोजन पूछने पर बह्याजी ने बाताया कि पृथवी और धर्म के पुकार करने पर गुरु नानक देव जी ने उन के कल्याणार्थ दस रूपों में आने का संकेत दिया। कुल गुरु ने जन्म पत्री पढ़ कर भविष्य वाणी की कि यह बालक साधारण बालक नही अपितु कुल का उद्धार कर्ता और जगत कल्याणकारी

होगा। ऐसे गुरु नानक देव जी की स्तुति की। सेवा के धनी और आज्ञा पालक गुरु अंगद देव जी की, चरण कमलों के भ्रमर गुरु अमरदास जी, आनन्द स्वरूप गुरु रामदास जी, ज्ञानामृत और जलामृत सरोवर में विशेष वृद्धि कर्ता, बाध्य और आभ्यन्त खड़ग के धनी गुरु हरि गोबिंद की, बल वीर्य युक्त हरि राय की, बालगुरु हरि कृष्ण की, समाधिस्थ रहने वाले सिद्ध शिरोमणि गुरु तेग बहादर की, शत्रु दमन कर्ता—महायोद्धा गुरु गोबिंद सिंह जी की स्तुति की है।

**श्री गुरु स्तवराज स्तोत्रम्**

इस स्तोत्र में साधु हर सिंह ने नौ श्लोकों द्वारा गुरु नानक देव जी की स्तुति है, परमात्मा का नमस्कार रूप मंगलचरण किया है, गुरु नानक देव जी को ज्ञान स्वरूप, मिथिया संसार तारने वाले, योगीओं के योग से अतीत, ज्ञानियों के ज्ञान से अतीत, दार्शनिकों के दर्शन से अतीत और मन वाणी से अतीत बताया है। गुरु नानक देव जी केवल जगत के उद्धार हेतु इस संसार में आये। जिन्हों ने दो पुत्र, पत्नी, माता—पिता, स्ब गृह त्याग कर चार उदासियां धारण की।

जिज्ञासु को विवेक, वैरागय, शम, दम, तितिक्षा, उपरति समाधान और श्रद्धा युक्त करके उन में ज्ञान का बीज डाल कर मोक्ष रूपी फल प्रदान किया। ऐसे गुरु नानक देव जी का मैं भजन करता हूँ। अंतिम श्लोक में स्तोत्र का महात्म बताते हुये कहा है कि आप सदा सुख प्राप्ति और पुण्य ग्रहण करने हेतु लौकिक सुखों का त्याग करो इस स्तोत्र को पढ़ कर गुरु नानक देव जी का भजन करो।

**गुरु गोबिंद सिंहाष्टकम्**

साधु हर सिंह ने गुरु गोबिंद सिंह अष्टक में आठ श्लोकों द्वारा गुरु गोबिंद सिंह के निर्गुण स्वरूप का वर्णन करते हुये स्तुति की है। इस में कवि ने गुरु नानक देव जी का मंगल किया है। प्रारंभ में गुरु गोबिंद सिंह के निराकार और अनादि शक्ति के कारण साकार रूप वाले गुरु गोबिंद सिंह को प्रणाम किया हैं। जिस ने मिथिया संसार में बली को छलने हेतु बावन, दैत्य विनाश हेतु नरसिंह, रावण वध हेतु राम, कंस वध हेतु कृष्ण रूप धारण किया हैं ऐसे गुरु गोबिंद सिंह को मैं प्रणाम करता हूँ। यह स्तोत्र साधु हर सिंह ने काशी में रह कर शिवरात्रि के दिन सन् 1971 में लिखा है।

**श्री गुरु नानकादि दशावतार स्तोत्रम्**

श्री गुरु नानकादि दशावतार स्तोत्रम् में साधु हर सिंह ने द्वादश श्लोकों में दस गुरुओं की स्तुति की है। सर्वप्रथम दस गुरुओं का नमस्कार रूप मंगलाचरण किया है। आप ने भगवान् राम के निर्गुण स्वरूप कैवल्य को भगवान शिव शक्ति और गणेश जो निर्गुण रूप में आत्मस्वरूप हैं, उनको और भगवान विष्णु के निर्गुण स्वरूप सच्चिदानन्द को नमन किया है। अब आप श्री राम के सगुण स्वरूप को जिन्होंने असुर संहार किया, उनको याद किया। सगुण स्वरूप में साधु हर सिंह अब अपने मुख्य विषय दश गुरुओं की स्तुति हेतु अपने विषय की ओर आगे बढ़ते हैं। गुरु नानक देव जी जो देवताओं के वंदनीय और जगत का भय दूर करने वाले हैं, उनकी मैं वंदना करता हूँ। द्वितीय गुरु अंगद देव जी जो भ्रांति को दूर करने वाले और शोक को मिटाने वाले हैं, मैं उनका वन्दन करता हूँ। तृतीय गुरु अमरदास जी जिन्होंने वृद्धावस्था में भी गागर में जल भर कर गुरु अंगद देव जी की सेवा की, उनकी वन्दना की है। चतुर्थ गुरु रामदास जी जिन्होंने अमृतसर में 'अमृत का सरोवर' और उन के पुत्र जिन्होंने पाँचवें गुरु अर्जुन देव जी जिन्होंने 'गुरु ग्रन्थ साहिब' रूपी ज्ञान का सरोवर तैयार किया, जिसे वाणी का जहाज भी कहा है, उनको नमन किया है। छठे गुरु हरिगोबिन्द जो शत्रु संहारक और सिद्धि दाता हैं, उनको याद किया है। सप्तम गुरु हरिराय जो शांत, धीर, गम्भीर हैं और उनके पुत्र अष्टम् गुरु जो विकार रहित, शिशु आकृति वाले हैं, उन अष्टम् गुरु हरिकृष्ण की मैं वन्दना करता हूँ। नवम् गुरु तेग बहादुर जी जो 26 वर्ष 9 महीने 13 दिन पर्यन्त समाधि में लीन रहे, उनकी और शत्रु संहारक गुरु गोबिन्द सिंह की मैं वन्दना करता हूँ। गुरु नानक देव जी के बड़े पुत्र बाबा श्री चन्द जी और जो सर्व—सिद्धि दाता हैं का भी वन्दन किया है। अंत में पुनः दश गुरुओं को, बाबा श्री चन्द्र जी को नमन करके स्तोत्रम् समाप्त किया है। साधु हरि सिंह ने अतिसंक्षेप और सार रूप में अलंकार और छन्द युक्त गुरुओं की स्तुति की है।

साधु हर सिंह ने अपने चार स्तोत्रों में दश गुरुओं की वंदना सूत्र रूप शैली में की है। महाकाव्य सिक्ख धर्म के दस गुरुओं से संबधित इतिहास, दिव्य ज्ञान, आदेश इत्यदि का सविस्तार वर्णन किया है।

अपनी इन कृतियों में आपने साहित्य के सिद्धांतों का पालन करते हुये भाव की स्पष्ट रूप से अभिव्यक्ति की है।

**नानकावतार नाटकम्**

